# ਭੂਪਿੰਦਰ ਸਿੰਘ ਸੱਗੂ ਦੀ ਕਵਿਤਾ ਦਾ ਆਲੋਚਨਾਤਮਿਕ ਅਧਿਐਨ

(ਸਾਹਿਤ ਸਮੀਖਿਆ)

**ਭੂਪਿੰਦਰ ਸਿੰਘ ਸੱਗੂ ਦੀਆਂ ਪ੍ਰਕਾਸ਼ਿਤ ਪੁਸਤਕਾਂ ਅਤੇ ਪਤਾ**

1. ਰਿਸ਼ਤਿਆਂ ਦਾ ਜੰਗਲ (ਕਵਿਤਾ/ਗ਼ਜ਼ਲਾਂ) 1989
2. ਸੱਚ ਤੇ ਸੂਲੀ (ਕਾਵਿ ਸੰਗ੍ਰਹਿ) 1993
3. ਸਿਮਟੇ ਹੋਏ ਪਲ (ਕਾਵਿ ਸੰਗ੍ਰਹਿ) 1998
4. ਕਤਰਾ ਕਤਰਾ ਨੂਰ (ਗ਼ਜ਼ਲ ਸੰਗ੍ਰਹਿ) 2002
5. ਫੁੱਲ ਬਣੇ ਅੰਗਿਆਰ (ਕਾਵਿ ਸੰਗ੍ਰਹਿ) 2006
6. ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ (ਸੰਪਾਦਨਾ) 2009
7. ਉਸ ਨੇ ਕਿਹਾ (ਸੰਵਾਦੀ ਕਵਿਤਾ) 2010
8. ਚਾਨਣ ਦੀ ਬਾਤ (ਗ਼ਜ਼ਲ ਸੰਗ੍ਰਹਿ) 2013
9. ਮਸ਼ਾਲ (ਗ਼ਜ਼ਲ ਸੰਗ੍ਰਹਿ) 2015
10. ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ) 2017
11. ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ ਸ਼ਾਹਮੁਖੀ ਵਿੱਚ) 2018
12. ਦਰਦ ਜਾਗਦਾ ਹੈ (ਕਾਵਿ ਸੰਗ੍ਰਹਿ) 2020
13. ਕਹਿਕਸ਼ਾਂ (ਉਰਦੂ ਸ਼ਿਅਰ ਸੰਪਾਦਨਾ) 2020
14. ਦਿੱਲੀ ਯੂਨੀਵਰਸਟੀ ਵੱਲੋਂ ਐਮ. ਫ਼ਿਲ. 2017
15. In the Land of Promise (ਕਵਿਤਾ ਦਾ ਅਨੁਵਾਦ) 2021
16. ਤੇਰੀ ਇਬਾਦਤ (ਗ਼ਜ਼ਲ ਸੰਗ੍ਰਹਿ) 2022


**BHUPINDER SAGOO**

*61 Fowler St.*
*Blaken Hall*
*Wolverhampton*
*WV2 3JD*
*England*
*Mob. : +44 07501038048*
*+44 07951470034*
*E-mail.: bssagoo1@googlemail.com*
*youtube: Bhupinder Sagoo Ji*

# ਭੁਪਿੰਦਰ ਸਿੰਘ ਸੱਗੂ ਦੀ ਕਵਿਤਾ ਦਾ ਆਲੋਚਨਾਤਮਿਕ ਅਧਿਐਨ

(ਸਾਹਿਤ ਸਮੀਖਿਆ)

ਸੰਪਾਦਕ

**ਡਾ. ਜੋਤੀ ਸ਼ਰਮਾ**

ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ

ਪ੍ਰੀਤ ਪਬਲੀਕੇਸ਼ਨ, ਨਾਭਾ

# Bhupinder Singh Sagoo Di Kavita Da Aalochnatmik Adhiyan

*(Criticism)*

EDITED BY

**DR. JYOTI SHARMA**

Assoc. Professor, Punjabi Deptt.,
Desh Bhagat University, Mandi Gobindgarh.

ISBN 978-93-91471-65-1

© Editor

Edition - First

2023

Price Rs. 400/-

Published by
**Preet Publication**
Thuhi Road, 40 N0. Phatak, Nabha-147201
Mob. 98141-01312, 98551-00712
Email : preetpublication16@gmail.com

Printed & Bound at:
Daffodils Printers, Patiala

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਇਸ ਪੁਸਤਕ ਵਿਚਲੇ

ਵਿਦਵਾਨਾਂ ਦੇ ਨਾਂ–

ਸੰਪਾਦਕੀ

# ਭੂਪਿੰਦਰ ਸਿੰਘ ਸੱਗੂ ਦਾ ਗ਼ਜ਼ਲ ਕਾਵਿ : ਥੀਮਿਕ ਪਾਸਾਰ

ਭੂਪਿੰਦਰ ਸਿੰਘ ਸੱਗੂ ਇਕ ਬਹੁ-ਚਰਚਿਤ ਅਤੇ ਮਕਬੂਲ ਸ਼ਾਇਰ ਹੈ। ਹੁਣ ਤੱਕ ਉਹ ਕਈ ਕਾਵਿ-ਸੰਗ੍ਰਹਿਆਂ ਦੀ ਰਚਨਾ ਕਰ ਚੁੱਕਾ ਹੈ। ਉਸ ਦੀ ਕਾਵਿ-ਸਾਧਨਾ ਦਾ ਸਫ਼ਰ ਦਹਾਕਿਆਂ ਤੱਕ ਫੈਲਿਆ ਹੋਇਆ ਹੈ। ਕਵਿਤਾ ਦੀ ਰਚਨਾਤਮਿਕ ਸਾਧਨਾ ਭਾਵੇਂ ਕਵੀ ਦੇ ਆਤਮਪਰਕੀ ਭਾਵਾਂ ਨਾਲ ਸ਼ੁਰੂ ਹੁੰਦੀ ਹੈ ਪਰ ਸਹਿਜੇ-ਸਹਿਜੇ ਇਹ ਬਾਹਰਵਰਤੀ ਵਰਤਾਰਿਆਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਣਾ ਸ਼ੁਰੂ ਕਰ ਦਿੰਦੀ ਹੈ। ਭੂਪਿੰਦਰ ਸਿੰਘ ਸੱਗੂ ਦੀ ਕਾਵਿ-ਸਾਧਨਾ ’ਤੇ ਲੰਮੀ ਝਾਤ ਪਾਈ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਹ ਆਪਣੇ ਸਮੇਂ ਦੀਆਂ ਮੁੱਖ ਵਿਚਾਰਧਾਰਾਈ ਪ੍ਰਵਿਰਤੀਆਂ ਨਾਲ ਨਿਰੰਤਰ ਸੰਵਾਦ ਵਿੱਚ ਬੱਝਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਠੀਕ ਹੀ ਕਿਹਾ ਹੈ,

**ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ**

ਇਸ ਦਾ ਭਾਵ ਇਹ ਹੈ ਕਿ ਜਿਹੜਾ ਵੀ ਸੁਚੇਤ ਵਿਅਕਤੀ ਸੰਸਾਰ ਦੀਆਂ ਗਤੀਵਿਧੀਆਂ ਉਪਰ ਆਪਣੀ ਬਿਰਤੀ ਇਕਾਗਰ ਕਰਦਾ ਹੈ, ਤਾਂ ਉਹ ਆਪਣੀ ਰਚਨਾਤਮਿਕ ਸਾਧਨਾ ਰਾਹੀਂ ਸਮਾਜ ਨੂੰ ਕੋਈ ਨਾ ਕੋਈ ਦਿਸ਼ਾ ਨਿਰਦੇਸ਼ ਦੇਣ ਦੀ ਕੋਸ਼ਿਸ਼ ਕਰਦਾ ਹੈ। ਭੂਪਿੰਦਰ ਸਿੰਘ ਸੱਗੂ ਕਾਫ਼ੀ ਸਮੇ ਤੋਂ ਗ਼ਜ਼ਲ ਨਾਲ ਜੁੜਿਆ ਹੋਇਆ ਹੈ।

**ਹਾਲ ਦਿਲ ਦਾ ਦੋਸਤਾ, ਤੈਥੋਂ ਛੁਪਾਵਾਂ ਕਿਸ ਤਰ੍ਹਾਂ ?**
**ਜ਼ਖ਼ਮ ਜੋ ਦਿੱਤੇ ਨੇ ਤੂੰ ਇਹ ਮੈਂ ਭੁਲਾਵਾਂ ਕਿਸ ਤਰ੍ਹਾਂ ?**
**ਦੇਖਣੇ ਨੂੰ ਦੂਰ ਹਾਂ ਭਾਵੇਂ, ਦਿਲੋਂ ਨਜ਼ਦੀਕ ਹਾਂ,**
**ਦੂਰੀਆਂ ਪਈਆਂ ਜੋ ਅਪਣੇ ਵਿਚ ਮਿਟਾਵਾਂ ਕਿਸ ਤਰ੍ਹਾਂ?**
**ਰੇਤ ਵਾਂਗੂੰ ਉਮਰ ਹੈ ਹਰ ਰੋਜ਼ ਭਰਦੀ ਜਾ ਰਹੀ,**
**ਦਰ-ਬ-ਦਰ ਦੀ ਭਟਕਣਾਂ ਨੂੰ, ਮੈਂ ਹੰਢਾਵਾਂ ਕਿਸ ਤਰ੍ਹਾਂ**
**ਨਾ ਮਿਟੀ ਹੈ ਪਿਆਸ ਮੇਰੀ, ਪੀ ਲਿਆ ਸਾਗਰ ਵੀ ਮੈਂ,**
**ਰੂਹ ਨੂੰ ਲੱਗੀ ਪਿਆਸ ਜੋ, ਇਸ ਨੂੰ ਮਿਟਾਵਾਂ ਕਿਸ ਤਰ੍ਹਾਂ।**

ਭੂਪਿੰਦਰ ਸੱਗੂ ਦੇ ਜੀਵਨ ਬਾਰੇ ਗੱਲ ਕਰੀਏ ਤਾਂ ਪਤਾ ਚਲਦਾ ਹੈ ਉਸ ਦਾ ਜਨਮ 7 ਜੂਨ 1954 ਪਿੰਡ ਆਲੋਵਾਲ ਨਕੋਦਰ ਜਿਲਾ ਜਲੰਧਰ ਵਿਖੇ ਹੋਇਆ ਪ੍ਰਾਇਮਰੀ ਸਿੱਖਿਆ ਪਿੰਡ ਸਿਆਣੀਵਾਲ ਤੋਂ ਹਾਸਲ ਕੀਤੀ, ਬੀ ਏ ਦੀ ਪੜ੍ਹਾਈ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਤੋਂ ਕੀਤੀ ਉਹਨਾਂ ਨੇ ਜਲਦੀ ਹੀ ਪਰਵਾਸ ਧਾਰਨ ਕੀਤਾ। ਓਥੇ ਉਨ੍ਹਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਸਭ ਤੋਂ ਵੱਡੀ ਸਮੱਸਿਆ ਅੰਗਰੇਜ਼ੀ ਬੋਲਣ ਤੇ ਸਮਝਣ ਦੀ ਸੀ। ਭੂਪਿੰਦਰ ਸੱਗੂ ਇੰਗਲੈਂਡ ਦਾ ਰਹਿਣ ਵਾਲਾ ਹੈਂ ਉਹ ਨਿਰੰਜਨ ਸਿੰਘ ਨੂਰ ਨੂੰ ਆਪਣਾ ਗੁਰੂ ਮੰਨਦਾ ਹੈ ਅਤੇ ਉਹ ਹੀ ਉਸ ਦੀ ਪ੍ਰੇਰਨਾ ਹੈ ਉਸ ਨੇ ਉਹਨਾਂ ਦੁਆਰਾ ਦਿੱਤੇ ਗਏ ਵਿਚਾਰਾਂ ਨੂੰ ਆਪਣੇ ਪ੍ਰੇਰਨਾਦਾਇਕ ਆਧਾਰ ਬਣਾਇਆ ਹੈ ਇਸ ਤਰ੍ਹਾਂ ਉਸ ਨੇ ਬਹੁਤ ਥੋੜੇ ਸ਼ਬਦਾਂ ਵਿੱਚ ਗੱਲ ਨੂੰ ਗ਼ਜ਼ਲ ਦੇ ਮਾਧਿਅਮ ਦੁਆਰਾ ਪ੍ਰਗਟਾਇਆ ਹੈ।

ਭੂਪਿੰਦਰ ਸਿੰਘ ਸੱਗੂ ਦਾ **ਦਰਦ ਜਾਗਦਾ ਹੈ** ਕਾਵ ਸੰਗ੍ਰਹਿ ਵਿਚ 62 ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਜ਼ਿੰਦਗੀ ਦੀ ਭੱਜ-ਦੌੜ ਦੇ ਵਿੱਚ ਪੌਡਾਂ ਡਾਲਰਾਂ ਦੀ ਚਮਕ ਵਿੱਚੋਂ ਜੋ ਰਿਸ਼ਤਿਆਂ ਦੀਆਂ ਤੰਦਾਂ ਖੁੱਸ ਚੁੱਕੀਆਂ ਹਨ, ਉਹਨਾਂ ਨੂੰ ਅਪਨਾਉਣਾ ਲੋਚਦਾ ਅਤੇ ਗਜਲਕਾਰ ਸਗੋਂ ਤਾਰਿਆਂ ਦੀ ਛਾਵੇਂ ਬਚਪਨ ਤੇ ਜਵਾਨੀ ਗੁਜ਼ਾਰ ਹੋਏ ਪਲਾਂ ਨੂੰ ਯਾਦ ਕਰਦੈ। ਦਰਦ ਜਾਗਦਾ ਹੈ ਇਕ ਅਜੇਹੀ ਸੰਯੁਕਤ ਵਿਖਿਆਨ ਵਾਲੀ ਪੁਸਤਕ ਹੈ ਜੋ ਜੀਵਨ ਦੇ ਬਹੁਭਾਂਤ ਵਿਸ਼ਿਆ ਨੂੰ ਪੇਸ਼ ਕਰਦੀ ਹੈ। ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਇਕ ਜਾਣਿਆ-ਪਹਿਚਾਣਿਆ ਹਸਤਾਖਰ ਭੂਪਿੰਦਰ ਸਿੰਘ ਸੱਗੂ ਹੈ ਪੰਜਾਬੀ ਪਾਠਕਾਂ ਨੂੰ ਬਹੁਤ ਖੂਬਸੂਰਤ ਗ਼ਜ਼ਲਾਂ ਭੇਟ ਕਰ ਚੁੱਕਿਆ ਹੈ।

ਭੂਪਿੰਦਰ ਸਿੰਘ ਸੱਗੂ ਬਰਤਾਨੀਆਂ ਵਿਚ ਰਹਿੰਦਿਆਂ ਆਪਣੇ ਦਿਲ ਦੀ ਪੁਕਾਰ ਨੂੰ ਅਤੇ ਜ਼ਜਬਾਤਾਂ ਨੂੰ ਗ਼ਜ਼ਲ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ।ਜਿਸ ਤਰ੍ਹਾਂ ਝਨਾ ਦਾ ਦਰਿਆ ਵਗਦਾ ਰਹਿੰਦਾ ਹੈ ਉਸੇ ਤਰ੍ਹਾਂ ਭੂਪਿੰਦਰ ਸਿੰਘ ਸੱਗੂ ਗ਼ਜ਼ਲ ਹਮੇਸ਼ਾ ਗ਼ਜ਼ਲ ਗਾਉਂਦਾ ਰਹਿੰਦਾ ਹੈ ਉਹ ਚਾਹੁੰਦਾ ਹੈ ਕਿ ਉਸ ਦੀ ਗ਼ਜ਼ਲ ਹਮੇਸ਼ਾਂ ਛਾਂ ਨੂੰ ਮਾਣਦੀ ਰਹੇ ਉਹ ਝਨਾਂ ਦੇ ਪਾਣੀ ਆਪਣੀ ਗ਼ਜ਼ਲ ਦੇ ਮਤਲੇ ਨੂੰ ਵਗਦੇ ਝਨਾਂ ਦੇ ਮਿੱਠੇ ਪਾਣੀ ਵਰਗਾ, ਚੌਧਵੀਂ ਦੇ ਚੰਨ ਵਰਗਾ ਲਾਲ ਸੂਰਜ ਮੁੱਖੀ ਦੇ ਫੱਲ ,ਸਮੁੰਦਰ ਦੇ ਅਨਮੋਲ ਮੋਤੀ ਨਾਲ ਤੁਲਨਾ ਦਿੰਦਾ ਹੈ।

**ਸੂਰਜਮੁਖੀ ਦਾ ਫੁੱਲ ਹੈ, ਸੂਹਾ ਗੁਲਾਬ ਹੈ ਇਹ,**
**ਅੱਖਾਂ 'ਚੋਂ ਡੁਲ੍ਹਦਾ ਪਾਣੀ, ਮੇਰੀ ਗ਼ਜ਼ਲ ਦਾ ਮਤਲਾ**
**ਹਿਰਨੀ ਦੀ ਚਾਲ ਚੱਲੇ ਤਿੱਖੀ ਕਟਾਰ ਤੇ ਵੀ,**
**ਹੈ ਲੋਕਤਾ ਦੀ ਬਾਣੀ, ਮੇਰੀ ਗ਼ਜ਼ਲ ਦਾ ਮਤਲਾ**

ਉਹਨਾਂ ਨੇ ਆਪਣੇ ਸਾਹਿਤਕ ਸਫਰ ਦੀ ਸ਼ੁਰੂਆਤ ਗ਼ਜ਼ਲ ਲਿਖਣ ਦੇ ਨਾਲ ਕੀਤੀ ਜੋ ਨਿਰੰਤਰ ਜਾਰੀ ਹੈ। ਸ਼ਾਇਰੀ ਹਮੇਸ਼ਾ ਮਨੁੱਖਤਾ ਦੇ ਨਾਲ ਜੁੜੀ ਹੋਈ ਹੋਣੀ ਚਾਹੀਦੀ ਹੈ ਇੱਕ ਚੰਗੇ ਸਾਹਿਤ ਦੇ ਵਿਚ ਮਾਨਵਵਾਦੀ ਭਾਵਨਾ ਭਰੀ ਪਈ ਹੁੰਦੀ ਹੈ। ਰਿਸ਼ਤਿਆਂ ਦਾ ਜੰਗਲ' ਬਹੁਤ ਵਿਸ਼ਾਲ ਹੈ। ਕਵੀ ਜਿਸਨੂੰ ਉਹ ਕਲਪਨਾ ਦੇ ਮਾਧਿਅਮ ਰਾਹੀਂ, ਨਿੱਜੀ ਸੰਵੇਦਨਾ ਨੂੰ ਲੋਕ-ਹਿਤਾਂ ਦੇ ਰੰਗ ਵਿਚ ਰੰਗ ਕੇ ਸਿਰਜਦਾ ਹੈ। ਉਸਦੇ ਕਾਵਿ ਦਾ ਵਸਤੂ-ਸੰਸਾਰ ਵਾਸਤਵਿਕ ਸੰਸਾਰ ਨਹੀਂ, ਵਾਸਤਵਿਕਤਾ ਦਾ ਪ੍ਰਤਿਬਿੰਬ ਜ਼ਰੂਰ ਹੈ। ਰਿਸ਼ਤਿਆਂ ਦਾ ਜੰਗਲ ਵਿਚ ਉਹ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਚੱਲਿਆ ਹੈ ਕਿ ਉਹ ਧਰਤੀ ਦਾ ਜਾਇਆ ਹੈ ਅਤੇ ਉਸਨੇ ਆਪਣੀ ਸੋਚ ਨੂੰ ਲੋਕਾਂ ਦੀ ਸੋਚ ਨਾਲ ਜੋੜ ਕੇ ਪੇਸ਼ ਕਰਦਾ ਹੈ। ਉਨ੍ਹਾਂ ਨੇ ਇਕ ਇੰਟਰਵਿਊ ਵਿਚ ਦੱਸਿਆ ਸੀ ਕੀ ਪੰਜਾਬ ਦੇ ਵਿਚ ਵਿਅਕਤੀ ਆਪਣੀ ਮਰਜ਼ੀ ਅਨੁਸਾਰ ਕੰਮ ਕਰਦਾ ਹੈ ਪਰ ਇੰਗਲੈਂਡ ਕੰਮ ਕਰਨਾ ਹੀ ਪੈਂਦਾ ਹੈ ਅਤੇ ਪੰਜਾਬ ਦੇ ਵਿਚ ਮਿਹਨਤ ਦਾ ਪੂਰਾ ਮੁੱਲ ਨੀ ਮਿਲਦਾ

**ਮੈਨੂੰ ਤਾਂ ਉਮਰ ਭਰ ਉਹ ਹੋ ਕੇ ਜੁਦਾ ਨਾ ਮਿਲਿਆ,**
**ਫਿਰ ਵੀ ਸਲਾਮ ਕੀਤੀ ਮੈਂ ਉਸ ਦੇ ਕਾਰਿਆਂ ਨੂੰ।**
**ਨਾ ਰਾਸ ਤੈਨੂੰ ਆਈ, ਇਹਨਾਂ ਦੀ ਠੰਡੀ ਛਾਂ ਵੀ,**
**'ਸੱਗੂ' ਕਿਉਂ ਦੋਸ਼ ਦੇਵੇ, ਰੁੱਖਾਂ ਵਿਚਾਰਿਆਂ ਨੂੰ।**

ਉਹ ਆਪਣੀ ਇਕ ਗ਼ਜ਼ਲ ਵਿਚ ਦੱਸਦਾ ਹੈ ਕਿ ਮਨੁੱਖ ਆਪਣੇ ਅੰਦਰੋਂ ਪਰਮਾਤਮਾ ਦੀ ਭਾਲ ਨਹੀਂ ਕਰਦਾ ਉਸ ਨੂੰ ਬਾਹਰੋਂ ਲੱਭਦਾ ਹੈ ਉਹ ਮੰਨ ਦੀ ਮੰਮਟੀ ਤੇ ਦੀਵਾ ਬਾਲ ਕੇ ਲੋਕਾਂ ਦਾ ਹਾਲ ਚਾਲ ਪੁੱਛ ਕੇ ਸੱਚ ਰੱਬ ਨੂੰ ਆਪਣੇ ਅੰਦਰੋਂ ਲੱਭਣ ਬਾਰੇ ਕਹਿੰਦਾ ਹੈ ਉਹ ਆਪਣੀ ਗ਼ਜ਼ਲ ਵਿਚ ਕਹਿੰਦਾ ਹੈ ਕੀ ਆਪਸ ਵਿੱਚ ਲੜਿਆਂ ਨਾ ਕਰ। ਮਾੜੀ ਸੋਚ ਨਾ ਰੱਖਿਆ ਕਰ ਬੁੱਤ ਘਰ ਘਰ ਵਿਚ ਨਾ ਵੜਿਆ ਕਰ ਸਗੋ ਇਨਸਾਨਾਂ ਦੀ ਪੂਜਾ ਕਰਿਆ ਕਰ।

**ਪ੍ਰਮਾਤਮਾ ਦੀ ਪ੍ਰਾਪਤੀ।**
**ਜੇ ਤੂੰ ਰਬ ਪਾਉਣੈ ਤਾਂ ਇਕ ਦਾ ਹੋ ਕੇ ਰਹਿ।**
**ਐਵੇ ਦਰ ਦਰ ਉੱਤੇ ਸੀਸ ਝੁਕਾਈਂ ਨਾ॥**
**ਐ 'ਸੱਗੂ'" ਜੇ ਰੱਬ ਤੱਕਣ ਤਾਂ।**
**ਝਾਤੀ ਮਾਰ ਲੈ ਅਪਣੇ ਅੰਦਰ॥**

ਉਸ ਦਾ ਭਾਵ ਹੈ ਕਿ ਨਾ ਤਾਂ ਪੱਥਰਾਂ ਨੂੰ ਫੁੱਲ ਚਾੜ੍ਹਨ ਨਾਲ ਹੈ ਅਤੇ ਨਾ

ਹੀ ਮਸੀਤੀਂ ਬਾਂਗਾਂ ਦੇਣ ਨਾਲ ਜਾਂ ਤੀਰਥਾਂ ਤੇ ਇਸ਼ਨਆਂਨ ਨਾਲ। ਜੇ ਕੋਈ ਰੱਬ ਦੀ ਪ੍ਰਾਪਤੀ ਕਰਨੀ ਚਾਹੁੰਦਾ ਹੈ ਤਾਂ ਉਸ ਨੂੰ ਆਪ ਵੜਨ ਦੀ ਲੋੜ ਹੈ ਅਰਥਾਤ ਅੰਤਰਮੁਖ ਸਾਧਨਾ ਦੀ ਲੋੜ ਹੈ। ਕਿਸੇ ਵੀ ਅਡੰਬਰ ਨਾਲ ਰੱਬ ਨੂੰ ਨਹੀਂ ਪਾਇਆ ਜਾ ਸਕਦਾ।

ਉਹ ਬਹੁਤ ਘੱਟ ਲਫਜ਼ਾਂ ਵਿੱਚ ਵੱਡੀ ਗੱਲ ਕਹਿਣ ਦਾ ਇਕ ਮਸ਼ਹੂਰ ਸ਼ਾਇਰ ਹੈ ਦਰਦ ਜਾਗਦਾ ਹੈਂ ਕਾਵਿ ਸੰਗ੍ਰਹਿ ਵਿੱਚ ਭੂ ਹੇਰਵ  ਦੀਆਂ ਕਵਿਤਾਵਾਂ ਪਿੰਡ ਦੀਆਂ ਯਾਦਾਂ ਦੀਆਂ ਕਵਿਤਾਵਾਂ ਆਪਣੇ ਦੋਸਤ ਮਿੱਤਰਾਂ ਦੀਆਂ ਕਵਿਤਾਵਾਂ ਵਿਸ਼ੇਸ਼ ਰੂਪ ਵਿੱਚ ਟੁੰਬਦੀਆਂ ਹਨ। ਗ਼ਜ਼ਲ ਅਤੇ ਕਵਿਤਾ ਵਿਚ ਭੁਪਿੰਦਰ ਸਿੰਘ ਸੱਗੂ ਇਕ ਪਾਸੇ ਤਾਂ ਸੱਚ ਨੂੰ ਪ੍ਰਗਟਾਉਂਦਾ ਹੈ, ਉਸ ਦੀ ਕਵਿਤਾ ਵਿੱਚ ਮਾਨਵਤਾ ਦੀ ਪੇਸ਼ਕਾਰੀ ਹੁੰਦੀ ਹੈ ਅਤੇ ਦੂਸਰੇ ਪਾਸੇ ਉਹ ਜੰਗਾਂ ਜੁੱਧਾਂ ਦੇ ਵਪਾਰੀਆਂ ਦੇ ਖਲਾਫ ਦੀ ਅਵਾਜ ਬੁਲੰਦ ਕਰਦਾ ਹੈ ਉਹ ਨਸਲਵਾਦ ਦੇ ਸ਼ਕਿਾਰ ਲੋਕਾਂ ਨੂੰ ਇਕੱਠੇ ਹੋਣ ਲਈ ਪ੍ਰੇਰਿਤ ਕਰਦਾ ਹੈ। ਧਰਮ ਦਾ ਪ੍ਰਚਾਰ ਕਰਨ ਦੇ ਲਈ ਹਾਕਮਾਂ ਨੇ ਬੇਸ਼ੱਕ ਮੰਦਰ-ਮਸਜਿਦ ਬਣ ਗਏ ਹਨ ਪਰ ਉਹਨਾਂ ਨੇ ਕਾਫੀ ਦੰਗੇ ਕਰਵਾ ਦਿੱਤ ਹਨ। ਅੱਜ ਦੇ ਧੀਆਂ ਪੁੱਤਰਾਂ ਦੇ ਅੱਥਰੂਆਂ ਦੀ ਕੀਮਤ ਭੁਲ ਗਿਆ ਹੈ ਨਸ਼ਿਆਂ ਦੇ ਲੜ ਲੱਗ ਕੇ ਮਾਂ-ਬਾਪ ਦੀ ਇਜ਼ਤ ਰੋਲਦੇ ਹਨ ਤੇ ਪੈਰਾਂ ਵਰਗੇ ਬੱਚੇ ਅਪਣੀ ਮਰਜ਼ੀ ਕਰਦੇ ਹਨ ਅਤੇ  ਮਾਪੇ ਲਚ ਆਰ ਦਿਖਾਈ ਦਿੰਦੇ ਹਨ।ਪਰਵਾਸੀ ਪੰਜਾਬੀ ਗ਼ਜ਼ਲਕਾਰ ਭੂਪਿੰਦਰ ਸਿੰਘ ਸੱਗੂ ਇਕ ਮਸ਼ਹੂਰ ਸ਼ਾਇਰ ਦੀ ਤੋਰ ਤੇ ਸਾਹਮਣੇ ਆਇਆ ਜਿੱਥੇ ਵਿਦੇਸ਼ੀ ਵਸਣ ਮੰਡੀਆਂ ਸਭਿਆਚਾਰ ਸਮਾਜ ਦੀ ਤਰੱਕੀ ਅਤੇ ਸਮਾਜਿਕ ਗਿਰਾਵਟਾਂ ਨੂੰ ਅਕਾਸ਼ੀਂ ਰੰਗਦੀ ਰਹੀ ਹੈ ਓਥੇ ਇਹ ਸ਼ਾਇਰ ਪੰਜਾਬ ਦੇ ਮਸਲਿਆਂ ਨੂੰ ਅਪਣੱਤ ਨਾਲ ਭਰੀ ਸ਼ਾਇਰੀ ਵਿੱਚ ਪੇਸ਼ ਕਰ ਰਿਹਾ ਹੈ। ਬਰਤਾਨੀਆਂ ਵਿੱਚ ਗਜ਼ਲ ਬੇਸ਼ੱਕ 1965 ਦੇ ਕਰੀਬ ਸਾਹਮਣੇ ਆਈ ਤੀਰ ਦਿਲ ਵਿੱਚ ਸੋਨ ਦੇ  ਪੌਂਡਾਂ ਦੀ ਟੁਣਕਾਰ ਸੀ ਅਤੇ  ਦੂਸਰੇ ਪਾਸੇ ਵਤਨ ਵਿਯੋਗ ਦਾ ਇਹ ਸੰਤਾਪ ਸੀ । ਉਸ ਨੇ ਆਪਣੀਆ ਕਵਿਤਾਵਾਂ ਹਿੰਦੁਸਤਾਨ ਤੇ ਪਾਕਿਸਤਾਨ ਵੰਡ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ।

**ਚਿਹਰੇ ਨੰਗੇ ਹੋ ਗਏ ਆਖ਼ਿਰ ਲੋਕਾਂ ਵਿਚ ਹੈਵਾਨਾਂ ਦੇ**
**ਮਾਨਵਤਾ ਦਾ ਖ਼ੂਨ ਵਹਾਉਂਦੇ ਫਿਰਦੇ ਦਲ ਸ਼ੈਤਾਨਾਂ ਦੇ।**
**ਮੰਦਰ ਅੰਦਰ ਬੇਪੱਤ ਹੋਈ ਕੂੰਜ ਬੜਾ ਕੁਰਲਾਉਂਦੀ ਸੀ,**
**ਅੱਖਾਂ ਵਿੱਚੋਂ ਹੰਝੂ ਟਪਕੇ ਐਪਰ ਨਾ ਭਗਵਾਨਾਂ ਦੇ**
**ਤੀਰ ਅਤੇ ਤਲਵਾਰਾਂ ਸਾਨੂੰ ਫੁੱਲਾਂ ਵਾਂਗੂੰ ਲਗਦੇ ਹਨ,**
**ਕੋਈ ਫ਼ਰਕ ਨਹੀਂ ਹੈ ਸਾਡੇ ਸੀਨੇ ਹਨ ਚੱਟਾਨਾਂ ਦੇ।**

**ਮੋਹ, ਲਾਲਚ ਦੀ ਨ੍ਹੇਰੀ ਅੰਦਰ ਕੁਝ ਵੀ ਨਜ਼ਰੀਂ ਆਉਂਦਾ ਨਾ,**
**ਇਸ ਹਾਲਤ ਵਿਚ ਕਿੱਦਾਂ ਚਿਹਰੇ ਪਹਿਚਾਣਾ ਇਨਸਾਨਾਂ ਦੇ।**
**ਟੋਏ, ਟਿੱਬੇ, ਜੰਗਲ, ਪਰਬਤ ਮੈਂ ਸਾਰੇ ਲੰਘ ਆਇਆ ਹਾਂ,**
**ਕਰਜ਼ ਚੁਕਾਵਾਂ ਕਿੱਦਾਂ ਮੈਂ ਅਪਣੀ ਮਾਂ ਦੇ ਵਰਦਾਨਾਂ ਦੇ।**
**ਤੂੰ ਗ਼ਜ਼ਲਾਂ ਦੇ ਅੰਦਰ ਅਪਣੇ ਰੋਣੇ ਰੋਈ ਜਾਂਦਾ ਏਂ,**
**ਫ਼ਿਕਰ ਹਮੇਸ਼ਾਂ ਰਹਿੰਦੇ ਤੈਨੂੰ ਅਪਣੇ ਹੀ ਨੁਕਸਾਨਾਂ ਦੇ।**
**ਬਹੁਤਾ ਵੀ ਵਿਸ਼ਵਾਸ ਨਾ ਕਰਿਆ ਕਰ ਤੂੰ ਮਜ਼ਹਬਦਾਰਾਂ ਦਾ,**
**'ਸੱਗੂ' ਬਹੁਤ ਇਰਾਦੇ ਭੈੜੇ ਨੇ ਇਹਨਾਂ ਬੇਈਮਾਨਾਂ ਦੇ।**

ਉਹ ਰਾਜਨੀਤੀ ਦੀ ਕੌੜੀ ਗੱਲ ਨੂੰ ਵੀ ਗ਼ਜ਼ਲੀਆਤ ਦੀ ਮਿੱਠੀ ਚਾਸ਼ਨੀ ਵਿੱਚ ਪੇਸ਼ ਕਰਦਾ ਹੈਂ ਝੱਖੜ ਦੇ ਅਸਾਰ ਦਿਖਾਈ ਦਿੰਦੇ ਨੇ ਹਾਕਮ ਹੁਣ ਬਦਕਾਰ ਦਿਖਾਈ ਦਿੰਦੇ ਨੇ।ਇਹ ਪੈਰਾਂ ਏਸ ਤਰ੍ਹਾਂ ਬੇ ਰੁਜ਼ਗਾਰੀ ਥਾਂ ਥਾਂ ਪਸਰੀ ਹੋਈ ਹੈ ਮਹਿੰਗਾਈ ਜ਼ੋਰ ਫੜ੍ਹ ਰਹੀ ਹੈ ਹਾਕਮ ਜਨਤਾ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ ਗਰੀਬ ਹੋਰ ਗਰੀਬ ਤੇ ਅਮੀਰ ਹੋਰ ਅਮੀਰ ਹੋ ਰਹੇ ਹਨ ਐਸੀ ਨਬਰਾਬਰੀਬਰਾ ਬ੍ਰਾਹਮਣੀ ਅਤੇ ਬਏਅਮੰਨੀ ਅਤੇ ਬਾਗ਼ੀਆਨਾ ਰਾਵਿਆ ਉਪਜਦਾ ਹੈ।

**ਨਸਲਵਾਦ ਦਾ ਸੱਪ ਨਿਰਾਲਾ ਡੰਗਦਾ ਹੱਡ ਚਬਾ ਕੇ ਮਾਸ ਦਿਲਾਂ ਦਾ ਮੰਗਦਾ ਹੈ।**

**ਰੋਟੀ ਕੱਪੜੇ ਨਾਲ ਉਹ ਬੰਬ ਵੀ ਭੇਟ ਕਰੇ, ''ਅਮਨ ਪੁਜਾਰੀ" ਦੇਖੋ ਕਿਹੜੇ ਰੰਗ ਦਾ ਹੈ।**

ਬਹੁਤ ਸਾਰੇ ਪੰਜਾਬੀ ਪਰਵਾਸ ਧਾਰਨ ਕਰਦੇ ਹਨ ਪਰ ਭੂਪਿੰਦਰ ਸਿੰਘ ਸੱਗੂ ਇਹ ਸਵੇਦਨਸੀਲ ਕਵੀ ਹੋਣ ਦਾ ਅਤੇ ਉਸ ਦੁਆਰਾ ਭਾਵੁਕ ਵੇਦਨਾ ਵਾਲੀ ਕਵਿਤਾ ਰਚਨਾ ਸੱਚਮੁੱਚ ਕਮਾਲ ਦਾ ਹੈ। ਸੱਗੂ ਦੀਆਂ ਕਵਿਤਾਵਾਂ ਆਪਣੇ ਆਪ ਵਿਚ ਸੰਪੂਰਨ ਹਨ ਸਵਾਦਲੀਆ ਹਨ ਅਤੇ ਦਰਦ ਨਾਲ ਭਰੀਆਂ ਪਈਆਂ ਹਨ ਬਹੁਤ ਸਾਰੇ ਪੰਜਾਬੀ ਛੋਟੇ ਧੰਦਿਆਂ ਪ੍ਰਤੀ ਬੇਰੁਖ਼ੀ ਅਤੇ ਛੋਟੇ ਉਦਯੋਗਾਂ ਦੀ ਕਮੀ ਨੀ ਉਨ੍ਹਾਂ ਨੂੰ ਵਿਦੇਸ਼ ਜਾਣ ਲਈ ਪ੍ਰੇਰਿਤ ਕੀਤਾ ਉਹਨਾਂ ਵਿੱਚੋਂ ਇੱਕ ਭੁਪਿੰਦਰ ਸਿੰਘ ਸੱਗੂ ਵੀ ਸੀ ਭੂਪਿੰਦਰ ਸੱਗੂ ਦੀ ਕਵਿਤਾ ਆਪਣਿਆਂ ਦਾ ਵਿਗੋਚਾ ਸਹਿੰਦੇ ਦਰਦ ਪਰਿਵਾਰਕ ਖ਼ੁਸ਼ੀਆਂ ਤੋਂ ਸੱਖਣੇ ਅਤੇ ਉਦਰੇਵੇਂ ਦੀ ਤਿੱਖੀ ਸੂਲ ਉਸ ਦੀ ਕਵਿਤਾ ਵਿੱਚ ਛੁਪੀ ਹੋਈ ਹੈ।

**ਹਰ ਜਗ੍ਹਾ ਹੈ ਰੌਣਕਾਂ ਭਰਪੂਰ ਬੇਸ਼ਕ ਏਸ ਦੀ,**
**ਧਰਤ ਉੱਤੇ ਫੇਰ ਵੀ ਬੇਗਾਨਗੀ ਹੈ ਆਦਿ ਤੋਂ।**

**ਝੱਖੜਾਂ ਦੇ ਨਾਲ ਸਾਡਾ ਵਾਸਤਾ ਮੁੱਢ ਤੋਂ ਰਿਹੈ,**
**ਪਰਬਤਾਂ ਦੇ ਨਾਲ ਸਾਡੀ ਦੋਸਤੀ ਹੈ ਆਦਿ ਤੋਂ।**
**ਸੂਰਜਾਂ ਜਾਂ ਦੀਵਿਆਂ ਜਾਂ ਜੁਗਨੂੰਆਂ ਦੇ ਰੂਪ ਵਿਚ,**
**ਨ੍ਹੇਰਿਆਂ ਦੇ ਨਾਲ ਲੜਦੀ ਰੌਸ਼ਨੀ ਹੈ ਆਦਿ ਤੋਂ।**
**ਆਦਮੀ 'ਸੰਗੂ' ਰਿਹਾ ਢਹਿੰਦਾ, ਮੈਂ ਮੰਨਦਾ ਹਾਂ,**
**ਮਗਰ, ਫੇਰ ਉਸਰਨ ਦੀ ਰਹੀ ਦੀਵਾਨਗੀ ਹੈ ਆਦਿ ਤੋਂ।**

ਭੂਪਿੰਦਰ ਸਿੰਘ ਸੱਗੂ ਆਪਣੇ ਪੰਜਾਬੀ ਸੱਭਿਆਚਾਰ ਦੇ ਖਸਨ ਦਾ ਦੁੱਖ ਪ੍ਰਗਟ ਹੁੰਦਾ ਹੈ ਆਧੁਨਿਕ ਯੁੱਗ ਦੇ ਕਾਰਨ ਮਨੁੱਖ ਭਾਵੇਂ ਕਾਫੀ ਤਰੱਕੀ ਕਰ ਗਿਐ ਹੈ ਪੰਜਾਬੀ ਸਭਿਆਚਾਰ ਦੀ ਹੋਂਦ ਨੂੰ ਸੁਰੱਖਿਅਤ ਰੱਖਣ ਵਾਸਤੇ ਉਹ ਅਸਮਰਥ ਦਿਖਾਈ ਦਿੰਦਾ ਹੈ ਉਹ ਭਾਵੇਂ ਪਰਵਾਸ ਵਿਚ ਰਹਿੰਦਾ ਹੈ ਪਰ ਉਸ ਨੂੰ ਉਸ ਧਰਤੀ ਤੇ ਰਹਿਣ ਦੇ ਬਾਵਜੂਦ ਵੀ ਸਭਿਆਚਾਰ ਗੁੰਮ ਹੋਣ ਦਾ ਖੱਤਰਾ ਹੈ ਇਹ ਫਿਲਮ ਉਹ ਆਪਣੀ ਗ਼ਜ਼ਲ ਦੇ ਰਾਹੀ ਪੰਜਾਬੀਆਂ ਨੂੰ ਆਪਣੀ ਪੰਜਾਬੀ ਬੋਲੀ ਨੂੰ ਹਮੇਸ਼ਾਂ ਕਾਇਮ ਰੱਖਣ ਅਪਨੀ ਸਭਿਆਚਾਰ ਸਭਿਆਚਾਰ ਨਾਲ ਜੁੜੇ ਰਹਿਣ ਬਾਰੇ ਪ੍ਰੇਰਨਾ ਦਿੰਦਾ ਹੈ ਭੂਪਿੰਦਰ ਸੰਧੂ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਕੀ ਉਸ ਨੇ ਪਰਵਾਸ ਵਿਚ ਦੁਸ਼ਵਾਰੀਆਂ ਦਾ ਸਾਹਮਣਾ ਕੀਤਾ ਪਰ ਉਸ ਨੂੰ ਸੁਕੂਨ ਵਾਲੀ ਸਥਿਤੀ ਆਪਣੇ ਪਿੰਡ ਦੇ ਮੋਹ ਵਿਚੋਂ ਪ੍ਰਾਪਤ ਹੁੰਦੀ ਹੈ

**ਪੁੱਛੋ ਨਾ ਇਸ ਜਗ ਦਾ ਹਾਲ ਇਹ ਤੁਰਦਾ ਬੇਢੰਗੀ ਚਾਲ।**
**ਮਰਿਆਂ ਉੱਤੇ ਚੜ੍ਹਦੇ ਫੁੱਲ, ਜਿਊਂਦੇ ਕੋਹ ਕੋਹ ਕਰੇ ਹਲਾਲ**

.................................................................

**ਗੁੰਮ ਰਿਹਾ ਹੈ ਸਭਿਆਚਾਰ,ਤੂੰ ਨਾ ਬਦਲੀਂ ਅਪਣੀ ਚਾਲ**
**'ਸੰਗੂ' ਸਾਰੀ ਦੁਨੀਆਂ ਝੂਠ,ਜੀਵਨ ਕੱਟ ਜ਼ਮੀਰਾਂ ਨਾਲ।**

ਉਹ ਆਪਣੀ ਸਿੱਧੇ ਸਰਲ ਸ਼ਬਦਾਂ ਨਾਲ ਬਹੁਤ ਸਧਾਰਨ ਤਰੀਕੇ ਦੇ ਨਾਲ ਆਪਣੀ ਸ਼ਾਇਰੀ ਵਿਚ ਕਮਾਲ ਦਿਖਾਉਂਦਾ ਹੈ

**ਢਾਹ ਦੇਵੇ ਸਰਹੱਦਾਂ ਨੂੰ ਇਹ ਹਰ ਦਿਲ ਹੋਵੇ ਥਾਂ ਗ਼ਜ਼ਲ ਦੀ।**
**ਮੇਟ ਦਏ ਨਫ਼ਰਤ ਦੀ ਕਾਲਖ, ਮਿੱਠੀ ਰਹੇ ਜ਼ੁਬਾਂ ਗ਼ਜ਼ਲ ਦੀ।**
**ਮੈਂ ਦੇਖਾਂ ਨਿੱਤ ਹੁੰਦੀ ਚਰਚਾ, ਅੰਬਰ ਤੋਂ ਵੀ ਪਰ੍ਹਾਂ ਗ਼ਜ਼ਲ ਦੀ।**
**ਇਹ ਕੁੱਜੇ ਵਿਚ ਸਾਗਰ 'ਸੰਗੂ', ਤਾਂ ਹੀ ਸਿਫ਼ਤ ਕਰਾਂ ਗ਼ਜ਼ਲ ਦੀ।**

ਭੂਪਿੰਦਰ ਸਿੰਘ ਸੱਗੂ ਅੱਜ ਦੇ ਸਮਾਜ ਦੀ ਸਹੀ ਤਸਵੀਰ ਪੇਸ਼ ਕਰਦਾ ਹੈ ਕਿ ਉਹ ਵਸਦੀ ਜੰਨਤਾਂ ਨੂੰ ਅੰਧਕਾਰ ਵਿਚੋਂ ਬਾਹਰ ਕੱਢ ਕੇ ਸੱਚੇ ਸਤਿਗੁਰ ਦਾ

ਪੱਲਾ ਫੜ੍ਹਨ ਲਈ ਪ੍ਰੇਰਿਤ ਕਰਦਾ ਹੈ ਇਸ ਤਰ੍ਹਾਂ ਉਹ ਸੱਚ ਦੇ ਮਾਰਗ ਦਾ ਪਾਂਧੀ ਬਣਨ ਦਾ ਹਵਾਲਾ ਦਿੰਦਾ ਹੈ ਉਹ ਸਮਾਜ ਦੇ ਰਗ-ਰਗ ਤੋਂ ਜਾਣੂੰ ਹੈ ਧੀ ਮਨੁੱਖ ਨੂੰ ਕਾਮ ਕ੍ਰੋਧ ਲੋਭ ਹੰਕਾਰ ਤੋਂ ਬਚ ਕੇ ਰਹਿਣ ਬਾਰੇ ਆਪਣੀਆਂ ਕਵਿਤਾਵਾਂ ਵਿੱਚ ਪ੍ਰਗਟਾਉਂਦਾ ਹੈ।ਅਜੋਕੇ ਯੁੱਗ ਦੀ ਨਵੀਂ ਚੇਤਨਾ ਵਾਲੀਆਂ ਇਹ-ਕਾਵਿ ਰਚਨਾਵਾਂ ਮਨੁੱਖ ਦੇ ਪਦਾਰਥਕ ਪ੍ਰਾਪਤੀਆਂ ਦੀ ਭੱਜ ਦੌੜ ਵਿਚ ਮਕਾਨਕੀ ਹੋ ਗਏ ਮਨੁੱਖੀ ਰਿਸ਼ਤੇ ਇਕ ਜੰਗਲ ਦੇ ਰੂਪ ਵਿਚ ਬਦਲ ਗਏ ਹਨ ਜਿਥੇ ਮਨੁੱਖ ਗੁਆਚ ਗਿਆ ਹੈ, ਮਨੁੱਖੀ ਰਿਸ਼ਤੇ ਗੁੰਮ ਗਏ ਗੁੰਮ ਗਏ ਹਨ ਅਤੇ ਅਤੇ ਮਨੁੱਖ ਆਪਣੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਉਹ ਨਿੱਘ ਮਾਨਣ ਦੀ ਬਜਾਏ ਪੈਸੇ ਦੀ ਦੌੜ ਵਿੱਚ ਖੁੱਭ ਚੁੱਕਾ ਹੈ।

**ਜ਼ਿੰਦਗੀ ਦੀ ਭੱਜ ਦੌੜ 'ਚ,**
**ਅੱਜ ਮਨੁੱਖ ਤਲਾਸ਼ ਰਿਹੈ।**
**ਪੌਂਡਾ ਡਾਲਰਾਂ ਦੀ ਚਮਕ 'ਚੋਂ**
**ਖੁਸ ਚੁੱਕੇ ਸਕੂਨ ਨੂੰ।**
**ਰਿਸ਼ਤਿਆਂ ਦੀਆਂ ਤੰਦਾਂ 'ਚ**
**ਉਲਝੇ ਹੋਏ ਮਨੁੱਖ ਕੋਲ**
**ਏਨੀ ਫ਼ੁਰਸਤ ਕਿੱਥੇ।**
**ਕਿ ਸੁਪਨਈ ਅੱਖ ਦੀ**
**ਇਬਾਰਤ ਨੂੰ ਪੜ੍ਹ ਸਕੇ।**
**ਰਿਸ਼ਤਿਆਂ ਦੀਆਂ ਪੇਚੀਦਗੀਆਂ।**

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਭੂਪਿੰਦਰ ਸਿੰਘ ਸੱਗੂ ਦੀਆਂ ਸਾਰੀਆਂ ਗ਼ਜ਼ਲਾਂ ਨੇ ਮਾਨਵਤਾ ਦੇ ਦਰਦ, ਸਭਿਆਚਾਰ ਦੇ ਗੁੰਮ ਹੋਣ ਦਾ ਅਹਿਸਾਸ, ਪਿੰਡ ਦੀਆਂ ਯਾਦਾਂ ਦੇ ਨਾਲ ਜੁੜੇ ਹੋਣ, ਉਦਰੇਵੇਂ ਦੀ ਤਿੱਖੀ ਸੂਲ, ਮਨੁੱਖੀ ਰਿਸ਼ਤੇ ਭੁੱਲਣ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਇਸ ਤਰ੍ਹਾਂ ਭੂਪਿੰਦਰ ਸਿੰਘ ਸੱਗੂ ਪਰਵਾਸ ਦੀਆਂ ਲੰਮੀਆਂ ਉਡਾਰੀਆਂ ਮਾਰ ਰਿਹਾ ਹੈ ਪਰ ਫਿਰ ਵੀ ਕਿਤੇ ਨਾ ਕਿਤੇ ਉਸਦੇ ਮੋਹ ਦੀਆਂ ਤੰਦਾਂ ਆਪਣੀ ਪਿੰਡ ਦੇ ਵਿਰਸੇ ਨਾਲ ਜੁੜੀਆਂ ਹੋਈਆਂ ਹਨ, ਜਿਸ ਨੂੰ ਉਹ ਗ਼ਜ਼ਲਾਂ ਦੇ ਮਾਧਿਅਮ ਨਾਲ ਪ੍ਰਗਟਾਉਂਦਾ ਹੈ।

**- ਡਾ. ਜੋਤੀ ਸ਼ਰਮਾ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ।

# ਤਤਕਰਾ


• **ਸੰਪਾਦਕੀ** 6

ਭੂਪਿੰਦਰ ਸਿੰਘ ਸੱਗੂ ਦਾ ਗ਼ਜ਼ਲ ਕਾਵਿ : ਥੀਮਿਕ ਪਾਸਾਰ

ਡਾ. ਜੋਤੀ ਸ਼ਰਮਾ

1. ਰਿਸ਼ਤਿਆਂ ਦਾ ਜੰਗਲ : ਵਸਤੂ ਸੰਸਾਰ 17

ਪ੍ਰਿਤਪਾਲ ਸਿੰਘ ਮਹਿਰੋਕ

2. ਰਿਸ਼ਤਿਆਂ ਦਾ ਜੰਗਲ 25

ਨਿਰੰਜਨ ਸਿੰਘ ਨੂਰ

3. ਰਿਸ਼ਤਿਆਂ ਦਾ ਜੰਗਲ 30

ਕੇਸਰ ਸਿੰਘ ਰਾਮਪੁਰੀ

4. ਸੱਚ ਤੇ ਸੂਲੀ 32

ਡਾ. ਸ. ਪ. ਸਿੰਘ

5. ਸਿਮਟੇ ਹੋਏ ਪਲ : ਮਾਨਵਵਾਦੀ ਕਵੀ 36

ਪ੍ਰਿੰ: ਗੁਰਬਚਨ ਸਿੰਘ ਭੂਈ

6. ਸਿਮਟੇ ਹੋਏ ਪਲ 40

ਨਿਰੰਜਨ ਸਿੰਘ ਨੂਰ

7. ਸਿਮਟੇ ਹੋਏ ਪਲ : ਮਾਨਵੀ ਵੇਦਨਾ ਦੀ ਰੋਹਮਈ ਅਭਿਵਿਅਕਤੀ 45

ਡਾ. ਰਜਨੀਸ਼ ਬਹਾਦਰ ਸਿੰਘ

8. ਕ਼ਤਰਾ ਕ਼ਤਰਾ ਨੂਰ 51

ਡਾ. ਸਵਰਨ ਚੰਦਨ

9. ਨੂਰ ਦੀ ਵਜਾਹਤ : ਕ਼ਤਰਾ ਕ਼ਤਰਾ ਨੂਰ 56

ਡਾ. ਮੋਹਨਜੀਤ

10. ਫੁੱਲ ਬਣੇ ਅੰਗਿਆਰ 61

ਡਾ. ਸੁਰਿੰਦਰ ਸਿੰਘ ਭੁੱਲਰ

11. ਮੁੱਢਲੀ ਗੱਲ 66
ਡਾ. ਹਰਿਭਜਨ ਸਿੰਘ ਭਾਟੀਆ
12. ਕੇ ਨੇੜੈ ਕੇ ਦੂਰਿ– ਫੁੱਲ ਬਣੇ ਅੰਗਿਆਰ 73
ਗੁਰਨਾਮ ਢਿੱਲੋਂ
13. ਫੁੱਲ ਬਣੇ ਅੰਗਿਆਰ 78
ਮੁਖ਼ਤਿਆਰ ਸਿੰਘ
14. ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ 81
ਧਰਵਿੰਦਰ ਸਿੰਘ ਔਲਖ
15. ਰਿਸ਼ਤਿਆਂ ਤੋਂ ਮੁਕਤੀ ਦੀ ਤਲਾਸ਼ : 'ਉਸ ਨੇ ਕਿਹਾ' 86
ਡਾ. ਹਰਬੰਸ ਸਿੰਘ ਧੀਮਾਨ
16. ਕਥਾ–ਕਾਵਿ : ਉਸ ਨੇ ਕਿਹਾ 90
ਡਾ. ਰਤਨ ਰੀਹਲ
17. ਉਸ ਨੇ ਕਿਹਾ 104
ਡਾ. ਦੇਵਿੰਦਰ ਕੌਰ
18. ਬਾ–ਆਰੂਜ਼ : ਚਾਨਣ ਦੀ ਬਾਤ 107
ਡਾ. ਰਤਨ ਰੀਹਲ
19. ਚਾਨਣ ਦੀ ਬਾਤ : ਵਫ਼ਾ ਅਤੇ ਸਦਾਚਾਰ ਦੀ ਸ਼ਾਇਰੀ 120
ਗੁਰਦਾਸ ਸਿੰਘ ਪਰਮਾਰ
20. ਮੇਰੀ ਨਜ਼ਰ ਵਿਚ ਚਾਨਣ ਦੀ ਬਾਤ 127
ਨਿਸ਼ਾਨ ਸਿੰਘ
21. ਗ਼ਜ਼ਲ ਸੰਗ੍ਰਹਿ–ਮਸ਼ਾਲ ਇਕ ਅਧਿਐਨ 151
ਡਾ. ਕੁਲਵਿੰਦਰ ਕੌਰ ਮਿਨਹਾਸ
22. ਮਸ਼ਾਲ : ਵਿਚਾਰ ਚਰਚਾ 156
ਡਾ. ਕ੍ਰਿਸ਼ਨਾ ਬੇਦੀ
23. ਮਸ਼ਾਲ ਦਾ ਰੂਪ–ਵਿਧਾਨ ਅਤੇ ਮਨੁੱਖੀ ਦਰਸ਼ਨ ਨੂੰ ਸਮਰਪਿਤ 159
ਡਾ. ਰਤਨ ਰੀਹਲ
24. ਮਸ਼ਾਲ–ਗ਼ਜ਼ਲ ਸੰਗ੍ਰਹਿ 175
ਅਵਤਾਰ ਸਿੰਘ ਸ਼ਰੀਂਹ
25. ਵਗਦੀ ਰਹੇ ਝਨਾਂ ਦਾ ਰੂਪ–ਵਿਧਾਨ 177
ਡਾ. ਬਲਜਿੰਦਰ ਕੌਰ

26. ਵਗਦੀ ਰਹੇ ਝਨਾਂ : ਅੰਦਰ-ਝਾਤ 191
ਦਰਸ਼ਨ ਬੁਲੰਦਵੀ
27. ਵਗਦੀ ਰਹੇ ਝਨਾਂ ਦੇ ਸੰਦਰਭ ਵਿਚ 198
ਨਦੀਮ ਪਰਮਾਰ ਕੈਨੇਡਾ
28. ਮੁਹੱਬਤਾਂ ਦਾ ਕਵੀ 206
ਸੰਤੋਖ ਭੁੱਲਰ
29. ਦਰਦ ਜਾਗਦਾ ਹੈ : ਕਾਵਿ ਰਚਨਾ 216
ਡਾ. ਪ੍ਰੀਤਮ ਸਿੰਘ ਕੈਂਬੋ
30. ਦਰਦ ਜਾਗਦਾ ਹੈ 221
ਡਾ. ਮਨਵਿੰਦਰ ਕੌਰ
31. ਦਰਦ ਜਾਗਦਾ ਹੈ 225
ਸੁਰਿੰਦਰਜੀਤ ਚੌਹਾਨ
32. ਦਰਦ ਜਾਗਦਾ ਹੈ ਬਾਰੇ ਕੁੱਝ ਗੱਲਾਂ 229
ਮਨਦੀਪ ਕੌਰ ਭੰਮਰਾ
33. ਪਾਠ-ਮੂਲਕ ਅਤੇ ਵਿਚਾਰਧਾਰਕ ਪਰਿਪੇਖ ਦਰਦ ਜਾਗਦਾ ਹੈ 238
ਮੋਨਿਕਾ
34. ਭੂਪਿੰਦਰ ਸਿੰਘ ਸੱਗੂ ਦੀ ਕਵਿਤਾ 'ਦਰਦ ਜਾਗਦਾ ਹੈ' : 244
ਦਗਦੇ ਸੱਚਾਂ ਦਾ ਸੁੱਚਾ ਰੂਪਾਂਤਰਣ
ਡਾ. ਉਮਿੰਦਰ ਜੌਹਲ
35. ਮਾਨਵੀ ਦਰਦ ਦੀ ਗੂੜ੍ਹ ਵੇਦਨਾ ਅਤੇ ਸੰਵੇਦਨਾ ਵਾਲੀ 247
ਕਾਵਿ-ਪੁਸਤਕ : ਦਰਦ ਜਾਗਦਾ ਹੈ
ਗੁਰਪ੍ਰੀਤ ਸਿੰਘ
36. ਭੁਪਿੰਦਰ ਸੱਗੂ ਦੀ ਕਾਵਿ ਪੁਸਤਕ, 'ਦਰਦ ਜਾਗਦਾ ਹੈ' 258
ਬਾਰੇ ਦੋ ਗੱਲਾਂ
ਗੁਰਮੇਲ ਸ਼ਾਮ ਨਗਰ
37. ਮਨੁੱਖੀ ਮੁੱਲਾਂ ਦੀ ਸਰਬ ਸਾਂਝੀ ਵੇਦਨਾ- 'ਦਰਦ ਜਾਗਦਾ ਹੈ' 266
ਸੋਨੀਆ ਪਾਲ
38. ਕਹਿਕਸ਼ਾਂ ਪਾਠ 273
ਪਰਮਜੀਤ ਸਿੰਘ ਸੰਸੋਆ

39. ਕਹਿਕਸ਼ਾਂ 276
ਗੁਰਦਿਆਲ ਰੌਸ਼ਨ
40. In The Land of Promise - Bhupinder Sagoo 277
John Welsby
41. Poetry 281
Hardeep Singh Sandhu
42. In The Land Of Promise 283
Balwant Singh Bains
43. ਤੇਰੀ ਇਬਾਦਤ ਬਾਰੇ 285
ਡਾ. ਮਨਵਿੰਦਰ ਕੌਰ
44. ਭੁਪਿੰਦਰ ਸੱਗੂ ਦੀ "ਇਬਾਦਤ" 288
ਕਵਿੰਦਰ ਚਾਂਦ, ਕੈਨੇਡਾ
45. ਹਨ੍ਹੇਰ ਵਿਚ ਚਾਨਣ ਚੁੱਗਦੀ ਉਮੀਦ : 'ਤੇਰੀ ਇਬਾਦਤ' 290
ਡਾ. ਗੁਰਪ੍ਰੀਤ ਸਿੰਘ
46. ਭੂਪਿੰਦਰ ਸੱਗੂ ਦੀ ਕਾਵਿ-ਚੇਤਨਾ ਦਾ ਸਫ਼ਰ 293
ਡਾ. ਪ੍ਰੀਤਮ ਸਿੰਘ ਕੈਂਬੋ, ਲੰਡਨ
47. ਪਰਵਾਸੀ ਪੰਜਾਬੀ ਸ਼ਾਇਰ ਭੂਪਿੰਦਰ ਸਿੰਘ ਸੱਗੂ ਨਾਲ ਇਕ ਅਦਬੀ ਗ਼ੁਫਤਗੂ 307
ਮੁਲਾਕਤੀ : ਮਨਦੀਪ ਸਿੰਘ

# ਰਿਸ਼ਤਿਆਂ ਦਾ ਜੰਗਲ : ਵਸਤੂ ਸੰਸਾਰ
## ਪ੍ਰਿਤਪਾਲ ਸਿੰਘ ਮਹਿਰੋਕ

'ਰਿਸ਼ਤਿਆਂ ਦਾ ਜੰਗਲ'ਭੂਪਿੰਦਰ ਸਿੰਘ ਸੱਗੂ ਦਾ ਪਲੇਠਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਉਸਦੀਆਂ 14 ਕਵਿਤਾਵਾਂ ਅਤੇ 26 ਗ਼ਜ਼ਲਾਂ ਸੰਕਲਿਤ ਹਨ। ਇਸ ਕਾਵਿ-ਗੁਲਦਸਤੇ ਵਿਚ ਜੀਵੰਤ ਜੀਵਨ ਦੇ ਕੁਝ ਪਹਿਲੂਆਂ ਬਾਰੇ ਗੱਲਾਂ ਕਰਨ ਵਾਲੀਆਂ ਰਚਨਾਵਾਂ ਸਜੀਆਂ-ਸੰਵਰੀਆਂ ਹਨ ਜਿਨ੍ਹਾਂ ਵਿਚ ਜ਼ਿੰਦਗੀ ਦੀਆਂ ਪ੍ਰਾਪਤੀਆਂ-ਅਪ੍ਰਾਪਤੀਆਂ, ਸਫਲਤਾਵਾਂ-ਅਸਫਲਤਾਵਾਂ, ਸਾਮਾਜਿਕ ਰਿਸ਼ਤਿਆਂ ਤੇ ਸਮਕਾਲੀਨ ਪਰਿਸਥਿਤੀਆਂ ਨੂੰ ਛੋਹਿਆ ਗਿਆ ਹੈ। ਹੱਸਦੀ-ਰੋਂਦੀ ਜ਼ਿੰਦਗੀ ਦੇ ਵਿਭਿੰਨ ਪੱਖਾਂ ਦਾ ਅਨੁਭਵ ਰੱਖਦਿਆਂ ਉਹ ਜ਼ਿੰਦਗੀ ਦੇ ਹਾਸਿਆਂ-ਹਾਦਸਿਆਂ ਨੂੰ ਬਿਆਨਦਾ ਹੈ।

'ਰਿਸ਼ਤਿਆਂ ਦਾ ਜੰਗਲ' ਵਿਚਲਾ ਵਸਤੂ-ਸੰਸਾਰ ਬਹੁਤ ਵਿਸ਼ਾਲ ਹੈ। ਕਾਵਿ-ਸਿਰਜਣਾ ਕਵੀ ਲਈ ਇਕ ਦੁਜੈਲਾ ਸੰਸਾਰ ਸਿਰਜਣ ਬਰਾਬਰ ਹੈ ਜਿਸਨੂੰ ਉਹ ਕਲਪਨਾ ਦੇ ਮਾਧਿਅਮ ਰਾਹੀਂ, ਨਿੱਜੀ ਸੰਵੇਦਨਾ ਨੂੰ ਲੋਕ-ਹਿਤਾਂ ਦੇ ਰੰਗ ਵਿਚ ਰੰਗ ਕੇ ਸਿਰਜਦਾ ਹੈ। ਉਸਦੇ ਕਾਵਿ ਦਾ ਵਸਤੂ-ਸੰਸਾਰ ਵਾਸਤਵਿਕ ਸੰਸਾਰ ਨਹੀਂ, ਵਾਸਤਵਿਕਤਾ ਦਾ ਪ੍ਰਤਿਬਿੰਬ ਜ਼ਰੂਰ ਹੈ। ਸਿਰਜਨਾ ਦਾ ਇਹ ਵਸਤੂ-ਸੰਸਾਰ ਉਸਦੇ ਕਾਵਿ-ਕਰਮ ਰਾਹੀਂ ਹੋਂਦ ਵਿਚ ਆਇਆ ਹੈ। 'ਰਿਸ਼ਤਿਆਂ ਦਾ ਜੰਗਲ' ਵਿਚ ਉਹ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਚੱਲਿਆ ਹੈ ਕਿ ਉਹ ਧਰਤੀ ਦਾ ਜਾਇਆ ਹੈ ਅਤੇ ਉਸਨੇ ਆਪਣੀ ਸੋਚ ਨੂੰ ਲੋਕਾਂ ਦੀ ਸੋਚ ਨਾਲ ਜੋੜ ਕੇ ਪੇਸ਼ ਕਰਨਾ ਹੈ।

ਅਜੋਕੇ ਯੁੱਗ ਦੀ ਨਵੀਂ ਚੇਤਨਾ ਵਾਲੀਆਂ ਇਹ-ਕਾਵਿ ਰਚਨਾਵਾਂ ਮਨੁੱਖ ਦੇ ਸੰਪੂਰਨ ਵਿਅਕਤਿਤਵ, ਮਨੁੱਖੀ ਰਿਸ਼ਤਿਆਂ ਅਤੇ ਉਨ੍ਹਾਂ ਦੀ ਹੋਂਦ ਦੀ ਤਲਾਸ਼ ਨੂੰ ਸਮਰਪਿਤ ਹਨ। ਪਦਾਰਥਕ ਪ੍ਰਾਪਤੀਆਂ ਦੀ ਭੱਜ ਦੌੜ ਵਿਚ ਮਕਾਨਕੀ ਹੋ ਗਏ ਮਨੁੱਖੀ ਰਿਸ਼ਤੇ ਇਕ ਜੰਗਲ ਦੇ ਰੂਪ ਵਿਚ ਵਟ ਗਏ ਹਨ ਜਿਥੇ ਮਨੁੱਖ ਗੁਆਚ ਗਿਆ ਹੈ, ਮਨੁੱਖੀ ਰਿਸ਼ਤੇ ਗੁੰਮ ਗਏ ਹਨ। ਵਿਚਾਰਧਾਰਕ ਦ੍ਰਿਸ਼ਟੀ ਤੋਂ ਅਤੇ ਵਸਤੂ-ਸੰਸਾਰ ਸਿਰਜਣ ਦੇ ਪੱਖ ਤੋਂ ਇਹ ਕਾਵਿ-ਰਚਨਾਵਾਂ ਜੀਵਨ ਅਤੇ

ਰਿਸ਼ਤਿਆਂ ਦੇ ਤਣਾਓ ਵਿਚੋਂ ਵੀ ਵਿਕਾਸ-ਰੇਖਾ ਉਲੀਕਦੀਆਂ ਹਨ ਅਤੇ ਲੋਕ-ਹਿਤਾਂ ਦੀ ਤਲਾਸ਼ ਕਰਦੀਆਂ ਹਨ।

ਜਦੋਂ ਕਿਸੇ ਜ਼ਿੰਦਾ ਜ਼ਮੀਰ ਵਾਲੇ ਵਿਅਕਤੀ ਦੇ ਜਜ਼ਬਾਤ ਨੂੰ ਕਿਸੇ ਵੀ ਸਮੇਂ ਦੀ, ਕੋਈ ਵੀ ਹਕੂਮਤ, ਲਗਾਮ ਪਾ ਕੇ ਰੱਖਣਾ ਚਾਹੁੰਦੀ ਹੈ ਤਾਂ ਉਸ ਸਹੀ ਸੋਚ ਵਾਲੇ ਵਿਅਕਤੀ ਕੋਲੋਂ ਇਹ ਮੁਥਾਜੀ ਸਹਾਰੀ ਨਹੀਂ ਜਾਂਦੀ ਤੇ ਉਸਦੇ ਜਜ਼ਬਾਤ ਦਾ ਵਹਿਣ ਹੋਰ ਤੇਜ਼ ਹੁੰਦਾ ਚਲ ਜਾਂਦਾ ਹੈ। ਇੰਜ, ਉਸਦੀ ਬਾਗੀਆਨਾ ਧੁਨ ਪ੍ਰਬਲ ਸ਼ੁਰ ਅਖਤਿਆਰ ਕਰਦੀ ਜਾਂਦੀ ਹੈ। ਕਤਲਗਾਹਾਂ ਤੋਂ ਫਿਰ ਉਸਨੂੰ ਡਰ ਨਹੀਂ ਲਗਦਾ, ਤਸੀਹਿਆਂ ਤੋਂ ਉਹ ਤ੍ਰਹਿੰਦਾ ਨਹੀਂ, ਜੀਭ ਉਸਦੀ ਨੂੰ ਬੋਲਣ ਤੋਂ ਰੋਕਿਆ ਨਹੀਂ ਜਾ ਸਕਦਾ।

(ਕਤਲਗਾਹ ਅੰਦਰ- ਪੰ. 1, 11 )

ਸਾਡਾ ਗੌਰਵਮਈ ਇਤਿਹਾਸਿਕ ਵਿਰਸਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਧਰਤੀ ’ਤੇ ਹੱਕ, ਸੱਚ ਤੇ ਨਿਆਂ ਦੀ ਖਾਤਰ ਕਦੇ ਕਿਸੇ ਨੂੰ ਸੂਲੀ ਚੜ੍ਹਾਇਆ ਜਾਂਦਾ ਰਿਹਾ ਹੈ, ਕਦੇ ਤਪਦੀਆਂ ਤਵੀਆਂ ’ਤੇ ਬਿਠਾਇਆ ਜਾਂਦਾ ਰਿਹਾ ਹੈ, ਕਦੇ ਉਬਲਦੀਆਂ ਦੇਗਾਂ ਵਿਚ ਪਾਇਆ ਜਾਂਦਾ ਰਿਹਾ ਹੈ। ਸੱਚ ਦੇ ਵਣਜਾਰੇ ਇਸ ਸਭ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਰਹੇ ਹਨ। ਜ਼ਿੰਦਗੀ ਵਿਚ ਕੁਝ ਕਰਨ ਦੇ ਟੀਚੇ ਨੂੰ ਮਿਥ ਕੇ ਚੱਲਣ ਵਾਲੇ ਸਿਰੜੀ ਵਿਅਕਤੀ ਅੱਜ ਵੀ ਆਪਣੇ ਗੌਰਵਸ਼ਾਲੀ ਵਿਰਸੇ ਦੇ ਬਲਬੂਤੇ ‘ਚਰਖੜੀਆਂ ਨੂੰ ਸਤਿਕਾਰਨ’ ਦਾ ਜਿਗਰਾ ਰੱਖਦੇ ਹਨ। ‘ਕਤਲਗਾਹ ਅੰਦਰ’ਕਵਿਤਾ ਇਸੇ ਥੀਮ ਨੂੰ ਲੈ ਕੇ ਉਸਰਦੀ ਹੈ। ਇਸਦੇ ਉਲਟ ਕਵੀ ਵਿਦੇਸ਼ੀ ਜਾ ਵੱਸੇ ਭਾਰਤੀਆਂ ਅਤੇ ਉਥੇ ਜੰਮੇ, ਪਲੇ ਤੇ ਪਰਵਾਨ ਚੜੇ ਉਨ੍ਹਾਂ ਦੇ ਬੱਚਿਆਂ ਦੀ ਆਪਣੇ ਸੱਭਿਆਚਾਰਕ ਵਿਰਸੇ ਤੋਂ ਟੁੱਟੇ ਹੋਣ ਦੀ ਤ੍ਰਾਸਦੀ ਅਤੇ ਇਥੋਂ ਦੇ ਸ਼ਾਨਾਂਮੱਤੇ ਇਤਿਹਾਸਿਕ ਵਿਰਸੇ ਤੋਂ ਅਣਜਾਣ ਰਹਿਣ ਕਾਰਨ ਪੱਲੇ ਪਈ ਬੋਧਿਕ ਕੰਗਾਲੀ ਨੂੰ ਵੀ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਧਰਤੀ ਦੇ ਚਿੱਟੇ ਟੁਕੜੇ ਉਤੇ ਜਾ ਵੱਸੇ ‘ਕਾਲੇ ਲੋਕ’ ਗੁਰੂਆਂ ਦੀਆਂ ਸ਼ਹਾਦਤਾਂ ਨੂੰ ਭੁੱਲਦੇ ਜਾ ਰਹੇ ਹਨ। ਜ਼ਿੰਦਗੀ ਦਾ ਮੋਹ ਤਿਆਗ ਕੇ ਮਾਨਵਤਾ ਦੀ ਭਲਾਈ ਲਈ ਕੀਤੀਆਂ ਕੁਰਬਾਨੀਆਂ ਤੋਂ ਕੁਰਬਾਨ ਜਾਂਦਾ ਹੋਇਆ ਕਵੀ ਉਨ੍ਹਾਂ ਮਹਾਨ ਸ਼ਹੀਦਾਂ ਦਾ ਮਾਣ ਕਰਨਾ ਲੋੜਦਾ ਹੈ ਪਰ ਅਜਿਹਾ ਕਰਨ ਤੋਂ ਉਹ ਆਪਣੇ ਆਪ ਨੂੰ ਅਸਮਰਥ ਸਮਝਦਾ ਹੈ। (ਮਾਣ ਪੱਤਰ, ਪੰ. 19)। ਦੂਜੇ ਪਾਸੇ ਬੇਗਾਨੇ ਮੁਲਕਾਂ ਦੀ ਪਰਾਈ ਧਰਤੀ ’ਤੇ ਖ਼ਾਨਾਬਦੋਸ਼ਾਂ ਵਾਂਗ ਰਹਿੰਦੇ ਲੋਕਾਂ ਦੇ ਆਪਣੇ ਅਮੀਰ ਵਿਰਸੇ ਨਾਲੋਂ ਟੁੱਟਦੇ ਜਾਣ ਵਾਲੇ ਰੁਝਾਨ ਬਾਰੇ ਸੋਚ ਕੇ ਕਵੀ ਚਿੰਤਿਤ ਹੋ ਜਾਂਦਾ ਹੈ।

ਜੋ ਭੁੱਲ ਚੁੱਕੇ ਆਪਣਾ ਕੀਮਤੀ ਵਿਰਸਾ
ਤੇ ਵੱਸਦੇ ਨੇ ਖ਼ਾਨਾਬਦੋਸ਼ਾਂ ਦੀ ਤਰ੍ਹਾਂ
ਕਰਕੇ ਦਾਅਵਾ ਚਿੱਟੇ ਹੋਣ ਦਾ
ਧਰਤੀ ਦੇ ਚਿੱਟੇ ਟੁਕੜੇ ਉੱਤੇ। (ਖ਼ਾਨਾ ਬਦੋਸ਼)

ਇਸੇ ਤਰ੍ਹਾਂ ਭੂਪਿੰਦਰ ਸੱਗੂ ਸਮਝਦਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਵੱਲੋਂ ਦੱਸੇ 'ਸੱਚ ਦੇ ਮਾਰਗ' ਨੂੰ ਭੁੱਲ ਜਾਣ ਦੀ ਕੁਤਾਹੀ ਕਰ ਰਹੇ ਹਾਂ। ਇਕੋ ਹੀ ਬਾਟੇ 'ਚੋਂ ਅੰਮ੍ਰਿਤ ਦੀਆਂ ਬੂੰਦਾਂ ਛਕਣ ਦੀ ਥਾਂ ਅਸੀਂ ਪਾਪ ਦੇ ਪਿਆਲੇ 'ਚੋਂ ਨਫ਼ਰਤਾਂ ਦੇ ਜਾਮ ਡੀਕ ਰਹੇ ਹਾਂ, ਉਸ ਮਹਾਨ ਗੁਰੂ ਵਲੋਂ ਦਰਸਾਏ ਅਸੂਲਾਂ ਨੂੰ ਵਿਸਾਰ ਕੇ, ਜ਼ਿੰਦਗੀ ਜੀਉਣ ਦੇ ਆਪਣੇ ਹੀ ਸਿੱਧਾਂਤ ਘੜ ਰਹੇ ਹਾਂ। ਅਜਿਹੇ ਵਰਤਾਰੇ ਨੂੰ ਵੇਖ ਕੇ ਕਵੀ ਦੇ ਸੰਵੇਦਨਸ਼ੀਲ ਮਨ ਨੂੰ ਠੇਸ ਪਹੁੰਚਦੀ ਹੈ (ਮੁਬਾਰਕ ਉਹ ਵਰ੍ਹਾ)। ਹਾਕਮ ਲੋਕ ਵੀ ਨਫ਼ਰਤਾਂ ਦੇ ਜਾਮ ਡਕਾਰ ਰਹੇ ਹਨ। ਇਸੇ ਕਰ ਕੇ ਕਦੇ ਕਦੇ ਸਦਭਾਵਨਾ ਦਾ ਰੰਗ ਫਿੱਕਾ ਪੈ ਜਾਂਦਾ ਹੈ। ਕਦੇ ਕਦੇ ਸ਼ਹਿਰ ਵਿਚ ਜੰਗਲ ਦਾ ਰਾਜ਼ ਹੋਣ ਕਰ ਕੇ ਇਸ ਵਿਚ ਸੰਨਾਟਾ ਛਾਇਆ ਰਹਿੰਦਾ ਹੈ। ਸਵਸਥ ਸ਼ਹਿਰ ਨੂੰ ਨਾਮੁਰਾਦ ਬਿਮਾਰੀਆਂ ਚੰਬੜ ਜਾਂਦੀਆਂ ਹਨ (ਬੀਮਾਰ ਸ਼ਹਿਰ, ਪੰ. 17-18)। ਕਵੀ ਇਨ੍ਹਾਂ ਦਾ ਇਲਾਜ ਕਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ ਤਾਂ ਜੋ ਅਰੋਗ ਸ਼ਹਿਰ ਵਿਚ ਸਿਹਤਮੰਦ ਮਨੁੱਖ ਦਾ ਵਾਸਾ ਸੰਭਵ ਹੋ ਸਕੇ। ਸਮੂਹਿਕ ਸੱਚ ਨੂੰ ਪੇਸ਼ ਕਰਨ ਵਾਲੀਆਂ ਅਜਿਹੀਆਂ ਕਵਿਤਾਵਾਂ ਵਿਚ ਉਹ ਮਨੁੱਖੀ ਜੀਵਨ ਦੇ ਅਸਤਿਤਵ ਅਤੇ ਇਸਦੇ ਮਹਤਵ ਨੂੰ ਉਜਾਗਰ ਕਰਨ ਦੇ ਆਸ਼ੇ ਨਾਲ ਚੱਲਦਾ ਹੈ।

'ਨਫ਼ਰਤ ਦੀ ਲਕੀਰ' ਇਕ ਹੋਰ ਖ਼ੂਬਸੂਰਤ ਹੈ, ਜਿਸਦਾ ਵਸਤੂ-ਸੰਸਾਰ ਸੱਚ ਨੂੰ ਖ਼ੂਬਸੂਰਤੀ ਨਾਲ ਪੇਸ਼ ਕਰਨ ਦੀ ਜੁਗਤੀ ਉਪਰ ਉਸਰਦਾ ਹੈ। ਸਮੇਂ ਦੀ ਇਹ ਕੇਹੀ ਵਿਡੰਬਨਾ ਹੈ ਕਿ ਕਦੇ ਕਦੇ ਸਾਂਝੀ ਸੱਭਿਅਤਾ ਅਤੇ ਸਾਂਝੇ ਕਿਰਦਾਰ ਵਾਲੇ ਭਰਾਵਾਂ ਦੇ ਦੇ ਦਰਮਿਆਨ ਨਫ਼ਰਤ ਦੀ ਲਕੀਰ ਖਿੱਚੀ ਜਾਂਦੀ ਹੈ ਤੇ ਉਹ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ। ਲਹੂ ਨਾਲ ਹੱਥ ਰੰਗਣ ਸਮੇਂ ਉਹ ਇਹ ਭੁੱਲ ਜਾਂਦੇ ਹਨ ਕਿ ਖ਼ੂਨ ਵਹਾ ਕੇ ਉਨ੍ਹਾਂ ਨੇ ਕੁਝ ਵੀ ਹਾਸਲ ਨਹੀਂ ਕਰਨਾ ਸਿਰਫ ਅਪਣੇ ਆਪਨੂੰ ਹੀ ਵਿਕਲਾਂਗ ਬਣਾਉਣਾ ਹੈ।

ਭੂਪਿੰਦਰ ਸੱਗੂ ਦੀ ਕਵਿਤਾ ਵਿਅਕਤੀ, ਸਮਾਜ ਅਤੇ ਦੇਸ਼ ਦੀ ਸੀਮਾ ਨੂੰ ਉਲੰਘ ਕੇ ਅੰਤਰ-ਰਾਸ਼ਟਰੀ ਜਜ਼ਬੇ ਨੂੰ ਵੀ ਅਪਣਾਉਂਦੀ ਹੈ ਤੇ ਸਾਰੇ ਸੰਸਾਰ ਦੇ 'ਕੱਖਾਂ ਦੀਆਂ ਕੁਲੀਆਂ' ਵਿਚ ਰਹਿਣ ਵਾਲੇ ਪੀੜਿਤ ਲੋਕਾਂ ਦਾ ਗ਼ਮ ਉਸਦੀ ਕਵਿਤਾ ਦੇ ਸੰਸਾਰ ਵਿਚ ਆ ਸਮਾਉਂਦਾ ਹੈ। ਅਜਿਹੀਆਂ ਸਥਿਤੀਆਂ ਵਿਚ ਉਹ ਆਪਣੀ ਕਵਿਤਾ ਨੂੰ ਲੋਕ-ਜਾਗ੍ਰਿਤੀ, ਕਰਾਂਤੀ ਅਤੇ ਸਾਮਾਜਿਕ ਤੇ ਆਰਥਿਕ

ਪਰਿਵਰਤਨ ਦੇ ਸਾਧਨ ਵਜੋਂ ਵਰਤਣ ਦੀ ਕੋਸ਼ਿਸ਼ ਵਿਚ ਹੈ। ਉਹ ਮਨੁੱਖਤਾ ਦੀ 'ਬੌਂਦਲਾਈ ਹੋਈ ਸੋਚ' ਨੂੰ 'ਚੇਤੰਨਤਾ ਦੀ ਕੁਠਾਲੀ' ਵਿਚ ਢਾਲਣ ਲਈ ਯਤਨਸ਼ੀਲ ਹੈ। ਉਸਦੀ ਕਵਿਤਾ ਸੰਗਰਾਮ ਕਰ ਰਹੇ ਲੋਕਾਂ ਦਾ ਸਾਥ ਦਿੰਦੀ ਹੈ :

ਜ਼ਾਲਿਮ ਦੀ ਤਲਵਾਰ
ਹੱਕਾਂ ਦੀ ਪਛਾਣ ਕਰਵਾਉਂਦੀ ਹੈ
ਅਤੇ ਗ਼ੈਰਤ ਦੇ ਅਰਥ ਸਮਝਾਉਂਦੀ ਹੈ।

'ਨਫ਼ਰਤ ਦੀ ਲਕੀਰ' ਕਵਿਤਾ ਵਿਚ ਛੋਹੀ ਗੱਲ ਨੂੰ ਅੱਗੇ ਤੋਰਦਿਆਂ ਭੂਪਿੰਦਰ ਸੱਗੂ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਨਫ਼ਰਤ ਦੇ ਬੀਜ ਬੀਜਣ ਵਾਲੇ ਕੁਰਸੀ ਦੇ ਪੁਜਾਰੀ ਹਨ। ਇਨ੍ਹਾਂ ਸਿਆਸਤਦਾਨਾ ਦੀਆਂ ਕੁਟਿਲ ਨੀਤੀਆਂ ਦਾ ਕਰਫ਼ਿਊ ਮਨੁੱਖਤਾ ਦੇ ਵਿਕਾਸ ਵਿਚ ਖੜੋਤ ਲਿਆਉਣ ਲਈ ਜ਼ਿੰਮੇਵਾਰ ਹੈ। ਕਵੀ ਮਨੁੱਖਤਾ ਦੇ ਵਿਕਾਸ ਦਾ ਇੱਛਕ ਹੈ। ਉਸਦੀ ਇਹ ਸੱਚ ਉਸਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਜੋੜਦੀ ਹੈ। ਜੇ ਮਾਨਵਤਾ ਦੇ ਵਿਕਾਸ ਵਿਚ ਕਿਧਰੇ ਕੋਈ ਵਿਘਨ ਪੈਂਦਾ ਹੈ ਤਾਂ ਉਹ ਉਸਦੇ ਕਾਰਣ ਲੱਭਣ ਦੇ ਯਤਨ ਕਰਦਾ ਹੈ। ਇਸਦੀ ਤਹਿ ਤੱਕ ਪਹੁੰਚਣ ਦੀ ਕੋਸ਼ਿਸ਼ ਵਿਚ ਉਹ ਜੋ ਸਿੱਟੇ ਕੱਢਦਾ ਹੈ ਉਨ੍ਹਾਂ ਵਿਚੋਂ ਇਕ ਮਹਤਵਪੂਰਣ ਸਿੱਟਾ ਇਹ ਹੈ :

ਖੜ੍ਹ ਜਾਂਦਾ ਹੈ
ਮਨੁੱਖਤਾ ਦੇ ਵਿਕਾਸ 'ਚ ਰੋੜਾ ਬਣ ਕੇ
ਨਿਤ ਸਿਆਸਤ ਦਾ ਕਰਫ਼ਿਊ।
ਸ਼ਹਿਰ ਦੀਆਂ ਸੜਕਾਂ 'ਤੇ
ਖੰਭਿਆਂ ਨਾਲ ਲਟਕ ਦੇ
ਖਤਰੇ ਦਾ ਘੁੱਗੂ ਵੱਜਦਿਆਂ ਹੀ। (ਕਰਫ਼ਿਊ)

ਕੁਝ ਕਵਿਤਾਵਾਂ ਅਤੇ ਕੁਝ ਗ਼ਜ਼ਲਾਂ ਵਿਚ ਸੱਗੂ ਇਕ ਰੁਮਾਂਟਿਕ ਕਵੀ ਵਜੋਂ ਵੀ ਉਭਰਦਾ ਹੈ। ਰੁਮਾਂਟਿਕ ਕਵੀ ਪੀੜਾ, ਵੇਦਨਾ, ਬਿਰਹਾ, ਠੋਕਰਾਂ ਆਦਿ ਦੇ ਪੁਜਾਰੀ ਹੁੰਦੇ ਹਨ। ਜੀਵਨ ਨੂੰ ਪੀੜਾ-ਭਰਪੂਰ ਮੰਨਦੇ ਹੋਏ ਉਹ ਇਸ ਪ੍ਰਤੀ ਉਦਾਸੀਨਤਾ ਵਾਲਾ ਰਵੱਈਆ ਧਾਰਣ ਕਰ ਲੈਂਦੇ ਹਨ। ਸੱਗੂ ਨੇ ਪ੍ਰੀਤ-ਜਜ਼ਬੇ ਦੀ ਕੋਮਲਤਾ ਅਤੇ ਪਵਿੱਤਰਤਾ ਨੂੰ ਅਭਿਵਿਅਕਤੀ ਪ੍ਰਦਾਨ ਕਰਨ ਲਈ ਪ੍ਰੀਤ ਦੀਆਂ ਵਿਭਿੰਨ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਉਹ ਪ੍ਰੀਤ ਤੋਂ ਮਿਲਣ ਵਾਲੀ ਪੀੜਾ ਦੇ ਕਾਰਣ ਦਾ ਵਰਣਨ ਵੀ ਕਰਦਾ ਹੈ ਅਤੇ ਇਸਦੇ ਅਹਿਸਾਸ ਦੀ ਤੀਬਰਤਾ ਦਾ ਵੀ। ਅਪ੍ਰਾਪਤੀ ਕਾਰਣ ਮਿਲਿਆ ਦੁੱਖ ਉਸ ਸਮੇਂ ਹੋਰ ਤੀਬਰ ਹੋ ਜਾਂਦਾ ਹੈ ਜਦੋਂ ਉਸਨੂੰ ਆਪਣੀ ਆਤਮ-ਸਥਿਤੀ ਵੀਰਾਨ ਹੋ ਗਈ ਦਿਸਦੀ ਹੈ :

ਜਦ ਚੁਫੇਰੇ ਰਿਸ਼ਤਿਆਂ ਦਾ ਇਕ ਜੰਗਲ ਉੱਗਿਆ
ਫੋਕੀਆਂ ਗੱਲਾਂ ਦਾ ਮੈਂ ਵੀ ਇਕ ਸਮੁੰਦਰ ਵੇਖਿਆ।
ਦਰਦ, ਹੰਝੂ, ਮੁਸ਼ਕਲਾਂ ਝੋਲੀ 'ਚ ਸਾਰੇ ਪਾ ਲਏ
ਤੇਰੇ ਦਰ ਨਾਲੋਂ ਨਾ ਕੋਈ, ਦੁਆਰ ਬਿਹਤਰ ਵੇਖਿਆ।

ਇਹ ਵਿਸਾਦ-ਗ੍ਰਸ਼ਤ ਸਥਿਤੀ ਇਸ ਕਰ ਕੇ ਹੈ ਕਿ ਉਸਦੀ ਕਾਵਿ-ਰਚਨਾ ਦੇ ਹੋਰ ਪ੍ਰੇਰਕਾਂ ਦੇ ਨਾਲ ਨਾਲ ਪਿਆਰ, ਬਿਰਹਾ, ਵੇਦਨਾ ਤੇ ਉਦਾਸੀਨਤਾ ਵੀ ਉਸਦੇ ਕਾਵਿ-ਅਨੁਭਵ ਦੇ ਪ੍ਰੇਰਕ ਬਣਦੇ ਹਨ।

ਭੂਪਿੰਦਰ ਸੱਗੂ ਪ੍ਰੀਤ ਦੇ ਸੂਖਮ ਭਾਵਾਂ ਦਾ ਗਾਇਨ ਵੀ ਕਰਦਾ ਹੈ। ਪ੍ਰੀਤ-ਮਿਲਣੀਆਂ ਦੇ ਹਵਾਲੇ ਨਾਲ ਬਿਰਹਣ ਆਤਮਾ ਦੀ ਹੂਕ ਵੀ ਉਸਦੇ ਸ਼ਿਅਰਾਂ 'ਚੋਂ ਸੁਣਾਈ ਦਿੰਦੀ ਹੈ। ਉਹ ਸਮਝਦਾ ਹੈ ਕਿ ਹੌਸਲੇ ਨਾਲ ਪਿਆਰ ਦੇ ਦੁੱਖ ਝੱਲਣਾ ਆਪਣੇ ਆਪ ਵਿਚ ਭਾਵਨਾਵਾਂ ਦਾ ਉਹ ਸਾਗਰ ਹੈ, ਜੋ ਕਦੇ ਸੁੱਕਦਾ ਨਹੀਂ। ਅਜਿਹੇ ਕਠੋਰ ਅਨੁਭਵ ਨੂੰ ਢਾਉਂਦਿਆਂ ਵੀ ਉਹ ਉਡੀਕ ਦਾ ਪੱਲਾ ਨਹੀਂ ਛੱਡਦਾ :

ਤਲੀਆਂ ਉਪਰ ਰੱਤ ਦੇ ਦੀਵੇ ਬਾਲੇ ਨੇ
ਸੱਜਣਾ ਖਾਤਰ ਸਾਗਰ ਕਈ ਹੰਗਾਲੇ ਨੇ।

ਜਦ ਤੋਂ ਯਾਰੋ ਮੈਂ ਪਰਦੇਸੀ ਹੋਇਆ ਹਾਂ
ਉਮਰਾਂ ਦੇ ਪੰਧ ਹੋ ਗਏ ਪੀੜਾਂ ਵਾਲੇ ਨੇਂ।

ਭੂਪਿੰਦਰ ਸੱਗੂ ਦੇ ਕਾਵਿ-ਜਗਤ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਪਰਵਾਸੀ ਕਵੀ ਹੁੰਦਿਆਂ ਹੋਇਆਂ ਵੀ ਇਸ ਖਿੱਤੇ ਨਾਲੋਂ ਟੁੱਟਦਾ ਨਹੀਂ। ਉਹ ਇਥੋਂ ਦੇ ਲੱਕਾ ਵੱਲੋਂ ਨਿੱਤ ਭੋਗੇ ਜਾਣ ਵਾਲੇ ਸੰਤਾਪ ਨੂੰ ਬੜੀ ਸੰਜੀਦਗੀ ਨਾਲ ਸਮਝਦਾ ਤੇ ਮਹਿਸੂਸ ਕਰਦਾ ਹੈ। ਇਥੇ ਚੱਲਣ ਵਾਲੀਆਂ ਗਰਮ ਹਵਾਵਾਂ ਦਾ ਸੇਕ ਉਹ ਆਪਣੇ ਪਿੰਡੇ 'ਤੇ ਸਹਾਰਦਾ ਹੈ :

ਰੱਤ ਦੇ ਟੇਪੇ ਤੱਕੇ ਆਪਣੇ ਪਿੰਡ ਦੀ ਅੱਖੋਂ
ਸਾਜਿਸ਼ ਕਤਲ ਦੀ ਬਣਦੀ ਜਦ ਵੀ ਲੱਗਦਾ ਪਹਿਰਾ

ਰਾਤੀਂ ਏਦਾਂ ਝੁਲਿਆ ਸਾਵੇ ਰੁੱਖਾਂ ਉਤੇ ਕਹਿਰ
ਪੱਤਾ ਪੱਤਾ ਕਰ ਛੱਡਿਆ ਹੈ ਪੱਛੋਂ ਦੀਆਂ ਹਵਾਵਾਂ।

ਵੱਸਦੇ ਰਸਦੇ ਘਰਾਂ ਵਿਚ ਹੈ ਦੁਮੂੰਹੀ ਫਿਰ ਗਈ

ਘੁੰਮਦੀਆਂ ਗਿਰਝਾਂ ਕਿਵੇਂ ਹਰ ਘਰ ਹੈ ਖ਼ੰਡਰ ਹੋ ਗਿਆ।

ਆਉ ਰਲ ਕੇ ਖ਼ੈਰ ਮੰਗੀਏ ਧਰਤ ਦੇ ਹਰ ਸ਼ਖ਼ਸ ਦੀ
ਇੱਟ ਵਰਗੇ ਬੋਲ ਤੇ ਹਰ ਨੈਣ ਪੱਥਰ ਹੋ ਗਿਆ।

ਲਾਕਾਨੂੰਨੀ ਅਸੀ ਵਰਤੀ ਅੱਗ ਅਸਮਾਨੀ ਛੋਹੇ
ਹੱਥਾਂ ਵਿਚ ਫੜੀਆ ਤਲਵਾਰਾਂ ਸਮਿਆਂ ਦਿਆਂ ਫਕੀਰਾਂ।

ਕਿਸ ਤੇ ਕਰੀਏ ਰੋਸ ਇਹ ਜਿਹੜੀ ਹੋਈ ਹੈ
ਹਮਵਤਨਾਂ ਹੀ ਕੀਤੀ ਅੱਜ ਅਣਹੋਈ ਹੈ।

ਵਿਦੇਸ਼ ਵਿਚ ਰਹਿ ਕੇ ਵੀ ਉਸਨੇ ਆਪਣੇ ਮੂਲ ਨਾਲ ਸਾਂਝ ਬਣਾਈ ਰੱਖੀ ਹੈ। ਇਥੋਂ ਦੇ ਲੋਕਾਂ ਦੇ ਦਰਦ ਨੂੰ ਉਸਨੇ ਆਪਣਾ ਦਰਦ ਸਮਝਿਆ ਹੈ। ਵਿਦੇਸ਼ ਵਿਚ ਰਹਿ ਕੇ ਵੀ ਉਹ ਆਪਣੇ ਮਨੋਰਥ-ਪਰਕ ਵਿਅਕਤਿਤਵ ਨੂੰ ਬਣਾਈ ਰੱਖਦਾ ਹੈ। ਉਹ ਕੁਝ ਸਿਰਜਣ ਦਾ ਅਭਿਲਾਸ਼ੀ ਹੈ :

ਚੁਕੀਏ ਸ਼ਸਤਰ, ਸਿਰਜੀਏ ਫਿਰ ਤਕਦੀਰ ਨਵੀਂ
ਉਂਜ ਮੁਕਣੇ ਨਹੀਂ ਦਿਨ ਜ਼ੁਲਮਾਂ ਦੀ ਲੋਰ ਦੇ।

ਉਸਦੀ ਕਵਿਤਾ ਵਿਚਲੀ ਸਵੈ-ਚੇਤਨਤਾ ਦੇ ਫਲਸਰੂਪ ਉਪਜਣ ਵਾਲੇ ਮਾਨਸਿਕ ਤਣਾਓ ਦਾ ਚਿਤ੍ਰਣ ਕਰਨ ਦੇ ਬਾਵਜੂਦ ਵੀ ਕਵਿਤਾ ਵਿਚ ਕਿਧਰੇ ਨਿਰਾਸ਼ਾਵਾਦ ਦੀ ਸੁਰ ਸੁਣਾਈ ਨਹੀਂ ਦਿੰਦੀ ਸਗੋਂ ਕਵਿਤਾ ਉਸਾਰੂ ਸੁਰ ਧਾਰਣ ਕਰਦੀ ਹੈ। ਉਸਦੇ ਕਾਵਿ-ਜਗਤ ਵਿੱਚ ਅਜਿਹੀ ਕ੍ਰਿਆਸ਼ੀਲਤਾ ਹੈ ਜਿਹੜੀ ਉਸਨੂੰ ਆਪਣੀ ਜੀਵਨ-ਦ੍ਰਿਸ਼ਟੀ ਅਨੁਸਾਰ ਜੀਵਨ ਜਿਉਣ ਦਾ ਬਲ ਪ੍ਰਦਾਨ ਕਰਦੀ ਹੈ। ਉਸਦੇ ਕੁਝ ਸ਼ਿਅਰ ਵੇਖਣ ਯੋਗ ਹਨ :

ਖ਼ੂਬਸੂਰਤ ਜ਼ਿੰਦਗੀ ਨਾ ਇਸ ਤਰ੍ਹਾਂ ਬੇਕਾਰ ਕਰ।
ਖ਼ਾਹ ਮਖ਼ਾਹ ਨਾ ਜੁਲਮ ਢਾਹ ਤੂੰ ਖ਼ਾਹ ਮਖ਼ਾਹ ਨਾ ਵਾਰ ਕਰ।

ਇਸ ਬੇਦਰਦ ਜ਼ਮਾਨੇ ਦੀ ਭੀੜ ਵਿਚ ਭਟਕਦਾ ਮਨੁੱਖ ਜਦ ਵਿਚਾਰਸ਼ੀਲ ਢੰਗ ਨਾਲ ਸੋਚਦਾ ਹੈ ਤਾਂ ਉਹ ਆਪਣੇ ਆਪ ਨੂੰ ਸਾਮਾਜਿਕ ਰਿਸ਼ਤਿਆਂ ਦੇ ਜੰਗਲ ਵਿਚ ਗਵਾਚ ਗਿਆ ਮਹਿਸੂਸ ਕਰਦਾ ਹੈ। ਰਿਸ਼ਤਿਆਂ ਦੇ ਜੰਗਲ ਦੀਆਂ ਭੁੱਲ-ਭੁਲੱਈਆਂ ਵਿਚੋਂ ਨਿਕਲ ਕੇ ਉਹ ਠੀਕ ਸੇਧ ਕਿਵੇਂ ਪਛਾਣੇ- ਇਹ ਉਸ ਸਾਹਵੇਂ ਬੜਾ ਵੱਡਾ ਪ੍ਰਸ਼ਨ ਚਿੰਨ੍ਹ ਹੈ :

ਜੀਵਨ ਦੇ ਵਿਚ ਕਦੇ ਕਦਾਈਂ ਐਸੇ ਦਿਨ ਵੀ ਆਵਣ

ਸਾਥੋਂ ਪਾਸਾ ਵੱਟ ਜਾਂਦੇ ਨੇ ਸਾਡੇ ਆਪਣੇ ਸਾਏ।

ਲੰਘ ਜਾ ਭਾਵੇਂ ਅੱਖ ਬਚਾ ਕੇ ਸਾਡੇ ਕੋਲੋਂ ਯਾਰਾ
ਦਿਲ ਦਾ ਸ਼ੀਸ਼ਾ ਤੋੜ ਨਾ ਐਵੇਂ ਪੱਥਰਾਂ ਸੰਗ ਟਕਰਾ ਕੇ।

ਪਰਵਾਸੀ ਪੰਜਾਬੀ ਸਾਹਿਤ ਦਾ ਕੇਂਦਰ-ਬਿੰਦੂ ਵਧੇਰੇ ਕਰ ਕੇ ਪਰਵਾਸੀ ਜੀਵਨ ਵਿਚ ਉਪਜਿਆ ਹੇਰਵਾ ਤੇ ਉਦਰੇਵਾਂ ਰਿਹਾ ਹੈ। ਪਰਵਾਸੀ ਸਾਹਿੱਤਕਾਰ ਇਸ ਉਦਰੇਵੇਂ ਦਾ ਅਨੁਭਵ ਗ੍ਰਹਿਣ ਕਰਨ ਉਪਰੰਤ ਇਸਨੂੰ ਆਪਣੇ ਢੰਗ ਤੇ ਨਜ਼ਰੀਏ ਨਾਲ ਆਪਣੀ ਕਲਮ ਦੀ ਨੋਕ ’ਤੇ ਲਿਆਉਂਦੇ ਹਨ। ਸੱਗੂ-ਕਾਵਿ ਵਿਚੋਂ ਵੀ ਪ੍ਰਵਾਸੀ-ਜੀਵਨ ਦੇ ਅਜਿਹੇ ਅਨੁਭਵ ਦੀਆਂ ਝਲਕਾਂ ਵੇਖੀਆਂ ਜਾ ਸਕਦੀਆਂ ਹਨ :

ਛੱਡ ਕੇ ਆਪਣਾ ਵਤਨ ਪਿਆਰਾ ਬੈਠੇ ਹੋ ਪਰਾਏ
ਰੂਹਾਂ ਖ਼ਾਤਰ ਚੰਨ ਭਾਲਦੇ ਕੁਝ ਵੀ ਹੱਥ ਨਾ ਆਏ।

ਲੱਖ ਪਏ ਲਮਕਣ ਰੇਸ਼ਮੀ ਪਰਦੇ ਯਾਰੋ ਸ਼ੀਸ਼ ਮਹੱਲੀਂ
ਛੱਜੂ ਦੇ ਚੌਬਾਰੇ ਵਾਲਾ ਸੁਖ ਨਾ ਇਸ ’ਚੋਂ ਆਏ।

ਸਾਮਾਜਿਕ ਜੀਵਨ ਵਿਚ ਵਧਦੀ ਜਾ ਰਹੀ ਆਰਾਜਿਕਤਾ, ਹਾਕਮ-ਮੰਡਲੀ (ਬੇਸ਼ਕ ਉਹ ਕਿਸੇ ਵੀ ਦੇਸ਼ ਦੀ ਹੋਵੇ) ਵੱਲੋਂ ਕੀਤੇ ਜਾਂਦੇ ਸ਼ੋਸ਼ਣ ਅਤੇ ਇਸ ਸ਼ੋਸ਼ਣ ਦੇ ਹੁੰਦੇ ਜਾ ਰਹੇ ਵਿਸਥਾਰ ਤੋਂ ਸੱਗੂ ਚਿੰਤਿਤ ਹੈ। ਉਹ ਜਾਣਦਾ ਹੈ ਕਿ ਗਰਜ-ਪ੍ਰਸਤ ਹਾਕਮ ਟੋਲਾ ਆਪਣੇ ਸਵਾਰਥ ਲਈ ਸਾਮਾਜਿਕ ਕਦਰਾਂ ਕੀਮਤਾਂ ਨੂੰ ਢਹਿ ਢੇਰੀ ਕਰਨ ਤੋਂ ਕਦੇ ਵੀ ਸੰਕੋਚ ਨਹੀਂ ਕਰਦਾ :

ਝੁੱਗੀਆਂ ਉਪਰ ਲੱਗਣ ਫਤਵੇ ਤੇ ਮਹਿਲਾਂ ਨੂੰ ਸਿਜਦੇ
ਇਸ ਨਗਰੀ ਦਾ ਯਾਰੋ ਮੁੱਢੋਂ ਏਹੋ ਹੀ ਦਸਤੂਰ।

ਲੋਕ ਤੰਤਰੀ ਰਾਜ ਦੇ ਹਾਕਮ ਜ਼ਹਿਰੀ ਸੱਪਾਂ ਵਾਂਗ
ਬੁੱਕਲ ਅੰਦਰ ਵੜ ਕੇ ਬਹਿੰਦੇ ਡੱਸਦੇ ਹੈਨ ਜ਼ਰੂਰ।

ਲੋਟੂ ਆਗੂ ਖਤਮ ਹੋਣ ’ਤੇ ਸਾਹ ਲੈਣਾ
ਬਦਲੀਏ ਰੰਗ ਜ਼ਮਾਨੇ ਵਾਲੀ ਤੋਰ ਦੇ।

ਲੋਟੂ ਜਮਾਤ ਨੂੰ ਨੱਥ ਪਾਉਣ ਦੀ ਇੱਛਾ ਵਿਚ ਉਹ ਇਸ ਸਰਘੀ ਦੇ ਇੰਤਜ਼ਾਰ ਵਿਚ ਹੈ, ਜਿਥੇ ਸਾਮਾਜਿਕ-ਆਰਥਿਕ ਸੁਤੰਤਰਤਾ ਹੋਏਗੀ। ਅਜੋਕੇ

ਸ਼ੋਸ਼ਣ ਅਤੇ ਲੁੱਟ ਮਾਰ ਦੇ ਦੌਰ ਵਿਚ ਵੀ ਭੂਪਿੰਦਰ ਸੱਗੂ ਅਡੋਲ ਰਹਿੰਦਾ ਹੈ। ਇਸੇ ਅਡੋਲਤਾ ਕਾਰਣ ਉਹ ਵਿਦੇਸ਼ੀ ਜਾ ਕੇ ਵੀ ਆਪਣਾ ਸਵੈ-ਮਾਣ ਬਣਾਈ ਰੱਖਦਾ ਹੈ। ਕਿਸੇ ਦੀ ਮੁਥਾਜੀ ਉਸਨੂੰ ਭਾਉਂਦੀ ਨਹੀਂ। ਉਸਦੀ ਅਣਖ ਤੇ ਖ਼ੁਦਦਾਰੀ ਹੇਠਲੇ ਸ਼ਿਅਰਾਂ 'ਚੋਂ ਵੇਖੀ ਜਾ ਸਕਦੀ ਹੈ:

ਬਣੀਏ ਕਿਉਂ ਮੁਹਤਾਜ ਕਿਸੇ ਮੂੰਹ-ਜ਼ੋਰ ਦੇ।
ਸਾਡੀ ਨਹੀਂ ਲਗਾਮ ਕਿਸੇ ਹੱਥ ਹੋਰ ਦੇ।
ਮੰਗਦਾ ਨਹੀਂ ਉਧਾਰਾ ਜੀਵਨ ਜਿਉਣ ਲਈ
ਕਿਉਂ ਅੱਡੀਏ ਹੱਥ ਅੱਗੇ ਇਕ ਸ਼ਾਹ ਜ਼ੋਰ ਦੇ।

'ਰਿਸ਼ਤਿਆਂ ਦਾ ਜੰਗਲ'ਵਿਚਲਾ ਵਸਤੂ-ਸੰਸਾਰ ਮਨੁੱਖ ਦੀਆਂ ਸਮੂਹਿਕ ਭਾਵਨਾਵਾਂ ਦੀ ਸਹਿਜ ਤਰਜ਼ਮਾਨੀ ਕਰਦਾ ਹੈ। ਕਵੀ ਦੀ ਰਚਨਾ ਵਿਚ ਇਕ ਹਲੂਣਾ ਹੈ, ਉਹ ਕਾਮਯਾਬ ਜੀਵਨ ਜਿਉਣ ਦੇ ਕੇਂਦਰੀ-ਨੁਕਤੇ ਵੱਲ ਸੰਕੇਤ ਕਰਦਾ ਹੈ। ਵਿਚਾਰਾਂ ਦੇ ਲੈਅ-ਮਈ ਪ੍ਰਗਟਾਵੇ ਵਿਚੋਂ ਉਸਦੀ ਕਲਾ-ਕੁਸ਼ਲਤਾ ਵੇਖੀ ਜਾ ਸਕਦੀ ਹੈ।

•••••

# ਰਿਸ਼ਤਿਆਂ ਦਾ ਜੰਗਲ

## ਨਿਰੰਜਨ ਸਿੰਘ ਨੂਰ

'ਰਿਸ਼ਤਿਆਂ ਦਾ ਜੰਗਲ' ਭੂਪਿੰਦਰ ਸਿੰਘ ਸੱਗੂ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਇਸ ਵਿਚ 14 ਕਵਿਤਾਵਾਂ ਅਤੇ 26 ਗ਼ਜ਼ਲਾਂ ਹਨ। (ਸੁਰਤਾਲ ਪ੍ਰਕਾਸ਼ਨ 1989,, 64 ਸਫ਼ੇ, ਕੀਮਤ 29 ਰੁਪਏ)

ਭੂਪਿੰਦਰ ਨੇ ਸੁਹਿਰਦ ਸਚੇਤ ਕਵੀ ਵਜੋਂ ਜੀਵਨ ਦੀਆਂ ਰੀਤਾਂ-ਕੁਰੀਤਾਂ, ਪ੍ਰਾਪਤੀਆਂ-ਅਪ੍ਰਾਪਤੀਆਂ, ਸੰਭਾਵਨਾਵਾਂ-ਸੀਮਾਵਾਂ ਅਤੇ ਤਿੜਕ ਰਹੇ ਸਮਾਜੀ ਰਿਸ਼ਤਿਆਂ ਦੀ ਕਵਿਤਾ ਰਾਹੀਂ ਰੋਚਕ ਢੰਗ ਨਾਲ ਅਭਿਵਿਅਕਤ ਕੀਤਾ ਹੈ।

'ਰਿਸ਼ਤਿਆਂ ਦਾ ਜੰਗਲ' ਵਿਚਲਾ ਭੂਪਿੰਦਰ ਇਸ ਪੀੜਤ ਧਰਤੀ ਦਾ ਜਾਇਆ ਕਵੀ ਹੈ ਜੋ ਨਿਜੀ ਪੀੜ ਨੂੰ ਸਾਂਝੀ ਪੀੜ ਤੋਂ ਵਾਰਦਾ ਪ੍ਰਤੀਤ ਹੁੰਦਾ ਹੈ ਅਤੇ ਉਹ ਆਪਣੀ ਕਾਵਿ-ਕਲਾ ਰਾਹੀਂ ਇਸ ਸਾਂਝੀ ਵੇਦਨਾ ਨੂੰ ਹਰਨ ਲਈ ਪ੍ਰਯਤਨਸ਼ੀਲ ਹੈ ਪੂਰੀ ਸੁਹਿਰਦਤਾ ਨਾਲ।

ਕਵੀ ਨੂੰ ਦੁੱਖ ਹੈ ਕਿ ਪਦਾਰਥਕ ਪ੍ਰਾਪਤੀਆਂ ਦੀ ਮ੍ਰਿਗ-ਤ੍ਰਿਸ਼ਨਾ ਦੀ ਨਿਰੰਤਰ ਤੇ ਹਿੰਸਕ ਦੌੜ ਵਿੱਚ ਮਨੁੱਖੀ ਰਿਸ਼ਤੇ ਉਸ ਸੰਘਣੇ ਜੰਗਲ ਦਾ ਰੂਪ ਧਾਰਨ ਕਰ ਗਏ ਹਨ ਜਿਸ ਵਿੱਚ ਮਨੁੱਖੀ ਜੀਵਨ ਦੇ ਕਈ ਉਸਾਰੂ ਪੱਖ ਗੁਆਚ ਗਏ ਹਨ। ਅਸਲ ਵਿੱਚ ਇਹ ਕਵਿਤਾਵਾਂ ਮਨੁੱਖੀ ਰਿਸ਼ਤਿਆਂ ਦੇ ਅਜੋਕੇ ਜੰਗਲ ਨੂੰ ਹੁਸੀਨ ਬਾਗ ਵਿੱਚ ਬਦਲਣ ਲਈ ਕਾਮਨਾ ਹੀ ਨਹੀਂ ਕਰਦੀਆਂ ਸਗੋਂ ਇਸ ਪ੍ਰਾਪਤੀ ਲਈ ਅਣੂੰ ਅਣੂੰ ਨੂੰ ਸੰਘਰਸ਼ ਲਈ ਤਿਆਰ ਕਰਦੀਆਂ ਹਨ।

ਕਵੀ ਭੂਪਿੰਦਰ ਸਿੰਘ ਆਪਣੇ ਅਮੀਰ ਵਿਰਸੇ ਤੇ ਮਾਣ ਕਰਦਾ ਹੈ। ਅਜ਼ਾਦ ਜ਼ਮੀਰ ਦਾ ਆਸ਼ਕ ਕਵੀ ਡੰਕੇ ਦੀ ਚੋਟ ਨਾਲ ਕਹਿੰਦਾ ਹੈ:

ਮੈਂ ਚਰਖੜੀ ਨੂੰ ਸਤਿਕਾਰਦਾ ਹਾਂ
ਸੁਣ ਕੇ ਮੇਰੇ ਭਖਦੇ ਜਜ਼ਬਾਤ
ਜਲਾਦਾਂ ਦੇ ਹੱਥਾਂ ਦੀ ਕੰਬਣੀ
ਹੋਰ ਤੇਜ ਹੋ ਗਈ

ਮੇਰੇ ਜਜ਼ਬਾਤ ਵਿੱਚ ਕੁਝ ਕਰਨ ਦਾ ਅੰਸ਼ ਸੀ
ਮੇਰੇ ਲਹੂ ਵਿੱਚ ਮਰ ਮਿਟਣ ਦਾ ਜੋਸ਼ ਸੀ

(ਕਤਲਗਾਹ ਅੰਦਰ ਸਫ਼ਾ 12)

ਇਹ ਕਵਿਤਾ ਕਿਸੇ ਨਿਜੀ ਨਿਜੀ ਸ਼ੇਖੀ ਦੀ ਗੱਲ ਨਹੀਂ ਕਰਦੀ ਸਗੋਂ ਉਹੋ ਆਦਰਸ਼ਾਂ ਤੋਂ ਸਦਕੇ ਜਾਂਦੇ ਮਨੁੱਖਾਂ ਨੂੰ ਭਾਣਾ ਮੰਨਣ ਤੋਂ ਅਗਲੀ ਮੰਜਲ ਭਾਣਾ ਵਰਤਾਉਣ ਦੀ ਸ਼ਕਤੀ ਧਾਰਨ ਕਰਨ ਲਈ ਪ੍ਰੇਰਦੀ ਹੈ।

'ਖ਼ਾਨਾ ਬਦੋਸ਼' ਕਵਿਤਾ ਵਿੱਚ ਕਵੀ ਚਿੰਤਾਤੁਰ ਹੈ ਕਿ ਬਾਰ-ਪਰਾਏ ਰਹਿੰਦੇ ਲੋਕ ਆਪਣੇ ਗੌਰਵਮਈ ਵਿਰਸੇ ਨਾਲੋਂ ਟੁੱਟ ਕੇ ਖ਼ਿਲਾਅ ਵਿੱਚ ਲਟਕਣ ਲੱਗ ਪੈਂਦੇ ਹਨ। ਕਵੀ ਵਿਆਕੁਲ ਹੈ ਕਿ ਅਸੀਂ ਆਪਣੀ ਜਨਮ ਭੂਮੀ ਤੋਂ ਦੂਰ ਰਹਿਣ ਕਾਰਨ ਆਪਣੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਭੁੱਲ ਰਹੇ ਹਾਂ। ਕਵੀ ਇਸ ਗੱਲੋਂ ਵੀ ਪੀੜਤ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਦੇ ਬਰਾਬਰੀ ਦੇ ਅਮਲੀ ਅਸੂਲ ਨੂੰ ਛਿੱਕੇ ਤੇ ਟੰਗ ਦਿੱਤਾ ਹੈ :

ਦਿੱਤਾ ਸੀ ਸੰਦੇਸ਼ ਉਚ-ਨੀਚ ਦਾ
ਭੇਦ ਮਿਟਾ ਕੇ
ਇੱਕੋ ਹੀ ਬਾਟੇ 'ਚ ਛਕਣਾ
ਅੰਮ੍ਰਿਤ ਦੀ ਬੂੰਦ ਨੂੰ
ਪੀਤਾ ਹੈ ਅਸਾਂ
ਪਾਪ ਦੇ ਪਿਆਲੇ 'ਚ
ਨਫ਼ਰਤ ਦਾ ਜਾਮ

ਇਹ ਕਵਿਤਾ ਪੰਜਾਬ ਦੀ ਅਜੋਕੀ ਤ੍ਰਾਸਦੀ ਤੇ ਖ਼ੂਨ ਦੇ ਹੰਝੂ ਵਹਾਉਂਦੀ ਹੈ। 'ਬੀਮਾਰ ਸ਼ਹਿਰ' ਵੀ ਪੰਜਾਬ ਦੇ ਦੁਖਾਂਤ ਦੀ ਗੱਲ ਕਰਦਾ ਹੈ :

ਸ਼ਹਿਰ ਦੇ ਬਾਜ਼ਾਰ ਵਿੱਚ
ਬੂਹੀਂ ਲੱਗੇ ਜਿੰਦਰੇ
ਥੜ੍ਹਿਆਂ ਤੇ ਵਿਛੀਆਂ ਖਾਲੀ ਸਫਾਂ
ਨਾ-ਇਤਫ਼ਾਕੀ ਦਾ ਐਲਾਨ ਹੈ
ਮੇਰਾ ਸ਼ਹਿਰ ਬੀਮਾਰ ਹੈ

ਸੁਚੇਤ ਕਵੀ ਚੁਨੌਤੀ ਦਿੰਦਾ ਹੈ ਕਿ 'ਰੌਸ਼ਨੀ' ਦੀ ਸੰਜੀਵਨੀ ਨਾਲ ਹੀ ਇਹ ਬੀਮਾਰੀ ਕੱਟੀ ਜਾ ਸਕਦੀ ਹੈ। ਰੋਣ ਧੋਣ ਨਾਲ ਨਹੀਂ। ਮਾਣ-ਪੱਤਰ ਵਿੱਚ ਕਵੀ ਸਾਂਝੇ ਹੱਕਾਂ ਲਈ ਲੜਨ ਤੇ ਕੁਰਬਾਨੀਆਂ ਦੇਣ ਵਾਲੇ ਮਹਾਂਬਲੀ ਮਨੁੱਖਾਂ ਤੋਂ ਸਦਕੇ ਜਾਂਦਾ ਹੈ।

'ਨਫ਼ਰਤ ਦੀ ਅੱਗ' ਵਿੱਚ ਕਵੀ ਹਿਰਦਾ ਵਲੂੰਧਰਿਆ ਜਾਂਦਾ ਹੈ ਜਦੋਂ ਉਹ ਵੇਖਦਾ ਹੈ :

ਇਕੋ ਵਤਨ ਦੇ ਆਦਮੀ
ਆਏ ਸੱਤ ਸਮੁੰਦਰੋਂ ਪਾਰ
ਸਾਂਝੀ ਬੋਲੀ, ਸੱਭਿਅਤਾ
ਸਾਂਝਾ ਹੈ ਕਿਰਦਾਰ
ਐਪਰ!
ਲਹੂ 'ਚ ਨਫ਼ਰਤ ਦਾ ਰੰਗ ਰਚਿਆ
ਭੁੱਲ ਬੈਠਾ ਕਰਨਾ ਪਿਆਰ (ਸਫ਼ਾ 21)

ਇਸ ਕਵਿਤਾ ਵਿੱਚ ਮਨੁੱਖੀ ਰਿਸ਼ਤਿਆਂ ਦੀ ਅਧੋਗਤੀ ਦੀ ਪੇਸ਼ਕਾਰੀ ਬਹੁਤ ਖ਼ੂਬਸੂਰਤੀ ਨਾਲ ਕੀਤੀ ਗਈ ਹੈ।

'ਸ਼ਹਾਦਤ' ਨਾਮੀ ਕਵਿਤਾ ਗ਼ੈਰਤਮੰਦ ਨਿਡਰ ਅਤੇ ਅਮਰ ਮਨੁੱਖ ਸਿਰਜਦੀ ਜਾਪਦੀ ਹੈ:

ਜ਼ਾਲਮ ਦੀ ਤਲਵਾਰ
ਹੱਕਾਂ ਦੀ ਪਛਾਣ ਕਰਵਾਉਂਦੀ ਹੈ
ਅਤੇ ਗ਼ੈਰਤ ਦੇ ਅਰਥ ਸਮਝਾਉਂਦੀ ਹੈ (ਸਫ਼ਾ 23)

ਸੁਚੇਤ ਕਵੀ 'ਕਰਫ਼ਿਊ' ਨਾਮੀ ਕਵਿਤਾ ਵਿੱਚ ਟੀਰੀ ਸਿਆਸਤ ਨੂੰ ਭੰਡਦਾ ਹੈ ਕਿਉਂਕਿ ਇਹ ਮਨੁੱਖਤਾ ਦੇ ਵਿਕਾਸ ਵਿੱਚ ਰੋੜਾ ਬਣਦੀ ਹੈ। ਇਸ ਸਿਆਸਤ ਦੀ ਕਰਤੂਤ ਕਾਰਨ:

ਲੱਗ ਜਾਂਦਾ ਹੈ
ਹੋਠਾਂ ਤੇ ਖ਼ੌਫ਼ ਦਾ ਤਾਲਾ
ਜੰਮ ਜਾਂਦੀ ਹੈ
ਚਿਹਰਿਆਂ ਤੇ ਚਿੰਤਾ ਦੀ ਗ਼ਰਦ (ਸਫ਼ਾ 25)

ਇਹ ਕਵਿਤਾ ਮਾਰੂ ਸਿਆਸਤ ਦਾ ਅਸਰਦਾਰ ਮਾਤਮ ਕਰਦੀ ਹੈ। ਭੂਪਿੰਦਰ ਦੀ ਕਵਿ-ਰਚਨਾ ਦੇ ਉਪਰੋਕਤ ਪ੍ਰੇਰਨਾ ਸਰੋਤਾ ਤੋਂ ਉਪਰੰਤ ਬਿਰਹਾ, ਪਿਆਰ, ਉਦਾਸੀਨਤਾ ਅਤੇ ਵੇਦਨਾ ਆਦਿ ਵੀ ਉਸਦੇ ਕਾਵਿ-ਅਨੁਭਵ ਨੂੰ ਪ੍ਰੇਰਦੇ ਹਨ ਅਤੇ ਉਹ ਕੁਝ ਕਵਿਤਾਵਾਂ ਅਤੇ ਗ਼ਜ਼ਲਾਂ ਰਾਹੀਂ ਰੁਮਾਂਟਿਕ ਕਵੀ ਵਜੋਂ ਪੇਸ਼ ਹੁੰਦਾ ਹੈ। ਉਹ ਆਪਣੀ ਅਪ੍ਰਾਪਤੀ, ਪੀੜ ਤੇ ਵੀਰਾਨੀ ਦਾ ਜ਼ਿਕਰ ਇਉਂ ਕਰਦਾ ਹੈ :

ਜਦ ਚੇਫ਼ੇਰ ਰਿਸ਼ਤਿਆਂ ਦਾ
ਇੱਕ ਜੰਗਲ ਉਗਿਆ

ਫੋਕੀਆਂ ਗੱਲਾਂ ਦਾ ਮੈਂ ਵੀ
ਇੱਕ ਸਮੁੰਦਰ ਵੇਖਿਆ
ਦਰਦ, ਹੰਝੂ, ਮੁਸ਼ਕਲਾਂ
ਝੋਲੀ 'ਚ ਸਾਰੇ ਪਾ ਲਏ
ਤੇਰੇ ਦਰ ਨਾਲੋਂ ਨਾ ਕੋਈ
ਦੁਆਰ ਬਿਹਤਰ ਵੇਖਿਆ (ਸਫ਼ਾ 34)

ਆਸ਼ਾਵਾਦੀ ਕਵੀ ਬ੍ਰਿਹਾ ਦੀ ਪੀੜ ਹੰਢਾਉਂਦਾ ਹੋਇਆ ਵੀ ਆਪਣੀ ਤਪੱਸਿਆ ਤੇ ਮਾਣ ਕਰਦਾ ਹੈ ਅਤੇ ਮਿਲਣ ਦੀ ਆਸ ਦਾ ਪੱਲਾ ਨਹੀਂ ਛੱਡਦਾ :

ਤਲੀਆਂ ਉਪਰ ਰੱਤ ਦੇ
ਦੀਵੇ ਵਾਲੇ ਨੇ
ਸੱਜਣਾ ਖਾਤਰ ਸਾਗਰ
ਕਈ ਹੰਘਾਲੇ ਨੇ

ਪੂਰਬੀ ਕਦਰਾਂ ਕੀਮਤਾਂ ਦਾ ਆਸ਼ਕ ਕਵੀ ਵਤਨ ਤੋਂ ਦੂਰ ਬੈਠਾ ਵੀ 'ਪੱਛੋਂ ਦੀਆਂ ਹਵਾਵਾਂ' ਵਲੋਂ ਢਾਏ ਕਹਿਰਾਂ ਦਾ ਜ਼ਿਕਰ ਬਹੁਤ ਖ਼ੂਬਸੂਰਤੀ ਨਾਲ ਕਰਦਾ ਹੈ:

ਰਾਤੀਂ ਏਦਾਂ ਝੂਲਿਆ
ਸਾਵੇਂ ਰੁੱਖਾਂ ਉੱਤੇ ਕਹਿਰ
ਪੱਤਾ ਪੱਤਾ ਕਰ ਛੱਡਿਆ ਹੈ
ਜਦੋਂ ਪੱਛੋਂ ਦੀਆਂ ਹਵਾਵਾਂ

ਗ਼ਜ਼ਲਾਂ ਵਿੱਚ ਝੂਹੇਰਵਾ, ਗਲਤ ਸਮਾਜੀ ਕੀਮਤਾਂ ਦਾ ਖੰਡਨ, ਕਿਰਤ ਦਾ ਸਵੈਮਾਨ, ਲੁੱਟ-ਚੋਂਘ ਦੀ ਨਿੰਦਾ, ਹੱਕਾਂ ਲਈ ਸੰਘਰਸ਼ ਦੀ ਅਟੱਲਤਾ ਤੇ ਸਿੱਤ ਰੂਪਮਾਨ ਹਨ। ਗ਼ਜ਼ਲਾਂ ਵਿੱਚ ਭਾਵੇਂ ਕਲਾ ਦੇ ਟਾਵੇਂ ਟਾਵੇਂ ਚੰਗੇ ਨਮੂਨੇ ਹਨ ਫਿਰ ਵੀ ਵਜ਼ਨ ਦੀ ਘਾਟ ਕਿਤੇ ਕਿਤੇ ਰੜਕਦੀ ਹੈ ਅਤੇ ਸਮੁੱਚੇ ਤੌਰ ਤੇ ਗ਼ਜ਼ਲਾਂ ਉਹ ਅਸਰਦਾਰ ਪ੍ਰਭਾਵ ਨਹੀਂ ਛੱਡਦੀਆਂ ਜਿਹੜੀਆਂ ਕਿ ਚੰਗੀਆਂ ਕਵਿਤਾਵਾਂ ਛੱਡਦੀਆਂ ਹਨ।

ਵਸਤੂ ਪੱਖੋਂ ਸਮੁੱਚੇ ਤੌਰ ਤੇ ਕਵਿਤਾਵਾਂ ਤੇ ਗ਼ਜ਼ਲਾਂ ਰਾਹੀ ਸੁਹਿਰਦ ਕਵੀ ਮਨੁੱਖੀ ਮਨ ਦੀਆਂ ਸਮੂਹਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਹੈ ਪਰ ਰੂਪਕ ਪੱਖ ਅਜੇ ਏਨਾ ਬਲਵਾਨ ਨਹੀ ਅਤੇ ਬੋਲੀ ਤੇ ਪਕੜ ਏਨੀ ਪੀਡੀ ਨਹੀਂ ਜਿਸ ਕਾਰਨ ਕਿਸੇ ਕਿਸੇ ਥਾਂ ਪਾਠਕ ਵਸਤੂ ਦੇ ਰੂਪ ਦੀ ਇੱਕ-ਸੁਰਤਾ ਦੀ ਘਾਟ ਨੂੰ ਮਹਿਸੂਸ ਕਰਦਾ ਹੈ। ਆਸ ਨੂੰ ਭੂਪਿੰਦਰ ਬੋਲੀ, ਲੈਅ ਅਤੇ ਕਾਰਜਾਂ-ਕਾਰਨਾ ਦਾ

ਡੂੰਘਾ ਅਧਿਅਨ ਕਰਕੇ ਨੇੜੇ ਦੇ ਭਵਿੱਖ ਵਿੱਚ ਬਰਤਾਨੀਆ ਵਸਦੇ ਦੂਜੀ ਪੀੜੀ ਦੇ ਕਵੀਆਂ ਦੀ ਪਹਿਲੀ ਟੋਲੀ ਵਿੱਚ ਆ ਖੜੋਵੇਗਾ।

'ਰਿਸ਼ਤਿਆਂ ਦਾ ਜੰਗਲ' ਵਿਚਲਾ ਵਸਤੂ ਸੰਸਾਰ ਕੋਧਰੇ ਦੀ ਰੋਟੀ ਵਰਗੀ ਸੁੱਚੀ ਕਿਰਤ ਹੈ। ਸੁਹਿਰਦ ਕਵੀ ਦੀ ਇਸ ਸੰਭਾਵਨਾ ਭਰੀ ਕਿਰਤ ਦਾ ਸੁਆਗਤ ਕਰਦਿਆਂ ਮੈਨੂੰ ਅਤਿਅੰਤ ਖੁਸ਼ੀ ਹੁੰਦੀ ਹੈ। ਮੇਰੀ ਦਿਲੀ ਕਾਮਨਾ ਹੈ ਕਿ ਭੂਪਿੰਦਰ ਸਾਧਨਾ ਸਦਕਾ ਉਚੇਰੀਆਂ ਕਲਾ-ਮੰਜਲਾਂ ਪ੍ਰਾਪਤ ਕਰੇ।

●●●●●

# ਰਿਸ਼ਤਿਆਂ ਦਾ ਜੰਗਲ
## ਕੇਸਰ ਸਿੰਘ ਰਾਮਪੁਰੀ

'ਰਿਸ਼ਤਿਆਂ ਦਾ ਜੰਗਲ' ਭੂਪਿੰਦਰ ਸਿੰਘ ਸੱਗੂ ਦਾ ਪਲੇਠਾ ਕਾਵਿ ਸੰਗ੍ਰਹਿ ਹੈ ਜੋ ਪਿਛਲੇ ਸਾਲ ਸੁਰਤਾਲ ਪ੍ਰਕਾਸ਼ਨ ਵਲੋਂ ਛਾਪਿਆ ਗਿਆ ਹੈ ਜੋ ਕਿ ਭਾਰਤ ਪੰਜਾਬ ਪਰਤਾਬਪੁਰ ਜ਼ਿਲਾ ਜਲੰਧਰ ਵਿਚ। ਪੁਸਤਕ ਦੀ ਗੇਟਅੱਪ ਬਹੁਤ ਸੁੰਦਰ ਹੈ। ਕੁਝ ਕਵਿਤਾਵਾਂ ਤੇ ਗ਼ਜ਼ਲਾਂ 64 ਸਫ਼ਿਆਂ ਤੇ ਪ੍ਰਕਾਸ਼ਮਾਨ ਹਨ।

ਸੱਗੂ ਇੰਗਲੈਂਡ ਵੁਲਵਰਹੈਂਪਟਨ ਵਿਚ ਰਹਿ ਰਿਹਾ ਹੈ। ਬਰਤਾਨਵੀ ਪੰਜਾਬ ਸਾਹਿਤ ਜਗਤ ਵਿਚ ਸੱਗੂ ਦਾ ਨਾਂ ਭਾਵੇਂ ਨਵਾਂ ਹੈ ਫਿਰ ਵੀ ਭੂਪਿੰਦਰ ਸੱਗੂ 'ਰਚਨਾ ਤੇ ਕਈ ਇੱਕ ਪਰਚਿਆਂ ਵਿਚ ਛਪਦਾ ਰਿਹਾ ਹੈ।

ਪੁਸਤਕ ਦੇ ਪਾਠ ਤੋਂ ਉਪਰੰਤ ਇਹੋ ਹੀ ਆਖਿਆ ਜਾ ਸਕਦਾ ਹੈ ਕਿ ਭੂਪਿੰਦਰ ਨੂੰ ਕਵਿਤਾ ਕਹਿਣ ਦਾ ਚੱਜ ਹੈ। ਤੇ ਉਹ ਹਲਕੀਆ ਹਲਕੀਆਂ ਕਾਵਿ ਛੋਹਾ ਨਾਲ ਸੌਖੀ ਹੀ ਗਜ਼ਲ ਜਾਂ ਕਵਿਤਾ ਆਖ ਜਾਂਦਾ ਹੈ। ਕਿਧਰੇ ਵੀ ਜੋਰਾ ਜਰਵੀਂ ਨਹੀਂ ਕਰਦਾ।

ਕਵਿਤਾ ਲਈ ਵਿਸ਼ਾ ਵਸਤੂ ਤੇ ਕਲਾ ਕੋਸ਼ਲਤਾ ਦੇ ਨਾਲ ਨਾਲ ਕਲਪਨਾ ਜਜ਼ਬਾ ਭਾਵਿ ਅੰਲਕਾਰ ਬਿੰਬਾਂ ਤਾਂ ਸ਼ਬਦਾਂ ਦਾ ਭੰਡਾਰ ਹੋਣਾ ਲਾਜ਼ਮੀ ਹੈ। ਜੋ ਸੱਗੂ ਕਲ ਹੈ ਉਹਨੂੰ ਕਵਿਤਾ ਕਹਿਣ ਲੱਗਿਆ ਉਕੀ ਤਕਲੀਫ਼ ਨਹੀਂ ਹੁੰਦੀ ਜੋ ਕਵੀ ਲਈ ਜ਼ਰੂਰੀ ਹੈ। ਚੇਤਨ ਕਵੀ ਲਈ ਸਾਰਥਿਕਾ ਤੇ ਸ਼ਾਦੀ ਸ਼ੈਲੀ ਵੀ ਢੁਕਵੀਂ ਬਹੁਤ ਜ਼ਰੂਰੀ ਹੀ ਹੈ।

ਪਿਆਰ ਸੱਚੀ ਜ਼ਿੰਦਗੀ ਲਈ ਜ਼ਰੂਰੀ ਹੈ ਪ੍ਰੰਤੂ ਪਿਆਰ ਵਿਚ ਕਵੀ ਏਨਾ ਲੀਨ ਨਾ ਹੋ ਕੇ ਰਹਿ ਜਾਵੇ ਕਿ ਉਸਨੂੰ ਜ਼ਿੰਦਗੀ ਦੇ ਹੋਰ ਪੱਖ ਹੀ ਭੁਲ ਜਾਣ। ਪਿਆਰ ਵਿਚੋਂ ਉਹਦੇ ਭਾਵ ਕੁਝ ਇਸ ਤਰ੍ਹਾਂ ਸ਼ਬਦ ਬਣ ਪ੍ਰਗਟ ਹੁੰਦੇ ਹਨ :–

ਉਸਦਿਆ ਨੈਣਾਂ ਵਿਚੋਂ ਤਕਦਾ ਉਸਦਾ ਹਾਲ
ਸੀਨੇ ਅੰਦਰ ਕੀਕਰ ਦਰਦ ਸੰਭਾਲੇ ਨੇ।

ਭੂਪਿੰਦਰ ਇਕ ਪ੍ਰਗਤੀਸ਼ੀਲ ਭਾਵਨਾਵਾਂ ਪ੍ਰਤੀਬਿੰਬਤ ਕਰਦਾ ਹੋਇਆ ਕੁਝ ਇਸ ਤਰ੍ਹਾਂ ਆਖਦਾ ਹੈ :–

ਜਦ ਮੇਰੇ ਜਜ਼ਬਾਤ ਨੂੰ
ਲਗਾਮ ਪਾਉਣੀ ਚਾਹੀ

ਸਮੇਂ ਦੀ ਹਕੂਮਤ ਨੇ
ਮੇਰੇ ਜਜ਼ਬਾਤ ਦਾ ਵਹਿਣ
ਹੋਰ ਤੇਜ਼ ਹੁੰਦਾ ਗਿਆ।

ਦਰਅਸਲ ਮੇਰੇ ਜਜ਼ਬਾਤ ਤੋਂ ਉਹਦਾ ਭਾਵਿ ਸਮੇਚੀ ਲਿਤਾੜੀ ਤੇ ਪੀੜਤ ਜਨਤਾ ਤੇ ਮਜ਼ਦੂਰ ਜਮਾਤ ਹੈ। ਜਿਹੜੀ ਉਹ ਰਹਿਨੁਮਾਈ ਕਰਨੀ ਚਾਹੁੰਦਾ ਹੈ।

'ਖ਼ਾਨਾ ਬਦੋਸ਼', 'ਕਤਲਗਾਹ ਅੰਦਰ', 'ਮੁਬਾਰਕ ਉਹ ਵਰ੍ਹਾ', 'ਬੀਮਾਰ ਸ਼ਹਿਰ'; 'ਮਾਣ ਪੱਤਰ', 'ਸਚਾਈ', 'ਕਰਫਿਊ' ਉਹਦੀ ਪ੍ਰਮੁੱਖ ਕਵਿਤਾਵਾਂ ਹਨ।

ਗਜ਼ਲਾਂ ਵਿਚ ਉਹਦਾ ਆਪਣਾ ਰੰਗ ਹੈ ਤੇ ਆਪਣਾ ਅੰਦਾਜ਼। ਗਜ਼ਲ ਭਾਰਤੀ ਸਾਹਿਤ ਵਿਚ ਪੁਰਾਤਨ ਕਾਵਿ ਉਡਦੂ ਵਿਚੋਂ ਤੇ ਬਦੇਸ਼ੀ ਸਾਹਿਤ ਵਿਚੋਂ ਆਈ ਇਕ ਵੰਨਗੀ ਹੈ।

ਪਰ ਹੁਣ ਸਾਡੇ ਸਾਹਿਤ ਵਿਚ ਵੀ ਗਜ਼ਲ ਓਪਰੀ ਨਹੀਂ। ਡਾ. ਜਗਤਾਰ ਸੁਰਜੀਤ ਪਾਤਰ, ਡਾ. ਰਣਧੀਰ ਸਿੰਘ ਚੰਦ, ਚਾਨਣ ਰਾਮ, ਗਬਿੰਦਪੁਰੀ, ਤਖਤ ਸਿੰਘ, ਸੁਰਜੀਤ ਰਾਮਪੁਰੀ, ਸਾਧੂ ਸਿੰਘ ਹਮਦਰਦ, ਉਲਫਤ ਬਾਜਵਾ, ਗੁਰਚਰਨ ਰਾਮਪੁਰੀ ਤੇ ਅਨੇਕਾਂ ਹੀ ਗ਼ਜ਼ਲਗੋ ਆਏ ਦਿਨ ਗ਼ਜ਼ਲ ਆਖ ਰਹੇ ਹਨ।

ਪਰ ਜੋ ਬੋਧਿਕ ਅੰਸ਼ ਪਾਤਰ, ਰਣਧੀਰ ਚੰਦ ਤੇ ਜਗਤਾਰ ਵਿਚ ਹੈ ਉਹ ਵਿੱਲਖਣ ਹਨ।

ਅਜੋਕੀ ਸਥਿਤੀ ਤੇ ਸੱਗੂ ਚੁੱਪ ਨਹੀਂ।

ਕੀ ਹੋਇਆ ਜੋ ਰਾਹ ਮਲੇ ਹਨ ਸਾਡੇ ਅਜ ਸ਼ਮਸ਼ੀਰਾਂ
ਸਾਡਾ ਪੱਕਾ ਜੇਰਾ ਹੈ ਅਸੀਂ ਲੰਘਣਾ ਘਤ ਬਹੀਰਾਂ।

ਸੁਣਿਆ ਹੈ ਕਿ ਕਤਲਗੜ੍ਹੀ ਨੂੰ ਕਾਤਲ ਖ਼ੂਬ ਸਜਾਇਐ
ਰੂਹ ਨੂੰ ਕਾਬੂ ਕਰਨ ਲਈ ਕੁਝ ਰਖੀਆਂ ਹਨ ਜੰਜ਼ੀਰਾਂ।

ਤੇ ਰੋਟੀ ਤੋਂ ਆਤੁਰ ਲਈ :-

ਕੀਕਰ ਭੁੱਖੇ ਪੇਟ ਨੂੰ ਐਵੇਂ ਲਾਰਿਆਂ ਨਾਲ ਰਜਾਵਾਂ
ਕੀਕਰ ਤਾਰੇ ਤੋੜ ਕੇ ਰੁਸਿਆ ਹੋਇਆ ਮਨ ਬਹਿਲਾਵਾਂ

ਗ਼ਜ਼ਲਾਂ ਵਿਸ਼ੇ ਤੇ ਰੂਪ ਕਲਾ ਪੱਖੋਂ ਬਿਹਤਰੀਨ ਹਨ। ਅਸੀਂ ਕੁਝ ਤਰੁਟੀਆਂ ਦੇ ਬਾਵਜੂਦ ਭੂਪਿੰਦਰ ਸਿੰਘ ਸੱਗੂ ਨੂੰ ਰਿਸ਼ਤਿਆਂ ਦਾ ਜੰਗਲ ਕਾਵਿ ਸੰਗ੍ਰਹਿ ਪ੍ਰਕਾਸ਼ਤ ਕਰਨ ਲਈ ਵਧਾਈ ਦਿੰਦੇ ਹਾਂ ਤੇ ਆਸ ਕਰਦੇ ਹਾਂ ਕਿ ਭਵਿਖ ਵਿਚ ਵੀ ਉਹ ਆਪਣੀਆ ਕਲਾ ਕਿਰਤਾ ਨਾਲ ਬਰਤਾਨਵੀ ਪੰਜਾਬੀ ਸਾਹਿਤ ਨੂੰ ਅਮੀਰ ਕਰਦਾ ਰਹੇਗਾ।

●●●●●

# ਸੱਚ ਤੇ ਸੂਲੀ
## ਡਾ. ਸ. ਪ. ਸਿੰਘ

"ਸੱਚ ਤੇ ਸੂਲੀ" ਪੁਸਤਕ ਭੂਪਿੰਦਰ ਸਿੰਘ ਸੱਗੂ ਦੀ, ਡਾਃ ਸਃ ਪਃ ਸਿੰਘ (ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ) ਨੇ ਰਲੀਜ ਕੀਤੀ ਅਤੇ ਇਸ ਪੁਸਤਕ ਬਾਰੇ ਪਰਚਾ 21 ਸਤੰਬਰ 1993 ਨੂੰ ਵੁੱਲਵਰਹੈਂਪਟਨ ਵਿਖੇ ਪੜ੍ਹਿਆ। (ਪਰਗਤੀਸ਼ੀਲ ਲਿਖਾਰੀ ਸਭਾ, ਵੁਲਵਰਹੈਂਪਟਨ)

**S. P. Singh :-** ਸਮੇਂ ਦੀ ਘਾਟ ਹੋਣ ਕਰਕੇ ਮੈਂ ਇਸ ਕਿਤਾਬ ਬਾਰੇ ਪਰਚਾ ਡੀਟੇਲ ਵਿਚ ਨਹੀਂ ਪੜ੍ਹ ਸਕਾਂਗਾ। ਪਰ ਕੁੱਝ ਗੱਲਾਂ ਇਕ ਪਾਠਿਕ ਦੇ ਨਾਤੇ ਜੇ ਇਸ ਪੁਸਤਕ ਨੂੰ ਪੜਨ ਤੋਂ ਬਾਅਦ ਮਨ ਵਿਚ ਵਿਚਾਰ ਪੈਦਾ ਹੋਏ ਨੇ ਜਾਂ ਕੁੱਝ ਨਜ਼ਮਾਂ ਜੋ "ਪਰਵਾਸ" ਵਿਚ ਇਹਨਾਂ ਛੱਪਣ ਵਾਸਤੇ ਭੇਜੀਆਂ ਸਨ, ਉਸ ਦੇ ਅਧਾਰ ਉੱਤੇ ਕੁੱਝ ਗੱਲਾਂ ਉਹ ਮੈਂ ਇਹਨਾਂ ਨਾਲ ਸਾਂਝੀਆਂ ਕਰਨਾ ਚਹਾਂਗਾ। ਵੈਸੇ ਇਸ ਪੁਸਤਕ 'ਚ ਪਹਿਲਾਂ ਹੀ ਜੋ ਨਿੰਰਜਨ ਸਿੰਘ ਨੂਰ ਹੋਰਾਂ ਦੇ ਜੋ ਵਿਚਾਰ ਨੇ ਉਹ ਕਾਫੀ ਹੱਦ ਤੱਕ ਸੱਗੂ ਹੋਰਾਂ ਬਾਰੇ ਜਾਣ ਪਛਾਣ ਕਰਾਉਂਦੇ ਨੇ।

"ਸੱਚ ਤੇ ਸੂਲੀ" ਨੂਰ ਹੋਰਾਂ ਦਸਿਆ, ਇਹ ਸੱਗੂ ਹੋਰਾਂ ਦੀ ਦੂਸਰੀ ਕਾਵਿ-ਪੁਸਤਕ ਹੈ।

"ਰਿਸ਼ਤਿਆਂ ਦਾ ਜੰਗਲ"ਇਨਾਂ ਦੀ ਪਹਿਲੀ ਪੁਸਤਕ ਪ੍ਰਕਾਸ਼ਤ ਹੋਈ ਸੀ। "ਸੱਚ ਤੇ ਸੂਲੀ"ਇਹ ਕਵਿਤਾ ਦੀ ਪੱਧਰ ਤੇ ਦੋ ਵਖਰੇ ਵਖਰੇ ਨਾਮ ਹਨ। ਜਿਹਦੇ ਵਿਚ ਗ਼ਜ਼ਲਾਂ ਔਰ ਕਵਿਤਾਵਾਂ ਸ਼ਾਮਲ ਨੇ। ਇਹ ਪੁਸਤਕ ਪੜ੍ਹਨ ਤੋਂ ਪਹਿਲਾਂ ਮੈਨੂੰ ਇਸ ਤਰ੍ਹਾਂ ਦਾ ਅਹਿਸਾਸ ਸੀ ਕਿ ਭੂਪਿੰਦਰ ਸੱਗੂ ਹੋਰੀਂ ਕੇਵਲ ਗ਼ਜ਼ਲਾਂ ਹੀ ਲਿਖਦੇ ਹਨ। ਔਰ ਗ਼ਜ਼ਲ ਤਕ ਹੀ ਇਨ੍ਹਾਂ ਨੇ ਆਪਣੇ ਆਪ ਨੂੰ ਸੀਮਤ ਰਖਿਆ ਹੈ। ਲੇਕਨ ਇਸ ਪੁਸਤਕ ਨੂੰ ਪੜਣ ਉਪਰੰਤ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਗ਼ਜ਼ਲ ਤੇ ਕਵਿਤਾਵਾਂ ਦੋਨੇ ਹੀ ਲਿਖਦੇ ਹਨ। ਕਵਿਤਾਵਾਂ ਲਿਖਣ ਦੀ ਸਮਰੱਥਾਂ ਇਨ੍ਹਾਂ ਵਿਚ ਕਈ ਕਈ ਥਾਂ ਉੱਤੇ ਗ਼ਜ਼ਲ ਲਿਖਣ ਨਾਲੋਂ ਵੀ ਕਾਫ਼ੀ ਪ੍ਰਭਾਵਸ਼ਾਲੀ ਹੈ।

ਇਹ ਪੁਸਤਕ ਜਿਹੜੀ ਅਜ ਮੈਂ ਰਲੀਜ਼ ਕੀਤੀ "ਸੱਚ ਤੇ ਸੂਲੀ", ਇਨ੍ਹਾਂ

ਵਿਚੋਂ ਇਕ-ਦੋ ਗੱਲਾਂ ਜਿਹੜੀਆਂ ਨੇ, ਸਪਸ਼ਟ ਕਰਨੀਆਂ ਬਹੁਤ ਜ਼ਰੂਰੀ ਨੇ।

ਜੇ ਪੁਸਤਕ ਦੇ ਕੇਂਦਰੀ ਵਿਸ਼ੇ ਵੱਲ ਵੇਖੀਏ ਤਾਂ ਇਵੇਂ ਲਗਦਾ ਹੈ ਜਿਵੇਂ ਇਹ ਮਾਨਵਤਾ ਦੇ ਸ਼ੈਦਾਈ ਹੁੰਦੇ ਨੇ। ਮਾਨਵਤਾ ਦੀਆਂ ਉਹਨਾਂ ਕਦਰਾਂ-ਕੀਮਤਾਂ ਨੂੰ ਕਿਸੇ ਜ਼ਾਤ, ਧਰਮ ਜਾਂ ਕਿਸੇ ਦੇਸ਼ ਦੀ ਸੀਮਾ ਵਿਚ ਬੰਦ ਨਹੀਂ ਰਖਿਆ ਜਾ ਸਕਦਾ। ਉਨ੍ਹਾਂ ਸੀਮਾਵਾਂ ਤੋਂ ਪਾਰ ਸਮੁੱਚੀ ਮਨੁੱਖਤਾ ਦੇ ਭਲੇ ਲਈ, ਸੱਚ ਤੇ ਹੱਕ ਦੀ ਲੜਾਈ ਲਈ, ਜਿਹੜੀਆਂ ਵੀ ਤਾਕਤਾਂ ਸੰਘਰਸ਼ਸੀਲ ਨੇ, ਉਹ ਤਾਕਤਾਂ, ਜਿਹੜੀਆਂ ਸਾਨੂੰ ਕਿਤੇ ਨਾ ਕਿਤੇ ਨੁਕਸਾਨ ਪਹੁੰਚਾਣ ਵਿਚ ਸਮਰਥਸ਼ੀਲ ਹੋ ਸਕਦੀਆਂ ਨੇ, ਉਨ੍ਹਾਂ ਪ੍ਰਤੀ , ਉਨ੍ਹਾਂ ਨੇ ਰੋਹ ਦਾ ਪਰਗਟਾਵਾਂ ਕਿਸੇ ਨਾ ਕਿਸੇ ਰੂਪ ਵਿਚ ਪਰਗਟਾਇਆ ਹੈ, ਭਾਵੇਂ ਉਹ ਰੋਹ ਪਰਗਟਾਵਾ ਇਨ੍ਹਾਂ ਦੀ ਨਾ ਪਸੰਦਗੀ ਪਰਗਟਾਵਾ ਜਾਂ ਪ੍ਰਤੀਕਰਮ ਦਾ ਪਰਗਟਾਵਾ, ਭਾਵੇਂ ਉਹ ਪੰਜਾਬ ਨਾਲ ਸੰਬਧਤ ਹੈ, ਭਾਵੇਂ ਉਹ ਪਰਵਾਸੀ ਜੀਵਨ ਨਾਲ ਸਬੰਧਤ ਹੈ, ਭਾਵੇਂ ਉਹ ਅਮਰੀਕਾ ਵਿਚ ਲੌਸ-ਐਂਜਲੀਸ ਵਿਚ ਹੋਏ ਨਸਲੀ ਵਿਤਕਰੇ ਦੇ ਦੰਗੇ ਫ਼ਸਾਦਾ ਬਾਰੇ ਹੈ, ਭਾਵੇਂ ਉਹ ਚੀਨ ਦੇ ਚੌਂਕ ਤਾਇਨਾਮੈਨ ਸੁਕਿਅਰ ਦੇ ਵਿਚ ਵਿਦਿਆਰਥੀਆਂ ਦੇ ਹੋਏ ਕਤਲੇਆਮ ਨਾਲ ਸੰਬਧਤ ਹੈ। ਉਨ੍ਹਾਂ ਵਾਸਤੇ ਉਹ ਪ੍ਰਤੀਬਧਤਾ, ਜਿਹੜੀ ਪ੍ਰਤੀਬਧਤਾ ਕਿਸੇ ਇਕ ਸ਼ਾਇਰ ਨੂੰ ਜਾਂ ਕਿਸੇ ਇਕ ਸਾਹਿਤਕਾਰ ਨੂੰ ਕਿਸੇ ਸੀਮਾ ਵਿਚ ਬੰਨਦੀ ਨਹੀਂ। ਉਹ ਇਹਨਾਂ ਨੇ ਪਰਵਾਨ ਨਾ ਕਰਦੇ ਹੋਏ ਸਮੁੱਚੇ ਤੌਰ ’ਤੇ ਇਕ ਸੁਨਿਹਰੇ ਭਵਿਖ, ਜਿਸ ਵਿਚ ਮਨੁੱਖੀ ਕਦਰਾਂ ਕੀਮਤਾਂ ਨੂੰ ਪਹਿਚਾਨਿਆ। ਉਸ ਨੇ ਚੰਗੇਰੇ ਸਮਾਜ ਦੀ ਸਿਰਜਨਾਂ ਵਲ ਇਨਾਂ ਸਕੇਤ ਕੀਤੇ ਨੇ। ਦੇ ਕਵਿਤਾ ਵਿਚ “ਸੱਚ ਤੇ ਸੂਲੀ”, “ਬੀਤੇ ਪਲਾਂ ਦੀ ਯਾਦ”, “ਕਾਫ਼ਰ” ਅਤੇ “ਚੌਥੀ ਕਵਿਤਾ”,“ਜ਼ਿੰਦਗੀ” ਇਹ ਕੁੱਝ ਵਿਸ਼ੇਸ ਕਵਿਤਾਵਾਂ ਨੇ ਜਿਨ੍ਹਾਂ ਵਿਚ ਪਰਗਟਾਵਾ ਇਨ੍ਹਾਂ ਬੜਾ ਖੁੱਲ ਕੇ ਕੀਤਾ।

ਉਨ੍ਹਾਂ ਨਿੱਜ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ ਉੱਤੇ ਭਾਵੇਂ ਈਰਾਕ ਤੋਂ ਲੈ ਕੇ ਅਮਰੀਕਾ ਨਾਲ ਲੜਾਈ, ਖ਼ਾੜੀ ਦਾ ਜਰੀ ਹੋਵੇ, ਭਾਵੇਂ ਉਹ ਕੋਈ ਸ਼੍ਰੇਣੀ ਦੀ ਗੱਲ ਹੋਵੇ। ਉਸ ਨੂੰ ਉਨ੍ਹਾਂ ਨੇ ਕਵਿਤਾ ਵਿਚ ਖੁਲ ਕੇ ਪਰਗਟਾਵਾ ਕੀਤਾ ਹੈ।

ਦੂਸਰੀ ਗੱਲ ਇਨ੍ਹਾਂ ਦੀ ਕਵਿਤਾ ਵਿਚ ਪਰਵਾਸੀ ਜੀਵਨ ਦੇ ਵੱਖ ਵੱਖ ਪਸਾਰ ਨੇ। ਪਰਵਾਸੀ ਜੀਵਨ ਦੀ ਸੋਚ ਨਾਲ ਜੁੜੀਆਂ ਵਖ ਵਖ ਸਥਿਤੀਆਂ ਨੇ। ਉਸ ਨੂੰ ਮੋਹ ਭੰਗ ਦੀ ਅਵਸਥਾ ਵਿਚ ਰਖਕੇ ਔਰ ਜੀਵਨ ਵਿਚ ਇਥੇ ਰਹਿੰਦੇ ਹੋਏ ਜਿਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਹੈ। ਉਹਨਾਂ ਨੂੰ ਸਾਹਮਣੇ ਰਖਦੇ ਹੋਏ, ਇਥੇ ਰਹਿੰਦੇ ਹੋਏ, ਉਹਨਾਂ ਦਾ ਡਟ ਕੇ ਮੁਕਾਬਲਾ ਕਰਨ ਦਾ ਸੰਕਲਪ, ਇਨ੍ਹਾਂ ਦੀਆਂ ਕਵਿਤਾਵਾਂ ਵਿਚ ਸਾਹਮਣੇ ਆਉਂਦਾ ਹੈ।

ਤੀਸਰੀ ਗੱਲ ਜਿਹੜੀ ਇਨ੍ਹਾਂ ਦੀਆਂ ਕਵਿਤਾਵਾਂ ਵਿਚ ਮਿਲਦੀ ਹੈ ਉਹ ਮਨੁੱਖੀ ਸੋਚ ਦੀ UNDERSTANDING ਦਾ ਪੱਧਰ ਸੱਮਝਣ ਦਾ ਅਕਾਰ ਸਾਡੇ ਸਾਹਮਣੇ ਆਉਂਦਾ ਹੈ। ਇਹ ਮਨੁੱਖ ਜਿਹੜਾ ਉਸ ਦਾ ਜੀਵਨ ਅਦਰਸ਼ ਹੈ, ਉਹ ਵਿਅਕਤੀਗਤ ਪੱਧਰ ਤੇ ਕੀ ਹੈ। ਔਰ ਜੀਵਨ ਅਦਰਸ਼ ਉਹ ਸੀਮਤ ਪੱਧਰ ਤੇ ਆਪਣੇ ਆਪ ਨੂੰ ਰਖਦਾ ਜਾਂ ਉਸਦੇ ਕੋਈ ਵਿਸ਼ਾਲ ਪੱਖ ਉਸ ਨੂੰ ਪਰਵਾਨ ਕਰਦਾ ਹੈ।

ਸੱਗੂ ਹੋਰਾਂ ਦੀ ਕਵਿਤਾ ਅਤੇ ਗ਼ਜ਼ਲਾਂ ਵਿਚ ਜਿਹੜੇ, ਸ਼ਿਅਰ ਨੇ ਉਹਨਾਂ ਦੀ ਵਿਸ਼ੇਸ਼ਤਾ ਇਹ ਹੈ ਉਹ ਆਪਣੇ ਆਪ ਨੂੰ ਸੀਮਤ ਬਿੰਦੂ ਵਿਚ ਨਹੀਂ ਰਖਦੇ। ਬਲਕੇ ਸੀਮਤ ਬਿੰਦੂ ਤੋਂ ਬਾਹਰ ਇਕ ਵਖਰਾ ਪਾਸਾਰ ਕਰਨ ਦੀ ਸਮਰਥਾ ਇਨ੍ਹਾਂ ਕੋਲ ਨਜ਼ਰ ਆਉਂਦੀ ਹੈ। ਮਸਾਲ ਦੇ ਤੌਰ ਤੇ ਉਹਨਾਂ ਦੀ ਕਵਿਤਾ ਜਿਹੜੀ ਹੈ "ਤਾਇਮੈਨ ਸੁਕਿਅਰ" ਹੈ ਉਹ ਚੀਨ ਦੀ ਸਰਕਾਰ ਦਾ, ਵਿਦਿਆਰਥੀਆਂ ਦੀ ਹੱਕ ਦੀ ਲੜਾਈ ਦੀ ਗੱਲ ਹੈ, ਉਸ ਲਈ ਜਿਹੜਾ ਸਘੰਰਸ਼ ਲਈ ਕਤਲੇਆਮ ਹੋਇਆ ਉਸ ਨੂੰ ਸਾਹਮਣੇ ਰਖਦੇ ਹੋਏ ਕਵਿਤਾ ਲਿਖੀ ਹੈ। ਲੇਕਨ ਉਸ ਕਵਿਤਾ ਦੇ ਥੀਮ ਨੂੰ ਸਿਰਫ਼ ਚੀਨ ਦੇ ਇਸ ਕਤਲੇਆਮ ਤੱਕ ਹੀ ਸੀਮਤ ਨਹੀਂ ਰਖਿਆ ਜਾ ਸਕਦਾ। ਉਸ ਨੂੰ ਵਿਸ਼ਵ ਪੱਧਰ ਦੇ ਉੱਤੇ, ਕਈ ਪਾਸਾਰਾਂ ਉੱਤੇ ਅਮਰੀਕਾ ਵੀ ਆਉਂਦਾ ਹੈ, ਉਨ੍ਹਾਂ ਹੀ ਪਾਸਾਰਾ ਵਿਚ ਰੂਸ ਵੀ ਸ਼ਾਮਲ ਹੁੰਦਾ ਹੈ, ਉਨ੍ਹਾਂ ਪਾਸਾਰਾ ਵਿਚ ਪੰਜਾਬ ਵੀ ਸ਼ਾਮਲ ਹੁੰਦਾ ਹੈ। ਜਦੋਂ ਸੱਗੂ ਜੀ ਇਨ੍ਹਾਂ ਪਾਸਾਰਾ ਨੂੰ ਖੋਲ੍ਹਦੇ ਨੇ ਤਾਂ ਇਵੇਂ ਲਗਦਾ ਕਿ ਜਿਵੇਂ ਉਹ ਇੰਟਰਨੈਸ਼ਨਲ Understanding ਦੀ ਗੱਲ ਸੀਮਤ ਨਾ ਰੱਖਦੇ ਹੋਏ, ਉਸ ਨੂੰ ਵਿਸ਼ਾਲ ਪੱਧਰ ਉੱਤੇ ਪਾਸਾਰ ਕਰਦੇ ਹਨ।

ਚੌਥੀ ਗੱਲ ਇਨ੍ਹਾਂ ਦੀ ਕਵਿਤਾ ਬਾਰੇ ਸੱਚੇ ਤੌਰ 'ਤੇ ਕਹਿਣ ਵਾਲੀ ਹੈ ਕਿ ਇਹ ਕਿਸੇ ਵੀ ਵਿਸ਼ੇ ਬਾਰੇ ਲਿਖਦੇ ਹੋਏ, ਕਿਸੇ ਸਥਿਤੀ ਬਾਰੇ ਗੱਲ ਕਰਦੇ ਹੋਏ, ਕਿਸੇ ਵੀ ਅਹਿਸਾਸ ਦਾ ਵਰਨਣ ਕਰਦੇ ਹੋਏ, ਇਹ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਆਪਣੇ ਹੱਥੋਂ ਜਾਣ ਨਹੀਂ ਦਿੰਦੇ। ਬਲਕੇ ਵਿਚਾਰ ਨੂੰ ਪ੍ਰਗਤੀਸ਼ੀਲ ਆਰ-ਪਰਦਾਨ ਕਰਦੇ ਨੇ। ਲੇਕਨ ਪ੍ਰਗਤੀਸ਼ੀਲ ਦੇ ਆਪ ਗ਼ੁਲਾਮ ਨਹੀਂ ਬਣਦੇ ਲੇਕਨ ਉਸ ਨੂੰ ਇਕ ਮਾਧਿਅਮ ਦੇ ਤੌਰ ਤੇ ਆਪਣੀ ਕਵਿਤਾ ਵਿਚ ਵਰਤਦੇ ਨੇ।

ਇਨ੍ਹਾਂ ਸਾਰੀਆਂ ਗੱਲਾਂ ਦੇ ਨਾਲ ਥੋੜੀ ਥੋੜੀ ਗੱਲ ਨਾ ਪਸੰਦਗੀ ਦੀ ਹੁੰਦੀ ਹੈ ਕਿ ਉਹ ਜਿਥੇ ਕਿਤੇ ਸਮਕਾਲੀ ਪ੍ਰਸਥੀਆਂ ਬਾਰੇ ਚਰਚਾ ਸ਼ੁਰੂ ਕਰਦੇ ਨੇ। ਉਸ ਵੇਲੇ ਕਿਤੇ ਕਿਤੇ ਨਾਹਰੇਬਾਜ਼ੀ ਦਾ ਪ੍ਰਭਾਵ ਜਾਂ ਪ੍ਰਸਥੀਆ ਨੂੰ ਪੂਰੀ ਪਕੜ 'ਚ ਲਏ ਵਗੈਰ ਆਪਣੀਆਂ ਭਾਵਨਾਵਾਂ ਨੂੰ ਨਿਰਸੰਕੋਚ ਜਜ਼ਬਾਤ ਦੇ ਆਧਾਰ ਤੇ ਪਰਗਟ ਕਰਦੇ ਨੇ। ਜਿਹੜਾ ਉਹਨਾਂ ਦੀ ਕਵਿਤਾ ਵਿਚ ਭਾਵ ਦੀ

ਪੱਧਰ ਤੇ ਕਿਤੇ ਕਿਤੇ ਰੜਕਦਾ ਹੈ। ਜਿਵੇ ਇਨ੍ਹਾਂ ਦੀਆਂ ਕਵਿਤਾਵਾਂ ਦੇ ਵਿਚ"ਪੰਜਾਬ"ਖੌਰੇ ਕਿਸ ਦੀ ਵਾਰੀ "ਜਾਂ" "ਮਾਂ" "ਆਕਾਸ਼ਬਾਣੀ" ਇਹ ਕਵਿਤਾ ਇਵੇਂ ਲਗਦਾ ਜਿਵੇਂ ਜਜ਼ਬਾਤ ਹਿੱਤ, ਪਰਚਾਰ ਹਿੱਤ, ਜਾਂ ਕਿਸੇ ਨਾ ਕਿਸੇ ਵਕਤੀ ਪ੍ਰਭਾਵ ਹਿੱਤ ਲਿਖਿਆਂ ਨੇ। "ਪੰਜਾਬ", "ਖ਼ੌਰੇ ਕਿਸ ਦੀ ਵਾਰੀ", "ਇਹ ਇਕੋ ਹੀ ਵਿਸ਼ੇ ਦੀਆਂ ਕਵਿਤਾਵਾਂ ਹਨ। ਲੇਕਨ "ਹਤਿਆਰਾ" ਕਵਿਤਾ ਉਸੇ ਹੀ ਸਥਿਤੀ ਨੂੰ, ਉਸੇ ਹੀ ਪਰਕ੍ਰਮ ਨੂੰ ਪੇਸ਼ ਕਰਦੀ ਹੋਈ, ਨਵੇਂ ਅਰਥ ਪ੍ਰਦਾਨ ਕਰਦੀ ਹੈ। ਕਵਿਤਾ ਦਾ ਪੱਖ ਹੋਵੇ ਜਾਂ ਸਾਹਿਤ ਦਾ ਕੋਈ ਵੀ ਪੱਖ ਹੋਵੇ, ਜਜ਼ਬਾਤ ਜਾਂ ਭਾਵਕਤਾ ਨੂੰ ਇਕ ਅੰਸ ਪਰਦਾਨ ਕਰਦੀ ਹੋਈ, ਉਸ ਦਾ ਆਧਾਰ ਸਾਹਮਣੇ ਨਹੀਂ ਰਖੇ ਜਾਂਦੇ। ਉਸ ਸਾਹਿਤ ਰਚਨਾ ਦੀ ਸਦੀਵੀ ਕੀਮਤ ਨਹੀਂ ਰਹਿੰਦੀ।

ਇਸ ਤਰ੍ਹਾਂ ਦੀਆਂ ਕਵਿਤਾਵਾਂ ਤੋਂ ਸਕੋਚ ਕਰਨਾ ਚਾਹੀਦਾ ਹੈ ਅਤੇ ਪੁਸਤਕ ਦੇ ਰੂਪ ਵਿਚ ਆਉਣ ਤੋਂ ਪਹਿਲਾਂ, ਜੇ ਅਜਿਹੀ ਪੁਣਸ਼ਾਣ ਕਰ ਲਈ ਜਾਵੇ ਤਾਂ ਮੇਰੇ ਹਿਸਾਬ ਨਾਲ ਕਵਿਤਾ ਚੰਗੀ ਹੋਵੇਗੀ। ਇਹੋ ਮੇਰੇ ਵਿਚਾਰ ਹਨ ਇਹਨਾਂ ਸ਼ਬਦਾਂ ਨਾਲ ਮੈਂ, ਭੂਪਿੰਦਰ ਸੱਗੂ ਹੋਰਾਂ ਨੂੰ ਵਧਾਈ ਦਿੰਦਾ ਹਾਂ ਕਿ ਉਹਨਾਂ ਦੀ ਪੁਸਤਕ ਪਰਕਾਸ਼ਤ ਹੋਈ ਹੈ। ਅਤੇ ਪਰਵਾਸੀ ਪੰਜਾਬੀ ਕਵਿਤਾ ਵਿਚ, ਇਕ ਆਪਣਾ ਵਿਸ਼ੇਸ ਸਥਾਨ ਪ੍ਰਾਪਤ ਕਰ ਚੁੱਕੇ ਹਨ।

"ਨੂਰ" ਸਾਹਿਬ ਨੇ ਕਿਹਾ ਸੀ ਕਿ ਭੂਪਿੰਦਰ ਉਭੱਰਦੇ ਕਵੀ ਨੇ, ਪਰ ਮੇਰੇ ਵਿਚਾਰ ਅਨੁਸਾਰ, ਇਸ ਪੁਸਤਕ ਛਪਣ ਤੋਂ ਬਾਅਦ, ਪਰਵਾਸੀ ਕਵਿਤਾ ਵਿਚ ਆਪਣੀ ਇਹ ਪਹਿਚਾਣ ਬਣਾ ਚੁੱਕੇ ਨੇ।

21-9-1993

●●●●●

# ਸਿਮਟੇ ਹੋਏ ਪਲ : ਮਾਨਵਵਾਦੀ ਕਵੀ

**ਪ੍ਰਿੰ: ਗੁਰਬਚਨ ਸਿੰਘ ਭੂਈ**

ਵਿਰਲੇ-ਟਾਵੇਂ ਲੇਖਕ ਹੀ ਹਨ, ਜਿਹੜੇ ਆਪਣੀਆਂ ਰਚਨਾਵਾਂ ਰਾਹੀਂ ਜਦੋਂ ਵੇਲਾ ਹੋਵੇ ਓਦੋਂ ਸੱਚ ਸੁਣਾਉਣ ਦਾ ਜੇਰਾ ਰੱਖਦੇ ਹਨ। ਭੂਪਿੰਦਰ ਸਿੰਘ ਸੱਗੂ ਇੱਕ ਅਜਿਹਾ ਹੀ ਨੌਜਵਾਨ ਕਵੀ ਹੈ, ਜਿਸ ਨੇ ਹੁਣ ਤੱਕ ਜਿੰਨੀ ਵੀ ਕਾਵਿ-ਰਚਨਾ ਕੀਤੀ ਹੈ, ਉਹ ਸਮੇਂ ਦੀ ਹਾਣੀ ਵੀ ਹੈ ਅਤੇ ਵੇਲੇ ਦੇ ਸੱਚ ਦਾ ਪ੍ਰਗਟਾਅ ਵੀ ਕਰਦੀ ਹੈ। ਇਸ ਸੱਚ ਵਿੱਚ ਸਮੁੱਚੀ ਮਾਨਵਤਾ ਦੀ ਪੀੜ ਦਾ ਅਹਿਸਾਸ ਵੀ ਸਮੋਇਆ ਹੋਇਆ ਹੈ। ਏਸੇ ਲਈ ਉਹ ਆਪਣੀ ਕਵਿਤਾ ਵਿੱਚ ਜੇ ਇੱਕ ਬੰਨੇ ਗ਼ਰੀਬ ਮਿਹਨਤਕਸ਼ਾਂ ਦੇ ਹੱਕਾਂ ਲਈ ਸੁਰ ਉੱਚੀ ਕਰਦਾ ਹੈ ਤਾਂ ਦੂਜੇ ਬੰਨੇ ਜੰਗਾਂ-ਯੁੱਧਾਂ ਦੇ ਵਿਉਪਾਰੀਆਂ ਦੇ ਖ਼ਿਲਾਫ਼ ਵੀ ਜ਼ੋਰਦਾਰ ਆਵਾਜ਼ ਬੁਲੰਦ ਕਰਦਾ ਹੈ। ਤੁਰਕੀ ਵਰਗੇ ਦੇਸ਼ ਦੇ ਇੱਕ ਸ਼ਹਿਰ "ਜੇਲੋਵਾ" ਦੀ ਸੁੰਦਰਤਾ ਦਾ ਨਜ਼ਾਰਾ ਮਾਣਦਿਆਂ ਜਦੋਂ ਉਸ ਦਾ ਧਿਆਨ ਅਗਲੇ ਮੋੜ 'ਤੇ ਘੁੱਗ ਵੱਸਦੀ ਆਬਾਦੀ ਦੇ ਉਹਲਿਆਂ ਵਿੱਚ ਮੰਗਤਿਆਂ ਤੇ ਭਿਖਾਰੀਆਂ ਦੇ ਜੁੜੇ ਝੁਰਮਟ ਵਲ ਜਾਂਦਾ ਹੈ ਤਾਂ ਇੱਕ ਦਮ ਉਸ ਸ਼ਹਿਰ ਦੀ ਅਮੀਰ ਝਾਕੀ ਦੇ ਵਰਨਣ ਤੋਂ ਪਾਸਾ ਵੱਟ, ਫ਼ੌਰਨ ਆਪਣੀ ਕਲਮ ਨੂੰ ਮੋੜਾ ਦੇ ਕੇ ਲਿਖਣ ਸ਼ੁਰੂ ਕਰ ਦਿੰਦਾ ਹੈ :

ਅਗਲੇ ਮੋੜ 'ਤੇ ਮੈਂ ਕੀ ਵੇਖਾਂ!
ਘੁੱਗ ਵਸਦੀ
ਦੁਨੀਆਂ ਦੇ ਉਹਲੇ,
ਸੜਕ ਦੁਪਾਸੀਂ
ਮੰਗਤੇ ਬੈਠੇ ਭਿਖਿਆ ਮੰਗਣ।
ਤਨ 'ਤੇ ਪਾਟੀਆਂ ਲੀਰਾਂ ਲਮਕਣ,
ਰਹਿਮਤ ਦੇ ਲਈ ਹੱਥ ਉਛਾਲਣ।
ਫਾਕੇ ਦੇ ਵਿੱਚ ਹਾੜੇ ਕੱਢਣ,
ਕੂੜੇ ਵਾਲੇ ਢੋਲ ਫਰੋਲਣ,
ਵਿੱਚੋਂ ਜੂਠਾ ਟੁੱਕਰ ਭਾਲਣ।

ਪਰ ਸੱਖਣਾ ਹੱਥ ਬਾਹਰ ਆਵੇ।
ਤਰਸੇ ਟੁੱਕਰ ਨੂੰ ਜ਼ਿੰਦਗਾਨੀ,
ਦੇਖ ਦੇਖ ਕੇ ਰੂਹ ਧਰਤੀ ਦੀ,
ਬਾਰ ਬਾਰ ਸ਼ਰਮਾਵੇ।
ਮੈਨੂੰ ਆਪਣਾ ਕੱਦ ਨਮਾਣਾ,
ਬੌਣਾ ਨਜ਼ਰੀਂ ਆਵੇ।

"ਕਲਮ" ਨਾਲ ਸੱਚ ਲਿਖਣ ਦੀ ਤਾਂ ਮਾਨੋ ਭੂਪਿੰਦਰ ਸੱਗੂ ਨੇ ਜਿਵੇਂ ਪ੍ਰਤਿੱਗਿਆ ਹੀ ਕੀਤੀ ਹੋਈ ਹੈ। ਏਸੇ ਲਈ ਉਹ "ਕਲਮ" ਦੀ ਪਰਿਭਾਸ਼ਾ ਕਰਦਾ ਹੋਇਆ ਲਿਖਦਾ ਹੈ :

ਜਿਹੜੀ ਕਲਮ ਹਾਕਮ ਦੀ ਕਰਤੂਤ ਦੇ ਉੱਤੇ ਪਰਦਾ ਪਾਵੇ।
ਜਿਹੜੀ ਕਲਮ ਸਮੇਂ ਦੀ ਕਾਲੀ 'ਨ੍ਹੇਰੀ ਅੱਗੇ ਭੁੱਕਦੀ ਜਾਵੇ।
ਜਿਹੜੀ ਕਲਮ ਕਮੀਨੀ ਖ਼ੂਨੀ ਨਦੀਆਂ ਦਾ ਕਾਰਨ ਬਣ ਜਾਵੇ।
ਜਿਸ ਕਲਮ ਦੀ ਜੀਭਾ ਵਿਚ ਲਲਕਾਰ ਨਹੀਂ ਹੈ।
ਓਸ ਕਲਮ ਦਾ ਮਾਨਵ ਨੂੰ ਸਤਿਕਾਰ ਨਹੀਂ ਹੈ।

ਭੂਪਿੰਦਰ ਸਿੰਘ ਸੱਗੂ ਦੀ ਸਮੁੱਚੀ ਕਵਿਤਾ ਬਹੁ-ਪਰਤੀ ਹੈ। ਉਹ ਆਪਣੇ ਇਸ ਸਜਰੇ ਕਾਵਿ-ਸੰਗ੍ਰਹਿ "ਸਿਮਟੇ ਹੋਏ ਪਲ" ਤੋਂ ਪਹਿਲਾਂ ਪੰਜਾਬੀ ਕਾਵਿ-ਭੰਡਾਰੇ ਵਿੱਚ ਦੋ ਕਾਵਿ-ਸੰਗ੍ਰਹਾਂ ("ਰਿਸ਼ਤਿਆਂ ਦਾ ਜੰਗਲ"ਤੇ "ਸੱਚ ਤੇ ਸੂਲੀ") ਦਾ ਯੋਗਦਾਨ ਪਾ ਚੁਕਾ ਹੈ। ਉਸ ਦੇ ਇਸ ਨਵੇਂ ਕਾਵਿ-ਸੰਗ੍ਰਹਿ "ਸਿਮਟੇ ਹੋਏ ਪਲ" ਦੇ ਮੁਖ-ਬੰਦ ਦੇ ਰੂਪ ਵਿੱਚ ਗੰਭੀਰ ਚਿੰਤਕ ਤੇ ਸੁਲਝੀ ਹੋਈ ਆਲੋਚਕਾ ਡਾ: ਦੇਵਿੰਦਰ ਕੌਰ ਨੇ ਜੋ "ਦੋ ਸ਼ਬਦ" ਲਿਖੇ ਹਨ। ਉਹਨਾਂ ਵਿੱਚ ਭੂਪਿੰਦਰ ਸਿੰਘ ਸੱਗੂ ਦੀ ਕਾਵਿ-ਸਿਰਜਣਾ ਦੇ ਸੰਦਰਭ ਵਿੱਚ ਜੋ ਵਿਚਾਰ ਪਰਗਟ ਕੀਤੇ ਹਨ, ਉਹ ਇੱਕ ਪਰਕਾਰ ਨਾਲ ਗਾਗਰ ਵਿੱਚ ਸਾਗਰ ਹੀ ਕਰ ਵਿਖਾਇਆ ਹੈ। ਡਾ: ਦੇਵਿੰਦਰ ਕੌਰ ਦੇ ਲਿਖੇ ਇਹ "ਦੋ ਸ਼ਬਦ" ਪਾਠਕਾਂ ਨਾਲ ਸਾਂਝੇ ਕਰਨੇ ਮੇਰੇ ਖ਼ਿਆਲ ਵਿੱਚ ਅਨੁਚਿਤ ਨਹੀਂ ਸਮਝੇ ਜਾਣਗੇ।

**ਦੋ ਸ਼ਬਦ ("ਸਿਮਟੇ ਹੋਏ ਪਲ" ਪੰਨਾ-6)**

ਵੱਲੋਂ ਡਾ: ਦੇਵਿੰਦਰ ਕੌਰ (ਵੁਲਵਰਹੈਂਪਟਨ)

"ਸਿਮਟੇ ਹੋਏ ਪਲ"ਭੂਪਿੰਦਰ ਸੱਗੂ ਦਾ ਤੀਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਸਾਹਿਤ ਨੂੰ ਦੋ ਕਾਵਿ-ਪੁਸਤਕਾਂ :"ਰਿਸ਼ਤਿਆਂ ਦਾ ਜੰਗਲ"ਅਤੇ "ਸੱਚ ਤੇ ਸੂਲੀ" ਦੇ ਚੁੱਕਾ ਹੈ।

ਭੂਪਿੰਦਰ ਦੀ ਸਮੁੱਚੀ ਕਵਿਤਾ ਬਾਰੇ ਇਕ ਸਾਂਝੀ ਗੱਲ ਕਹੀ ਜਾ ਸਕਦੀ ਹੈ ਕਿ ਉਸ ਦੀ ਕਵਿਤਾ ਵਿਚਾਰ ਦੀ ਕਵਿਤਾ ਹੈ। ਉਹ ਹਰ ਗੱਲ ਤਰਕ ਦੀ ਦ੍ਰਿਸ਼ਟੀ ਤੋਂ ਕਰਨ ਦਾ ਚਾਹਵਾਨ ਹੈ। ਇਸਦਾ ਮਤਲਬ ਇਹ ਨਹੀਂ ਕਿ ਉਸ ਦੀ ਕਵਿਤਾ ਵਿਚ ਭਾਵਾਂ ਦੀ ਪੇਸ਼ਕਾਰੀ ਨਹੀਂ ਹੋਈ। ਹੋਈ ਹੈ, ਪਰ ਪ੍ਰਮੁੱਖਤਾ "ਤਰਕ"ਨੂੰ ਦਿੱਤੀ ਗਈ ਹੈ, ਕਿਉਂਕਿ ਉਹ ਭਾਵਾਂ ਨੂੰ ਮਹਿਜ਼ ਪ੍ਰਗਟਾਉਂਦਾ ਹੀ ਨਹੀਂ ਸਗੋਂ ਉਹਨਾਂ ਦਾ ਵਿਸ਼ਲੇਸ਼ਣ ਵੀ ਕਰਦਾ ਹੈ।

"ਸਿਮਟੇ ਹੋਏ ਪਲ" ਭਾਵੇਂ ਨਾਂ ਤੋਂ ਸਥਿਤੀ ਦੇ ਸੁੰਗੜੇ ਹੋਣ ਵੱਲ ਸੰਕੇਤ ਕਰਦੀ ਹੈ ਪਰੰਤੂ ਇਥੇ ਸ਼ਾਇਰ ਦੀ ਰੁਚੀ ਪਲਾਂ ਵਿੱਚ ਸਿਮਟ ਜਾਣ ਤੱਕ ਸੀਮਤ ਨਹੀਂ। ਉਹ ਸਿਮਟੇ ਹੋਏ ਪਲਾਂ ਬਾਰੇ ਪਾਠਕ ਨੂੰ ਚੇਤੰਨ ਕਰਦਾ ਹੈ। ਇਸ ਵਿੱਚ ਸ਼ਾਇਰ ਦਾ ਉਦੇਸ਼ ਪਾਠਕ ਦੀ ਚੇਤਨਾ ਨੂੰ ਪ੍ਰਚੰਡ ਕਰਕੇ ਸਿਮਟੇ ਹੋਏ ਪਲਾਂ ਨੂੰ ਖੋਲ੍ਹਣਾ ਹੈ।

ਅੱਜ ਦਾ ਯੁੱਗ ਤਰਕ ਦਾ ਯੁੱਗ ਹੈ, ਸੰਘਰਸ਼ ਦਾ ਯੁੱਗ ਹੈ, ਵਿਅੰਗਾਤਮਕ ਰਿਸ਼ਤਿਆਂ ਦੇ ਸੰਬੰਧਾਂ ਦਾ ਯੁਗ ਹੈ। ਵਿਅੰਗਾਤਮਕ ਰਿਸ਼ਤੇ ਤੋਂ ਭਾਵ ਇਹ ਹੈ ਕਿ ਰਿਸ਼ਤੇ ਭਾਵੇਂ ਨਿਜੀ ਹਨ, ਭਾਵੇਂ ਸਮਾਜੀ, ਉਹਨਾਂ ਵਿਚ ਅੱਜ ਦੇ ਯੁਗ ਦਾ ਵਿਰੋਧਾਵਾਸ ਦਿਖਾਈ ਦੇਂਦਾ ਹੈ। ਉਹ ਦਿੱਸਣ ਵਿੱਚ ਕੁੱਝ ਹੋਰ ਜਾਪਦੇ ਹਨ। ਆਪਣੇ ਅੰਦਰੂਨੀ ਅਰਥਾਂ ਵਿਚ ਕੁਝ ਹੋਰ ਹਨ। ਭੂਪਿੰਦਰ ਸੱਗੂ ਨੇ ਆਪਣੀ ਇਸ ਕਾਵਿ-ਪੁਸਤਕ ਵਿੱਚ, ਇਹਨਾਂ ਰਿਸ਼ਤਿਆਂ ਵਿਚਲੇ ਵਿਅੰਗਮਈ ਸੱਚ ਨੂੰ ਬੇਬਾਕ ਜ਼ਬਾਨ ਦਿੱਤੀ ਹੈ। ਉਹ ਸਾਫ਼ ਕਹਿੰਦਾ ਹੈ :

ਅੱਜ ਦੀ ਕਵਿਤਾ ਸੱਚੀ ਕੋਰੀ
ਸਦਾ ਤਰਕ ਦੇ ਬਾਣ ਚਲਾਵੇ।

ਤਰਕ ਦੇ ਬਾਣ ਚਲਾਉਣ ਲਈ, ਜਿਸ ਖੱਫ਼ਣ ਨੂੰ ਬੰਨ੍ਹ ਕੇ ਤੁਰਨ ਦੀ ਲੋੜ ਹੁੰਦੀ ਹੈ, ਉਹ ਭੂਪਿੰਦਰ ਦੀ ਇਹ ਕਾਵਿ-ਪੁਸਤਕ ਬੰਨ੍ਹ ਕੇ ਤੁਰਦੀ ਹੈ।

ਭੂਪਿੰਦਰ "ਮਨ ਜੀਤੈ ਜਗ ਜੀਤ"ਦੀ ਫ਼ਿਲਾਸਫ਼ੀ ਦਾ ਧਾਰਨੀ ਹੈ। ਉਹ ਦੁਨੀਆਂ ਵਿੱਚ ਪਸਰੀ ਹੋਈ ਹਥਿਆਰਾਂ ਦੀ ਖੇਡ ਪਸੰਦ ਨਹੀਂ ਕਰਦਾ। ਉਸ ਦਾ ਵਿਸ਼ਵਾਸ਼ ਤਰਕ ਵਿੱਚ ਹੈ। ਇਉਂ ਕਹਿ ਸਕਦੇ ਹਾਂ ਕਿ ਭੂਪਿੰਦਰ ਦੀ ਕਵਿਤਾ ਤਰਕ ਦੇ ਸੂਝ-ਮਾਡਲ (model of intelligislity) ਰਾਹੀਂ ਸਿਰਜੀ ਗਈ ਹੈ। "ਹਥਿਆਰ"ਅਤੇ "ਤਰਕ"ਵਿੱਚੋਂ ਉਹ "ਤਰਕ" ਨੂੰ ਪਹਿਲ ਦੇਂਦਾ ਹੈ :

ਆਉ ਹਥਿਆਰਾਂ ਦੀ ਸ਼ਤਰੰਜ ਨੂੰ
ਗੋਰੀਂ ਦਫ਼ਨਾਈਏ
ਨਿਰਵਸਤਰ ਸ਼ਬਦਾਂ ਨੂੰ

ਤਰਕ ਦੇ ਜਾਮੇ ਪਹਿਨਾਈਏ।

ਅੱਜ ਦੇ ਪੱਛਮੀ ਸਭਿਆਚਾਰ ਨੂੰ ਖਪਤ ਦਾ ਸਭਿਆਚਾਰ ਕਿਹਾ ਜਾ ਸਕਦਾ ਹੈ। ਇਸ ਸਭਿਆਚਾਰ ਵਿੱਚ ਸਿੱਕਾ ਉਹਦਾ ਚੱਲਦਾ ਹੈ, ਜੋ ਵੱਧ ਤੋਂ ਵੱਧ ਆਪਣੇ ਆਪ ਨੂੰ ਸੇਲ ਕਰ ਸਕੇ। ਆਪਣੀਆਂ ਭਾਵਨਾਵਾਂ ਨੂੰ ਦਬਾ ਕੇ, ਘੁੱਟ ਕੇ ਵਿੱਚੋ ਵਿੱਚ ਪੀ ਜਾਣ ਵਾਲਾ ਇਸ ਸਮਾਜ ਵਿੱਚ ਬਚ ਹੀ ਨਹੀਂ ਸਕਦਾ। ਚਾਰੇ ਪਾਸੇ ਆਪਣੇ ਆਪ ਨੂੰ ਜ਼ਿੰਦਾ ਰੱਖ ਸਕਣ ਦੀ ਸਮੱਸਿਆ ਬਣੀ ਹੋਈ ਹੈ। ਆਪਣੀ ਹੋਂਦ ਨੂੰ ਕਾਇਮ ਰੱਖਣ ਲਈ, ਇਸ ਕਵਿਤਾ ਦੀ ਕਾਵਿ-ਮੈਂ ਆਪਣੇ ਆਪ ਨੂੰ ਖਪਤ ਸਭਿਆਚਾਰ (consumer culture) ਤੋਂ ਬਚਾਉਣ ਦਾ ਯਤਨ ਕਰਦੀ ਹੈ। ਇਸ ਕਾਵਿ-ਪੁਸਤਕ ਵਿੱਚ ਵਿਚਾਰਾਂ ਨੂੰ, ਜਿਸ ਸੰਬੋਧਨ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ, ਉਹ ਅੱਜ ਦੇ ਸਭਿਆਚਾਰ ਦੀ ਵਿਧੀ ਨਹੀਂ। ਖਪਤ ਸਭਿਆਚਾਰ ਵਿੱਚ ਬਨਾਵਟ, ਰੰਗਾਂ ਦੀ ਪੇਸ਼ਕਾਰੀ, ਸ਼ਬਦਾਂ ਦੀ ਸ਼ੋਅਬਾਜ਼ੀ ਦਾ ਬੋਲਬਾਲਾ ਹੈ। ਭੂਪਿੰਦਰ ਦੀ ਕਵਿਤਾ ਇਸ ਅਸਰ ਤੋਂ ਬੇਲਾਗ ਹੈ। ਉਹ ਬੜੀ ਹੀ ਸਹਿਜ ਭਾਸ਼ਾ ਵਿੱਚ, ਸਜਿਹ ਸ਼ੈਲੀ ਰਾਹੀਂ ਆਪਣੀ ਗੱਲ ਕਹਿ ਰਿਹਾ ਹੈ।

ਭੂਪਿੰਦਰ ਦੀ ਕਵਿਤਾ ਵਿੱਚ ਮਿਥਿਹਾਸਕ ਹਵਾਲਿਆਂ ਦੀ ਵਰਤੋਂ ਵੀ ਹੋਈ ਹੈ। ਉਹ ਭਾਰਤੀ ਅਤੇ ਯੂਰਪੀ ਮਿਥਿਹਾਸ ਦੇ ਵੇਰਵਿਆਂ ਨੂੰ ਅੱਜ ਦੇ ਸੰਦਰਭ ਵਿੱਚ ਪ੍ਰਤੀਕ ਦੀ ਪੱਧਰ ਤੇ ਵੀ ਪੇਸ਼ ਕਰਦਾ ਹੈ। ਜਿੱਥੇ ਉਹ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ, ਓਥੇ ਉਸਦੀ ਕਵਿਤਾ ਦਾ ਰੂਪ ਜਟਿਲ ਹੋ ਜਾਂਦਾ ਹੈ। ਪਰ ਬਹੁਤੀ ਕਵਿਤਾ ਵਿੱਚ ਸਾਦਗੀ ਅਤੇ ਸਹਿਜਤਾ ਮਿਲਦੀ ਹੈ।

ਇਉਂ ਕਹਿ ਸਕਦੇ ਹਾਂ ਕਿ ਭੂਪਿੰਦਰ ਦੀ ਕਵਿਤਾ ਅੱਜ ਦੇ ਖਪਤ-ਯੁਗ ਵਿੱਚ ਵੀ ਕਵਿਤਾ ਦੀਆਂ ਜੁਗਤਾਂ ਕਾਇਮ ਰੱਖਦੀ ਹੋਈ ਆਪਣੀ ਆਵਾਜ਼ ਬੁਲੰਦ ਕਰਦੀ ਹੈ। ਇਹ ਮਨੁੱਖਤਾ ਦੀ ਭਲਾਈ ਨਾਲ ਸਰੋਕਾਰ ਰੱਖਣ ਵਾਲੀ ਕਵਿਤਾ ਹੈ। ਇਸ ਦ੍ਰਿਸ਼ਟੀ ਤੋਂ ਇਸ ਕਾਵਿ-ਪੁਸਤਕ ਦੀਆਂ ਕਵਿਤਾਵਾਂ ਕੱਲ, ਅੱਜ ਤੇ ਭਲਕ ਨਾਲ ਸੰਬੰਧ ਰੱਖਣ ਕਰਕੇ ਦੇਸ਼ ਕਾਲ ਦੀ ਸੀਮਾ ਤੋਂ ਮੁਕਤ ਹੋ ਜਾਣ ਵਾਲੀਆਂ ਕਵਿਤਾਵਾਂ ਹਨ। ਇਹ ਮੁਕਤੀ ਇਸ ਕਵਿਤਾ ਦੀ ਪ੍ਰਾਪਤੀ ਹੈ।”

ਭੂਪਿੰਦਰ ਸਿੰਘ ਸੱਗੂ ਦੀ ਕਾਵਿ-ਸਿਰਜਣਾ ਦੇ ਦੀਰਘ-ਵਰਤੀ ਅਧਿਐਨ ਦੇ ਨਿਸ਼ਕਰਸ਼ ਵਜੋਂ ਮੈਂ ਇਹ ਕਹਿ ਸਕਦਾ ਹਾਂ ਕਿ ਭੂਪਿੰਦਰ ਵਿੱਚ ਉੱਚ ਕੋਟੀ ਦੀ ਕਵਿਤਾ ਸਿਰਜ ਸਕਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਲੋੜ ਹੈ ਕਿ ਉਹ ਇਹਨਾਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਲਈ ਕਾਵਿ-ਸਾਗਰ ਦੀ ਗਹਿਰਾਈ ਵਿੱਚ ਚੁੱਭੀਆਂ ਮਾਰਨ ਦਾ ਅਭਿਆਸ ਜ਼ਰੂਰ ਕਰੇ।

•••••

# ਸਿਮਟੇ ਹੋਏ ਪਲ
## ਨਿਰੰਜਨ ਸਿੰਘ ਨੂਰ

"ਸਿਮਟੇ ਹੋਏ ਪਲ" ਭੂਪਿੰਦਰ ਸੱਗੂ ਦਾ ਤੀਜਾ ਕਾਵਿ ਸੰਗ੍ਰਹਿ ਹੈ ("ਰਿਸ਼ਤਿਆਂ ਦਾ ਜੰਗਲ"ਤੇ "ਸੱਚ ਤੇ ਸੂਲੀ"ਤੋਂ ਪਿਛੋਂ)

ਕਵਿਤਾ ਜੀਵਨ ਦਾ ਆਲੋਚਨਾਤਮਕ ਵਿਸ਼ਲੇਸ਼ਨ ਹੈ। ਭੂਪਿੰਦਰ ਸਮੁੱਚੀ ਪੁਸਤਕ ਵਿਚ ਭਾਵਾਂ ਦੀ ਪੇਸ਼ਕਾਰੀ ਤੇ ਉਨ੍ਹਾਂ ਦਾ ਆਲੋਚਨਾਤਮਕ ਵਿਸ਼ਲੇਸ਼ਨ ਤਰਕ ਦੀ ਵਿਧੀ ਨਾਲ ਕਰਦਾ ਹੈ। ਉਹ ਅਜੋਕੀ ਕਵਿਤਾ ਦੇ ਫ਼ਰਜ਼ ਨੂੰ ਬਿਆਨ ਕਰਦਾ ਆਖਦਾ ਹੈ :

> ਅੱਜ ਦੀ ਕਵਿਤਾ ਸੱਚੀ, ਕੌਰੀ,
> ਸਦਾ ਤਰਕ ਦੇ ਬਾਣ ਚਲਵੇ (ਸਫਾ 9)

ਇਸ ਸਮੁੱਚੇ ਸੰਗ੍ਰਹਿ ਨੂੰ ਵਿਸ਼ਾ-ਵਸਤੂ ਪੱਖੋਂ ਨਸਲਵਾਦ, ਪਰਵਾਸ ਦੀ ਪੀੜ, ਧਰਮ/ਅਧਰਮ, ਅਮਨ/ਜੰਗ, ਮਨੁੱਖੀ ਸ਼ੋਸ਼ਨ, ਮਖੌਟੇ, ਹੈਂਕੜ, ਵਹਿਮ, ਅਗਿਆਨਤਾ, ਜਨੂੰਨ, ਰੂੜੀਵਾਦ, ਆਜ਼ਾਦੀ/ਗੁਲਾਮੀ ਅਤੇ ਅੰਤਰਾਸ਼ਟਰੀ ਮਸਲਿਆਂ ਆਦਿ ਵਿਚ ਵੰਡਿਆ ਜਾ ਸਕਦਾ ਹੈ।

"ਰੋਜ਼ਗਾਰ ਦੇ ਦਫ਼ਤਰ ਨੇੜੇ" ਕਵਿਤਾ ਵਿਚ ਉਹ ਰੰਗਦਾਰ ਕਾਮੇ ਦੀ ਮਨੋਦਸ਼ਾ ਨੂੰ ਖੂਬ ਬਿਆਨ ਕਰਦਾ ਹੈ :

> ਰੋਜ਼ਗਾਰ ਦੇ ਦਫਤਰ ਨੇੜੇ
> ਜਦ ਵੀ ਤੁਰਿਆ
> ਸੀਸ ਰਹਿਤ ਧੜ ਲੈ ਕੇ ਤੁਰਿਆ (ਸਫਾ 11)

"ਜੰਗਲ ਦੀ ਚੀਕ" ਉਹਦੇ ਲਈ ਡਾਰਵਿਨਵਾਦੀ, ਨਿੱਜਵਾਦੀ ਤੇ ਸੀਨਾ ਜੋਰੀ ਦਾ ਨੰਗਾ ਨਾਚ ਹੈ :

> ਡਾਕੂਆਂ ਦਾ ਵਾਰਾ ਪਹਿਰਾ
> ਸਾਂਝ ਦੀ ਆਵਾਜ਼
> ਚੌਰਾਹੇ 'ਚ ਕਤਲਾਈ ਪਈ ਹੈ
> ਤੇ ਭਲਾ ਸਰਬਤ ਦਾ ਤਾਂ

ਸਾਹ ਵਰੋਲੀ ਜਾ ਰਿਹਾ ਹੈ (ਸਫਾ 14)

"ਬੰਧਨ ਮੁਕਤ" ਵਿਚ ਨਕਲੀ ਧਰਮ ਦਾ ਅਸਲੀ ਰੂਪ ਪੇਸ਼ ਕੀਤਾ ਗਿਆ ਹੈ :

ਮਜ਼੍ਹਬਾਂ ਵਾਲੇ ਕਾਫ਼ਰ ਬੰਦੇ
ਮਾਨਵਤਾ ਨੂੰ ਭੱਠੀ ਝੋਕਣ
ਲਾ ਸੁਰਗਾਂ ਦਾ ਲਾਰਾ। (ਸਫਾ 18)

"ਰੂੜੀਵਾਦੀ ਸਿਰ", "ਧੁੰਦਲੀ ਸੋਚ"ਤੇ "ਵਹਿਸ਼ਤ ਦੇ ਦਿਨਾਂ 'ਚ" ਕਵਿਤਾਵਾਂ ਵਿਚ ਮੂਲਵਾਦੀ ਜਨੂੰਨ ਦੇ ਮਾਰੂ ਅਸਰਾਂ ਦੀ ਅਭਿਵਿਅਕਤੀ ਪ੍ਰਭਾਵਸ਼ਾਲੀ ਹੈ :

ਮਸਤਕ ਦੇ ਵਿਚ ਬੁਝਿਆ ਦੀਵਾ
ਰਾਤਾਂ ਵਿਹੜੇ ਕਿਵੇਂ ਜਗਾਉਣਾ? (ਧੁੰਦਲੀ ਸੋਚ- 20)

"ਜਿੰਦੇ" ਵਿਚਲੇ ਕੁਝ ਸ਼ਿਅਰ ਮਾਨਣ-ਯੋਗ ਹਨ :

ਸੂਖਮ ਬੋਲ ਤਾਂ ਪੀੜਾਂ ਵਰਗੇ
ਬੁੱਕਲ ਦੇ ਵਿਚ ਕੱਜ ਨੀ।
ਚਿਣਗ ਦਾ ਚਾਰਾ ਕਰ ਨੀ ਜਿੰਦੇ
ਪੱਥਰਾਂ ਦੇ ਵਿਚ ਵੱਜ ਨੀ। (ਸਫਾ 32/33)

"ਕੁਹਰਾਮ ਦੀ ਅੱਗ" ਬਾਬਰੀ ਮਸਜਦ ਢਾਹੁਣ ਵਾਲੇ ਮਜ਼੍ਹਬੀ ਜਨੂੰਨ ਦੀ ਧਾਰਮਿਕਤਾ ਅੱਗੇ ਪ੍ਰਸ਼ਨ-ਚਿਨ੍ਹ ਲਾਉਂਦੀ ਹੈ :

ਜੋ ਮਨੁੱਖ ਦਾ ਖ਼ੂਨ ਪੀਵੇ ਕਿਸ ਨਸਲ ਦਾ ਧਰਮ ਹੈ?
ਜੋ ਸਿਲ੍ਹਾ ਨੂੰ ਸਿਰ ਝੁਕਾਵੇ, ਕਿਸ ਮਨੁੱਖ ਦਾ ਧਰਮ ਹੈ?
ਰਾਮ ਜਪਦੇ ਰਾਵਣੋ, ਕੁਝ ਸ਼ਰਮ ਦਾ ਪੱਲਾ ਫੜੋ,
ਮਨ ਦੇ ਅੰਦਰ ਬੈਠ ਕੇ ਇਨਸਾਨ ਦੀ ਪੂਜਾ ਕਰੋ।

(ਸਫਾ 66/67)

"ਸਹਿਮ"ਕਵਿਤਾ ਵੀ ਮਜ਼੍ਹਬੀ ਜਨੂੰਨ ਵਿਚਲੇ ਕੁਫ਼ਰ ਦੀ ਸਾਰਥਕ ਪੇਸ਼ਕਾਰੀ ਹੈ :

ਗੰਗਾ ਅਤੇ ਸਰੋਵਰ ਦੋਵੇਂ ਨੇ ਰਤ-ਰੰਗੇ
ਤੇ ਕਰਫ਼ਿਊ ਦੀ ਧੂੜ ਚੜ੍ਹੇ ਨਿਸ ਦਿਨ ਅਸਮਾਨੀ
ਕਾਫ਼ਰ ਨੇ ਰੱਬ ਨੂੰ ਜੀਕਣ ਕਤਲਾਇਆ ਹੋਇਆ!

"ਸਿਮਟੇ ਹੋਏ ਪਲ"(ਇਸ ਸੰਗ੍ਰਹਿ ਦਾ ਸ਼ੀਰਸ਼ਕ) ਸਿਰਫ ਸਮੇਂ-ਸਥਾਨ ਦੇ ਸਿਮਟਣ ਤਕ ਸੀਮਤ ਨਹੀਂ। ਨਿੱਜਵਾਦ ਤੇ ਕਨਸਿਊਮਰ ਕਲਚਰ ਦਾ ਸੁਕੇੜੂ

ਅਸਰ, ਮਾਰੂ ਹਥਿਆਰਾਂ ਦੀ ਦੌੜ, ਰਾਜਨੀਤੀ, ਮਜ਼੍ਹਬ, ਸਭਿਆਚਾਰ ਆਦਿ 'ਤੇ ਵੀ ਪਿਆ ਹੈ ਤੇ ਮਨੁੱਖ ਨਿੱਜ ਅਤੇ ਖੁਦਗਰਜੀ ਵਿਚ ਸਿਮਟ ਗਿਆ ਦਿਖਾਇਆ ਗਿਆ ਹੈ। ਕਵੀ ਸੰਬੋਧਨੀ ਸੁਰ ਵਿਚ ਨਿੱਜਵਾਦ ਵਿਚ ਸਿਮਟੇ ਮਨੁੱਖ ਨੂੰ ਸਾਂਝ ਦੀ ਪੌਣ ਵਿਚ ਖੁਲ੍ਹਦਾ-ਵਿਗਸਦਾ ਵੇਖਣ ਦਾ ਸੁਝਾ ਪੇਸ਼ ਕਰਦਾ ਹੈ :

ਆਓ, ਮਾਰੂ ਹਥਿਆਰਾਂ ਦੀ ਸ਼ਤਰੰਜ ਨੂੰ
ਸਾਰੇ ਦਫ਼ਨਾਈਏ
ਨਿਰਬਸਤਰ ਸ਼ਬਦਾਂ ਨੂੰ
ਤਰਕ ਦੇ ਜਾਮੇ ਪਾਈਏ
ਫ਼ਰਿਆਦਾਂ ਨੂੰ ਜੀਭ ਲਗਾਈਏ। (ਸਫਾ 56)

"ਲੋਕ ਸ਼ਕਤੀ","ਲੇਡੀ ਡਿਆਨਾ ਦੇ ਨਾਂ", "ਜੇਲੋਵਾ", "ਬੋਜ਼ਨੀਆ"ਤੇ "ਮੰਗਤੇ" ਆਦਿ ਅੰਤਰਾਸ਼ਟਰੀ ਸਰਕਾਰ ਦੀਆਂ ਕਵਿਤਾਵਾਂ ਵਿਚ ਮਨੁੱਖੀ ਸੁਤੰਤਰਤਾ, ਜੰਗੀ ਜਨੂੰਨ ਤੇ ਵਹਿਸ਼ਤ, ਮਜ਼੍ਹਬੀ/ਸਭਿਆਚਾਰਕ/ਨਫ਼ਰਤ ਤੇ ਬਹੁਤਾਤ ਵਿਚ ਭੁੱਖ ਦੀ ਸਥਿਤੀ ਦਾ ਨਕਸ਼ਾ ਪ੍ਰਭਾਵਸ਼ਾਲੀ ਹੈ। "ਮੰਗਤੇ"ਕਵਿਤਾ ਵਿਚ ਬਹੁਤਾਤ ਤੇ ਥੁੜ ਅਤੇ ਅਫ਼ਰੇਵਾਂ ਤੇ ਤਰਸੇਵਾਂ ਦੇ ਵਿਰੋਧੀ ਜੱਟਾਂ ਦੀ ਖੂਬਸੂਰਤ ਪੇਸ਼ਕਾਰੀ ਹੈ :

ਰਿਜ਼ਕਾਂ ਵਾਲੀ ਧਰਤੀ ਵਿਹੜੇ,
ਕੁਝ ਪਸ਼ੂ ਆਫ਼ਰ ਕੇ ਮਰਦੇ
ਕੁਝ ਮਾਨਵ ਟੁੱਕਰ ਨੂੰ ਤਰਸਣ
ਵੇਖ ਵੇਖ ਕੇ ਰੂਹ ਧਰਤੀ ਦੀ
ਬਾਰ ਬਾਰ ਸ਼ਰਮਾਵੇ।
ਮੈਨੂੰ ਅਪਣਾ ਕੱਦ ਨਮਾਣਾ
ਬੌਣਾ ਨਜ਼ਰੀ ਆਵੇ। (ਸਫਾ 42)

"ਆਜ਼ਾਦੀ"ਕਵਿਤਾ ਵਿਚ ਮੁਕਤੀ-ਸੰਗ੍ਰਾਮ ਦੇ ਸ਼ਹੀਦਾਂ ਨੂੰ ਕਵੀ ਪ੍ਰਣਾਮ ਕਰਦਾ ਹੈ ਪਰ ਨਾਲ ਹੀ ਆਜ਼ਾਦੀ ਦੀਆਂ ਪ੍ਰਾਪਤੀਆਂ ਤੋਂ ਅਸੰਤੁਸ਼ਟ ਹੈ :

ਕਿਰਤ ਦੇ ਹੱਥਾਂ ਲਈ
ਝੁਗੀਆਂ ਦੀ ਮੌਜ ਲਈ
ਸਿਰਜਣਾ ਦੇ ਵਿਕਾਸ ਲਈ
ਹਯਾਤੀ ਦੀ ਆਸ ਲਈ
ਆਜ਼ਾਦੀ ਇਕ ਛਲਾਵਾ ਹੈ ਅਜੇ (ਸਫਾ 59)

"ਨਵਾਂ ਸਵੇਰਾ"ਵਿਚ ਕਵੀ ਸਾਬਤਕਦਮ ਸੰਘਰਸ਼ ਤੇ ਵਚਨਬਧਤਾ ਦੀ

ਅਟੱਲ ਜਿੱਤ ਨੂੰ ਰੂਪਮਾਨ ਕਰਦਾ ਹੈ ਅਤੇ ਨੈਸਨ ਮੰਡੇਲਾ ਦੇ ਸਿਦਕੀ ਸਿਰੜ ਨੂੰ ਪ੍ਰਣਾਮ ਕਰਦਾ ਹੈ :

ਹਵਾ ਦੇ ਪੈਰੀਂ ਹਰਕਤਾਂ
ਮੰਜ਼ਲ ਲੈਂਦੀਆਂ ਭਾਲ
ਜ਼ੁਲਮ ਜ਼ਬਰ ਦੀਆਂ ਬੇੜੀਆਂ
ਰੋਟ ਨਾ ਸੱਕਣ ਚਾਲ। (ਸਫਾ70)

'ਕੁਰਸੀ' ਨੂੰ ਗ਼ਲਤ ਤਰੀਕੇ ਨਾਲ ਹਥਿਆਉਣ ਅਤੇ ਉਹਦੀ ਦੁਰਵਰਤੋਂ ਦੀ ਨਿੰਦਾ ਕਰਦਾ ਹੋਇਆ ਕਵੀ ਹਰ ਕੁਰਸੀ ਨੂੰ ਉੱਤਰਦਾਈ ਬਣਾਉਣ ਦਾ ਕਲਾਮਈ ਸੁਝਾ ਦਿੰਦਾ ਹੈ :

ਆਓ, ਏਸ ਕੁਰਸੀ ਨੂੰ
ਚਾਨਣ 'ਚ ਡਾਹੀਏ
ਇਹਨੂੰ ਪਾਰਦਰਸ਼ੀ ਬਣਾਈਏ
ਤੇ ਏਸ ਨੂੰ
ਮਾਨਵ ਦੀ ਪੀੜਾ ਦਾ ਅਹਿਸਾਸ ਕਰਾਈਏ। (ਸਫਾ 36)

"ਪੰਛੀ" ਕਵਿਤਾ ਪਰਵਾਸ ਨੂੰ ਮਿੱਠੀ-ਜੇਲ੍ਹ ਵਜੋਂ ਕਲਾਤਮਕ ਢੰਗ ਨਾਲ ਪੇਸ਼ ਕਰਦੀ ਹੈ :

ਚੋਰਜਾਲ ਵਿਚ ਫਾਥੇ ਪੰਛੀ -
ਬਹਿ ਗਏ ਖੰਭ ਖਿਲਾਰ ਵੇ
ਨਵੇਂ ਆਲ੍ਹਣੇ ਵੋਟਾਂ ਮੱਲੇ
ਕੈਦੀ ਹੋਇਆ ਪਿਆਰ ਵੇ (ਸਫਾ 74)

ਇਸ ਸੰਗ੍ਰਹਿ ਵਿਚ ਸੈਂਤੀ ਕਵਿਤਾਵਾਂ/ਗੀਤਾਂ ਤੋਂ ਬਿਨਾਂ ਪੰਜ ਗ਼ਜ਼ਲਾਂ ਵੀ ਹਨ। ਵਿਸ਼ੇ-ਵਸਤੂ ਤੇ ਵਜ਼ਨ ਪੱਖੋਂ ਪਹਿਲੋਂ ਨਾਲੋਂ ਪੁਵਤਗੀ ਰੂਪਮਾਨ ਹੈ :

ਇਸ ਨਗਰੀ ਵਿਚ ਕਬਰਾਂ ਵਰਗੇ ਘਰ ਲੋਕੋ,
ਮੌਤ ਅਤੇ ਜੀਵਨ ਨੇ ਧਰਤੀ ਵੰਡੀ ਹੈ (ਸਫਾ 92)

ਵਿਸ਼ੇ-ਵਸਤੂ ਦੇ ਮੁਤਾਬਕ ਭਾਸ਼ਾ ਦੀ ਢੁਕਵੀਂ ਵਰਤੋਂ ਵੀ ਕਵਿਤਾ ਦੀ ਗੁਣਤੀ ਵਿਚ ਵਾਧਾ ਕਰਦੀ ਹੈ। "ਖ਼ਚਰੀ ਖ਼ਾਮੋਸ਼ੀ", "ਮੁਹੱਬਤ ਦੀ ਮੋਮਬੱਤੀ", "ਜਿੰਨ ਜਨੂੰਨ", "ਟੀਰ", "ਪਾਰਦਰਸ਼ੀ", "ਵਾਜਾਂ ਮਾਰਦੀਆਂ ਮੁਸਕਾਨਾਂ", "ਗਲਵਕੜੀ ਵਰਗੀ ਬਾਂਹ", "ਸ਼ਬਦਾਂ ਦੀ ਉਗਾਲੀ" ਤੇ "ਅਗਿਆਨੀ ਪੰਡਤ"ਆਦਿ ਪ੍ਰਭਾਵਸ਼ਾਲੀ ਭਾਸ਼ਾ ਦੇ ਨਮੂਨੇ ਹਨ।

ਰੂਪਕ ਪੱਖੋਂ ਛੰਦ-ਬੱਧ ਕਵਿਤਾ ਵਿਚ ਕਿਤੇ ਕਿਤੇ ਵਜ਼ਨ ਦੀ ਕਚਿਆਈ

ਰੜਕਦੀ ਹੈ ਪਰ ਰਿਦਮ ਨਿਰੰਤਰ ਕਾਇਮ ਹੈ। ਰਿਦਮ ਕਵਿਤਾ ਦੀ ਜਾਨ ਹੈ। ਵਿਰਲੀ ਵਿਰਲੀ ਉੱਚੀ ਸੁਰ ਤੇ ਸਿੱਟਾ ਕੱਢਣ ਦੀ ਕਾਹਲ ਕਾਰਨ ਕਵਿਤਾ ਦਾ ਮੁੱਲ ਘਟਦਾ ਨਜ਼ਰ ਆਉਂਦਾ ਹੈ।

ਸਮੁੱਚੇ ਤੌਰ ਤੇ ਭੂਪਿੰਦਰ ਸੱਗੂ ਵਚਨਬਧ ਮਾਨਵਵਾਦੀ ਕਵੀ ਹੈ ਜਿਹੜਾ ਅਜੇ ਤਕ ਖਪਤ ਸਭਿਆਚਾਰ ਦੀ ਸ਼ੋਸ਼ੇਬਾਜ਼ੀ, ਬਨਾਵਟ, ਚੁਸਤ ਪੇਸ਼ਕਾਰੀ ਆਦਿ ਤੋਂ ਬਚਿਆ ਹੋਇਆ ਹੈ ਤੇ "ਨਵਚੇਤਨਾ"ਦੇ ਨਿੱਜਵਾਦ ਤੋਂ ਵੀ। ਸਹਿਜ ਤੇ ਸਾਦਗੀ ਉਹਦੀ ਕਵਿਤਾ ਦੇ ਗੁਣ ਹਨ। ਸਹਿਜ ਉਹਦੀ ਪ੍ਰਾਪਤੀ ਹੈ।

ਨਿਰਸੰਦੇਹ ਹੱਥਲਾ ਕਾਵਿ ਸੰਗ੍ਰਹਿ ਪਹਿਲੇ ਦੋਹਾਂ ਸੰਗ੍ਰਿਹਾਂ ਤੋਂ ਰੂਪ ਤੇ ਵਿਸ਼ੇ-ਵਸਤੂ ਪੱਖੋਂ ਅੱਗੇ ਵਧਿਆ ਹੈ ਜਿਸ ਨਾਲ ਭੂਪਿੰਦਰ ਦੂਜੀ ਪੀੜ੍ਹੀ ਦੇ ਬਰਤਨੀਆ ਵਸਦੇ ਪੰਜਾਬੀ ਕਵੀਆਂ ਦੀ ਪਹਿਲੀ ਕਤਾਰ ਵਿਚ ਆ ਖਲੋਤਾ ਹੈ। ਇਸ ਪ੍ਰਾਪਤੀ ਤੇ ਉਸ ਨੂੰ ਮੁਬਾਰਕਬਾਦ ਦਿੰਦਿਆਂ ਮੈਂ ਸਿਫਾਰਸ਼ ਕਰਦਾ ਹਾਂ ਕਿ ਲੇਖਕ ਤੇ ਪਾਠਕ ਇਹ ਸੰਗ੍ਰਹਿ ਜ਼ਰੂਰ ਪੜ੍ਹਨ ਤੇ ਵਿਚਾਰਨ। ਮੇਰੀ ਕਾਮਨਾ ਹੈ ਕਿ ਭੂਪਿੰਦਰ ਪੜ੍ਹਨ ਤੇ ਵਿਚਾਰਨ ਦੀ ਆਦਤ ਕਾਇਮ ਰੱਖੇ ਅਤੇ ਭਵਿਖ ਵਿਚ ਹੋਰ ਵੀ ਡੂੰਘੇਰੀ, ਬਹੁ-ਪਰਤੀ ਅਤੇ ਵਧੇਰੇ ਕਲਾਤਮਕ ਸਿਰਜਣਾ ਕਰੇ। ਅਮੀਨ!

ਜਨਰਲ ਸਕੱਤਰ
ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰ. ਬ੍ਰ.)

●●●●●

# ਮਾਨਵੀ ਵੇਦਨਾ ਦੀ ਰੋਹਮਈ ਅਭਿਵਿਅਕਤੀ : ਸਿਮਟੇ ਹੋਏ ਪਲ

**ਡਾ. ਰਜਨੀਸ਼ ਬਹਾਦਰ ਸਿੰਘ**

ਪੰਜਾਬੀ ਕਵਿਤਾ ਦਾ ਮੂਲ ਸਰੋਕਾਰ ਮਾਨਵੀ ਸੰਵੇਦਨਾ ਨਾਲ ਜੁੜਿਆ ਰਿਹਾ ਹੈ। ਇਹ ਸੰਵੇਦਨਾ ਇੱਕ ਵਿਚਾਰਧਾਰਕ ਪਰਿਪੇਖ ਵਿੱਚੋਂ ਹੀ ਆਪਣਾ ਸਰੂਪ ਗ੍ਰਹਿਣ ਕਰਦੀ ਰਹੀ ਹੈ। ਕਈ ਵਾਰੀ ਵਿਚਾਰਧਾਰਾ ਸਿਧਾਂਤਿਕ ਲਹਿਰ ਦਾ ਰੂਪ ਧਾਰ ਕੇ ਕਿਰਿਆਸ਼ੀਲ ਰਹੀ ਹੈ ਅਤੇ ਕਈ ਵਾਰ ਕਾਵਿ ਚਿਹਨਾਂ ਰਾਹੀਂ ਅਗਰਭੂਮਨ ਦੀ ਥਾਂ ਇੱਕ ਵਿਸ਼ੇਸ਼ ਸਮਾਜਿਕ ਪਰਿਵੇਸ਼ ਨੂੰ ਪੇਸ਼ ਕਰਦੀ ਰਹੀ ਹੈ। ਅਜੋਕੇ ਦੌਰ ਦੀ ਕਵਿਤਾ ਦੋਵੇਂ ਵਿਧੀਆਂ ਰਾਹੀਂ ਹੀ ਗਤੀਸ਼ੀਲ ਹੈ। ਨਵੀਂ ਪੀੜ੍ਹੀ ਦੇ ਕਵੀਆਂ ਦੀ ਜਟਿਲ ਵਰਤਾਰੇ ਦੀ ਪੇਸ਼ਕਾਰੀ ਸਮੇਂ ਜਟਿਲ ਸੰਚਾਰ ਵਿਧੀ ਕਈ ਥਾਂ ਸਮੱਸਿਆ ਬਣ ਜਾਂਦੀ ਹੈ ਹੈ। ਭੂਪਿੰਦਰ ਸੱਗੂ ਜਟਿਲ ਵਰਤਾਰੇ ਨੂੰ ਵੀ ਸਹਿਜ ਤੇ ਸਰਲ ਸੰਚਾਰ ਵਿਧੀ ਰਾਹੀਂ ਅਭੀਵਿਅਕਤ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਦੀ ਪ੍ਰਮੁੱਖ ਮਿਸਾਲ ਉਸ ਦਾ ਹਥਲਾ ਕਾਵਿ ਸੰਗ੍ਰਿਹ 'ਸਿਮਟੇ ਹੋਏ ਪਲ' ਹੈ।

ਭੂਪਿੰਦਰ ਸਿੰਘ ਸੱਗੂ ਦਾ ਇਹ ਤੀਸਰਾ ਭਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਕਾਵਿ ਸੰਗ੍ਰਹਿ : 'ਰਿਸ਼ਤਿਆਂ ਦਾ ਜੰਗਲ' (1989) ਅਤੇ 'ਸੱਚ ਤੇ ਸੂਲੀ' (1993) ਨਾਲ ਪਾਠਕਾਂ ਸਾਹਮਣੇ ਆਪਣੀ ਹਾਜ਼ਰੀ ਲੁਆ ਚੁਕੇ ਹਨ। 'ਸਿਮਟੇ ਹੋਏ ਪਲ' ਦਾ ਚਿਹਨ ਕਈ ਵਿਅੰਜਨੀ ਧੁਨੀਆਂ ਦਾ ਪ੍ਰਤੀਕ ਹੈ। ਸਮਾਜਿਕ ਪਰਿਪੇਖ ਵਿੱਚ ਸਮਾਂ ਇੱਕ ਗਤੀਸ਼ੀਲ ਵਰਤਾਰਾ ਹੈ, ਜਿਹੜਾ ਨਿਰੰਤਰ ਘਟਨਾਵਾਂ ਦੇ ਵਹਾ ਹੇਠ ਨਾਲ ਜੁੜਿਆ ਹੋਇਆ ਹੈ। ਇੱਕ ਸੀਮਾ ਤਕ ਸਿਮਟ ਕੇ ਰਹਿ ਗਿਆ ਪਲ ਇਨ੍ਹਾਂ ਗਤੀਸ਼ੀਲ ਘਟਨਾਵਾਂ ਵਿੱਚ ਅਮਾਨਵੀਂ ਸਥਿਤੀ ਦਾ ਪਲ ਹੈ, ਜਿਸ ਵਿੱਚ ਸਮੁੱਚਾ ਵਰਤਾਰਾ ਤਾਂ ਗਤੀਸ਼ੀਲ ਹੈ, ਪ੍ਰੰਤੂ ਇਹ ਗਤੀਸ਼ੀਲਤਾ ਅਮਾਨਵੀ ਸਥਿਤੀ ਨਾਲ ਜੁੜੇ ਜੁਜ਼ਾਂ ਲਈ ਕੋਈ ਮਹੱਤਵ ਨਹੀਂ ਰੱਖਦੀ। ਸੰਗੂ ਇਨ੍ਹਾਂ ਵਿੱਚੋਂ ਉਪਜੀ ਸਥਿਤੀ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਸ ਸਥਿਤੀ ਦੇ ਕਈ ਰੂਪ ਸਾਹਮਣੇ ਲੈ ਆਉਂਦਾ ਹੈ। ਇਸ ਸਥਿਤੀ ਦੀਆਂ ਪਰਤਾਂ ਦੇ ਨਾਲ-ਨਾਲ ਉਹ ਮਨਵੀਂ ਵੇਦਨਾ ਨੂੰ ਵੀ ਪੂਰੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। 'ਸਿਮਟੇ ਹੋਏ ਪਲ'

ਕਵਿਤਾ ਵਿੱਚ ਉਹ ਮਾਨਵੀ ਵੇਦਨਾ ਨੂੰ ਕਈ ਕੋਣਾਂ ਤੋਂ ਵੇਖਦਾ ਹੈ। ਇਸ ਵਿੱਚ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਸੰਕਟ ਦੀਆਂ ਪਰਤਾਂ ਦੀਆਂ ਵਿਕ੍ਰਤੀਆਂ ਦੇ ਕਈ ਰੂਪ ਉਭਰਦੇ ਹਨ। ਸੱਗੂ ਇਨ੍ਹਾਂ ਵਰਤਾਰਿਆਂ ਦੇ ਅਸੰਤੁਲਤ ਰੂਪਾਂ ਨੂੰ ਚਿਤਰਦਾ ਹੈ। ਇਹ ਅਸੰਤੁਲਨ ਉਸ ਦੇ ਪ੍ਰੰਪਰਾਗਤ ਪ੍ਰਤੀਮਾਨ ਨਾਲ ਜੁੜੇ ਮੂੰਹ ਵਿੱਚੋਂ ਉਭਰਦੀ ਹੈ। ਇਹ ਪ੍ਰੰਪਰਾਗਤ ਪ੍ਰਤੀਮਾਨ ਪੱਛਮੀ ਅਤੇ ਪੂਰਬੀ ਜੀਵਨ ਕੀਮਤਾਂ ਵਿੱਚੋਂ ਉਭਰਦੇ ਟਕਰਾਅ ਨਾਲ ਜੁੜੇ ਹੋਏ ਹਨ। ਪੱਛਮੀ ਸੰਭਿਆਚਾਰ ਨਾਲ ਜੁੜੀਆਂ ਜੀਵਨ ਕੀਮਤਾਂ ਨੂੰ ਪ੍ਰਣਾਏ ਸੱਭਿਆਚਾਰ ਮੁੱਲਾਂ ਨਾਲ ਜੁੜੇ ਪਲ ਸੱਗੂ ਦੀ ਸ਼ਾਇਰੀ ਵਿੱਚੋਂ ਮਨ ਦੀ ਸੰਵੇਦਨਾ ਦੇ ਮਕੈਨੀਕਲ ਰੂਪ ਵਿੱਚ ਉਭਰਦੇ ਹਨ।

ਸਿਮਟੇ ਹੋਏ ਪਲਾਂ ਵਿੱਚ,
ਸੱਭਿਆਚਾਰ ਖੁੰਢੀ ਤਲਵਾਰ ਵਾਂਗ ਲੱਗਦਾ
ਸੂਰਜ ਦੇ ਅਸਤ ਹੋਣ ਦਾ
ਜਿਵੇਂ ਪਰਛਾਵਾਂ ਚਲਦਾ
ਲੱਚਰ ਗੀਤਾਂ ਦੀ ਧੁਨ ਉਤੇ
ਹੋ ਕੇ ਬੋਰਾ
ਸ਼ਬਦਾਂ ਦੀ ਉਗਾਲੀ ਕਰਦਾ (ਪੰਨਾ 55)

ਪ੍ਰੰਤੂ ਸੰਵੇਦਨਾ ਦਾ ਇਹ ਮਕੈਨੀਕਲ ਰੂਪ ਸੱਗੂ ਰੱਦ ਕਰਦਾ ਹੈ। ਉਸ ਲਈ ਪੂਰਬੀ ਜੀਵਨ ਕੀਮਤਾਂ ਤੋਂ ਟੁਟੀ ਹੋਈ ਸਥਿਤੀ ਸਿਮਟੇ ਹੋਏ ਪਲਾਂ ਦੀ ਸਥਿਤੀ ਦਾ ਚਿਹਨ ਹੋ ਨਿਬੜਦੀ ਹੈ। ਸੱਗੂ ਇਸ ਦੇ ਸੱਚ ਦੇ ਪਿੱਛੇ ਕਾਰਜਸ਼ੀਲ ਵਾਸਤਵਿਕਤਾ ਨੂੰ ਪਹਿਚਾਣਦਾ ਹੀ ਨਹੀਂ, ਉਸ ਨੂੰ ਸਾਹਿਤਕ ਯਥਾਰਥ ਦਾ ਹਿੱਸਾ ਵੀ ਬਣਾਉਂਦਾ ਹੈ। ਪ੍ਰਮੁੱਖ ਰੂਪ ਵਿੱਚ ਉਹ ਅਮਾਨਵੀ ਸਥਿਤੀ ਨੂੰ ਉਭਾਰਦਾ ਹੈ। ਪੱਛਮੀ ਜੀਵਨ-ਜਾਚ ਵਿੱਚ ਜੋ ਕੁਝ ਓਪਰੀ ਨਜ਼ਰ ਵਿੱਚ ਉਪਲਬਧ ਹੈ, ਉਹ ਮੰਡੀ ਵਿੱਚੋਂ ਉਪਜਿਆ ਅਰਾਮ ਦਾ ਇੱਕ ਪੱਖ ਹੈ। ਸੱਗੂ ਦੀ ਦ੍ਰਿਸ਼ਟੀ ਇੱਥੇ ਮਾਨਵੀ ਦ੍ਰਿਸ਼ਟੀ ਦੀ ਸਮੁੱਚਤਾ ਨੂੰ ਫੜਦੀ ਹੈ। ਇਸ ਵਿੱਚ ਪੂੰਜੀਵਾਦੀ ਪ੍ਰਬੰਧ ਅਸੰਤੁਲਤ ਖੁਸ਼ਹਾਲੀ ਦਾ ਰੂਪ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਅਮਾਨਵੀ ਸਥਿਤੀ ਦਾ ਚਿੱਤਰ ਉਹ ਦੋ ਵਿਰੋਧੀ ਚਿਹਨਾਂ ਰਾਹੀਂ ਉਭਾਰਦਾ ਹੈ। ਉਹ ਖੁਸ਼ਹਾਲੀ ਸਦਕਾ ਖਾਣ-ਪੀਣ ਵਿੱਚ ਮਸ਼ਤ ਲੋਕਾਂ ਲਈ ਪਸ਼ੂ ਅਤੇ ਖੁਸ਼ਹਾਲੀ ਵਿਹੂਣੇ ਲੋਕਾਂ ਲਈ ਮਾਨਵ ਵਰਗੇ ਸ਼ਬਦ ਵਰਤਦਾ ਹੈ। ਇਸ ਸਥਿਤੀ ਨੂੰ ਮੌਜੂਦਾ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਚਿੱਤਰਦਾ ਹੈ। ਸਾਇੰਸ ਤੇ ਤਕਨੀਕ ਦੇ ਖੇਤਰ ਵਿੱਚ ਤਰੱਕੀ ਕਰਕੇ ਜੋ ਵੀ ਮਨੁੱਖ ਨੇ ਪ੍ਰਾਪਤ ਕੀਤਾ ਹੈ, ਉਹ ਸਿਰਫ਼ ਮੰਡੀ ਦੀ ਵਸਤ ਹੈ। ਸੱਗੂ ਇਸ ਵਸਤ

ਦੀ ਪਹੁੰਚ ਵਲ ਜਮਾਤੀ ਦ੍ਰਿਸ਼ਟੀ ਅਪਨਾਉਂਦਾ ਹੋਇਆ ਵੀ ਕਿਸੇ ਚਿੰਤਨ ਨੂੰ ਭਾਵੇਂ ਬਿੰਬਾਂ ਤੋਂ ਆਰੋਪਤ ਕਰਨ ਦੀ ਥਾਂ ਸਥਿਤੀ ਪੇਸ਼ ਕਰਦਾ ਹੈ।

ਰਿਜ਼ਕਾਂ ਵਾਲੀ ਧਰਤੀ ਵਿਹੜੇ
ਕੁਝ ਪਲ ਆਫ਼ਰ ਕੇ ਮਰਦੇ
(ਤੇ) ਕੁਝ ਮਾਨਵ ਟੁੱਕਰ ਨੂੰ ਤਰਸਣ। (ਪੰਨਾ 42)

ਸੱਗੂ ਪੱਛਮ ਦੇ ਵਿਕਸਤ ਸੱਭਿਆਚਾਰ ਵਿੱਚ ਰਹਿ ਕੇ ਜਿੱਥੇ ਇੱਕ ਵਿਸ਼ੇਸ਼ ਸੱਭਿਆਚਾਰਕ ਖੇਤਰ ਦੀ ਚੇਤਨਾ ਨਾਲ ਜੁੜਿਆ ਹੋਇਆ ਹੈ, ਜਿੱਥੇ ਉਸ ਲਈ ਮਾਨਵੀ ਪੀੜਾ ਕਸ਼ਟਦਾਇਕ ਹੈ, ਉੱਥੇ ਸੰਸਕਾਰਕ ਤੌਰ ’ਤੇ ਜੁੜੇ ਖੇਤਰ ਲਈ ਵੀ ਚਿੰਤਾ ਉਸ ਦੇ ਅਵਚੇਤਨ ਦਾ ਹਿੱਸਾ ਹੈ। ਪੰਜਾਬ ਸਮੱਸਿਆ ਸਮੇਂ ਉਪਜੀ ਸੰਕਟਗ੍ਰਸਤ ਸਥਿਤੀ ਉਸ਼ਾਂ ਨੂੰ ਚਿੰਤਤ ਕਰਦੀ ਹੈ। ਇਸ ਸਥਿਤੀ ਲਈ ਉਹ ਕਿਸੇ ਧਿਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਥਾਂ ਇਸ ਸਥਿਤੀ ਲਈ ਜ਼ਿੰਮੇਵਾਰ ਧਿਰਾਂ ਦੀ ਤਲਾਸ਼ ਕਰਦਾ ਹੈ। ਇਸ ਚਿੰਤਾ ਦੇ ਸੰਚਾਰ ਲਈ ਉਹ ਵਿਰੋਧੀ ਸਥਿਤੀਆਂ ਦੀ ਸਿਰਜਣਾ ਕਰਦਾ ਹੈ। ਇੱਕ ਪਾਸੇ ਉਸ ਦੀ ਸੁਚੇਤ ਹੱਦ ਨਾਲ ਜੁੜਿਆ ਹੋਇਆ ਖੇਤਰ ਹੈ। ਇਹ ਖੇਤਰ ਹਰੀ-ਕਚੂਰ ਵਾਈ ਹੈ, ਪ੍ਰੰਤ ਉਸ ਦੇ ਅਵਚੇਤਨ ਵਿੱਚ ਉਹ ਸਥਿਤੀ ਹੈ, ਜਿੱਥੇ ਭਾਵੁਕ ਤੌਰ ’ਤੇ ਜੁੜਿਆ ਹੋਇਆ ਹੈ। ਭਾਵਨਾ ਦੇ ਪੱਧਰ ’ਤੇ ਉਸਦੀ ਵੇਦਨਾ ਹੋਂਦ ਤੋਂ ਪਾਰ ਖੇਤਰ ਤੱਕ ਫੈਲੀ ਹੋਈ ਹੈ। ਸੱਗੂ ਅਜਿਹੀ ਸਥਿਤੀ ਨਾਲ ਜੁੜੀ ਮਾਨਸਿਕਤਾ ਨੂੰ ਜਟਿਲ ਸੰਚਾਰ ਅਰਥ ਪ੍ਰਣਾਲੀ ਤੋਂ ਬਿਨਾਂ ਸਰਲ ਅਤੇ ਸਹਿਜ ਰੂਪ ਵਿੱਚ ਪੇਸ਼ ਕਰਦਾ ਹੈ :

ਹਰੀ ਕਚੂਰ ਵਾਦੀ ਦੇ ਪਾਰੋਂ
ਪੌਣ ਆਈ ਹੈ ਪਿੰਡ ਲੂਹਣੀ
ਕੌਣ ਬੈਠਾ ਹੈ ਭੱਠ ਤਪਾ।
ਨਗਰ ਖੇਤ, ਪਹਾੜਾਂ ਦੇ ਵਿੱਚ
ਦਹਿਸ਼ਤ ਅਗਨੀ ਰਿਹਾ ਪਿੰਡਾ (ਪੰਨਾ 8)

ਸੱਗੂ ਪੰਜਾਬ ਸਮੱਸਿਆ ਵੀ ਇਸ ਸਥਿਤੀ ਅਤੇ ਤਲਾਸ਼ ਦੇ ਖੇਤਰਾਂ ਦੇ ਨਾਲ-ਨਾਲ ਦਰਦਨਾਕ ਸਥਿਤੀ ਵੀ ਉਭਾਰਦਾ ਹੈ। ਪੰਜਾਬ ਸਮੱਸਿਆ ਸਮੇਂ ਉਪਜੀ ਸਥਿਤੀ ਨੂੰ ਪੇਸ਼ ਕਰਦੇ ਹੋਏ ਸੱਗੂ ਭਾਵੁਕਤਾ ਤੋਂ ਮੁਕਤ ਹੈ। ਸੱਗੂ ਇੱਥੇ ਕਵੀ ਅਤੇ ਮੈਂ ਵਿਚਕਾਰ ਵਿੱਥ ਸਥਾਪਤ ਕਰਦਾ ਹੈ। ਉਹ ਮੈਨੂੰ ਕਾਵਿ ਅਤੇ ਕਵਿਤਾ ਉੱਤੇ ਹਾਵੀ ਨਹੀਂ ਹੋਣ ਦਿੰਦਾ, ਜਦੋਂ ਕਿ ਪੰਜਾਬ ਸਮੱਸਿਆ ਨਾਲ ਜੁੜੀ ਸ਼ਾਇਰੀ ਮਲ ਰੂਪ ਵਿੱਚ ਮਾਨਵਤਾ ਪੱਖੀ ਸੀ, ਪ੍ਰੰਤੂ ਫਿਰ ਵੀ ਸਥਿਤੀ ਦੀ ਪੇਸ਼ਕਾਰੀ ਸਮੇਂ ਕਈ ਵਾਰੀ ਭਾਵਨਾ ਤਰਕ ’ਤੇ ਹਾਵੀ ਹੋ ਜਾਂਦੀ ਸੀ। ਸੱਗੂ ਇੱਥੇ ਤਰਕ ਅਤੇ

ਮਾਨਵੀ ਸੰਵੇਦਨਾ ਦੇ ਮੂਲ ਸੂਤਰਾਂ ਦਾ ਪੱਲਾ ਨਹੀਂ ਛੱਡਦਾ। ਉਹ ਵਹਿਸ਼ਤ ਦੀ ਸਥਿਤੀ ਨੂੰ ਮਾਸੂਮਾਂ ਦੇ ਖਾਬਾਂ ਦੇ ਵਿਸਰਜਨ ਨਾਲ ਜੋੜਦਾ ਹੈ। ਉਹ ਇਸ ਸਥਿਤੀ ਨੂੰ ਭਿਆਨਕ ਤਾਂ ਬਣਾਉਂਦਾ ਹੈ, ਪ੍ਰੰਤੂ ਵਿਸਫੋਟਕ ਨਹੀਂ। ਉਹ ਮਾਸੂਮਾਂ ਦੇ ਸੁਪਨਿਆਂ ਦੇ ਤਿੜਕਣ ਦੀ ਸਥਿਤੀ ਨੂੰ ਵੀ ਅਵਚੇਤਨ ਦੇ ਸੰਕਟ ਨਾਲ ਜੱੜਦਾ ਹੈ। ਉਹ ਇਸ ਸਥਿਤੀ ਨੂੰ ਮਾਸੂਮਾਂ ਨਾਲ ਜੋੜ ਕੇ ਕਿਸੇ ਧਿਰਾਂ ਦੀ ਵਕਾਲਤ ਕਰਨ ਤੋਂ ਗੁਰੇਜ਼ ਕਰਦਾ ਹੈ। ਇਹੀ ਉਸ ਦੀ ਸੰਤੁਲਿਤ ਦ੍ਰਿਸ਼ਟੀ ਦਾ ਸਬੂਤ ਹੈ।

ਵਹਿਸ਼ਤ ਦੇ ਦਿਨਾਂ ਵਿੱਚ
ਮਾਸੂਮਾਂ ਦੇ ਨੈਣਾਂ ਵਿੱਚੋਂ
ਸੁਪਨਾ ਹੋ ਗਏ ਖ਼ਾਬ
ਸਤਲੁਜ ਅਤੇ ਬਿਆਸ ਦਾ
ਰੱਤੜਾ ਹੋਇਆ ਆਬ। (ਪੰਨਾ 23)

ਭੁਪਿੰਦਰ ਸੱਗੂ ਦੀ ਸ਼ਾਇਰੀ ਅਮਾਨਵੀ ਸਥਿਤੀ ’ਚੋਂ ਪੈਦਾ ਹੋਈ ਵੇਦਨਾ ਦੇ ਵਿਰੁੱਧ ਰੋਹ ਪੈਦਾ ਕਰਦੀ ਹੈ। ਸੱਗੂ ਦਾ ਰੋਹ ਅਨਾਰਕੀ ਵਾਲਾ ਨਹੀਂ, ਸਗੋਂ ਮਾਨਵੀ ਮੁਕਤੀ ਦੀ ਇੱਕ ਦ੍ਰਿਸ਼ਟੀ ਨਾਲ ਜੁੜਿਆ ਹੋਇਆ ਹੈ। ਇਹ ਦ੍ਰਿਸ਼ਟੀ ਮਾਨਵੀ ਏਕਤਾ ਨਾਲ ਜੁੜੀ ਹੋਈ ਹੈ। ਇਸ ਦ੍ਰਿਸ਼ਟੀ ਦੇ ਸਾਹਮਣੇ ਪਹਿਲੀ ਸਮੱਸਿਆ ਨਸਲਵਾਦ ਦੀ ਹੈ। ਇਸ ਸਮੱਸਿਆ ਦਾ ਪ੍ਰਸੰਗ ਭਾਵੇਂ ਆਰਥਿਕਤਾ ਨਾਲ ਭਰਿਆ ਹੋਇਆ ਹੈ, ਪ੍ਰੰਤੂ ਸੰਸਾਰ ਜੇਤੂ ਅਤੇ ਉੱਤਮ ਨਸਲ ਹੋਣ ਦੇ ਸੰਸਕਾਰ ਇਸ ਸਮੱਸਿਆ ਦਾ ਇੱਕ ਹੋਰ ਕਾਰਨ ਹਨ। ਇਸ ਸਮੱਸਿਆ ਦਾ ਸਾਹਮਣਾ ਪੱਛਮੀ ਸੱਭਿਆਚਾਰਕ ਇਕਾਈ ਵਿੱਚ ਵਿਚਰਦੇ ਹੋਏ ਮਨੁੱਖ ਨੂੰ ਕਈ ਪੱਧਰਾਂ ’ਤੇ ਕਰਨਾ ਪੈਂਦਾ ਹੈ। ਸੱਗੂ ਦਾ ਇਹ ਅਹਿਸਾਸ ਅਨੁਭਵਮੁਖੀ ਹੈ। ਇਸ ਅਨੁਭਵ ਨੂੰ ਉਹ ਅਭੀਵਿਅਕਤ ਕਰਦਾ ਹੋਇਆ ਭਾਵੁਕਤਾ ਦਾ ਤਰਕ ਉਭਾਰਦਾ ਹੈ। ਇਹ ਤਰਕ ਸੁਤੇ-ਸਿੱਧ ਹੀ ਖੱਬੇ-ਪੱਖੀ ਸੋਚ ਨਾਲ ਜਾ ਜੁੜਦਾ ਹੈ।

ਨਸਲੀ ਡੰਗ ਦੇ ਵਿੰਨ੍ਹਿਓ ਲੋਕੋ
ਇਕ ਹੋ ਜਾਈਏ
ਬਾਰ-ਪਰਾਏ ਜੇਕਰ ਥੀਣਾ
ਆਪਣੇ ਹੱਕਾਂ ਨੂੰ ਜੀਭਾਂ ਲਾਈਏ। (ਪੰਨਾ 12)

ਸੱਗੂ ਨਸਲਵਾਦ ਦੇ ਸ਼ਿਕਾਰ ਲੋਕਾਂ ਨੂੰ ਜਿੱਥੇ ਇਕ ਹੋਣ ਲਈ ਪ੍ਰੇਰਦਾ ਹੈ ਉੱਥੇ ਪਰਾਏ ਥਾਂ ’ਤੇ ਜੀਣ ਦੀ ਥਾਂ ਥੀਣ ਨੂੰ ਪਹਿਲ ਦਿੰਦਾ ਹੈ। ਥੀਣ ਦਾ ਚਿਹਨ ਜਿਊਂਣ ਦੇ ਮਾਣਨ ਨਾਲ ਜੁੜਿਆ ਹੋਇਆ ਹੈ। ਇਸ ਥੀਣ ਦੀ ਅਵਸਥਾ ਵਿੱਚ ਵਿਚਰਣ ਲਈ ਹੱਕਾਂ ਲਈ ਅਵਾਜ਼ ਬੁਲੰਦ ਕਰਨਾ ਜ਼ਰੂਰੀ ਹੈ। ਇਹ ਥੀਣ ਦਾ

ਚਿੰਹਨ ਪ੍ਰਵਾਸੀ ਚੇਤਨਾ ਨਾਲ ਜੁੜੀ ਕਵਿਤਾ ਵਿੱਚ ਘੱਟ ਵੇਖਣ ਨੂੰ ਮਿਲਦਾ ਹੈ। ਥੀਣ ਦੀ ਸਥਿਤੀ ਕਿਸੇ ਪ੍ਰਕਾਰ ਦੇ ਵੀ ਭੂਹੇਰਵੇ ਦੀ ਮਾਨਸਿਕਤਾ ਤੋਂ ਮੁਕਤ ਹੈ। ਥੀਣ ਦੀ ਸੋਚ ਮਨੁੱਖ ਨੂੰ ਵਰਤਮਾਨ ਸਥਿਤੀ ਵਿੱਚ ਆਪਣੀ ਥਾਂ ਬਣਾਉਣ ਲਈ ਪ੍ਰੇਰਦੀ ਹੈ। ਇਸ ਸੋਚ ਦਾ ਅਰਥ ਸੰਸਕਾਰਾਂ ਨਾਲੋਂ ਟੁੱਟਣ ਨਾਲ ਨਹੀਂ ਹੈ। ਸੱਗੂ ਦਾ ਪ੍ਰਾਚੀਨ ਪ੍ਰਬੰਧ ਅਵਚੇਤਨੀ ਪੱਧਰ ’ਤੇ ਆਪਣੇ ਵਿਰਸੇ ਵਿੱਚੋਂ ਹੀ ਉਭਰਦਾ ਹੈ। ਇਸ ਅਵਚੇਤਨ ਪਿੱਛੇ ਵੀ ਪੰਜਾਬੀ ਇਤਿਹਾਸਕ ਸਥਿਤੀ ਦੀ ਇੱਕ ਮਾਨਵੀਂ ਪ੍ਰੰਪਰਾ ਖੜੀ ਨਜ਼ਰ ਆਉਂਦੀ ਹੈ, ਜਿਸ ਵਿੱਚ ਬਾਰ-ਪਰਾਈ, ਥੀਣਾ ਅਤੇ ਖਬੇ-ਪੱਖੀ ਚੇਤਨਾ ਨਾਲ ਜੁੜੀ ਹੱਕ ਪ੍ਰਾਪਤ ਕਰਨ ਦੀ ਦ੍ਰਿਸ਼ਟੀ ਵਾਰ-ਵਾਰ ਉਸ ਦੇ ਕਾਵਿ-ਬਿੰਬਾਂ ’ਚੋਂ ਉੱਭਰਦੀ ਹੈ। ਇਸ ਦਾ ਸਰੂਪ ਰੋਹ ਭਰਪੂਰ ਸ਼ੈਲੀ ਵਿੱਚ ਉੱਭਰਦਾ ਹੈ।

ਸ੍ਵੈ-ਵਿਸ਼ਵਾਸ ਹੈ ਅਸਲੀ ਨੇਤਰ,
ਵੈਰੀ ਦੀ ਪਹਿਚਾਣ ਲਈ।
ਚਿੜੀਆਂ ਬਾਜ਼ਾਂ ਨੂੰ ਖਾ ਜਾਵਣ,
ਆਪਣੇ ਹੱਕ ਹਥਿਆਣ ਲਈ। (ਪੰਨਾ 39)

ਸੱਗੂ ਦੀ ਕਵਿਤਾ ਵਿੱਚੋਂ ਉਭਰਦੀ ਹੱਕ ਹਥਿਆਣ ਦੀ ਚੇਤਨਾ ਇਤਿਹਾਸਕ ਚੇਤਨਾਮੁਖੀ ਕਾਵਿ-ਧਾਰਾ ਦੀ ਰੋਹ ਭਰਪੂਰ ਮਾਨਸਿਕਤਾ ਦੇ ਨੇੜੇ ਹੈ, ਪ੍ਰੰਤੂ ਸੱਗੂ ਆਪਣੇ ਵਿਸ਼ਾਲ ਅਨੁਭਵ ਅਤੇ ਪੱਛਮ ਦੇ ਵਿਕਸਿਤ ਸਮਾਜ ਵਿੱਚ ਵਿਚਰਦੇ ਹੋਏ ਚੇਤਨਾ ਦੇ ਬਹੁ-ਪਾਸਾਰੀ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਸਮੇਟਦਾ ਹੈ। ਸੱਗੂ ਸਾਹਿਤ ਦੇ ਪ੍ਰਯੋਜਨ ਅਤੇ ਇਤਿਹਾਸਕ ਚੇਤਨਾਮੁਖੀ ਕਵਿਤਾ ਦੀ ਪ੍ਰਕਿਰਿਆ ਨੂੰ ਵੀ ਉਭਾਰਦਾ ਹੈ। ਉਸ ਲਈ ਅਜੋਕੀ ਕਵਿਤਾ ਨਾ ਤਣਾਓਸ਼ੀਲ ਮਨੁੱਖ ਦੀਆਂ ਮਾਨਸਿਕ ਜਟਿਲਤਾਵਾਂ ਦੀ ਪੇਸ਼ਕਾਰੀ ਹੈ ਅਤੇ ਨਾ ਹੀ ਮਾਨਸਿਕ ਕਥਾਰਸਿਸ ਦਾ ਮਾਧਿਅਮ ਹੈ। ਉਸ ਲਈ ਅਜੋਕੀ ਕਵਿਤਾ ਦੇ ਸਰੋਕਾਰ ਵੱਖਰੇ ਹਨ। ਉਸ ਲਈ ਕਵਿਤਾ ਸਮਾਜਿਕ ਪਰਿਵਰਤਨ ਦਾ ਮਾਧਿਅਮ ਹੈ। ਅਮਾਨਵੀ ਸਥਿਤੀ ਪ੍ਰਤੀ ਰੋਹ ਜਗਾਉਣ ਵਾਲੀ ਹੈ। ਕਿਰਤੀ ਮਨ ਵਿੱਚ ਰੋਹ ਦੀ ਚਿਣਗ ਪੈਦਾ ਕਰਨ ਵਾਲੀ ਹੈ। ਇਹ ਅਮਾਨਵੀ ਸਥਿਤੀ ਦੀ ਪੇਸ਼ਕਾਰੀ ਅਤੇ ਇਸ ਸਥਿਤੀ ਪ੍ਰਤੀ ਰੋਹ ਸੱਗੂ ਦੀ ਕਵਿਤਾ ਦਾ ਕੇਂਦਰ ਬਿੰਦੂ ਹੈ। ਇਸ ਦੇ ਨਾਲ ਹੀ ਉਹ ਡਾ: ਦੇਵਿੰਦਰ ਚੰਦਨ ਅਨੁਸਾਰ ਤਰਕ ਵੀ ਉਸਾਰਦਾ ਹੈ। ਇਹ ਤਰਕ ਉਸ ਦੀ ਕਵਿਤਾ ਵਿੱਚ ਸਹਿਜ ਰੂਪ ਵਿੱਚ ਉੱਭਰਦਾ ਹੈ। ਇਹ ਤਰਕ ਉਸ ਦੀ ਕਵਿਤਾ ਵਿਚਲੇ ਸਮੁੱਚੇ ਪ੍ਰਸੰਗ ਵਿੱਚ ਉੱਭਰਦਾ ਹੈ, ਅਰੋਪਤ ਰੂਪ ਵਿੱਚ ਨਹੀਂ। ਕਵਿਤਾ ਦੀ ਨਿਸ਼ਾਨਦੇਹੀ ਕਰਦੇ ਹੋਏ ਸੱਗੂ ਅਜੋਕੀ ਸਮੁੱਚੀ ਕਾਵਿ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਅਜੋਕੀ

ਕਵਿਤਾ ਨਵੇਂ ਪ੍ਰਸੰਗ ਵਿੱਚੋਂ ਕਵਿਤਾ ਨੂੰ ਪ੍ਰਭਾਸ਼ਿਤ ਕਰਨ ਅਤੇ ਉਸ ਦੇ ਪ੍ਰਯੋਜਨ ਨਿਸ਼ਚਿਤ ਕਰਨ ਵੱਲ ਅਗਰਸਰ ਹੈ। ਸੱਗੂ ਆਪਣੀ ਦ੍ਰਿਸ਼ਟੀ ਅਤੇ ਚੇਤਨਾ ਦੇ ਮੁਹਾਵਰੇ ਅਨੁਸਾਰ ਅਜੋਕੀ ਕਵਿਤਾ ਦੀ ਸਥਿਤੀ ਨਿਸ਼ਚਿਤ ਕਰਦਾ ਹੈ। ਇਹ ਸਥਿਤੀ ਵੀ ਰੋਹ ਭਰਪੂਰ ਅਭੀਵਿਅਕਤੀ ਦਾ ਰੂਪ ਹੈ।

ਅੱਜ ਦੀ ਕਵਿਤਾ ਠੋਕ-ਵਜਾ ਕੇ,
ਝੁੱਗੀਆਂ ਦੇ ਦਿਲ ਰੋਸ ਜਗਾਵੇ।
ਕਿਰਤ ਕਲਾ ਦੇ ਕੱਕਰੇ ਸੀਨੇ,
ਰਹਿ-ਰਹਿ ਰਹ ਦੀ ਚਿਣਗ ਲਗਾਵੇ। (ਪੰਨਾ 9)

ਸੱਗੂ ਦੀ ਕਵਿਤਾ ਦਾ ਇੱਕ ਹੋਰ ਪਾਸਾਰ ਪਾਰ-ਰਾਸ਼ਟਰੀ ਚੇਤਨਾ ਨਾਲ ਜੁੜਿਆ ਹੋਇਆ ਹੈ। ਅਜੋਕੀ ਸਥਿਤੀ ਵਿੱਚ ਪਾਰ-ਰਾਸ਼ਟਰੀ ਚੇਤਨਾ ਦੇ ਪ੍ਰਸੰਗ ਹਨ। ਇੱਕ ਪ੍ਰਸੰਗ ਮੰਡੀ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਪੂੰਜੀ ਦਾ ਵਹਾਅ ਬਹੁ-ਰਾਸ਼ਟਰੀ ਕੰਪਨੀਆਂ ਦਾ ਰੂਪ ਧਾਰ ਕੇ ਮੁਨਾਫ਼ੇ ਨੂੰ ਇੱਕ ਥਾਂ ਕੰਟਰੋਲ ਕਰਦਾ ਹੈ। ਅਜਿਹੀ ਸਥਿਤੀ ਵਿੱਚ ਮਨੁੱਖ ਹਾਸ਼ੀਏ ’ਤੇ ਅਤੇ ਮੁਨਾਫ਼ਾ ਕੇਦਰ ਵਿੱਚ ਹੁੰਦਾ ਹੈ, ਜਿਸ ਵਿੱਚੋਂ ਉਪਭੋਗੀ ਸੱਭਿਆਚਾਰ ਜਨਮ ਲੈਂਦਾ ਹੈ। ਦੂਜੇ ਪ੍ਰਸੰਗ ਵਿੱਚ ਪਾਰ-ਰਾਸ਼ਟਰੀ ਚੇਤਨਾ ਦੇ ਕੇਂਦਰ ਵਿਚ ਮਨੁੱਖ ਦੀ ਮੁਕਤੀ ਦਾ ਸੰਕਲਪ ਹੈ। ਇਸ ਵਿੱਚ ਮਨੁੱਖ ਦੇ ਹੱਕ ਵਿੱਚ ਉੱਠੀ ਆਵਾਜ਼ ਰਾਸ਼ਟਰ ਦੇ ਸੰਕਲਪ ਦੀਆਂ ਸੀਮਾਵਾਂ ਤੋਂ ਮੁਕਤ ਹੋ ਜਾਂਦੀ ਹੈ। ਸੱਗੂ ਦੂਜੇ ਪ੍ਰਸੰਗ ਦੇ ਚਿੰਤਨ ਨੂੰ ਪ੍ਰਣਾਇਆ ਚਿੰਤਨਸ਼ੀਲ ਕਵੀ ਹੈ, ਜਿਸ ਦੀ ਨਿਸ਼ਾਨਦੇਹੀ ਕਾਵਿ-ਸੰਗ੍ਰਹਿ ਦੇ ਸਮਰਪਣ ਅਤੇ ਕਵਿਤਾਵਾਂ ਤੋਂ ਹੁੰਦੀ ਹੈ। ਜਿਵੇਂ ਨਵਾਂ ਸਵੇਰਾ (ਦੱਖਣੀ ਅਫਰੀਕਾ ਦੀ ਆਜ਼ਾਦੀ ਦੇ ਨਾਂਅ), ਬੋਜ਼ਨੀਆ (ਜੰਗਬਾਜ਼ਾਂ ਦੇ ਨਾਂਅ), ਲੇਡੀ ਡਾਇਨਾ ਦੇ ਨਾਂਅ, ਲੋਕ ਸ਼ਕਤੀ (ਫਲਸਤੀਨੀ ਲੋਕਾਂ ਦੇ ਨਾਂਅ) ਆਦਿ ਕਵਿਤਾਵਾਂ ਮਨੁੱਖੀ ਮੁਕਤੀ ਦੇ ਕੌਮਾਂਤਰੀ ਸੰਕਲਪ ਨੂੰ ਪੇਸ਼ ਕਰਦੀਆਂ ਹਨ। ਸੱਗੂ ਨੂੰ ਕਾਵਿ-ਖੇਤਰ ਵਿੱਚ ਵਿਕਾਸ ਕਰਨ ਲਈ ਅਜੇ ਨਵਾਂ ਮੁਹਾਵਰਾ ਘੜਨ ਦੀ ਅਤੇ ਬੱਝਵਾਂ ਪ੍ਰਭਾਵ ਸਿਰਜਣ ਦੀ ਲੋੜ ਹੈ।

ਸੱਗੂ ਦੀਆਂ ਕਵਿਤਾਵਾਂ ਵਿੱਚ ਸੁਹਜਮਕਤਾ ਦਾ ਤੱਤ ਇੱਕ ਪ੍ਰਾਪਤੀ ਹੈ। ਉਸ ਦੀਆਂ ਗ਼ਜ਼ਲਾਂ ਕੁਝ ਨਵੇਂ ਆਯਾਮ ਛੋਹਦੀਆਂ ਹਨ। ਸਮੁੱਚੇ ਰੂਪ ਵਿੱਚ ਉਸ ਦੀ ਕਵਿਤਾ ਰੋਹ ਭਰਪੂਰ ਮਾਨਸਿਕਤਾ ਉਭਾਰਦੀ ਹੈ ਅਤੇ ਮਨੁੱਖ ਉਸ ਦੇ ਕੇਂਦਰ ਵਿੱਚ ਹੈ। ਆਉਣ ਵਾਲੀਆਂ ਰਚਨਾਵਾਂ ਵਿੱਚ ਸੱਗੂ ਦੀ ਕਾਵਿਕਤਾ ਹਰ ਪੱਖ ਤੋਂ ਵਿਕਸਿਤ ਹੋਣ ਦੀਆਂ ਸੰਭਾਵਨਾਵਾਂ ਮੌਜੂਦ ਹਨ।

•••••

# ਕ਼ਤਰਾ ਕ਼ਤਰਾ ਨੂਰ : ਭੂਪਿੰਦਰ ਸੱਗੂ

**ਡਾ. ਸਵਰਨ ਚੰਦਨ**

ਭੂਪਿੰਦਰ ਸੱਗੂ ਦੀ ਸ਼ਾਇਰੀ ਹਰੇਕ ਲਮਹੇਂ ਦੇ ਬੀਤਣ ਨਾਲ ਹੋਰ ਵਧੇਰੇ ਵਿਕਸਿਤ ਹੋ ਰਹੀ ਹੈ ਅਤੇ ਗ਼ਜ਼ਲ ਨਾਲ ਕੁਝ ਨਵੇਂ ਆਯਾਮ ਜੋੜ ਰਹੀ ਹੈ। ਇਹ ਗੱਲ ਉਸਦੇ ਹੱਥਲੇ ਗ਼ਜ਼ਲ-ਸੰਗ੍ਰਹਿ ਤੋਂ ਸਪਸ਼ਟ ਹੋ ਜਾਂਦੀ ਹੈ।

ਬੜੇ ਬੜੇ ਉਸਤਾਦ ਸ਼ਾਇਰ ਵੀ ਗ਼ਜ਼ਲਾਂ ਦੀ ਪੂਰੀ ਪੁਸਤਕ ਛਪਵਾਉਣ ਜਾਂ ਪ੍ਰਕਾਸ਼ਿਤ ਕਰਾਉਣ ਤੋਂ ਝਿਜਕਦੇ ਹਨ। ਪਰੰਤੂ ਭੂਪਿੰਦਰ ਸੱਗੂ ਨੇ ਅਜਿਹਾ ਕ੍ਰਿਸ਼ਮਾ ਕਰ ਵਖਾਇਆ ਹੈ। ਇਹ ਉਸਦਾ ਪਾਜ਼ੇਟਿਵ ਪੱਖ ਹੈ ਕਿਉਂਕਿ ਪੂਰੀ ਪੁਸਤਕ ਲਈ ਅੱਠ-ਦਸ ਜਾਂ ਵੀਹ ਨਹੀਂ ਬਲਕਿ ਵਧੇਰੇ ਗ਼ਜ਼ਲਾਂ ਦਰਕਾਰ ਹਨ। ਇਸੇ ਵਿਸ਼ੇਸ਼ ਕਾਵਿਕ-ਵਿਧਾ ਵਿਚ ਸਿਦਤੀ ਪੱਖੋਂ ਏਨੀ ਰਚਨਾ ਕਰਨੀ ਕੋਈ ਘੱਟ ਸੁਲਾਹੁਣਯੋਗ ਗੱਲ ਨਹੀਂ। ਗੁਣਤੀ (Quality) ਦੀ ਗੱਲ ਬਾਅਦ ਦੀ ਹੈ।

ਜਿਹੜੀ ਵਿਸ਼ੇਸ਼ ਗੱਲ ਮੈਨੂੰ, ਆਪਣੇ ਗ਼ਜ਼ਲ-ਸੰਗ੍ਰਹਿ 'ਜੁਗਨੂੰਆਂ ਦੀ ਰਾਖ' ਦੇ ਛਪਣ ਤੋਂ ਪਿੱਛੋਂ ਪਤਾ ਲੱਗੀ, ਉਹ ਇਹ ਹੈ ਕਿ ਹਰੇਕ ਕਾਵਿ-ਰੂਪ (ਕਵਿਤਾ, ਕਹਾਣੀ, ਗੀਤ, ਗ਼ਜ਼ਲ, ਨਾਵਲ) ਦੀ ਇਕ ਖਾਸ ਬਣਤਰ ਹੁੰਦੀ ਹੈ ਅਤੇ ਜੇ ਕਹਾਣੀ ਤੇ ਨਾਵਲ ਉਸ ਬਣਤਰ ਤੋਂ ਬਿਨਾ ਕਹਾਣੀ ਜਾ ਨਾਵਲ ਨਹੀਂ ਬਣਦੇ ਤਾਂ ਗ਼ਜ਼ਲ ਕਿਵੇਂ ਗ਼ਜ਼ਲ ਬਣ ਸਕਦੀ ਹੈ? ਇਹੋ ਹੀ ਗੱਲ ਅਜੇ ਪੰਜਾਬੀ ਵਿਚ ਗ਼ਜ਼ਲ ਲਿਖਣ ਵਾਲੇ ਬਹੁਤ ਸਾਰੇ ਅਖਾਉਤੀ ਗ਼ਜ਼ਲ-ਗੋਆਂ ਲਈ ਸਮਝਣੀ ਬਾਕੀ ਹੈ।

ਪੰਜਾਬੀ ਪਿੰਗਲ ਕਦੇ ਵੀ ਗ਼ਜ਼ਲ ਦੇ ਰੂਪ ਨਾਲ ਇਨਸਾਫ਼ ਨਹੀਂ ਕਰ ਸਕਦਾ ਕਿਉਂਕਿ ਇਹ ਗ਼ਜ਼ਲ ਕਾਵਿ-ਰੂਪ ਨੂੰ ਅੱਗੇ ਰੱਖ ਕੇ ਬਣਾਇਆ ਹੀ ਨਹੀਂ ਗਿਆ। ਪਰ ਜਿਥੋਂ ਤੱਕ ਪੰਜਾਬੀ ਦੇ ਆਪਣੇ ਕਾਵਿ-ਰੂਪਾਂ (ਜਿਵੇਂ ਬੈਂਤ, ਸਦ, ਕੋਰੜਾ, ਸਿਰਖੰਡੀ, ਕਬਿਤ ਆਦਿ) ਦਾ ਸਬੰਧ ਹੈ, ਪਿੰਗਲ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗ਼ਜ਼ਲ ਕਾਵਿ-ਰੂਪ ਦਾ ਚੌਖਟਾ ਅਰੂਜ਼ ਤੋਂ ਬਿਨਾ ਕਾਬੂ ਨਹੀਂ ਕੀਤਾ ਜਾ ਸਕਦਾ- ਇਸ ਬਾਰੇ ਮੈਂ ਯਕੀਨ ਨਾਲ ਆਖ ਸਕਦਾ ਹਾਂ। ਜਿਹੜੇ ਲੋਕ ਇਸ ਸੱਚ ਨੂੰ ਮੰਨਣ ਤੋਂ ਭੱਜਦੇ ਹਨ ਉਹਨਾਂ ਅੱਗੇ ਇਕੋ ਹੀ

ਸਵਾਲ ਹੈ ਕਿ ਉਹ 'ਕਵਿਤਾ' ਨੂੰ 'ਗ਼ਜ਼ਲ' ਕਿਉਂ ਨਹੀਂ ਮੰਨ ਲੈਂਦੇ ਤਾਂ ਕਿ ਝਗੜਾ ਹੀ ਖ਼ਤਮ ਹੋ ਜਾਵੇ। ਅਸਲ ਵਿਚ, ਇਹ ਗੱਲ ਸੱਚ ਵੀ ਹੈ ਕਿ ਬਹੁਤ ਸਾਰੇ ਅਖਾਉਤੀ ਗ਼ਜ਼ਲ-ਲੇਖਕ ਜ਼ਰਾ ਜਿਹੀ ਪਾਬੰਦ ਕਵਿਤਾ ਨੂੰ ਵੀ ਗ਼ਜ਼ਲ ਹੀ ਆਖੀ ਤੁਰੇ ਜਾਂਦੇ ਹਨ।

ਇਉਂ ਜੇਕਰ ਪੰਜਾਬੀ ਵਿਚ ਗ਼ਜ਼ਲ ਲਿਖਣ ਵਾਲੇ 90% ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਪੜ੍ਹੀਆਂ ਜਾਣ ਤਾਂ ਭੂਪਿੰਦਰ ਸੱਗੂ ਦਾ ਸਥਾਨ ਉਹਨਾਂ ਤੋਂ ਉੱਪਰ ਬਣਦਾ ਹੈ ਭਾਵੇਂ ਅਰੂਜ਼ ਦੇ ਨੁਕਤਾ ਨਜ਼ਰ ਤੋਂ ਉਸ ਵਿਚ ਵੀ 'ਅਜੇ' ਕੱਚਿਆਈਆਂ ਹਨ।

ਗ਼ਜ਼ਲ, ਤੱ-ਗ਼ਜ਼ਲ ਜਾਂ ਤਖ਼ੱਯਲ ਤਾਂ ਹੈ ਹੀ ਪਰੰਤੂ ਇਹ ਤਖੱਯਲ ਜਾਂ ਖਿਆਲ-ਉਡਾਰੀ ਕਵਿਤਾ (ਖੁੱਲ੍ਹੀ ਜਾਂ ਪਾਬੰਦ) ਵਿਚ ਉਸਤੋਂ ਵੀ ਵਧੇਰੇ ਵੇਖਣ ਨੂੰ ਮਿਲਦੀ ਹੈ। ਤਾਂ ਕਿ ਉਹ ਕਵਿਤਾ ਗ਼ਜ਼ਲ ਹੋ ਗਈ। ਗ਼ਜ਼ਲ, ਗ਼ਜ਼ਲ ਇਸ ਲਈ ਹੈ ਕਿ ਉਹ ਕਵਿਤਾ, ਰੁਬਾਈ, ਗੀਤ, ਕਹਾਣੀ ਜਾਂ ਨਾਵਲ ਨਹੀਂ ਹੈ। ਫੇਰ ਉਹ ਕਿਹੜੀ ਸ਼ੈਅ ਹੈ ਜਿਹੜੀ ਫੈਸਲਾ ਕਰਦੀ ਹੈ ਕਿ ਕੋਈ ਵਿਸ਼ੇਸ਼ ਕਾਵਿ-ਰੂਪ ਗ਼ਜ਼ਲ ਹੈ ਜਾਂ ਕੁਝ ਹੋਰ? ਜ਼ਾਹਰ ਹੈ ਕਿ ਅਖ਼ੀਰੀ ਫੈਸਲਾ ਸੰਰਚਨਾ ਨੇ ਕਰਨਾ ਹੈ, ਬਣਤਰ ਨੇ ਕਰਨਾ ਹੈ। ਇਹ ਸੰਰਚਨਾ ਜਾਂ ਬਣਤਰ ਗ਼ਜ਼ਲ ਦੀ ਹੈ ਜਾਂ ਕਿਸੇ ਹੋਰ ਕਾਵਿ-ਰੂਪ ਦੀ, ਇਸਦਾ ਫੈਸਲਾ ਗ਼ਜ਼ਲ ਦੀ ਬਣਤਰ ਨੂੰ ਪਛਾਣ ਸਕਣ ਵਾਲੇ ਸਿਧਾਂਤ ਨੇ ਕਰਨਾ ਹੈ। ਸੋ ਅਰੂਜ਼ ਹੀ ਉਹ ਸਿਧਾਂਤ ਹੈ ਜਿਹੜਾ ਇਸਦੀ ਪਛਾਣ ਕਰਦਾ ਹੈ ਅਤੇ ਸੰਰਚਨਾ ਦੇ ਗ਼ਲਤ ਜਾਂ ਠੀਕ ਹੋਣ ਬਾਰੇ ਆਪਣਾ ਫੈਸਲਾ ਦੇਂਦਾ ਹੈ। ਅਰੂਜ਼ ਦੇ ਸਮਝ ਨਾ ਆਉਣ ਦੀ ਮਜਬੂਰੀ ਨੂੰ ਇਹ ਕਹਿ ਕੇ ਮਜ਼ਾਕ ਕਰਨਾ ਕਿ ਅਰੂਜ਼ ਨਾਲ ਤਾਂ ਲਤੀਫ਼ਾ ਵੀ ਨਹੀਂ ਘੜਿਆ ਜਾ ਸਕਦਾ ਗ਼ਜ਼ਲ ਤਾਂ ਭਲਾ ਕੀ ਲਿਖਣੀ ਹੈ, ਪੰਜਾਬੀਪੁਣੇ ਦੀ ਬਲਕਿ ਅੱਧ-ਵੱਰਿਤੀ ਮਾਨਸਿਕਤਾ ਦਾ ਘਟੀਆ ਪ੍ਰਗਟਾਵਾ ਕਰਨ ਦੀ ਰੁਚੀ ਦਾ ਲਖਾਇਕ ਹੈ।

ਇਹ ਗੱਲਾਂ ਮੈਂ ਬੜੀ ਦੇਰ ਤੋਂ ਕਹਿਣੀਆਂ ਚਾਹੁੰਦਾ ਸਾਂ ਪਰ ਹੁਣ ਭੂਪਿੰਦਰ ਸੱਗੂ ਦੀ ਕਿਤਾਬ ਨੇ ਅਚਾਨਕ ਇਹ ਅਵਸਰ ਪੈਦਾ ਕਰ ਦਿਤਾ ਹੈ। ਮੈਂ ਉਹਨਾਂ ਲੋਕਾਂ ਨੂੰ ਵੀ ਬਰਦਾਸ਼ਤ ਨਹੀਂ ਕਰ ਸਕਦਾ ਜਿਹੜੇ ਅਰੂਜ਼ ਤਾਂ ਜਾਣਦੇ ਹਨ ਪਰੰਤੂ ਗ਼ਜ਼ਲਗੋ ਨਹੀਂ ਹਨ, ਤੇ ਜਿਹੜੇ ਇਸਤਰਾਂ ਦੇ ਸ਼ੇਅਰ ਲਿਖਦੇ ਹਨ :

ਫਸਲਾਂ ਵਿਚ ਬਟੇਰੇ ਬਾਬਾ।
ਦੋ ਤੇਰੇ ਦੋ ਮੇਰੇ ਬਾਬਾ।

ਇਹ "ਸ਼ੇਅਰ" ਅਰੂਜ਼ ਉਤੇ ਪੂਰਾ ਹੈ ਪਰ ਕੀ ਇਹ ਸ਼ੇਅਰ ਹੀ ਵੀ? ਅਸਲ ਵਿਚ ਅਰੂਜ਼ ਦੇ ਅਜਿਹੇ ਜਾਣਕਾਰਾਂ ਨੇ ਹੀ ਆਪਣੀ ਜ਼ਿਦ ਨਾਲ ਉੱਚੇ ਤਖ਼ੱਯਲ

ਦੇ ਮਾਲਕ ਗ਼ਜ਼ਲਗੋਆਂ ਨੂੰ ਅਰੂਜ਼ ਤੋਂ ਦੂਰ ਕੀਤਾ ਹੈ। ਅਜਿਹੇ ਦੋਸਤਾਂ ਨੂੰ ਮੇਰੀ ਬੇਨਤੀ ਹੈ ਕਿ ਉਹ ਕੱਚ-ਘਰੜ ਅਰੂਜ਼ੀਆਂ ਦੀਆਂ ਗੱਲਾਂ ਦਾ ਬੁਰਾ ਨਾ ਮਨਾਉਣਾ ਸਗੋਂ ਖਿਆਲਾਂ ਦੀ ਅਸੀਮ ਉਡਾਰੀ ਦੇ ਨਾਲ ਗ਼ਜ਼ਲ ਦੀ ਵਿਧਾ (ਅਰੂਜ਼) ਦੀ ਜਾਣਕਾਰੀ ਵੀ ਜ਼ਰੂਰ ਹਾਸਿਲ ਕਰਨ। ਇਹ ਕੰਮ ਮੁਸ਼ਕਿਲ ਹੈ ਪਰ ਅਸੰਭਵ ਬਿਲਕੁਲ ਨਹੀਂ।

ਹੁਣ "ਕ਼ਤਰਾ ਕ਼ਤਰਾ ਨੂਰ" ਵੱਲ। ਭੂਪਿੰਦਰ ਸੱਗੂ ਦੀਆਂ ਇਹਨਾਂ ਗ਼ਜ਼ਲਾਂ ਦਾ ਸੁਆਦ ਮਾਣਦਿਆਂ ਮੈਨੂੰ ਵਾਰ ਵਾਰ ਮਹਿਸੂਸ ਹੋਇਆ ਹੈ ਕਿ ਮੈਂ ਕਿਸੇ ਕਿਸੇ ਗ਼ਜ਼ਲ ਦੇ ਕਿਸੇ ਕਿਸੇ ਸ਼ੇਅਰ ਵਿਚ ਮਰਹੂਮ ਨਿਰੰਜਨ ਸਿੰਘ ਨੂਰ ਨੂੰ ਪੜ੍ਹ ਰਿਹਾ ਹਾਂ। ਪਰ ਫੇਰ ਯਾਦ ਆਇਆ ਕਿ ਭੂਪਿੰਦਰ ਸੱਗੂ ਤਾਂ ਸੀ ਹੀ ਨੂਰ ਦਾ ਸ਼ਾਗਿਰਦ, ਫੇਰ ਭਲਾ ਥੋੜ੍ਹਾ ਬਹੁਤ ਅਸਰ ਕਿਉਂ ਨਹੀਂ ਹੋਵੇਗਾ? ਅਸਰ ਕਬੂਲਣਾ ਕੋਈ ਮਾੜੀ ਗੱਲ ਨਹੀਂ। ਚੰਗਿਆਈ ਦਾ ਅਸਰ ਕਬੂਲਣਾ ਹੀ ਚਾਹੀਦਾ ਹੈ ਪਰੰਤੂ ਬੁਰਾਈ ਦਾ ਨਹੀਂ। ਨੂਰ ਹੁਰੀਂ ਭੂਪਿੰਦਰ ਦੇ ਸ਼ੇਅਰ ਦਰੁਸਤ ਵੀ ਕਰਦੇ ਰਹੇ ਹਨ, ਇਸ ਲਈ ਉਹਨਾਂ ਦੀ ਡਿਕਸ਼ਨ ਦਾ ਦਖ਼ਲੰਦਾਜ਼ ਹੋਣਾ ਵੀ ਕੁਦਰਤੀ ਗੱਲ ਹੈ। ਪਰੰਤੂ ਇਸ ਸਭ ਕੁਝ ਦੇ ਬਾਵਜੂਦ ਇਹ ਭੂਪਿੰਦਰ ਸੱਗੂ ਦੀਆਂ ਗ਼ਜ਼ਲਾਂ ਹਨ, ਭਾਵੇਂ ਕੁਝ ਨੁਕਸਦਾਰ ਪਰ ਉਸਦੀਆਂ ਆਪਣੀਆਂ।

ਇਕ ਵਾਰੀ ਇਕ ਰੂਸੀ ਲੇਖਕ ਨੇ ਕਿਹਾ ਸੀ ਕਿ ਜੋ ਵੀ ਉਹਨੇ ਛੋਟੀ ਉਮਰੇ ਲਿਖਿਆ ਸੀ ਉਹ ਨਾਕਿਸ ਜ਼ਰੂਰ ਸੀ ਪਰੰਤੂ ਉਸਦਾ ਆਪਣਾ ਸੀ- ਇਹੀ ਗੱਲ ਭੂਪਿੰਦਰ 'ਤੇ ਲਾਗੂ ਹੁੰਦੀ ਹੈ। ਭੂਪਿੰਦਰ ਦੀ ਇਕ ਗ਼ਜ਼ਲ ਦੇ ਸ਼ੇਅਰ ਵੇਖੋ :

ਪਰਤੇ ਅਜੇ ਨਾ ਪੰਛੀ ਹੈ ਹੋ ਗਿਆ ਹਨੇਰਾ।  
ਜਿੱਧਰ ਫ਼ਕੀਰ ਤੁਰ ਗਏ ਉੱਧਰ ਉਨ੍ਹਾਂ ਦਾ ਡੇਰਾ।  
ਮੰਜ਼ਿਲ 'ਤੇ ਪਹੁੰਚ ਕੇ ਵੀ ਮੈਂ ਦੀਪ ਨਾ ਬੁਝਾਇਆ,  
ਕੁਝ ਦੇਰ ਨਾਲ ਸ਼ਾਇਦ, ਆਵੇ ਅਜੇ ਸਵੇਰਾ।  
(SSIS + ISSS + SIS + ISS)

ਇਉਂ ਉਪਰੋਕਤ ਦੋ ਸ਼ੇਅਰਾਂ ਵਿਚ ਜਿੱਥੇ ਅਰੂਜ਼ ਦੀ ਪਕਿਆਈ ਸਾਫ਼ ਦ੍ਰਿਸ਼ਟੀਗੋਚਰ ਹੁੰਦੀ ਹੈ ਉਥੇ ਖਿਆਲ ਦੀ ਬੁਲੰਦੀ ਵੀ ਆਪਣਾ ਜਾਦੂ ਜਗਾਉਂਦੀ ਹੈ।

ਇੱਕ ਹੋਰ ਗ਼ਜ਼ਲ ਦੇ ਕੁਝ ਸ਼ੇਅਰ ਮੁਲਾਹਜ਼ਾ ਹੋਣ :

ਮੁਹੱਬਤ ਸੀਸ ਮੰਗਦੀ ਹੈ ਤੇ ਸਿਰ ਵੀ ਦਾਨ ਕਰਦੀ ਹੈ।  
ਤੇ ਇਹ ਇਕ ਪਲ ਤੋਂ ਸਾਰੀ ਜ਼ਿੰਦਗੀ ਕੁਰਬਾਨ ਕਰਦੀ ਹੈ।  
ਨਜ਼ਰ ਕਾਫ਼ਰ ਜ਼ਮਾਨੇ ਦੀ ਹੈ ਮੈਨੂੰ ਘੂਰਦੀ ਰਹਿੰਦੀ,

ਨਜ਼ਰ ਪਰ ਯਾਰ ਦੀ, ਮੇਰੀ ਬਦੀ ਪਰਵਾਨ ਕਰਦੀ ਹੈ।
(ISSS + ISSS + ISSS + ISSS)

(ਮਤਲੇ) ਪਹਿਲੇ ਸ਼ੇਅਰ ਵਿਚ 'ਗ' ਤਕਰੀਬਨ ਬੇਹਰਕਤ ਹੀ ਹੈ ਇਸ ਲਈ ਉਹਦਾ ਵਜੂਦ ਨਾ ਹੋਣ ਬਰਾਬਰ ਹੀ ਸਮਝਿਆ ਜਾਏਗਾ। ਪਰ ਇਸੇ ਗ਼ਜ਼ਲ ਦਾ ਆਖਰੀ ਸ਼ੇਅਰ ਵੀ ਵੇਖੋ :

ਕਿਸੇ ਪੱਥਰ ਦੀ ਪੂਜਾ ਵਾਂਗ ਹੀ ਸ਼ਬਦਾਂ ਦੀ ਪੂਜਾ ਹੈ,
ਅਮਲ ਕਰਦੇ ਰਹਿਣ ਦਾ ਜ਼ਿੰਦਗੀ ਫੁਰਮਾਨ ਕਰਦੀ ਹੈ।

ਉਪ੍ਰੋਕਤ ਸ਼ੇਅਰ ਦਾ ਦੂਜਾ ਮਿਸਰਾ ਗ਼ਲਤ ਹੈ। ਇਸ ਸ਼ੇਅਰ (ਮਕਤਾ) ਦਾ ਸਾਰਾ ਹੁਸਨ ਤਬਾਹ ਹੋ ਗਿਆ ਹੈ ਕਿਉਂਕਿ ਇਹ ਮਿਸਰਾ ਬੇਬਹਿਰਾ ਹੈ। ਇਸ ਨੂੰ ਇੰਜ ਠੀਕ ਕੀਤਾ ਜਾ ਸਕਦਾ ਹੈ :

ਕਿਸੇ ਪੱਥਰ ਦੀ ਪੂਜਾ ਵਾਂਗ ਹੀ ਸ਼ਬਦਾਂ ਦੀ ਪੂਜਾ ਹੈ,
ਅਮਲ ਹੀ ਜ਼ਿੰਦਗੀ ਹੈ, ਜ਼ਿੰਦਗੀ ਫ਼ੁਰਮਾਨ ਕਰਦੀ ਹੈ।

ਜ਼ਰਾ ਦਸਵੀਂ ਗ਼ਜ਼ਲ ਵੱਲ ਧਿਆਨ ਦਿਉ :

ਭੇਤ ਹੈ ਖੁੱਲ੍ਹਾ ਤੇਰੇ ਈਮਾਨ ਦਾ।
ਸ਼ਕਲ ਮੋਮਨ ਦੀ, ਅਮਲ ਸ਼ੈਤਾਨ ਦਾ।
ਆਫਰੀ ਫਿਰਦੀ ਕਿਵੇਂ ਅੱਗ ਦੀ ਨਦੀ,
ਕੌਣ ਮੂੰਹ ਮੋੜੇ ਗਾ ਇਸ ਤੂਫਾਨ ਦਾ।
ਦੈਂਤ ਹੈ ਜੋ ਨੇਰ੍ਹ ਪਾਵੇ ਰੱਜ ਕੇ,
ਖ਼ੂਨ ਜੋ ਪੀਵੇ ਸਦਾ ਇਨਸਾਨ ਦਾ।
(SISS + SISS + SIS)

ਪਰ ਇਸ ਗ਼ਜ਼ਲ ਦਾ ਅਗਲਾ ਸ਼ੇਅਰ ਗ਼ਲਤ ਹੈ :

ਕੈਦੋਂ ਜਿਵੇਂ ਵੰਡ ਰਿਹਾ ਆਬੇ ਹਯਾਤ
ਇਹ ਮਖੌਟਾ ਹੈ ਓਰਾ ਨਾਦਾਨ ਦਾ।

ਪਹਿਲੇ ਮਿਸਰੇ ਦਾ ਪਹਿਲਾ ਸ਼ਬਦ "ਕੈਦੋਂ" ਗ਼ਲਤ ਹੈ। ਇਹ ਮਿਸਰਾ ਹੇਠ ਲਿਖੇ ਪ੍ਰਕਾਰ ਠੀਕ ਹੋ ਸਕਦਾ ਹੈ :

ਵੰਡਦਾ ਕੈਦੋਂ ਜਿਵੇਂ ਆਬੇ ਹਯਾਤ
ਇਹ ਮਖੌਟਾ ਹੈ ਤਿਰਾ ਨਾਦਾਨ ਦਾ।

ਚੌਦਵੀਂ ਗ਼ਜ਼ਲ ਵੱਲ ਧਿਆਨ ਦਿਉ :

ਕਿਹੜੀ ਗੱਲ ਹੈ।
ਵਕਤੀ ਸੱਲ ਹੈ।

[‘ਗੱਲ’ ਤੇ ‘ਸੱਲ’ ਦੀ ‘ਅੱਧਕ’ ਗੱਲ ਚਮਕਾਉਣ ਲਈ ਹੈ ਪਰ ਉਂਜ ਹਰਕਤਹੀਣ ਹੈ।]

ਦੁੱਖ ਦਾ ਕੀ ਹੈ,
ਪਲ ਦੋ ਪਲ ਹੈ।

•••

ਰੂਹ ਦੁਆਲੇ,
ਇਕ ਜੰਗਲ ਹੈ [ਮਕਤਾ]
(SS + SS)

ਮਕਤਾ (ਆਖ਼ਰੀ ਸ਼ੇਅਰ) ਦਾ ਪਹਿਲਾ ਮਿਸਰਾ ਇਹ ਚਾਹੀਦਾ ਹੈ :

ਰੂਹ ਦੇ ਅੱਗੇ
ਇਕ ਜੰਗਲ ਹੈ।

ਇੰਜ ਅਸੀਂ ਵੇਖਦੇ ਹਾਂ ਕਿ ਭੂਪਿੰਦਰ ਦੀਆਂ ਇਹਨਾਂ ਗ਼ਜ਼ਲਾਂ ਵਿਚ ਕੋਈ ਇਕ ਸ਼ੇਅਰ ਬੇਬਹਿਰਾ ਤੇ ਬੇਵਜ਼ਨਾ ਹੋ ਜਾਂਦਾ ਹੈ ਪਰੰਤੂ ਫਿਰ ਵੀ ਬਹੁਤੇ ਸ਼ੇਅਰ ਤਰਾਜ਼ੂ ’ਤੇ ਪੂਰੇ ਉਤਰਦੇ ਹਨ। ਤਰਾਜ਼ੂ ਤੋਂ ਲਾਹੌਰ ਗ਼ਜ਼ਲ ਦੇ ਸ਼ੇਅਰਾਂ ਦਾ ਹੋਰ ਕੋਈ ਮਾਪ ਨਹੀਂ ਹੈ। ਜੇ ਕਹਾਣੀ/ਨਾਵਲ ਦਾ ਕਾਵਿ-ਸ਼ਾਸਤਰ ਹੈ ਤਾਂ ਫਿਰ ਗ਼ਜ਼ਲ ਦਾ ਕਾਵਿ-ਸ਼ਾਸਤਰ ਕਿਉਂ ਨਹੀਂ?

ਮੈਨੂੰ ਅਫਸੋਸ ਹੈ ਕਿ ਮੈਂ ‘ਕ਼ਤਰਾ ਕ਼ਤਰਾ ਨੂਰ’ ਪੁਸਤਕ ਦੀਆਂ ਹੋਰ ਬਹੁਤ ਸਾਰੀਆਂ ਗ਼ਜ਼ਲਾਂ ਵਿਚੋਂ ਉਦਾਹਰਣਾਂ ਪੇਸ਼ ਕਰਨਾ ਚਾਹੁੰਦਾ ਹੋਇਆ ਵੀ ਨਹੀਂ ਕਰ ਸਕਦਾ ਕਿਉਂਕਿ ਇਸ ਲੇਖ ਦੀ ਵੀ ਇਕ ਸੀਮਾ ਹੈ। ਪਰ ਮੈਂ ਯਕੀਨ ਨਾਲ ਆਖ ਸਕਦਾ ਹਾਂ ਕਿ ਭੂਪਿੰਦਰ ਸੱਗੂ ਦੀ ਗ਼ਜ਼ਲ ਹਰ ਰੋਜ਼ ਹੋਰ ਵਧੇਰੇ ਮਜ਼ਬੂਤ ਅਤੇ ਤਖ਼ੱਯਲ-ਪਸੰਦ ਹੋ ਰਹੀ ਹੈ। ਉਸਦੀ ਅਗਲੀ ਪੁਸਤਕ ਦੀਆਂ ਗ਼ਜ਼ਲਾਂ ਏਸਦਾ ਪ੍ਰਮਾਣ ਪੇਸ਼ ਕਰਨਗੀਆਂ।

ਅੰਤ ਵਿਚ ਜਿੱਥੇ ਮੈਂ ਪੰਜਾਬੀ ਪਾਠਕਾਂ ਨੂੰ ਇਹ ਗ਼ਜ਼ਲਾਂ ਪੜ੍ਹਨ ਦੀ ਅਪੀਲ ਕਰਦਾ ਹਾਂ, ਉਥੇ ਨਵੇਂ ਗ਼ਜ਼ਲਗੋਆਂ ਨੂੰ ਨਿਮੱਰਤਾ ਸਹਿਤ ਅਰਜ਼ ਕਰਨੀ ਚਾਹਵਾਂਗਾ ਕਿ ਉਹ ਗ਼ਜ਼ਲ ਦੇ ਕਾਵਿ-ਸ਼ਾਸਤਰ (ਅਰੂਜ਼) ਤੋਂ ਭੱਜਣ ਨਾ ਸਗੋਂ ਇਸਦਾ ਨਿੱਠ ਕੇ ਅਧਿਐਨ ਕਰਨ। ਖੁੱਲ੍ਹ ਲੈਣ ਪਰ ਏਨੀ ਨਹੀਂ ਕਿ ਗ਼ਜ਼ਲ, ਗ਼ਜ਼ਲ ਹੀ ਨਾ ਰਹਿ ਜਾਵੇ।

•••••

# ਨੂਰ ਦੀ ਵਜਾਹਤ : ਕ਼ਤਰਾ ਕ਼ਤਰਾ ਨੂਰ

## ਡਾ. ਮੋਹਨਜੀਤ

ਭੂਪਿੰਦਰ ਸੱਗੂ ਇੰਗਲੈਂਡ ਵਾਸੀ ਹੈ ਅਤੇ ਸਵਰਗਵਾਸੀ ਨਿਰੰਜਨ ਸਿੰਘ ਨੂਰ ਦਾ ਨਜ਼ਦੀਕੀ ਸਾਥੀ ਅਤੇ ਕਦਰਦਾਨ ਹੈ। ਉਸਦੀ ਮੁੱਖ ਪ੍ਰੇਰਨਾ ਵੀ ਨਿਰੰਜਨ ਸਿੰਘ ਨੂਰ ਹੀ ਹਨ। ਨਿਰੰਜਨ ਸਿੰਘ ਨੂਰ ਦਾ ਪ੍ਰਗਤੀਵਾਦੀ ਸਾਹਿਤ ਵਿਚ ਵਿਸ਼ੇਸ਼-ਸਥਾਨ ਹੈ। ਉਹ ਮਨੁੱਖੀ ਅਧਿਕਾਰਾਂ ਨੂੰ ਅਤੇ ਸਿਹਤਮੰਦ ਮਨੁੱਖੀ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਉਮਰ ਭਰ ਯਤਨਸ਼ੀਲ ਰਿਹਾ। ਉਹ ਵੱਡਾ ਯੋਧਾ ਸੰਘਰਸ਼ਕਾਰ ਸੀ। ਭੂਪਿੰਦਰ ਸੱਗੂ ਨੇ ਵੀ ਨਿਰੰਜਨ ਸਿੰਘ ਨੂਰ ਦੇ ਨਿਰੋਏ ਵਿਚਾਰਾਂ ਨੂੰ ਆਪਣੀ ਪ੍ਰੇਰਨਾ ਦਾ ਸੋਮਾ ਬਣਾਇਆ ਹੈ ਅਤੇ ਗ਼ਜ਼ਲ ਦੇ ਖੇਤਰ ਵਿਚ ਅਗਾਂਹਵਧੂ ਅਤੇ ਲੋਕ-ਕਲਿਆਣ ਵਾਲੀਆਂ ਭਾਵਨਾਵਾਂ ਨੂੰ ਲੈ ਕੇ ਆਇਆ ਹੈ। ਸਾਹਿਤ ਦੇ ਖੇਤਰ ਵਿਚ ਸ਼ਾਇਦ ਹੀ ਕੋਈ ਅਜੇਹਾ ਰਚਨਾਕਾਰ ਹੋਏ ਜਿਹਨੇ ਆਪਣੇ ਤੋਂ ਪਹਿਲਾਂ ਵਾਲੇ ਕਿਸੇ ਸਮਰੱਥ ਕਲਾਕਾਰ ਤੋਂ ਪ੍ਰੇਰਨਾ ਨਾ ਲਈ ਹੋਵੇ। ਹਰ ਸਿਰਜਣਕਾਰ ਦਾ ਕੋਈ ਨਾ ਕੋਈ ਰੋਲ ਮਾਡਲ ਹੁੰਦਾ ਹੈ। ਆਪਣੀ ਮੌਲਿਕ ਸਿਰਜਣਸ਼ੀਲਤਾ ਕਾਰਨ ਨਵਾਂ ਕਲਾਕਾਰ ਕਲਾ ਦੇ ਖੇਤਰ ਵਿਚ ਨਵੀਆਂ ਲੀਹਾਂ ਪਾਉਂਦਾ ਹੈ। ਭੂਪਿੰਦਰ ਸੱਗੂ ਅਜੇਹੇ ਕਾਰਜ ਲਈ ਹੀ ਯਤਨਸ਼ੀਲ ਹੈ।

ਭੂਪਿੰਦਰ ਸੱਗੂ ਨੇ ਗ਼ਜ਼ਲ ਦੀ ਵਿਧਾ ਨੂੰ ਹੱਥ ਪਾਇਆ ਹੈ। ਇਸ ਵਿਧਾ ਦੇ ਦੋ ਪਾਸਾਰ ਹਨ : ਪਹਿਲਾ ਮਜ਼ਮੂਨ ਅਤੇ ਦੂਜਾ ਵਿਆਕਰਣ। ਮਜ਼ਮੂਨ ਨੂੰ ਕਿਵੇਂ ਪੇਸ਼ ਕਰਨਾ ਹੈ, ਇਹ ਸ਼ੈਲੀਗਤ ਮਸਲਾ ਹੈ। ਪਰ ਵਿਆਕਰਨ ਬੜੀ ਮਹੱਤਵਪੂਰਣ ਗੱਲ ਹੈ। ਕਿਉਂਕਿ ਗਜ਼ਲ ਅਰਬੀ ਫਾਰਸੀ ਚੋਂ ਆਈ ਹੈ ਅਤੇ ਇਹਦੀ ਬਣਤਰ ਦਾ ਪਿਛੋਕੜ ਅਰੂਜ਼ ਹੈ ਇਸ ਲਈ ਗ਼ਜ਼ਲ ਲਈ ਅਰੂਜ ਦੀ ਜਾਣਕਾਰੀ ਗ਼ਜ਼ਲ ਦੀ ਪਰਪੱਕਤਾ ਲਈ ਸੋਨੇ ਤੇ ਸੁਹਾਗਾ ਹੈ ਪਰ ਦੇਸੀ ਛੰਦਾਂ ਨਾਲ ਵੀ ਅਜੇਹਾ ਕੀਤਾ ਜਾ ਸਕਦਾ ਹੈ ਬਸ਼ਰਤਿ ਕਿ ਇਸ ਛੰਦ ਦੀ ਪੂਰੀ ਪਿੰਗਲ ਮੁਲਕ ਜਾਣਕਾਰੀ ਸ਼ਾਇਰ ਨੂੰ ਹੋਵੇ। ਦੇਸੀ ਛੰਦਾਂ ਵਿਚ ਦੋਹਾ, ਬੈਂਤ ਦੀ ਵਰਤੋਂ ਤਾਂ ਗ਼ਜ਼ਲ ਲਈ ਆਮ ਹੁੰਦੀ ਹੈ। ਉਪਰੋਕਤ ਪ੍ਰਸੰਗ ਭੂਪਿੰਦਰ ਸੱਗੂ ਦੀਆਂ ਗ਼ਜ਼ਲਾਂ ਵਾਸਤੇ ਬਣਾਇਆ ਹੈ।

ਸੁਚੇਤ ਸ਼ਾਇਰ ਕੋਲ ਕਲਾ ਦੀ ਆਪਣੀ ਪਰਿਭਾਸ਼ਾ ਹੁੰਦੀ ਹੈ। ਗ਼ਜ਼ਲ ਅਤੇ ਸ਼ਬਦ ਦੀ ਸ਼ਕਤੀ ਜਾਂ ਵਿਹਾਰ ਬਾਰੇ ਭੂਪਿੰਦਰ ਸੱਗੂ ਕਹਿੰਦਾ ਹੈ :

ਮੋਢੇ ਚੁੱਕ ਕੇ ਸੂਲੀ ਆਸ਼ਕਿ ਨੇ ਕਿਹਾ
ਮੌਤ ਤੋਂ ਪਹਿਲਾਂ ਮੈਂ ਪਰਨਾਈ ਗਜ਼ਲ — ਸਫ਼ਾ–15

"ਗ਼ਜ਼ਲਾਂ"ਤੇ "ਕਾਫੀਆਂ" ਵਿਚ ਰੰਗੀਨ ਰਾਤ ਗੁਜ਼ਰੀ
ਕਬਰਾਂ ਦੀ ਚੁੱਪ ਛਾਈ ਜਾਂ ਹੋ ਗਿਆ ਸਵੇਰਾ

ਸਫ਼ਾ–19

ਕਿਸੇ ਪੱਥਰ ਦੀ ਪੂਜਾ ਵਾਂਗ ਹੀ ਸ਼ਬਦਾਂ ਦੀ ਪੂਜਾ ਹੈ
ਅਮਲ ਕਰਦੇ ਰਹਿਣ ਦਾ ਜ਼ਿੰਦਗੀ ਫ਼ਰਮਾਨ ਕਰਦੀ ਹੈ

ਸਫ਼ਾ–21

ਸੱਗੂ ਗ਼ਜ਼ਲਾਂ ਵਾਂਗਰ ਤੂੰ ਵੀ ਆਇਆ ਕਰ
ਅਰਮਾਨਾਂ ਦੀ ਸ਼ਮਾ ਜਗਾਈ ਬੈਠੇ ਹਾਂ — ਸਫ਼ਾ–54

ਅਤੇ

ਸ਼ਾਇਰ ਕਿਰਤੀ ਤੇ ਦਰਿਆ
ਮਸਤੀ ਦੇ ਵਿਚ ਰਹਿਣ ਸਦਾ — ਸਫ਼ਾ–77

ਸੋ ਭੂਪਿੰਦਰ ਸੱਗੂ ਲਈ ਰਚਨਾ ਕਾਰਜ ਸਰਵ ਪ੍ਰਥਮ ਕਨਸਰਨ ਹੈ। ਜੇ ਇਮਤਿਹਾਨ ਸੂਲੀ ਤੇ ਚੜ੍ਹਨਾ ਹੈ ਤਾਂ ਗ਼ਜ਼ਲ ਉਸਤੋਂ ਵੀ ਵੱਡਾ ਇਮਤਿਹਾਨ ਹੈ। ਗ਼ਜ਼ਲ ਅਜੇਹੀ ਚੀਜ਼ ਹੈ ਜੋ ਸਭ ਰੰਗੀਨੀਆਂ ਦੀ ਜ਼ਮੀਨ ਹੈ। ਜੇ ਅਮਲ ਨਹੀਂ ਤਾਂ ਸ਼ਬਦ ਪੱਥਰ ਨੂੰ ਪੂਜਣ ਬਰਾਬਰ ਹੈ। ਸੱਗੂ ਲਈ ਗ਼ਜ਼ਲ ਮਹਿਬੂਬ ਵਾਂਗ ਹੈ। ਤਦੇ ਉਹ ਰਹਿੰਦਾ ਹੈ ਕਿ ਐਨ ਮੇਰੀ ਪਿਆਰੀ ਤੂੰ ਗ਼ਜ਼ਲ ਵਾਂਗ ਮੇਰੇ ਕੋਲੇ ਆਇਆ ਕਰ। ਇੰਜ ਭੂਪਿੰਦਰ ਸੱਗੂ ਲਈ ਗਜ਼ਲ ਜ਼ਿੰਦਗੀ ਜੇਡਾ ਕਾਫੀਆ ਹੈ। ਜ਼ਿੰਦਗੀ ਜੋ ਪ੍ਰੇਮਿਕਾ ਵਰਗੀ ਹੈ। ਜੇ ਕਵਿਤਾ ਜਾਨ ਵੀ ਮੰਗ ਲਵੇ ਤਾਂ ਹੱਸ ਕੇ ਜਾਨ ਜਾ ਸਕਦੀ ਹੈ। ਜਿਸ ਵਿਅਕਤੀ ਕੋਲ ਰਚਨਾ ਲਈ ਜਾਂ ਕਲਾ ਲਈ ਜ਼ਿੰਦਗੀ ਵਰਗਾ ਸਰੋਕਾਰ ਹੈ ਉਹ ਵਿਅਕਤੀ ਹਰ ਵੇਲੇ ਸਰਸ਼ਾਰ ਰਹਿੰਦਾਹੈ। ਸਰਸ਼ਾਰੀ ਦਾ ਇਹ ਅਕੀਦਾ ਹੈ ਕਿ ਭੂਪਿੰਦਰ ਕਹਿੰਦਾ ਹੈ :

ਸ਼ਾਇਰ ਕਿਰਤੀ ਤੇ ਦਰਿਆ
ਮਸਤੀ ਦੇ ਵਿਚ ਰਹਿਣ ਸਦਾ

ਇਹ ਸਾਰੀਆਂ ਗੱਲਾਂ ਉਹ ਕਿਸ ਪ੍ਰਸੰਗ ਵਿਚ ਕਹਿ ਰਿਹਾ ਹੈ– ਇਹ ਵਿਚਾਰਨ ਵਾਲੀ ਗੱਲ ਹੈ। ਇਹ ਗੱਲ ਆਪਣੇ ਆਪ ਸਪਸ਼ਟ ਹੋ ਜਾਏਗੀ। ਜੇਕਰ ਅਗਲੇ ਸ਼ੇਅਰ ਸਾਹਵੇਂ ਰੱਖੀਏ। ਪਰ ਇਸ ਤੋਂ ਪਹਿਲਾਂ ਇਕ ਸਿਧਾਂਤਕ ਟਿੱਪਣੀ ਕਰਨੀ

ਜ਼ਰੂਰੀ ਹੈ। ਕੋਈ ਵੀ ਸਾਹਿਤਕ ਕਿਰਤ ਤਾਂ ਹੀ ਸਾਹਵੇਂ ਆਉਂਦੀ ਹੈ ਜਦੋਂ ਕੋਈ ਵਿਅਕਤੀ (ਸਹਿਤ ਦੇ ਪ੍ਰਸੰਗ ਵਿਚ ਹੱਸਾਸ ਵਿਅਕਤੀ)- ਕਿਸੇ ਸਥਿਤੀ, ਸਮੇਂ ਜਾਂ ਘਟਨਾ ਦੇ ਰੂਬਰੂ ਹੁੰਦਾ ਹੈ ਅਤੇ ਉਸ ਪ੍ਰਤੀ ਕਨਸਰਨਡ ਮਹਿਸੂਸ ਕਰਦਾ ਹੈ। ਆਮ ਕਰਕੇ ਇਹ ਸਥਿਤੀ ਪ੍ਰਤੀਕੂਲ ਹੁੰਦੀ ਹੈ ਪਰ ਅਨੁਕੂਲ ਵੀ ਹੋ ਸਕਦੀ ਹੈ। ਭੂਪਿੰਦਰ ਦੇ ਸਾਹਵੇਂ ਸਮਕਾਲੀ ਪ੍ਰਤੀਕੂਲ ਸਥਿਤੀਆਂ ਹਨ ਜੋ ਉਹਨੂੰ ਚਿੰਤਿਤ ਕਰਦੀਆਂ ਹਨ। ਇਹ ਸਥਿਤੀ ਸਾਮਰਾਜੀ ਲੁੱਟ ਘਸੁੱਟ ਜਾਂ ਨਸਲੀ ਵਿਤਕਰੇ ਜਾਂ ਮਾਨਵੀ ਕਦਰਾਂ ਕੀਮਤਾਂ ਦੀ ਗਿਰਾਵਟ ਹੈ। ਭੂਪਿੰਦਰ ਦੀ ਚਿੰਤਾ ਸਮੁੱਚਾ ਪ੍ਰਬੰਧ ਹੈ ਜਿਸ ਵਿਚ ਉਹ ਵਿਚਰਦਾ ਹੈ।

ਮੰਦਰਾਂ 'ਚ ਵਹਿਸ਼ਤ ਨੱਚਦੀ ਦੀਵੇ ਹੋਏ ਨੇ ਗੁੱਲ
ਕਰਦਾ ਹੈ ਕੌਣ ਆਰਤੀ ਅੱਜ ਖੰਜਰ ਦੇ ਨਾਲ

ਸਫ਼ਾ-35

ਰੰਗ ਨਸਲ ਤੇ ਜਾਤਾਂ ਦੀ ਇਹ ਮੰਡੀ ਹੈ
ਗੋਰੇ ਕਾਲੇ ਦੇ ਵਿਚ ਕੈਸੀ ਵੰਡੀ ਹੈ
ਚਾਰੇ-ਪਾਸੀਂ ਸ਼ੋਰ ਸ਼ਰਾਬਾ ਵਹਿਸ਼ਤ ਦਾ
ਰਾਜ ਕਰੇਂਦੀ ਲੋਕਾਂ ਉੱਤੇ ਚੰਡੀ ਹੈ
ਹਰ ਪਾਸੇ ਬੇਚੈਨੀ ਬੇਰੁਜ਼ਗਾਰੀ ਹੈ
ਘੋਰ ਨਰਕ ਨੂੰ ਜਾਂਦੀ ਏਹੋ ਡੰਡੀ ਹੈ ਸਫ਼ਾ-42

ਇਹ ਦੁਨੀਆਂ ਤਾਂ ਮਤਲਬ ਦੀ ਹੈ
ਡਾਢ੍ਹੇ ਦਾ ਪਾਣੀ ਭਰਦੀ ਹੈ
ਵਿਰਲਾ ਹਿੱਕ ਨੂੰ ਤਾਣ ਖਲੋਵੇ
ਹਰ ਪਾਸੇ ਗੋਲੀ ਵਰ੍ਹਦੀ ਹੈ ਸਫ਼ਾ-63

ਸ਼ਾਇਰ ਇਹਨਾਂ ਹਾਲਤਾਂ ਨੂੰ ਕਈ ਵਾਰ ਕਟਾਖੀ ਲਹਿਜੇ ਵਿਚ ਵੀ ਪੇਸ਼ ਕਰਦਾ ਹੈ। ਭੂਪਿੰਦਰ ਸੱਗੂ ਦਾ ਕਟਾਖ ਬੜਾ ਮਾਰੂ ਹੈ। ਉਦਾਹਰਣ ਲਈ :

ਘੁਟਵੇਂ ਗਲ ਦਾ ਕੋਟ ਪਹਿਨ ਕੇ,
ਦਿਲ ਦਾ ਦਰਦ ਛੁਪ ਬੈਠੇ ਹੋ ?
ਪਹੁ ਫੁੱਟਣ ਵਿਚ ਦੇਰ ਬੜੀ ਹੈ
ਕਾਹਤੋਂ ਦੀਪ ਬੁੱਝਾ ਬੈਠੇ ਹੋ। ਸਫ਼ਾ 41

ਅੱਜ ਕਲ੍ਹ ਲੋਕੀਂ ਮਾਤਮ ਵੇਲੇ
ਕਾਲਰ ਉੱਤੇ ਜੜਦੇ ਫੁੱਲ
ਆਸ਼ਿਕ ਬਣਕੇ ਬਹਿ ਜਾਂਦੇ ਨੇ

ਕਿੱਸਾ ਹੀਰ ਦਾ ਪੜ੍ਹਦੇ ਫੁੱਲ ਸਫ਼ਾ–72

ਇਹ ਸਭ ਗੱਲਾਂ ਬੰਦਾ ਤਾਂ ਹੀ ਕਰਦਾ ਹੈ ਜੋ ਉਹਦੇ ਸਾਹਵੇਂ ਕੋਈ ਵੱਡਾ ਆਦਰਸ਼ ਹੋਏ। ਨਿਸ਼ਾਨੇ ਜਾਂ ਆਦਰਸ਼ ਤੋਂ ਬਿਨਾਂ ਵੈਸੇ ਤਾਂ ਕਿਸੇ ਵਿਅਕਤੀ ਦਾ ਜੀਣਾ ਹੀ ਬੇਮਾਅਨੀ ਹੈ, ਪਰ ਰਚਨਾਤਮਕ ਅਤੇ ਸਿਰਜਣਾਤਮਕ ਵਿਅਕਤੀ ਲਈ ਤਾਂ ਆਦਰਸ਼ਹੀਣ ਜੀਵਨ ਨਾ ਹੋਣ ਬਰਾਬਰ ਹੈ। ਰਾਜਿੰਦਰ ਸਿੰਘ ਬੇਦੀ ਨੇ ਲਯਫ਼ਕੈਡ੍ਰੀਓ ਹਰਨ ਦੇ ਹਵਾਲੇ ਨਾਲ ਇਕ ਥਾਵੇਂ ਕਿਹਾ ਹੈ : "ਜਿਹੜਾ ਮਨੁੱਖ ਆਪਣੇ ਆਦਰਸ਼ ਨੂੰ ਨਾ ਪਾ ਸਕੇ ਉਹ ਉਸ ਆਦਮੀ ਤੋਂ ਜ਼ਿਆਦਾ ਬੇਹਯਾਈ ਦੀ ਜ਼ਿੰਦਗੀ ਗੁਜ਼ਾਰਦਾ ਹੈ, ਜਿਹਦਾ ਕੋਈ ਆਦਰਸ਼ ਹੀ ਨਾ ਹੋਵੇ।"

(ਮੋਹਨਜੀਤ ਨੂੰ ਲਿਖੀ ਚਿੱਠੀ ਵਿਚੋਂ)

ਭੂਪਿੰਦਰ ਸੱਗੂ ਦਾ ਆਦਰਸ਼ ਜਾਂ ਪਹੁੰਚ ਬਿੰਦੂ ਜਾਂ ਆਦਰਸ਼ ਮੰਜ਼ਿਲ ਦਾ ਸੰਕੇਤ ਇਹਨਾਂ ਸ਼ੇਅਰਾਂ ਵਿਚ ਨਿਹਿੱਤ ਹੈ।

ਸਿਰ ਦੀ ਬਾਜ਼ੀ ਲਾ ਕੇ ਵੇਖ
ਤਲੀਏ ਸੀਸ ਟਿਕਾ ਕੇ ਵੇਖ
ਆਪ ਸਹੇੜੀ ਸੂਲੀ ਚੁੰਮ
ਫਿਰ ਉਹ ਦਰਦ ਵੰਡਾ ਕੇ ਦੇਖ
ਭੌਂਏ ਡਿੱਗੇ ਨੂੰ ਗਲ ਲਾ
ਬਿਖ਼ਰੇ ਰੰਗ ਉਠਾ ਕੇ ਦੇਖ ਸਫ਼ਾ–25

ਬੁੱਤ ਅੱਗੇ ਸਿਰ ਝੁਕਾਉਣਾ ਕਾਫ਼ਰੀ ਹੈ,
ਅਸਲ ਅਮਲਾਂ ਵਿਚ ਹੁੰਦੀ ਬੰਦਗੀ ਹੈ।
ਪੂਜਾ ਮੇਰੀ ਪਿਆਰ ਤੇਰਾ ਹੈ ਜਦੋਂ ਤੋਂ
ਸ਼ੌਂਕ ਦਿਲ ਵਿਚ, ਰੂਹ ਦੇ ਵਿਚ ਰੌਸ਼ਨੀ ਹੈ। ਸਫ਼ਾ–30

ਦਿਲ ਦੇ ਵਿਚ ਹੈ ਲਗਨ ਅਗੰਮੀ ਮੰਜ਼ਿਲ ਦੀ
ਭਾਵੇਂ ਨ੍ਹੇਰਾ ਸਾਹਵੇਂ ਆਮ ਖਲੋਇਆ ਹੈ। ਸਫ਼ਾ–37

ਸੱਚ ਬੋਲਣ ਦੀ ਬਾਣ ਜਿਨਾਂ ਨੂੰ
ਉਹੀ ਗੋਲੀ ਮੂਹਰੇ ਖੜ੍ਹਦੇ ਸਫ਼ਾ–38

ਨੂਰ ਦੀ ਛੋਹ ਨਾਲ ਦਿਲ ਦੀਵਾਨੜੇ
ਸਦਾ ਹੀ ਪਰਵਾਨ ਹੋ ਜਾਂਦੇ ਰਹੇ ਸਫ਼ਾ–78

ਇਹ ਸਭ ਗੱਲਾਂ ਤਾਂ ਹੀ ਧੁਰ ਲਗਦੀਆਂ ਹਨ ਜੇ ਮਨੁੱਖ ਵਿਚ ਆਸ਼ਾ ਦਾ ਤੱਤ ਪੂਰੇ ਜਲੌਂ ਵਿਚ ਹੋਏ। ਭੂਪਿੰਦਰ ਸੱਗੂ ਲਿਖਦਾ ਹੈ।

ਜਗਦਾ ਦੀਪ ਹਥੇਲੀ ਰੱਖ ਕੇ

ਨਾਜ਼ ਪੌਣ ਤੁਰੀ ਜਾਂਦੀ ਹੈ
ਮਘਦੇ ਸੂਰਜ ਤੋਂ ਸ਼ਰਮਾ ਕੇ
ਦੇਖੋ ਬਰਫ਼ ਖੁਰੀ ਜਾਂਦੀ ਹੈ                    ਸਫ਼ਾ–51
ਗ਼ਮਾਂ ਦੀ ਰਾਤ ਵੀ ਮੁੱਕ ਜਾਏਗੀ।
ਜੰਞ ਚਾਨਣ ਦੀ ਢੁਕ ਜਾਏਗੀ।
ਰੁੱਖ ਬਚੇਗਾ ਅਤੇ ਆਹਲਣਾ,
ਕਿਉਂਕਿ ਨ੍ਹੇਰੀ ਰੁਕ ਜਾਏਗੀ।
ਖ਼ੁਦੀ ਤੱਕਬਰ ਤੇ ਹਉਂ ਸਾਰੀ
ਆਖ਼ਿਰ ਕਬਰੀਂ ਲੁਕ ਜਾਏਗੀ                    ਸਫ਼ਾ–45

ਭੂਪਿੰਦਰ ਸੱਗੂ ਦੀ ਸ਼ਾਇਰੀ ਸਿਹਤਮੰਦ ਕਦਰਾਂ ਅਤੇ ਹਾਂ–ਪੱਖੀ ਜੁੱਗ ਪਲਦੀ ਕਵਿਤਾ ਹੈ। ਅਜੇਹੇ ਮਜ਼ਮੂਨ ਵਾਲੀ ਕਵਿਤਾ ਦਾ ਸੁਆਗਤ ਕਰਨਾ ਪੈਣਾ ਹੈ।

•••••

# ਫੁੱਲ ਬਣੇ ਅੰਗਿਆਰ
## ਡਾ. ਸੁਰਿੰਦਰ ਸਿੰਘ ਭੁੱਲਰ

ਲੇਖਕ :- ਭੂਪਿੰਦਰ ਸਿੰਘ ਸੱਗੂ
ਪੰਨੇ :- 80, ਮੁੱਲ 100 ਰੁਪਏ
ਪ੍ਰਕਾਸ਼ਕ :- ਨੈਸ਼ਨਲ ਬੁਕ ਸ਼ਾਪ
ਚਾਂਦਨੀ ਚੌਂਕ, ਦਿਲੀ-110006

ਭੂਪਿੰਦਰ ਸਿੰਘ ਸੱਗੂ ਇਕ ਪਰਵਾਸੀ ਕਵੀ ਹੈ। ਉਹ ਲੰਡਨ ਵਿਚ ਰਹਿ ਰਿਹਾ ਹੈ। ਪਰ ਇਸਦੇ ਬਾਵਜੂਦ, ਉਹ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਜੁੜਿਆ ਹੋਇਆ ਹੈ। ਹੁਣ ਤਕ ਉਸ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ।

ਪਹਿਲੀ :- ਰਿਸ਼ਤਿਆਂ ਦਾ ਜੰਗਲ (1989)
ਦੂਜੀ :- ਸੱਚ ਤੇ ਸੂਲੀ ਕਾਵਿ ਸੰਗ੍ਰਹਿ (1993)
ਤੀਜੀ :- ਸਿਮਟੇ ਹੋਏ ਪਲ ਕਾਵਿ ਸੰਗ੍ਰਹਿ (1998)
ਚੌਥੀ :- ਕ਼ਤਰਾ ਕ਼ਤਰਾ ਨੂਰ ਗ਼ਜ਼ਲ ਸੰਗ੍ਰਹਿ (2002)

ਭੂਪਿੰਦਰ ਸਿੰਘ ਸੱਗੂ ਸਜਰੀ ਕਾਵਿ-ਸੰਗ੍ਰਹਿ ਦੀ ਪੁਸਤਕ 'ਫੁੱਲ ਬਣੇ ਅੰਗਿਆਰ' ਹੁਣੇ (2006) ਪ੍ਰਕਾਸ਼ਿਤ ਹੋਈ ਹੈ। ਜਿਸ ਅੰਦਰ ਕੁਲ 41 ਕਵਿਤਾਵਾਂ ਹਨ। ਇਸ ਨਵੇਲੀ ਪੁਸਤਕ ਰਾਹੀਂ ਸੱਗੂ ਨੇ ਪੰਜਾਬੀ ਜਗਤ ਵਿਚ ਆਪਣੀ ਸਾਹਿਤਕ ਪਛਾਣ ਨੂੰ ਹੋਰ ਗੂੜ੍ਹਾ ਕੀਤਾ ਹੈ। ਉਸ ਨੇ ਵੰਨ-ਸੁਵੰਨੇ ਵਿਸ਼ਿਆਂ ਉੱਤੇ ਕਾਵਿ-ਰਚਨਾ ਕਰਕੇ ਸਮਕਾਲੀ ਸਫਲ ਯਥਾਰਥ ਦੀ ਹਕੀਕੀ ਨੂੰ ਉਭਾਰਣ ਦਾ ਜਤਨ ਕੀਤਾ ਹੈ।

'ਫੁੱਲ ਬਣੇ ਅੰਗਿਆਰ' ਪੁਸਤਕ ਦੀਆਂ ਕੁੱਝ ਪ੍ਰਤਿਨਿਧ ਤੇ ਪ੍ਰਮੁੱਖ ਕਵਿਤਾਵਾਂ ਇਸ ਪ੍ਰਕਾਰ ਹਨ। 'ਫੁੱਲ ਬਣੇ ਅੰਗਿਆਰ', 'ਬੱਚੀ', 'ਜੁ਼ਗਨੂੰਆਂ ਦਾ ਸ਼ਹਿਰ', 'ਚੁੱਪ ਨਦੀ', 'ਬੁਕਲ ਦੀ ਅੱਗ', 'ਸੰਧਿਆ', 'ਇੱਛਰਾ', 'ਬਿਖਰੇ ਰੰਗ', 'ਪਿੰਡ ਦੀ ਪੌਣ', 'ਯਾਦ ਤੈਤੜੀ ਆਈ', 'ਜੋਗੀ, ਮੇਖਾਂ ਵਾਲਾ ਬੰਬ'।

ਇਸ ਪੁਸਤਕ ਦੇ ਨਾਮਕਰਨ ਨਾਲ ਸੰਬੰਧਿਤ ਕਵਿਤਾ ਫੁੱਲ ਬਣੇ ਅੰਗਿਆਰ

ਹੈ। ਜਿਸ ਅੰਦਰ ਸੱਗੂ ਨੇ ਆਧੁਨਿਕ ਸਮੇਂ ਅੰਦਰ ਵਧ ਰਹੀ ਆਪਸੀ ਨਫ਼ਰਤ ਦੀ ਅੱਗ ਨੂੰ ਅੰਗਿਆਰ ਦਾ ਨਾਂ ਦਿੱਤਾ ਹੈ।

"ਸ਼ਹਿਰ ਗਰਾਈ ਅੱਗ ਫਿਰਦੀ ਹੈ
ਕਰਦੀ ਮਾਰੋ ਮਾਰ ਵੇ।" ਪੰਨਾ 15

ਇਨ੍ਹਾਂ ਹੀ ਨਹੀਂ, ਸੱਗੂ ਇਸ ਨਫਰਤ ਦਾ ਕਾਰਨ ਵੀ ਪੇਸ਼ ਕਰਦਾ ਹੈ।

"ਰਾਜੇ ਸੀਹ, ਮੁਕਦਮ ਕੁੱਤੇ
ਨਿਤ ਖਾਂਦੇ ਮੁਰਦਾਰ ਵੇ
ਮਾਨਵਤਾ ਦਾ ਖ਼ੂਨ ਚੂਸਦੇ
ਡਾਢੇ ਹੈਨ ਮਕਾਰ ਵੇ।" ਪੰਨਾ 15

ਇਸ ਤਰ੍ਹਾਂ ਸੱਗੂ ਇਸ ਬੁਰਾਈ ਨੂੰ ਹੀ ਦਰਸਾਉਂਦਾ ਨਹੀਂ, ਸਗੋਂ ਇਸ ਨਫ਼ਰਤ ਦੀ ਅੱਗ ਕਾਰਨ ਹੋ ਰਹੀ ਮਨੁਖਤਾ ਦੀ ਬਰਬਾਦੀ ਨੂੰ ਵੀ ਪੇਸ਼ ਕਰਦਾ ਹੈ।

ਇਸੇ ਤਰ੍ਹਾਂ ਪੰਜਾਬ ਦੇ ਸੰਤਾਪ ਨਾਲ ਸੰਬੰਧਿਤ ਕੁਝ ਵਿਸ਼ੇਸ਼ ਕਵਿਤਾਵਾਂ ਇਸ ਪ੍ਰਕਾਰ ਹਨ। ਜਿਵੇਂ ਬੱਚੀ, ਬਿਖ਼ਰੇ ਰੰਗ, ਨਸਲਵਾਦੀ ਨਗਰੀ, ਪਿੰਡ ਦੀ ਪੌਣ, ਪ੍ਰਭ ਜੀ ਆਦਿ।

ਸੱਗੂ ਇਨ੍ਹਾਂ ਕਵਿਤਾਵਾਂ ਅੰਦਰ ਕੇਵਲ ਪੰਜਾਬ ਦੀ ਸਮੱਸਿਆ ਨੂੰ ਹੀ ਪੇਸ਼ ਨਹੀਂ ਕਰਦਾ। ਜਿਵੇਂ :-

ਸਮੇਂ ਦੀਆਂ ਤਲੀਆਂ ਦੇ ਉਤੇ
ਦੀਪ ਜਗਾਏ ਲੋਕਾਂ ਨੇ
ਕੀ ਜਾਨਣ ਨਾਦਾਨ ਵਿਚਾਰੇ
ਝੱਖਣ ਆਣ ਬੁਝਾਵੇਗਾ (ਚੁੱਪ ਨਦੀ) ਪੰਨਾ 28

ਜਾਂ

ਅਜ ਖ਼ੂਹਾਂ ਤੇ ਬੇ-ਰੌਣਕੀ ਛਾ ਗਈ
ਡਰ ਦੀ ਹਵਾ ਚੈਨ ਦੀ ਫਸਲ ਖਾ ਗਈ
ਮੋਹ ਦੀ ਬੋਲੀ ਜਦੋਂ ਤੋਂ ਹਾਂ ਭੁਲੇ ਅਸੀਂ
ਹਾਸਿਆਂ ਦੀ ਦੁਆ ਕੰਗਲੀ ਹੋ ਗਈ
ਪਿੰਡ ਦੀ ਪੌਣ ਪੰਨਾ 55

ਜਾਂ

ਬਿਖਰੇ ਰੰਗ ਮਤਾਬੀ ਵਰਗੇ
ਬਾਲੜੀਆਂ ਦੇ ਚਾਵਾਂ ਦੇ
ਗੀਤਾਂ ਅੰਦਰ ਪੀੜ ਪਰੁੱਚੀ

ਕਸਰ ਕਲੇਜੇ ਮਾਵਾਂ ਦੀ।                ਬਿਖਰੇ ਰੰਗ ਪੰਨਾ 47

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੱਗੂ ਕੇਵਲ ਪੰਜਾਬ ਦੇ ਸੰਤਾਪ ਨਾਲ ਹੋਣ ਵਾਲੀ ਤ੍ਰਾਸਦੀ ਨੂੰ ਹੀ ਪੇਸ਼ ਨਹੀਂ ਕਰਦਾ ਸਗੋਂ ਹੌਸਲੇ ਤੇ ਬਹਾਦਰੀ ਨਾਲ ਰੱਲ ਕੇ ਇਸ ਦਾ ਮੁਕਾਬਲਾ ਕਰਨ ਲਈ ਵੀ ਪ੍ਰੇਰਦਾ ਹੈ। ਮਿਸਾਲ ਵਜੋਂ ਅਸੀਂ ਉਸ ਦੀਆਂ ਇਨ੍ਹਾਂ ਪੰਗਤੀਆਂ ਨੂੰ ਵੇਖ ਸਕਦੇ ਹਾਂ-

ਅੱਖ ਸਦਾ ਜੋ ਮੰਜਲ ਵੇਖੇ
ਉਹ ਕਿਉਂ ਭਲਾ ਉਦਾਸ ਰਹੇ
ਹਰ ਮੁਸ਼ਕਿਲ ਹਰ ਸੰਕਟ ਦਾ ਹੀ
ਉਹਨੂੰ ਤਾਂ ਅਹਿਸਾਸ ਰਹੇ                ਬਿਖਰੇ ਰੰਗ ਪੰਨਾ 48

ਇਸ ਤਰ੍ਹਾਂ ਸੱਗੂ ਇਸ ਸੰਕਟ ਤੋਂ ਨਿਰਾਸ਼ ਨਹੀਂ ਹੁੰਦਾ ਸਗੋਂ ਇਕ ਖੁਸ਼ਗੁਵਾਰ ਸਵੇਰ ਦੀ ਆਸ ਵੀ ਕਰਦਾ ਹੈ।

ਇਨ੍ਹਾਂ ਸੰਜ਼ੀਦਾ ਤੇ ਗੰਭੀਰ ਵਿਸ਼ਿਆਂ ਤੋਂ ਇਲਾਵਾ ਪਿਆਰ, ਮੁਹੱਬਤ ਤੇ ਇਸ਼ਕ ਵਰਗੇ ਸੁਭਾਵਿਕ ਜਜ਼ਬਿਆਂ ਨਾਲ ਸੰਬੰਧਿਤ ਦੋ ਕਵਿਤਾਵਾਂ ਵੀ ਇਸ ਪੁਸਤਕ ਵਿਚ ਹੋਰ ਹਨ। ਜਿਵੇਂ ਯਾਦ ਤੈਡੜੀ ਆਈ-1 ਤੇ ਯਾਦ ਤੈਡੜੀ ਆਈ-2.

ਪਹਿਲੀ ਕਵਿਤਾ ਅੰਦਰ ਉਹ ਔਰਤ-ਮਰਦ ਦੇ ਪਿਆਰ ਤੋਂ ਇਲਾਵਾ ਮਰਦ ਦਾ ਮਰਦ ਪ੍ਰਤੀ ਪਿਆਰ ਨੂੰ ਪੇਸ਼ ਕਰਦਾ ਹੈ। ਉਸਤਾਦ ਸ਼ਾਇਰ ਸ. ਨਿਰੰਜਨ ਸਿੰਘ ਨੂਰ ਗੁਰੂ ਦੀ ਯਾਦ ਨੂੰ ਸੰਬੋਧਨ ਹੈ ਕਿ ਉਹ ਲਿਖਦਾ ਹੈ।

ਯਾਦ ਤੈਡੜੀ ਕਕਰੀਲਾ ਰਾਤੀਂ
ਝੁੱਗੀਆਂ ਦੇ ਦਰ ਪਹਿਰਾ ਦੇਵੇ
ਮਾਨਵ ਦੇ ਬਰਫੀਲੇ ਸੀਨੇ
ਰੋਹ ਦੀ ਚਿਣਗ ਮਘਾਈ
ਯਦਾ ਤੈਡੜੀ ਆਈ-1                ਪੰਨਾ 56

ਤੇ ਦੂਸਰੀ ਕਵਿਤਾ ਆਪਣੀ ਮਹਿਬੂਬ ਦੇ ਵਿਹੜੇ ਕਾਰਨ ਉਤਪੰਨ ਹੋਈ ਤਨਹਾਈ ਨੂੰ ਸੰਬੋਧਣ ਹੈ।

ਰੁੱਠੇ ਸੱਜਣਾ ਮਨ ਅਰਜੋਈ
ਕਦੋਂ ਮਿਲੇਗਾ ਦਸਦਾ ਜਾਈਂ
ਮੂਲੋਂ ਉਜਰ ਕਰੀਂ ਨਾ ਕੋਈ
ਹਿਜ਼ਰ ਤੇਰੇ ਨੇ ਬਹੁ-ਯੁੱਗ ਸਾਡੀ
ਜਿੰਦ ਬਹੁਤ ਤੜਫ਼ਾਈ

ਮੇਰੇ ਰੁਠੇ ਸਜਣਾ
ਆਖ਼ਰ ਯਾਦ ਤੈਡੜੀ ਆਈ-2 ਪੰਨਾ 59

ਇਸ ਤਰ੍ਹਾਂ ਇਸ ਸੰਗ੍ਰਹਿ ਅੰਦਰ ਦੋ ਕਵਿਤਾਵਾਂ ਵਿਲੱਖਣ ਸ਼ੈਲੀ ਭਾਵ ਪ੍ਰਤੀਕਾਤਮਕ ਹਨ। ਇਕ ਕਵਿਤਾ ਹੈ। ਮੇਖਾਂ ਵਾਲਾ ਬੰਬ ਤੇ ਦੂਸਰੀ ਰੁੱਖ-ਰੁੱਖ ਪ੍ਰਤੀਕ ਰਾਹੀ ਸੱਗੂ ਨੇ ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਉਸ ਸਮੇਂ ਦੇ ਬੀਤਨ ਨਾਲ ਅਜ਼ਾਦੀ ਦੇ ਰੁੱਖ ਅੰਦਰ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਆ ਚੁਕੀਆਂ ਹਨ। ਜਿਵੇਂ :-

"ਸੰਨ ਸੰਤਾਲੀ ਦੇ ਉਜਾੜਿਆਂ ਵੇਲੇ
ਸਮੇਂ ਦੇ ਲਕੜਹਾਰਿਆਂ
ਇਹਦੀਆਂ ਨਜ਼ਰਾਂ ਸਾਹਵੇ
ਵਸਦੇ ਰਿਸ਼ਤੇ ਘਰਾਂ ਉਜਾੜ ਦਿਤੇ" ਪੰਨਾ 70

ਅਤੇ ਅੱਗੇ ਚਲ ਕੇ ਸੱਗੂ ਸਮੇਂ ਅੰਦਰ ਆਏ ਇਸ ਦੁੱਖ ਦੇ ਪ੍ਰੀਵਰਤਣ ਨੂੰ ਦਰਸਾਉਂਦਾ ਹੈ :-

"ਅੱਜ ਇਹਦੀ ਘਣੀ ਛਾਵੇਂ
ਮਹਿਫਲਾਂ ਜੁੜਦੀਆਂ
ਕੋਈ ਵਾਰਿਸ ਦੀ ਹੀਰ ਪੜ੍ਹਦਾ
ਕੋਈ ਬੁੱਲੇ ਨੂੰ ਯਾਦ ਕਰਦਾ" ਰੁੱਖ ਪੰਨਾ 71

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੱਗੂ ਨੇ ਆਪਣੇ ਇਸ ਹਥਲੇ ਕਾਵਿ-ਸੰਗ੍ਰਹਿ ਅੰਦਰ ਕਈ ਭੱਖਦੇ ਮਸਲੇ ਪੇਸ਼ ਕੀਤੇ ਹਨ। ਤੇ ਨਾਲ ਹੀ ਉਨ੍ਹਾਂ ਦੇ ਸਹੀ ਸੁਝਾਉ ਵੀ ਅਭਿਵਿਅਕਤ ਕੀਤੇ ਹਨ। ਇਸ ਤਰ੍ਹਾਂ ਉਸ ਨੇ ਕੇਵਲ ਸਮੱਸਿਆ ਹੀ ਨਹੀਂ, ਸਗੋਂ ਉਨ੍ਹਾਂ ਦੇ ਸਹੀ ਹੱਲ ਵੀ ਪੇਸ਼ ਕਰਨ ਦਾ ਜਤਨ ਕੀਤਾ ਹੈ। ਇਸ ਪਖੋਂ ਉਸ ਦੀ ਜਿੰਨੀ ਵੀ ਸੰਲਾਘਾ ਕੀਤੀ ਜਾਵੇ, ਘੱਟ ਹੈ।

ਇਸ ਕਾਵਿ ਸੰਗ੍ਰਹਿ ਦੇ ਗੰਭੀਰ ਅਧਿਐਨ ਮਗਰੋਂ ਅਸੀਂ ਇਸ ਨਤੀਜੇ ਉੱਤੇ ਪਹੁੰਚੇ ਹਾਂ ਕਿ ਭੁਪਿੰਦਰ ਸਿੰਘ ਸੱਗੂ ਇਕ ਬਹੁ-ਪਖੀ ਵਿਦਵਤਾ ਦਾ ਮਾਲਕ ਹੈ। ਉਸ ਨੇ ਆਪਣੀਆਂ ਕਵਿਤਾਵਾਂ ਦੇ ਵੱਖ-ਵੱਖ ਥੀਮਾਂ ਨੂੰ ਮਿਥਿਹਾਸ, ਇਤਿਹਾਸ, ਧਰਮ ਅਤੇ ਲੋਕ ਕਿਸਿਆਂ ਨੂੰ ਆਧਾਰ ਪੇਸ਼ ਕੀਤਾ ਹੈ। ਉਸ ਦੇ ਪ੍ਰਾਚੀਨ ਹਵਾਲਿਆਂ ਨੂੰ ਕੇਵਲ ਉਸੇ ਤਰ੍ਹਾਂ ਪੇਸ਼ ਨਹੀਂ ਕੀਤਾ ਸਗੋਂ ਆਧੁਨਿਕ ਸਮੇਂ ਦੀ ਲੋੜ ਅਨੁਸਾਰ ਉਨ੍ਹਾਂ ਦਾ ਸਧਾਰਣੀ ਕਰਨ ਕਰਕੇ ਪੇਸ਼ ਕੀਤਾ ਹੈ। ਜਿਸ ਨਾਲ ਉਨ੍ਹਾਂ ਦੀ ਸਾਰਥਿਕਤਾ ਪੁਨਰ ਜੀਵਤ ਹੋ ਉਠੀ ਹੈ। ਜਿਵੇਂ ਉਸ ਦੀਆਂ ਇਹ ਕੁਝ ਕਵਿਤਾਵਾਂ ਹਨ- ਇਛਰਾ ਜੋਗੀ, ਲਾਲੋ, ਪ੍ਰਭੂ ਜੀ, ਬੇ-ਚਿਹਰਾ, ਭੀੜ ਆਦਿ। ਉਪਰੋਕਤ

ਕਥਨ ਦੀ ਪੁਸ਼ਟੀ ਲਈ ਅਸੀਂ ਉਸ ਦੀ ਕਵਿਤਾ ਬੇ-ਚਿਹਰਾ, ਭੀੜ ਦੀਆਂ ਇਨ੍ਹਾਂ ਪੰਗਤੀਆਂ ਨੂੰ ਵਿਚਾਰ ਸਕਦੇ ਹਾਂ।

"ਇਸ ਬੇ-ਚਿਹਰਾ ਭੀੜ ਨੂੰ ਆਖੋ :
ਜੇ ਪ੍ਰੇਮ ਖੇਲਨ ਕਾ ਚਾਓ ਹੈ
ਤਾਂ ਸਾਡੀ ਗਲੀ ਆਉਣਾ ਤੋਂ ਪਹਿਲਾ
ਆਪਣੇ ਧੜ ਉਤੇ ਸੀਸ ਪੈਦਾ ਕਰੇ
ਜੋ ਭੇਟ ਕਰਨ ਦੇ ਕਾਬਲ ਹੋਵੇ
ਜਿਸ ਨੂੰ ਦੋਸਤੀ ਦਾ ਮਾਣ ਹਾਸਲ ਹੋਵੇ

ਬੇ-ਚਿਹਰਾ ਭੀੜ ਪੰਨਾ 54

ਆਖ਼ਰ ਵਿਚ ਮੈਂ ਇਹ ਹੀ ਕਹਿਣਾ ਚਾਹਵਾਂਗਾ ਕਿ ਇਨ੍ਹਾਂ ਸਾਰੀਆਂ ਵਿਸ਼ੇਸ਼ਤਾਈਆਂ ਦੇ ਬਾਵਜੂਦ ਭੂਪਿੰਦਰ ਸਿੰਘ ਸੱਗੂ ਦੇ ਇਸ 'ਫੁੱਲ ਬਣੇ ਅੰਗਿਆਰ' ਕਾਵਿ-ਸੰਗ੍ਰਹਿ ਅੰਦਰ ਰਚਨਾ-ਵਿਧਾਨ ਅਤੇ ਬਿੰਬਾਂ ਅਤੇ ਪ੍ਰਤੀਕਾਂ ਦੀ ਘਾਟ ਵਿਖਾਈ ਦਿੰਦੀ ਹੈ। ਇਨ੍ਹਾਂ ਕਵਿਤਾਵਾਂ ਨੂੰ Decode ਕਰਨ ਦੀ ਲੋੜ ਨਹੀਂ ਪੈਂਦੀ। ਉਸ ਦੇ ਕਾਵਿ-ਰਚਨਾ ਦੀ ਸੰਚਾਰ-ਵਿਧੀ ਬਹੁਤ ਸਰਲ ਹੈ। ਕਵਿਤਾ ਜਦੋਂ ਬਿੰਬਾਂ ਜਾਂ ਪ੍ਰਤੀਕਾਂ ਰਾਹੀਂ ਪੇਸ਼ ਹੁੰਦੀ ਹੈ ਤਾਂ ਪਾਠਕ ਨੂੰ ਸੋਚਣ ਤੇ ਵਿਚਾਰਣ ਲਈ ਮਜਬੂਰ ਕਰਦੀ ਹੈ ਤੇ ਉਸ ਦਾ ਪ੍ਰਭਾਵ ਵੀ ਢੇਰ ਸਮੇਂ ਤਕ ਪਾਠਕ ਦੇ ਮਨ ਉਤੇ ਪਿਆ ਰਹਿੰਦਾ ਹੈ।

ਪਰੰਤੂ ਇਸ ਘਾਟ ਦੇ ਬਾਵਜੂਦ ਸੱਗੂ ਨੇ ਇਸ ਕਾਵਿ ਸੰਗ੍ਰਹਿ ਰਾਹੀਂ ਕਾਵਿ-ਸਾਹਿਤ ਅੰਦਰ ਇਕ ਵੱਡਮੁਲਾ ਯੋਗਦਾਨ ਪਾਇਆ ਹੈ। ਮੈਨੂੰ ਉਸ ਪਾਸੇ ਬਹੁਤ ਉਮੀਦਾਂ ਹਨ। ਮੈਂ ਉਸ ਦੇ ਨਾਲ ਭਵਿੱਖ ਲਈ ਆਪਣੀਆਂ ਸ਼ੁਭ ਇਛਾਵਾਂ ਪੇਸ਼ ਕਰਦਾ ਹੋਇਆ ਉਸ ਦੇ ਇਸ 'ਫੁੱਲ ਬਣੇ ਅੰਗਿਆਰ' ਕਾਵਿ-ਸੰਗ੍ਰਹਿ ਦਾ ਸਵਾਗਤ ਕਰਦਾ ਹਾਂ ਤੇ ਪਾਠਕ ਦੇ ਭਰਵੇਂ ਹੁੰਗਾਰੇ ਦੀ ਆਸ ਵੀ ਰੱਖਦਾ ਹਾਂ।

ਜੇ-205, ਸਰੀਤਾ ਵਿਹਾਰ
ਨਵੀਂ ਦਿੱਲੀ-110044
ਫੋਨ : 2695-5015

•••••

# ਮੁੱਢਲੀ ਗੱਲ
## ਡਾ. ਹਰਿਜਭਜਨ ਸਿੰਘ ਭਾਟੀਆ

ਬਰਤਾਨਵੀ ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਭੂਪਿੰਦਰ ਸਿੰਘ ਸੱਗੂ ਇਕ ਜਾਣਿਆ-ਪਛਾਣਿਆ ਹਸਤਾਖ਼ਰ ਹੈ। ਉਸ ਦਾ ਉਭਰਵਾਂ ਬਿੰਬ ਇ ਸੁਹਰਿਦ ਮਿੱਤਰ, ਮਿਹਨਤੀ ਤੇ ਕ੍ਰਿਤੀ ਮਨੁੱਖ, ਖ਼ੂਬਸੂਰਤ ਗਾਇਕ ਅਤੇ ਮਾਨਵ-ਹਿਤੈਸ਼ੀ ਤੇ ਤਰੱਕੀ ਪਸੰਦ ਅਦੀਬ ਦਾ ਹੈ। ਮੇਰੀ ਉਸ ਨਾਲ ਵਾਕਫ਼ੀ ਦੀ ਉਮਰ ਤਿੰਨ ਦਹਾਕਿਆਂ ਤੋਂ ਵੀ ਵਧੀਕ ਹੈ। ਅਸਾਂ ਦੋਵਾਂ ਇੱਕੋ ਕਾਲਜ- ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ (ਜਲੰਧਰ)- ਤੋਂ ਕਾਲਜ ਦੀ ਤਾਲੀਮ ਦਾ ਆਰੰਭ ਕੀਤਾ। ਦਰਸ਼ਨ ਬੁਲੰਦਵੀ, ਸੁਖਵਿੰਦਰ ਕੰਬੋਜ਼ ਅਤੇ ਭੂਪਿੰਦਰ ਪਰਿਹਾਰ (ਹੁਣ ਅਜ਼ੀਜ਼ ਪਰਿਹਾਰ) ਸਾਡੇ ਸੀਨੀਅਰ ਸਨ ਅਤੇ ਵਰਿੰਦਰ ਪਰਿਹਾਰ ਸਾਡਾ ਸਹਿਪਾਠੀ। ਦਰਸ਼ਨ ਬੁਲੰਦਵੀ ਨੇ ਉਦੋਂ ਤੋਂ ਹੀ ਲਿਖਣਾ ਆਰੰਭ ਕਰ ਦਿੱਤਾ ਸੀ ਅਤੇ ਬਾਕੀ ਸਾਰੇ ਜਾਂ ਮਕਬੂਲ ਸ਼ਾਇਰਾਂ ਦੇ ਰਸੀਏ ਸਨ ਜਾਂ ਉਨ੍ਹਾਂ ਦੀ ਸ਼ਾਇਰੀ ਨੂੰ ਸ਼ਾਇਰੀ-ਮੁਕਾਬਲਿਆਂ ਵਿਚ ਸੁਣਾਉਣ/ਗਾਉਣ ਵਾਲੇ। ਉਸ ਦਾ ਪਿੰਡ ਆਲੋਵਾਲ ਵੀ ਕਾਲਜ ਦੇ ਕਰੀਬ ਹੀ ਸੀ, ਐਵੇਂ ਕੁਝ ਮੀਲਾਂ ਦੀ ਵਿੱਥ ਉੱਪਰ। ਨਾਲ ਪੜ੍ਹਦੇ ਸਾਥੀਆਂ ਬਾਰੇ ਪੁੱਛਣ-ਪੁਛਾਉਣ ਉਪਰ ਪਤਾ ਲੱਗਾ ਕਿ ਉਹ 1978 ਦਾ ਇੰਗਲੈਂਡ ਵਿਚ ਜਾ ਟਿਕਿਆ ਹੈ। ਸਾਡੀ ਇਹ ਪਛਾਣ ਕੁਝ ਅਰਸਾ ਤਾਂ ਮੱਧਮ ਪੈਂਦੀ ਗਈ ਅਤੇ ਮਗਰੋਂ ਉਸ ਦੀਆਂ ਸ਼ਾਇਰੀ ਦੀਆਂ ਪੁਸਤਕਾਂ ਦੇ ਲਗਾਤਾਰ ਪ੍ਰਕਾਸ਼ਨ ਅਤੇ ਮੁਲਾਕਾਤ ਨਾਲ ਇਹ ਗੂੜ੍ਹੀ ਹੋਣ ਮਗਰੋਂ ਮਿੱਤਰਤਾ ਵਿਚ ਬਦਲ ਗਈ। ਬਰਤਾਨਵੀ ਪੰਜਾਬੀ ਸ਼ਾਇਰਾਂ ਦੀ ਪਹਿਲੀ ਪੀੜ੍ਹੀ ਵਿਚ ਜੇ ਨਿਰੰਜਨ ਸਿੰਘ ਨੂਰ, ਸੰਤੋਖ ਸਿੰਘ ਸੰਤੋਖ, ਮੁਸ਼ਤਾਕ ਸਿੰਘ, ਸਵਰਨ ਚੰਦਨ, ਗੁਰਨਾਮ ਢਿੱਲੋਂ ਅਤੇ ਅਵਤਾਰ ਜੰਡਿਆਲਵੀ ਆਦਿ ਉਭਰਵੇਂ ਹਸਤਾਖ਼ਰ ਹਨ ਤਾਂ ਦੂਸਰੀ ਪੀੜ੍ਹੀ ਦੇ ਸ਼ਾਇਰਾਂ ਜਿਵੇਂ ਜਗਤਾਰ ਢਾਅ, ਮਹਿੰਦਰ ਗਿੱਲ, ਦਰਸ਼ਨ ਬੁਲੰਦਵੀ, ਵਰਿੰਦਰ ਪਰਿਹਾਰ, ਬਲਦੇਵ ਬਾਵਾ ਅਤੇ ਡਾ. ਦੇਵਿੰਦਰ ਕੌਰ ਆਦਿ ਵਿਚ ਭੂਪਿੰਦਰ ਸਿੰਘ ਸੱਗੂ ਦਾ ਨਾਂ ਵੀ ਸ਼ਾਮਿਲ ਹੈ। ਕਰੀਬ ਦੋ ਦਹਾਕੇ ਪਹਿਲਾਂ ਉਸ ਦਾਨਿਸ਼ਵਰ ਸ਼ਾਇਰ ਨਿਰੰਜਨ ਸਿੰਘ ਨੂਰ ਦੀ ਪ੍ਰੇਰਨਾ ਅਤੇ ਹੌਸਲਾ ਅਫ਼ਜ਼ਾਈ ਨਾਲ ਆਪਣੇ ਕਾਵਿ-

ਸਫ਼ਰ ਦਾ ਆਰੰਭ ਕਰ ਦਿੱਤਾ ਸੀ। ਉਸ ਦੀ ਪਲੇਠੀ ਕਾਵਿ-ਪੁਸਤਕ "ਰਿਸ਼ਤਿਆਂ ਦਾ ਜੰਗਲ" (1989), "ਸੱਚ ਤੇ ਸੂਲੀ"(1993), "ਸਿਮਟੇ ਹੋਏ ਪਲ"(1998), ਅਤੇ "ਕਤਰਾ ਕਤਰਾ ਨੂਰ"(2002) ਉਸ ਦੀਆਂ ਹੁਣ ਤਕ ਪ੍ਰਕਾਸ਼ਿਤ ਕਾਵਿ-ਪੁਸਤਕਾਂ ਹਨ। ਹੁਣ ਉਹ ਆਪਣੀ ਪੰਜਾਬੀ ਕਾਵਿ-ਪੁਸਤਕ "ਫੁੱਲ ਬਣੇ ਅੰਗਿਆਰ"ਨਾਲ ਮੁੜ ਆਪਣੇ ਸੁਹਿਰਦ ਪਾਠਕਾਂ ਦੇ ਰੂਬਰੂ ਹੈ। ਸ਼ਾਇਰੀ ਦੇ ਕੁਲ ਰੂਪਾਂ ਵਿਚੋਂ ਉਸ ਇਕੋ ਵੇਲੇ ਗੀਤ, ਗ਼ਜ਼ਲ ਅਤੇ ਨਜ਼ਮ ਉਪਰ ਆਪਣੀ ਕਲਾ ਕੌਸ਼ਲਤਾ ਮੁਤਾਬਿਕ ਕਲਮ ਅਜ਼ਮਾਈ ਕੀਤੀ ਹੈ। ਤਰੱਕੀ ਪਸੰਦ ਸ਼ਾਇਰੀ ਦਾ ਕੋਈ ਐਸਾ ਪਛਾਣ-ਚਿੰਨ੍ਹ ਨਹੀਂ, ਜੋ ਉਸ ਦੀ ਸ਼ਾਇਰੀ ਦਾ ਜੀਵੰਤ ਅੰਗ ਨਾ ਹੋਵੇ। ਮਾਨਵੀ ਰਿਸ਼ਤੇ ਹੋਣ, ਨੈਤਿਕ ਮੁੱਲ, ਫ਼ਿਰਕੂ ਸਾਂਝ, ਮਾਨਵੀ ਅਸਤਿਤਵ ਦੇ ਮਸਲੇ, ਮਾਨਵ-ਹਿਤੈਸ਼ੀ ਕੀਮਤਾਂ ਦੀ ਇਬਾਰਤ ਜਾਂ ਆਦਮੀ ਅੰਦਰਲੀ ਆਦਮੀਅਤ ਦੀ ਪਛਾਣ, ਉਹ ਇਸ ਸਭ ਕੁਝ ਨੂੰ ਆਪਣੀ ਇਸੇ ਸਾਫ਼-ਸ਼ਫ਼ਾਫ਼, ਸੁਥਰੀ ਤੇ ਆਦਰਸ਼ਕ ਸੋਚ ਨਾਲ ਨਿਹਾਰਦਾ ਹੈ। ਸੂਲੀ, ਅੰਗਿਆਰਾਂ ਅਤੇ ਸਿਮਟੇ ਹੋਏ ਪਲਾਂ ਨਾਲ ਜੁੜੇ ਅਨੁਭਵ-ਛਿਣਾਂ ਨੂੰ ਚਿਤਰਦੀ ਹੋਈ ਉਸ ਦੀ ਸ਼ਾਇਰੀ ਵੀ ਨੂਰ, ਸੱਚ ਅਤੇ ਫੁੱਲਾਂ ਜੇਹੀ ਮਹਿਕ ਦੇ ਅੰਗ-ਸੰਗ ਵਿਚਰਦੀ ਹੈ। ਤਲਖ-ਤੁਰਸ਼ ਯਥਾਰਥ ਅਤੇ ਆਦਰਸ਼ਕ ਮਾਨਵੀ ਮੁੱਲਾਂ ਨਾਲ ਇੱਕੋ ਵੇਲੇ ਆਪਣੀ ਸਾਂਝ ਸਿਰਜ ਕੇ ਇਸ ਸ਼ਾਇਰ ਨੇ ਆਪਣੀ ਨਵੇਕਲੀ ਪਛਾਣ ਬਣਾਈ ਹੈ।

ਭੂਪਿੰਦਰ ਸਿੰਘ ਸੱਗੂ ਦੀ ਨਵੀਂ ਕਾਵਿ-ਪੁਸਤਕ "ਫੁੱਲ ਬਣੇ ਅੰਗਿਆਰ" ਨੇ ਅਸਲ ਵਿਚ ਉਸ ਦੇ ਸਮੁੱਚੇ ਕਾਵਿ-ਸਫ਼ਰ ਉਪਰ ਪਿੱਛਲਝਾਤ ਫੇਰਨ ਲਈ ਪ੍ਰੇਰਿਤ ਕੀਤਾ ਹੈ। ਉਸ ਦੀ ਪਹਿਲੀ ਕਾਵਿ-ਪੁਸਤਕ ਵਿਚ ਕੁਲ 40 ਰਚਨਾਵਾਂ ਸਨ, ਚੌਦਾਂ ਕਵਿਤਾਵਾਂ ਤੇ ਛੱਬੀ ਗ਼ਜ਼ਲਾਂ। ਇਸ ਪ੍ਰਥਮ ਪੁਸਤਕ ਪ੍ਰਤੀ ਨਿੱਘੇ ਹੁੰਗਾਰੇ ਨੇ ਉਸ ਨੂੰ ਸਦੀਵੀ ਤੌਰ ਉੱਪਰ ਸ਼ਾਇਰੀ ਦਾ ਆੜੀ ਬਣਾ ਦਿੱਤਾ। ਰਿਸ਼ਤਿਆਂ ਦੇ ਜੰਗਲ ਨੂੰ ਚਿਤਰਦੇ ਹੋਏ ਉਸ ਮਾਨਵੀ ਰਿਸ਼ਤਿਆਂ ਦੀ ਅਸਥਿਰਤਾ ਅਤੇ ਉਨ੍ਹਾਂ ਦੇ ਤਿੜਕੇ ਤੇ ਖੰਡ-ਖੰਡ ਹੋ ਰਹੇ ਸਰੂਪ ਉਪਰ ਆਪਣਾ ਧਿਆਨ ਟਿਕਾਇਆ। ਸਾਂਝੀ ਪੀੜ ਜਾਂ ਸਾਂਝੀ ਮਾਨਵੀ ਵੇਦਨਾ ਉਸ ਲਈ ਮਹੱਤਵਸ਼ੀਲ ਹੋ ਕੇ ਉਸ ਦੀ ਸ਼ਾਇਰੀ ਦੀ ਪ੍ਰਤੀਨਿਧ ਧੁਨੀ ਜਾਂ ਸਾਂਝੀ ਥੀਮਿਕ-ਲਯ ਬਣ ਗਈ। ਪਦਾਰਥਕ ਪ੍ਰਾਪਤੀਆਂ ਦੀ ਅੰਨ੍ਹੀ ਦੌੜ ਹੇਠ ਦਰੜੇ ਜਾ ਰਹੇ ਮਾਨਵੀ-ਮੁੱਲਾਂ ਤੇ ਨੈਤਿਕ ਕੀਮਤਾਂ ਨੂੰ ਉਸ ਜ਼ੁਬਾਨ ਦਿੱਤੀ। ਉਸ ਨਿੱਘਰੇ, ਪਤਨਸ਼ੀਨ, ਤਨਾਉ-ਭਰਪੂਰ ਮੁੱਲਾਂ ਤੇ ਸਥਿਤੀਆਂ ਨੂੰ ਚਿਤਰਣ ਦੇ ਨਾਲ-ਨਾਲ ਉਨ੍ਹਾਂ ਨੂੰ ਉਸਾਰੂ ਦਿਸ਼ਾ ਵੱਲ ਮੋੜਨ ਦੀ ਲੋਚਾ ਨੂੰ ਵੀ ਆਪਣੀਆਂ ਨਜ਼ਮਾਂ ਵਿਚ ਸਮੋਇਆ। ਇਕ ਪਾਸੇ 'ਬਾਰਿ ਪਰਾਏ ਬੈਸਣ' ਦੀ ਮਜਬੂਰੀ ਤੇ ਬੇਬਸੀ ਅਤੇ ਦੂਸਰੇ ਪਾਸੇ ਗੌਰਵਸ਼ਾਲੀ

ਵਿਰਸੇ ਦਾ ਹੇਰਵਾ—ਇਨ੍ਹਾਂ ਦੋਹਾਂ ਦੇ ਦਵੰਦਵਾਦੀ ਰਿਸ਼ਤੇ ਨੇ ਉਸ ਦੀ ਮੁੱਢਲੀ ਸ਼ਾਇਰੀ ਦੇ ਨਕਸ਼ ਸਿਰਜੇ। ਨਫ਼ਰਤ ਦੀ ਅੱਗ ਹੋਵੇ, ਰਿਸ਼ਤਿਆਂ ਦਾ ਨਿਘਾਰ, ਪੰਜਾਬ ਦਾ ਸੰਤਾਪ ਜਾਂ ਮਾਰੂ ਤੇ ਮਾਨਵ ਦੋਖੀ ਸਿਆਸਤ-ਇਹ ਸਭ ਕੁਝ ਦੇ ਕਿਸੇ ਨਾ ਕਿਸੇ ਪੱਖ ਨੂੰ ਉਸ ਆਪਣੀ ਸ਼ਾਇਰੀ ਵਿਚ ਸਮੋਇਆ। ਨਿਰਸੰਦੇਹ ਇਹ ਮਾਨਵ-ਪੱਖੀ, ਸਵੈਮਾਨ ਪੱਖੀ ਅਤੇ ਸਮਾਜ-ਪੱਖੀ ਸੀ, ਜੋ ਹਰ ਪ੍ਰਕਾਰ ਦੇ ਦੰਭ ਨੂੰ ਭੰਡਦੀ ਅਤੇ ਸੰਘਰਸ਼ ਰਾਹੀਂ ਆਸ ਨੂੰ ਜਗਾਉਂਦੀ ਸੀ। ਪ੍ਰਗਤੀਵਾਦੀ ਕੀਮਤਾਂ ਅਤੇ ਪਰਵਾਸ ਦੇ ਸੰਤਾਪ ਵਿਚੋਂ ਹੋਂਦ ਗ੍ਰਹਿਣ ਕਰਦੀ ਇਸ ਸ਼ਾਇਰੀ ਦੇ ਪਹਿਲੇ ਦੌਰ ਵਿਚੋਂ ਕਲਾ-ਕੌਸ਼ਲਤਾ ਦੀਆਂ ਕਚਿਆਈਆਂ ਨਜ਼ਰੀਂ ਪਈਆਂ, ਪਰੰਤੂ ਸ਼ਾਇਰ ਸੱਗੂ ਆਪਣੇ ਅਨੁਭਵ ਅਤੇ ਨਿਰੰਤਰ ਅਭਿਆਸ ਰਾਹੀਂ ਅਗਾਂਹ ਕਦਮ ਪੁੱਟਦਾ ਗਿਆ।

ਭੂਪਿੰਦਰ ਸਿੰਘ ਸੱਗੂ ਦੀ ਪਹਿਲੇ ਦੌਰ ਦੀ ਸ਼ਾਇਰੀ ਪ੍ਰਤੀ ਸੱਗੂ ਦੇ ਪ੍ਰੇਰਨਾ ਸਰੋਤ ਨਿਰੰਜਨ ਸਿੰਘ ਨੂਰ ਨੇ ਭਰਵਾਂ ਹੁੰਗਾਰਾ ਭਰਿਆ। ਉਸ ਦੀ ਸੁਰ ਹੌਸਲਾ ਅਫ਼ਜ਼ਾਈ ਦੀ ਸੀ। ਸੱਗੂ ਖ਼ੁਦ ਵੀ ਇਸ ਪ੍ਰਗਤੀਵਾਦੀ ਸ਼ਾਇਰ ਦੇ ਨਕਸ਼ੇ-ਕਦਮਾਂ ਉਪਰ ਤੁਰ ਰਿਹਾ ਸੀ। ਦੂਸਰੀ ਪੁਸਤਕ "ਸੱਚ ਤੇ ਸੂਲੀ" ਜਿਸ ਵਿਚ ਕੁਲ ਬਤਾਲੀ ਕਵਿਤਾਵਾਂ ਤੇ ਗ਼ਜ਼ਲਾਂ ਦਰਜ ਸਨ, ਦੀ ਆਦਿਕਾ ਹੀ ਨੂਰ ਸਾਹਿਬ ਨੇ ਲਿਖੀ। ਇਸ ਸ਼ਾਇਰੀ ਦੀ ਪ੍ਰਕਿਰਤੀ ਨੂੰ ਪਛਾਣਦੇ ਹੋਏ, ਉਨ੍ਹਾਂ ਇਸ ਨੂੰ "ਪੰਜਾਬ ਦੀ ਤ੍ਰਾਸਦੀ ਤੋਂ ਲੈ ਕੇ ਪੰਜਾਂ ਮਹਾਂਦੀਪਾਂ ਵਿਚ ਛਿੜੇ ਮਾਨਵ-ਮੁਕਤੀ ਸੰਘਰਸ਼ਾਂ ਤੇ ਉਨ੍ਹਾਂ ਘੋਲਾਂ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਪਰੇਰਿਤ" ਦੱਸਿਆ। ਨਸਲੀ ਵਿਤਕਰੇ, ਭੂਹੇਰਵੇ ਵਰਗੇ ਪਰਵਾਸੀ ਮਨੁੱਖ ਦੇ ਸਰੋਕਾਰਾਂ ਨੂੰ ਚਿਤਰਦਾ ਹੋਇਆ ਵੀ ਉਹ ਇਨ੍ਹਾਂ ਤਕ ਸੀਮਿਤ ਨਾ ਰਿਹਾ। ਪੰਜਾਬ ਸੰਤਾਪ, ਮਜ਼ਹਬੀ ਜਨੂੰਨ ਅਤੇ ਭ੍ਰਿਸ਼ਟ ਸਿਆਸਤ ਨੂੰ ਚਿਤਰਦੇ ਹੋਏ ਉਸ ਆਪਣਾ ਨਾਤਾ ਆਪਣੇ ਪਿਛੋਕੜ ਨਾਲ ਵੀ ਜੋੜਿਆ ਅਤੇ ਮਾਨਵ ਦੇ ਸਦੀਵੀ ਮਾਨਵੀ ਸਰੋਕਾਰਾਂ ਨੂੰ ਵੀ ਜ਼ੁਬਾਨ ਦਿੱਤੀ। ਉਸ ਲਿਖਿਆ :

ਵਿਸ਼ਵਾਸਾਂ ਦੀ ਤੱਕੜੀ ਨਾਲ ਪਾਸਕੂ ਲਟਕੇ
ਮਜ਼ਬਾਂ ਦੇ ਜੰਗਲ ਵਿਚ
ਵਹਿਸ਼ਤ ਆਣ ਭਿੜੀ ਹੈ।

ਬੇਸ਼ੱਕ ਉਸ ਕਿਧਰੇ ਕਿਧਰੇ ਵਿਅੰਗ ਦੇ ਹਥਿਆਰ ਦੀ ਵਰਤੋਂ ਕੀਤੀ ਪਰ ਵਧੇਰੇ ਕਰਕੇ ਉਸ ਸਹਿਜ, ਸਰਲ, ਸਪੱਸ਼ਟ ਅਤੇ ਸੰਚਾਰ-ਮੁਖੀ ਮੁਹਾਵਰੇ ਦਾ ਹੀ ਪ੍ਰਯੋਗ ਕੀਤਾ।

ਭੂਪਿੰਦਰ ਸੱਗੂ ਆਪਣੀ ਸਹਿਜ ਪਰ ਲਗਾਤਾਰ ਚਾਲ ਵਿਚ ਅਗਾਂਹ ਸਰਕਦਾ

ਹੋਇਆ "ਸਿਮਟੇ ਹੋਏ ਪਲ" ਤਕ ਅਪੜਿਆ। ਅਸਲ ਵਿਚ ਇਸ ਬਿੰਦੂ ਉਪਰ ਉਹ ਕਾਵਿਕ ਮੁਹਾਵਰੇ ਪ੍ਰਤੀ ਵੱਧ ਸੁਚੇਤ ਹੋਇਆ, ਉਸ ਦੀ ਸਿਰਜੀ ਭਾਸ਼ਾ ਵਿਚ ਸੰਬੋਧਨੀ ਸੁਰ ਬੇਸ਼ੱਕ ਬਰਕਰਾਰ ਰਹੀ, ਪਰ ਉਸ ਨੇ ਇਸ ਪੜਾਅ ਉਪਰ ਪ੍ਰਤੀਕਮਈ ਅਤੇ ਮਿਥਿਹਾਸਕ ਹਵਾਲਿਆਂ ਵਾਲੀ ਭਾਸ਼ਾ ਨਾਲ ਆਪਣੇ ਕਾਵਿ-ਮੁਹਾਵਰੇ ਨੂੰ ਜਟਿਲਤਾ ਪ੍ਰਦਾਨ ਕੀਤੀ। ਇਸ ਪੁਸਤਕ ਵਿਚ ਵੀ ਕੁੱਲ ਬਤਾਲੀ ਕ੍ਰਿਤਾਂ ਸਨ, ਸੈਂਤੀ ਕਵਿਤਾਵਾਂ ਤੇ ਪੰਜ ਗ਼ਜ਼ਲਾਂ। ਇਨ੍ਹਾਂ ਨਜ਼ਮਾਂ ਵਿਚ ਉਸ ਜਜ਼ਬੇ ਨੂੰ ਤਰਕ ਤੇ ਵਿਚਾਰ ਦੇ ਮਤੀਹ ਰਖਿਆ। ਪ੍ਰਤੀਬੱਧਤਾ ਉਸ ਦੀ ਇੰਨ-ਬਿੰਨ ਕਾਇਮ ਰਹੀ। ਇਸ ਪੁਸਤਕ ਵਿਚ ਵੀ ਉਸ ਨਸਲਵਾਦ ਅਤੇ ਹਥਿਆਰਾਂ ਦੀ ਅੰਨੀ ਦੌੜ ਦਾ ਵਿਰੋਧ ਕਰਦੇ ਹੋਏ ਅੰਦਰਲੀ ਸੱਚਾਈ ਅਤੇ ਮਾਨਵੀ ਕੀਮਤਾਂ ਦਾ ਪੱਖ ਪੂਰਿਆ। ਆਪਣੇ ਸਮਿਆਂ ਦੇ ਸੱਚ ਨੂੰ ਆਪਣੀ ਸਿਰਜਣਾ ਵਿਚ ਸਮੋਣ ਦੇ ਨਾਲ-ਨਾਲ ਉਸ ਨੇ ਕਾਵਿਕ ਮੁਹਾਵਰੇ ਵਿਚ ਆਪਣੇ ਕਾਵਿ-ਸੰਕਲਪ ਨੂੰ ਵੀ ਆਪਣੀ ਸਿਰਜਣਾ ਦਾ ਹਿੱਸਾ ਬਣਾ ਲਿਆ। ਇਹ ਕਾਵਿ ਸੰਕਲਪ ਵੀ ਉਸ ਸੰਬੋਧਨੀ ਲਹਿਜੇ ਰਾਹੀਂ ਉਸਾਰਿਆ :

ਜਿਹੜੀ ਕਲਮ ਹਾਕਮ ਦੀ ਕਰਤੂਤ ਦੇ ਉੱਤੇ ਪਰਦਾ ਪਾਵੇ
ਜਿਹੜੀ ਕਲਮ ਸਮੇਂ ਦੀ ਕਾਲੀ ਨ੍ਹੇਰੀ ਅੱਗੇ ਝੁਕਦੀ ਜਾਵੇ
ਜਿਹੜੀ ਕਲਮ ਕਮੀਨੀ ਖ਼ੂਨੀ ਨਦੀਆਂ ਦਾ ਕਾਰਨ ਬਣ ਜਾਵੇ
ਜਿਸ ਕਲਮ ਦੀ ਜੀਭਾ ਵਿਚ ਲਲਕਾਰ ਨਹੀਂ ਹੈ
ਉਸ ਕਲਮ ਦਾ ਮਾਨਵ ਨੂੰ ਸਤਿਕਾਰ ਨਹੀਂ ਹੈ।

ਉਸ ਸ਼ਸਤਰ ਨਾਲੋਂ ਸ਼ਾਸਤਰ ਨੂੰ ਤਾਂ ਤਰਜੀਹ ਦਿੱਤੀ ਹੀ ਨਾਲ ਹੀ ਨਾਲ ਸ਼ਾਸਤਰ ਦੀ ਪ੍ਰਕਿਰਤੀ ਤੇ ਸਰੂਪ (ਮਾਨਵ ਨੂੰ ਸਤਿਕਾਰਨਾ) ਵੀ ਨਿਰਧਾਰਤ ਕਰ ਦਿੱਤਾ। ਅਜੋਕੇ ਖਪਤ ਸਭਿਆਚਾਰ ਦੇ ਯੁੱਗ ਵਿਚ ਸ਼ਬਦ ਸਭਿਆਚਾਰ ਦੇ ਵਿਕ੍ਰਿਤ ਰੂਪ ਨੂੰ ਵੀ ਉਸ ਪ੍ਰਸਤੁਤ ਕੀਤਾ (ਲੱਚਰ ਗੀਤਾਂ ਦੇ ਧੁਨ ਉਤੇ/ਹੋ ਕੇ ਬੌਰਾ/ਸ਼ਬਦਾਂ ਦੀ ਉਗਾਲੀ ਕਰਦਾ), ਵਧ ਰਹੀ ਪਾਸ਼ਵਿਕਤਾ ਨੂੰ ਵੀ ਅਤੇ ਅਸਾਵੇਂ ਵਿਕਾਸ ਨੂੰ ਵੀ। ਇਸ ਸ਼ਬਦ ਸਭਿਆਚਾਰ ਨੂੰ ਅਸਾਵਾਂ, ਅਸੰਤੁਲਤ, ਅਮਾਨਵੀ ਅਤੇ ਕ੍ਰਿਤ-ਵਿਰੋਧੀ ਕੁਝ ਵੀ ਪਵਾਨ ਨਹੀਂ। ਇਹ ਇਸ ਸਭ ਕੁਝ ਨੂੰ ਰੱਦ ਹੀ ਨਹੀਂ ਕਰਦੀ ਬਲਕਿ ਇਸ ਪ੍ਰਤੀ ਰੋਸ, ਰੋਹ ਪੈਦਾ ਕਰਦੀ ਅਤੇ ਚੇਤਨਾ ਦੀ ਚਿਣਗ ਬਾਲਦੀ ਹੈ।

"ਕਤਰਾ ਕਤਰਾ ਨੂਰ"ਪੁਸਤਕ ਦਾ ਸਿਰਲੇਖ ਦੋ-ਅਰਥੀ ਹੈ : ਇਕ ਪਾਸੇ ਇਹ ਉਸ ਦੀ ਸ਼ਾਇਰੀ ਦੀ ਮੂਲ ਪ੍ਰਕਿਰਤੀ ਦਾ ਚਿਹਨਕ ਹੈ ਅਤੇ ਦੂਸਰੇ ਪਾਸੇ ਉਸ ਦੀ ਸ਼ਾਇਰੀ ਦੇ ਪ੍ਰੇਰਨਾ ਸੋਮੇ (ਨਿਰੰਜਨ ਸਿੰਘ ਨੂਰ ਦੀ ਸ਼ਾਇਰੀ) ਤੇ ਅੰਤਰ

ਪਾਠਤਾ ਦੀ ਟੋਹ ਪ੍ਰਦਾਨ ਕਰਦਾ ਹੈ। ਇਹ 'ਨੂਰ' ਸਿਹਤਮੰਦ ਮਾਨਵੀ ਕੀਮਤਾਂ, ਸਰੋਕਾਰਾਂ, ਆਂਤਰਿਕ ਖੁਸ਼ਹਾਲੀ, ਲੋਕਪੱਖੀ ਬਚਨਬੱਧਤਾ ਅਤੇ ਆਸ਼ਾਵਾਦੀ ਬਿਰਤੀ ਦਾ ਹੈ। ਨਸਲੀ ਵਿਤਕਰੇ, ਨੈਤਿਕ ਗਿਰਾਵਟ, ਸਾਮਰਾਜੀ ਲੁੱਟ, ਭ੍ਰਿਸ਼ਟ ਰਾਜਨੀਤੀ ਅਤੇ ਸਮੁੱਚੀਆਂ ਅਮਾਨਵੀ ਜਾਂ ਪ੍ਰਤੀਕੂਲ ਪਰਿਸਥਿਤੀਆਂ ਤੋਂ ਇਹ ਸ਼ਾਇਰੀ ਆਪਣੀ ਮੁੱਢਲੀ ਅਵਸਥਾ ਤੋਂ ਹੀ ਵਿਰੋਧਤਾ ਕਰਦੀ ਰਹੀ ਹੈ। ਇਸ ਸਮੇਂ-ਬਿੰਦੂ ਉੱਪਰ ਵੀ ਉਸ ਦੀ ਸ਼ਾਇਰੀ ਵਿਚੋਂ ਇਹ ਗੂੰਜਾਂ ਸੁਣਾਈ ਦੇਂਦੀਆਂ ਹਨ। ਇਹ ਗੂੰਜਾਂ ਹੀ ਅਸਲ ਵਿਚ ਉਸ ਦੀ ਆਪਣੀ ਹੀ ਸ਼ਾਇਰੀ ਦੀ ਨਿਰੰਤਰਤਾ ਨੂੰ ਉਘਾੜਦੀਆਂ ਹਨ। ਮਿਸਾਲ ਵਜੋਂ :

ੳ. ਮੰਦਰਾਂ 'ਚ ਵਹਿਸ਼ਤ ਨੱਚਦੀ ਦੀਵੇ ਹੋਏ ਨੇ ਗੁੱਲ,  
ਕਰਦਾ ਹੈ ਕੌਣ ਆਰਤੀ, ਅੱਜ ਖੰਜਰ ਦੇ ਨਾਲ।

ਅ. ਰੰਗ ਨਸਲ ਤੇ ਜਾਤਾਂ ਦੀ ਇਹ ਮੰਡੀ ਹੈ,  
ਗੋਰੇ ਕਾਲੇ ਦੇ ਵਿਚ ਕੈਸੀ ਵੰਡੀ ਹੈ।

ਇਸ ਪੁਸਤਕ ਵਿਚ ਵੀ ਸੱਗੂ ਪ੍ਰਤੀਕੂਲ ਪਰਿਸਥਿਤੀਆਂ ਨੂੰ ਚਿਤਰਦਾ ਹੈ। ਮਨੋਰਥ (ਮਾਨਵੀ ਭਲਾਈ) ਅਤੇ ਦ੍ਰਿਸ਼ਟੀਕੋਣ/ਪ੍ਰਤੀਬੱਧਤਾ ਦੀ ਇਕਸਾਰਤਾ ਬਰਕਰਾਰ ਰਹਿੰਦੀ ਹੈ। ਉਹ ਗ਼ਜ਼ਲ ਵਰਗੀ ਸਿਨਫ਼ ਨੂੰ ਆਪਣੇ ਮਨੋਰਥ ਅਤੇ ਨਜ਼ਰੀਏ ਦੇ ਹਾਣ ਦਾ ਬਣਾਉਣ ਲਈ ਲਗਾਤਾਰ ਜਦੋ-ਜਹਿਦ ਕਰਦਾ ਹੈ। ਇਥੋਂ ਤਕ ਕਿ ਉਹ ਗ਼ਜ਼ਲ ਦੀ ਪਰੰਪਰਾਗਤ ਸ਼ਬਦਾਵਲੀ ਨੂੰ ਵੀ ਆਪਣੇ ਨਜ਼ਰੀਏ ਦੀ ਅੱਕਾਸੀ ਲਈ ਘੜ ਤਰਾਸ਼ ਲੈਂਦਾ ਹੈ।

"ਫੁੱਲ ਬਣੇ ਅੰਗਿਆਰ" ਦਾ ਤਾਂ ਆਰੰਭ ਹੀ ਉਸ ਦੇ ਨਜ਼ਰੀਏ ਦੀ ਅੱਕਾਸੀ ਨਾਲ ਹੁੰਦਾ ਹੈ। ਉਸ ਲਈ ਸ਼ਾਇਰੀ ਸ਼ਬਦਾਂ ਦੀ ਖੇਡ, ਲੱਚਰਪੁਣੇ ਜਾਂ ਜਿਨਸੀ ਦੇ ਹੀ ਰੋਗਾਂ ਦੇ ਪ੍ਰਗਟਾਵੇ ਦਾ ਸਾਧਨ ਨਹੀਂ ਬੰਧਨ ਤੋੜਨ, ਦੰਭ-ਫ਼ਰੇਬ ਦੇ ਖ਼ਾਤਮੇ, ਵੰਡਾਂ-ਵਿਤਕਰਿਆਂ ਤੋਂ ਮੁਕਤ ਕਰਨ ਅਤੇ ਆਪਸੀ ਸਾਂਝ ਦੇ ਭਾਈਚਾਰੇ ਦਾ ਪੈਗਾਮ ਦੇਣ ਦਾ ਜ਼ਰੀਆ ਹੈ। ਇਸ ਪੁਸਤਕ ਵਿਚ ਵੀ ਉਸ ਨੇ ਮਾਰੂ ਤੇ ਖਪਤ ਯੁੱਗ ਦੀਆਂ ਪਰਤਾਂ ਫਰੋਲਣ ਅਤੇ ਆਪਣੇ ਸਿਹਤਮੰਦ ਨਜ਼ਰੀਏ ਦੇ ਪ੍ਰਗਟਾਵੇ ਲਈ ਕੁਲ ਇਕਤਾਲੀ ਨਜ਼ਮਾਂ ਦੀ ਚੋਣ ਕੀਤੀ ਹੈ। ਪੁਸਤਕ ਦੀ ਅੰਤਿਮ ਨਜ਼ਮ ਮੁੜ ਉਸ ਦੀ ਪ੍ਰਤੀਬੱਧਤਾ ਨੂੰ ਦੁਹਰਾਉਂਦੀ ਹੈ। ਇਹ ਪ੍ਰਤੀਬੱਧਤਾ ਹੱਕ, ਸੱਚ, ਅਮਲ, ਤਰਕ ਅਤੇ ਕ੍ਰਿਤੀ-ਵਰਗ ਪੱਖੀ ਹੈ ਅਤੇ ਹਾਕਮ ਲੋਟੂ ਸ਼੍ਰੇਣੀ ਵਿਰੋਧੀ। ਅੰਤਿਮ ਤੋਂ ਪਹਿਲੀ ਨਜ਼ਮ 'ਪਰਿੰਦਾ' ਵਿਚ ਮਨੁੱਖੀ ਹੱਕਾਂ ਲਈ ਜੂਝਣ ਵਾਲੀ ਸ਼ਖ਼ਸੀਅਤ (ਪ੍ਰੋ. ਹਰਭਜਨ ਸਿੰਘ) ਪ੍ਰਤੀ ਆਪਣੀ ਸ਼ਰਧਾ ਅਤੇ ਆਦਰ ਦਾ ਪ੍ਰਗਟਾਵਾ ਕਰਦਾ ਹੈ।

“ਫੁੱਲ ਬਣੇ ਅੰਗਿਆਰ” ਵਿਚ ਸੱਗੂ ਨੇ ਮਾਨਵੀ ਦਰਦ ਅਤੇ ਪੀੜਾ ਨੂੰ ਕੇਂਦਰ ਵਿਚ ਟਿਕਾਇਆ ਹੈ। ਮਾਨਵੀ ਸੁਪਨਿਆਂ ਦਾ ਘਾਣ ਕਰਨ ਜਾਂ ਕਹਿਰ ਵਰਤਾਉਣ ਵਾਲੀ ਕੁਦਰਤ ਹੋਵੇ (ਖੂਨੀ ਲਹਿਰਾਂ) ਜਾਂ ਭ੍ਰਿਸ਼ਟ ਰਾਜਨੀਤੀ ਜਾਂ ਸਾਮਰਾਜੀ ਸ਼ਕਤੀਆਂ, ਉਹ ਸਭ ਨਾਲ ਬੇਲਿਹਾਜ਼ੀ ਨਾਲ ਪੇਸ਼ ਆਉਂਦਾ ਹੈ। ਉਹ ਘਿਨੌਣੇ ਵਰਤਾਰਿਆਂ ਦੀ ਮਹਿਜ਼ ਅੱਕਾਸੀ ਹੀ ਨਹੀਂ ਕਰਦਾ, ਸਗੋਂ ਆਪਣੇ ਰੌਸ਼ਨ ਨਜ਼ਰੀਏ ਨਾਲ ਇਨ੍ਹਾਂ ਦੀਆਂ ਛੁਪੀਆਂ ਪਰਤਾਂ ਹੇਠ ਲੁਕੇ ਦਰਦ ਦੇ ਦੀਦਾਰ ਵੀ ਕਰਾਉਂਦਾ ਹੈ। ‘ਪਿਕਾਡਲੀ’ਏਸ ਪੱਖੋਂ ਇਸ ਰਚਨਾ ਵਿਚਲੀ ਇਕ ਐਸੀ ਨਜ਼ਮ ਹੈ, ਜੋ ਇੱਕੋ ਵੇਲੇ ਮਾਨਵੀ ਦਰਦ ਅਤੇ ਲੇਖਕ ਮਾਨਵੀ ਨਜ਼ਰੀਏ ਦੇ ਦੀਦਾਰ ਕਰਾਉਂਦੀ ਹੈ। ਮਿਸਾਲ ਵਜੋਂ :

ਪਿਕਾਡਲੀ ਦੀਆਂ ਗਲੀਆਂ ਅੰਦਰ
ਭੀੜ ਭੜੱਕਾ
ਮੋਢੇ ਦੇ ਨਾਲ ਮੋਢਾ ਖਹਿੰਦਾ,
ਰੌਸ਼ਨੀਆਂ ਦੀ ਨਾਜ਼ੁਕਤਾ ’ਚ
ਰਾਤਾਂ ਜਾਗਣ,
ਪ੍ਰਭਾਤ ਦੀਆਂ ਅੱਖਾਂ ਦੇ ਵਿਚ
ਨਿੱਜ-ਪੀੜਾ ਦੇ ਰੋੜ ਰੜਕਣ।

ਕੁਝ ਇਸੇ ਪ੍ਰਕਾਰ ਦਾ ਨਜ਼ਰੀਆ ਨਸਲੀ ਵਿਤਕਰੇ, ਹਥਿਆਰਾਂ ਦੀ ਦੌੜ ਅਤੇ ਫ਼ਿਰਕੂ ਤਾਕਤਾਂ ਪ੍ਰਤੀ ਵੀ ਇਸ ਰਚਨਾ ਵਿਚ ਵਿਦਮਾਨ ਹੈ। ‘ਪ੍ਰਭ ਜੀ’ਨਜ਼ਮ ਵਿਚ ਪੁਜਾਰੀ-ਵਰਗ ਦੇ ਦਿਸਦੇ ਤੇ ਅਣਦਿੱਸਦੇ ਅਤੇ ਸੱਚ ਤੇ ਭੇਖ ਨੂੰ ਇਕ ਦੂਸਰੇ ਦੇ ਬਰਾਬਰ ਰਖ ਕੇ ਇਕ ਵਾਜਬ ਸੰਦੇਹ ਜਾਂ ਐਸੇ ਸਵਾਲੀਏ ਨਿਸ਼ਾਨ ਨਾਲ ਨਜ਼ਮ ਨੂੰ ਸਮਾਪਤ ਕਰਦਾ ਹੈ।

“ਫੁੱਲ ਬਣੇ ਅੰਗਿਆਰ” ਵਿਚਲੀਆਂ ਕੁਝ ਨਜ਼ਮਾਂ ਸ਼ਾਇਰ ਦੀਆਂ ਸਿਮਰਤੀਆਂ ਨੂੰ ਸਾਕਾਰ ਕਰਦੀਆਂ ਹਨ। ਇਨ੍ਹਾਂ ਸਿਮਰਤੀਆਂ ਦਾ ਸਬੰਧ ਉਸ ਦੇ ਪਿੰਡ ਨਾਲ ਵੀ ਹੈ, ਉਸਤਾਦਾਂ ਨਾਲ ਵੀ, ਕਾਵਿ-ਆਦਰਸ਼ ਬਣੀ ਸ਼ਖ਼ਸੀਅਤ ਨਾਲ ਵੀ ਅਤੇ ਗੌਰਵਸ਼ਾਲੀ ਵਿਰਸੇ ਨਾਲ ਵੀ। ਇਨ੍ਹਾਂ ਸਿਮਰਤੀਆਂ ਨੂੰ ਸਾਕਾਰ ਕਰਦਾ ਹੋਇਆ ਉਹ ਇਨ੍ਹਾਂ ਨੂੰ ਵੀ ਆਪਣੇ ਮਕਸਦ ਦੇ ਪ੍ਰਗਟਾਵੇ ਦਾ ਮਾਧਿਅਮ ਬਣਾ ਲੈਂਦਾ ਹੈ।

ਆਪਣੇ ਸਮੁੱਚੇ ਕਾਵਿ-ਸਫ਼ਰ ਦੌਰਾਨ ਭੂਪਿੰਦਰ ਸਿੰਘ ਸੱਗੂ ਨੇ ਆਪਣੀ ਪ੍ਰਤੀਬੱਧਤਾ ਨੂੰ ਥਿੜਕਣ ਨਹੀਂ ਦਿੱਤਾ। ਉਸ ਬਦਲਦੇ ਮੌਸਮਾਂ ਨਾਲ ਰੰਗ ਨਹੀਂ ਬਦਲੇ ਬਲਕਿ ਬਦਲਦੇ ਮੌਸਮਾਂ ਦੀ ਵਿਆਕਰਣ ਦੀ ਪਛਾਣ ਦਾ ਉੱਦਮ ਕੀਤਾ ਹੈ। ਉਸ ਦੀ ਪ੍ਰਤੀਬੱਧਤਾ ਉਸ ਦੇ ਅੰਦਾਜ਼ ਅਤੇ ਵੱਥ ਦੋਹਾਂ ਉਪਰ ਹਾਵੀ

ਦਿਖਾਈ ਦੇਂਦੀ ਹੈ। ਇਸੇ ਲਈ ਉਹ ਨਜ਼ਮ ਨੂੰ ਅਨੁਭਵ-ਛਿਣ ਰਾਹੀਂ ਫੈਲਾਉਣ ਨਾਲੋਂ ਵਰਤਾਰਿਆਂ ਸਬੰਧੀ ਸੰਬੋਧਨੀ ਸੁਰ ਅਤੇ ਸਹਿਜ, ਸਰਲ ਅਤੇ ਸਪੱਸ਼ਟ ਨਜ਼ਰੀਆ ਪ੍ਰਸਤੁਤ ਕਰਦਾ ਹੈ। ਉਸਦੀਆਂ ਨਜ਼ਮਾਂ ਵਿਚ ਗ੍ਰਹਿਣਯੋਗ/ਤਿਆਗਣ ਯੋਗ, ਮਾਨਵ-ਪੱਖੀ/ਮਾਨਵ ਦੋਖੀ, ਨੈਤਿਕ/ਅਨੈਤਿਕ ਮੁੱਲਾਂ ਪ੍ਰਤੀ ਸਪੱਸ਼ਟ ਦ੍ਰਿਸ਼ਟੀ ਵਿਦਮਾਨ ਹੈ। ਪ੍ਰਤੀਕਲ ਪਰਿਸਥਿਤੀਆਂ, ਵਧ ਰਹੀ ਨੈਤਿਕ ਗਿਰਾਵਟ ਅਤੇ ਲਗਾਤਾਰ ਮਾਨਵ-ਦੋਖੀ ਹੋ ਰਹੀ ਸਿਆਸਤ ਦੇ ਅਮਾਨਵੀ ਰੂਪ ਅਤੇ ਵੱਖ-ਵੱਖ ਪੱਖਾਂ ਦੇ ਚਿਤਰਣ ਲਈ ਇਹ ਸ਼ਾਇਰੀ ਨਵੀਨ ਨਾਵਾਂ ਅਤੇ ਰੂਪਾਂ ਵਿਚ ਢਲਦੀ ਹੈ। ਇਸ ਦੁਹਰਾਉ ਦੇ ਪਿਛੋਕੜ ਵਿਚ ਵੀ ਪ੍ਰਤੀਕੂਲ ਨੂੰ ਅਨੁਕੂਲ ਅਤੇ ਅਮਾਨਵੀ ਨੂੰ ਮਾਨਵੀ ਬਣਾਉਣ ਦਾ ਸੁਪਨਾ ਕਾਰਜਸ਼ੀਲ ਹੈ। ਅਮਾਨਵੀ, ਅਨੈਤਿਕ ਨੂੰ ਰੱਦ ਕਰਕੇ, ਉਸ ਪ੍ਰਤੀ ਰੋਸ ਤੇ ਰੋਹ ਨੂੰ ਜਗਾ ਕੇ ਜੀਉਣਯੋਗ ਸਮਾਜ ਦਾ ਸੁਪਨਾ ਸਿਰਜਣ ਵਾਲੀ ਇਸ ਸ਼ਾਇਰੀ ਦਾ ਸੁਆਗਤ ਕਰਨਾ ਬਣਦਾ ਹੈ।

ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

•••••

# ਕੇ ਨੇੜੈ ਕੇ ਦੂਰਿ- (ਫੁੱਲ ਬਣੇ ਅੰਗਿਆਰ)
## ਨਿਰੀਖਕ : ਗੁਰਨਾਮ ਢਿੱਲੋਂ

ਇਹ ਪੁਸਤਕ ਭੂਪਿੰਦਰ ਸਿੰਘ ਸੱਗੂ ਜੀ ਦਾ ਪੰਜਵਾਂ ਕਾਵਿ-ਸੰਗ੍ਰਿਹ ਹੈ। ਇਸ ਤੋਂ ਪਹਿਲਾਂ ਰਿਸ਼ਤਿਆਂ ਦਾ ਜੰਗਲ (1989), ਸੂਲੀ ਤੇ ਸੱਚ (1993), ਸਿਮਟੇ ਹੋਏ ਪਲ (1998), ਕਤਰਾ ਕਤਰਾ ਨੂਰ (2002) ਨਾਵਾਂ ਦੀਆਂ ਪੁਸਤਕਾਂ ਰਚ ਚੁੱਕੇ ਹਨ। ਇਕ ਹੋਰ ਪੁਸਤਕ ਨਿਰੰਜਨ ਸਿੰਘ ਨੂਰ, ਸਿਮ੍ਰਤੀ ਗਰੰਥ ਦੀ ਸਮੱਗਰੀ ਇਕੱਤਰ ਕਰਕੇ ਪ੍ਰਕਾਸ਼ਕ ਨੂੰ ਭੇਜ ਚੁੱਕੇ ਹਨ। ਸੱਗੂ ਜੀ ਵਲਵਰਹੈਂਪਟਨ ਸ਼ਹਿਰ ਦੀ ਪੰਜਾਬੀ ਸਾਹਿਤਕ ਦੁਨੀਆ ਵਿਚ ਅਜੋਕੇ ਯੁੱਗ ਦੇ ਭਾਈ ਲਾਲੋ ਹਨ। ਕਿਰਤ ਕਰਨ ਦੇ ਨਾਲ, ਯਥਾ-ਸ਼ਕਤ ਕਲਮ ਦੇ ਅਮਲ ਰਾਹੀਂ ਮਨੁੱਖਤਾ ਦੀ ਸੇਵਾ ਵੀ ਕਰ ਰਹੇ ਹਨ। ਉਹਨਾਂ ਦੀ ਸ਼ਰਾਫ਼ਤ ਅਤੇ ਨਿਰੰਜਨ ਸਿੰਘ ਨੂਰ (ਮਰਹੂਮ) ਦੀ ਸ਼ਾਗਿਰਦੀ ਨੇ ਹੀ ਮੈਨੂੰ ਉਹਨਾਂ ਬਾਰੇ ਲਿਖਣ ਲਈ ਪਰੇਰਿਤ ਕੀਤਾ ਹੈ ਕਿਉਂਕਿ ਨੂਰ ਸਾਹਿਬ ਮੇਰੇ ਵੀ ਬਹੁਤ ਨਿਕਟ-ਵਰਤੀ ਮਿੱਤਰ ਸਨ।

ਪੁਸਤਕ ਦੇ ਪਿੱਠਵਰਕ ਉੱਤੇ ਛੇ ਵਿਅਕਤੀਆਂ ਦੀਆਂ ਇਸ ਸ਼ਾਇਰ ਦੀ ਸ਼ਾਇਰੀ ਬਾਰੇ ਪ੍ਰਸੰਸਾਮਈ ਟਿੱਪਣੀਆਂ ਪ੍ਰਕਾਸ਼ਮਾਨ ਹਨ ਜਿਹਨਾਂ ਵਿਚੋਂ ਚਾਰ ਡਾਕਟਰ ਸਾਹਿਬ, ਇੱਕ ਡਾਕਟਰ ਸਾਹਿਬਾ ਅਤੇ ਇੱਕ ਚਰਚਿਤ ਲੇਖਕ ਹਨ ਭਾਵੇਂ ਕਿ ਉਹਨਾਂ ਦੇ ਕਾਵਿ-ਸ਼ਾਸਤਰ ਇੱਕ ਦੂਜੇ ਤੋਂ ਭਿੰਨ ਵੀ ਹਨ। ਸਤਵੀਂ ਰਾਏ, ਇਸ ਪੁਸਤਕ ਦੀ ਵਿਸਤ੍ਰਿਤ ਪ੍ਰਸੰਸਮਈ ਭੂਮਿਕਾ ਵਜੋਂ ਡਾ: ਹਰਭਜਨ ਸਿੰਘ ਭਾਟੀਆ ਜੀ ਦੀ ਵੀ ਸੁਭਾਇਮਾਨ ਹੈ। ਇਹਨਾਂ ਦਿਸ਼ਟੀਗੋਚਰ ਰਾਵਾਂ ਬਾਰੇ ਇਹਨਾਂ ਸਤਰਾਂ ਦੇ ਲੇਖਕ ਦੀ ਰਾਏ ਰਾਖਵੀਂ ਹੈ।

ਪੁਸਤਕ ਦੇ ਨਾਮਕਰਣ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ ਇਸ ਵਿਚ ਅਜਿਹੇ ਮੌਸਮ, ਵਾਤਾਵਰਣ, ਪਰਿਆਵਰਣ ਅਤੇ ਵਿਵਸਥਾ ਦੀ ਰੂਪ-ਰੇਖਾ ਦਾ ਵਰਨਣ ਉਪਸਥਿਤ ਹੋਵੇਗਾ ਜਿਸ ਵਿਚ ਫੁੱਲ ਆਪਣਾ ਰੂਪ ਅਤੇ ਤਾਸੀਰ ਬਦਲ ਕੇ ਅੰਗਿਆਰ ਬਣ ਜਾਂਦੇ ਹਨ। ਇਸ ਵਰਤਾਰੇ ਦੀਆਂ ਸਥੂਲ ਰੂਪ ਵਿਚ ਤਿੰਨ ਪਰਤਾਂ ਹਨ :

ਪਹਿਲੀ ਪਰਤ ਸੁਹਜਮੁਖੀ ਹੈ। ਫੁੱਲ, ਸੁੰਦਰਤਾ, ਕੋਮਲਤਾ, ਸਸਤਾ,

ਮਨਮੋਹਿਕਤਾ ਅਤੇ ਮਹਿਕਤਾ ਦਾ ਚਿੰਨ ਹੈ। ਫੁੱਲਾਂ ਦੇ ਗੁਲਦਸਤੇ ਅਸਾਡੀਆਂ ਕਈ ਸ਼ਗਨਮਈ ਰਸਮਾਂ ਵਿੱਚ ਭੇਟਾ ਕੀਤੇ ਜਾਂਦੇ ਹਨ। ਖੁਸ਼ੀਆਂ-ਖੇੜਿਆਂ ਦੇ ਸਮੇਂ ਫੁੱਲ ਬਰਸਾਏ ਜਾਂਦੇ ਹਨ। ਲੋਕ ਬੋਲੀਆਂ, ਅਖਾਣਾਂ ਅਤੇ ਗੀਤਾਂ ਵਿੱਚ ਫੁੱਲ ਸ਼ਬਦ ਦਾ ਪ੍ਰਯੋਗ ਸੁੱਭ-ਭਾਵਨਾ, ਸੁਹਜ-ਭਾਵਨਾ ਅਤੇ ਹੁਸਨ/ਜਵਾਨੀ/ਰੂਪ ਆਦਿ ਨੂੰ ਪ੍ਰਗਟ ਕਰਨ ਦਾ ਪ੍ਰਤੀਕ ਹੈ ਜਿਵੇਂ-

ਪੀਲਾ ਸੂਟ ਪਾ ਕੇ ਤੂੰ ਸਰੋਂ ਦਾ ਫੁੱਲ ਬਣ ਜਾਵੇਂ
ਲਾਲ ਪਾ ਕੇ ਬਣਜੇਂ ਗੁਲਾਬ ਨੀ ਪੰਜਾਬਣੇ।

(ਇੰਦਰਜੀਤ ਹਸਨਪੁਰੀ)

ਇਸ ਦਾ ਅੰਗਿਆਰ ਵਿਚ ਰੂਪਾਂਤਰਣ ਕੁਹਜ, ਸਾੜ-ਫੂਕ, ਭਿਆਨਕਤਾ, ਕਰੂਰਤਾ ਅਤੇ ਦੁਰਸ਼ਗਨ ਦਾ ਵਰਤਾਰਾ ਹੋ ਨਿਬੜਦਾ ਹੈ।

ਦੂਜੀ ਪਰਤ ਦਾ ਸੰਬੰਧ ਪੰਜਾਬ ਦੇ ਕਾਲੇ, ਅੱਤਵਾਦੀ ਦੌਰ ਨਾਲ ਜਾ ਜੁੜਦਾ ਹੈ। ਸ਼ਾਇਰ ਦੀ ਅਨੁਭੂਤੀ ਇਸ ਸਮੇਂ ਦੌਰਾਨ ਉਤਪਨ ਹੋਏ ਮਾਰੂ ਮਾਹੌਲ ਨੂੰ ਅਭਿਵਿਅਕਤ ਕਰਦੀ ਹੈ। ਜਿਹੜੇ ਨੌਜਵਾਨ ਏ ਕੇ ਸੰਤਾਲੀ ਚੁੱਕ ਅੱਤਵਾਦੀ ਕਾਰਵਾਈਆਂ ਕਰਨ ਦੇ ਰਾਹ ਪੈ ਗਏ ਉਹਨਾਂ ਨੂੰ ਫੁੱਲ ਦੇ ਚਿੰਨ੍ਹ ਰਾਹੀਂ ਦਰਸਾਇਆ ਗਿਆ ਹੈ। ਉਹ ਨੌਜਵਾਨ ਦੇਸ਼ ਦੇ ਬਗੀਚੇ ਵਿੱਚ ਫੁੱਲ ਸਨ। ਉਹਨਾਂ ਨੇ ਸਮਾਜ ਨੂੰ ਕਾਬਲਿ-ਕਦਰ ਤਾਮੀਰ ਕਰਨਾ ਸੀ। ਪਰੰਤੂ ਦੇਸ਼ ਦੀਆਂ ਆਰਥਿਕ, ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਪ੍ਰਸਥਿੱਤੀਆਂ ਨੇ ਉਹਨਾਂ ਨੂੰ ਅੰਗਿਆਰਾਂ ਵਿਚ ਪਰਵਰਤਿਤ ਕਰ ਦਿੱਤਾ। ਉਹ ਆਪਣੇ ਹੀ ਦੇਸ਼ ਦੇ ਨਾਗਰਿਕਾਂ, ਆਪਣੇ ਹੀ ਭਰਾਵਾਂ ਅਤੇ ਆਪਣੇ ਹੀ ਗਵਾਂਢੀਆਂ ਦੇ ਖ਼ੂਨ ਦੇ ਪਿਆਸੇ ਹੋ ਗਏ। ਉਹ ਹਿੰਸਾ, ਦਹਿਸਤ, ਵਹਿਤ ਅਤੇ ਤਸ਼ੱਦਦ ਦੇ ਪੁਜਾਰੀ ਅਤੇ ਏਕਤਾ, ਸਹਿਹੋਂਦ, ਸਹਿਧਰਮਤਾ ਅਤੇ ਮਨੁੱਖਤਾ ਦੇ ਵੈਰੀ ਸਿੱਧ ਹੋਏ। ਉਹ ਵਿਦੇਸ਼ੀ ਅਤੇ ਪ੍ਰਤੀਕਿਰਆਵਾਦੀ ਤਾਕਤਾਂ ਦੇ ਹੱਥ-ਠੋਕੇ ਬਣ ਗਏ ਜਿਵੇਂ :

ਪਤੀ ਪੱਤੀ 'ਚੋਂ ਰੱਤ ਸਿੰਮੇ
ਫੁੱਲ ਬਣੇ ਅੰਗਿਆਰ ਵੇ
ਸ਼ਹਿਰ ਗਰਾਈਂ ਅੱਗ ਫਿਰਦੀ ਹੈ
ਕਰਦੀ ਮਾਰੋਮਾਰ ਵੇ। (ਪੰਨਾ 15)

ਦੂਜੇ ਪਾਸੇ ਪ੍ਰਸ਼ਾਸਨ ਨੇ ਵੀ ਘੱਟ ਨਹੀਂ ਕੀਤੀ। ਉਹਨਾਂ ਦੀ ਕਈਆਂ ਨਿਰਦੋਸ਼ਾਂ ਦੇ ਖ਼ੂਨ ਨਾਲ ਹੱਥ ਰੰਗੇ ਜਿਵੇਂ :

ਜਿਸ ਨੂੰ ਵੀ ਅਸੀਂ ਤਖਤ ਬਿਠਾਇਆ
ਉਸ ਮਾਰੀ ਡਾਢੀ ਮਾਰ ਵੇ,

ਸਿਰਾਂ ਦੇ ਆਹੂ ਲਾਹੀ ਜਾਵੇ,
ਜਾਲਮ ਦੀ ਤਲਵਾਰ ਵੇ।

ਇਸ ਸਥਿਤੀ ਦੇ ਭਿਅੰਕਰ ਯਥਾਰਥ ਦੀ ਤੀਜੀ ਸਥੂਲੀ ਪਰਤ ਦੀ ਕੜੀ ਉੱਨੀ ਸੌ ਚੁਰਾਸੀ ਦੇ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਧਾਰਮਿਕ ਘੱਟ-ਗਿਣਤੀ ਦੀ ਨਸਲ-ਕੁਸ਼ੀ ਨਾਲ ਵੀ ਜਾ ਜੁੜਦੀ ਹੈ। ਭਾਰਤ ਦੇ ਸਵਤੰਤਰਤਾ ਸੰਗਰਾਮ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਸ਼ਹਿਰੀ ਵੀ ਦੇਸ਼ ਦੇ ਕੀਮਤੀ ਫੁੱਲ ਹੀ ਸਨ ਜਿਹੜੇ ਰਾਤੋ-ਰਾਤ ਵਿਚ ਬਹੁ-ਗਿਣਤੀ ਵਿਚ ਬੇਰਹਿਮੀ ਨਾਲ ਗਲਾਂ ਵਿਚ ਟਾਇਰ ਪਾ ਕੇ ਸਾੜ ਦਿੱਤਾ ਗਿਆ।

ਸਮੇਂ ਦਾ ਕਿੱਡਾ ਵੱਡਾ ਦਰਦਨਾਕ ਅਤੇ ਭਿਆਨਕ ਵਿਅੰਗ ਸੀ ਇਹ! ਹੋਰ ਸਿਤਮ ਇਹ ਕਿ ਦੋਸ਼ੀਆਂ ਦੀਆਂ ਨਾਮਜ਼ਦਗੀਆਂ ਹੋ ਜਾਣ ਦੇ ਬਾਵਜੂਦ ਕਿਸੇ ਨੂੰ ਕੋਈ ਸਜ਼ਾ ਨਹੀਂ ਮਿਲੀ ਜਿਸ ਨਾਲ ਦੇਸ਼ ਦੀ ਨਿਆਂ-ਪਰਣਾਲੀ ਵੀ ਅਵਿਸ਼ਵਾਸ ਦੇ ਘੇਰੇ ਵਿਚ ਆ ਜਾਂਦੀ ਹੈ। ਸੱਗੂ ਜੀ ਦੀ ਕਲਮ ਅਜਿਹੀ ਵਿਵਸਥਾ ਵਿਰੁੱਧ ਉਹਦੇ (ਸੱਗੂ) ਵਰਗੇ ਲਾਲੋਆਂ ਨੂੰ ਜਥੇਬੰਦ ਹੋ ਸੰਘਰਸ਼ ਕਰਨ ਦਾ ਸੁਨੇਹਾ ਦਿੰਦੀ ਹੈ।

ਇਸ ਪ੍ਰਸੰਗ ਵਿਚ ਮਹੱਤਵਪੂਰਨ ਨੁਕਤਾ ਇਹ ਹੈ ਕਿ ਅਜੋਕੇ ਯੁੱਗ ਵਿਚ, ਉਪਜ ਦੇ ਸਾਧਨਾਂ ਉੱਤੇ ਮਾਲਕੀ, ਉਪਜ ਦੇ ਸਾਧਨਾਂ ਅਤੇ ਸੰਦਾਂ ਵਿਚ ਉੱਨਤੀ ਅਤੇ ਉਪਜ ਦੀ ਵੰਡ ਉੱਤੇ ਅਧਾਰਤ ਸਮਾਜਿਕ ਰਿਸ਼ਤਿਆਂ ਦੇ ਸਮੀਕਰਣ ਬਦਲਣ ਕਾਰਨ ਜਿੱਥੇ ਭਾਈ ਲਾਲੋ ਆਪਣਾ ਪਿਤਾ-ਪੁਰਖੀ ਕਿੱਤਾ ਤਿਆਗ ਕੇ (ਅੱਜ-ਕੱਲ੍ਹ ਸੇਪੀ ਆਦਿ ਅਤੇ ਵਸਤਾਂ ਦੇ ਸਿੱਧੇ ਵਟਾਂਦਰੇ ਦੀ ਪਥਾ ਮੁਕੰਮਲ ਤੌਰ 'ਤੇ ਖਤਮ ਹੋ ਚੁੱਕੀ ਹੈ) ਉਜਰਤੀ ਕਾਮਾ (ਨੌਕਰੀਪੇਸ਼ਾ) ਛੋਟਾ ਕਿਸਾਨ, ਛੋਟਾ ਦੁਕਾਨਦਾਰ, ਬੇਜ਼ਮੀਨਾ ਕਿਸਾਨ, ਦਸਤਕਾਰੀ ਕਾਮਾ, ਖੇਤ ਮਜ਼ਦੂਰ, ਛੋਟਾ ਠੇਕੇਦਾਰ, ਛੋਟਾ ਕਾਰੀਗਰ, ਦਿਹਾੜੀਦਾਰ ਕਾਮਾ, ਰਿਕਸ਼ਾ ਚਾਲਕ, ਟੰਪੂ ਚਾਲਕ, ਟੈਕਸੀ ਮਾਲਕ-ਡਰਾਈਵਰ ਆਦਿ ਦੇ ਰੂਪ ਵਿਚ ਪ੍ਰਗਟ ਹੋ ਚੁੱਕਾ ਹੈ ਉੱਥੇ ਮਲਕ ਭਾਗੋ ਵੀ ਵੱਡਾ ਦਸਤਕਾਰ, ਜਗੀਰਦਾਰ, ਧਨੀ ਕਿਸਾਨ, ਵਿੱਤੀ ਪੂੰਜੀਪਤੀ। ਸੈਲਰ ਮਾਲਕ, ਟਰਾਂਸਪੋਰਟਰ, ਅੰਤਰਰਾਸ਼ਟਰੀ ਸਰਮਾਏਦਾਰ ਅਤੇ ਧਨਾਡ ਇਜਾਰੇਦਾਰ ਵਜੋਂ ਸਥਾਪਤ ਹੋ ਗਿਆ ਹੈ। ਸੱਗੂ ਜੀ ਇਸ ਆਰਥਿਕ ਆਧਾਰ ਅਤੇ ਇਸ ਦੇ ਉਪਰ-ਉਸਾਰ, ਰਾਜਨੀਤਕ, ਸਮਾਜਿਕ, ਸਭਿਆਚਾਰਕ, ਨਿਆਂਇਕ, ਪ੍ਰਸ਼ਾਸਨਿਕ ਸੰਸਥਾਵਾਂ ਦੇ ਯਥਾਰਥ ਨੂੰ ਆਪਣੀ ਰਚਨਾ-ਵਸਤੂ ਵਜੋਂ ਗ੍ਰਹਿਣ ਕਰਕੇ ਆਪਣੀ ਰਚਨਾ-ਪ੍ਰਕਿਰਿਆ ਰਾਹੀਂ ਕਾਵਿ-ਰੂਪ ਵਿਚ ਢਾਲਦੇ ਹਨ। ਉਹਨਾਂ ਦੀ ਕਾਵਿ-ਸੰਵੇਦਨਾ ਅਜੋਕੇ ਭਾਈ ਲਾਲੋ ਦੇ ਸਰੋਕਾਰਾਂ ਪ੍ਰਤੀ

ਸਹਾਨਭੂਤੀ ਵਜੋਂ ਕਾਰਜਸ਼ੀਲ ਹੁੰਦੀ ਹੈ। ਸਮੁੱਚਾ ਸੱਗੂ-ਕਾਵਿ ਇਸ ਕੇਂਦਰੀ ਬਿੰਦੂ/ਧੁਰੇ/ਸੁਰ/ਦ੍ਰਿਸ਼ਟੀ ਦਾ ਹੀ ਵਿਸਥਾਰ ਹੈ। ਜਿਸ ਦੇ ਕਾਵਿਕ/ਸ਼ਾਬਦਿਕ ਪਰਮਾਣ ਉਹਨਾਂ ਦੀ ਹਰੇਕ ਰਚਨਾ ਵਿਚੋਂ ਪਰਾਪਤ ਹੁੰਦੇ ਹਨ। ਸੀਰਸ਼ਕ ਭਾਵੇਂ ਕੋਈ ਵੀ ਹੋਵੇ। ਉਦਾਹਰਣ ਵਜੋਂ ਭਾਈ ਲਾਲੋ, ਸਾਮਰਾਜ, ਜੰਗਲ-ਰਾਜ, ਅੰਗੋਲਾ, ਅੱਜ ਦੀ ਕਵਿਤਾ, ਬੰਬ ਸ਼ੈਲਟਰ ਅਤੇ ਹੋਰ ਕਈ ਕਵਿਤਾਵਾਂ ਦਾ ਵਰਨਣ ਕੀਤਾ ਜਾ ਸਕਦਾ ਹੈ। ਇਕ ਉਦਾਹਰਣ ਪੇਸ਼ ਹੈ।

ਅੱਜ ਦੀ ਕਵਿਤਾ ਠੋਕ ਵਜਾ ਕੇ<br>
ਝੁੱਗੀਆਂ ਦੇ ਦਿਲ ਰੋਸ ਜਗਾਵੇ<br>
ਕ੍ਰਿਤ-ਕਲਾ ਦੇ ਕੱਕਰੇ ਸੀਨੇ<br>
ਰਹਿ ਰਹਿ ਰੋਹ ਦੀ ਚਿਣਗ ਲਗਾਵੇ।

(ਅੱਜ ਦੀ ਕਵਿਤਾ ਪੰਨਾ 79)

ਸੱਗੂ ਜੀ ਦੀ ਕਲਮ ਲਾਲੋ ਸ਼੍ਰੇਣੀ ਨੂੰ ਜਥੇਬੰਦ ਹੋ ਕੇ ਸੰਘਰਸ਼ ਕਰਨ ਦੀ ਪ੍ਰੇਰਨਾ ਸਮੇਤ ਉਸ ਦੀ ਅੰਤਿਮ ਜਿੱਤ ਵਿਚ ਵਿਸ਼ਵਾਸ ਵੀ ਪ੍ਰਗਟਾਉਂਦੀ ਹੈ :

ਆਸ ਭਰੇ ਜੀਵਨ ਦੇ ਬਾਗੀ<br>
ਕਲੀਆਂ ਵਰਗੇ ਫੁੱਲ ਟਹਿਕਣਗੇ<br>
ਭਾਗੋ ਦੀ ਪੱਤਝੜ ਦੀ ਰੁੱਤੇ<br>
ਹਰ ਲਾਲੋ ਦੇ ਹੱਕ ਮਹਿਕਣਗੇ।

ਸੱਗੂ ਜੀ ਸਮੁੱਚੇ ਰੂਪ ਵਿਚ ਅਗਰਗਾਮੀ, ਲੋਕ-ਪੱਖੀ ਸ਼ਾਇਰੀ ਦਾ ਮੁਹਾਵਰਾ ਸਿਰਜਦੇ ਹਨ। ਉਹ ਕੇਵਲ ਅਤੇ ਕੇਵਲ ਸ਼ਬਦ ਸਭਿਆਚਾਰ ਦੇ ਪੈਰੋਕਾਰ ਨਹੀਂ ਕਿਉਂਕਿ ਸ਼ਬਦ-ਸਭਿਆਚਾਰ ਆਪਣੇ ਆਪ ਵਿਚ ਕੋਈ ਸਭਿਆਚਾਰ ਨਹੀਂ ਕੇਵਲ ਇੰਦਰ-ਜੰਜਾਲ ਹੈ। ਮਾਨਵੀ ਸੰਵੇਦਨਾ ਦੀ ਸੁਰ ਇਸ ਕਾਵਿ ਦੀ ਪ੍ਰਮੁੱਖ ਧੁਨੀ ਹੈ। ਇਹਨਾਂ ਕਵਿਤਾਵਾਂ ਵਿਚ ਨਸਲੀ ਵਿਤਕਰਾ, ਆਵਾਸੀ ਜੀਵਨ ਦੇ ਹੋਰ ਮਸਲੇ, ਧਾਰਮਿਕ ਜਨੂੰਨ, ਭਰਿਸ਼ਟ ਰਾਜਨੀਤੀ, ਸਾਮਰਾਜੀ ਜੰਗ, ਪਦਾਰਥਿਕ ਪ੍ਰਾਪਤੀਆਂ ਲਈ ਬੇਲਗਾਮ ਦੌੜ, ਲਚਰਪੁਣੇ, ਵੰਡਾਂ/ਵਿਤਕਰਿਆਂ ਆਦਿ ਦੇ ਵਿਸ਼ਿਆਂ ਨੂੰ ਰੇਖਾਂਕਤ ਕੀਤਾ ਗਿਆ ਹੈ। ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਸ਼ਾਇਰ ਦੀਆਂ ਸਿਮਰਤੀਆਂ ਨੂੰ ਵੀ ਸਾਕਾਰ ਕਰਦੀਆਂ ਹਨ। ਕਵਿਤਾਵਾਂ ਵਿਚ ਕਿਤੇ ਕਿਤੇ ਜਾਣੇ-ਪਛਾਣੇ ਇਤਿਹਾਸਿਕ/ਮਿਥਿਹਾਸਿਕ ਹਵਾਲੇ ਵੀ ਪਰਾਪਤ ਹਨ। ਕਿਤੇ ਕਿਤੇ ਕਵਿਤਾਵਾਂ ਵਿਚ ਵਿਅੰਗ ਦੀ ਵਿਧੀ ਵੀ ਵਰਤੋਂ ਵਿਚ ਲਿਆਂਦੀ ਗਈ ਹੈ। ਪਰੰਤੂ ਜ਼ਿਆਦਾ ਤੌਰ ਤੇ ਸਰਲ, ਸਪਾਟ, ਸਪਸ਼ਟ ਅਤੇ ਸੰਚਾਰ-ਮੁਖੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ।

ਬੱਚੀ (ਪੰਨਾ 19) ਵਾਲੀ ਨਜ਼ਮ ਵਿਚ ਸ਼ਾਇਰ ਦੀ ਆਪਣੀ ਜਗਿਆਸਾ ਅਤੇ ਉਤਸੁਕਤਾ ਬੱਚੀ ਪਾਤਰ ਵਿਚ ਪਰਵੇਸ਼ ਕਰ ਕੇ ਸ਼ਾਇਰ ਪਾਸੋਂ ਪਰਤਵੇਂ ਰੂਪ ਵਿਚ ਦੁਨੀਆ ਵਿਚ ਵਾਪਰ ਰਹੀਆਂ ਦੁਰ-ਘਟਨਾਵਾਂ ਅਤੇ ਪ੍ਰਾਪਤ ਸੂਚਨਾਵਾਂ ਪ੍ਰਤੀ ਪ੍ਰਸ਼ਨ ਖੜੇ ਕਰਦੀ ਹੈ। ਪ੍ਰਸ਼ਨਾਂ ਦਾ ਉਤਰ ਨਾ ਦੇ ਸਕਣ ਦੀ ਲਾਚਾਰੀ ਕਾਰਨ ਸ਼ਾਇਰ ਦਾ ਅੰਤਹਕਰਣ ਉਸ ਨੂੰ ਸ਼ਰਮਸਾਰ ਕਰਦਾ ਹੈ ਅਤੇ ਉਹ ਕਾਵਿ-ਬੱਚੀ ਨੂੰ ਚੁੱਪ ਰਹਿਣ ਦਾ ਆਦੇਸ਼ ਦੇ ਕੇ ਗੁਨਾਹਗਾਰ ਮਹਿਸੂਸ ਕਰਦਾ ਹੈ। ਇਸ ਸ਼ਾਇਰ ਉੱਤੇ ਨਿਰੰਜਨ ਸਿੰਘ ਨੂਰ ਦੀ ਸ਼ਾਇਰੀ ਦਾ ਬੜਾ ਡੂੰਘਾ ਅਤੇ ਭਰਵਾਂ ਪਰਭਾਵ ਹੈ।

ਕਈ ਥਾਈ ਰਚਨਾਵਾਂ ਵਿਚ ਵਰਤੇ ਗਏ ਸ਼ਬਦ ਅਪ੍ਰਸੰਗਕ ਹੋਣ ਕਾਰਨ ਕਾਵਿ ਦੇ ਪ੍ਰਭਾਵ ਨੂੰ ਖੰਡਿਤ ਕਰਦੇ ਹਨ ਜਿਸ ਦੇ ਵਿਸਥਾਰ ਵਿਚ ਮੈਂ ਨਹੀਂ ਜਾਵਾਂਗਾ। ਕਿਤੇ ਕਿਤੇ ਉਪਰਲੇ ਦੋ-ਤੁਕੇ ਛੰਦ ਨਾਲ ਰੂਪਕ-ਮੁਖੀ ਅਤੇ ਵਿਚਾਰ-ਮੁਖੀ ਮੇਲ ਨਹੀਂ ਜੁੜਦਾ ਜਿਸ ਕਾਰਨ ਰਚਨਾ ਦੀ ਇਕਸਾਰਤਾ ਵਿਚ 'ਸਕਤਾ' ਪੈ ਜਾਂਦਾ ਹੈ। ਸ਼ਾਇਰ ਹੋਰ ਮਿਹਨਤ ਅਤੇ ਅਧਿਅਨ ਕਰਕੇ ਇਸ ਦੋਸ਼ ਤੋਂ ਮੁਕਤ ਹੋਣ ਦੀਆਂ ਸੰਭਾਵਨਾਵਾਂ ਜਾਗਰਤ ਕਰ ਸਕਦਾ ਹੈ। ਪੰਜ ਪੁਸਤਕਾਂ ਪ੍ਰਕਾਸ਼ਤ ਹੋਣ ਉਪਰੰਤ ਵੀ 'ਸੱਗੂ' ਜੀ ਲਈ 'ਇਸਲਾਹ' ਦੀ ਜਰੂਰਤ ਅਜੇ ਵੀ ਬਰਕਰਾਰ ਹੈ। ਸੱਗੂ ਜੀ ਦਾ ਸੁਭਚਿੰਤਕ ਹੋਣ ਦੇ ਨਾਤੇ ਆਸ ਰੱਖਦਾ ਹਾਂ ਕਿ ਭਵਿੱਖ ਵਿਚ ਉਹਨਾਂ ਦੇ ਕਾਵਿ ਦਾ ਵਿਚਾਰਧਾਰਕ ਆਧਾਰ ਹੋਰ ਵੀ ਪਰਪੱਕ ਅਤੇ ਕਲਾਤਮਿਕ ਉਸਾਰ, ਤਰੁਟੀਆਂ/ਉਣਤਾਈਆਂ ਰਹਿਤ, ਸੁਹਜ ਭਰਪੂਰ ਹੋਵੇਗਾ।

●●●●●

# 'ਫੁੱਲ ਬਣੇ ਅੰਗਿਆਰ'

## ਮੁਖ਼ਤਿਆਰ ਸਿੰਘ

ਭੂਪਿੰਦਰ ਸਿੰਘ ਸੱਗੂ ਦਾ ਹਥਲਾ ਪੰਜਵਾਂ ਕਾਵਿ-ਸੰਗ੍ਰਹਿ ਹੈ। ਪ੍ਰੋੜ ਲੇਖਕ ਹੋਣ ਕਰਕੇ ਕਵਿਤਾਵਾਂ ਸੰਜਮ, ਸੰਖੇਪ, ਸਰਲ ਅਤੇ ਛੋਟੇ ਛੋਟੇ ਹਾਵ-ਭਾਵ ਨੂੰ ਵੱਡਾ ਕਰਨ ਵਾਲੀਆਂ ਹਨ। ਪੁਸਤਕ ਦੀਆਂ 42 ਕਵਿਤਾਵਾਂ ਜਿਨ੍ਹਾਂ 'ਚ 37 ਕਵਿਤਾਵਾਂ ਅਤੇ ਪੰਜ ਗ਼ਜ਼ਲਾਂ ਹਨ। ਇਨ੍ਹਾਂ ਵਿੱਚ ਮਨੁੱਖਤਾ ਦੇ ਦਰਦ ਨੂੰ ਘਟਾ ਕੇ ਮਾਨਵਵਾਦੀ ਪੁੱਠ ਚਾੜ੍ਹੀ ਹੋਈ ਹੈ। ਇਹੋ ਲੇਖਕ ਦੀ ਖ਼ੂਬੀ ਹੈ। ਕਿਸੇ ਦਾ ਦਰਦ ਜਾਂ ਕਿਸੇ ਮਨੁੱਖ ਨਾਲ ਹੋਇਆ ਧੱਕਾ ਦੇਖ ਕੇ ਕਵੀ ਤੜਫ ਉੱਠਦਾ ਹੈ ਤੇ ਉਸ ਉੱਤੇ ਮਲਮ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਜਿੱਥੇ ਕਿਤੇ ਬਿੰਬ ਵਰਤਦਾ ਉੱਥੇ ਵੀ ਕਵਿਤਾ ਏਨੀ ਸਰਲ ਤੇ ਸਮਝ ਆਉਣ ਵਾਲੀ ਹੁੰਦੀ ਹੈ। ਬਿੰਬ ਬੋਝਲ ਨਹੀਂ ਜਾਪਦੇ।

ਹਰਿਭਜਨ ਸਿੰਘ ਭਾਟੀਆ ਨੇ ਪੁਸਤਕ ਵਿਚ 'ਮੁਢਲੀ ਗੱਲ' ਕਰਦੇ ਸੱਗੂ ਜੀ ਨਾਲ ਬਚਪਨ ਤੋਂ ਹੁਣ ਤੱਕ ਜਾਣ-ਪਛਾਣ ਕਰ ਦਿਤੀ ਹੈ। ਉਸ ਵੇਲੇ ਤੋਂ ਹੀ ਉਨ੍ਹਾਂ ਨੇ ਭੂਪਿੰਦਰ ਸਿੰਘ ਸੱਗੂ ਜੀ ਦੀ ਕਵਿਤਾ ਅਤੇ ਉਨ੍ਹਾਂ ਨੂੰ ਪੜ੍ਹਿਆ ਹੈ। ਮੁੱਢ ਤੋਂ ਹੀ ਕਵਿਤਾ ਦਾ ਮੁੱਲਅੰਕਣ ਬਹੁਤ ਵਧੀਆ ਕੀਤਾ ਹੈ। ਭਾਟੀਆ ਜੀ ਨੇ ਉਨ੍ਹਾਂ ਬਾਰੇ ਕੋਈ ਕਿਸੇ ਕਿਸਮ ਦਾ ਪੱਖ ਛੱਡਿਆ ਹੀ ਨਹੀਂ।

ਲੇਖਕਦੀ ਕਵਿਤਾ ਪੜ੍ਹਿਆਂ ਪਤਾ ਲੱਗਦਾ ਹੈ ਕਿ ਉਹ ਤਰੱਕੀ ਪਸੰਦ ਹਨ। ਉਹ ਸਿਰਫ਼ ਆਪਣੀ ਕਵਿਤਾ ਰਾਹੀਂ ਮਾਨਵੀ ਰਿਸਤੇ ਹੋਣ ਦਾ ਨੈਤਿਕ ਕਦਰਾਂ ਕੀਮਤਾਂ ਦਾ ਫ਼ਿਰਕੂ ਸਾਂਝ ਦੇ ਮਾਨਵੀ ਮਸਲੇ ਅਤੇ ਮਨੁੱਖ ਦੇ ਅੰਦਰਲੀ ਮਨੁੱਖ ਦੀ ਪਛਾਣ ਕਰਕੇ ਸਾਫ਼-ਸੁਥਰੇ ਤੇ ਆਦਰਸ਼ਕ ਸੋਚ ਨਾਲ ਨਿਹਾਰਦੇ ਹਨ। ਏਥੇ ਹੀ ਬਸ ਨਹੀਂ ਉਨ੍ਹਾਂ ਦੀ ਕਵਿਤਾ ਸੂਲੀ, ਅੰਗਿਆਰ ਅਤੇ ਸੁੰਗੜੇ ਹੋਇਆਂ ਨਾਲ ਸਾਂਝ ਪੁਆਉਂਦੀ ਹੈ। ਸੱਚ ਅਤੇ ਖ਼ੂਬਸੂਰਤ ਫੁੱਲਾਂ ਦੀ ਮਹਿਕ ਨਾਲ ਵਿਚਰਦੀ ਹੈ। ਇਸੇ ਲਈ ਤਲਖ ਹਕੀਕਤਾਂ ਅਤੇ ਆਦਰਸ਼ਕ ਮਾਨਵੀ ਕੀਮਤਾਂ ਨਾਲ ਇਕੋ ਵੇਲੇ ਆਪਣੀ ਸਾਂਝ ਪਾ ਕੇ ਸ਼ਾਇਰੀ ਦੀ ਵੱਖਰੀ ਪਛਾਣ ਬਣਾਉਂਦਾ ਹੈ। ਲੇਖਕ ਨੇ ਪੰਜਾਬ ਦੀ ਤਰਾਸਦੀ ਦੀਆਂ ਕਵਿਤਾਵਾਂ ਤੋਂ ਲੈ ਕੇ ਪੂਰੀ ਦੁਨੀਆ ਦੀ ਤਰਾਸਦੀ

ਨੂੰ ਮਰਲ ਢੰਗ ਨਾਲ ਆਪਣੇ ਕਲਾਵੇ 'ਚ ਲਿਆ ਹੈ। ਇਨ੍ਹਾਂ ਵਿੱਚ ਨਸਲਵਾਦ ਅਤੇ ਹਥਿਆਰਾਂ ਦੀ ਐਨੀ ਦੇਣ ਦਾ ਵਿਰੋਧ ਕਰਦੇ ਹੋਏ ਅੰਦਰਲੀ ਸੱਚਾਈ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਪਿੱਠ ਤੇ ਖੜ੍ਹੇ ਰਹੇ। ਉਹ ਕਿਤੇ ਵੀ ਝਿਜਕੇ ਨਹੀਂ, ਜਿਵੇਂ :

ਜਿਹੜੀ ਕਲਮ ਹਾਕਮ ਦੀ
ਕਰਤੂਤ ਦੇ ਉੱਤੇ ਪਰਦਾ ਪਾਵੇ
ਜਿਹੜੀ ਕਲਮ ਸਮੇਂ ਦੀ
ਕਾਲੀ ਨ੍ਹੇਰੀ ਅੱਗੇ ਝੁਕਦੀ ਜਾਵੇ
ਜਿਹੜੀ ਕਲਮ ਕਮੀਨੀ
ਖੂਨੀ ਨਦੀਆਂ ਦਾ ਕਾਰਨ ਬਣ ਜਾਵੇ।
ਜਿਸ ਕਲਮ ਦੀ ਜੀਭਾ 'ਚ
ਲਲਕਾਰ ਨਹੀਂ ਹੈ
ਉਸ ਕਲਮ ਦਾ ਮਾਨਵ 'ਚ
ਸਤਿਕਾਰ ਨਹੀਂ ਹੈ।

ਉਹ ਹਥਿਆਰਾਂ ਦੇ ਖਿਲਾਫ ਹਨ। ਇਸ ਦੀ ਥਾਂ ਵਿਚਾਰ-ਵਟਾਂਦਰਾ ਕਰਕੇ ਮਸਲੇ ਹੱਲ ਕਰਨ ਵਾਲੀ ਲਹਿਰ 'ਚ ਸ਼ਾਮਲ ਹੁੰਦੇ ਹਨ। ਉਨ੍ਹਾਂ ਦੀ ਸ਼ਾਇਰੀ ਸ਼ਬਦਾਂ ਦੀ ਖੇਡ, ਲਚਰਪੁਣੇ ਜਾਂ ਜਿਨਸੀ ਦੇ ਹੀ ਰੋਗਾਂ ਦੇ ਪ੍ਰਗਟਾਵੇ ਦਾ ਸਾਧਨ ਨਹੀਂ ਬੰਧਨ ਤੋੜਨ, ਦੰਭ-ਫਰੇਬ ਦੇ ਖਾਤਮੇ, ਵੰਡ-ਵਿਤਕਰਿਆਂ ਤੋਂ ਮੁਕਤ ਕਰਨ ਅਤੇ ਆਪਸੀ ਸਾਂਝ ਦੇ ਭਾਈਚਾਰੇ ਦਾ ਸੰਦੇਸ਼ ਦੇਣ ਦਾ ਸਾਧਨ ਹੈ। ਇਨ੍ਹਾਂ ਸਾਰੀਆਂ ਕਵਿਤਾਵਾਂ ਵਿੱਚ ਮਾਰੂ ਤੇ ਖਪਤ ਯੁੱਗ ਦੀਆਂ ਪਰਤਾਂ ਫਰੋਲਣ ਅਤੇ ਆਪਣੇ ਸਿਹਤਮੰਦ ਨਜ਼ਰੀਏ ਦੇ ਪ੍ਰਗਟਾਵੇ ਨਜ਼ਰ ਆਉਂਦੇ ਹਨ। ਇਸੇ ਲਈ ਭੂਪਿੰਦਰ ਸਿੰਘ ਸੱਗੂ ਨੇ ਮਾਨਵੀ ਦਰਦ ਅਤੇ ਪੀੜਾਂ ਨੂੰ ਕੇਂਦਰ ਵਿੱਚ ਟਿਕਾਇਆ ਹੈ। ਸੱਗੂ ਹੀ ਨੇ ਆਪਣੀ ਪ੍ਰਤੀਬੱਧਤਾ ਕਿਤੇ ਵੀ ਥਿੜਕਣ ਨਹੀਂ ਦਿੱਤੀ। ਉਨ੍ਹਾਂ ਨੇ ਆਪਣੀ ਸੂਚਨਾ ਦੇਣ ਦੀ ਸੁਰ ਅਤੇ ਸਹਿਜ, ਸਰਲ ਅਤੇ ਸਪੱਸ਼ਟ ਨਜ਼ਰੀਆ ਦਿੱਤਾ ਹੈ। ਅਮਾਨਵੀ, ਅਨੈਤਿਕ ਨੂੰ ਰੱਦ ਕਰਕੇ ਉਸ ਪ੍ਰਤੀ ਰੋਸ ਅਤੇ ਰੋਹ ਨੂੰ ਜਗਾ ਕੇ ਜਿਉਣ ਯੋਗ ਮਨੁੱਖਤਾ ਦੀ ਸਿਰਜਣਾ ਕੀਤੀ ਹੈ। ਪਹਿਲੀ ਹੀ ਕਵਿਤਾ ਫੁੱਲ ਬਣੇ ਅੰਗਿਆਰ 'ਚ :

ਜਿਸ ਨੂੰ ਵੀ ਅਸੀਂ ਤਖ਼ਤ ਬਠਾਇਆ
ਉਸ ਮਾਰੀ ਡਾਢੀ ਮਾਰ ਵੇ
ਸਿਰਾਂ ਦੇ ਖੋਪਰ ਲਾਹੀ ਜਾਵੇ

ਜ਼ਾਲਿਮ ਦੀ ਤਲਵਾਰ ਵੇ।
ਫ਼ਿਰਕੂ ਵਾ ਸਮੇਂ ਦੀ ਝੁੱਲੀ
ਅੱਗ ਨੂੰ ਹੀ ਖਿਲਾਰ ਵੇ,
ਰੂਹਾਂ ਅੰਦਰ ਸੜ ਬਲ ਜਾਊ
ਕੇਸੂਏ ਵਰਗਾ ਪਿਆਰ ਵੇ।

ਭੂਪਿੰਦਰ ਸਿੰਘ ਸੱਗੂ ਦੀ ਸ਼ਾਇਰੀ ਸਿਹਤਮੰਦ ਕਦਰਾਂ ਅਤੇ ਕੀਮਤਾਂ ਹਾਂ-ਪੱਖੀ ਜੋਗ ਵਾਲੀ ਹੈ। ਉਹ ਅੱਜ ਦੇ ਖਪਤ-ਯੁੱਗ ਵਿੱਚ ਆਪਣੀ ਆਵਾਜ਼ ਬੁਲੰਦ ਰੱਖਦਾ ਹੈ। ਉਹ ਆਪਣੇ ਆਪ ਨੂੰ ਸੀਮਤ ਬਿੰਦੂ ਵਿੱਚ ਨਹੀਂ ਰੱਖਦਾ ਸਗੋਂ ਵਿਸਾਲ ਘੜਾ ਬਣਾਉਂਦਾ ਹੋਇਆ ਵਰਤਮਾਨ ਸਮੱਸਿਆਵਾਂ ਨਾਲ ਦਸਤਪੰਜਾ ਲੈਂਦਾ ਹੈ। ਉਹ ਸਵੇਦਨਸ਼ੀਲ ਸ਼ਾਇਰ ਹੈ। ਆਪਣੇ ਪਿੰਡ ਬਾਰੇ ਉਹ ਇਸ ਤਰ੍ਹਾਂ ਕਹਿੰਦਾ ਹੈ :

ਕਿਸੇ ਨੇ ਚੁੰਮਿਆ
ਮੇਰੇ ਪਿੰਡ ਦੀ ਪੌਣ ਨੂੰ
ਚੇਤ ਘੁਲਿਆ, ਫ਼ਿਜ਼ਾਂ ਰੰਗਲੀ ਹੋ ਗਈ,
ਕੌਣ ਬੰਜਰ 'ਚ ਕੇਸਰ ਪਿਆ ਧੂੜਦਾ
ਰੰਗ ਮਹਿਕੇ ਤੇ ਖੁਸ਼ਕੀ ਹਰੀ ਹੋ ਗਈ।

ਇਸ ਖੂਬਸੂਰਤ ਪੁਸਤਕ ਨੂੰ ਨੈਸਨਲ ਬੁਕ ਸ਼ਾਪ, ਦਿੱਲੀ ਨੇ ਛਾਪਿਆ ਹੈ। ਇਸ ਪੁਸਤਕ ਦੀ ਕੀਮਤ 100 ਰੁਪਏ ਅਤੇ ਪੇਨੇ 80 ਹਨ।

●●●●●

# ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ
## ਧਰਵਿੰਦਰ ਸਿੰਘ ਔਲਖ

ਸੰਪਾਦਕ : ਭੂਪਿੰਦਰ ਸਿੰਘ ਸੱਗੂ (ਵੁਲਵਰਹੈਂਪਟਨ)
ਪ੍ਰਕਾਸ਼ਕ : ਨੈਸ਼ਨਲ ਬੁੱਕ ਸ਼ਾਪ, ਦਿੱਲੀ
ਮੁੱਲ : 795 ਰੁਪਏ , ਪੰਨੇ : 408

ਡੂੰਘੇਰੇ ਅਨੁਭਵ ਵਾਲੇ, ਪ੍ਰਗਤੀਵਾਦੀ ਵਿਚਾਰਾਂ ਵਾਲੇ, ਗਹਿਰ-ਗੰਭੀਰਤਾ ਵਾਲੀ ਸ਼ਾਇਰੀ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੇ ਪ੍ਰਮੁੱਖ ਕਵੀ ਸ੍ਰੀ ਨਿਰੰਜਨ ਸਿੰਘ ਨੂਰ ਦੀਆਂ ਬੇਮਿਸਾਲੀ ਜੀਵਨ ਦੀਆਂ ਬਹੁਪੱਖੀ ਘਾਲਣਾਵਾਂ, ਸੇਵਾਵਾਂ ਅਤੇ ਸਾਹਿਤਕ ਦੇਣ ਨੂੰ ਮੁੱਖ ਰੱਖ ਕੇ ਉਹਨਾਂ ਦੇ ਚਾਹਵਾਨਾਂ, ਲੇਖਕਾਂ ਅਤੇ ਸਨੇਹੀਆਂ ਵੱਲੋਂ ਸਮੇਂ-ਸਮੇਂ ਲਿਖੇ ਗਏ, ਪੰਜਾਬੀ, ਅੰਗਰੇਜ਼ੀ ਵਿਚ ਵਿਚਾਰਾਂ ਨੂੰ ਇਕੱਤਰ ਕਰਕੇ, ਇਕ ਲੜੀ ਵਿਚ ਪਰੋ ਕੇ ਸ੍ਰੀ ਭੂਪਿੰਦਰ ਸਿੰਘ ਸੱਗੂ ਨੇ 'ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ'ਨਾਮੀ ਵੱਡ-ਅਕਾਰੀ ਪੁਸਤਕ ਪੰਜਾਬੀ ਪਿਆਰਿਆਂ ਦੀ ਝੋਲੀ ਵਿਚ ਪਾ ਕੇ ਇੱਕ ਵਿਲੱਖਣ ਕੰਮ ਕੀਤਾ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਹਮੇਸ਼ਾਂ ਵਧਦੇ ਫੁਲਦੇ ਵੇਖਣ ਦੇ ਚਾਹਵਾਨ, ਨਿਮਰਤਾ ਅਤੇ ਨੇਕੀ ਦੇ ਪੁੰਜ, ਮਨੁੱਖ ਕਦਰਾਂ, ਕੀਮਤਾਂ ਦੇ ਮਤਵਾਲੇ ਅਤੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਸ੍ਰੀ ਨਿਰੰਜਨ ਸਿੰਘ ਨੂਰ ਜੋ 3 ਜੂਨ 1999 ਨੂੰ ਇਸ ਫਾਨੀ ਸੰਸਾਰ ਤੋਂ ਸਦਾ ਸਦਾ ਲਈ ਰੁਖਸਤ ਹੋ ਗਏ ਸਨ, ਸਬੰਧੀ ਸ੍ਰੀ ਸੱਗੂ ਨੇ ਤਿਆਰ ਕੀਤੀ ਪੁਸਤਕ ਨੂੰ ਸੱਤ ਭਾਗਾਂ ਵਿਚ ਵੰਡਿਆ ਹੈ।

ਪੁਸਤਕ ਸਬੰਧੀ ਡਾ: ਪ੍ਰੀਤਮ ਸਿੰਘ ਕੈਂਬੋ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ, 'ਸੰਪਾਦਕ ਨੇ ਸਿਮਰਤੀ ਗ੍ਰੰਥ ਨੂੰ ਤਿਆਰ ਕਰਨ ਵਿਚ ਬੇਹੱਦ ਮਿਹਨਤ ਕੀਤੀ ਹੈ। ਉਸਨੇ ਬਰਤਾਨੀਆਂ ਦੇ ਪ੍ਰਬੁੱਧ ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਾਹਿਤਕਾਰਾਂ ਤੋਂ ਇਲਾਵਾ ਨਵੇਂ ਕਲਮਕਾਰਾਂ ਨੂੰ ਵੀ ਇਸ ਗ੍ਰੰਥ ਵਿਚ ਯੋਗਦਾਨ ਲਈ ਪ੍ਰੇਰਿਆ ਹੈ।'

10 ਪੰਜਾਬੀ ਅਤੇ 8 ਅੰਗਰੇਜ਼ੀ ਪੁਸਤਕਾਂ ਪਾਠਕਾਂ ਦੀ ਝੋਲੀ ਵਿਚ ਪਾਉਣ

ਵਾਲੇ ਸ੍ਰੀ ਨੂਰ ਦੀ ਜੀਵਨ ਝਾਤ, ਜਨਮ, ਮਾਤਾ, ਪਿਤਾ, ਭੈਣਾਂ-ਭਰਾਵਾਂ, ਬੱਚਿਆਂ, ਰਿਹਾਇਸ਼, ਵਿਦਿਆ, ਅਧਿਆਪਕ ਤੇ ਹੋਰ ਕਾਰ ਵਿਹਾਰ, ਪੁਰਸਕਾਰਾਂ, ਰਚਨਾਵਾਂ ਸਬੰਧੀ ਵੀ ਸੰਪੂਰਨ ਜਾਣਕਾਰੀ ਇਸ ਗ੍ਰੰਥ ਵਿਚ ਉਪਲਬੱਧ ਹੈ।

ਸ੍ਰੀ ਨਿਰੰਜਨ ਸਿੰਘ ਨੂਰ ਦੇ ਆਪਣੇ ਆਪ ਬਾਰੇ ਲਿਖੇ ਲੇਖ 'ਅੱਵਲ ਅੱਲਾ ਤੋਂ ਓਜ਼ੋਨ ਤੱਕ'ਵਿਚ ਉਹ ਲਿਖਦੇ ਹਨ-'ਕਵਿਤਾ ਦੇ ਸਦੀਵੀ ਹੁਸਨ ਦੀ ਭਾਲ ਵਿਚ ਮੈਂ ਇਸ ਪੜਾਅ 'ਤੇ ਪੁੱਜਾ ਹਾਂ ਕਿ ਕਵਿਤਾ ਨਿੱਜੀ ਪੀੜਾਂ ਪਿੱਟਣ ਤੇ ਸਵੈ-ਤਰਸ ਜਗਾਉਣ ਦਾ ਦੰਤੀ ਸਾਧਨ ਨਹੀਂ, ਸਗੋਂ ਇਹ ਉਹ ਖ਼ੂਬਸੂਰਤ ਹੁਨਰ ਹੈ, ਜਿਹੜਾ ਚੰਗਾ ਮਨੁੱਖ (ਨਾਨਕ ਦੇ ਸੁਪਨਿਆਂ ਦਾ) ਅਤੇ ਚੰਗੇਰਾ ਸਮਾਜ (ਮਾਰਕਸ ਦੀ ਕਾਮਨਾ ਦਾ) ਸਿਰਜਣ ਵਿਚ ਸਹਾਈ ਹੁੰਦਾ ਹੈ। ਅਸਲ ਵਿਚ 'ਕਲਾ ਜੀਵਨ ਲਈ'ਦਾ ਇਹੀ ਅਰਥ ਹੈ।

ਇਸ ਗ੍ਰੰਥ ਵਿਚ ਨੂਰ ਦੇ ਕੁਝ ਪ੍ਰਵਚਨ ਵੀ ਛਾਪੇ ਗਏ ਹਨ- ਜਿਵੇਂ, ਚੰਗਾ ਕਵੀ ਉਹ ਹੈ ਜੋ ਉਦਾਸ ਨੂੰ ਵੀ ਆਨੰਦਮਈ ਜੀਵਨ ਦਾ ਸੰਦੇਸ਼ ਦੇ ਸਕੇ, ਢਹਿ ਢੇਰੀ ਹੋ ਚੁੱਕੀ ਜ਼ਿੰਦਗੀ ਵਿਚ ਵੀ ਹੌਸਲਾ ਭਰ ਸਕੇ ਤੇ ਬੇਰੌਣਕ ਨੈਣਾਂ ਨੂੰ, ਰੌਣਕ ਵਾਲੇ ਰਾਹਾਂ ਦੀ ਸੇਧ ਦੇ ਸਕੇ।

ਗ੍ਰੰਥ ਦੇ 'ਨੂਰ' ਜੀ ਨੂੰ ਯਾਦ ਕਰਦਿਆਂ, ਭਾਗ ਪਹਿਲਾਂ ਵਿਚ ਡਾ: ਕਰਨੈਲ ਸਿੰਘ ਥਿੰਦ ਦੇ ਲੇਖ 'ਨਿਰੰਜਨ ਸਿੰਘ ਨੂਰ ਨੂੰ ਯਾਦ ਕਰਦਿਆਂ', ਗੁਰਬਚਨ (ਚੰਡੀਗੜ) ਦੇ, 'ਨਿਰੰਜਨ ਸਿੰਘ ਨੂਰ : ਇਕ ਯੋਧੇ ਦਾ ਚਲਾਣਾ', ਡਾ: ਦੇਵਿੰਦਰ ਕੌਰ, ਵੁਲਵਰਹੈਂਪਟਨ ਦੇ 'ਮਨੁੱਖਤਾ ਦਾ ਰਾਖਾ : ਨਿਰੰਜਨ ਸਿੰਘ ਨੂਰ, ਮੋਤਾ ਸਿੰਘ ਦਾ 'ਵੀਹਵੀ ਸਦੀ ਦਾ ਨੂਰ' ਡਾ: ਡੀ. ਬੀ. ਰਾਏ ਦਾ 'ਨਹੀਓਂ ਭੁੱਲਣਾ ਵਿਛੋੜਾ ਤੇਰਾ- ਸਾਰੇ ਦੁੱਖ ਭੁੱਲ ਜਾਣਗੇ' ਨਦੀਮ ਪਰਮਾਰ (ਕਨੇਡਾ) ਦਾ 'ਇਕ ਜੋੜਾ ਪੱਖੀਆਂ ਦਾ, ਦਰਸ਼ਨ ਖੀਰ ਦਾ 'ਅਨੋਖੀ ਭਾਲ ਦਾ ਪਾਂਧੀ : ਨਿਰੰਜਨ ਸਿੰਘ ਨੂਰ', ਗੁਰਦਾਸ ਸਿੰਘ ਪਰਮਾਰ ਦਾ 'ਨਿਰੰਜਨ ਸਿੰਘ ਨੂਰ ਤੇ ਉਸਦੀ ਸ਼ਾਇਰੀ', ਨਿਰੰਜਨ ਸਿੰਘ ਢਿੱਲੋਂ ਦਾ 'ਕਲ੍ਹ ਇਸ ਤਰ੍ਹਾਂ ਗਿਆ ਕੋਈ, ਜਿਦਾਂ ਕਿ ਕੱਲ ਗਿਆ', ਸਾਥੀ ਲੁਧਿਆਣਵੀ ਦਾ, 'ਨਿਰੰਜਨ ਸਿੰਘ ਨੂਰ : ਇਕ ਸ਼ਾਇਰ ਦੋਸਤ; ਗੁਰਸ਼ਰਨ ਸਿੰਘ 'ਅਜੀਬ' ਦਾ 'ਕਿਰਤ ਦਾ ਵਣਜਾਰਾ : ਨਿਰੰਜਨ ਸਿੰਘ ਨੂਰ', ਦਰਸ਼ਨ ਬੁਲੰਦਵੀ ਦਾ 'ਸਰਬਪੱਖੀ ਸ਼ਖਸੀਅਤ: ਨਿਰੰਜਨ ਸਿੰਘ ਨੂਰ', ਡਾ: ਗੁਰਦਿਆਲ ਸਿੰਘ ਰਾਏ ਦਾ 'ਚੇਤੇ ਦੀ ਚੰਗੇਰ : ਨੇੜਿਓਂ ਵੇਖਿਆ ਨੂਰ', ਗੁਰਬਚਨ ਸਿੰਘ 'ਚਿੰਤਕ' ਦਾ ਚਾਨਣ ਮੁਨਾਰਾ : ਨੂਰ', ਇਕਬਾਲ ਮਾਹਲ ਦਾ 'ਇਕ ਸੂਖ਼ਮ ਸੁਰ', ਡਾ: ਹਰੀਸ਼ ਮਲਹੋਤਰਾ ਦਾ 'ਸਹੀ ਸੇਧ ਦੇਣ ਵਾਲਾ ਨਿਰੰਜਨ ਸਿੰਘ ਨੂਰ', ਨਿਰਮਲ ਸਿੰਘ ਕੰਧਾਵਲੀ (ਵੁਲਵਰਹੈਂਪਟਨ) ਦਾ 'ਇਕ ਪਿਆਰਾ ਦੋਸਤ : ਨਿਰੰਜਨ

ਸਿੰਘ ਨੂਰ', ਇੰਦਰਜੀਤ ਸਿੰਘ ਐਮ. ਏ. (ਵੁਲਵਰਹੈਂਪਟਨ) ਦਾ ਪ੍ਰਗਤੀਵਾਦੀ ਕਵੀ : ਨਿਰੰਜਨ ਸਿੰਘ ਨੂਰ; ਜਗਜੀਤ ਸਿੰਘ ਆਨੰਦ ਦਾ 'ਕਵੀ ਨਿਰੰਜਨ ਸਿੰਘ ਨੂਰ; ਇੰਦਰਜੀਤ ਸਿੰਘ ਜੀਤ ਦਾ, 'ਰਿਸ਼ਮਾਂ ਨੂਰ ਦੀਆਂ, ਪ੍ਰੋ: ਰੁਪਿੰਦਰ ਕੌਰ ਰਾਏ ਦਾ; ਨਿਰੰਜਨ ਸਿੰਘ ਨੂਰ : ਇਕ ਅਗਾਂਹਵਧੂ ਵਿਚਾਰਧਾਰਾ ਵਾਲਾ ਕਵੀ; ਪ੍ਰਕਾਸ਼ ਸਿੰਘ ਆਜ਼ਾਦ ਦਾ 'ਇਕ ਬੇਮਿਸਾਲ ਸ਼ਖ਼ਸੀਅਤ : ਨਿਰੰਜਨ ਸਿੰਘ ਨੂਰ; ਕੇਸਰ ਰਾਮਪੁਰੀ (ਡਰਬੀ) ਦਾ ਸ਼ਰਧਾਂਜਲੀ : ਨੂਰ ਜੀ ਨੂੰ! ਬਿਹਾਰੀ ਲਾਲ ਲੱਧੜ (ਵੁਲਵਰਹੈਂਪਟਨ) ਦਾ 'ਪੰਜਾਬੀ ਦਾ ਮੁੱਦਈ : ਨੂਰ; ਵਾਸਦੇਵ ਸਿੰਘ ਭੰਮਰਾ (ਵੁਲਵਰਹੈਂਪਟਨ) ਦਾ 'ਸ਼ਰਧਾਂਜਲੀ : ਨੂਰ ਜੀ ਨੂੰ' 'ਅਦਾਰਾ ਪਰਵਾਸ'ਵੱਲੋਂ 'ਨਿਰੰਤਰ ਜੂਝਣ ਵਾਲਾ ਨੂਰ'ਲੇਖ ਛਾਪੇ ਗਏ ਹਨ ਜੋ ਪੰਨਾ 30 ਤੋਂ ਲੈ ਕੇ ਪੰਨਾ 116 ਤੱਕ ਫੈਲੇ ਹੋਏ ਹਨ। ਇਹਨਾਂ ਛਪੇ ਵੱਖ-ਵੱਖ ਲੇਖਾਂ ਵਿਚ ਉਨ੍ਹਾਂ ਦੇ ਦੋਸਤਾਂ, ਸਮਕਾਲੀਆਂ, ਸ਼ੁਭਚਿੰਤਕਾਂ, ਸਾਹਿਤਕਾਰਾਂ ਸਾਥੀਆਂ ਨੇ ਜਿੱਥੇ ਆਪਣੀਆਂ ਨੂਰ ਸਾਹਿਬ ਨਾਲ ਯਾਦਾਂ ਤਾਜ਼ਾ ਕੀਤੀਆਂ ਹਨ, ਉਹ ਉਥੇ ਨੂਰ ਜੀ ਦੀ ਜ਼ਿੰਦਗੀ ਦੇ ਕਈ ਅਣਛੂਹੇ ਪਹਿਲੂਆਂ ਤੇ ਭਰਪੂਰ ਚਾਨਣਾ ਪਾਇਆ ਹੈ।

'ਸਾਹਿਤਕ ਮਿਲਣੀ' ਭਾਗ ਦੂਜਾ ਵਿਚ 'ਪੰਜਾਬੀ ਕਲਮਾਂ ਦਾ ਕਾਫ਼ਲਾ' (ਕਨੇਡਾ), ਵੱਲੋਂ ਕੀਤੀ ਜਨਤਕ ਮਿਲਣੀ 'ਮੈਂ ਉਹ ਫ਼ਰਜ਼ ਹਾਂ ਜੋ ਅਦਾ ਹੋ ਗਿਆ ਹਾਂ: ਨੂਰ; ਡਾ: ਦੇਵਿੰਦਰ ਕੌਰ ਵੱਲੋਂ ਕੀਤੀ ਗਈ ਮੁਲਾਕਾਤ 'ਮੋਮਬੱਤੀ ਦੇ ਦੋਹੀਂ ਪਾਸੀਂ ਅੱਗ ਲਾਉਣ ਵਾਲਾ : ਨਿਰੰਜਨ ਸਿੰਘ ਨੂਰ; ਸਵਰਨ ਸਿੰਘ ਪਰਵਾਨਾ ਵੱਲੋਂ 'ਰੇਡੀਓ ਪ੍ਰਾਈਡ ਆਫ਼ ਇੰਡੀਆ'ਵਾਸਤੇ ਕੀਤੀ ਇੰਟਰਵਿਊ 'ਡੈਨਮਾਰਕ ਮੁਲਾਕਾਤ' ਉਂਕਾਰਪ੍ਰੀਤ (ਟਰਾਂਟੋ, ਕਨੇਡਾ) ਵੱਲੋਂ ਕੀਤੀ ਮੁਲਾਕਾਤ 'ਬ੍ਰਹਿਮੰਡੀ ਗੁਰਮੁਖ ਕਵੀ : ਨਿਰੰਜਨ ਸਿੰਘ ਨੂਰ; ਡਾ: ਰਤਨ ਰੀਹਲ ਵੱਲੋਂ ਟੀ. ਵੀ. ਚੈਨਲ-4 ਵਾਸਤੇ ਕੀਤੀ ਇੰਟਰਵਿਊ 'ਨਿਰੰਜਨ ਸਿੰਘ ਨੂਰ ਨਾਲ ਮੁਲਾਕਾਤ; ਮੇਜਰ ਮਾਂਗਟ, ਕਨੇਡਾ ਵੱਲੋਂ 'ਪੰਜਾਬੀ ਸਾਹਿਤ ਦਾ ਸੂਰਜ ਸੀ : ਨਿਰੰਜਨ ਸਿੰਘ ਨੂਰ; ਭੂਪਿੰਦਰ ਸਿੰਘ ਸੱਗੂ ਵੱਲੋਂ, 'ਸਾਬਤ ਕਦਮ, ਸੁੱਚੀ ਸਾਧਨਾ ਵਾਲਾ ਕਵੀ ਨਿਰੰਜਨ ਸਿੰਘ ਨੂਰ; ਮੁਲਾਕਾਤਾਂ ਛਾਪੀਆਂ ਗਈਆਂ ਹਨ, ਜਿਨ੍ਹਾਂ ਵਿਚ ਸ੍ਰੀ ਨੂਰ ਨੇ ਕੀਤੇ ਗਏ ਸੁਆਲਾਂ ਦੇ ਜੁਵਾਬ ਬੜੀ ਬੇਬਾਕੀ ਅਤੇ ਸੰਜੀਦਵੀ ਨਾਲ ਦਿੱਤੇ ਹਨ।

"ਨੂਰ ਆਲੋਚਕਾਂ ਦੀ ਨਜ਼ਰ ਵਿਚ ਭਾਗ ਤੀਜਾ ਵਿਚ ਡਾ. ਕੇਸਰ ਸਿੰਘ 'ਕੇਸਰ' ਨੇ 'ਅੰਤਰ-ਰਾਸ਼ਟਰੀ ਸਰੋਕਾਰਾਂ ਦਾ ਕਵੀ : ਨਿਰੰਜਨ ਸਿੰਘ ਨੂਰ; ਡਾ: ਹਰਭਜਨ ਸਿੰਘ ਭਾਟੀਆ ਨੇ : ਨਿਰੰਜਨ ਸਿੰਘ ਨੂੰ ਨੂਰ : ਇਕ ਪਛਾਣ" ਡਾ: ਪ੍ਰੀਤਮ ਸਿੰਘ ਕੈਂਥ ਨੇ 'ਖੂਬਸੂਰਤ ਇਨਸਾਨ ਤੇ ਮਾਨਵੀ-ਛੋਹਾਂ ਦਾ ਚਿਤੇਰਾ : ਨਿਰੰਜਨ ਸਿੰਘ ਨੂਰ; ਡਾ: ਮਹਿੰਦਰ ਗਿੱਲ ਨੇ 'ਦੀ ਬੈਸਟ ਫਰਾਈਡੇ' : ਤਰਕ ਅਤੇ

ਸਾਇੰਸ ਦੀ ਸ਼ਾਇਰੀ; ਡਾ: ਜਸਵਿੰਦਰ ਸਿੰਘ ਪ੍ਰੋਫ਼ੈਸਰ (ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ 'ਨਿਰੰਜਨ ਸਿੰਘ ਨੂਰ : ਹਯਾਤੀ ਦੀ ਮੁਕਤੀ ਦਾ ਕਾਵਿ:; ਡਾ: ਸੁਰਿੰਦਰ ਸਿੰਘ ਭੁੱਲਰ (ਰੀਡਰ, ਦਿੱਲੀ) ਨੇ 'ਨਿਰੰਜਨ ਸਿੰਘ ਨੂਰ ਦੀ ਪੁਸਤਕ (ਸੰਪੂਰਨ ਕਾਵਿ-ਰਚਨਾਵਲੀ 'ਕਵਿਤਾ ਤੁਰਦੀ ਹੈ') ਦਾ ਆਲੋਚਨਾਤਮਕ ਅਧਿਐਨ', ਪ੍ਰੋ: ਸੁਹਿੰਦਰਬੀਰ ਨੇ 'ਨਿਰੰਜਨ ਸਿੰਘ ਨੂਰ ਦੀ ਪੁਸਤਕ "ਓਜ਼ੋਨ ਦੀ ਅੱਖ"ਦਾ ਕਲਾਤਮਕ ਪੱਖ; ਡਾ: ਜਸਪਾਲ ਕੌਰ (ਪੰਜਾਬੀ ਵਿਭਾਗ ਦਿੱਲੀ ਯੂਨੀਵਰਸਿਟੀ)। ਨਿਰੰਜਨ ਸਿੰਘ ਨੂਰ ਤੇ "ਕਵਿਤਾ ਤੁਰਦੀ ਹੈ"ਦਾ ਕਾਵਿ-ਸਫ਼ਰ; ਡਾ: ਪਰਮਜੀਤ ਕੌਰ, ਦਿੱਲੀ ਦਾ "ਕਵਿਤਾ ਤੁਰਦੀ ਹੈ" : ਪਾਠਗਤ ਅਧਿਐਨ : ਡਾ: ਪਵਨਦੀਪ ਕੌਰ (ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦਾ 'ਨਿਰੰਜਨ ਸਿੰਘ ਨੂਰ ਦੀ ਕਵਿਤਾ ਵਿਚ ਪ੍ਰਗਤੀਵਾਦ : ਡਾ: ਗੁਰਇਕਬਾਲ ਸਿੰਘ ਦਾ 'ਨਿਰੰਜਨ ਸਿੰਘ ਨੂਰ ਦਾ ਕਾਵਿ-ਸੰਗ੍ਰਹਿ "ਕਵਿਤਾ ਤੁਰਦੀ ਹੈ"। ਸ੍ਰੀ ਨੂਰ ਦੀਆਂ ਕਿਰਤਾਂ, ਪੁਸਤਕਾਂ ਸਬੰਧੀ ਲਿਖੇ ਗਏ ਆਲੋਚਨਾਤਮਿਕ ਨਜ਼ਰੀਏ ਵਾਲੇ ਲੇਖ ਸ਼ਾਮਿਲ ਹਨ।

ਭਾਗ 4 ਵਿਚ ਨੂਰ ਜੀ ਬਾਰੇ ਡਾ. ਸਵਰਨ ਚੰਦਨ, ਡਾ: ਐਸ. ਐਨ. ਸੇਵਕ, ਡਾ: ਫਰੈਂਕ ਰਵੀਜ਼, ਸਹਿਦੇਵ ਬਿਸਮਲ, ਅੰਮ੍ਰਿਤਾ ਮੋਹਨ (ਯੂ. ਕੇ.) ਅਤੇ ਹਰਜਿੰਦਰ ਸਿੰਘ ਕੰਵਲ ਦੇ ਅੰਗਰੇਜ਼ੀ ਵਿਚ ਲਿਖੇ ਲੇਖ ਸ਼ਾਮਿਲ ਕਰਕੇ ਇਕ ਹੋਰ ਮਾਅਰਕਾ ਮਾਰਿਆ ਹੈ, ਕਿਉਂਕਿ ਸ੍ਰੀ ਨੂਰ ਪੰਜਾਬੀ ਵਿਚ ਹੀ ਨਹੀਂ ਅੰਗਰੇਜ਼ੀ ਵਿਚ ਸਾਹਿਤ ਰਚਨਾ ਕਰਦੇ ਸਨ ਅਤੇ ਅੰਗਰੇਜ਼ੀ ਸਾਹਿਤ ਵਿਚ ਵੀ ਉਨ੍ਹਾਂ ਨੂੰ ਇਕ ਵਿਸ਼ੇਸ਼ ਸਥਾਨ ਹਾਸਲ ਸੀ।

ਭਾਗ ਪੰਜਵਾਂ ਵਿਚ ਤਸਵੀਰਾਂ : ਜੀਵਨ ਇਤਿਹਾਸ ਵਿਚ ਨੂਰ ਜੀ ਦੀਆਂ ਵੱਖ-ਵੱਖ ਸਾਹਿਤਕ ਨੂੰ ਸਮਾਗਮਾਂ ਅਤੇ ਪ੍ਰਮੁੱਖ ਸਾਹਿਤਕਾਰਾਂ, ਪ੍ਰਸਿੱਧ ਸ਼ਖਸ਼ੀਅਤਾਂ ਨਾਲ ਸਮੇਂ-ਸਮੇਂ ਖਿੱਚੀਆਂ 47 ਤਸਵੀਰਾਂ ਆਪਣੀ ਕਹਾਣੀ ਆਪ ਬਿਆਨਦੀਆਂ ਹਨ।

ਭਾਗ ਛੇ 'ਸਿਫ਼ਤ-ਸਲਾਹ'ਵਿਚ ਨੂਰ ਦੇ ਸਾਥੀ ਲੇਖਕਾਂ, ਸ਼ਾਇਰਾਂ ਅਮਰ ਅਕਬਰੀ, ਟਰਾਂਟੋ, ਮੇਜਰ ਮਾਂਗਟ ਟਰਾਂਟੋ, ਉਂਕਾਰਪ੍ਰੀਤ ਟਰਾਂਟੋ, ਕਿਰਪਾਲ ਲਹਿਰ, ਗੁਰਨਾਮ ਢਿੱਲੋਂ, ਮੋਤਾ ਸਿੰਘ ਕੌਂਸਲਰ, ਮਨਜੀਤ ਕਮਲਾ (ਤਰਨ ਤਾਰਨ), ਸਤਿਪਾਲ ਸਿੰਘ 'ਡੁਲਕੂ' (ਲਮਿੰਗਟਨ ਸਪਾ), ਮੱਖਣ ਸਿੰਘ 'ਮ੍ਰਿਗਿੰਦ' (ਇਲਫੋਰਡ), ਮਹਿੰਦਰ 'ਸਾਜਨ' (ਕਾਵੈਂਟਰੀ, ਯੂ. ਕੇ.) ਤਰਲੋਚਨ ਸਿੰਘ 'ਚੰਨ ਜੰਡਿਆਲਵੀ', ਡਾ: ਮਹਿੰਦਰ ਗਿੱਲ (ਵੁਲਵਰਹੈਂਪਟਨ), ਡਾ: ਸੁਰਿੰਦਰ ਗਿੱਲ, ਕਵਿੰਦਰ ਚਾਂਦ (ਪਟਿਆਲਾ) ਅਤੇ ਭੂਪਿੰਦਰ ਸਿੰਘ ਸੱਗੂ ਵੱਲੋਂ ਨੂਰ ਜੀ ਨੂੰ ਸਮਰਪਿਤ ਲਿਖੀਆਂ ਕਵਿਤਾਵਾਂ, ਗ਼ਜ਼ਲਾਂ,

ਨਜ਼ਮਾਂ ਨੂੰ ਥਾਂ ਦਿੱਤੀ ਗਈ ਹੈ। ਗੁਰਨਾਮ ਢਿੱਲੋਂ ਸ਼ਰਧਾਂਜਲੀ ਨਾਮੀਂ ਗ਼ਜ਼ਲ ਵਿਚ ਲਿਖਦੇ ਹਨ –

"ਨੂਰ"ਵੰਡਦਾ ਨੂਰੀ ਸੀ। ਜੱਗ 'ਤੇ ਮਸ਼ਹੂਰ ਸੀ।
ਦਰਦ ਦਾ ਦਰਿਆ ਉਹ, ਵਲ-ਛਲ ਤੋਂ ਦੂਰ ਸੀ।

ਮੋਤਾ ਸਿੰਘ ਕੌਂਸਲਰ ਵੱਲੋਂ 'ਨਿਰੰਜਨ ਸਿੰਘ ਨੂਰ ਦੇ ਨਾਂ' ਲਿਖੀ ਗ਼ਜ਼ਲ ਦੀ ਵੰਨਗੀ ਵੀ ਜ਼ਿਕਰਯੋਗ ਹੈ-

ਲੈ ਕੇ ਬਹਾਰ ਆਏ, ਜ਼ਰਾ ਹੋਰ ਠਹਿਰ ਜਾਂਦੇ।
ਵੰਡਦੇ ਪਿਆਰ ਆਏ, ਜ਼ਰਾ ਹੋਰ ਠਹਿਰ ਜਾਂਦੇ।
ਉਡੀਕ ਕਰਦੇ ਕਰਦੇ, ਜਰਾ ਹੋਰ ਠਹਿਰ ਜਾਂਦੇ।
ਉਡੀਕ ਕਰਦੇ ਕਰਦੇ, ਅੱਖੀਆਂ ਉਡੀਕ ਬਣੀਆਂ,
ਚਾਹਤ ਸੀ ਦਿਲਾਂ ਦੀ, ਜ਼ਰਾ ਹੋਰ ਠਹਿਰ ਜਾਂਦੇ।

ਸਿਮਰਤੀ ਗ੍ਰੰਥ ਦੇ ਆਖਰੀ ਭਾਗ ਸੱਤ ਵਿਚ "ਨੂਰ ਜੀ ਦੀਆਂ ਅਣਪ੍ਰਕਾਸ਼ਤਿ ਵੀਹ ਗ਼ਜ਼ਲਾਂ ਅਤੇ ਨਜ਼ਮਾਂ ਤੋਂ ਇਲਾਵਾ ਆਖਰੀ ਪੰਨੇ 'ਤੇ ਨੂਰ ਜੀ ਹੱਥ ਲਿਖਤ ਇਕ ਨਜ਼ਮ "ਤੂੰ ਦੀਵਾ ਬਾਲ ਕੇ ਰੱਖੀ' ਪ੍ਰਕਾਸ਼ਿਤ ਕੀਤੀ ਗਈ ਹੈ-ਵੰਨਗੀ ਵੇਖੋ-

ਮੈਂ ਆਪਣੀ ਭਾਲ ਵਿਚ ਟੁਰਿਆ
ਤੇ ਸ਼ਾਇਦ ਪਰਤ ਹੀ ਆਵਾਂ
ਤੂੰ ਦੀਵਾ ਬਾਲ ਕੇ ਰੱਖੀ।

ਨਿਰਸੰਦੇਹ ਸ੍ਰੀ ਨਿਰੰਜਨ ਸਿੰਘ ਨੂਰ ਦੀ ਰਚਨਾ, ਜੀਵਨ, ਫਲਸਫ਼ੇ ਨੂੰ ਸਮਝਣ ਵਾਸਤੇ ਇਹ ਸਿਮਰਤੀ ਗ੍ਰੰਥ ਮੁੱਲਵਾਨ, ਪੜ੍ਹਣਯੋਗ ਅਤੇ ਮਾਨਣਯੋਗ ਹੈ। ਸੰਪਾਦਕ ਭੂਪਿੰਦਰ ਸਿੰਘ ਸੱਗੂ ਦੀ ਮਿਹਨਤ ਸਾਹਵੇਂ ਸਿਰ ਸਤਿਕਾਰ ਨਾਲ ਝੁਕਦਾ ਹੈ।

●●●●●

# ਰਿਸ਼ਤਿਆਂ ਤੋਂ ਮੁਕਤੀ ਦੀ ਤਲਾਸ਼ : 'ਉਸ ਨੇ ਕਿਹਾ'

**ਡਾ. ਹਰਬੰਸ ਸਿੰਘ ਧੀਮਾਨ**

ਇਕੀਵੀਂ ਸਦੀ ਦੇ ਨਵੇਂ ਸਰੋਕਾਰਾਂ ਦੇ ਰੂਪਮਾਨ ਹੋਣ ਦੇ ਨਾਲ-ਨਾਲ ਸਾਹਿਤਕ ਰੂਪਾਂ ਵਿਚ ਵੀ ਨਵੀਆਂ ਪ੍ਰਵਿਰਤੀਆਂ ਹੋਂਦ ਵਿਚ ਆ ਰਹੀਆਂ ਹਨ। ਇਸੇ ਪ੍ਰਸੰਗ ਵਿਚ ਕਵਿਤਾ ਵਿਸ਼ੇਸ਼ ਤੌਰ 'ਤੇ ਬਿਰਤਾਂਤਕ ਰੂਪ ਅਖਤਿਆਰ ਕਰ ਰਹੀ ਹੈ, ਜਿਸ ਵਿਚ ਕਦੇ ਕਵੀ ਬੁਲਾਰਾ ਹੁੰਦਾ ਹੈ, ਕਦੇ ਵਸਤੂਆਂ ਜਾਂ ਕਦੇ ਕਦੇ ਅਦਿੱਖ ਸਰੋਕਾਰ ਨੂੰ ਸਾਧਕ ਬਣਾ ਲਿਆ ਜਾਂਦਾ ਹੈ। ਬਿਰਤਾਂਤਕ ਕਾਵਿ ਵਿਚ ਜਿੱਥੇ ਕਥਾ ਹੁੰਦੀ ਹੈ, ਉੱਥੇ ਸੁਚੱਜੇ ਵਿਚਾਰਾਂ ਦੀ ਪੇਸ਼ਕਾਰੀ ਵਿਦਮਾਨ ਰਹਿੰਦੀ ਹੈ।

ਇਸੇ ਪ੍ਰਸੰਗ ਵਿਚ ਭੂਪਿੰਦਰ ਸੱਗੂ ਨੇ ਵੀ ਅਜੇਹਾ ਹੀ ਇਕ ਤਜ਼ਰਬਾ ਕੀਤਾ ਹੈ, ਜਿਸ ਵਿਚ ਸਿਰਫ਼ ਇਕ ਵਾਕੰਸ਼ (ਬੁਲਾਰਾ/ਵਕਤਾ) 'ਉਸ ਨੇ ਕਿਹਾ'ਵਰਤ ਕੇ ਆਪਣੇ ਮਨੋਭਾਵਾਂ, ਭਾਵਨਾਵਾਂ, ਖਿਆਲਾਂ, ਦੁਸ਼ਵਾਰੀਆਂ, ਦਵੰਦਾਂ, ਇੱਛਾਵਾਂ, ਤ੍ਰਿਪਤੀਆਂ-ਅਤ੍ਰਿਪਤੀਆਂ ਨੂੰ ਬੋਲ ਦੇਣ ਦਾ ਯਤਨ ਕੀਤਾ ਹੈ। ਇਹ ਇਕ ਲੰਮੀ ਕਵਿਤਾ ਹੀ ਹੈ, ਜਿਸ ਵਿਚ ਕਈ ਤਰ੍ਹਾਂ ਦੇ ਸਵਾਲ ਅਤੇ ਉਨ੍ਹਾਂ ਦੇ ਨਿਵਰਣ ਦਾ ਜ਼ਿਕਰ ਮਿਲਦਾ ਹੈ।

'ਉਸ ਨੇ ਕਿਹਾ' ਇਕ ਵਿਯੋਗੇ ਮਨੁੱਖ ਦੀ ਅੰਦਰਲੀ ਚੀਸ ਹੈ, ਜਿਸ ਵਿਚ ਰਿਸ਼ਤਿਆਂ ਤੋਂ ਮੁਕਤੀ ਦੀ ਤਲਾਸ਼ ਦਾ ਖਿਆਲ ਭਾਰੂ ਹੈ। ਅਜੇਹੀ ਚੀਸ ਤ੍ਰਿਪਤੀ ਦੇ ਅਸਾਂਵੇਂ ਸਬੰਧਾਂ ਦੇ ਵਰਤਾਰੇ ਵਿਚੋਂ ਹੀ ਉੱਠਦੀ ਹੈ :

"ਚਿਹਰੇ ਦੇ ਬਦਲਦੇ ਪ੍ਰਭਾਵ
ਸੰਕੇਤ ਨੇ
ਨਿਸ਼ਚਿੰਤ ਭੱਵਿਖ ਦੀ ਭਾਲ ਕਰਦਿਆਂ
ਆਪਾਂ ਇਕ-ਦੂਜੇ ਲਈ
ਸਹੀ ਕਿਰਦਾਰ ਨਾ ਬਣ ਸਕੇ
ਤੇ ਰਵਾਇਤੀ ਜਹੇ ਦਲਾਸਿਆਂ ਦੀਆਂ
ਦਰਾਰਾਂ ਵਿਚਕਾਰ ਖੋ ਬੈਠੇ

ਮੰਜ਼ਿਲ ਦੇ ਨਿਸ਼ਾਨ"

ਇੱਕੀਵੀਂ ਸਦੀ ਵਿਚਲਾ ਮਨੁੱਖ ਸਿਫ਼ਤੀ ਤੌਰ 'ਤੇ ਭੋਗੀ-ਮੰਗਤਾ ਅਤੇ ਆਰਥਿਕ ਮਨੁੱਖ ਬਣਨ ਦੇ ਆਹਰ ਵਿਚ ਹੈ। ਉਸ ਅੰਦਰਲੀ ਸੋਚ ਸਮਝ ਵਿਚੋਂ ਸਭਿਆਚਾਰਕ ਕਦਰਾਂ-ਕੀਮਤਾਂ ਮਨਫ਼ੀ ਹੋ ਗਈਆਂ ਹਨ, ਜਿਸ ਦੇ ਫ਼ਲਸਰੂਪ ਮਾਨਸਿਕ ਪ੍ਰਵਾਸੀ ਬਣ ਗਿਆ ਹੈ। ਉਸ ਨੂੰ ਹਰ ਵੇਲੇ ਅਸੰਗਤੀਆਂ ਅਤ੍ਰਿਪਤੀਆਂ ਤੇ ਅਸੰਤੁਸ਼ਟੀਆਂ ਹੀ ਘੇਰੀ ਰੱਖਦੀਆਂ ਹਨ, ਜਿਨ੍ਹਾਂ ਨਾਲ ਉਹ ਜੂਝਦਾ ਹੋਇਆ ਵੀ ਮੰਜ਼ਿਲ 'ਤੇ ਨਹੀਂ ਅੱਪੜ ਰਿਹਾ, ਤਾਂ ਹੀ ਉਸ ਦੀ ਮਾਨਸਿਕ ਦੌੜ ਵਿਚ ਭਟਕਣਾ ਦਾ ਤਣਾਓ, ਬੇਗ਼ਾਨਗੀ, ਇਕੱਲਤਾ ਅਤੇ ਨੀਰਸਤਾ ਦਾ ਪ੍ਰਗਟਾਵਾ ਵਧੇਰੇ ਹੈ। ਕਦੇ ਕਦੇ ਭੱਵਿਖਮਈ ਕੋਸ਼ਿਸ਼ ਵੀ ਕਰਦਾ ਹੈ ਤਾਂ ਕਵੀ ਸੁਣਦਾ ਹੈ :

"ਸ਼ਾਇਦ
ਆਉਣ ਵਾਲੀ ਕਲ੍ਹ
ਆਪਣੀ ਗੁਫ਼ਤਗੂ ਵਾਸਤੇ
ਖ਼ੁਸ਼ਗਵਾਰ ਪੈਗ਼ਾਮ ਲੈ ਆਵੇ।"

ਭੂਪਿੰਦਰ ਸੱਗੂ, ਇਸੇ ਭੱਵਿਖਮਈ ਕੋਸ਼ਿਸ਼ ਵਿਚੋਂ ਕੋਈ ਸਾਂਝ ਦੀ ਤੰਦ ਫੜ੍ਹਣ ਅਤੇ ਪਾਠਕਾਂ ਨਾਲ ਸਾਂਝੀ ਕਰਨ ਦੇ ਯਤਨ ਵਿਚ ਅਦਿੱਖ ਸ਼ਕਤੀ-ਸਾਧਨ (ਪਾਤਰ) ਦੀ ਟੇਕ ਲੈਂਦਾ ਹੈ ਜੋ ਉਸ ਨੂੰ ਬਾਰ-ਬਾਰ ਪਿਆਰ ਭਾਵ ਵੱਲ ਪ੍ਰੇਰਿਤ ਕਰਦਾ ਹੈ ਅਤੇ ਸਮਝਾਉਂਦਾ ਹੈ :

"ਆ ਟੁੱਟੇ ਰਿਸ਼ਤਿਆਂ ਨੂੰ ਮੁੜ ਜੋੜੀਏ
ਚੁਗਲਖੋਰਾਂ, ਨਿੰਦਕ ਦਾ ਮੂੰਹ ਮੋੜੀਏ
ਜੇ ਪਿਆਰ ਦਾ ਅਸਾਂ
ਰਾਗ ਅਜੇ ਵੀ ਨਾ ਸਮਝਿਆ
ਬੰਸਰੀ ਨਾਲ ਜੀਵਨ ਦੀ
ਸੁਰ ਜਾਂਦੀ ਹੀ ਰਹੇਗੀ।"

ਅਜੋਕੇ ਕਾਵਿ-ਸੰਸਾਰ ਦੀ ਇਕ ਪਛਾਣ ਇਹ ਵੀ ਹੈ ਕਿ ਇਹ ਵਧੇਰੇ ਬੀਤੇ ਦੀ 'ਸੈਲੀਬਰੇਸ਼ਨ' ਵੱਲ ਰੁਚਿਤ ਹੈ, ਉਸ ਦੀ ਯਾਦ ਹੀ ਪਿਛਲੀ ਸਾਂਝ ਦਾ ਆਨੰਦ ਹੈ। ਕਵੀ ਵੀ ਸੋਚਦਾ ਹੈ :

"ਤੇਰੇ ਮਿਲਾਪ ਨਾਲ
ਮੋਹ ਦੇ ਰਿਸ਼ਤਿਆਂ ਨੇ
ਯਕਦਮ ਸੰਭਾਲੀ ਹੈ ਹੋਸ਼
ਕਵਿਤਾ ਨੂੰ ਮੁੜ

'ਜੀ ਆਇਆਂ ਨੂੰ'ਆਖਣ ਵਾਸਤੇ।"

'ਉਸ ਨੇ ਕਿਹਾ'ਵਿਚਲਾ ਬੁਲਾਰਾ ਕਦੇ-ਕਦੇ ਅਧਿਆਤਮਕ ਬ੍ਰਹਿਮੰਡੀ ਚੇਤਨਾ ਵੱਲ ਮੁੜਣ ਅਤੇ ਉਸੇ ਵਿਚੋਂ ਸੁਮੇਲਤਾ ਅਤੇ ਸੰਪੂਰਨਤਾ ਦੇ ਭਾਵ ਉਭਾਰਦਾ ਹੈ। ਜਿਸ ਦੀ ਉਸਾਰੀ ਲਈ ਉਹ ਸੂਰਜ, ਦਰਵਾਜ਼ੇ, ਬੰਸਰੀ, ਊਸ਼ਾ, ਖਾਮੋਸ਼ ਯਾਦਾਂ, ਪਸਰੀ ਧੁੰਦ, ਵਰਗੇ ਮੈਟਾਫ਼ਰ ਵਰਤ ਕੇ ਕਥਨ ਦੀ ਪ੍ਰੌੜਤਾ ਕਰਨ ਦੇ ਯਤਨ ਕਰਦਾ ਹੈ।

ਇਸ ਤੋਂ ਇਲਾਵਾ ਨਿੱਜ ਤੋਂ ਪਰ ਵੱਲ ਮੁੜਦਿਆਂ ਸਮਕਾਲੀ ਵਰਤਾਰੇ ਨਾਲ ਹੀ ਤਸੱਲੀ ਦੀ ਆਸ ਬੰਨਾਉਣ ਦੇ ਯਤਨ ਵੀ ਹਨ। ਉਸ ਦੇ ਬੋਲ ਹਨ :

"ਵਕਤ ਦੀ ਤੋਰ ਵਾਂਗੂੰ
ਹਾਲਾਤ ਨਾਜ਼ਕ ਨੇ
ਆ 'ਸਰਬੱਤ ਦਾ ਭਲਾ' ਮੰਗੀਏ
ਤੇ ਗਿਲੇ ਸ਼ਿਕਵਿਆਂ ਤੋਂ ਮੁਕਤ ਹੋ ਜਾਈਏ।"

ਸਮਕਾਲ ਵਿਚ ਅਜੋਕੇ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਉਹ ਵੱਡੇ ਆਦਰਸ਼ਾਂ ਵਿਚ 'ਨਿੱਜ' ਗਵਾ ਬੈਠਾ ਹੈ ਅਤੇ ਭੱਵਿਖ ਦੀ ਤਲਾਸ਼ ਵਿਚ ਵਰਤਮਾਨ ਵੀ ਹੱਥੋਂ ਖਿਸਕਾ ਰਿਹਾ ਹੈ। ਹਾਂ, ਇਸ ਗੱਲ ਦਾ ਅਹਿਸਾਸ ਜ਼ਰੂਰ ਹੈ ਕਿ ਵਰਤਮਾਨ, ਸਮਾਜਿਕ ਵਰਤਾਰਾ-ਪ੍ਰਬੰਧ ਰਾਜਨੀਤੀ ਦੀ ਸਿਖਰ ਹੈ। ਜਿਸ ਬਾਰੇ ਭੂਪਿੰਦਰ ਇੰਜ ਸੰਕੇਤ ਕਰਦਾ ਹੈ,

"ਅੱਗ ਦੇ ਸੌਦਾਗਰ
ਵੰਡਦੇ ਨੇ ਸਭਨਾਂ ਨੂੰ
ਚੁਟਕੀ ਚੁਟਕੀ ਬਰੂਦੀ ਅੱਗ ਦੀ
ਜੋ ਆਪੋ ਆਪਣੀ ਬੁੱਕਲ ਵਿਚ
ਛੁਪਾਈ ਬੈਠੇ ਨੇ
ਜਿੰਦਾਂ ਦਾਅ 'ਤੇ ਲਾਈ ਬੈਠੇ ਨੇ।"

ਇਸੇ ਕਰਕੇ 'ਉਸ ਨੇ ਕਿਹਾ'ਵਿਚ ਚੇਤਾਵਨੀ ਹੈ, ਉਡੀਕ ਹੈ, ਆਸਵੰਦੀ ਪਹੁੰਚ ਹੈ, ਜੀਵਨ ਦੀ ਨਾਸ਼ਵਾਨਤਾ ਹੈ, ਫੇਰ ਵੀ ਉਮੀਦ ਹੈ, ਅਜਨਬੀਅਤ ਦਾ ਵਰਤਾਰਾ ਹੈ, ਦੰਭ-ਫ਼ਰੇਬ ਵੀ ਹੈ, ਪਰ 'ਹੋਸ਼ ਤੇ ਆਸ'ਕਾਇਮ ਹੈ, ਜਿਸ ਲਈ 'ਅੱਖ' ਇਕ ਵੱਡਾ ਮੈਟਾਫ਼ਰ ਹੈ, ਜਿਸ ਵਿਚ ਤਲਾਸ਼ ਹੈ, ਇਕ ਨੀਝ ਹੈ, ਪਛਾਣ ਅਤੇ ਮਾਣ ਦਾ ਸੂਤਰ ਵੀ ਹੈ। ਇਹੋ ਜ਼ਿੰਦਗੀ ਹੈ :

"ਮਨ ਦੀ ਸ਼ੂਨਤਾ ਅੰਦਰ
ਅੱਖ

ਆਦਿ-ਜੁਗਾਦੀ
ਅਣਥੱਕ ਤੋਰੇ ਤੁਰਦੀ
ਨਿਰੰਤਰ ਖੋਜਦੀ ਨਿਹਾਰਦੀ,
ਸ਼ਬਦਾਂ ਦੇ ਸਮੂਹ ਨੂੰ
ਖ਼ੰਡਿਤ-ਅਖ਼ੰਡਿਤ ਪੀੜਾਂ ਦੀ ਵਿਸ਼ਾਲਤਾ ਨੂੰ।"

ਸੋ, 'ਉਸ ਨੇ ਕਿਹਾ' ਇਕ ਰਿਸ਼ਤਿਆਂ ਦੀ ਕਮਿਸਟਰੀ ਤੇ ਜ਼ੁਮੈਟਰੀ ਦਾ ਸਾਂਝਾ ਅਧਿਐਨ ਹੈ, ਜਿਸ ਸਾਰੇ ਵਿਚ 'ਮਨੁੱਖ' ਆਪਣੀ ਕੇਂਦਰੀਅਤ ਵਾਲੀ ਸਥਿਤੀ ਤੋਂ ਡੋਲ ਗਿਆ ਲਗਦਾ ਹੈ ਅਤੇ ਉਸ ਦੀ ਥਾਂ 'ਸੁਨਹਿਰੀ ਵਸਤੂ' ਨੇ ਲੈ ਲਈ ਹੈ। ਇਹੋ ਵੱਡਾ ਫ਼ਿਕਰ ਭੂਪਿੰਦਰ ਸੱਗੂ ਦਾ ਹੈ, ਉਸ ਦੇ ਬੋਲਾਂ ਵਿਚ :

"ਇਹ ਸ਼ਹਿਰ
ਜੋ ਕਦੇ ਅੰਦਰੋਂ-ਬਾਹਰੋਂ ਸ਼ਬਦਾਂ ਦਾ
ਖ਼ੌਲਦਾ ਸਮੁੰਦਰ ਸੀ
ਮੂੰਹੋ-ਜ਼ੋਰ ਝੱਖੜਾਂ ਸਾਹਵੇਂ
ਸੀਨਾ ਤਾਣ ਖੜਦਾ ਸੀ
ਧੁੰਦ-ਗਵਾਰ ਦੀ ਤਾਕਤ ਨੂੰ
ਤਲੀਆਂ 'ਤੇ ਮਸਲਦਾ ਸੀ
ਅੱਜ ਇਹਦੀ ਹੋਂਦ ਜ਼ਖਮੀ ਹੈ।"

ਭੂਪਿੰਦਰ ਸੱਗੂ ਇਕ ਕੋਮਲ-ਕਵੀ ਹੈ, ਜਿਸ ਨੇ ਆਪਣੀ ਕਵਿਤਾ ਵਿਚ ਉਹ ਸਾਰੇ ਮਸਲੇ 'ਉਸ ਨੇ ਕਿਹਾ' ਦੇ ਜ਼ਰੀਏ ਛੋਹੇ ਹਨ, ਜਿਸ ਨੂੰ ਆਮ ਤੌਰ 'ਤੇ 'ਸ਼ੋਰ'ਦਾ ਨਾਂ ਦਿੱਤਾ ਜਾਂਦਾ ਹੈ, ਪਰ ਇਹ ਇੱਥੇ ਸ਼ੋਰ ਨਹੀਂ ਬਣੇ, ਸਗੋਂ ਚਿੰਤਾ ਤੇ ਚਿੰਤਨ ਦਾ ਵਿਸ਼ਾ ਬਣੇ ਹਨ। ਸਮੁੱਚੇ ਤੌਰ 'ਤੇ ਵਿਅਕਤੀ-ਆਜ਼ਾਦੀ ਦੇ ਨਾਲ-ਨਾਲ ਅਮਨ ਦਾ ਹਾਮੀ ਹੁੰਦਿਆਂ, ਧੀਮੇ ਬੋਲਾਂ ਰਾਹੀਂ ਪਿਆਰ-ਕਾਵਿ ਵਿਚੋਂ ਰਿਸ਼ਤਿਆਂ ਦੀ ਮੁਕਤੀ ਤਲਾਸ਼ ਦਾ, ਸਫ਼ਰ ਕਰਦਾ ਪ੍ਰਤੀਤ ਹੁੰਦਾ ਹੈ, ਭੂਪਿੰਦਰ ਸੱਗੂ।

ਆਸ ਹੈ, ਇਨ੍ਹਾਂ ਉਪਰੋਕਤ ਸੰਕੇਤਕ ਇਸ਼ਾਰਿਆਂ ਰਾਹੀਂ 'ਉਸ ਨੇ ਕਿਹਾ'ਦਾ ਪਾਠਕ ਪੜ੍ਹਣ ਅਤੇ ਸਮਝਣ ਦੇ ਯਤਨ ਕਰਨਗੇ।

ਪੁਸਤਕ ਲਈ ਭੂਪਿੰਦਰ ਸੱਗੂ ਨੂੰ ਮੁਬਾਰਕਾਂ!

●●●●●

# ਕਥਾ-ਕਾਵਿ 'ਉਸ ਨੇ ਕਿਹਾ' ਪੰਜਾਬੀ ਸੱਭਿਆਚਾਰ ਦਾ ਸੰਸਥਾਪਨ

**ਡਾ. ਰਤਨ ਰੀਹਲ**

ਵਰਤਮਾਨ ਵਿੱਚ ਪੰਜਾਬੀ ਸਾਹਿਤ ਵਿੱਚ ਵਿਭਿੰਨ ਵਿਧਾਵਾਂ ਰਾਹੀਂ ਅਣਗਿਣਤ ਪੁਸਤਕਾਂ ਪੜ੍ਹਨ ਨੂੰ ਮਿਲਦੀਆਂ ਹਨ। ਇਹ ਸਾਹਿਤ ਗਿਣਨਾਤਮਕ ਵੀ ਹੈ ਅਤੇ ਗੁਣਾਤਮਕ ਵੀ ਹੈ। ਭੂਪਿੰਦਰ ਸਿੰਘ ਸੱਗੂ 'ਉਸ ਨੇ ਕਿਹਾ' ਵਾਰਤਕ ਕਾਵਿ ਤੋਂ ਪਹਿਲਾਂ ਚਾਰ ਕਲਾਤਮਕ ਕਾਵਿ-ਸੰਗ੍ਰਹਿ, ਇੱਕ ਉਰਦੂ-ਨੁਮਾ ਗ਼ਜ਼ਲ ਸੰਗ੍ਰਹਿ ਅਤੇ ਇੱਕ ਸਿਮ੍ਰਤੀ ਗ੍ਰੰਥ ਦੀ ਸੰਪਾਦਨਾ ਵਿਧੀ ਰਾਹੀਂ ਸਮਰੱਥ ਸਾਹਿਤਕਾਰ ਦੇ ਤੌਰ ਉਪਰ ਆਪਣਾ ਨਾਮ ਸਥਾਪਤ ਕਰ ਚੁੱਕਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਉਪਰ ਨਜ਼ਰ ਮਾਰੀਏ ਤਾਂ ਮੁੱਢ ਧਾਰਮਿਕ ਅਤੇ ਸਮਾਜਕ ਕਵਿਤਾਵਾਂ, ਕਹਾਣੀਆਂ ਅਤੇ ਨਾਵਲਾਂ ਨਾਲ ਅਰੰਭ ਹੁੰਦਾ ਹੈ। ਅਜੋਕੀ ਪੰਜਾਬੀ ਕਵਿਤਾ ਕਈ ਪੜਾਵਾਂ ਨੂੰ ਪਾਰ ਕਰ ਚੁੱਕੀ ਹੈ। ਕਵਿਤਾ ਦੇ ਸੰਚਾਰ ਅਤੇ ਪਾਸਾਰ ਦੀ ਗੱਲ ਕਹੀਏ ਤਾਂ ਪਹਿਲੀਆਂ ਵਿੱਚ ਰਵਾਇਤੀ ਜਾਂ ਸਟੇਜੀ ਕਵਿਤਾ ਰਚੀ ਜਾਂਦੀ ਸੀ। ਇਸ ਰਵਾਇਤੀ ਕਵਿਤਾ ਦੀ ਸ਼ਹਿਨਸ਼ਾਹੀ ਨੂੰ ਵੰਗਾਰਨ ਵਾਲੀ ਅੰਗਰੇਜ਼ੀ ਕਵਿਤਾ ਦੇ ਪ੍ਰਭਾਵ ਹੇਠ ਪੰਜਾਬੀ ਕਵੀਆਂ ਨੇ ਖੁਲੀ ਕਵਿਤਾ ਨੂੰ ਪੰਜਾਬੀ ਸਾਹਿਤ ਦੇ ਰਾਜ ਦਰਬਾਰ ਵਿੱਚ ਜਾ ਵਾੜਿਆ। ਮੇਰੇ ਵਿਚਾਰ ਅਨੁਸਾਰ ਖੁਲ੍ਹੀ ਕਵਿਤਾ ਜਿਸ ਨੂੰ ਵਿਚਾਰਧਾਰਿਕ ਕਵਿਤਾ ਕਹਿਣਾ ਬਹੁਤ ਢੁਕਵਾਂ ਲਗਦਾ ਹੈ, ਨੇ ਪੰਜਾਬੀ ਸਾਹਿਤ ਅੰਦਰ ਕਈ ਕਵੀਆਂ ਨੂੰ ਆਪਣੀ ਲਪੇਟ ਵਿੱਚ ਲਿਆ ਪਰ ਪੰਜਾਬੀ ਦੀ ਇਹ ਖੁਲ੍ਹੀ ਕਵਿਤਾ ਪੰਜਾਬੀ ਗ਼ਜ਼ਲ ਨੂੰ ਆਪਣੇ ਨਾਲ ਰਲਾ ਨਾ ਸਕੀ। ਵਰਤਮਾਨ ਵਿੱਚ ਵਿਚਾਰਧਾਰਿਕ ਕਵਿਤਾ ਦੀ ਥਾਂ ਕਥਾ-ਕਾਵਿ ਜਾਂ ਵਾਰਤਕ-ਕਾਵਿ ਨੇ ਮੱਲ ਲਈ ਹੈ। ਕਥਾ-ਕਾਵਿ ਲੰਮੀ ਕਵਿਤਾ ਦੇ ਰੂਪ ਵਿੱਚ ਰਚੀ ਜਾਣ ਲੱਗੀ। ਲੰਮੀ ਕਵਿਤਾ ਦੇ ਆਪਣੇ ਗੁਣ ਹਨ। ਵਰਤਮਾਨ ਵਿੱਚ ਲੰਮੀ ਕਵਿਤਾ ਦੇ ਰਚਨਹਾਰੇ ਉਂਗਲਾਂ ਉਪਰ ਹੀ ਗਿਣੇ ਜਾਂਦੇ ਹਨ। ਭੂਪਿੰਦਰ ਸੱਗੂ ਦੀ ਕਵਿਤਾ 'ਉਸਨੇ ਕਿਹਾ'ਭਾਵੇਂ ਲੰਮੀ ਕਵਿਤਾ ਵਿੱਚ ਗਿਣੀ ਜਾ ਸਕਦੀ ਹੈ ਪਰ ਇਸ ਕਵਿਤਾ ਦਾ ਰੂਪ ਲੰਮੀ ਕਵਿਤਾ ਵਾਲਾ ਨਹੀਂ ਹੈ ਸਗੋਂ ਉਸ ਇੱਕ ਘਣੇ ਰੁੱਖ ਵਾਂਗ ਹੈ ਜਿਸ ਦੀਆਂ ਜੜ੍ਹਾਂ ਪੰਜਾਬੀ ਸੱਭਿਆਚਾਰ ਮੁੱਖ ਵਿਸ਼ਾ ਹੈ ਅਤੇ ਰੁੱਖ ਦੇ ਵਜੂਦ ਨਾਲ ਅਨੇਕਾਂ ਟਾਹਣ-ਟਾਹਣੀਆਂ, ਫੁੱਲ-ਪੱਤੇ ਅਤੇ

ਫਲ ਮੁੱਖ ਵਿਸ਼ੇ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਵਾਲੇ ਕਥਾ-ਪ੍ਰਸੰਗ ਦੇ ਕਾਰਜ ਨੂੰ ਰੂਪਮਾਨ ਕਰਦੇ ਹਨ। "ਰਿਸ਼ਤਿਆਂ ਤੋਂ ਮੁਕਤੀ ਦੀ ਤਲਾਸ਼ : 'ਉਸ ਨੇ ਕਿਹਾ'।" ਸਿਰਲੇਖ ਹੇਠ ਡਾ: ਹਰਬੰਸ ਸਿੰਘ ਧੀਮਾਨ (ਪਟਿਆਲਾ) ਲਿਖਦੇ ਹਨ, 'ਇਸੇ ਪ੍ਰਸੰਗ ਵਿੱਚ ਭੂਪਿੰਦਰ ਸੱਗੂ ਨੇ ਵੀ ਅਜੇਹਾ ਹੀ ਇੱਕ ਤਜ਼ਰਬਾ ਕੀਤਾ ਹੈ, ਜਿਸ ਵਿੱਚ ਸਿਰਫ਼ ਇੱਕ ਵਾਕੰਸ਼ (ਬੁਲਾਰਾ/ਵਕਤਾ) 'ਉਸ ਨੇ ਕਿਹਾ' ਵਰਤ ਕੇ ਆਪਣੇ ਮਨੋਭਾਵਾਂ, ਭਾਵਨਾਵਾਂ, ਖਿਆਲਾਂ, ਦੁਸ਼ਵਾਰੀਆਂ, ਦਵੰਦਾਂ, ਇਛਾਵਾਂ, ਤ੍ਰਿਪਤੀਆਂ-ਅਤ੍ਰਿਪਤੀਆਂ ਨੂੰ ਬੋਲ ਦੇਣ ਦਾ ਯਤਨ ਕੀਤਾ ਹੈ। ਇਹ ਇੱਕ ਲੰਮੀ ਕਵਿਤਾ ਹੀ ਹੈ, ਜਿਸ ਵਿੱਚ ਕਈ ਤਰ੍ਹਾਂ ਦੇ ਸਵਾਲ ਅਤੇ ਉਨ੍ਹਾਂ ਦੇ ਨਿਵਾਰਣ ਦਾ ਜ਼ਿਕਰ ਮਿਲਦਾ ਹੈ।'

ਦਰਅਸਲ ਵਿੱਚ ਡਾ: ਹਰਬੰਸ ਸਿੰਘ ਧੀਮਾਨ ਜੀ ਦੇ ਕਥਨ ਅਨੁਸਾਰ 'ਉਸ ਨੇ ਕਿਹਾ'ਲੰਮੀ ਕਵਿਤਾ ਨਹੀਂ ਹੈ। ਇਸ ਕਵਿਤਾ ਵਿੱਚ ਪੜਨਾਂਵ ਬ੍ਰਿਤਾਂਤਕਾਰ ਹੈ ਅਤੇ ਕਵੀ ਦਾ ਨਿੱਜ ਸਰੋਤਾ ਹੈ। ਇਹ ਪੜਨਾਂਵ ਰੂਮਾਂ ਪਾਤਰ ਕਦੇ ਪਰਾ-ਸਰੀਰਕ, ਕਦੇ ਮਰਦਾਵੇਂ ਭੇਸ ਵਿੱਚ ਭਾਵ ਪੁਲਿੰਗ ਰੂਪ ਵਿੱਚ ਉਜਾਗਰ ਹੁੰਦਾ ਹੈ ਅਤੇ ਕਦੇ ਮਦੀਨ ਬਣ ਕੇ ਕਥਾ ਵਾਚਕ ਬਣ ਜਾਂਦਾ ਹੈ। ਭਾਵੇਂ ਇਹ ਪਾਤਰ ਪੁਲਿੰਗ ਰੂਪ ਵਿੱਚ ਉਜਾਗਰ ਹੁੰਦਾ ਹੈ ਜਾਂ ਮਦੀਨ ਹੈ ਪਰ ਇਹ ਦੋਨੇ ਪਾਤਰ ਸੁਹਾਗਣ ਅਤੇ ਦੁਹਾਗਣ ਵਾਲੇ ਜੀਵਨ ਨੂੰ ਭੋਗਦੇ ਇੱਕ ਦੂਜੇ ਨੂੰ ਟਾਹਰਾਂ ਮਿਹਣੇ ਅਤੇ ਸ਼ਿਕਵੇ ਲਾਉਂਦੇ ਕਦੇ ਤਾਂ ਆਪਣੇ ਅਤੀਤ ਨੂੰ ਦੁਹਰਾਉਂਦੇ ਹਨ ਅਤੇ ਕਦੇ ਆਪਣੇ ਭਵਿੱਖ ਨੂੰ ਸੁਆਰਨ ਵਾਸਤੇ ਵਰਤਮਾਨ ਦੇ ਕਥਾਨਕ ਦਾ ਪ੍ਰਯੋਗ ਕਰਦੇ ਹਨ। ਨਾ ਬ੍ਰਿਤਾਂਤਕਾਰ ਅਤੇ ਨਾ ਹੀ ਸਰੋਤਾ-ਗਣ ਕੋਈ ਜੀਵ ਹੈ। ਇਹ ਦੋਨੋਂ ਪਾਤਰ ਕਵੀ ਦੀ ਆਪਣੀ ਅੰਤਰ-ਆਤਮਾ ਬਾਹਰ-ਮੁਖੀ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਹੈ ਅਤੇ ਇਹ ਕਿਸੇ ਜੀਵ ਪਾਤਰ ਦਾ ਪ੍ਰਸਥਾਪਨ ਹੈ। ਬ੍ਰਿਤਾਂਤਕਾਰ ਅਤੇ ਸਰੋਤਾ-ਗਣ ਦੋਨੋ ਪਰੋਖ ਵਿੱਚ ਹੀ ਕਵੀ ਦੀ ਆਪਣੀ ਅੰਤਰ-ਆਤਮਾ ਹੈ ਜਿਹੜੀ ਇਸ ਕਥਾ-ਕਾਵਿ ਦੀ ਬਣਤਰ ਦੀ ਬੁਣਤਰ ਬਣਦੀ ਹੈ। ਕਵਿਤਾਵਾਂ ਦੀ ਵਾਰਤਕ ਪ੍ਰਣਾਲੀ ਵਿੱਚ ਤ੍ਰੈਕਾਲੀ ਮੁਹਾਰਤ ਹੈ। ਇਸ ਮੁਹਾਰਤ ਦੇ ਨਿਸ਼ਚਾਤਮਕ ਕਾਰਜ ਨਾਲ ਜੋ ਮਨੁੱਖਵਾਦੀ ਵਿਚਾਰਾਂ ਦੀ ਅਭਿਵਿਅਕਤੀ ਹੁੰਦੀ ਹੈ, ਉਹ ਅਤੀਤ ਦੇ ਤਜਰਬਿਆਂ ਦੀ ਪੁਨਰ ਨਿਸ਼ਾਨਦੇਹੀ ਕਰਦੀ ਸਮਾਜਕ ਅਤੇ ਸੱਭਿਆਚਾਰਕ ਵਰਤਾਰਿਆਂ ਨੂੰ ਉਤਰ-ਅਧੁਨਿਕਤਾ ਵੱਲ ਲੈ ਜਾਂਦੀ ਹੈ। ਇਹੀ ਇਸ ਪੁਸਤਕ ਦੀ ਪੰਜਾਬੀ ਸਾਹਿਤ ਅੰਦਰ ਇੱਕ ਵਿਲੱਖਣ ਪ੍ਰਾਪਤੀ ਹੈ।

'ਅੱਜ Queen Square ਦੇ
ਕਾਲੇ ਘੋੜੇ ਦੇ ਬੁੱਤ ਕੋਲ

ਪਰਕਰਮਾਂ ਕਰਦੀ ਜਦੋਂ
ਅਚਾਨਕ ਸਾਹਮਣੇ ਆ ਖੜ੍ਹੀ ਹੋਈ ਤਾਂ
ਵੇਖਦੇ ਹੀ ਵੇਖਦੇ
ਉਹਦੇ ਅੱਖਾਂ ਵਿਚਲੀ ਘਾਤਕ-ਸ਼ਰਾਰਤ
ਜ਼ਿੰਦਗੀ ਦੇ ਹੁਸੀਨ ਪਲਾਂ ਵਿੱਚ ਬਦਲ ਗਈ

ਉਸ ਨੇ ਦੋ-ਪਲ ਬੈਠਣ ਲਈ
ਸਾਹਮਣੇ ਬੈਂਚ ਵੱਲ ਇਸ਼ਾਰਾ ਕੀਤਾ ਪੰਨਾ 20

'ਪਰਕਰਮਾ ਕਰਦੀ' ਵਾਕਾਂਸ਼ ਮਦੀਨ ਪਾਤਰ ਦੀ ਪਛਾਣਗੋਈ ਕਰਦਾ ਹੈ।

ਪਰ...
ਸੂਰਜ ਨੂੰ
ਮੈਂ ਗਲਵੱਕੜੀ 'ਚ ਲੈਂਦਾ ਹਾਂ
'ਜੀ ਆਇਆਂ' ਆਖਦਾ ਹਾਂ
ਉਹ ਮੇਰੇ ਵਿਹੜੇ 'ਚ ਫੈਲ ਜਾਂਦਾ ਹੈ
ਖ਼ਾਲੀ ਵਾਲੀ ਮਨ
ਭਰਿਆ ਭਰਿਆ ਲੱਗਦਾ ਹੈ ਪੰਨਾ 32

'ਮੈਂ ਗਲਵੱਕੜੀ 'ਚ ਲੈਂਦਾ ਹਾਂ' ਵਾਕਾਂਸ਼ ਪੁਲਿੰਗ ਪਾਤਰ ਦੀ ਵਾਰਤਾਲਾਪ ਦਰਸਾ ਰਿਹਾ ਹੈ।

ਭੂਪਿੰਦਰ ਸੱਗੂ ਦੀ ਕਵਿਤਾ 'ਉਸ ਨੇ ਕਿਹਾ'ਵਿੱਚ ਕਵੀ ਦਾ ਮਾਨਸਿਕ ਤਨਾਓ ਕੇਂਦਰੀ ਧੁਰਾ ਹੈ। ਇਹ ਮਾਨਸਿਕ ਤਨਾਓ ਦੀ ਜੜ੍ਹ ਹੀ ਇੱਕ ਜਨ-ਪ੍ਰਵਚਨ ਹੈ। ਜਨ-ਪ੍ਰਵਚਨ ਨੂੰ ਸਥਾਪਤ ਕਰਨ ਵਾਸਤੇ ਕਵੀ ਦੀ ਅੰਤਰ-ਆਤਮਾ ਸੰਘਰਸ਼ ਕਰਦੀ ਜੀਵਨ ਦੀਆਂ ਸਮੱਸਿਆਵਾਂ ਨੂੰ ਅੰਤਰ-ਮੁੱਖੀ ਅਤੇ ਬਾਹਰ-ਮੁੱਖੀ ਵਰਤਾਰਿਆਂ ਨਾਲ ਜੋੜਦੀ ਹੈ। ਭਾਵੇਂ ਉਹ ਪਿਆਰ ਮੁਹੱਬਤ ਦਾ ਸਿਖਰ-ਸੰਤੋਖ ਹੈ, ਸਮਾਜਕ ਉੱਥਲ ਪੁੱਥਲ ਹੈ, ਰਾਜਨੀਤਕ ਖਿਲਵਾੜ ਹੈ, ਸੱਭਿਆਚਾਰਕ ਵਿਸੰਗਤੀਆਂ ਹਨ ਅਤੇ ਜਾਂ ਫਿਰ ਧਾਰਮਿਕ ਜਨੂੰਨ ਹੈ। ਪਰਵਾਸੀਆਂ ਦੀ ਆਰਥਕ ਭੁੱਖ ਨਾਲ ਖੱਜਲ ਖੁਆਰ ਹੁੰਦੀ ਜ਼ਿੰਦਗੀ ਨੂੰ ਨਵੇਂ ਸ਼ਬਦਾਂ ਨਾਲ ਪ੍ਰਗਟ ਕੀਤਾ ਹੈ। ਇਨ੍ਹਾਂ ਸਭ ਦ੍ਰਿਸ਼ਟੀਆਂ ਅਤੇ ਅੰਤਰ ਦ੍ਰਿਸ਼ਟੀਆਂ ਨੂੰ ਕਵੀ ਸਮਾਜਕ, ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਕ ਵਰਤਾਰਿਆਂ ਨਾਲ ਮੇਚ ਕੇ ਪ੍ਰਸਤੁਤ ਕਰਦਾ ਹੈ। ਇਹੀ 'ਉਸ ਨੇ ਕਿਹਾ'ਵਾਰਤਕ ਕਾਵਿ-ਸੰਗ੍ਰਹਿ ਦੇ ਮੁੱਖ ਸਰੋਕਾਰ ਹਨ। ਇਸ ਸਭ ਕੁਝ ਨੂੰ ਕਵੀ ਬਾਦਲੀਲ ਉਜਾਗਰ ਕਰਦਾ ਹੈ। ਅਜਿਹੀਆਂ ਪ੍ਰਸਥਿਤੀਆਂ ਨਾਲ ਲੜਦਿਆਂ

ਭਿੜਦਿਆਂ ਕਵੀ ਨੂੰ ਮਾਨਸਿਕ ਸੰਤੁਸ਼ਟੀ ਹੈ। ਕਵਿਤਾਵਾਂ ਵਿੱਚ ਵਰਤੀਆਂ ਗਈਆਂ ਤਰਕਸ਼ੀਲ ਦਲੀਲਾਂ ਦੇ ਨਤੀਜਿਆਂ ਨੂੰ ਕਵੀ ਬੜੇ ਸਹਿਜ ਨਾਲ ਪੇਸ਼ ਕਰ ਜਾਂਦਾ ਹੈ। ਇਨ੍ਹਾਂ ਮੁੱਖ ਸਰੋਕਾਰਾਂ ਨੂੰ ਕਵੀ ਮਨੁੱਖ ਦੇ ਜੀਵਨ ਵਿੱਚ ਆਈ ਗਤੀ ਅਤੇ ਪ੍ਰਗਤੀ ਦਾ ਸਮਾਜਕ, ਧਾਰਮਿਕ, ਰਾਜਨੀਤਕ ਆਰਥਿਕ ਅਤੇ ਸੱਭਿਆਚਾਰਕ ਬਦਲਦੇ ਤਰਕਾਂ ਨਾਲ ਸੰਵਾਦ ਰਚਾਉਂਦਾ ਹੈ। ਇਹ ਤਰਕਸ਼ੀਲ ਸੰਵਾਦ ਹੀ ਮੁੱਖ ਸਰੋਕਾਰਾਂ ਦੀ ਤਰਜਮਾਨੀ ਕਰਦਾ ਹੈ।

ਭੂਪਿੰਦਰ ਸੱਗੂ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਆਪਣੇ ਦਰਸ਼ਨ ਦੇ ਪ੍ਰਤੀਕਥਨ ਨੂੰ ਪ੍ਰਤੀਰੂਪ ਕਰਨ ਵਾਸਤੇ ਅਲੰਕਾਰ, ਬਿੰਬ ਆਦਿ ਨਹੀਂ ਵਰਤਦਾ ਸਗੋਂ ਵਿਚਾਰਾਂ ਦਾ ਆਸਰਾ ਲੈਂਦਾ ਹੈ। ਨੰਬਰ ਇੱਕ ਕਵਿਤਾ 'ਉਸ ਨੇ ਕਿਹਾ' ਵਿੱਚ ਸੱਗੂ ਰਿਸ਼ਤਿਆਂ ਨੂੰ ਪੀੜਤ, ਦੋਫਾੜ ਜਾਂ ਨਰਕ ਨਹੀਂ ਕਹਿੰਦਾ ਸਗੋਂ ਇਸ ਸੰਦਰਭ ਨੂੰ ਇੱਕ ਅਜਿਹੇ ਤਰਕ ਨਾਲ ਪੇਸ਼ ਕਰਦਾ ਹੈ ਜਿਹੜਾ ਪਾਠਕ ਦੀ ਸੋਚ ਦਾ ਧੁਰਾ ਬਣ ਜਾਂਦਾ ਹੈ।

'ਰਿਸ਼ਤਿਆਂ ਦੇ ਅਰਥ ਨੇ
ਬਸ ਜੀਅ ਰਹੇ ਨਾਵਾਂ ਦੇ ਵਿੱਚ' ਪੰਨਾ 13

ਭੂਪਿੰਦਰ ਸੱਗੂ ਦਾ ਇਹ ਕਥਾ-ਕਾਵਿ ਏਨਾ ਸੁਹਜਾਤਮਕ ਹੈ ਕਿ ਉਹ ਕਿਸੇ ਪਦਾਰਥਕ, ਇਤਿਹਾਸਕ ਜਾਂ ਕੁਦਰਤੀ ਬਿੰਬ, ਚਿੰਨ੍ਹਾਂ ਦਾ ਭਾਰ ਨਹੀਂ ਝਲਦਾ। ਉਸ ਦੇ ਇਸ ਕਥਾ-ਕਾਵਿ ਵਿੱਚ ਵਿਚਾਰ ਹੀ ਵਿਚਾਰਾਂ ਵਾਸਤੇ ਉਭਯਲੰਕਾਰ ਜਾਂ ਸ਼ਾਬਦਿਕ ਅਲੰਕਾਰ ਬਣਦੇ ਹਨ। ਕਈ ਵਾਰ ਅਜਿਹਾ ਕਾਵਿਕ ਪ੍ਰਬੰਧ ਭਾਵਾਂ ਅਤੇ ਭਾਵਨਾਵਾਂ ਨੂੰ ਅਸੱਪਸ਼ਟ ਕਰ ਦਿੰਦਾ ਹੈ। ਇਸ ਤਰਕ ਦੀ ਪੁਸ਼ਟੀ ਵਾਸਤੇ ਪੜ੍ਹੋ ਹੇਠ ਲਿਖਿਆ ਪ੍ਰਕਰਣ।

'ਕੁਝ ਪਲਾਂ ਨੂੰ ਸੂਰਜ ਆਵੇਗਾ
ਅੰਬਰ ਦੇ ਚੌੜੇ ਸੀਨੇ 'ਤੇ ਉਦੈ-ਅਸਤ ਹੋਣਾ
ਉਸਦਾ ਅਕੀਦਾ ਹੈ, ਹਕੀਕਤ ਹੈ
ਕੋਈ ਸੁਪਨਾ ਨਹੀਂ
ਜਿਵੇਂ ਤੇਰਾ ਆਉਣਾ
ਤੇ ਕੁਝ ਪਲ ਠਹਿਰ ਕੇ ਚਲੇ ਜਾਣਾ
ਤੂੰ ਕੁਝ ਪਲ ਹੋਰ ਠਹਿਰ
ਸੂਰਜ ਆਉਣ ਹੀ ਵਾਲਾ ਹੈ। ਪੰਨਾ 34

ਇਸ ਉਪ੍ਰੋਕਤ ਅਵਤਰਣ ਵਿੱਚ ਸੂਰਜ ਦਾ ਸਮੇਂ ਸਿਰ ਉਦੈ ਅਤੇ ਅਸਤ ਹੋਣਾ ਵਿਗਿਆਨਕ ਸਚਾਈ ਹੈ। ਸਰੋਤਾ-ਗਣ ਦਾ ਆਉਣਾ ਅਤੇ ਜਾਣਾ ਅਸਥਾਈ

ਹੈ। ਭਾਵੇਂ ਸੂਰਜ ਅਤੇ ਸਰੋਤਾ-ਗਣ ਦੀ ਸਾਰੂਪਤਾ ਜ਼ਾਹਰ ਹੁੰਦੀ ਹੈ ਪਰ ਵਿਖਿਆਨ ਵਿਗਿਆਨਕ ਨਹੀਂ ਹੈ। ਭੂਪਿੰਦਰ ਸੱਗੂ ਦੀਆਂ ਕਵਿਤਾਵਾਂ ਭਾਵੇਂ ਵਿਗਿਆਨਕ ਸੋਚ ਨਾਲ ਨਹੀਂ ਪਰਖੀਆਂ ਜਾ ਸਕਦੀਆਂ ਪਰ ਕਵੀ ਕੋਲ ਆਪਣੀ ਗੱਲ ਨੂੰ ਆਮ ਪਾਠਕ ਸਾਹਮਣੇ ਸਪੱਸ਼ਟ ਕਰਨ ਦੀ ਯੋਗਤਾ ਬਰਕਰਾਰ ਹੈ। ਇਸੇ ਸੰਦਰਭ ਵਿੱਚ ਬਹੁਤੀਆਂ ਕਵਿਤਾਵਾਂ ਆਉਂਦੀਆਂ ਹਨ। ਬਸਤੀਵਾਦੀ ਮੁਲਕਾਂ ਨੂੰ ਕਵੀ 'ਅੱਗ ਦੇ ਸੁਦਾਗਰ' ਕਹਿੰਦਾ ਹੈ। ਹੇਠ ਲਿਖੇ ਵਿਚਾਰਾਂ ਵਿੱਚ ਸੱਗੂ ਜਦ ਅੰਗ ਦੀ ਗੱਲ ਕਰਦਾ ਹੈ ਤਾਂ 'ਬੁੱਕਲ ਵਿੱਚ ਅੱਗ' ਇੱਕ ਪੰਜਾਬੀ ਮੁਹਾਵਰੇ ਦਾ ਪ੍ਰਯੋਗ ਕਰਦਾ ਹੈ। ਭਾਵੇਂ 'ਬੁੱਕਲ ਵਿੱਚ ਅੱਗ' ਤੋਂ ਭਾਵ ਆਪਣਿਆਂ ਦਾ ਦੁੱਖ ਹੁੰਦਾ ਹੈ ਪਰ 'ਬਰੂਦੀ ਅੱਗ' ਨੂੰ ਛੁਪਾਉਣਾ ਮੁਸ਼ਕਲ ਹੁੰਦਾ ਹੈ ਪਰ ਚੁਟਕੀ ਚੁਟਕੀ ਬਰੂਦ ਨੂੰ ਜ਼ਰੂਰ ਬੁੱਕਲ ਵਿੱਚ ਛਪਾਇਆ ਜਾ ਸਕਦਾ ਹੈ।

ਵੰਡਦੇ ਨੇ ਸਭਨਾਂ ਨੂੰ
ਚੁਟਕੀ ਚੁਟਕੀ ਬਰੂਦੀ ਅੱਗ ਦੀ
ਜੋ ਆਪੋ ਆਪਣੀ ਬੁੱਕਲ ਵਿੱਚ
ਛੁਪਾਈ ਬੈਠੇ ਨੇ
ਜਿੰਦਾਂ ਦਾਅ 'ਤੇ ਲਾਈ ਬੈਠੇ ਨੇ। ਪੰਨਾ 28

ਡਾ: ਹਰਬੰਸ ਸਿੰਘ ਧੀਮਾਨ ਪੰਨਾ 9 ਉਪਰ ਲਿਖਦੇ ਹਨ, "ਸੋ, 'ਉਸ ਨੇ ਕਿਹਾ' ਰਿਸ਼ਤਿਆਂ ਦੀ ਕਮਿਸਟਰੀ ਤੇ ਜੁਮੈਟਰੀ ਦਾ ਸਾਂਝਾ ਅਧਿਐਨ ਹੈ, ਜਿਸ ਵਿੱਚ 'ਮਨੁੱਖ' ਆਪਣੀ ਕੇਂਦਰੀਅਤ ਵਾਲੀ ਸਥਿਤੀ ਤੋਂ ਡੋਲ ਗਿਆ ਲਗਦਾ ਹੈ ਅਤੇ ਉਸਦੀ ਥਾਂ 'ਸੁਨਹਿਰੀ ਵਸਤੂ' ਨੇ ਲੈ ਲਈ ਹੈ। ਇਹੋ ਵੱਡਾ ਫ਼ਿਕਰ ਭੂਪਿੰਦਰ ਸੱਗੂ ਦਾ ਹੈ, ਉਸਦੇ ਬੋਲਾਂ ਵਿੱਚ ਹੈ :"

ਪਰ ਭੂਪਿੰਦਰ ਸੱਗੂ ਰਿਸ਼ਤਿਆਂ ਨੂੰ ਰੂਹ ਨਾਲ ਵੀ ਜੋੜਦਾ ਹੈ। ਰੂਹ ਨਾਲ ਜੁੜੇ ਰਿਸ਼ਤਿਆਂ ਨੂੰ ਵੀ ਸਿਰਫ਼ ਨਾਂ ਦੇ ਰਿਸ਼ਤੇ ਹੀ ਕਹਿੰਦਾ ਹੈ। ਕਵੀ ਦੇ ਕਥਨ ਅਨੁਸਾਰ ਰਿਸ਼ਤਿਆਂ ਦਾ ਸਮਾਜੀਕਰਨ ਹੋ ਗਿਆ ਹੈ ਅਤੇ ਸਾਰੇ ਰਿਸ਼ਤੇ ਵਿਖਾਵੇ ਦੇ ਹੀ ਰਹਿ ਗਏ ਹਨ। ਖ਼ੂਨ ਦੇ ਰਿਸ਼ਤੇ ਖ਼ੂਨ ਦੇ ਪਿਆਸੇ ਹੋਏ ਪਏ ਹਨ।

'ਮੈਂ ਸਭ ਸਮਝਦੀ ਹਾਂ
ਬਰੂਦ ਨਾਲ ਘਰ ਨੂੰ
ਉਡਾਉਣ ਦੀ ਸਾਜਿਸ਼ ਤੇਰੀ' ਪੰਨਾ 54

ਦਿਲ ਦੇ ਰਿਸ਼ਤੇ ਅਜਨਬੀ ਹੋ ਗਏ ਹਨ। ਮਾਵਾਂ ਸਪਣੀਆਂ ਬਣ ਗਈਆਂ ਹਨ ਅਤੇ ਬਾਪ ਕਲਜੁਗੀ ਬਣ ਗਿਆ ਹੈ। ਭਰਾਵਾਂ ਅਤੇ ਭੈਣਾਂ ਦੇ ਰਿਸ਼ਤਿਆਂ ਵਿੱਚ ਜ਼ਹਿਰਾਂ ਭਰ ਗਈਆਂ ਹਨ। ਸਵਾਣੀ ਸੁਆਮੀ ਨੂੰ ਹੱਥਾਂ ਉਪਰ ਨਚਾਉਂਦੀ ਹੈ ਅਤੇ

ਸੁਆਮੀ ਪਤਾ ਨਹੀਂ ਹੋਰ ਕਿੰਨੀਆਂ ਗੋਪੀਆਂ ਨਾਲ ਰਾਗ ਰਤਨ ਗਾ ਰਿਹਾ ਹੈ। ਕਵੀ ਦਾ ਵਿਚਾਰ ਹੈ ਕਿ ਜਿਹੜੇ ਰਿਸ਼ਤੇ ਇੱਕ ਜੋਤ ਅਤੇ ਦੋ ਮੂਰਤੀ ਵਾਲੇ ਹੁੰਦੇ ਸਨ ਵਰਤਮਾਨ ਵਿੱਚ ਉਹ ਰਿਸ਼ਤੇ ਇੱਕ ਕਲਬੂਤ ਅਤੇ ਦੋ ਰੂਹਾਂ ਵਾਲੇ ਬਣੇ ਹੋਏ ਹਨ ਅਤੇ ਕਵੀ ਮਨੁੱਖ ਨੂੰ ਵੰਗਾਰਦਾ ਹੈ :

'ਜੇ ਪਿਆਰ ਦਾ ਰਾਗ ਅਸਾਂ
ਅਜੇ ਵੀ ਨਾ ਸਮਝਿਆ
ਬੰਸਰੀ ਨਾਲ ਜੀਵਨ ਦੀ
ਸੁਰ ਜਾਂਦੀ ਰਹੇਗੀ।' ਪੰਨਾ 17

ਪਰਿਵਾਰ ਖੰਡਤ ਹੋ ਗਏ ਹਨ। ਰਿਸ਼ਤਿਆਂ ਵਿੱਚ ਸਾਂਝ ਦੀ ਵਜਾਏ ਨਿੱਜੀਪਣ ਆ ਗਿਆ ਹੈ, ਜਿਸ ਕਾਰਨ ਬੇਗਾਨਗੀ ਅਤੇ ਇੱਕਲਾਪਾ ਆ ਗਿਆ ਹੈ। ਮਨੁੱਖੀ ਹੋਂਦ ਵਾਦ ਵਿਵਾਦਾਂ ਅਤੇ ਅੰਤਰ ਵਿਰੋਧਾਂ ਨਾਲ ਭਰਪੂਰ ਹੈ ਭਾਵੇਂ ਉਹ ਸਰੀਰਕ ਤੌਰ ਉਪਰ ਤਾਂ ਇੱਕ ਛੱਤ ਹੇਠਾਂ ਰਹਿੰਦੇ ਹਨ ਪਰ ਉਨ੍ਹਾਂ ਦੀਆਂ ਰੂਹਾਂ ਪਤਾ ਨਹੀਂ ਖੰਭ ਲਾ ਕੇ ਕਿਧਰੇ ਉੱਡ ਗਈਆਂ ਹਨ।

'ਰਿਸ਼ਤਿਆਂ ਦੇ ਸ਼ੋਰ ਸ਼ਰਾਬੇ 'ਚ
ਘੋਰ ਸਰਾਪੇ ਸਮਿਆਂ ਅੰਦਰ
ਸੁਪਨ ਵਿਹੂਣੇ
ਉੱਜੜੇ ਘਰ ਦੀ ਦਹਿਲੀਜ਼ 'ਤੇ ਬੈਠੇ
ਚੁੱਪ ਚੁਪੀਤੇ
ਇੱਕ ਛੱਤ ਹੇਠਾਂ
ਆਪੋ ਆਪਣੀ
ਸੀਮਾ ਜੀਅ ਰਹੇ ਹਾਂ' ਪੰਨਾ 14

'ਉਸ ਨੇ ਕਿਹਾ'ਕਵਿਤਾਵਾਂ ਰਾਹੀਂ ਜੋ ਲੁਕੇਲ ਪ੍ਰਗਟ ਹੁੰਦਾ ਹੈ, ਉਹ ਲੁਕੇਲ ਪੰਜਾਬ ਹੀ ਹੈ। ਭੂਪਿੰਦਰ ਸੱਗੂ ਨੇ ਪੰਜਾਬੀ ਸੱਭਿਆਚਾਰ ਦੇ ਨਿਘਾਰ ਦਾ ਕਾਰਨ ਇਹ 'ਗਲੋਬਲ ਵਿਲੇਜ਼' ਹੀ ਕਿਹਾ ਹੈ। ਸੈਟੇਲਾਈਟ ਦੀ ਭਰਮਾਰ ਨੇ ਇਸ ਗਲੋਬ ਨੂੰ ਇੱਕ ਪਿੰਡ ਜਿਹਾ ਬਣਾ ਦਿੱਤਾ ਹੈ। ਜਿਵੇਂ ਪਹਿਲੀਆ ਵਿੱਚ ਕਿਸੇ ਇੱਕ ਪਿੰਡ ਵਿੱਚ ਇੱਕ ਕਬੀਲੇ ਦੇ ਲੋਕਾਂ ਦਾ ਦੂਜੇ ਕਬੀਲੇ ਦੇ ਲੋਕਾਂ ਨਾਲ ਮੇਲ ਮਿਲਾਪ ਹੁੰਦਾ ਸੀ, ਠੀਕ ਇਸੇ ਤਰ੍ਹਾਂ ਹੁਣ ਦੁਨੀਆਂ ਦੇ ਸਾਰੇ ਮੁਲਕ ਇੱਕ ਦੂਜੇ ਦੇ ਕਰੀਬ ਹੋ ਗਏ ਹਨ।

ਭੂਪਿੰਦਰ ਸੱਗੂ ਪੰਜਾਬ ਦੀਆਂ ਹਨੇਰੀਆਂ ਰਾਤਾਂ ਦਾ ਪ੍ਰਤੀਰੂਪ ਪੰਜਾਬੀ ਸਮਾਜਕ ਹਨੇਰ ਗਰਦੀ ਉਪਰ ਗਲੋਬਲ ਅਸਰ ਹੋਇਆ ਸਵੀਕਾਰਦਾ ਹੈ। ਸੂਰਜ ਦੀ ਰੌਸ਼ਨੀ ਨੂੰ ਪੱਛਮ ਦੀ ਚੜ੍ਹਤ ਦਰਸਾਉਂਦਾ ਹੈ। ਪੰਜਾਬ ਦੇ ਵਾਤਾਵਰਣ ਵਿੱਚ ਘੁਲੇ ਪ੍ਰਦੂਸ਼ਣ

ਨੂੰ ਕਵੀ ਸੱਭਿਆਚਾਰਕ ਪ੍ਰਦੂਸ਼ਣ ਨਾਲ ਮੇਚ ਕੇ ਬਿਆਨ ਕਰਦਾ ਹੈ। ਜਿਵੇਂ ਅਨੈਤਿਕ ਕਾਰਗੁਜ਼ਾਰੀਆਂ ਨੂੰ ਤੱਕ ਕੇ ਕਿਸੇ ਧਰਮਾਤਮਾ ਮਨੁੱਖ ਦੇ ਹਿਰਦੇ ਅੰਦਰ ਹੌਲ ਉਠਦਾ ਹੈ ਤਿਵੇਂ ਵਰਤਮਾਨ ਵਿੱਚ ਮਨੁੱਖਤਾ ਦੇ ਉਲਝੇ ਤਾਣੇ ਨੂੰ ਤੱਕ ਕੇ ਕਵੀ ਦਾ ਦਿਲ ਧੜਕਦਾ ਇਨ੍ਹਾਂ ਕਵਿਤਾਵਾਂ ਰਾਹੀਂ ਸੁਣਿਆ ਜਾ ਸਕਦਾ ਹੈ। ਕਵਿਤਾਵਾਂ ਰਾਹੀਂ ਕਵੀ ਦੀ ਅੰਤਰ-ਆਤਮਾ ਬੋਲਦੀ ਹੈ।

ਜਿਵੇਂ ਕਿਹਾ ਜਾਂਦਾ ਹੈ ਕਿ ਰਾਵਣ ਦੇ ਦਸ ਸਿਰ ਸਨ। ਪਰੋਖ ਤੌਰ ਉਪਰ ਇਸ ਦਾ ਭਾਵ ਇਹ ਹੈ ਕਿ ਉਹ ਆਮ ਮਨੁੱਖ ਨਾਲੋਂ ਸਿਆਣਾ ਮਨੁੱਖ ਸੀ। ਭੂਪਿੰਦਰ ਸੱਗੂ ਅੱਜ ਦੇ ਵਹਿਸ਼ੀ ਮਨੁੱਖ ਨੂੰ ਬਿਨ੍ਹਾਂ ਚਿਹਰੇ ਤੋਂ ਦਸਦਾ ਹੈ।

'ਉਸ ਨੇ ਕਿਹਾ
ਇਹ ਸਖਸ਼ ਕੌਣ ਹੈ ?
ਜਿਸ ਦੇ ਧੜ ਤੋਂ ਚਿਹਰਾ ਗਾਇਬ ਹੈ
ਆਵਾਜ਼ ਤਾਂ ਹੈ
ਲੇਕਿਨ
ਇਸ ਦੀ ਜੀਭ 'ਤੇ
ਦੰਭ-ਫਰੇਬ ਦਾ ਜੰਗਲ ਉੱਗ ਆਇਆ ਹੈ
ਇਹ ਸਖਸ਼ ਕੌਣ ਹੈ ?' ਪੰਨਾ 40

ਭੂਪਿੰਦਰ ਸੱਗੂ ਇਸ ਗੱਲ ਨੂੰ ਭਲੀ ਭਾਂਤ ਸਮਝਦਾ ਹੈ ਕਿ ਇੱਕ ਇੱਕਲਾ ਅਤੇ ਦੋ ਗਿਆਰਾਂ ਹੁੰਦੇ ਹਨ। ਉਸ ਦਾ ਦਰਸ਼ਨ ਹੈ ਕਿ ਮਨੁੱਖ ਇੱਕਲਾ ਇੱਕਠ ਨਾਲੋਂ ਕਮਜ਼ੋਰ ਹੋ ਜਾਂਦਾ ਹੈ ਅਤੇ ਹਿੰਮਤ ਵਾਲੇ ਆਪਣੀ ਮੰਜ਼ਲ ਉਪਰ ਪੁੱਜਣ ਵਾਸਤੇ ਭਾਵੇਂ ਇੱਕਠ ਵਿੱਚ ਨਹੀਂ ਹੁੰਦੇ ਪਰ ਫਿਰ ਵੀ ਆਪਣੇ ਰਾਹ ਆਪ ਬਣਾ ਲੈਂਦੇ ਹਨ। ਕਵੀ ਇੱਕਲੇ ਮਨੁੱਖ ਨੂੰ ਹੰਭਲਾ ਮਾਰਨ ਵਾਸਤੇ ਨਸੀਹਤ ਕਰਦਾ ਹੈ।

'ਕਿਉਂਕਿ
ਬਦਲਦਾ ਮੌਸਮ
ਅਤੇ ਲਹਿੰਦਾ-ਚੜ੍ਹਦਾ ਸੂਰਜ
ਕਿਸੇ ਦੇ ਮੁਥਾਜ ਨਹੀਂ ਹੁੰਦੇ
ਬੇ-ਪਰਵਾਹ
ਦਿਸ਼ਾ ਬਦਲਦੇ ਹੀ ਰਹਿੰਦੇ ਨੇ' ਪੰਨਾ 51

ਅਤੇ

'ਉਸ ਨੇ ਕਿਹਾ
ਭੂਪਿੰਦਰ! ਕਦੋਂ ਤੱਕ

ਲੋਕਾਂ ਦੇ ਪੈਰਾਂ ਹੇਠ
ਪਗਡੰਡੀ ਬਣਿਆ ਰਹੇਂਗਾ
ਤੇ ਸੂਤਰਧਾਰ ਦੇ ਹੱਥਾਂ ਵਿੱਚ
ਨੱਚ ਰਾਹੀ ਕੱਠਪੁਤਲੀ
ਬੇ-ਪਰਵਾਹ ਦਰਿਆ
ਆਪਣੇ ਰਾਹ
ਆਪ ਬਣਾਉਂਦੇ ਨੇ।' ਪੰਨਾ 37

ਕਵੀ ਨੇ ਰੋਜੀ ਰੋਟੀ ਦੀ ਭਾਲ ਵਿੱਚ ਗਏ ਪ੍ਰਵਾਸੀਆਂ ਦੀ ਮਾਨਸਿਕ ਸਥਿਤੀ ਨੂੰ ਵਿਆਕੁਲ ਕਰਨ ਵਾਲੇ ਅੰਸ਼ਾਂ ਦੀ ਜੜ੍ਹ ਨੂੰ ਸਮਝਦਿਆਂ ਸਮਾਧਾਨ ਲਿਖਣ ਦੇ ਪ੍ਰਯੋਗ ਕੀਤੇ ਹਨ। ਪੰਜਾਬੀ ਪ੍ਰਵਾਸੀਆਂ ਨੂੰ ਜਿਥੇ ਹੱਡ-ਭੰਨਵੀਂ ਮਿਹਨਤ ਕਰ ਕੇ ਆਪਣੇ ਰਹਿਣ ਸਹਿਣ ਅਤੇ ਅਗਲੀ ਪੀੜ੍ਹੀ ਦੇ ਭਵਿੱਖ ਵਾਸਤੇ ਫਿਕਰ ਹੈ ਉਥੇ ਉਹ ਰੰਗ ਨਸਲ ਦੇ ਭੇਦ ਭਾਵ ਕਾਰਨ ਵਿਸਾਦ ਸਥਿਤੀ ਵਿੱਚ ਆਪਣਾ ਜੀਵਨ ਜੀਅ ਰਹੇ ਹਨ ਇਸ ਦੇ ਬਾਵਜੂਦ ਵੀ ਕਿ ਉਹ ਆਰਥਿਕ ਖੁਸ਼ਹਾਲੀ ਵਿੱਚ ਰਹਿੰਦੇ ਹਨ। ਕਵੀ ਦਾ ਅਕੀਦਾ ਹੈ ਕਿ ਇਹ ਰੰਗ ਨਸਲ ਦਾ ਮਤ-ਭੇਦ ਪਿਤਾ ਪੁਰਖੇ ਤੋਂ ਉਨ੍ਹਾਂ ਦੇ ਖੂਨ ਵਿੱਚ ਰਚਿਆ ਹੋਇਆ ਹੈ। ਇਹ ਮਤ-ਭੇਦ ਉਤਨਾ ਚਿਰ ਉਨ੍ਹਾਂ ਦੇ ਮਨਾ ਵਿੱਚ ਰਹੇਗਾ ਜਦ ਤੱਕ ਉਨ੍ਹਾਂ ਦੀ ਨਸਲਕੁਸ਼ੀ ਨਹੀਂ ਹੋ ਜਾਂਦੀ। ਕਿਉਂਕਿ ਉਹ ਦੁਨੀਆਂ ਭਰ ਵਿੱਚ ਆਪਣੀ ਤਾਕਤ ਦਾ ਸਿੱਕਾ ਜਮਾ ਚੁੱਕੇ ਹੋਣ ਕਰਕੇ ਇਹ ਮਤ-ਭੇਦ ਉਨ੍ਹਾਂ ਦੇ ਮਨਾਂ ਵਿੱਚ ਉਨ੍ਹਾਂ ਦੇ ਹੰਕਾਰ ਦਾ ਕਾਰਨ ਹੈ। ਕਵੀ ਦੀ ਵੰਗਾਰ ਹੈ ਕਿ ਇੱਕ ਦਿਨ ਤੇਰਾ ਇਹ ਹੰਕਾਰ ਟੁੱਟ ਜਾਵੇਗਾ ਅਤੇ ਫਿਰ ਤੇਰੇ ਦਿਲ ਵਿੱਚ ਨਫ਼ਰਤ ਦੀ ਥਾਵੇਂ ਪਿਆਰ ਵਸ ਜਾਵੇਗਾ।

ਉਸ ਨੇ ਕਿਹਾ
'ਯੂ ਬਲੱਡੀ ਪਾਕੀ ਬਾਸਟਰਡ'
ਮੈਂ ਪੁਛਿਆ
ਤੂੰ ਏਦਾਂ ਕਿਉਂ ਕਿਹਾ?
'ਮੈਂ ਤੈਨੂੰ ਨਫ਼ਰਤ ਕਰਦਾ ਹਾਂ' ਪੰਨਾ 74

ਮੈਂ ਕਿਹਾ
ਤੇਰੀ ਸੋਚ ਦਾ ਕੈਂਸਰ
ਅੱਜ ਸਿਰ ਚੜ੍ਹ ਕੇ ਬੋਲ ਰਿਹਾ ਹੈ
ਦੁਨੀਆਂ ਉਤੇ ਨਫ਼ਰਤ ਦੇ

ਵਪਾਰ ਦੀ ਤੱਕੜੀ ਤੋਲ ਰਿਹਾ ਹੈ
ਨਫ਼ਰਤ ਦੀ ਤੱਕੜੀ ਦਾ ਪੱਲੜਾ
ਇੱਕ ਦਿਨ ਹਲਕਾ ਹੋ ਜਾਵੇਗਾ
ਪਿਆਰ ਦੀ ਤੱਕੜੀ ਵਾਲਾ ਪੱਲੜਾ
ਭਾਰਾ ਗੌਰਾ ਹੋ ਜਾਵੇਗਾ
ਉਸ ਦਿਨ ਤੇਰੇ ਇਸ ਕ੍ਰਿਸ਼ਮੇ ਦਾ ਵੀ
ਸਾਹ-ਦਮ ਤੋੜ ਜਾਵੇਗਾ।                    ਪੰਨਾ 74

ਅਤੇ

'ਮੇਰੇ ਚਿਹਰੇ ਤੋਂ ਅਣਜਾਣੇ
ਲੋਕਾਂ ਦੀ ਭੀੜ
ਕੋਈ ਬਿਜਲੀ ਗਿਰ ਜਾਣ ਵਰਗਾ
ਸੋਚਦੀ, ਮਹਿਸੂਸਦੀ ਹੈ
ਮੇਰੀ ਲਮਕਦੀ ਦਾੜ੍ਹੀ ਨੂੰ
ਵਾਰ ਵਾਰ ਕੋਸਦੀ, ਘੂਰਦੀ ਹੈ'                    ਪੰਨਾ 71

ਪ੍ਰਵਾਸੀਆਂ ਦੇ ਮਨਾਂ ਵਿੱਚ ਧਰਵਾਸ ਬੰਨਣ ਵਾਸਤੇ ਕਵੀ 'ਕਰੈਡਿਟ ਕਰੰਚ' ਦਾ ਵਿਗਿਆਪਨ ਕਰਦਾ ਹੈ। ਕਵੀ ਦਾ ਦਰਸ਼ਨ ਇਹ ਹੈ ਕਿ ਉਹ ਇਨ੍ਹਾਂ ਸਾਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਕੇ ਹੀ ਸੰਕੂਨ ਵਾਲੀ ਸਥਿਤੀ ਵਿੱਚ ਪ੍ਰਵੇਸ਼ ਕਰ ਸਕਣਗੇ। ਇਨ੍ਹਾਂ ਦੁਸ਼ਵਾਰੀਆਂ ਨੂੰ ਜਿੱਤ ਕੇ ਹੀ ਤੁਸੀਂ ਮਾਨਸਿਕ ਸੰਤੁਲਨ ਬਣਾ ਸਕੋਂਗੇ।

'ਇਸ ਸ਼ੋਰ-ਸ਼ਰਾਬੇ ਤੋਂ
ਉਹ ਅਛੋਪਲੇ ਹੀ
ਵਗਦੀ ਨਦੀ ਦੇ
ਪੁਲ 'ਤੇ ਆ ਜਾਂਦਾ ਹੈ।

..........
ਰਾਤ ਗਹਿਰੀ ਹੋ ਜਾਂਦੀ ਹੈ
ਵਗਦੇ ਪਾਣੀ ਦਾ ਸੰਗੀਤ
ਸੁਰਤੀ 'ਚ ਅਭੇਦ ਹੋ ਜਾਂਦਾ ਹੈ
ਉਹ ਜ਼ਿੰਦਗੀ ਦੀ ਤਲਖੀ ਤੋਂ
ਮੁਕਤ ਹੋ ਜਾਂਦਾ ਹੈ.....'                    ਪੰਨਾ 80

ਦੁਨੀਆਂ ਵਿੱਚ ਬਸਤੀਵਾਦੀਆਂ ਦੀਆਂ ਨੀਤੀਆਂ ਨੇ ਵਿਸ਼ਵ-ਪੱਧਰ ਉਪਰ ਅਤਿਵਾਦ ਨੂੰ ਜਨਮ ਦਿੱਤਾ ਹੈ। ਭਾਵੇਂ ਉਨ੍ਹਾਂ ਦਾ ਪਰਚਾਰ ਇਹ ਕਹਿੰਦਾ ਹੈ ਕਿ ਸਭ

ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਉਨ੍ਹਾਂ ਵਲੋਂ ਵਿਕਸਤ ਹੋ ਰਹੇ ਦੇਸ਼ਾਂ ਵਿੱਚ ਬੇਚੈਨੀ ਫੈਲਾਉਣ ਵਾਸਤੇ ਪਾਲਤੂ ਦਹਿਸ਼ਤ ਗਰਦਾਂ ਦਾ ਉਨ੍ਹਾਂ ਵਿਰੁੱਧ ਹੀ ਲਾਮਬੱਧ ਹੋਣ ਕਾਰਨ ਇਹ ਅਤਿਵਾਦ ਹੁਣ ਬਸਤੀਵਾਦੀਆਂ ਨੂੰ ਸਬਕ ਸਿਖਾਉਣ ਵਾਸਤੇ ਬੇਕਸੂਰ ਅਤੇ ਅਨਭੋਲ ਵਿਅਕਤੀਆਂ ਨੂੰ ਆਪਣੀ ਮਾਰ ਦੀ ਲਪੇਟ ਵਿੱਚ ਲੈ ਰਿਹਾ ਹੈ।

'ਅੱਗ ਦੀਆਂ ਨਾਲਾਂ ਹੱਦਾਂ ਟੱਪ ਆਈਆਂ
ਵਹਿਸ਼ਤ ਨਾਲ ਲਿਆਈਆਂ
ਸ਼ਹਿਰ ਵਿਚਾਰਾਂ ਹਉਕੇ ਭਰਦਾ
ਨਾਲੇ ਪੁੱਛੇ :
ਕਿੰਜ ਮਹਿਫੂਜ ਰਹਿ ਸਕਣਗੇ
ਘਰਾਂ ਦੇ ਜਗਦੇ ਚਿਰਾਗ
ਅਮਨ ਦੀ ਘੁੱਗੀ ਕਦੋਂ ਭਰੇਗੀ
ਫੇਰ ਗਗਨ ਵੱਲ ਉਡਾਰੀ
ਕਦੋਂ ਸਮਝਣਗੇ ਪਿਆਰ ਦੀ ਬੋਲੀ
ਇਹ ਲੋਕ ਸ਼ਿਕਾਰੀ?' ਪੰਨਾ 59

ਭਾਵੇਂ ਕਵੀ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਨੂੰ ਸਿੱਧੇ ਤੌਰ ਉਪਰ ਕਲਮਬੰਦ ਨਹੀਂ ਕਰਦਾ ਪਰ ਦੁਨੀਆਂ ਭਰ ਦੇ ਸੱਭਿਆਚਾਰਾਂ ਦੀਆਂ ਕਦਰਾਂ ਕੀਮਤਾਂ ਦਾ ਵਿਸ਼ਲੇਸ਼ਣ ਜ਼ਰੂਰ ਕਰਦਾ ਪੰਜਾਬੀ ਸੱਭਿਆਚਾਰ ਨੂੰ ਲੱਗ ਰਹੇ ਖੋਰੇ ਨੂੰ ਪ੍ਰਗਟ ਕਰਦਾ ਹੈ। ਇਸ ਵਿਸ਼ਲੇਸ਼ਣ ਰਾਹੀਂ ਪੰਜਾਬੀ ਸੱਭਿਆਚਾਰ ਦੀ ਹੋਂਦ ਇੰਝ ਮਹਿਸੂਸ ਹੁੰਦੀ ਹੈ ਜਿਵੇਂ ਪੱਛਮ ਦੇ ਚੁੰਧਿਆਉਂਦੇ ਜੀਵਨ ਦੀ ਤਪਸ਼ ਨਾਲ ਸੜ ਕੇ ਸੁਆਹ ਹੁੰਦਾ ਜਾ ਰਿਹਾ ਹੈ।

'ਉਸ ਨੇ ਕਿਹਾ
ਮੇਰੇ ਦੋਸਤ!
ਪਸਰੀ ਧੁੰਦ 'ਚ ਡੁੱਬੀ ਪੱਛਮੀ ਸ਼ਾਮ 'ਤੇ
ਕੋਈ ਗਿਲਾ ਨਹੀਂ
ਅਤੇ ਨਾ ਹੀ
ਅਲਸਾਈ ਤੇ ਊਂਘਦੀ ਰਾਤ 'ਤੇ
ਕੋਈ ਸ਼ਿਕਵਾ ਹੈ।
ਰਿਸ਼ਤਿਆਂ ਦੀ ਭੂਮਿਕਾ ਨਿਭਾਉਂਦਿਆਂ
ਬੁੱਕਲ ਦਾ ਨਿੱਘ ਮਿਲੇ
ਜਾਂ ਨਾ ਮਿਲੇ

ਹੁਣ ਇਹ ਵੀ ਗਿਲਾ ਨਹੀਂ
ਕਿਉਂਕਿ
ਰਿਸ਼ਤਿਆਂ ਦੇ ਅਰਥ ਬਦਲ ਚੁੱਕੇ ਨੇ' ਪੰਨਾ 27

ਪੰਜਾਬ ਦੇ ਪਿੰਡਾਂ ਦਾ ਦਿਨੋ ਦਿਨ ਸ਼ਹਿਰੀਕਰਨ ਹੋ ਰਿਹਾ ਹੈ। ਮਨੁੱਖ ਪੱਛਮ ਦੀਆਂ ਰਹੁ ਰੀਤਾਂ ਵਿੱਚ ਉਲਝਿਆ ਆਪਣੀ ਹੋਂਦ ਨੂੰ ਗੁਆ ਬੈਠਾ ਹੈ। ਪੰਜਾਬ ਦੇ ਪਿੰਡਾਂ ਵਾਲਾ ਭਰਾਤਰੀ ਸਮਾਜ, ਨਿਰਮੋਹੀ ਸ਼ਹਿਰੀ ਸਮਾਜ ਵਿੱਚ ਤਬਦੀਲ ਹੋ ਰਿਹਾ ਹੈ।

'ਅਜੋਕਾ ਮਨੁੱਖ
ਲੀਰੋ ਲੀਰ ਹੋਇਆ
ਗੁਆ ਬੈਠਾ ਹੈ ਜੀਵਨ ਦਾ ਮਕਸਦ
ਮਹਾਂ-ਨਗਰ ਦੇ ਪੇਚੀਦਾ ਹੱਥਾਂ 'ਚ
ਬਣ ਬੈਠਾ ਹੈ ਖਿਡੌਣਾ
ਪੱਛੋਂ ਦੇ ਨਾਪਾਕ ਇਰਾਦਿਆਂ ਦੇ
ਜੰਗਲ ਦੇ ਹਨੇਰੇ ਅੰਦਰ
ਗੁੰਮ ਗਿਆ ਹੈ
ਆਪਣੀ ਹੀ ਭਾਲ ਵਿੱਚ' ਪੰਨਾ 28

ਭੁਪਿੰਦਰ ਇਸ ਦੁਨੀਆਂ ਵਿੱਚ ਚਲਾਉਣ ਵਾਲੇ ਕਾਲੇ ਧੰਦਿਆਂ ਨੂੰ ਦਰਸਾਉਣ ਵਾਸਤੇ ਬੜੀ ਕਲਾਤਮਿਕ ਭਾਸ਼ਾ ਵਰਤਦਾ ਹੈ। ਬ੍ਰਿਤਾਂਤਕਾਰ ਆਪਣੀ ਬਾਤ ਪਾਉਂਦਾ ਕਹਿੰਦਾ ਹੈ ਕਿ ਤੈਨੂੰ ਤੇਰਾ ਸੂਰਜ ਮੁਬਾਰਕ ਹੋਵੇ ਪਰ ਮੈਂ ਤਾਂ ਇਸ ਹਨੇਰ ਦਾ ਆਸ਼ਕ ਹਾਂ ਜਿਸ ਵਿੱਚ ਮੇਰੇ ਸਾਰੇ ਪਾਪ ਪੁੰਨ ਲੁਕ ਜਾਂਦੇ ਹਨ। ਭਾਵੇਂ ਇਹ ਵਿਚਾਰ ਕਲਾਤਮਿਕ ਨਹੀਂ ਹਨ ਪਰ ਕਵੀ ਪਾਠਕ ਅੱਗੇ ਦੁਨੀਆਂ ਵਿੱਚ ਪ੍ਰਚਲਤ 'ਆਭਾਵਾਤਮਿਕ' ਪੱਖ ਵੀ ਪੇਸ਼ ਕਰਦਾ ਹੈ।

'ਉਸ ਨੇ ਕਿਹਾ
ਤੂੰ ਹਰ ਵੇਲੇ ਸੂਰਜ ਦੀ ਗੱਲ ਕਰਦਾ ਏਂ
ਮੈਂ ਤਾਂ
ਰਾਤਾਂ ਦਾ ਆਸ਼ਕ ਹਾਂ
ਰਾਤਾਂ ਦੇ ਹਨੇਰੇ ਵਿੱਚ
ਸਭ ਕੁਝ ਛੁਪ ਜਾਂਦਾ ਏ
ਕੀਤਾ ਅਤੇ ਅਣਕੀਤਾ
ਤੇਰਾ ਸੂਰਜ ਤੈਨੂੰ ਮੁਬਾਰਕ।' ਪੰਨਾ 35

ਜਿਥੇ ਕਵੀ ਨਿਖੇਧਾਤਮਿਕ ਪੱਖ ਨੂੰ ਪੇਸ਼ ਕਰਦਾ ਹੈ ਨਾਲ ਹੀ ਉਹ ਆਭਾਵਿਕਤਾ ਨੂੰ ਜੜੋਂ ਪੁਟਣ ਦਾ ਪ੍ਰਸਤਾਵ ਵੀ ਪੇਸ਼ ਕਰਦਾ ਹੈ।

'ਉਸ ਨੇ ਕਿਹਾ
ਆ ਆਪਾਂ ਹਨੇਰਿਆਂ ਸੰਗ
ਲੜਨ ਦਾ ਫ਼ੈਸਲਾ ਕਰੀਏ
ਤਮਾਸਬੀਨਾਂ ਦੇ ਗਵਾਰ ਹਾਸੇ ਨੂੰ
ਸੰਘੀਓਂ ਫੜਨ ਦਾ ਯਤਨ ਕਰੀਏ'

ਪੰਨਾ 36

ਸ਼ਾਬਦਿਕ ਅਲੰਕਾਰਾਂ ਦੀਆਂ ਕੁਝ ਕੁ ਵੰਨਗੀਆਂ ਪਾਠਕਾਂ ਦੀ ਦਿਲਚਸਪੀ ਵਾਸਤੇ ਲਿਖਣੀਆਂ ਕੀਤੀਆਂ ਹਨ।

'ਉਸ ਨੇ ਕਿਹਾ
ਜ਼ਿੰਦਗੀ ਕੀ ਹੈ ?
ਮੈਂ ਕਿਹਾ
ਇਕਰਾਰਨਾਮਾ ਹੈ
ਗਿਣਵੇਂ-ਮਿਣਵੇਂ ਸਾਹਾਂ ਨਾਲ
ਕੀ ਪਤਾ ਕਦੋਂ
ਹਵਾ ਦੀ ਫੁਸ ਫੁਸਾਈ
ਚੁੱਪ-ਚੁਪੀਤੇ
ਸੂਨਯ 'ਚ ਅਭੇਦ ਹੋ ਜਾਵੇ।' ਪੰਨਾ 39

ਅਤੇ

'ਉਸ ਨੇ ਕਿਹਾ
ਇਸ਼ਕ ਦੀ ਪ੍ਰਭਾਤ ਜਦੋਂ
ਰੰਗਾਂ ਦੇ ਸਾਹ ਉਣਦੀ ਹੈ
ਤਾਂ ਰਵੀ
ਊਸ਼ਾ ਦੇ ਸਸਤਕ 'ਤੇ
ਇੱਕ ਸੱਚਾ ਚੁੰਮਣ ਧਰਦਾ ਹੈ
ਮੁਹੱਬਤ
ਪਹਿਲਾਂ ਤਾਂ
ਲਾਜਵੰਤੀ ਵਾਂਗੂੰ ਸੁੰਗੜਦੀ ਹੈ
ਤੇ ਫਿਰ

ਪਲਾਂ ਹੀ ਪਲਾਂ ਅੰਦਰ
ਚੰਬੇ ਦੀ ਬੂਟੀ ਵਾਂਗੂੰ ਫੈਲਦੀ ਹੈ' ਪੰਨਾ 41

ਅਤੇ

'ਉਸ ਨੇ ਕਿਹਾ
ਮੈਂ ਅਤੇ ਸ਼ੀਸ਼ਾ
ਇੱਕ-ਦੂਜੇ ਨੂੰ
ਜਦ ਨੀਝ ਲਾ ਕੇ ਵੇਖਣ ਲਗੇ
ਸੀਸ਼ੇ
ਮੈਨੂੰ ਖ਼ੂਬ ਪਹਿਚਾਣਿਆਂ
ਮੇਰੇ ਅਤੀਤ ਨੂੰ ਫਰੋਲਿਆ
ਬੇਤਹਾਸ਼ਾ ਹੱਸਿਆ
ਮੈਂ ਸ਼ਰਮਸਾਰ ਹੋਇਆ
ਸ਼ੀਸ਼ੇ ਸਾਹਵੇਂ ਨੰਗਾ ਵੀ ਸਾਂ
ਅਤੇ ਬੇਦਾਗ ਵੀ' ਪੰਨਾ 42

ਕਵੀ ਆਪਣੀ ਅੰਤਰ-ਆਤਮਾ ਨੂੰ ਬ੍ਰਿਤਾਂਤਕਾਰ ਬਣਾ ਕੇ ਪੰਜਾਬੀ ਕਦਰਾਂ ਕੀਮਤਾਂ ਨੂੰ ਲੱਗ ਰਿਹਾ ਖੋਰਾ ਵਲੈਤੀ ਜੁਗਰਾਫੀਏ ਵਿੱਚ ਰਹਿੰਦੇ ਪ੍ਰਵਾਸੀਆਂ ਸਿਰ ਭੰਨਦਾ ਹੈ ਅਤੇ ਉਸਦਾ ਇਹ ਵੀ ਵਿਚਾਰ ਹੈ ਕਿ ਸੈਟੇਲਾਈਟ ਦੀ ਹੋਂਦ ਨੇ ਪੰਜਾਬ ਵਿੱਚ ਕਬੀਲਾਬਾਦ ਤੋਂ ਰਾਸ਼ਟਰੀ ਪ੍ਰਵਚਨ ਅਤੇ ਰਾਸ਼ਟਰੀ ਪ੍ਰਵਚਨ ਤੋਂ ਅੰਤਰ-ਰਾਸ਼ਟਰੀ ਭਾਵਨਾਵਾਂ ਨੂੰ ਸਥਾਪਤ ਕਰਦਾ ਹੋਇਆ ਪੰਜਾਬੀ ਸੱਭਿਆਚਾਰ ਦਾ ਆਪਣੇ ਆਪ ਬਦਲਣ ਵਾਸਤੇ ਜਿੰਮੇਵਾਰ ਨਹੀਂ ਠਹਿਰਾਉਂਦਾ ਸਗੋਂ ਅਧੁਨਿਕ ਵਿੱਚ ਵਿਗਿਆਨ ਦੀ ਤਰੱਕੀ ਨੂੰ ਕਹਿੰਦਾ ਹੈ ਜਿਸ ਦੇ ਪ੍ਰਬਲ ਪ੍ਰਭਾਵ ਹੇਠ ਪੰਜਾਬੀ ਸੱਭਿਆਚਾਰ ਆਪਣੀ ਹੋਂਦ ਸੁਰੱਖਿਅਤ ਰੱਖਣ ਵਾਸਤੇ ਨਾਕਾਮਯਾਬ ਰਿਹਾ ਹੈ। ਕਵੀ ਪੰਜਾਬੀ ਸਮਾਜ ਅਤੇ ਸੱਭਿਆਚਾਰ ਵਿੱਚ ਆਏ ਬਦਲਾਓ ਨੂੰ ਨਾ ਤਾਂ ਪ੍ਰਗਤੀ ਕਹਿੰਦਾ ਹੈ ਅਤੇ ਨਾ ਹੀ ਇਸ ਕਰਾਂਤੀ ਦੀ ਪ੍ਰਸੰਸਾਂ ਕਰਦਾ ਹੈ ਸਗੋਂ ਕਵੀ ਪੰਜਾਬੀ ਸੱਭਿਆਚਾਰ ਨੂੰ ਰੋਲ-ਮਾਡਲ ਬਣਾ ਕੇ ਉਸ ਦੇ ਬਦਲਣ ਵਾਲੇ ਕਾਰਨਾਂ ਨੂੰ ਇੱਕ ਵਾਕਾਂਸ਼ 'ਉਸ ਨੇ ਕਿਹਾ' ਪੜਨਾਂਵ ਪਾਤਰ ਸਿਰਜ ਕੇ ਸਾਰੀ ਕਥਾ ਉਸ ਦੇ ਹੀ ਜਬਾਨੀ ਕਹਿੰਦਾ ਹੈ ਅਤੇ ਕਦੇ ਕਦੇ ਇਹ ਪਾਤਰ ਪਰਾ-ਸਰੀਰਕ ਵੀ ਹੋ ਜਾਂਦਾ ਹੈ। ਸਮਾਜਿਕ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਕਿਸੇ ਵਿਅਕਤੀ ਦੇ ਮਨ ਵਿੱਚ ਉਸੇ ਤਰ੍ਹਾਂ ਵਸੀਆਂ ਹੋਈਆਂ ਹੁੰਦੀਆਂ ਹਨ ਜਿਵੇਂ ਕੋਈ ਸਹਿਜ ਨਾਲ ਆਪਣੀ ਮਾਂ ਬੋਲੀ ਸਿਖਦਾ ਹੈ। ਇਹੀ ਕਾਰਨ ਹੈ ਕਿ ਕਵੀ ਭੁਪਿੰਦਰ ਸੱਗੂ ਦੀ ਅੰਤਰ-ਆਤਮਾ ਇਨ੍ਹਾਂ ਕਵਿਤਾਵਾਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਪੁਨਰ ਸਥਾਪਤੀ ਕਰਦੀ ਹੈ।

'ਉਸ ਨੇ ਕਿਹਾ' ਕਥਾ-ਕਾਵਿ ਵਿੱਚ ਕਵਿਤਾਵਾਂ ਦੀ ਅਭਿਵਿਅਕਤੀ ਸੰਖੇਪ, ਭਾਵਪੂਰਤ, ਪ੍ਰਭਾਵਸ਼ਾਲੀ ਅਤੇ ਟਕਸਾਲੀ ਪੰਜਾਬੀ ਭਾਸ਼ਾ ਰਾਹੀਂ ਹੋਈ ਹੈ। ਭਾਸ਼ਾ ਅੰਤਰ-ਆਤਮਾ ਨਾਲ ਸੰਬੰਧਤ ਵਿਚਾਰਾਂ ਨੂੰ ਪੇਸ਼ ਕਰਦੀ ਹੈ। ਸ਼ਬਦਾਵਲੀ ਰੌਚਿਕ ਹੈ ਅਤੇ ਜਿਸ ਨੂੰ ਪੜਦਾ ਪਾਠਕ ਅਕੇਵੇਂ ਵਿੱਚ ਨਹੀਂ ਆਉਂਦਾ। ਸ਼ਬਦ ਸਮਾਸ ਸਤਰ ਦਰ ਸਤਰ ਪੜੇ ਜਾਂਦੇ ਹਨ ਜਿਨ੍ਹਾਂ ਕਾਰਨ ਕਵਿਤਾਵਾਂ ਵਿੱਚ ਸ਼ਾਬਦਿਕ ਅਲੰਕਾਰ ਪੜਿਆ ਜਾਂਦਾ ਹੈ। ਸਮੁੱਚੇ ਤੌਰ ਉਪਰ ਭਾਸ਼ਾ ਵਿੱਚ ਸ਼ਾਬਦਿਕ ਅਲੰਕਾਰਾਂ ਦੀ ਭਰਮਾਰ ਹੋਣ ਕਾਰਨ ਹੀ ਇਹ ਕਵਿਤਾਵਾਂ ਕਲਾਤਮਿਕ ਹਨ। ਇਹ ਭਾਸ਼ਾ ਹੀ ਇਨ੍ਹਾਂ ਕਵਿਤਾਵਾਂ ਨੂੰ ਸੁਹਜਾਤਮਕ ਕਵਿਤਾਵਾਂ ਬਣਾਉਂਦੀ ਹੈ। ਭਾਵੇਂ ਸੂਰਜ, ਚੰਦ, ਤਾਰੇ, ਰਾਤ ਦਿਨ, ਹਨੇਰ, ਚਾਨਣ, ਘਰ, ਦਰ, ਰੁੱਖ, ਦਰਿਆ, ਦੁਮੇਲ ਅਤੇ ਉਸ ਤੋਂ ਪਾਰ ਦੇ ਦ੍ਰਿਸ਼ ਆਦਿ ਚਿੰਨ੍ਹ ਪੜ੍ਹੇ ਤਾਂ ਜਾਂਦੇ ਹਨ ਪਰ ਇਹ ਚਿੰਨ੍ਹਾਤਮਕ ਕਾਰਜ ਵਿਚਾਰਾਂ ਰਾਹੀਂ ਪਾਠਕਾਂ ਦੇ ਹਿਰਦੇ ਅੰਦਰ ਵਸਦਾ ਹੈ। ਕਵੀ ਇਸ ਭਾਸ਼ਾ ਰਾਹੀਂ ਮਨ ਨਾਲ ਮਨ ਦਾ ਸੰਵਾਦ ਰਚਾਉਂਦਾ ਹੈ। ਪੰਜਾਬੀ ਸੱਭਿਆਚਾਰ ਦੀ ਜਦ ਗੱਲ ਹੁੰਦੀ ਹੈ ਤਾਂ ਕਵੀ ਪੱਛਮੀ ਸੱਭਿਆਚਾਰ ਨੂੰ ਨਿੰਦਦਾ ਹੈ ਪਰ ਜਿਹੜਾ ਖੋਰਾ ਉਹ ਪੰਜਾਬੀ ਸੱਭਿਆਚਾਰ ਨੂੰ ਲਾ ਰਿਹਾ ਹੈ ਉਸ ਦਾ ਪ੍ਰਤੱਖ ਅਸਰ ਦਰਸਾਉਂਦਾ ਹੈ। ਵਿਸ਼ਵ ਭਰ ਦੇ ਸੱਭਿਆਚਾਰਾਂ ਦੀ ਤਰਜਮਾਨੀ ਕਰਦਾ ਸੱਗੂ ਪੰਜਾਬੀ ਸੱਭਿਆਚਾਰ ਦੀ ਆਹਟ ਲੈਂਦਾ ਹੈ। ਕਵੀ ਦਾ ਇਹੀ ਕਾਰਜ ਪੰਜਾਬੀ ਸੱਭਿਆਚਾਰ ਵਿੱਚ ਪੱਛਮੀ ਸੱਭਿਆਚਾਰ ਦਾ ਸੰਸਥਾਪਨ ਹੈ। ਇਹ ਦੁਨੀਆਂ ਮਨੁੱਖ ਦੀ ਉਕਤਾਹਟ ਵਾਸਤੇ ਸਾਜੋ-ਸਾਮਾਨ ਤਿਆਰ ਕਰਦੀ ਹੈ ਅਤੇ 'ਉਸ ਨੇ ਕਿਹਾ'ਕਥਾ-ਕਾਵਿ ਦੇ ਅੰਤਰਗਤਿ ਪਸਰਿਆ ਪਿਆਰ, ਸਾਂਝ ਅਤੇ ਕਲਿਆਣ ਕਾਰੀ ਅਭਿਵਿਅਕਤੀ ਉਸ ਉਕਤਾਹਟ ਨੂੰ ਅਨੰਦ ਵਿੱਚ ਬਦਲਣ ਦਾ ਉਪਰਾਲਾ ਕਰਦੀ ਹੈ। 'ਉਸ ਨੇ ਕਿਹਾ' ਕਥਾ-ਕਾਵਿ ਦੇ ਪਾਠ ਉਪ੍ਰੰਤ ਪਾਠਕ ਇਸ ਨਿਰਣੇ ਉਪਰ ਪੁਜਦਾ ਹੈ ਕਿ ਭੂਪਿੰਦਰ ਸੱਗੂ ਮੁੱਖੋਂ ਨਹੀਂ ਬੋਲਦਾ ਸਗੋਂ ਜੋ ਕੁਝ ਵੀ ਆਪਣੇ ਹਿਰਦੇ ਵਿੱਚ ਚਿਤਵਦਾ ਹੈ, ਸੋਚਦਾ ਹੈ, ਸਮਝਦਾ ਹੈ ਅਤੇ ਹਿਰਦੇ ਤੋਂ ਹੀ ਬ੍ਰਿਤਾਂਤ ਦਾ ਨਿਯੰਤਰਣ ਕਰਦਾ ਹੈ। ਪੰਜਾਬੀ ਸਾਹਿਤ ਵਿੱਚ 'ਉਸ ਨੇ ਕਿਹਾ'ਅਮੁਲੇ, ਕਲਾਤਮਿਕ ਅਤੇ ਸੁਹਜਾਤਮਿਕ ਕਥਾ-ਕਾਵਿ ਦੇ ਪ੍ਰਵੇਸ਼ ਨਾਲ ਪੰਜਾਬੀ ਸਾਹਿਤ ਅੰਦਰ ਇੱਕ ਕਲਾ ਦਾ ਹੋਰ ਵਾਧਾ ਹੋਇਆ ਹੈ। ਮੈਂ ਪਾਠਕਾਂ ਨੂੰ ਇਸ ਅਨਮੋਲ ਕਥਾ-ਕਾਵਿ ਦਾ ਆਪ ਪਾਠ ਕਰਕੇ ਅਨੰਦਮਈ ਹੋਣ ਵਾਸਤੇ ਗੁਜ਼ਾਰਿਸ਼ ਕਰਦਾ ਹਾਂ।

15.03.2011

●●●●●

# ਉਸ ਨੇ ਕਿਹਾ
## ਡਾ. ਦੇਵਿੰਦਰ ਕੌਰ

'ਉਸਨੇ ਕਿਹਾ' ਭੂਪਿੰਦਰ ਸੱਗੂ ਦਾ ਛੇਵਾਂ ਕਾਵਿ-ਸੰਗ੍ਰਹਿ ਹੈ। ਆਪਣੀ ਕਵਿਤਾ ਦਾ ਆਰੰਭ ਉਸਨੇ ਰਿਸ਼ਤਿਆਂ ਦੇ ਜੰਗਲ (1989) ਤੋਂ ਕੀਤਾ ਸੀ। ਹੌਲੀ ਹੌਲੀ 1993 ਤਕ ਪਹੁੰਚਦਿਆਂ ਉਸਦੀ ਕਵਿਤਾ 'ਸੱਚ ਤੇ ਸੂਲੀ' ਦੇ ਤਣਾਓ ਪੂਰਨ ਸੰਬੰਧਾਂ ਵਿਚਲੇ ਸੰਘਰਸ਼ ਦਾ ਸਾਹਮਣਾ ਕਰਨ ਲੱਗੀ। 1998 ਵਿੱਚ ਆ ਕੇ ਉਸਦੇ ਕਈ ਪਲ ਸਿਮਟੇ ਜਿਨ੍ਹਾਂ ਨੂੰ ਖੋਲ੍ਹਣ ਲਈ 2002 ਵਿੱਚ ਕਤਰਾ ਕਤਰਾ ਨੂਰ ਦੀ ਇਬਾਦਤ ਦਾ ਮੌਕਾ ਮਿਲਿਆ। 2006 ਵਿੱਚ ਸੰਘਰਸ਼ ਦੇ ਜਾਰੀ ਸਫ਼ਰ ਵਿੱਚ ਕਈ ਫੁੱਲ ਅੰਗਿਆਰ ਬਣੇ। ਸ਼ਾਇਰ ਬੇਪਰਵਾਹ ਦਰਿਆ ਵਾਂਗ ਅੱਗੇ ਵਧਦਾ ਗਿਆ ਜਿਸਦਾ ਨਤੀਜਾ ਉਸਨੇ ਕਿਹਾ ਵਰਗੀ ਆਤਮ ਸੰਵਾਦੀ ਕਵਿਤਾ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

ਹਾਲਾਂਕਿ ਇਸ ਪੁਸਤਕ ਦੀ ਪ੍ਰਕਾਸ਼ਨਾ ਵੇਲੇ ਇਸਨੂੰ ਸੰਵਾਦੀ ਕਵਿਤਾ ਦੀ ਸੰਗਿਆ ਦਿੱਤੀ ਗਈ ਹੈ, ਲੇਕਿਨ ਮੇਰੀ ਧਾਰਨਾ ਇਹ ਹੈ ਕਿ ਸੰਵਾਦੀ ਕਵਿਤਾ ਨਾਲੋਂ ਵਧੇਰੇ ਆਤਮ ਸੰਵਾਦੀ ਕਵਿਤਾ ਬਣੀ ਹੈ। ਉਸਦਾ ਕਾਰਨ ਇਹ ਹੈ ਕਿ ਸੰਵਾਦੀ ਜੁਗਤ ਨਾਟਕ ਲਈ ਵਧੇਰੇ ਢੁਕਵੀਂ ਹੈ। ਸੰਵਾਦ ਵਿੱਚ ਦੋ ਧਿਰਾਂ ਦੀ ਹਾਜ਼ਰੀ ਹੁੰਦੀ ਹੈ ਅਤੇ ਗੱਲ ਬਾਤ ਦਾ ਸਿਲਸਿਲਾ ਅੱਗੇ ਤੁਰਦਾ ਹੈ। ਉਸ ਗੱਲ ਬਾਤ ਵਿੱਚ ਵੀ ਸਵਾਲ ਘੱਟ ਅਤੇ ਤਰਕ ਦੀ ਵਰਤੋਂ ਵਧੇਰੇ ਹੋਈ ਹੁੰਦੀ ਹੈ। ਆਤਮ ਸੰਵਾਦ ਵਿੱਚ ਇਕੋ ਹੀ ਧਿਰ ਸਵਾਲ ਜਵਾਬ ਦੀ ਕਾਰਜਸ਼ੀਲਤਾ ਵਿੱਚ ਪਈ ਹੁੰਦੀ ਹੈ। ਆਤਮ ਸੰਵਾਦ ਵਿੱਚ ਇੱਕੋ ਹੀ ਧਿਰ ਸਵਾਲ ਜਵਾਬ ਦੀ ਕਾਰਜਸ਼ੀਲਤਾ ਵਿੱਚ ਪਈ ਹੁੰਦੀ ਹੈ। 'ਉਸਨੇ ਕਿਹਾ' ਵਿੱਚ ਸਾਰੀਆਂ ਕਵਿਤਾਵਾਂ ਦੀ ਪਹਿਲੀ ਸਤਰ ਉਸਨੇ ਕਿਹਾ ਹੈ ਜੋ ਕਿ ਕਵਿਤਾ ਵਿੱਚ ਥੀਮ ਦੀ ਥਾਂ ਇੱਕ ਜੁਗਤ ਵਾਂਗ ਪੇਸ਼ ਹੋਈ ਹੈ। ਇਸ ਸਤਰ ਦੀ ਵਰਤੋਂ ਰਾਹੀਂ ਕਵੀ ਨੇ ਇਸ ਕਾਵਿ-ਪੁਸਤਕ ਵਿੱਚ ਜ਼ਿੰਦਗੀ ਬਾਰੇ ਕੁਝ ਸਵਾਲ ਪੈਦਾ ਕੀਤੇ ਹਨ ਅਤੇ ਆਪ ਹੀ ਉਹਨਾਂ ਦਾ ਜਵਾਬ ਲੱਭਣ ਦਾ ਯਤਨ ਕੀਤਾ ਗਿਆ ਹੈ। ਮਜ਼ੇਦਾਰ ਗੱਲ ਇਹ ਵਾਪਰਦੀ ਹੈ ਕਿ ਕਈ ਸਵਾਲਾਂ ਦੇ ਉੱਤਰ ਮਿਲ ਜਾਂਦੇ ਹਨ ਲੇਕਿਨ ਕਈ ਸਵਾਲਾਂ

ਦਾ ਉੱਤਰ ਸਿਰਫ ਖਾਮੋਸ਼ੀ ਹੁੰਦਾ ਹੈ। ਖਾਮੋਸ਼ੀ ਸਿਰਜਣ ਵਾਲੀਆਂ ਕਵਿਤਾਵਾਂ ਦਾ ਪਿੰਡਾ ਵਧੇਰੇ ਜਟਿਲ ਬਣਾ ਹੈ ਅਤੇ ਉਹਨਾਂ ਵਿੱਚ ਅਰਥਾਂ ਦੀਆਂ ਸੰਭਾਵਨਾਵਾਂ ਵੀ ਵਧੇਰੇ ਪੈਦਾ ਹੁੰਦੀਆਂ ਹਨ। ਮਿਸਾਲ ਵੱਜੋਂ ਇਸ ਪੁਸਤਕ ਦੀ 14 ਨੰਬਰ ਕਵਿਤਾ ਵਿੱਚ ਬੜੇ ਕਲਾਤਮਕ ਅੰਦਾਜ਼ ਵਿੱਚ ਸਵਾਲ ਉਠਾਇਆ ਗਿਆ ਹੈ। ਉਸਦੀ ਉਦਾਹਰਣ ਪੇਸ਼ ਹੈ :-

ਰੋਜ਼ ਦਿਨ ਦਾ ਬੂਹਾ
ਹੁੰਗਾਰੇ ਦੀ ਉਡੀਕ ਵੱਲ ਖੁਲ੍ਹਦਾ
ਤੇਰੇ ਪਰਤ ਆਉਣ ਦੀ ਕਨਸੋਅ
ਪੱਛੋਂ ਦੇ ਬੁੱਲਿਆਂ ਕੋਲੋਂ ਪੁੱਛਦੀ

ਕਈ ਕਵਿਤਾਵਾਂ ਵਿੱਚ ਕਵੀ ਵੱਲੋਂ ਕੁਝ ਸਵਾਲ ਉਠਾਏ ਗਏ ਹਨ ਲੇਕਿਨ ਉਸਨੇ ਕਿਹਾ ਦੀ ਜੁਗਤ ਦੀ ਵਰਤੋਂ ਰਾਹੀਂ। ਮਿਸਾਲ ਵੱਜੋਂ :-

'ਇਹ ਕੈਸੀ ਗੁਫਤਗੂ ਹੈ'
'ਅਵੱਗਿਆ ਹੈ ਵਰ ਹੈ'
'ਜਾਂ ਕੋਈ ਸਰਾਪ'
'ਦਸਤਕ ਕਦੋਂ ਹੋਵੇਗੀ ਫੇਰ'
'ਯਾਦ ਹੈ ਨਾ ਉਹ ਪਲ ਛਿਣ'
'ਕਦੋਂ ਤੱਕ
ਲੋਕਾਂ ਦੇ ਪੈਰਾਂ ਹੇਠ
ਪਗਡੰਡੀ ਬਣਿਆ ਰਹੇਂਗਾ'
ਜ਼ਿੰਦਗੀ ਕੀ ਹੈ
'ਇਹ ਸਖ਼ਸ਼ ਕੌਣ ਹੈ'

ਜਿਸ ਕਾਵਿਕ ਅੰਦਾਜ਼ ਵਿੱਚ ਇਸ ਕਵਿਤਾ ਵਿੱਚ ਸਵਾਲ ਸਿਰਜੇ ਗਏ ਹਨ ਉਸੇ ਹੀ ਕਾਵਿਕ ਅੰਦਾਜ਼ ਨਾਲ ਜਵਾਬ ਵੀ ਪੇਸ਼ ਕੀਤੇ ਹਨ। ਜਿਵੇਂ ਖਿਡਰੀ ਹੋਂਦ ਰਸਤੇ ਤਲਾਸ਼ਦੀ, ਸੋਚਣ ਦੇ ਵਿਹੜੇ, ਪਸਰੀ ਧੁੰਦ ਦੀਵੇ ਬਾਲ ਜਾਂਦੀ ਹੈ, (ਪੰਨਾ 20), ਕਮਰਾ ਮੁਹੱਬਤ ਵਿੱਚ ਬੌਰਾ ਹੋ ਕੇ ਨੱਚ ਉੱਠਿਆ (ਪੰਨਾ 23), ਦਿਨ ਦਾ ਬੂਹਾ ਹੁੰਗਾਰੇ ਦੀ ਉਡੀਕ 'ਚ ਖੁਲ੍ਹਦਾ ਹੈ, (ਪੰਨਾ 30), ਸੂਰਜ ਆਵੇਗਾ (ਪੰਨਾ 34), ਲੜਨ ਦਾ ਫੈਸਲਾ ਕਰਨਾ ਪਵੇਗਾ (ਪੰਨਾ 36), ਬੇਪਰਵਾਹ ਦਰਿਆ ਆਪਣੇ ਰਾਹ ਆਪ ਬਣਾਉਂਦੇ ਨੇ (ਪੰਨਾ 37), ਇਸ ਤੋਂ ਪਤਾ ਇਹ ਲਗਦਾ ਹੈ ਕਿ ਇਹ ਕਵਿਤਾ ਐਸੀ ਕਾਵਿ-ਮੈਂ ਦੀ ਸਿਰਜਣਾ ਕਰ ਜਾਂਦੀ ਹੈ ਜੋ ਆਪਣੀ ਜੰਗ ਆਪ ਲੜਦੀ ਹੈ, ਆਪੇ ਹੀ ਸਵਾਲ ਕਰਦੀ ਹੈ ਅਤੇ ਆਪੇ ਹੀ ਉਸਦੇ ਜਵਾਬ

ਲੱਭਦੀ ਹੈ। ਇਹੀ ਆਤਮ ਸੰਵਾਦ ਹੈ ਜੋ ਇਸ ਕਵਿਤਾ ਦੀ ਜੁਗਤ ਤੋਂ ਵੀ ਵਧੇਰੇ ਕਵਿਤਾ ਦੀ ਸੰਰਚਨਾ ਬਣ ਕਵਿਤਾ ਦੇ ਆਰ ਪਾਰ ਫੈਲਿਆ ਹੋਇਆ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਉਸ ਨੇ ਕਿਹਾ ਨਵੀਆਂ ਸੰਭਾਵਨਾਵਾਂ ਜਗਾਉਣ ਵਾਲੀ, ਨਵੀਂ ਕਾਵਿ-ਸੰਰਚਨਾ ਸਿਰਜਣ ਵਾਲੀ ਕਾਵਿ-ਪੁਸਤਕ ਦਾ ਸਵਾਗਤ ਹੈ ਅਤੇ ਉਮੀਦ ਹੈ ਪਾਠਕਾਂ ਅਤੇ ਆਲੋਚਕਾਂ ਵੱਲੋਂ ਇਸ ਨੂੰ ਹਾਂ-ਮੁਖੀ ਹੁੰਗਾਰਾ ਮਿਲੇਗਾ।

•••••

# ਬਾ-ਅਰੂਜ਼ ਗ਼ਜ਼ਲ ਸੰਗ੍ਰਹਿ 'ਚਾਨਣ ਦੀ ਬਾਤ' ਦਾ ਵਿਸ਼ਾ ਵਸਤੂ

**ਡਾ. ਰਤਨ ਰੀਹਲ**

'ਚਾਨਣ ਦੀ ਬਾਤ' ਗ਼ਜ਼ਲ ਸੰਗ੍ਰਹਿ ਤੋਂ ਪਹਿਲਾਂ ਭੂਪਿੰਦਰ ਸੱਗੂ ਇਕ ਹੋਰ ਗ਼ਜ਼ਲ ਸੰਗ੍ਰਹਿ 'ਕਤਰਾ ਕਤਰਾ ਨੂਰ' ਪ੍ਰਕਾਸ਼ਤ ਕਰਵਾ ਚੁੱਕਾ ਹੈ। ਗੁਰਸ਼ਰਨ ਸਿੰਘ 'ਅਜੀਬ ਗ਼ਜ਼ਲਗੋ' (ਲੰਡਨ), 'ਸੰਘਰਸ਼-ਸ਼ੀਲ ਸ਼ਾਇਰ ਸੱਗੂ ਜੀ' ਸਿਰਲੇਖ ਹੇਠ ਪੰਨਾ 16 ਉਪਰ ਲਿਖਦੇ ਹਨ :

'ਕਤਰਾ ਕਤਰਾ ਨੂਰ ਭੂਪਿੰਦਰ ਸੱਗੂ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਸੀ ਜਿਸ ਵਿਚ ਕਾਫ਼ੀ ਖ਼ਾਮੀਆਂ ਤੇ ਤਰੁੱਟੀਆਂ ਰਹਿ ਗਈਆਂ ਸਨ। ਇਸ ਤੋਂ ਬਾਅਦ ਭੂਪਿੰਦਰ ਦੇ ਗਿਆਨ ਰੂਪੀ ਨੂਰ ਵਿਚ ਕਾਫ਼ੀ ਇਜ਼ਾਫ਼ਾ ਹੋਇਆ ਹੈ ਤੇ ਇਸਨੇ ਗ਼ਜ਼ਲ 'ਤੇ ਕਾਫ਼ੀ ਮਿਹਨਤ ਕੀਤੀ ਹੈ।'

ਭੂਪਿੰਦਰ ਸੱਗੂ ਦੀ ਪਲੇਠੀ ਪੁਸਤਕ 'ਰਿਸ਼ਤਿਆਂ ਦਾ ਜੰਗਲ'ਵਿਚ ਵੀ ਕੋਈ 27 ਕੁ ਗ਼ਜ਼ਲਾਂ ਅੰਕਿਤ ਹਨ। ਪੰਨਾ 9 ਉਪਰ ਗੁਰਦਾਸ ਸਿੰਘ ਪਰਮਾਰ ਵਲੋਂ ਲਿਖੇ ਸਿਰਲੇਖ 'ਵਫ਼ਾ ਅਤੇ ਸਦਾਚਾਰ ਦੀ ਸ਼ਾਇਰੀ' ਵਿਚ ਸ਼ਾਇਰ ਸੱਗੂ ਦੇ ਗ਼ਜ਼ਲ ਕਹਿਣ ਦੀ ਪ੍ਰੀਕਿਰਿਆ ਬਾਰੇ ਤੁਆਰਫ਼ ਕਰਵਾਉਂਦਾ ਲਿਖਦਾ ਹੈ, ਇਸ ਪੁਸਤਕ ਵਿਚ 60 ਗ਼ਜ਼ਲਾਂ ਸ਼ਾਮਲ ਹਨ ਜੋ ਹੇਠ ਲਿਖੀਆਂ ਬਹਿਰਾਂ ਵਿਚ ਨਜ਼ਮ ਕੀਤੀਆਂ ਗਈਆਂ ਹਨ: ਮੁਜ਼ਾਰਿਆ ਮੁਸੱਮਨ ਅਖ਼ਬ, ਰਮਲ ਮੁਸੱਮਨ ਮਹਿਜ਼ੂਫ਼, ਹਜ਼ਜ਼ ਮੁਸੱਮਨ ਸਾਲਮ, ਰਮਲ ਮੁਸੱਦਮ ਮਹਿਜ਼ੂਫ਼, ਖ਼ਫ਼ੀਫ਼ ਮੁਸੱਦਸ ਮਹਿਜ਼ੂਫ਼, ਮੁਤਕਾਰਿਬ ਮੁਸੱਮਨ ਸਾਲਮ, ਹਜ਼ਜ਼ ਮੁਸੱਮਨ, ਅਖਰਬ, ਮੁਜ਼ਾਰਿਆ ਮਹਿਜ਼ੂਫ ਅਤੇ ਵੱਖ ਵੱਖ ਪ੍ਰਕਾਰ ਦੀਆਂ ਫ਼ੇਲਨੀ ਬਹਿਰਾਂ, ਪਰ ਇਨ੍ਹਾਂ ਬਹਿਰਾਂ ਅਨੁਕੂਲ ਉਦਾਹਰਣ ਵਾਸਤੇ ਸ਼ਾਇਰ ਦੀ ਕਿਸੇ ਵੀ ਗ਼ਜ਼ਲ ਦੇ ਬਹਿਰ ਨੂੰ ਅਖਸ਼ਾਂਸ਼ਕ ਨਹੀਂ ਕੀਤਾ ਗਿਆ। ਅਜਿਹਾ ਕਰਨ ਨਾਲ ਪਾਠਕ ਨੇ ਸ਼ਾਇਰ ਸੱਗੂ ਦੀਆਂ ਗ਼ਜ਼ਲਾਂ ਵਿਚ ਆਏ ਬਹਿਰਾਂ ਬਾਰੇ ਜਾਣ ਕੇ ਵਿਦਵਤ ਹੋਣਾ ਸੀ। ਉਪ੍ਰੋਕਤ ਬਹਿਰਾਂ ਦੇ ਨਾਮ ਲਿਖਣ ਨਾਲ ਸੱਗੂ ਦੀ ਬੁਲੰਦ ਸ਼ਾਇਰੀ ਦੇ ਅੰਤਰਗਤਿ ਜਨਾਬ ਪਰਮਾਰ ਜੀ ਦਾ ਅਰੂਜ਼ ਉਪਰ ਓਪਰਾ ਜਿਹਾ ਹਾਸਿਲ-ਏ-ਅਬੂਰ ਜਰੂਰ ਪ੍ਰਦਿਸ਼ਤ ਹੁੰਦਾ ਹੈ। ਉਪ੍ਰੋਕਤ

ਘਾਟ ਨੂੰ ਨਿਸ਼ਾਨ ਸਿੰਘ ਜੌਹਲ ਨੇ ਪੂਰਾ ਕਰਨ ਦੀ ਕੋਸ਼ਿਸ਼ ਤਕਤੀਹ ਕਰਕੇ ਤਾਂ ਕੀਤੀ ਹੈ ਪਰ ਏਨੀ ਬੌਧਿਕਤਾ ਨਾਲ ਕਿ ਆਮ ਪਾਠਕ ਦੇ ਪੱਲੇ ਕੁਝ ਨਹੀਂ ਪੈਂਦਾ। ਪਾਠਕ ਸਿਰਫ਼ ਇਸ ਗੱਲ ਨੂੰ ਹੀ ਸਮਝਦਾ ਹੈ ਕਿ ਸ਼ਾਇਰ ਸੱਗੂ ਬਾ-ਬਹਿਰ ਅਤੇ ਬਾ-ਵਜ਼ਨ ਲਿਖਦਾ ਹੈ। ਹਾਂ ਇਕ ਗੱਲ ਜਰੂਰ ਕਹਿਣੀ ਬਣਦੀ ਹੈ ਕਿ ਅਜਿਹੀ ਲਿਖਤ ਨੂੰ ਪੜ੍ਹ ਕੇ ਸ਼ਾਇਰ ਸੱਗੂ ਦੀ ਸ਼ਾਇਰੀ ਨਾਲੋਂ ਮੁੱਖ-ਬੰਦ ਲਿਖਣ ਵਾਲਿਆਂ ਦੀ ਗ਼ਜ਼ਲ ਪ੍ਰਥਾਇ ਜਾਣਕਾਰੀ ਦਾ ਗਿਆਨ ਬਹੁਤਾ ਉਭਰਦਾ ਹੈ। 'ਚਾਨਣ ਦੀ ਬਾਤ' ਗ਼ਜ਼ਲ ਸੰਗ੍ਰਹਿ ਦੀ ਬਾ-ਅਰੂਜ਼ ਬਣਤਰ ਬਾਰੇ ਪਾਠਕਾਂ ਵਾਸਤੇ ਮੁੱਖ-ਬੰਦ ਹੀ ਕਾਫ਼ੀ ਹਨ। ਇਸ ਗ਼ਜ਼ਲ ਸੰਗ੍ਰਹਿ ਦੇ ਥੀਮਕ ਪਾਸਾਰ ਬਾਰੇ ਗੱਲ ਕਰਾਂਗਾ ਕਿ ਸ਼ਾਇਰ ਵਲੋਂ ਚੁਣੇ ਗਏ ਗ਼ਜ਼ਲਾਂ ਦੇ ਥੀਮ ਮਨੁੱਖਤਾ ਦੀ ਖੁਸ਼ਹਾਲੀ ਵਾਸਤੇ ਕਿੰਨੇ ਕਾਰਗਾਰ (efficacious) ਹੋਏ ਹਨ।

ਸ਼ਾਇਰ ਸੱਗੂ ਇਕ ਸੰਪਾਦਨਾ ਦੀ ਪੁਸਤਕ 'ਨਿਰੰਜਨ ਸਿੰਘ ਨੂਰ ਸਿਮ੍ਰਤੀ ਗ੍ਰੰਥ' ਵੀ ਛਪਵਾ ਚੁੱਕਾ ਹੈ। ਪਰਮਾਰ ਜੀ 'ਚਾਨਣ ਦੀ ਬਾਤ' ਦੇ ਪੰਨਾ 14 ਉਪਰ ਲਿਖਦੇ ਹਨ, 'ਬਾਕੀ ਜਿਸ ਤਰ੍ਹਾਂ ਨਿਰੰਜਨ ਸਿੰਘ ਨੂਰ ਪ੍ਰਗਤੀਸ਼ੀਲ ਧਾਰਾ ਦਾ ਸ਼ਾਇਰ ਹੋਣ ਦੇ ਬਾਵਜੂਦ ਉਦਾਰ ਸੀ ਉਸੇ ਤਰ੍ਹਾਂ ਭੂਪਿੰਦਰ ਵੀ ਬੜਾ ਉਦਾਰ ਹੈ। ਇਕ ਹਿਸਾਬ ਨਾਲ ਜੇ ਵੇਖਿਆ ਜਾਏ ਤਾਂ ਭੂਪਿੰਦਰ ਸੱਗੂ, ਨੂਰ ਨਾਲੋਂ ਵੀ ਵੱਧ ਉਦਾਰ ਹੈ।' ਜਿਵੇਂ ਆਖਿਆ ਜਾਂਦਾ ਹੈ ਕਿ ਕਵਿਤਾ ਕਵੀ ਦੀ ਅੰਤਰ-ਆਤਮਾ ਅੰਦਰ ਵਸੀ ਰੀਝ ਹੁੰਦੀ ਹੈ। ਪਰਮਾਰ ਜੀ ਦੇ ਲਿਖਣ ਅਨੁਸਾਰ ਜੇਕਰ ਇਸ ਗੱਲ ਨੂੰ ਵੀ ਮੰਨੀਏ ਕਿ ਸੱਗੂ ਨੇ ਆਪਣੇ ਉਸਤਾਦ ਨੂਰ ਬਾਰੇ ਕਈ ਕਲਾਮ ਪੇਸ਼ ਕੀਤੇ ਹਨ। ਅਜਿਹੀ ਸ਼ਾਇਰੀ ਪੜ੍ਹਨ ਮਗਰੋਂ ਪਾਠਕ ਦੇ ਦਿਲ ਵਿਚ ਕੋਈ ਸ਼ੱਕ ਬਾਕੀ ਨਹੀਂ ਰਹਿੰਦੀ ਕਿ ਭੂਪਿੰਦਰ ਸੱਗੂ ਆਪਣੇ ਆਪ ਨੂੰ ਉਸਤਾਦ ਨੂਰ ਜੀ ਤੋਂ ਵੱਧ ਲਿਬਰਲ ਨਹੀਂ ਸਮਝਦਾ ਪਰ ਅਗਲਾ ਸ਼ਿਅਰ ਸ਼ਾਇਰ ਸੱਗੂ ਦਾ ਆਪਣੇ ਉਸਤਾਦ ਪ੍ਰਥਾਇ ਆਪਣੀ ਸ਼ਰਧਾ ਪੇਸ਼ ਜ਼ਰੂਰ ਕਰਦਾ ਹੈ। ਗ਼ਜ਼ਲ ਨੰਬਰ ਪੈਂਤੀ ਪੰਨਾ 71 ਉਪਰ ਜਦ ਸ਼ਾਇਰ ਸੱਗੂ ਲਿਖਦਾ ਹੈ :

'ਮੇਰੇ ਯਾਰੋ ਉਦੋਂ ਝਟਪਟ ਜਿਗਰ ਦੇ ਗ਼ਮ ਹਰੇ ਹੁੰਦੇ,
ਜਦੋਂ ਉਸਤਾਦ ਪਿਆਰੇ ਨੂਰ ਜੀ ਦੀ ਯਾਦ ਆਉਂਦੀ ਹੈ।'

ਭੂਪਿੰਦਰ ਸੱਗੂ ਨੇ ਕਲਾਤਮਕ ਪੰਜ ਕਾਵਿ ਸੰਗ੍ਰਹਿ ਵੀ ਛਪਵਾਏ ਹਨ। ਜਿਨ੍ਹਾਂ ਵਿਚ 'ਉਸਨੇ ਕਿਹਾ'ਸੰਵਾਦੀ, ਸਹਿਜ ਅਤੇ ਸੁਹਜ ਦੀ ਕਵਿਤਾ ਹੈ ਜਿਸ ਦੇ ਕਲੇਵਰ ਵਿਚ ਜਨ-ਪ੍ਰਵਚਨ ਨੂੰ ਸਥਾਪਤ ਕਰਨ ਵਾਸਤੇ ਕਵੀ ਦੀ ਅੰਤਰ-ਆਤਮਾ ਸੰਘਰਸ਼ ਕਰਦੀ ਜੀਵਨ ਦੀਆਂ ਸਮੱਸਿਆਵਾਂ ਨੂੰ ਅੰਤਰ-ਮੁੱਖੀ ਅਤੇ ਬਾਹਰ-ਮੁੱਖੀ ਵਰਤਾਰਿਆਂ ਨਾਲ ਜੋੜਦੀ ਹੈ। ਭਾਵੇਂ ਉਹ ਪਿਆਰ ਮੁਹੱਬਤ ਦਾ

ਸਿਖ਼ਰ-ਸੰਤੋਖ ਹੈ, ਸਮਾਜਕ ਉੱਥਲ ਪੁੱਥਲ ਹੈ, ਰਾਜਨੀਤਕ ਖਿਲਵਾੜ ਹੈ, ਸੱਭਿਆਚਾਰਕ ਵਿਸੰਗਤੀਆਂ ਹਨ ਅਤੇ ਜਾਂ ਫਿਰ ਧਾਰਮਿਕ ਜਨੂੰਨ ਹੈ। ਪਰਵਾਸੀਆਂ ਦੀ ਆਰਥਕ ਭੁੱਖ ਨਾਲ ਖੱਜਲ ਖੁਆਰ ਹੁੰਦੀ ਜ਼ਿੰਦਗੀ ਨੂੰ ਨਵੇਂ ਸ਼ਬਦਾਂ ਨਾਲ ਪ੍ਰਗਟ ਕੀਤਾ ਹੈ। ਇਨ੍ਹਾਂ ਸਭ ਦ੍ਰਿਸ਼ਟੀਆਂ ਅਤੇ ਅੰਤਰ ਦ੍ਰਿਸ਼ਟੀਆਂ ਨੂੰ ਕਵੀ ਸਮਾਜਕ, ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਕ ਵਰਤਾਰਿਆਂ ਨਾਲ ਮੇਚ ਕੇ ਪ੍ਰਸਤੁਤ ਕਰਦਾ ਹੈ।

ਜੇਕਰ 'ਚਾਨਣ ਦੀ ਬਾਤ'ਗ਼ਜ਼ਲ ਸੰਗ੍ਰਹਿ ਦੇ ਵਿਸ਼ਾ-ਵਸਤੂ ਨੂੰ ਵਿਚਾਰੀਏ ਤਾਂ ਉਪ੍ਰੋਕਤ ਕਥਾ-ਪ੍ਰਸੰਗਾਂ ਦੇ ਆਧਾਰੀ ਪ੍ਰਕਰਣਾਂ ਤੋਂ ਜੇ ਕੁਝ ਵਖਰਾ ਹੈ ਤਾਂ ਗ਼ਜ਼ਲ ਦੀ ਪ੍ਰਕ੍ਰਿਤੀ ਕਾਰਨ ਹੀ ਹੈ। ਜਿਸ ਕਰਕੇ ਮੁਖ ਥੀਮ ਆਪਾ ਸਮਰਪਣ, ਮਾਨਵਤਾ, ਹੱਕ ਸੱਚ ਲਈ ਸੰਘਰਸ਼, ਆਸ਼ਕਾਨਾ, ਅਤੇ ਸੂਫ਼ੀਆਨਾ ਰੰਗ ਰੂਪ ਲਿਸ਼ਕਦਾ ਹੈ। ਸ਼ਾਇਰ ਆਪਸੀ ਮੋਹ-ਮੁਹੱਬਤ ਦਾ ਵਣਜਾਰਾ ਹੈ। ਆਸ਼ਕ ਮਿਜ਼ਾਜ਼ ਏਨਾ ਹੈ ਕਿ ਸ਼ਾਇਰ ਦੀ ਇਹ ਆਸ਼ਕੀ ਲੁਪਤ, ਸ਼ਬਦਾਵਲੀ ਸੂਫ਼ੀਆਨਾ ਹੋ ਨਿਬੜਦੀ ਹੈ। ਸ਼ਾਇਰ ਜਦ ਆਸ਼ਕੀ ਨੂੰ ਸ਼ਬਦਾਂ ਦਾ ਬਾਣਾ ਪਹਿਨਾਉਂਦਾ ਹੈ ਤਾਂ ਉਸਦੀ ਇਹ ਆਸ਼ਕੀ ਰੂਹਾਨੀਅਤ ਵਿਚ ਸਥਾਨ-ਅੰਤਰਣ ਹੋ ਜਾਂਦੀ ਹੈ। ਅਜਿਹੇ ਕਹੇ ਸ਼ਿਅਰਾਂ ਅੰਦਰ ਰੰਗ-ਏ-ਤਸੱਵਫ਼ ਝਲਕਦਾ ਹੈ। ਸੂਫ਼ੀਆਨਾ ਕਲਾਮ ਹੀ ਸ਼ਾਇਰ ਦਾ ਧਾਰਮਿਕ ਵਿਸ਼ਵਾਸ ਹੈ। ਉਹ ਰੱਬ ਦੇ ਸਰੂਪ ਨੂੰ ਕਿਆਸਦਾ ਨਹੀਂ ਸਗੋਂ ਉਹ ਉਸ ਸ਼ਕਤੀ ਨੂੰ ਰੱਬ ਕਹਿੰਦਾ ਹੈ ਜਿਹੜੀ ਸ਼ਕਤੀ ਮਨੁੱਖ ਨੂੰ ਤਰਕ ਨਾਲ ਆਸ਼ਨਾਇਨਾ ਕਰਾਉਂਦੀ ਹੈ। ਸ਼ਾਇਰ ਪਰਿਵਾਰਕ, ਸਮਾਜਕ ਅਤੇ ਜਥੇਬੰਦਕ ਏਕੇ ਦਾ ਧਾਰਨੀ ਹੈ। ਸ਼ਾਇਰ ਸੱਗੂ ਦਾ ਵਿਚਾਰ ਕਿ ਮੋਹ-ਮੁਹੱਬਤ ਹੀ ਏਕਾ ਕਾਇਮ ਕਰ ਸਕਦਾ ਹੈ। ਏਕਾ ਰੱਖਣਾ ਮਨੁੱਖਤਾ ਦੇ ਕਰੀਨਿਆਂ ਵਿਚੋਂ ਪਹਿਲਾ ਕਰੀਨਾ ਹੈ। ਮਨੁੱਖ ਮਨੁੱਖ ਵਾਸਤੇ ਸ਼ਾਇਰ ਦਾ ਨਾਹਰਾ ਹੈ। ਇਹੀ ਨਾਹਰਾ ਸ਼ਾਇਰ ਨੂੰ ਪ੍ਰਗਤੀਸ਼ੀਲ ਧਾਰਾ ਨਾਲ ਜੋੜਦਾ ਹੈ। ਸੱਗੂ ਸਥਾਪਤ ਸਮਾਜਕ ਅਤੇ ਸੱਭਿਆਚਾਰਕ ਇਕਾਈਆਂ ਨੂੰ ਸਮੇਂ ਅਨੁਸਾਰ ਬਦਲਣ ਵਾਸਤੇ ਸ਼ਬਦਾਂ ਦੇ ਬਲਬੂਤੇ ਨਾਲ ਸੰਘਰਸ਼ ਕਰਦਾ ਹੈ। ਸੱਚ ਨੂੰ ਪਰਚਾਰਨਾ, ਹੱਕਾਂ ਲਈ ਸੰਘਰਸ਼, ਸਦਾਚਾਰਕ ਕਦਰਾਂ ਕੀਮਤਾਂ ਦੇ ਪ੍ਰਬੰਧ ਅਨੁਸਾਰ ਸ਼ਾਇਰ ਸਮਾਜਕ ਅਤੇ ਸੱਭਿਆਚਾਰਕ ਇਕਾਈਆਂ ਨੂੰ ਵੱਧਦਾ ਫੁੱਲਦਾ ਵੇਖਣਾ ਚਾਹੁੰਦਾ ਹੈ। ਗ਼ਜ਼ਲਾਂ ਵਿਚ ਵਰਤੀ ਗਈ ਮਨੁੱਖਤਾ ਵਾਸਤੇ ਹਾ ਦਾ ਨਾਹਰਾ ਲਾਉਣ ਵਾਲੀ ਸ਼ਬਦਾਵਲੀ ਨਾਲ ਗ਼ਜ਼ਲਾਂ ਅੰਦਰ ਬਣੇ ਵਾਕੰਸ਼, ਮੁਹਾਵਰੇ ਬਣ ਗਏ ਹਨ। ਸ਼ਾਇਰ ਰਾਜਨੀਤੀ ਨੂੰ ਮਨੁੱਖ ਦੀ ਫਿਤਰਤ ਦੁਆਲੇ ਘੁੰਮਾਉਂਦਾ ਹੈ। ਭ੍ਰਿਸ਼ਟਾਚਾਰ ਰੋਹਬਦਾਰ ਵਾਲੇ ਨੇਤਾਵਾਂ ਦੇ ਲੱਛਣ ਨੂੰ ਰਾਜਨੀਤਿਕ ਨਿਘਾਰ ਕਹਿੰਦਾ ਹੈ। ਇਸ ਰਾਜਨੀਤੀ ਦੇ ਨਿਘਾਰ ਸ਼ਬਦ

ਨਾਲ ਖਿਲਵਾੜ ਜੋੜ ਕੇ ਵਾਕੰਸ਼ ਬਣਾਉਂਦਾ ਹੈ। ਰਾਜਾ ਅਤੇ ਪਰਜਾ, ਮਾਲਕ ਅਤੇ ਮਜ਼ਦੂਰ ਦੇ ਸੰਬੰਧ ਵਿਚ ਗੈਰ-ਕੁਦਰਤੀ ਅਤੇ ਗੈਰ-ਵਿਧਾਨਕ ਪ੍ਰਣਾਲੀਆਂ ਦਾ ਆ ਜਾਣਾ ਮਨੁੱਖਤਾ ਦੇ ਵਿਨਾਸ਼ ਦਾ ਕਾਰਨ ਦਸਦਾ ਹੈ। ਸੱਗੂ ਦੀ ਸ਼ਾਇਰੀ ਖਿਆਲੀ ਪਕਾਓ ਨਹੀਂ ਪਕਾਉਂਦੀ ਸਗੋਂ ਉਸਦਾ ਹਰ ਸ਼ਿਅਰ ਮਨੁੱਖ ਦੇ ਨਿਤਾ-ਪ੍ਰਤੀ ਜੀਵਨ ਨੂੰ ਖੁਸ਼ਹਾਲ ਬਣਾਉਣ ਦਾ ਕੋਈ ਨਾ ਕੋਈ ਨੁਕਤਾ ਸਿਰਜਦਾ ਹੈ। ਵਿਗਿਆਨਕ ਤਸ਼ਬੀਹਾਂ ਵਰਤਦਾ ਹੋਣ ਕਰਕੇ ਉਸਦੀ ਸ਼ਾਇਰੀ ਹਲਕੀ ਨਹੀਂ ਹੈ ਸਗੋਂ ਵਜ਼ਨਦਾਰ ਹੈ। ਸ਼ਾਇਰ ਵਲੋਂ ਕਹੀਆਂ ਗਈਆਂ ਗ਼ਜ਼ਲਾਂ ਵਿਚ ਮੁਹਾਵਰੇ (phraseology), ਅਖਾਣਾਂ (proverb), ਆਲੰਕਾਰ (embellishment), ਖ਼ੂਬ-ਏ ਤਲਮੀਹ, ਇਤਨਾਬ ਆਦਿ ਅਤੇ ਵਖਰੇ ਵਖਰੇ ਰਸ ਜਿਵੇਂ ਸ਼ਿੰਗਾਰ ਰਸ, ਵੀਰ ਰਸ, ਸ਼ਾਂਤ ਰਸ, ਭੀਵਤਸ ਅਤੇ ਕਰੁਣਾ ਰਸ ਪੜ੍ਹੇ ਜਾਂਦੇ ਹਨ। ਅਗੇ ਪੜ੍ਹੋ 'ਖ਼ੂਨ ਚਿੱਟਾ ਹੋ ਗਿਆ ਬਾ-ਮੁਹਾਵਰਾ ਕਿਵੇਂ ਸ਼ਾਇਰ ਨੇ ਰਦੀਫ਼ ਕਾਫ਼ੀਏ ਵਿਚ ਵੀ ਵਰਤਿਆ ਹੈ। ਪੰਜਾਬੀ ਵਿਚ ਮੁਹਾਵਰੇ ਤੋਂ ਭਾਵ ਉਹ ਕਥਨ-ਵਿਧੀ ਹੁੰਦੀ ਹੈ ਜਿਸ ਕਥਨ ਵਿਚ ਚੰਗਿਆਈ ਨੂੰ ਬਰਾਈ ਉਪਰ ਫਤਹਿ ਪਵਾਈ ਜਾਂਦੀ ਹੈ। ਮੁਹਾਵਰਿਆਂ ਦਾ ਰਚਨਹਾਰਾਂ ਕੋਈ ਖਾਸ ਵਿਅੱਕਤੀ ਨਹੀਂ ਹੁੰਦਾ ਸਗੋਂ ਇਹ ਸਮਾਂ ਪੈ ਕੇ ਸਮਾਜਕ ਅਤੇ ਸੱਭਿਆਚਾਰਕ ਇਕਾਈਆਂ ਵਿਚ ਵਿਸੰਗਤੀਆਂ ਦਾ ਰਲ ਗੱਡ ਇਨ੍ਹਾਂ ਮੁਹਾਵਰਿਆਂ ਨੂੰ ਰਚਦਾ ਹੈ। ਮੁਹਾਵਰਾ ਉਸ ਸਤਰ ਨੂੰ ਕਿਹਾ ਜਾਂਦਾ ਹੈ ਜਿਸ ਸਤਰ ਨੂੰ ਪੜ੍ਹ ਸੁਣ ਕੇ ਇਸ ਵਿਚਾਰ ਦੀ ਸਮਝ ਪਵੇ ਕਿ ਸਮਾਜਿਕ ਵਿਸੰਗਤੀਆਂ ਨੂੰ ਸਥਾਪਤ ਸਮਾਜਕ ਅਤੇ ਸੱਭਿਆਚਾਰਕ ਰਹੁ ਰੀਤਾਂ ਦਾ ਮੁਲਾਂਕਣ ਕਰਕੇ ਚੰਗਿਆਈਆਂ ਨੂੰ ਪ੍ਰਗਟ ਕੀਤਾ ਜਾ ਸਕੇ। ਇਹ ਵਿਸੰਗਤੀਆਂ ਸਮਾਜਕ ਸੱਭਿਆਚਾਰਕ, ਰਾਜਨੀਤਕ ਅਤੇ ਧਾਰਮਿਕ ਵੀ ਹੋ ਸਕਦੀਆਂ ਹਨ। ਪੰਜਾਬੀ ਗ਼ਜ਼ਲ ਯੂ. ਕੇ. ਦੇ ਇਤਹਾਸ ਵਿਚ ਸ਼ਾਇਰ ਸੱਗੂ ਪਹਿਲਾ ਗ਼ਜ਼ਲਗੋ ਹੈ ਜਿਸਨੇ ਮੁਹਾਵਰੇ ਨੂੰ ਰਦੀਫ਼ ਕਾਫ਼ੀਏ ਵਿਚ ਵਰਤਿਆ ਹੈ।

'ਰਿਸ਼ਤਿਆਂ ਵਿਚ ਤੇੜ ਆਈ, ਖ਼ੂਨ ਚਿੱਟਾ ਹੋ ਗਿਆ।
ਖੌਰੇ ਕਿਸ ਨੇ ਲੂਤੀ ਲਾਈ, ਖ਼ੂਨ ਚਿੱਟਾ ਹੋ ਗਿਆ।

ਚਾਨਣ ਦੀ ਬਾਤ ਪੰਨਾ 45

ਕੋਈ ਸ਼ਾਇਰ ਜਦ ਆਪਣੀ ਦਿਲੀ ਕੈਫ਼ੀਅਤ ਨੂੰ ਕਾਵਿਕ-ਸਾਂਚੇ ਵਿਚ ਢਾਲ ਕੇ ਪਾਠਕਾਂ ਦੇ ਰੂਬਰੂ ਕਰਦਾ ਹੈ ਤਾਂ ਉਸ ਕਾਵਿ-ਟੁਕੜੀ ਨੂੰ ਸ਼ਿਅਰ ਆਖਦੇ ਹਨ। ਕਿਸੇ ਸ਼ਿਅਰ ਨੂੰ ਕੇਵਲ ਛੰਦਾਂ-ਬੰਦੀ ਵਿਚ ਹੋਣ ਕਰਕੇ ਚੰਗਾ ਸ਼ਿਅਰ ਨਹੀਂ ਆਖਿਆ ਜਾਂਦਾ। ਸ਼ਿਅਰ ਅੰਦਰ ਉਸਾਰੂ ਵਿਚਾਰ, ਲੈਅ ਅਤੇ ਰਸਦਾਇਕ ਸ਼ਬਦਾਵਲੀ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸ਼ਿਅਰਾਂ ਅੰਦਰ ਸੰਜਮਤਾ ਵੀ

ਗ਼ਜ਼ਲ ਦਾ ਦੈਵੀ ਗੁਣ ਹੁੰਦਾ ਹੈ। ਇਨ੍ਹਾਂ ਖੂਬੀਆਂ ਨੂੰ ਸ਼ਾਇਰ ਸੱਗੂ ਦੇ ਸ਼ਿਅਰਾਂ ਵਿਚ ਉਰਦੂ, ਫ਼ਾਰਸੀ ਦੇ ਅਨੁਰੂਪਤ ਪੰਜਾਬੀ ਬੋਲੀ ਰਾਹੀਂ ਪੜ੍ਹਿਆ ਜਾਂਦਾ ਹੈ। ਸ਼ਾਇਰ ਭੂਪਿੰਦਰ ਸਿੰਘ ਸੱਗੂ ਦੇ ਸ਼ਿਅਰਾਂ ਅੰਦਰ ਪ੍ਰਤੀਕ ਹਨ। ਸ਼ਿਅਰ ਤਕਮਾਂ ਜਾਂ ਅਬਰਾਮ ਭਰਪੂਰ ਹਨ। ਵਿਗਿਆਨਕ ਤਸ਼ਬੀਹਾਂ ਹਨ। ਸਾਰੇ ਸ਼ਿਅਰ ਤਕਾਬਲ ਹਨ। ਸ਼ਿਅਰਾਂ ਅੰਦਰ ਸੋਜ਼ ਅਤੇ ਤਪ ਹੈ। ਸ਼ਾਇਰ ਦੀ ਇਹ ਤਪ ਆਪਣੇ ਉਸਤਾਦ ਨਿਰੰਜਨ ਸਿੰਘ ਨੂਰ ਪ੍ਰਥਾਇ, ਖੁਸ਼ਹਾਲੀ ਅਤੇ ਮਾਨਵਵਾਦੀ ਹੈ। ਸ਼ਿਅਰਾਂ ਅੰਦਰ ਉਹ ਉੱਚੀ ਉਡਾਰੀ ਹੈ ਜਿਹੜੀ ਮਨੁੱਖਤਾ ਦੇ ਦਰਸ਼ਨ ਦਾ ਪੁਨਰ ਲੇਖਣ ਕਰਦੀ ਹੈ। ਸ਼ਿਅਰਾਂ ਅੰਦਰ ਧਨਾਤਮਕ ਅਤੇ ਉਸਾਰੂ ਸੋਚ ਹੈ। ਸ਼ਿਅਰ ਬਹੁਤ ਇਖਲਾਕੀ ਅਤੇ ਇਸਲਾਹੀ ਕਹੇ ਗਏ ਹਨ। 'ਚਾਨਣ ਦੀ ਬਾਤ' ਗ਼ਜ਼ਲ ਸੰਗ੍ਰਹਿ ਦੀਆਂ ਸਾਰੀਆਂ ਗ਼ਜ਼ਲਾਂ ਦੇ ਵਖੋ ਵਖਰੀ ਜ਼ਮੀਨ ਦੀਆਂ ਅਤੇ ਵਖੋ ਵਖਰੇ ਰਦੀਫ਼ ਕਾਫ਼ੀਏ ਵਾਲੀਆਂ ਹਨ। ਸੰਗ੍ਰਹਿ ਵਿਚ ਅੰਕਿਤ ਗ਼ਜ਼ਲਾਂ ਦਾ ਹਰ ਸ਼ਿਅਰ 'ਫ਼ਰਦ' (ਜ਼ਰਬੁਲਮਿਸਲ) ਹੈ। ਭਾਵ ਸ਼ਾਇਰ ਨੇ ਬਹੁਤ ਉੱਚ ਪਾਏ ਅਤੇ ਮਾਹਰਕੇ ਵਾਲੇ ਸ਼ਿਅਰ ਕਹੇ ਹਨ। ਕੁਝ ਕੁ ਮੁਹਾਵਰਿਆਂ ਵਾਂਗ ਮੂੰਹ ਚੜ੍ਹਨ ਵਾਲੇ ਜ਼ਰਬੁਲਮਿਸਲ ਪਰਕਾਰ ਦੇ ਸ਼ਿਅਰ ਅਗੇ ਪੜੋ :

ਮੁਹੱਬਤ ਦੇ ਪੁਜਾਰੀ ਤਾਂ ਸਦਾ ਪੂਜਣ ਵਫ਼ਾ ਨੂੰ,
ਤੁਸੀਂ ਪੱਥਰਾਂ'ਚ ਭਾਲੋਗੇ ਕਿਵੇਂ ਲੋਕੋ ਖੁਦਾ ਨੂੰ।
ਮੁਹੱਬਤ ਦੀ ਖਾਤਿਰ ਜੋ ਵੀ ਸਿਰ ਕਟਾਵੇ।
ਸਜਨ ਦੀ ਗਲੀ ਦਾ ਉਹੋ ਭੇਦ ਪਾਵੇ।
ਮੈਂ ਜਦੋਂ ਤੋਂ ਅਪਣੇ ਦਿਲ ਵਿਚੋਂ ਈਰਖਾ ਕਢ ਦਿਤੀ ਹੈ।
ਉਦੋਂ ਤੋਂ ਸਾਰਾ ਜ਼ਮਾਨਾ ਮੇਰਾ ਮਿਤਰ ਹੋ ਗਿਆ।
ਮੰਜ਼ਿਲ 'ਤੇ ਅਪੜਣ ਦਾ ਉਸੇ ਰਾਹੀ ਨੂੰ ਸੁਖ ਮਿਲਦਾ ਹੈ,
ਜੇਸ ਮੁਸਾਫ਼ਿਰ ਤਾਈਂ ਮੁੱਢੋਂ ਰਸਤੇ ਦੁਸ਼ਵਾਰ ਮਿਲੇ।
ਮੈਂ ਜਦ ਈਸਾ ਵਾਗੂੰ ਮੋਢੇ ਤੇ ਸੂਲੀ ਚੁਕ ਤੁਰਦਾ ਹਾਂ,
ਵੇਖ ਇਰਾਦਾ 'ਸੱਗੂ' ਵਾਲਾ ਮੌਤ ਤਦੇ ਘਬਰਾਉਂਦੀ ਹੈ।
ਜ਼ਰੇ ਜ਼ਰੇ ਦੇ ਵਿਚ ਰੱਬ ਹੈ,
ਸੱਗੂ ਅੱਖ ਉਠਾ ਕੇ ਵੇਖੋ।

ਅਰੂਜ਼ ਅਨੁਸਾਰ ਗ਼ਜ਼ਲਾਂ ਦਾ ਮਤਲਾ, ਰਦੀਫ਼-ਕਾਫ਼ੀਆ, ਅਤੇ ਮਕਤਾ ਬਾਰੇ ਨਿਸ਼ਾਨ ਸਿੰਘ ਜੌਹਲ, ਜਾਣਕਾਰੀ ਦਿੰਦੇ ਲਿਖਦੇ ਹਨ ਕਿ ਸ਼ਾਇਰ ਸੰਗੂ ਦੀਆਂ ਗ਼ਜ਼ਲਾਂ ਦੇ ਬਹਿਰਾਂ ਅੰਦਰ ਕੈਦ-ਏ-ਬ-ਯਕ ਰਦੀਫ਼ ਕਾਫ਼ੀਆ, ਮਤਲਾ ਅਤੇ ਮਕਤਾ ਆਉਂਦਾ ਹੈ। ਸ਼ਾਇਰ ਸੱਗੂ ਦੀਆਂ ਕਹੀਆਂ ਗ਼ਜ਼ਲਾਂ ਅੰਦਰ ਤਜ਼ਾਦ

ਹੈ ਭਾਵ ਸ਼ਿਅਰਾਂ ਵਿਚ ਵਿਰੋਧੀ ਅਰਥਾਂ ਵਾਲੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਸੱਗੂ ਵਲੋਂ ਕਹੀਆਂ ਗਈਆਂ ਗ਼ਜ਼ਲਾਂ ਦੀਆਂ ਕਈ ਖੂਬੀਆਂ ਵੀ ਹਨ ਜਿਵੇਂ ਖੂਬੀ-ਏ-ਤਕਰਾਰ-ਲਫ਼ਜ਼ੀ ਨੂੰ ਪੰਜਾਬੀ ਵਿਚ ਸ਼ਬਦ ਸਮਾਸ ਜਾਂ ਸ਼ਬਦਾਲੰਕਾਰ ਕਿਹਾ ਜਾਂਦਾ ਹੈ ਭਾਵ ਇਕੋ ਸ਼ਬਦ ਨੂੰ ਇਕੋ ਸਤਰ ਵਿਚ ਦੋ ਵਾਰ ਵਰਤਿਆਂ ਜਾਣਾ ਅਤੇ ਦੋਨਾਂ ਸ਼ਬਦਾਂ ਦੇ ਭਾਵ-ਅਰਥ ਵਖਰੇ ਵਖਰੇ ਹੋਣ ਜਿਵੇਂ ਹੇਠਲੇ ਸ਼ਿਅਰ ਵਿਚ ਸ਼ਬਦ 'ਦਿਲ' ਆਇਆ ਹੈ।

ਆਪਣਾ ਮੇਲ ਬੜਾ ਮੁਸ਼ਕਿਲ ਹੈ,
ਪਰ ਕੀ ਕਰੀਏ ਦਿਲ ਤਾਂ ਦਿਲ ਹੈ।

ਚਾਨਣ ਦੀ ਬਾਤ ਪੰਨਾ 57

ਖੂਬੀ-ਏ-ਤਲਮੀਹ ਤੋਂ ਬਿਨ੍ਹਾਂ ਤਾਂ ਗ਼ਜ਼ਲ, ਗ਼ਜ਼ਲ ਹੀ ਨਹੀਂ ਹੁੰਦੀ ਕਿਉਂਕਿ ਗ਼ਜ਼ਲ ਦੇ ਹਰ ਸ਼ਿਅਰ ਵਿਚ ਇਕ ਪੂਰੀ ਕਹਾਣੀ ਹੁੰਦੀ ਹੈ ਜਿਹੜੀ ਮਤਲਾ ਦੇ ਭਾਵ-ਅਰਥ ਦਾ ਵਿਵਰਣ ਕਰਦੀ ਹੁੰਦੀ ਹੈ। ਜਿਵੇਂ ਹੇਠਲੇ ਸ਼ਿਅਰ ਵਿਚ 'ਈਸਾ ਅਤੇ ਸੂਲੀ' ਸ਼ਬਦਾਂ ਦਾ ਪ੍ਰਯੋਗ ਹੋਇਆ ਹੈ।

ਮੈਂ ਜਦ ਈਸਾ ਵਾਗੂੰ ਮੋਢੇ ਤੇ ਸੂਲੀ ਚੁੱਕ ਤੁਰਦਾ ਹਾਂ,
ਵੇਖ ਇਰਾਦਾ 'ਸੱਗੂ' ਵਾਲਾ ਮੌਤ ਦੇ ਘਬਰਾਉਂਦੀ ਹੈ।

ਚਾਨਣ ਦੀ ਬਾਤ ਪੰਨਾ 53

ਖੂਬੀ-ਏ-ਇਤਨਾਬ ਇਕੋ ਸ਼ਬਦ ਨੂੰ ਦੋ ਵਾਰ ਜਾਂ ਤਿੰਨ ਵਾਰ ਵਰਤਣਾ ਅਤੇ ਉਨ੍ਹਾਂ ਸ਼ਬਦਾਂ ਦਾ ਭਾਵ-ਅਰਥ ਵੀ ਨਾ ਬਦਲੇ। ਇਹ ਖ਼ੂਬੀ ਜਿਹੜੀ ਸੱਗੂ ਵਲੋਂ ਕਹੇ ਗਏ ਸ਼ਿਅਰਾਂ ਅੰਦਰ ਸਮੋਈ ਹੋਈ ਹੈ ਅਜਿਹੀ ਖ਼ੂਬੀ ਦੀ ਵਰਤੋਂ ਕੋਈ ਪ੍ਰੋੜ ਸ਼ਾਇਰ ਹੀ ਕਰ ਸਕਦਾ ਹੈ।

ਜਿਵੇਂ ਗ਼ਜ਼ਲ ਨੰਬਰ ਤਿੰਨ ਦੇ ਮਕਤੇ ਅੰਦਰ 'ਪਲ, ਪਲ', 'ਖੇਰੂ ਖੇਰੂੰ', ਸ਼ਬਦ ਆਇਆ ਹੈ।

ਜਿਦੇ ਵਾਸਤੇ 'ਸੱਗੂ' ਪਲ-ਪਲ ਹੀ ਮਰਦੈ,
ਉਹੋ ਹੀ ਮੇਰੇ ਉੱਤੇ ਖੰਜਰ ਚਲਾਵੇ।

ਚਾਨਣ ਦੀ ਬਾਤ ਪੰਨਾ 39

ਚਾਅ ਮੇਰੇ ਖੇਰੂ ਖੇਰੂੰ ਹੋ ਗਏ,
ਹਰ ਕਲੀ ਰੋਈ, ਤੇਰੇ ਬਾਗ ਵਿਚ।

ਚਾਨਣ ਦੀ ਬਾਤ ਪੰਨਾ 77

ਹੇਠਲੀ ਗ਼ਜ਼ਲ ਅੰਦਰ ਦੋਨੇ ਖੂਬੀਆਂ, ਖ਼ੂਬੀ-ਏ-ਇਤਨਾਬ ਅਤੇ ਖ਼ੂਬੀ-ਏ-ਤਜ਼ਾਦ ਭਾਵ ਇਕੋ ਸੂਰਤ ਵਾਲੇ ਸ਼ਬਦਾਂ ਦਾ ਇਕ ਸਤਰ ਵਿਚ ਦੋਹਰੇ ਪ੍ਰਯੋਗ

ਕਾਰਨ ਵਰਤੇ ਸ਼ਬਦਾਂ ਦਾ ਵਖੋ ਵਖਰਾ ਅਰਥ ਹੁੰਦਾ ਹੈ। ਜਿਵੇਂ ਗ਼ਜ਼ਲ ਇੱਕੀ ਵਿਚ ਦੋਨੇ ਖ਼ੂਬੀਆਂ ਬਰਾਬਰ ਪੜ੍ਹੀਆਂ ਜਾਂਦੀਆਂ ਹਨ। ਹੇਠਾਂ 'ਹਸ-ਹਸ'ਦੋਨੇ ਸ਼ਬਦ ਉਹੀ ਅਰਥ ਕਹਿੰਦੇ ਹਨ ਅਤੇ 'ਦਿਲ ਤਾਂ ਦਿਲ' ਦੋਨਾਂ ਸ਼ਬਦਾਂ ਦੇ ਵਖੋ ਵਖਰੇ ਅਰਥ ਪੜ੍ਹੇ ਜਾਂਦੇ ਹਨ।

ਅਪਣਾ ਮੇਲ ਬੜਾ ਮੁਸ਼ਕਿਲ ਹੈ।
ਪਰ ਕੀ ਕਰੀਏ ਦਿਲ ਤਾਂ ਦਿਲ ਹੈ।
ਪਿਆਰ ਦੀ ਖ਼ਾਤਿਰ ਹਸ ਹਸ ਮਰਨਾ,
ਏਹੋ ਆਸ਼ਕ ਦਾ ਹਾਸਿਲ ਹੈ।

ਚਾਨਣ ਦੀ ਬਾਤ ਪੰਨਾ 57

ਗ਼ਜ਼ਲ ਨੰਬਰ ਇੱਕਤੀ ਵਿਚ ਨੇਤਾਵਾਂ ਦੇ ਸ਼ੋਸ਼ਣ ਸਿਰਜਦਾ ਸ਼ਾਇਰ ਖ਼ੂਬੀ-ਏ-ਤਕਰਾਰ-ਏ-ਲਫ਼ਜ਼ੀ ਵਰਤਦਾ ਹੈ ਜਿਵੇਂ ਹੇਠਲੇ ਸ਼ਿਅਰ ਅੰਦਰ 'ਵਰਦੀ'ਸ਼ਬਦ ਆਇਆ ਹੈ।

ਭਾਸ਼ਨ ਦੇ ਕੇ ਉਹ ਨੇਤਾ ਮਹਿਲਾਂ 'ਚ ਲੁਕਦੇ ਝੱਟ,
ਜਦ ਗੋਲੀ ਵਰ੍ਹਦੀ ਹੈ ਤਾਂ ਮਾਸੂਮਾਂ 'ਤੇ ਵਰ੍ਹਦੀ।

ਚਾਨਣ ਦੀ ਬਾਤ ਪੰਨਾ 67

ਰਾਜਨੀਤਕ ਨੇਤਾਵਾਂ ਵਲੋਂ ਭੋਲੀ ਭਾਲੀ ਜੰਤਾ ਦਾ ਸ਼ੋਸ਼ਣ ਹੁੰਦਾ ਵੇਖ ਕੇ ਸ਼ਾਇਰ ਸੱਗੂ ਦੀ ਕਲਮ ਕਾਲੇ ਅਤੇ ਲਾਲ ਅੱਖਰ ਲਿਖਦੀ ਹੈ। ਉਸਦੇ ਵਿਚਾਰ ਅਨੁਸਾਰ ਨੇਤਾ ਇਕ ਪਾਸੇ ਤਾਂ ਮੰਦਰਾਂ, ਮਸਜਦਾਂ, ਗੁਰਦੁਆਰਿਆਂ ਅਤੇ ਗਿਰਿਜਿਆਂ ਵਿਚ ਜਾ ਕੇ ਸਿਰ ਨਿਭਾ ਕੇ ਆਪਣੇ ਪਾਪ ਬਖ਼ਸ਼ਾਉਂਦੇ ਹਨ। ਅਜਿਹਾ ਕਰਨਾ ਉਨ੍ਹਾਂ ਦਾ ਇਕ ਚਲਿੱਤਰ ਹੈ ਪਰ ਉਨ੍ਹਾਂ ਦੇ ਦਿਲਾਂ ਅੰਦਰ ਰੱਬ ਬਾਰੇ ਕੋਈ ਸ਼ਰਧਾ ਨਹੀਂ ਹੈ। ਉਹ ਸਭ ਕੁਝ ਵਿਖਾਵੇ ਵਾਸਤੇ ਕਰਦੇ ਹਨ। ਇਹ ਬਗਲੇ ਭਗਤ ਜਨਤਾ ਨੂੰ ਉੱਲੂ ਬਣਾਉਂਦੇ ਹਨ। ਜਨਤਾ ਨੂੰ ਧਰਮਾਂ ਮਜ਼੍ਹਬਾਂ, ਜਾਤਾਂ, ਨਸਲਾਂ ਅਤੇ ਰੰਗਾਂ ਦੇ ਨਾਮ ਉਪਰ ਆਪਸ ਵਿੱਚ ਲੜਾ ਕੇ ਆਪਣੀ ਵੋਟ ਪੱਕੀ ਕਰਦੇ ਹਨ ਪਰ ਭਰਮਾਏ ਹੋਏ ਲੋਕ ਉਨ੍ਹਾਂ ਦੀਆਂ ਚਲਾਕੀਆਂ ਅਤੇ ਕਲਾਬਾਜ਼ੀਆਂ ਨੂੰ ਸਮਝ ਨਹੀਂ ਸਕਦੇ ਅਤੇ ਜਿਵੇਂ ਭੌਰਾ ਫੁੱਲਾਂ ਦੇ ਰਸ ਦੇ ਲਾਲਚ ਵਿਚ ਫੁੱਲ ਅੰਦਰ ਹੀ ਲਪੇਟਿਆਂ ਜਾਂਦਾ ਹੈ ਠੀਕ ਉਸੇ ਤਰ੍ਹਾਂ ਲੋਕ ਨੇਤਾਵਾਂ ਦੀਆਂ ਲੂੰਬੜ ਚਾਲਾਂ ਵਿਚ ਫਸ ਜਾਂਦੇ ਹਨ।

ਸਾਨੂੰ ਇਹ ਲੜਾਉਂਦੇ ਨੇਤਾ।
ਸੱਚ ਨੂੰ ਝੂਠ ਬਣਾਉਂਦੇ ਨੇਤਾ।

ਚਾਨਣ ਦੀ ਬਾਤ ਪੰਨਾ 54

ਜਿਨਾਂ ਲੋਕਾਂ ਨੇ ਹੱਕ ਮੰਗੇ,
ਰਾਜੇ ਨੇ ਉਹ ਮਾਰੇ ਲੋਕ।

ਚਾਨਣ ਦੀ ਬਾਤ ਪੰਨਾ 55

ਸ਼ਾਇਰ ਸੱਗੂ ਦੀ ਸ਼ਾਇਰੀ ਅੰਦਰ ਅਧੁਨਿਕ ਵਿਚਾਰਾਂ ਅੰਦਰ ਪੁਰਾਣੇ ਸੰਕਲਪ ਪੜ੍ਹੇ ਜਾਂਦੇ ਹਨ। ਭੂਪਿੰਦਰ ਜਦ ਪੁਰਾਣੇ ਸੰਕਲਪਾਂ ਨੂੰ ਨਵੇਂ ਸਰੋਕਾਰਾਂ ਰਾਹੀ ਉਕਰਦਾ ਹੈ ਤਾਂ ਉਸਦੀ ਸ਼ਾਇਰੀ ਪਰੰਪਰਾਵਾਦੀ ਅਤੇ ਰਵਾਇਤੀ ਹੋ ਨਿਬੜਦੀ ਹੈ। ਸ਼ਾਇਰ ਇਸ਼ਕ ਹਕੀਕੀ ਜਿੱਚ ਕੇ ਇਸ ਤਰ੍ਹਾਂ ਬਿਆਨਦਾ ਹੈ ਕਿ ਉਸਦਾ ਦੁਨੀਆਵੀ ਪਿਆਰ ਇਸ਼ਕ ਹਕਾਨੀ ਵਿਚ ਰੂਪਾਂਤਰਤ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਿਅਰ ਸਿਰਜਦਾ ਸੱਗੂ ਦਾ ਕਲਾਮ ਸੂਫ਼ੀ ਪੀਰਾਂ ਫਕੀਰਾਂ ਵਰਗਾ ਹੋ ਨਿਬੜਦਾ ਹੈ।

ਇਸ਼ਕ ਦੀ ਬਾਜ਼ੀ ਲਾ ਕੇ ਵੇਖੋ।
ਖ਼ੁਦ ਨੂੰ ਦਾਅ ਤੇ ਲਾ ਕੇ ਵੇਖੋ।

ਚਾਨਣ ਦੀ ਬਾਤ ਪੰਨਾ 68

ਸ਼ਾਇਰ ਸੱਗੂ ਰੱਬ ਦੇ ਨਾਮ ਨੂੰ ਧਿਆਉਂਣ ਨਾਲੋਂ ਕ੍ਰਿਤ ਕਰਨ ਨੂੰ ਤਰਜੀਹ ਦਿੰਦਾ ਹੈ। ਸੱਗੂ ਦਾ ਵਿਚਾਰ ਵੀ ਉਹੀ ਹੈ ਜੋ ਸੂਫ਼ੀ ਸੰਤਾਂ ਦਾ ਸੀ ਕਿ ਰੱਬ ਹਰ ਥਾਂ ਹੈ ਪਰ ਲੋਕ ਨਾ ਉਸਨੂੰ ਜਾਣ ਸਕੇ ਹਨ, ਨਾ ਪਛਾਣ ਸਕੇ ਹਨ ਅਤੇ ਨਾ ਹੀ ਵੇਖ ਸਕੇ ਹਨ ਕਿਉਂਕਿ ਉਨ੍ਹਾਂ ਕੋਲ ਵੇਖਣ ਵਾਲੀ ਅੱਖ ਨਹੀਂ ਹੈ। ਬੁੱਲੇ ਸ਼ਾਹ ਦੇ ਕਥਨ ਅਨੁਸਾਰ ਕਿ ਰੱਬ ਤੈਥੋਂ ਵੱਖ ਨਹੀਂ ਹੈ ਪਰ ਤੇਰੀ ਵੇਖਣ ਵਾਲੀ ਅੱਖ ਨਹੀਂ ਹੈ। ਸ਼ਾਇਰ ਸੱਗੂ ਇਸ ਤੋਂ ਅੱਗੇ ਦੀ ਗੱਲ ਕਹਿੰਦਾ ਹੈ ਕਿ ਮਨੁੱਖ ਨੂੰ ਰੱਬ ਤਾਈਂ ਨੀਝ ਲਾ ਕੇ ਵੇਖਣ ਦੀ ਲੋੜ ਹੈ।

ਜ਼ਰੇ ਜ਼ਰੇ ਦੇ ਵਿਚ ਰੱਬ ਹੈ,
ਸੱਗੂ ਅੱਖ ਉਠਾ ਕੇ ਵੇਖੋ।

ਚਾਨਣ ਦੀ ਬਾਤ ਪੰਨਾ 68

ਐ 'ਸੱਗੂ' ਜੇ ਰੱਬ ਤੱਕਣੈ ਤਾਂ,
ਝਾਤੀ ਮਾਰ ਲੈ ਆਪਣੇ ਅੰਦਰ।

ਚਾਨਣ ਦੀ ਬਾਤ ਪੰਨਾ 74

ਪੱਥਰਾਂ ਨੂੰ ਰੱਬ ਸਮਝ ਕੇ ਫੁੱਲ ਚਾੜ੍ਹ ਕੇ ਸ਼ਰਧਾ ਵਿਖਾਉਣ ਵਾਲਿਆਂ ਨੂੰ ਚਿਤਾਵਨੀ ਦਿੰਦਾ ਹੈ ਕਿ ਪੱਥਰ ਕਦੇ ਰੱਬ ਨਹੀਂ ਹੋ ਸਕਦਾ। ਭਗਤਾਂ ਨੂੰ ਇਸ ਗੱਲ ਤੋਂ ਵੀ ਖਬਰਦਾਰ ਕਰਦਾ ਹੈ ਕਿ ਗੁਰਦੁਆਰਿਆਂ ਵਿਚ ਛੈਣੇ ਵਜਾ ਕੇ, ਮੰਦਰਾਂ

ਵਿਚ ਟੱਲ ਖੜਕਾ ਕੇ ਰੱਬ ਨੂੰ ਤੁਸੀਂ ਕਦੇ ਜਗਾ ਨਹੀਂ ਸਕਦੇ। ਕਿਉਂਕਿ ਰੱਬ ਸੌਂਦਾ ਕਦੇ ਨਹੀਂ ਹੈ। ਰੱਬ ਮਚਲਾ ਹੈ। ਸੁੱਤੇ ਨੂੰ ਜਗਾਇਆ ਜਾ ਸਕਦਾ ਹੈ ਪਰ ਮਚਲੇ ਨੂੰ ਜਗਾਉਣਾ ਔਖੀ ਗੱਲ ਹੁੰਦੀ ਹੈ। ਸ਼ਾਇਰ ਅਜਿਹੇ ਸ਼ਰਧਾਵਾਨ ਵਿਅਕਤੀਆਂ ਨੂੰ ਖਬਰਦਾਰ ਕਰਦਾ ਹੈ।

ਮੈਂ ਵੇਖਾਂ ਮੰਦਰਾਂ ਵਿਚ ਕਿੱਦਾਂ ਪੁਜਾਰੀ ਕੂਕਣ,
ਇਹਨਾਂ ਨੂੰ ਦਸ ਦਿਓ ਕਿ ਭਗਵਾਨ ਜਾਗਦਾ ਹੈ।

ਚਾਨਣ ਦੀ ਬਾਤ ਪੰਨਾ 41

ਆਪਣੇ ਮਨ ਦੀ ਈਰਖਾ ਨੂੰ ਮਿਟਾ ਕੇ ਹੀ ਤੁਸੀਂ ਆਪਣੇ ਜੀਵਨ ਨੂੰ ਖੁਸ਼ਹਾਲ ਕਰ ਸਕਦੇ ਹੋ। 'ਨਾ ਕੋਈ ਵੈਰੀ ਨਾ ਕੋਈ ਬੇਗਾਨਾ' ਵਾਲਾ ਸੰਕਲਪ ਹੋ ਜਾਂਦੀ ਹੈ। ਬੇਗਾਨੇ ਨੂੰ ਆਪਣਾ ਮਿੱਤਰ ਬਣਾਉਣ ਦੀ ਵੀ ਤਰਤੀਬ ਦਸਦਾ ਹੈ।

ਮੈਂ ਜਦੋਂ ਤੋਂ ਆਪਣੇ ਦਿਲ 'ਚੋਂ ਈਰਖਾ ਕੱਢ ਦਿਤੀ ਹੈ,
ਉਦੋਂ ਤੋਂ ਸਾਰਾ ਜ਼ਮਾਨਾ ਮੇਰਾ ਮਿੱਤਰ ਹੋ ਗਿਆ ਹੈ।

ਚਾਨਣ ਦੀ ਬਾਤ ਪੰਨਾ 69

ਸ਼ਾਇਰ ਸੱਗੂ ਦਾ ਵਿਚਾਰ ਹੈ ਕਿ ਜਿਵੇਂ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜ੍ਹਦਾ ਹੈ ਠੀਕ ਇਸੇ ਤਰ੍ਹਾਂ ਰੱਬ ਕਾਫ਼ਿਰਾਂ ਵੱਲ ਵੇਖ ਕੇ ਆਪ ਜਾਬਰ ਹੋ ਗਿਆ ਹੈ।

ਮੈਨੂੰ ਲਗਦਾ ਜੇਸ ਦਿਨ ਤੋਂ ਬੰਦਾ ਕਾਫ਼ਰਿ ਹੋ ਗਿਆ।
ਜਾਪਦੈ ਕਿ ਓਸ ਦਿਨ ਤੋਂ ਰੱਬ ਵੀ ਜਾਬਰ ਹੋ ਗਿਆ।

ਚਾਨਣ ਦੀ ਬਾਤ ਪੰਨਾ 73

ਸੱਗੂ ਦਾ ਵਿਸ਼ਵਾਸ ਰੱਬ ਨਾਲੋਂ ਲੋਕਾਂ ਦੀ ਸੇਵਾ ਕਰਨ ਵੱਲ ਬਹੁਤਾ ਹੈ। ਸੱਗੂ ਦਾ ਇਹ ਵੀ ਵਿਚਾਰ ਹੈ ਕਿ ਜੋ ਪਹਿਲੀਆਂ ਵਿਚ ਪੀਰ ਪੈਗੰਬਰ ਹੋਏ ਹਨ। ਉਹ ਸਭ ਇਨਸਾਨ ਸਨ ਪਰ ਉਹ ਲੋਕਾਂ ਦੇ ਹਿੱਤਾਂ ਦਾ ਨਾਹਰਾ ਲਾਉਂਦੇ ਸਨ ਅਤੇ ਸਮਾਂ ਪੈ ਕੇ ਤਾਂਹੀਓ ਉਹ ਪੀਰ ਪੈਗੰਬਰ ਜਾਏ ਜਾਣ ਲੱਗੇ ਹਨ।

ਲੋਕਤਾ ਦੀ ਸੇਵਾ ਕੀਤੀ ਰਾਤ ਦਿਨ ਮੈਂ ਦੋਸਤੋ,
ਲੋਕ ਆਖਣ ਲੱਗ ਪਏ 'ਸੱਗੂ' ਪੈਗੰਬਰ ਹੋ ਗਿਆ।

ਚਾਨਣ ਦੀ ਬਾਤ ਪੰਨਾ 69

ਗ਼ਜ਼ਲ ਅੰਦਰ ਖਿਆਲਾਂ ਦੇ ਕਈ ਰੰਗ ਹੁੰਦੇ ਹਨ। ਸ਼ਾਇਰ ਸੱਗੂ ਦੀਆਂ ਕਹੀਆਂ ਗ਼ਜ਼ਲਾਂ ਅੰਦਰ, ਰੰਗ-ਏ-ਤਸੱਵਫ਼, ਰੰਗ-ਏ-ਆਸ਼ਕਾਨਾਂ ਅਤੇ ਰੰਗੇ-ਏ-ਲੋਕ ਧਾਰਾ ਇਹ ਤਿੰਨੇ ਰੰਗ ਸਾਥ ਸਾਥ ਅਭਿਵਿਅਕਤ ਹੋਏ ਹਨ ਅਤੇ ਕਈ ਵਾਰ ਤਾਂ ਇਹ ਤਿੰਨੇ ਰੰਗ ਇਕੋ ਹੀ ਗ਼ਜ਼ਲ ਵਿਚ ਪਾਏ ਜਾਂਦੇ ਹਨ। ਭ੍ਰਿਸ਼ਟਾਚਾਰ,

ਰਾਜਨੀਤਕ ਸ਼ੋਸ਼ਣ, ਬੇਵਫ਼ਾਈ, ਇਕਰਾਰ, ਤਕਰਾਰ, ਇਨਕਾਰ ਅਤੇ ਕੁਰਬਾਨੀ ਵਰਗੇ ਵਿਚਾਰਾਂ ਨੂੰ ਗ਼ਜ਼ਲ ਅੰਦਰ ਗ਼ਜ਼ਲ ਦੇ ਮਤਲੇ, ਰਦੀਫ਼ ਕਾਫ਼ੀਏ ਅਤੇ ਮਕਤਾਅ ਰਾਹੀਂ ਜ਼ਾਹਿਰ ਕਰਦਾ ਹੈ। ਇਨ੍ਹਾਂ ਵਰਤੇ ਗਏ ਰੰਗਾਂ ਬਦੌਲਤ ਹੀ ਸੱਗੂ ਦੀਆਂ ਕਹੀਆਂ ਗ਼ਜ਼ਲਾਂ ਦਮਦਾਰ ਹਨ।

ਸ਼ਾਇਰ ਸੱਗੂ ਨੇ ਆਪਣੀਆਂ ਕਹੀਆਂ ਗ਼ਜ਼ਲਾਂ ਅੰਦਰ ਅਖਾਣਾਂ ਵੀ ਵਰਤੀਆਂ ਹਨ। ਅਖਾਣਾਂ ਦੀ ਪਰਿਭਾਸ਼ਾ ਇਹ ਹੁੰਦੀ ਹੈ ਕਿ ਵਾਕ ਦੇ ਅੱਧੇ ਹਿੱਸੇ ਵਿਚ ਸਵਾਲ ਹੁੰਦਾ ਅਤੇ ਦੂਜੇ ਹਿੱਸੇ ਵਿਚ ਉਸ ਸਵਾਲ ਦਾ ਜਵਾਬ ਦਿੱਤਾ ਜਾਂਦਾ ਹੈ। ਹੇਠਲੇ ਸ਼ਿਅਰ ਦੀ ਪਹਿਲੀ ਸਤਰ ਵਿਚ ਸੱਗੂ ਵਲੋਂ ਗ਼ਜ਼ਲ ਵਿਚ ਵਰਤੀ ਗਈ ਇਕ ਅਖਾਣ ਦਾ ਨਮੂਨਾ ਪੜ੍ਹੋ :

ਜੇ ਤੂੰ ਰੱਬ ਪਾਉਣੈ ਤਾਂ ਇਕ ਦਾ ਹੋ ਕੇ ਰਹਿ,
ਐਵੇਂ ਦਰ ਦਰ ਉੱਤੇ ਸੀਸ ਝੁਕਾਈ ਨਾ।

ਚਾਨਣ ਦੀ ਬਾਤ ਪੰਨਾ 63

ਸ਼ਾਇਰ ਸੱਗੂ ਸ਼ਿਅਰਾਂ ਦੀ ਪਹਿਲੀ ਸਤਰ ਵਿਚ ਕੋਈ ਨਾਕਾਰਾਤਮਕ ਵਿਚਾਰ ਸਿਰਜਦਾ ਹੈ ਅਤੇ ਉਸ ਨਾਕਾਰਾਤਮਕ ਵਿਚਾਰ ਦੀ ਦੂਜੀ ਸਤਰ ਵਿਚ ਸਾਕਾਰਾਤਮਕ ਪ੍ਰੌੜ੍ਹਤਾ ਕਰਦਾ ਹੈ ਅਤੇ ਇਹੋ ਸਿਲਸਲਾ ਗ਼ਜ਼ਲ ਦੇ ਹਰ ਸ਼ਿਅਰ ਵਿਚ ਮਚਲਦਾ ਰਹਿੰਦਾ ਹੈ। ਸ਼ਾਇਰ ਦੀ ਇਕ ਇਹ ਵੀ ਖ਼ੂਬੀ ਪੜ੍ਹਨ ਵਾਲੀ ਹੈ ਕਿ ਉਹ ਨਾਕਾਰਾਤਮਕ ਵਿਚਾਰਾਂ ਨੂੰ ਐਸੇ ਕਲਾਮਈ ਸ਼ਬਦਾਂ ਨਾਲ ਚਿਤਰਦਾ ਹੈ ਕਿ ਲਿਆ ਗਿਆ ਨਾਕਾਰਾਤਮਕ ਵਿਚਾਰ ਸਾਰਥਿਕ ਵਿਚਾਰਾਂ ਵਿਚ ਬਦਲ ਜਾਂਦਾ ਹੈ।

ਗੱਲੀਂ ਬਾਤੀ ਪਿਆਰ ਦੇ ਦਾਵੇ ਕਰਦੈ ਉਹ,
ਪਰ ਸੱਜਣ ਦੇ ਨਾਂ ਜਾਨ ਲਾਉਣੀ ਮੁਸ਼ਕਿਲ ਹੈ।

ਚਾਨਣ ਦੀ ਬਾਤ ਪੰਨਾ 37

ਗ਼ਜ਼ਲਾਂ ਦੇ ਕਈ ਸ਼ਿਅਰਾਂ ਨੂੰ ਪੜ੍ਹਨ ਨਾਲ ਪਾਠਕ ਦੇ ਮਨ ਵਿਚ ਜੋ ਰੁਮਾਂਸ ਪੈਦਾ ਹੁੰਦਾ ਹੈ। ਉਸ ਰੁਮਾਂਸ ਨੂੰ ਮਾਣਦੇ ਪਾਠਕ ਦਾ ਹਿਰਦਾ ਸੁਆਦ ਸੁਆਦ ਹੁੰਦਾ ਹੈ। ਇਸ ਮਿਠਾਸ ਭਰੇ ਸੁਆਦ ਨਾਲ ਪਾਠਕ ਦੀ ਰੂਹ ਦੀ ਤ੍ਰਿਪਤੀ ਹੋ ਜਾਣ ਨਾਲ ਸਬਰ ਸੰਤੋਖ ਦਾ ਪਹਿਰਾ ਹੋ ਜਾਂਦਾ ਹੈ। ਇਹ ਸਬਰ ਸੰਤੋਖ ਹੀ ਸ਼ਾਂਤ ਰਸ ਪੈਦਾ ਕਰਦਾ ਹੈ।

ਇੰਜ ਤੇਰੇ ਨੈਣਾਂ ’ਚੋਂ ਹੈ ਛਾਇਆ ਖ਼ੁਮਾਰ ਯਾਰਾ।
ਜਿੱਦਾਂ ਕਿ ਬਾਗ਼ੀਂ ਆਈ ਹੋਵੇ ਬਹਾਰ ਯਾਰਾ।

ਚਾਨਣ ਦੀ ਬਾਤ ਪੰਨਾ 78

ਇਸ ਉਪੋਕਤ ਸ਼ਿਅਰ ਅੰਦਰ ਖ਼ੁਮਾਰ ਅਤੇ ਬਹਾਰ ਸ਼ਬਦਾਂ ਦੇ ਪ੍ਰਯੋਗ ਨਾਲ ਸ਼ਾਂਤ ਰਸ ਉਜਾਗਰ ਹੁੰਦਾ ਹੈ। ਸ਼ਾਇਰ ਸੱਗੂ ਦੀ ਗ਼ਜ਼ਲ ਅੰਦਰ ਰਸ ਭਰਨ ਦੀ ਵਿਧੀ ਵੀ ਵਿਲੱਖਣ ਹੈ। ਉਹ ਭਾਵੇਂ ਇਕ ਗ਼ਜ਼ਲ ਦੇ ਵੱਖੋ ਵਖਰੇ ਸ਼ਿਅਰਾਂ ਅੰਦਰ ਵਖੋ ਵਖਰੇ ਰਸ ਭਰ ਦਿੰਦਾ ਹੈ ਪਰ ਗ਼ਜ਼ਲ ਦਾ ਮੁੱਖ ਥੀਮ ਕਦਾਚਿਤ ਨਹੀਂ ਬਦਲਦਾ। ਜਿਵੇਂ ਗ਼ਜ਼ਲ ਨੰਬਰ 43 ਜਿਹੜੀ ਪੰਨਾ 79 ਉਪਰ ਹੈ ਉਸ ਗ਼ਜ਼ਲ ਦੇ ਸ਼ਿਅਰਾਂ ਵਿਚ ਸ਼ਾਂਤ ਰਸ, ਕਰੁਣਾ ਰਸ ਅਤੇ ਭੈਵਤਵ ਰਸ ਵੀ ਪੜ੍ਹੇ ਜਾਂਦੇ ਹਨ।

ਉਮੀਦ ਵਾਲਾ ਕੋਈ ਦੀਵਾ ਜਗਾ ਗਿਆ ਹੈ।
ਉਹ ਮੇਰੇ ਨ੍ਹੇਰੇ ਘਰ ਨੂੰ ਰੌਸ਼ਨਾ ਗਿਆ ਹੈ।
ਖ਼ੱਜ਼ਲ ਖੁਆਰੀ ਤਦ ਤੋਂ ਪਿੱਛੇ ਪਈ ਮੈਂ ਸੁਣਦਾਂ,
ਇਨਸਾਨ ਜਦ ਦਾ ਸੱਚ ਤੋਂ ਪੱਲਾ ਛੁਡਾ ਗਿਆ ਹੈ।
ਹੁਣ ਅਮਨ ਦਾ ਪਰਿੰਦਾ ਉੱਡੇ ਤਾਂ ਕਿਥੇ ਉੱਡੇ,
ਮੇਰੇ ਖ਼ੁਦਾ! ਚੁਫ਼ੇਰੇ ਬਾਰੂਦ ਛਾ ਗਿਆ ਹੈ।
ਸੁਪਨੇ ’ਚ ਤੱਕਿਆ ਰਾਹੀਂ ਇਕ ਕ੍ਰਿਸ਼ਮਾਂ ‘ਸੱਗੂ’,
ਜੁਗਨੂੰ ਦੀ ਅੱਖ ਅੰਦਰ ਸਾਗਰ ਸਮਾਂ ਗਿਆ ਹੈ।

ਸ਼ਿਅਰਾਂ ਵਿਚ ਬੀਰ ਰਸ ਭਰਨਾ ਸ਼ਾਇਰ ਸੱਗੁ ਦੀ ਸਿਰਜਨਾ, ਵਾਰਾਂ ਦੇ ਥੀਮ ਨੂੰ ਗ਼ਜ਼ਲ ਅੰਦਰ ਭਰਨ ਦਾ ਕਾਰਜ ਵੀ ਕਰਦਾ ਹੈ ਅਤੇ ਇਹ ਰਸ ਭਰਨ ਦੀ ਨੀਤੀ ਬੜੀ ਸਹਿਜਨਾਤਮਕ ਹੈ। ਅਜਿਹੇ ਰਸਾਂ ਦਾ ਗ਼ਜ਼ਲਾਂ ਅੰਦਰ ਪ੍ਰਯੋਗ ਸ਼ਾਇਰ ਸੱਗੂ ਦੇ ਗਿਆਨ ਦੇ ਦਾਇਰੇ ਨੂੰ ਵਿਸ਼ਾਲ ਕਰਦਾ ਹੈ। ਬੀਰ ਰਸ ਹੀ ਉਸਦੀਆਂ ਕਹੀਆਂ ਗ਼ਜ਼ਲਾਂ ਅੰਦਰ ਇਕ ਪ੍ਰਧਾਨ ਰਸ ਹੈ। ਨਮੂਨੇ ਵਾਸਤੇ ਅੱਗੇ ਇਕ ਸ਼ਿਅਰ ਪੜ੍ਹੋ :

ਕਾਲੀ ਬੋਲੀ ਰਾਤ ਭਾਵੇਂ ਜ਼ੋਰ ਦੀ ਚਲੇ ਹਵਾ,
ਮੇਰਾ ਜੇਰਾ ਵੇਖੋ ਕਿ ਮੈਂ ਮੰਜ਼ਲ ਵਲ ਵਧ ਗਿਆ।

ਚਾਨਣ ਦੀ ਬਾਤ ਪੰਨਾ 84

ਸ਼ਿੰਗਾਰ ਰਸ ਮੁਹੱਬਤ ਅਤੇ ਮੇਲ ਮਿਲਾਪ ਦਾ ਚਹੇਤਾ ਰਸ ਹੈ। ਸ਼ਾਇਰ ਸੱਗੂ ਨੇ ਬਹੁਤੇ ਸ਼ਿਅਰਾਂ ਵਿਚ ਸ਼ਿੰਗਾਰ ਰਸ ਵੀ ਉਪਜਾਇਆ ਹੈ।

ਮੇਰੇ ਯਾਰੋ! ਮਿਲਣ ਦੇ ਗੀਤ ਗਾਓ।
ਜੋ ਦਿਲ ਰੋਂਦੇ ਨੇ ਉਨ੍ਹਾਂ ਨੂੰ ਹਸਾਓ।

ਚਾਨਣ ਦੀ ਬਾਤ ਪੰਨਾ 87

ਜਦ ਵੀ ਤੇਰਾ ਖਿਆਲ ਆ ਜਾਵੇ।
ਮੇਰੇ ਮੂੰਹ ਤੇ ਜਲਾਲ ਆ ਜਾਵੇ।

ਚਾਨਣ ਦੀ ਬਾਤ ਪੰਨਾ 90

ਸਭ ਨੂੰ ਰੱਬ ਦਿੰਦਾ ਹੈ ਯਾਰ,
ਫਿਰ ਕਿਉਂ ਨੇ ਹੰਕਾਰੇ ਲੋਕ।

ਚਾਨਣ ਦੀ ਬਾਤ ਪੰਨਾ 55

ਭੂਪਿੰਦਰ ਸੱਗੂ ਗ਼ਜ਼ਲ ਦੇ ਸ਼ਿਅਰਾਂ ਅੰਦਰ ਵਜ਼ਨ ਰੱਖਣ ਵਿਚ ਇਸ ਕਦਰ ਮਾਹਰ ਹੈ ਕਿ ਸਤਰਾਂ ਵਿਚ ਰਦੀਫ਼ ਦੀਆਂ ਵੱਖੋ ਵੱਖਰੀਆਂ ਸੂਰਤਾਂ ਨੂੰ ਵਰਤਦਾ ਹੋਇਆ ਬਹਿਰ ਦੇ ਵਜ਼ਨ ਨੂੰ ਕਾਇਮ ਰਖਦਾ ਹੈ। ਇਸ ਗੱਲ ਦੀ ਪੁਸ਼ਟੀ ਲਈ ਉਸਦੀ ਇਕ ਪੂਰੀ ਗ਼ਜ਼ਲ ਪੜ੍ਹੋ ਜਿਸ ਅੰਦਰ ਦੋਸਤੀ, ਤਾਜ਼ਗੀ, ਪਿੱਪਲੀ, ਪਿਆਰ ਉਧੀ, ਘੁੱਗੜੀ ਆਦਿ ਰਦੀਫ਼ ਆਏ ਹਨ :

ਤੇਰੀ ਮੇਰੀ ਦੋਸਤੀ ਕਾਇਮ ਰਹੇ।
ਪਿਆਰ ਵਿਚ ਇਹ ਤਾਜ਼ਗੀ ਕਾਇਮ ਰਹੇ।
ਜਿਸ ਦੇ ਥੱਲੇ ਮਿਲਦੇ ਸੀ ਆਪਾਂ ਸਜਨ,
ਰੱਬ ਕਰੇ ਉਹ ਪਿਪਲੀ ਕਾਇਮ ਰਹੇ।
ਜਿੰਨੇ ਮਰਜ਼ੀ ਕਹਿਰ ਟੁੱਟਣ ਦੋਸਤੋ,
ਖਿੱਚ ਆਪਣੇ ਪਿਆਰ ਦੀ ਕਾਇਮ ਰਹੇ।
ਜ਼ਿੰਦਗੀ ਮਧਹੋਸ਼ ਕਰ ਗਈ ਜੋ ਕਲੀ,
ਰੱਬ ਕਰੇ ਖੁਸ਼ਬੂ ਉਧੀ ਕਾਇਮ ਰਹੇ।
ਲੋਕਾਂ ਦੀ ਜੋ ਖੈਰ ਮੰਗੇ 'ਸੱਗੂ' ਜੀ,
ਅਮਨ ਦੀ ਇਹ ਘੁੱਗੜੀ ਕਾਇਮ ਰਹੇ।

ਚਾਨਣ ਦੀ ਬਾਤ ਪੰਨਾ 40

ਬਾ-ਅਰੂਜ਼ ਅਤੇ ਗਣ-ਮਾਤਰਾ ਦੇ ਗ਼ਜ਼ਲਗੋ ਭੂਪਿੰਦਰ ਸਿੰਘ ਸੱਗੂ ਦੀ ਗ਼ਜ਼ਲ ਕਹਿਣ ਦੀ ਵਿਧੀ ਵੀ ਬਾ-ਅਰੂਜ਼ ਹੈ। ਜਿਨ੍ਹਾਂ ਗ਼ਜ਼ਲਾਂ ਅੰਦਰ ਰਦੀਫ਼-ਕਾਫ਼ੀਆ ਵੀ ਇਕ ਸੂਰਤ ਨਹੀਂ ਪੜ੍ਹੇ ਜਾਂਦੇ ਉਨ੍ਹਾਂ ਗ਼ਜ਼ਲਾਂ ਦਾ ਵਜ਼ਨ ਵੀ ਸੰਗੀਤਮਈ ਹੈ। ਗ਼ਜ਼ਲ ਦਾ ਹਰ ਸ਼ਿਅਰ ਜਾਂ ਤਾਂ ਉਪਰਲੇ ਸੁਰ ਤੋਂ ਹੇਠਲੇ ਸੁਰ ਤੱਕ ਤਰਨੱਮ ਬੰਨ੍ਹਦਾ ਹੈ ਅਤੇ ਜਾਂ ਫਿਰ ਹੇਠਲੇ ਸੁਰ ਤੋਂ ਉਪਰਲੇ ਸੁਰ ਤੱਕ ਬੇਰੋਕ ਕਿਹਾ ਜਾ ਸਕਦਾ ਹੈ। ਜਿਹੜੀਆਂ ਗ਼ਜ਼ਲਾਂ ਦੂਜੇ ਜਾਂ ਤੀਜੇ ਘਰ ਤੋਂ ਭਾਵ ਦੂਜੇ ਜਾਂ ਤੀਜੇ ਸੁਰ ਤੋਂ ਸ਼ੁਰੂ ਹੁੰਦੀਆਂ ਹਨ ਉਹ ਵੀ ਬੇਰੋਕ ਆਪਣੇ ਠਾਠ ਤੱਕ ਜਾਂਦੀਆਂ ਹਨ। ਇਨ੍ਹਾਂ ਸ਼ਬਦਾਂ ਨੂੰ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਹੈ ਕਿ ਪੀਂਘ ਦੇ ਹੁਲਾਰੇ ਵਾਂਗ ਉਪਰ ਅਤੇ ਹੇਠਾਂ ਵੱਲ ਇਕ ਸਾਰ ਚੜ੍ਹਦੀਆਂ ਲਹਿੰਦੀਆਂ ਹਨ। ਇਹ ਗ਼ਜ਼ਲਾਂ ਨਵ-ਸ਼ੈਂਕੀ ਦੀਆਂ ਗ਼ਜ਼ਲਾਂ ਹਨ। ਗ਼ਜ਼ਲਾਂ ਛੋਟੇ ਵੱਡੇ ਬਹਿਰਾਂ ਵਿਚ ਕਹੀਆਂ ਗਈਆਂ ਹਨ। ਇਨ੍ਹਾਂ ਗ਼ਜ਼ਲਾਂ ਦੇ ਅੰਤਰਗਤਿ ਖ਼ੂਬੀ-ਏ-ਇਤਨਾਬ,

ਖ਼ੂਬੀ-ਏ-ਤਲਮੀਹ ਅਤੇ ਖ਼ੂਬੀ-ਏ-ਤਕਰਾਰ-ਏ-ਲਫ਼ਜ਼ੀ ਤਾਂ ਹੈ ਹੀ ਹਨ ਨਾਲ ਨਾਲ ਰੰਗ਼-ਏ-ਤਸੱਵਫ਼ ਵੀ ਹੈ। ਭੂਪਿੰਦਰ ਸੱਗੂ ਦੀ ਇਕ ਇਹ ਹੋਰ ਵੀ ਖ਼ੂਬੀ ਹੈ ਕਿ ਉਹ ਠੇਠ ਪੰਜਾਬੀ ਬੋਲੀ ਨੂੰ ਇਸ ਕਦਰ ਵਰਤਦਾ ਹੈ ਕਿ ਫ਼ਾਰਸੀ ਦੇ ਵਿਦਵਾਨ ਵੀ ਠੇਠ ਪੰਜਾਬੀ ਨੂੰ ਗ਼ਜ਼ਲਮਈ ਬੋਲੀ ਸਮਝਣ ਲਗਦੇ ਹਨ। ਗ਼ਜ਼ਲਮਈ ਬੋਲੀ ਦੀ ਅਭਿਵਿਅਕਤੀ ਸ਼ਾਇਰ ਸੱਗੂ ਜਿੰਨਾਂ ਵਿਸ਼ਾਲ ਅਧਿਐਨ ਮੰਗਦੀ ਹੈ। ਸ਼ਾਂਤ-ਰਸ, ਸ਼ਿੰਗਾਰ-ਰਸ, ਬੀਰ-ਰਸ, ਕਰੁਣਾ-ਰਸ ਅਤੇ ਭੀਵਤਸ-ਰਸ ਵੀ ਗ਼ਜ਼ਲਾਂ ਅੰਦਰ ਪੜ੍ਹਿਆ ਜਾਂਦਾ ਹੈ। ਸ਼ਾਬਦਿਕ ਅਤੇ ਊਭਯਲੰਕਾਰਾਂ ਨਾਲ ਸ਼ਿੰਗਾਰੀਆਂ ਗਈਆਂ ਇਹ ਗ਼ਜ਼ਲਾਂ ਹਨ। ਇਸ ਗ਼ਜ਼ਲ ਸੰਗ੍ਰਹਿ ਦਾ ਹਰ ਸ਼ਿਅਰ ਵਿਅੰਗਾਤਮਕ ਅਤੇ ਬੜੇ ਸਹਿਜ ਨਾਲ ਕਿਹਾ ਗਿਆ ਹੈ ਅਤੇ ਪਾਠਕ ਦੇ ਮਨ ਉਪਰ ਸਿੱਧਾ ਅਸਰ ਕਰਦਾ ਹੈ। ਸ਼ਾਇਰ ਦੀਆਂ ਕਹੀਆਂ ਗ਼ਜ਼ਲਾਂ ਅੰਦਰ ਸਿਰਫ਼ ਉੱਚੀ ਖ਼ਿਆਲ ਉਡਾਰੀ ਹੀ ਨਹੀਂ ਸਗੋਂ ਸ਼ਿਅਰਾਂ ਵਿਚ ਆਏ ਵਿਚਾਰ ਮਾਨਵਵਾਦੀ ਵੀ ਹਨ। ਫਾਰਸੀ ਜ਼ਬਾਨ ਵਿਚ ਲਿਖੀ ਜਾਂਦੀ ਗ਼ਜ਼ਲ ਵਾਂਗ ਇਸ ਗ਼ਜ਼ਲ ਸੰਗ੍ਰਹਿ ਦਾ ਵਿਸ਼ਾ-ਵਸਤੂ ਆਪਾ ਸਮਰਪਣ, ਸੂਫ਼ੀਆਨਾ, ਆਸ਼ਕਾਨਾ ਅਤੇ ਲੋਕ-ਧਾਰਾ ਦਾ ਹਿਤਕਾਰੀ ਹੈ। ਹਕੀਕੀ ਪਿਆਰ ਨੂੰ ਹਕਾਨੀ ਪਿਆਰ ਵਿਚ ਬਦਲਣ ਵਾਲੀ ਸ਼ਾਇਰ ਸੱਗੂ ਕੋਲ ਅਥਾਹ ਸ਼ਬਦਾਵਲੀ ਹੈ। ਸ਼ਬਦਾਂ ਰਾਹੀਂ ਅੰਭਵਿਅਕਤ ਕੀਤਾ ਗਿਆ ਇਹ ਪਿਆਰ ਮਨੁੱਖਤਾ ਹਿੱਤ ਤਿਲਮਲਾਉਂਦਾ ਹੋਣ ਕਰਕੇ ਭੂਪਿੰਦਰ ਸਿੰਘ ਸੱਗੂ ਪ੍ਰਗਤੀਵਾਦੀ ਸ਼ਾਇਰ ਹੈ। ਸਾਹਿਤਕ, ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਪ੍ਰਦੂਸ਼ਣ ਨੂੰ ਦੁਨੀਆਂ ਵਿਚੋਂ ਮਿਟਾਉਣ ਵਾਸਤੇ ਗ਼ਜ਼ਲਾਂ ਅੰਦਰ ਅੰਕਿਤ ਵਿਚਾਰ ਲਾਮ-ਬੱਧ ਹੁੰਦੇ ਹਨ। ਸ਼ਾਇਰ ਦੀ ਗ਼ਜ਼ਲ ਕਹਿਣ ਦੀ ਆਪਣੀ ਅਤੇ ਸਭ ਤੋਂ ਵਿਲੱਖਣ ਪ੍ਰਕਿਰਿਆ ਹੈ, ਜਿਹੜੀ ਸ਼ਾਇਰ ਸੱਗੂ ਨੂੰ ਕਲਾਤਮਿਕ ਗ਼ਜ਼ਲਗੋ ਬਣਾਉਂਦੀ ਹੈ। 'ਚਾਨਣ ਦੀ ਬਾਤ' ਗ਼ਜ਼ਲ ਸੰਗ੍ਰਹਿ ਦੇ ਪੰਜਾਬੀ ਗ਼ਜ਼ਲ ਸੰਸਾਰ ਅੰਦਰ ਪ੍ਰਵੇਸ਼ ਕਾਰਨ ਸ਼ਾਇਰ ਭੂਪਿੰਦਰ ਸਿੰਘ ਸੱਗੂ ਪੰਜਾਬੀ ਦੇ ਨਾਮਵਰ ਗ਼ਜ਼ਲਗੋਆਂ ਅੰਦਰ ਦਾਖ਼ਲ ਹੋ ਗਿਆ ਹੈ। ਮੈਂ ਸ਼ਾਇਰ ਦੇ ਇਸ ਗ਼ਜ਼ਲ ਸੰਗ੍ਰਹਿ ਨੂੰ ਪੰਜਾਬੀ ਗ਼ਜ਼ਲ ਸੰਸਾਰ ਅੰਦਰ ਇਸਦੇ ਪ੍ਰਵੇਸ਼ ਨੂੰ ਪੰਜਾਬੀ ਗ਼ਜ਼ਲ ਦੀ ਖ਼ੁਸ਼-ਕਿਸਮਤੀ ਅਤੇ ਉਨਤੀ ਹੋਈ ਸਮਝਦਾ ਹੋਇਆ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬੀ ਗ਼ਜ਼ਲ ਦਾ ਲੁੱਤਫ਼ ਮਾਨਣ ਵਾਸਤੇ ਗ਼ਜ਼ਲ ਸੰਗ੍ਰਹਿ 'ਚਾਨਣ ਦੀ ਬਾਤ' ਆਪ ਜ਼ਰੂਰ ਪੜ੍ਹਨ।

10.10.2013

•••••

# "ਚਾਨਣ ਦੀ ਬਾਤ"
# ਵ਼ਫਾ ਅਤੇ ਸਦਾਚਾਰ ਦੀ ਸ਼ਾਇਰੀ

**ਗੁਰਦਾਸ ਸਿੰਘ ਪਰਮਾਰ**

ਭੂਪਿੰਦਰ ਸਿੰਘ ਸੱਗੂ ਇਕ ਸਾਊ ਅਤੇ ਸੁਹਿਰਦ ਮਨੁੱਖ ਅਤੇ ਸਮਰੱਥ ਸ਼ਾਇਰ ਹੈ, ਜਿਸ ਦੀਆਂ ਹੁਣ ਤੀਕ ਸੱਤ ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਰਿਸ਼ਤਿਆਂ ਦਾ ਜੰਗਲ (ਕਾਵਿ ਸੰਗ੍ਰਹਿ), ਸੱਚ ਤੇ ਸੂਲੀ (ਕਾਵਿ ਸੰਗ੍ਰਹਿ), ਸਿਮਟੇ ਹੋਏ ਪਲ (ਕਾਵਿ ਸੰਗ੍ਰਹਿ), ਫੁੱਲ ਬਣੇ ਅੰਗਿਆਰ (ਕਾਵਿ ਸੰਗ੍ਰਹਿ), ਕਤਰਾ ਕਤਰਾ ਨੂਰ (ਗ਼ਜ਼ਲ ਸੰਗ੍ਰਹਿ), ਉਸ ਨੇ ਕਿਹਾ (ਲੰਮੀ ਕਵਿਤਾ) ਅਤੇ ਨਿਰੰਜਨ ਸਿੰਘ ਨੂਰ ਸਿਮਰਿਤੀ ਗ੍ਰੰਥ (ਸੰਪਾਦਨਾ)। ਪਰ ਭੂਪਿੰਦਰ ਸਿੰਘ ਸੱਗੂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸ ਨੂੰ ਨਿਰੰਜਨ ਸਿੰਘ ਨੂਰ ਵਰਗੇ ਮਹਾਂ ਮਾਨਵ ਅਤੇ ਸ਼ਾਇਰ ਦੇ ਅੰਗ ਸੰਗ ਰਹਿਣ ਦਾ ਅਵਸਰ ਨਸੀਬ ਹੋਇਆ ਹੈ ਅਤੇ ਉਹ ਵੀ ਲਗਾਤਾਰ 16 ਸਾਲ। ਇਸ ਲਈ ਉਸ ਦੀਆਂ ਲਿਖਤਾਂ ਅਤੇ ਜੀਵਨ ਉਤੇ ਨੂਰ ਦਾ ਬੜਾ ਹੀ ਪ੍ਰਭਾਵ ਹੈ। ਭੂਪਿੰਦਰ ਸਿੰਘ ਦੇ ਹਿਰਦੇ ਵਿਚ ਨੂਰ ਪ੍ਰਤੀ ਸ਼ਰਧਾ, ਸਤਿਕਾਰ ਅਤੇ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਹੈ ਜਿਹੜਾ ਉਸ ਦੀ ਹੇਠ ਲਿਖੀ ਗ਼ਜ਼ਲ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ :

ਉਹ ਚਾਨਣ ਦੀ ਬਾਤ ਜਦੋਂ ਵੀ ਪਾਉਂਦਾ ਹੈ॥
ਓਦੋਂ ਮੇਰੇ ਵਿਹੜੇ ਚੰਨ ਚੜ੍ਹ ਆਉਂਦਾ ਹੈ॥
ਮੇਰਾ ਦਿਲ ਤੇਰੇ ਐਂ ਖਾਬ ਸਜਾਉਂਦਾ ਹੈ॥
ਜਿਉਂ ਕੋਈ ਦਰਗਾਹ 'ਤੇ ਦੀਪ ਜਗਾਉਂਦਾ ਹੈ॥
ਤੇਰੇ ਨਾਲ ਹੀ ਜੰਨਤ ਵਾਂਗ ਜੋ ਲਗਦਾ ਸੀ।
ਹੁਣ ਨਾ ਮੈਨੂੰ ਵੂਲਵਰਹੈਂਪਟਨ ਭਾਉਂਦਾ ਹੈ॥
ਗੌਰਵ ਨਾਲ ਮੇਰਾ ਸਿਰ ਉੱਚਾ ਹੁੰਦੈ ਤਦ।
ਜਦ ਵੀ ਕੋਈ ਤੇਰੀ ਸਿਫਤ ਸੁਣਾਉਂਦਾ ਹੈ॥
ਇਹ ਦੁਨੀਆਂ ਤਾਂ ਕੁਝ ਵੀ ਆਖੇ, ਪਰ ਸੱਜਣਾ।
"ਸੱਗੂ" ਤੇਰੇ ਰਾਹ ਵਿਚ ਨੈਣ ਵਿਛਾਉਂਦਾ ਹੈ॥

ਇਸ ਪੁਸਤਕ ਵਿਚ 60 ਗ਼ਜ਼ਲਾਂ ਸ਼ਾਮਿਲ ਹਨ ਜੋ ਹੇਠ ਲਿਖੀਆਂ ਬਹਿਰਾਂ ਵਿਚ ਨਜ਼ਮ ਕੀਤੀਆਂ ਗਈਆਂ ਹਨ : ਮੁਜ਼ਾਰਿਆ ਮੁਸੱਮਨ ਅਖ਼ਰਬ, ਰਮਲ ਮੁਸੱਮਨ ਮਹਿਜ਼ੂਫ਼, ਹਜ਼ਜ਼ ਮੁਸੱਮਨ ਸਾਲਮ, ਰਮਲ ਮੁਸੱਦਮ ਮਹਿਜ਼ੂਫ਼, ਖ਼ਫ਼ੀਫ਼ ਮੁਸੱਦਸ ਮਹਿਜ਼ੂਫ, ਮੁਤਕਾਰਿਬ ਮੁਸੱਮਨ ਸਾਲਮ, ਹਜ਼ਜ ਮੁਸੱਮਨ ਅਖ਼ਰਬ, ਮੁਜ਼ਾਰਿਆ ਮਹਿਜ਼ੂਫ ਅਤੇ ਵੱਖ ਵੱਖ ਪ੍ਰਕਾਰ ਦੀਆਂ ਫ਼ੇਲਨੀ ਬਹਿਰਾਂ। ਜਿਸ ਰਫਤਾਰ ਨਾਲ ਸੱਗੂ ਹੁਣ ਗ਼ਜ਼ਲ ਦੀ ਨਿੱਠ ਕੇ ਨਿਰੰਤਰ ਸਾਧਨਾ ਕਰ ਰਿਹਾ ਹੈ ਜੇ ਏਸੇ ਤਰ੍ਹਾਂ ਕਰਦਾ ਰਿਹਾ ਤਾਂ ਜਲਦੀ ਹੀ ਸਾਰੀਆਂ ਬਹਿਰਾਂ ਉਤੇ ਉਸ ਦਾ ਪੂਰਾ ਅਧਿਕਾਰ (ਅਬੂਰ) ਹੋ ਜਾਵੇਗਾ। ਬਾਕੀ ਗ਼ਜ਼ਲ ਦੀ ਪ੍ਰਕਿਰਤੀ ਬਾਰੇ ਉਸ ਨੂੰ ਪੂਰਾ ਪੂਰਾ ਗਿਆਨ ਹੈ। ਲੰਮੇ ਰਦੀਫ ਉਸ ਨੇ ਬੜੀ ਸਫਲਤਾ ਨਾਲ ਨਿਭਾਏ ਹਨ।

ਜਿਸ ਤਰ੍ਹਾਂ :

ਚਲੋ ਇਕ ਮੁੱਠ ਹੋ ਜਾਈਏ ਸਮੇਂ ਦੀ ਮੰਗ ਹੈ ਯਾਰੋ॥
ਜ਼ਰਾ ਹੁਣ ਹੋਸ਼ ਵਿਚ ਆਈਏ ਸਮੇਂ ਦੀ ਮੰਗ ਹੋ ਯਾਰੋ॥

ਇਸ ਤੋਂ ਇਲਾਵਾ ਉਸ ਨੇ ਅਜਿਹੇ ਸ਼ਿਅਰ ਵੀ ਸਿਰਜੇ ਹਨ ਜਿਨ੍ਹਾਂ ਵਿਚ ਅਟੱਲ ਸਚਾਈਆਂ ਦਰਸਾਈਆਂ ਗਈਆਂ ਹਨ ਅਤੇ ਕੁਝ ਕੁ ਤਾਂ ਮੁਹਾਵਰਾ ਬਣਨ ਦੀ ਸਮਰੱਥਾ ਰੱਖਦੇ ਹਨ :

ਮੰਜ਼ਿਲ ਤੇ ਅਪੜਣ ਦਾ ਓਸੇ ਰਾਹੀ ਨੂੰ ਸੁਖ ਮਿਲਦਾ ਹੈ।
ਜੇਸ ਮੁਸਾਫਿਰ ਤਾਈਂ ਮੁੱਢੋਂ ਰਸਤੇ ਹੀ ਦੁਸ਼ਵਾਰ ਮਿਲੇ॥
ਮੈਂ ਜਦ ਈਸਾ ਵਾਂਗੂੰ ਮੋਢੇ 'ਤੇ ਸੂਲੀ ਚੁਕ ਤੁਰਦਾ ਹਾਂ।
ਵੇਖ ਇਰਾਦਾ ਸੱਗੂ ਵਾਲਾ ਮੌਤ ਦੇ ਘਬਰਾਉਂਦੀ ਹੈ॥
ਸਜਣੋ ! ਜਗਦੀ ਰੱਖੋ, ਲਾਟ॥
ਮੰਜ਼ਿਲ ਦੀ ਹੈ ਲੰਮੀ ਵਾਟ॥
ਉਨਾਂ ਨੇ ਰਾਹ ਵਿਖਾਉਣਾ ਕੀ ਉਨਾਂ ਮੰਜ਼ਿਲ 'ਤੇ ਕੀ ਜਾਣਾ।
ਜਿਨਾਂ ਦੀ ਆਪਣੀ "ਸੱਗੂ" ਬੁਰੀ ਤਕਦੀਰ ਹੁੰਦੀ ਹੈ॥

ਵਿਸ਼ੇ ਵਸਤੂ ਦੇ ਪੱਖੋਂ ਜ਼ਿਆਦਾਤਰ ਗ਼ਜ਼ਲਾਂ ਵਿਚ ਪਿਆਰ ਅਤੇ ਸਦਾਚਾਰ ਦਾ ਪੱਖ ਵਧੇਰੇ ਉਭਰਿਆ ਹੈ। ਇਸ ਤੋਂ ਇਲਾਵਾ ਵਰਤਮਾਨ ਦੌਰ ਜਿਹੜਾ ਕਿ ਭ੍ਰਿਸ਼ਟਾਚਾਰ, ਬੇਈਮਾਨੀ, ਡਰ ਅਤੇ ਸਹਿਮ ਦੇ ਦੌਰ ਬਾਰੇ ਵੀ ਇਸ ਪੁਸਤਕ ਵਿਚ ਕਾਫੀ ਸ਼ਿਅਰ ਮਿਲਦੇ ਹਨ ਜਿਨ੍ਹਾਂ ਨੂੰ ਭੂਪਿੰਦਰ ਸੱਗੂ ਨੇ ਬੜੇ ਹੀ ਕਰੁਣਾਮਈ ਅੰਦਾਜ਼ ਵਿਚ ਰੂਪਮਾਨ ਕੀਤਾ ਹੈ।

ਉਹ ਲਿਖਦਾ ਹੈ :

ਹਰ ਪਾਸੇ ਮੇਰੇ ਰੱਬਾ ਮੱਚੀ ਹਨੇਰ-ਗਰਦੀ।
ਸਾਰੀ ਲੋਕਾਈ ਵਿਲਕੇ, ਦੁਖੜੇ ਹਜ਼ਾਰ ਜਰਦੀ॥

ਮੜੀਆਂ ਦੀ ਪੂਜਾ ਕਰਕੇ ਦਿਨ ਕੱਟ ਰਹੇ ਨੇ ਲੋਕੀਂ।
"ਸੱਗੂ" ਨੂੰ ਲਗਦੈ ਜੀਣਾਂ ਤਾਂ ਹਰਾਮ ਹੋ ਗਿਆ ਹੈ॥
ਮੇਰੇ ਯਾਰੋ! ਕਿੱਦਾਂ ਦੀ ਰੁੱਤ ਛਾਈ ਹੈ।
ਵੇਖੋ ਬਾਗ਼ 'ਚ ਮੱਚੀ ਹਾਲ ਦੁਹਾਈ ਹੈ॥
ਆਓ ਬਾਗ਼ ਦੀ ਅੱਗ ਬੁਝਾ ਦੇਵੋ ਯਾਰੋ।
ਮਾਲੀ ਨੇ ਹਰ ਪਾਸੇ ਅੱਗ ਲਗਾਈ ਹੈ॥

ਭਿਆਨਕ ਦੌਰ ਦਾ ਟਾਕਰਾ ਕਰਨ ਲਈ ਉਹ ਆਪਣੇ ਇਰਦ-ਗਿਰਦ ਲੋਕਾਂ ਨੂੰ ਇਕ ਮੁੱਠ ਹੋਣ ਲਈ ਕਹਿੰਦਾ ਹੈ :

ਚਲੋ ਇਕ ਮੁੱਠ ਹੋ ਜਾਈਏ ਸਮੇਂ ਦੀ ਮੰਗ ਹੈ ਯਾਰੋ॥
ਜ਼ਰਾ ਹੁਣ ਹੋਸ਼ ਵਿਚ ਆਈਏ ਸਮੇਂ ਦੀ ਮੰਗ ਹੈ ਯਾਰੋ॥

ਇਸ ਘਿਰਣਾਮਈ ਦੌਰ ਦਾ ਖਾਤਮਾ ਕਰਨ ਲਈ ਜਿਹੜੀ ਰਣਨੀਤੀ ਉਹ ਪੇਸ਼ ਕਰਦਾ ਹੈ ਉਹ ਸੰਤਾਂ ਮਹਾਤਮਾ ਵਾਲੀ ਹੈ।

ਬਈਮਾਨੀ ਤੇ ਨਫ਼ਰਤ ਦੇ ਬੀਆਬਾਨਾਂ ਤੇ ਰੱਕੜਾਂ ਵਿਚ।
ਮੁਹੱਬਤ ਦੀ ਕਲਮ ਲਾਈਏ, ਸਮੇਂ ਦੀ ਮੰਗ ਹੈ ਯਾਰੋ॥
ਵਫ਼ਾ ਦਾ ਬੂਟਾ ਸੁੱਕੇ ਨਾ ਚਲੋ ਐ "ਸੱਗੂ" ਜੀ ਆਪਾਂ।
ਜਿਗਰ ਦਾ ਖ਼ੂਨ ਵਿਚ ਪਾਈਏ, ਸਮੇਂ ਦੀ ਮੰਗ ਹੈ ਯਾਰੋ॥
ਸੁਲਗਦੀ ਨਫ਼ਰਤਾਂ ਦੀ ਅੱਗ ਤੋਂ ਸਾਰੇ।
ਤੁਸੀਂ ਫੁੱਲਾਂ ਜਿਹੇ ਬੰਦੇ ਬਚਾਓ॥

ਲੇਖਕ ਦੀ ਇਹ ਧਾਰਨਾ ਹੈ ਕਿ ਜਦੋਂ ਤੋਂ ਮਨੁੱਖ ਸੱਚ ਦੇ ਮਾਰਗ ਤੋਂ ਭਟਕ ਗਿਆ ਹੈ ਤਦ ਤੋਂ ਹੀ ਉਹ ਮੁਸੀਬਤਾਂ ਦਾ ਸ਼ਿਕਾਰ ਹੋ ਗਿਆ ਹੈ :

ਖ਼ੱਜ਼ਲ ਖ਼ੁਆਰੀ ਤਦ ਤੋਂ ਪਿੱਛੇ ਪਈ ਮੈਂ ਸੁਣਦਾਂ।
ਇਨਸਾਨ ਜਦ ਤੋਂ ਸੱਚ ਤੋਂ ਪੱਲਾ ਛੁਡਾ ਗਿਆ ਹੈ॥

**ਭੂਪਿੰਦਰ ਦੇ ਰੱਬ ਬਾਰੇ ਵਿਚਾਰ :**

ਭੂਪਿੰਦਰ ਸੱਗੂ ਅਜਿਹੇ ਧਾਰਮਿਕ ਅੰਧ ਵਿਸ਼ਵਾਸ਼ੀਆਂ ਦਾ ਡਟ ਕੇ ਖੰਡਨ ਕਰਦਾ ਹੈ ਜਿਹੜੇ ਖ਼ੂਬਸੂਰਤ ਫੁੱਲਾਂ ਨੂੰ ਤੋੜ ਕੇ ਪੱਥਰ ਦੀਆਂ ਮੂਰਤੀਆਂ ਉਤੇ ਚਾੜ੍ਹ ਦੇਂਦੇ ਹਨ:

ਉਹ ਇਹ ਵੀ ਗੱਲ ਕਹਿੰਦਾ ਹੈ :

ਲੋਕ ਫੁੱਲ ਤੋੜਨ ਤੇ ਪੱਥਰਾਂ 'ਤੇ ਚੜ੍ਹਾਉਂਣ।
ਵੇਖੋ ਕਿੱਦਾਂ ਦੀ ਉਹ ਕਰਦੇ ਬੰਦਗੀ॥
ਮੈਂ ਵੇਖਾਂ ਮੰਦਰਾਂ ਵਿਚ ਕਿੱਦਾਂ ਪੁਜਾਰੀ ਕੂਕਣ।
ਇਹਨਾਂ ਨੂੰ ਦਸ ਦਿਓ ਕਿ ਭਗਵਾਨ ਜਾਗਦਾ ਹੈ।

ਪਰ ਉਸ ਦੇ ਹੇਠ ਲਿਖੇ ਕੁਝ ਕੁ ਸ਼ਿਅਰਾਂ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਦਾ ਰੱਬ ਵਿਚ ਪੂਰਾ ਭਰੋਸਾ ਹੈ। ਉਹ ਲਿਖਦਾ ਹੈ :

ਜ਼ੱਰੇ-ਜ਼ੱਰੇ ਦੇ ਵਿਚ ਰੱਬ ਹੈ।
"ਸੱਗੂ" ਅੱਖ ਉਠਾ ਕੇ ਵੇਖੋ॥
ਲੋਕਾਂ ਨਾਲ ਜੋ ਪਿਆਰ ਕਰੇ।
ਉਹ ਰਬ ਦਾ ਭੇਦ ਲਵੇ ਪਾ॥

ਏਥੋਂ ਤੱਕ ਕਿ ਉਹ ਰੱਬ ਨੂੰ ਪਾਉਣ ਦੇ ਉਪਾਅ ਵੀ ਦੱਸਦਾ ਹੈ :

ਜੇ ਤੂੰ ਰਬ ਪਾਉਣੈ ਤਾਂ ਇਕ ਦਾ ਹੋ ਕੇ ਰਹਿ।
ਐਵੇ ਦਰ ਦਰ ਉੱਤੇ ਸੀਸ ਝੁਕਾਈਂ ਨਾ॥
ਐ "ਸੱਗੂ" ਜੇ ਰੱਬ ਤੱਕਣੈ ਤਾਂ।
ਝਾਤੀ ਮਾਰ ਲੈ ਅਪਣੇ ਅੰਦਰ॥

ਉਸ ਦਾ ਭਾਵ ਹੈ ਕਿ ਨਾ ਤਾਂ ਪੱਥਰਾਂ ਨੂੰ ਫੁੱਲ ਚਾੜ੍ਹਨ ਨਾਲ ਰੱਬ ਲੱਭਦਾ ਹੈ ਅਤੇ ਨਾ ਹੀ ਮਸੀਤੀਂ ਬਾਂਗਾਂ ਦੇਣ ਨਾਲ ਜਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ। ਜੇ ਕੋਈ ਰੱਬ ਦੀ ਪ੍ਰਾਪਤੀ ਕਰਨੀ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਅੰਦਰ ਵੜਨ ਦੀ ਲੋੜ ਹੈ ਅਰਥਾਤ ਅੰਤਰਮੁਖ ਸਾਧਨਾ ਦੀ ਲੋੜ ਹੈ। ਕਿਸੇ ਵੀ ਬਾਹਰੀ ਅਡੰਬਰ ਨਾਲ ਰੱਬ ਨੂੰ ਨਹੀਂ ਪਾਇਆ ਜਾ ਸਕਦਾ।

ਹੁਣ ਭੂਪਿੰਦਰ ਸੱਗੂ ਦੇ ਮੁਖ ਥੀਮ ਪਿਆਰ ਵੱਲ ਆਉਂਦੇ ਹਾਂ। ਪਿਆਰ ਦਾ ਘੇਰਾ ਬੜਾ ਵਿਸ਼ਾਲ ਹੈ ਪਰ ਮੋਟੇ ਤੌਰ ਤੇ ਇਸ ਨੂੰ ਦੋ ਭਾਗਾਂ ਦੇ ਵਿਚ ਵੰਡਿਆ ਜਾਂਦਾ ਹੈ। ਰੂਹਾਨੀ ਪਿਆਰ ਅਤੇ ਸੰਸਾਰਕ ਪਿਆਰ। ਸੰਸਾਰਕ ਪਿਆਰ ਦਾ ਵੀ ਬਹੁਤ ਲੰਮਾ ਚੌੜਾ ਹਿਸਾਬ-ਕਿਤਾਬ ਹੈ ਪਰ ਅਸੀਂ ਇਸ ਕਿਤਾਬ ਤੱਕ ਹੀ ਸੀਮਿਤ ਰਹਿਣਾ ਹੈ। ਇਸ ਕਰ ਕੇ ਇਸ ਕਿਤਾਬ ਦੇ ਹਿਸਾਬ ਨਾਲ ਤਿੰਨ ਕਿਸਮ ਦਾ ਪਿਆਰ ਹੈ। 1. ਲੋਕਾਂ ਪ੍ਰਤੀ ਪਿਆਰ, 2. ਰੁਮਾਂਟਿਕ ਕਿਸਮ ਦਾ ਪਿਆਰ, 3. ਰੂਹਾਨੀ ਜਾਂ ਸੂਫ਼ੀਆਨਾ ਕਿਸਮ ਦਾ ਪਿਆਰ। ਲੋਕਤਾ ਦੇ ਪਿਆਰ ਬਾਰੇ ਤੇ ਪਿੱਛੇ ਜ਼ਿਕਰ ਹੋ ਹੀ ਗਿਆ ਹੈ। ਹੁਣ ਰੁਮਾਂਟਿਕ ਪਿਆਰ ਦੇ ਕੁਝ ਸ਼ਿਅਰ ਪੇਸ਼ ਕਰਦੇ ਹਾਂ, ਜੋ ਇੰਜ ਹਨ :

ਮੈਂ ਏਦਾਂ ਯਾਦ ਕਰਦੈਂ ਮਾਣੇ ਨਜ਼ਾਰਿਆਂ ਨੂੰ॥
ਜਿੱਦਾਂ ਨਾ ਨੀਂਦ ਆਵੇ ਨੈਣਾਂ ਦੇ ਮਾਰਿਆਂ ਨੂੰ॥
ਮੈਂ ਵੇਖਾਂ ਕੋਈ ਦਿਲ ਉਹ ਪਲ ਨਾ ਭੁਲਾਵੇ।
ਜਵਾਨੀ 'ਚ ਉਲਫਤ ਦੇ ਨਗ਼ਮੇ ਜੋ ਗਾਵੇ॥
ਅਪਣਾ ਮੇਲ ਬੜਾ ਮੁਸ਼ਕਿਲ ਹੈ॥
ਪਰ ਕੀ ਕਰੀਏ ਦਿਲ ਤਾਂ ਦਿਲ ਹੈ॥

ਮੈਂ ਇਕ ਪਿਆਰ ਦਾ ਸਾਗਰ ਹਾਂ, ਪਰ।
ਤੇਰੇ ਗ਼ਮ ਵਿਚ ਸੁੱਕਦਾ ਜਾਵਾਂ।
ਸਾਰੇ ਰੋਂਦੇ ਫਿਰਦੇ ਸੱਗੂ,
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ॥

ਰਸ ਸਿੱਧਾਂਤ ਅਨੁਸਾਰ ਇਸ਼ਕ ਜਾਂ ਪਿਆਰ ਸ਼ਿੰਗਾਰ ਰਸ ਦੇ ਘੇਰੇ ਵਿਚ ਆਉਂਦਾ ਹੈ ਜਿਸ ਦੇ ਦੋ ਭਾਗ ਹੁੰਦੇ ਹਨ, ਇਕ ਸੰਯੋਗ ਅਤੇ ਦੂਸਰਾ ਵਿਯੋਗ। ਅਰਥਾਤ ਮਿਲਾਪ ਅਤੇ ਵਿਛੋੜਾ। ਸੋ ਇਸ ਵਿਚ ਦੋਵੇਂ ਹੀ ਆ ਗਏ ਹਨ। ਉਸਤਾਦ, ਗ਼ਜ਼ਲਕਾਰਾਂ ਜਾਂ ਅਰੂਜ਼ੀ ਵਿਦਵਾਨਾਂ ਨੇ ਗ਼ਜ਼ਲ ਨੂੰ ਹੇਠ ਲਿਖੇ ਅਨੁਸਾਰ ਤਿੰਨ ਰੰਗਾਂ ਵਿਚ ਵੰਡਿਆ ਹੈ: ਰਿੰਦਦਾਨਾ, ਆਸ਼ਕਾਨਾ ਅਤੇ ਸੂਫ਼ੀਆਨਾ। ਸੂਫ਼ੀਆਨਾ ਰੰਗ ਸਭ ਤੋਂ ਸ੍ਰੇਸ਼ਠ ਰੰਗ ਮੰਨਿਆਂ ਗਿਆ ਹੈ ਅਤੇ ਇਸ ਗ਼ਜ਼ਲ ਸੰਗ੍ਰਹਿ ਦਾ ਪ੍ਰਧਾਨ ਰੰਗ ਹੀ ਸੂਫ਼ੀਆਨਾ ਹੈ। ਇੱਕ ਗੱਲ ਹੋਰ ਕਿ ਸੂਫ਼ੀਆਨਾ ਕਲਾਮ ਦੀ ਵਿਸ਼ੇਸਤਾ ਇਹ ਹੁੰਦੀ ਹੈ ਕਿ ਉਹਦੇ ਵਿਚ ਰੱਬ ਜਾਂ ਆਪਣੇ ਮੁਰਸ਼ਦ ਨਾਲ ਰੂਹਾਨੀ ਕਿਸਮ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਉਹੀ ਗੱਲਾਂ ਦੁਨਿਆਵੀ ਪੱਧਰ ਉਤੇ ਆਪਣੇ ਮਹਿਬੂਬ ਨਾਲ ਵੀ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ। ਇਕ ਗ਼ਜ਼ਲ ਪੇਸ਼ ਹੈ :

ਮੇਰਾ ਦਿਲ ਝਟ ਧੜਕ ਪੈਂਦੈ ਜਦੋਂ ਤੂੰ ਮੁਸਕਰਾਉਂਦਾ ਏਂ॥
ਤਰਾਨੇ ਗੂੰਜ ਉਠਦੇ ਨੇ, ਜਦੋਂ ਤੂੰ ਗੁਣਗੁਣਾਉਂਦਾ ਏਂ॥
ਉਨਾਂ ਰਾਹਾਂ ਤੋਂ ਸਦਕੇ ਜਾਂ, ਅਤੇ ਅੱਖਾਂ ਵਿਛਾਵਾਂ ਮੈਂ।
ਜਿਨ੍ਹਾਂ ਰਾਹਾਂ 'ਤੇ ਮੇਰੇ ਯਾਰ ਤੂੰ ਸੁਪਨੇ 'ਚ ਆਉਂਦਾ ਏਂ॥
ਤਿਰੀ ਲੋਅ ਮਹਿਕ ਵਾਂਗੂੰ ਖਿੱਲਰੀ ਹੈ ਧਰਤ ਤੇ ਏਦਾਂ।
ਜਿਵੇਂ ਸਭ ਨੂੰ ਧਰੂ ਤਾਰਾ ਨਵੇਂ ਰਸਤੇ ਦਿਖਾਉਂਦਾ ਏਂ॥
ਮੈਨੂੰ ਮੰਜ਼ਿਲ ਨਜ਼ਰ ਆਵੇ ਤੇ ਨ੍ਹੇਰਾ ਦੂਰ ਭਜ ਜਾਂਦੈ।
ਜਦੋਂ ਤੂੰ ਆਸ ਦੇ ਜੁਗਨੂੰ ਦੇ ਵਾਂਗੂੰ ਟਿਮਟਿਮਾਉਂਦਾ ਏਂ॥
ਉਦੋਂ ਤਾਂ ਮਹਿਲਾਂ ਵਾਲੇ ਵੀ ਬੜੇ ਗੁੱਸੇ 'ਚ ਕੰਬਣ ਸਭ॥
ਤੂੰ ਜਦ ਢਾਰੇ ਉਸਾਰਨ ਦੀ ਐ ਯਾਰਾ ਬਾਤ ਪਾਉਂਦਾ ਏਂ॥
ਲਹੂ ਮੇਰੇ ਦਾ ਹਰ ਕਤਰਾ ਤੇਰਾ ਕਰਜ਼ਾ ਉਤਾਰੇਗਾ।
ਮੈਂ ਜਦ ਸਮਝਾਂਗਾ ਕਿ ਤੂੰ ਪੀੜ ਲੋਕਾਂ ਦੀ ਘਟਾਉਂਦਾ ਏਂ॥

ਪੈਂਤੀ ਨੰਬਰ ਗ਼ਜ਼ਲ ਦੇ ਹੇਠਾਂ ਭੂਪਿੰਦਰ ਨੇ ਲਿਖਿਆ ਹੈ ਕਿ "ਨਿਰੰਜਨ ਸਿੰਘ ਨੂਰ" ਨੂੰ ਸਮਰਪਿਤ, ਪਰ ਮੇਰੇ ਖਿਆਲ ਅਨੁਸਾਰ ਇਹ ਸਾਰੀ ਪੁਸਤਕ ਹੀ ਨਿਰੰਜਨ ਸਿੰਘ ਨੂਰ ਨੂੰ ਸਮਰਪਿਤ ਹੈ। ਉਪਰੋਕਤ ਗ਼ਜ਼ਲ ਤੋਂ ਇਲਾਵਾ ਚਾਰ ਪੂਰੀਆਂ ਦੀ ਪੂਰੀਆਂ ਹੋਰ ਗ਼ਜ਼ਲਾਂ ਵੀ ਹਨ ਜਿਨ੍ਹਾਂ ਵਿਚ ਨਿਰੰਜਨ ਸਿੰਘ ਨੂਰ ਦਾ

ਹੀ ਅਕਸ ਉਭਰਦਾ ਹੈ ਅਤੇ ਉਹ ਹੀ ਗ਼ਜ਼ਲਾਂ ਇਹ ਪੁਸਤਕ ਦੀਆਂ ਸਭ ਤੋਂ ਵਧੀਆਂ ਗ਼ਜ਼ਲਾਂ ਹਨ। ਕਿਉਂਕਿ ਉਹ ਨੂਰ ਨੂੰ ਆਪਣਾ ਪਰਮ ਮਿੱਤਰ, ਉਸਤਾਦ, ਰਹਿਨੁਮਾ ਅਤੇ ਦੁਨੀਆਂ ਵਿਚ ਸਭ ਤੋਂ ਕਰੀਬੀ ਰਿਸ਼ਤੇਦਾਰ ਸਮਝਦਾ ਹੈ। ਇਸ ਕਰ ਕੇ ਉਹ ਜਦੋਂ ਵੀ ਨੂਰ ਦੇ ਬਾਰੇ ਕੋਈ ਗੱਲ ਕਰਦਾ ਹੈ ਉਹਦੇ ਅੰਦਰੋਂ ਸ਼ਰਧਾ, ਸਨੇਹ ਅਤੇ ਸਤਿਕਾਰ ਦੇ ਚਸ਼ਮੇ ਵਹਿ ਤੁਰਦੇ ਹਨ ਅਤੇ ਨਿਰ ਯਤਨ ਹੀ ਸ਼ਿਅਰ ਉਤਰਨੇ ਅਰੰਭ ਹੋ ਜਾਂਦੇ ਹਨ ਜਿਸ ਨੂੰ ਇਲਹਾਮੀ ਸ਼ਾਇਰੀ ਵੀ ਆਖਿਆ ਜਾਂਦਾ ਹੈ। ਦਰ ਅਸਲ ਇਕ ਹਿਸਾਬ ਨਾਲ ਇਸ ਪੁਸਤਕ ਦਾ ਕੇਂਦਰੀ ਥੀਮ ਨਿਰੰਜਨ ਸਿੰਘ ਨੂਰ ਹੀ ਹੈ। ਜਿਵੇਂ ਅਸੀਂ ਉਪਰ ਦੱਸ ਹੀ ਚੁੱਕੇ ਹਾਂ ਕਿ ਪੰਜ ਗ਼ਜ਼ਲਾਂ ਨਿਰੰਜਨ ਸਿੰਘ ਨੂਰ ਬਾਰੇ ਹੀ ਆਖੀਆਂ ਗਈਆਂ ਹਨ ਅਤੇ ਇਸ ਤੋਂ ਇਲਾਵਾ ਹੋਰ ਗ਼ਜ਼ਲਾਂ ਵਿਚ ਵੀ ਨੂਰ ਬਾਰੇ ਬਹੁਤ ਸਾਰੇ ਸ਼ਿਅਰ ਆਖੇ ਗਏ ਹਨ। ਜਿਸ ਤਰ੍ਹਾਂ :

ਬਿਨ ਤੇਰੇ ਮੇਰਾ ਜੀਣਾ ਸਜ਼ਾ ਬਣ ਗਿਐ ਸੱਜਨ।
ਤਾਂ ਹੀ ਤਾਂ ਏਨੂੰ ਜੀ ਰਿਹਾਂ ਮੈਂ ਬੇ ਦਿਲੀ ਦੇ ਨਾਲ।
ਬਣ ਕੇ ਮਸੀਹਾ ਆ ਗਿਆ ਸੱਗੂ ਜਦੋਂ ਉਹ ਯਾਰ।
ਜ਼ਿੰਦਾ ਮੈਂ ਫੇਰ ਹੋ ਗਿਆ ਚਾਰਾਗਰੀ ਦੇ ਨਾਲ॥
ਜ਼ਿੰਦਗੀ ਮੇਰੀ ਜਦੋਂ ਬੰਜਰ ਹੋਈ।
ਪਿਆਰ ਇਸ ਵਿਚ ਮਹਿਕ ਭਰ ਜਾਂਦਾ ਰਿਹਾ॥
ਮੈਨੂੰ ਦੀਦਾਰ ਕੋਈ, ਏਦਾ ਵਿਖਾ ਗਿਆ ਹੈ।
ਬਰਬਾਦ ਹੋਇਆ ਦਿਲ ਉਹ ਫਿਰ ਤੋਂ ਵਸਾ ਗਿਆ ਹੈ॥

ਇਸ ਤੋਂ ਇਲਾਵਾ ਬਚੀਆਂ ਗ਼ਜ਼ਲਾਂ ਵਿਚ ਨੂਰ ਦੀ ਹੀ ਕਾਵਿ ਪਰੰਪਰਾ ਨੂੰ ਅੱਗੇ ਤੋਰਿਆ ਗਿਆ ਹੈ। ਨੂਰ ਵਾਂਗ ਹੀ ਸੱਚ, ਹੱਕ਼ ਅਤੇ ਨਿਆਂ ਦੇ ਹੱਕ਼ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਹੈ ਅਤੇ ਕਿਰਤੀ ਵਰਗ ਦੇ ਦੁੱਖਾਂ ਤਕਲੀਫ਼ਾਂ ਨੂੰ ਬੜੇ ਕਰੁਣਾਮਈ ਅੰਦਾਜ਼ ਨਾਲ ਬਿਆਨ ਕੀਤਾ ਹੈ। ਜਿਸ ਤਰ੍ਹਾਂ ਉਹ ਲਿਖਦਾ ਹੈ:

ਵਿਚਾਰਾ ਜਾਣਦਾ ਉਹ ਕੀ ਰੰਗੀਨੀ ਤਾਜ ਮਹਿਲਾਂ ਦੀ,
ਜਿਦੀ ਵੀ ਜਿੰਦ ਟੁਕੜੇ ਲਈ ਸਦਾ ਮਜ਼ਬੂਰ ਹੁੰਦੀ ਹੈ।

ਬਾਕੀ ਜਿਸ ਤਰ੍ਹਾਂ ਨਿਰੰਜਨ ਸਿੰਘ ਨੂਰ ਪ੍ਰਗਤੀਸ਼ੀਲ ਧਾਰਾ ਦਾ ਸ਼ਾਇਰ ਹੋਣ ਦੇ ਬਾਵਜੂਦ ਉਦਾਰ ਸੀ ਉਸੇ ਤਰ੍ਹਾਂ ਭੂਪਿੰਦਰ ਵੀ ਬੜਾ ਉਦਾਰ ਹੈ। ਇਕ ਹਿਸਾਬ ਨਾਲ ਜੇ ਵੇਖਿਆ ਜਾਏ ਤਾਂ ਭੂਪਿੰਦਰ ਸੱਗੂ ਨੂਰ ਨਾਲੋਂ ਵੀ ਵੱਧ ਉਦਾਰ ਹੈ। ਉਸ ਦੀਆਂ ਗ਼ਜ਼ਲਾਂ ਵਿਚ ਮਹਾਤਮਾ ਬੁੱਧ, ਹਜ਼ਰਤ ਈਸਾ ਅਤੇ ਸੂਫੀ ਸੰਤ ਬਾਬਾ ਫ਼ਰੀਦ ਦਾ ਪ੍ਰਭਾਵ ਵੀ ਪ੍ਰਤੱਖ ਵੇਖਿਆ ਜਾ ਸਕਦਾ ਹੈ। ਵਿਸ਼ੇਸ਼ ਕਰ ਕੇ ਹਜ਼ਰਤ ਈਸਾ ਦਾ ਜ਼ਿਕਰ ਇਸ ਪੁਸਤਕ ਵਿਚ ਵਾਰ ਵਾਰ ਆਉਂਦਾ ਹੈ। ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਉਹ ਵਰਤਮਾਨ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਹਫੜਾ

ਦਫੜੀ ਦੇ ਦੌਰ ਦਾ ਮੁਕ਼ਾਬਲਾ ਕਰਨ ਲਈ ਜਿਹੜੀ ਰਣਨੀਤੀ ਪੇਸ਼ ਕਰਦਾ ਹੈ ਉਹ ਸੰਤਾਂ ਮਹਾਤਮਾਂ ਵਾਲੀ ਹੈ। ਵਫ਼ਾ, ਪਿਆਰ, ਮੁਹੱਬਤ ਗੱਲ ਕੀ ਕਿ ਨੈਤਿਕਤਾ ਅਤੇ ਸਾਤਵਿਕ ਸਦਾਚਾਰ ਸੱਗੂ ਦੀਆਂ ਰਚਨਾਵਾਂ ਵਿਚ ਬੜੀ ਭਰਪੂਰਤਾ ਨਾਲ ਪੇਸ਼ ਹੋਇਆ ਹੈ। ਜਿਵੇਂ ਉਹ ਲਿਖਦਾ ਹੈ :

ਮੈਂ ਜਦੋਂ ਤੋਂ ਆਪਣੇ ਦਿਲ ਚੋਂ ਈਰਖਾ ਕੱਢ ਦਿੱਤੀ ਹੈ।
ਓਦੋਂ ਤੋਂ ਸਾਰਾ ਜ਼ਮਾਨਾ ਮੇਰਾ ਮਿੱਤਰ ਹੋ ਗਿਆ॥

ਉਪਰੋਕਤ ਸ਼ਿਅਰ ਦਾ ਭਾਵ ਬਿਲਕੁਲ ਗੁਰੂ ਅਰਜਨ ਦੇਵ ਦੇ ਹੇਠ ਲਿਖੇ ਸਲੋਕ ਨਾਲ ਮਿਲਦਾ ਹੈ :

ਨਾ ਕੋ ਵੈਰੀ ਨਾ ਹੀ ਬੇਗਾਨਾ,
ਸਗਲ ਸੰਗਿ ਹਮ ਕੋ ਬਨ ਆਈ।

ਬਾਕੀ ਇਸ ਗ਼ਜ਼ਲ ਸੰਗ੍ਰਹਿ ਦੇ ਕਿਤੇ ਕਿਤੇ ਗ਼ਮ, ਉਦਾਸੀ ਅਤੇ ਨਿਰਾਸ਼ਾ ਵੀ ਭਾਅ ਮਾਰਦੇ ਹੁੰਦੇ ਹਨ ਪਰ ਸਮੁੱਚੇ ਤੌਰ ਤੇ ਵਧੇਰੇ ਗ਼ਜ਼ਲਾਂ ਆਸ਼ਾਵਾਦੀ ਅਤੇ ਉਤਸ਼ਾਹ ਭਰਪੂਰ ਹਨ। ਸੋ ਇਸ ਪ੍ਰਕਾਰ ਭੂਪਿੰਦਰ ਸੱਗੂ ਦੀ ਸ਼ਾਇਰੀ ਪਿਆਰ, ਵਫ਼ਾ, ਸਹਾਨੁਭੂਤੀ ਅਤੇ ਸਦਾਚਾਰ ਦਾ ਇਕ ਖ਼ੂਬਸੂਰਤ ਸੰਗਮ ਹੈ ਅਤੇ ਇਸ ਕਿਸਮ ਦੀ ਸ਼ਾਇਰੀ ਵੀ ਅੱਜ ਦੇ ਦੌਰ ਵਿਚ ਸਭ ਤੋਂ ਵੱਧ ਲੋੜ ਵੀ ਹੈ। ਅਜਿਹੀ ਸ਼ਾਇਰੀ ਨੇ ਬਰਤਾਨਵੀ ਪੰਜਾਬੀ ਗ਼ਜ਼ਲ ਵਿਚ ਪਹਿਲੀ ਵਾਰ ਪ੍ਰਵੇਸ਼ ਕੀਤਾ ਹੈ। ਮੈਨੂੰ ਪੂਰੀ ਪੂਰੀ ਆਸ ਹੈ ਕਿ ਇਸ ਪੁਸਤਕ ਦਾ ਸੁਹਿਰਦ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲੇਗਾ।

ਅੰਤ ਵਿਚ ਹੇਠਾਂ ਇਸ ਗ਼ਜ਼ਲ ਸੰਗ੍ਰਹਿ ਦੇ ਕੁਝ ਸ਼ਿਅਰ ਪੇਸ਼ ਹਨ ਜੋ ਪੰਜਾਬੀ ਗ਼ਜ਼ਲ ਦੀ ਪ੍ਰਾਪਤੀ ਆਖੇ ਜਾ ਸਕਦੇ ਹਨ :

ਮੈਂ ਇਕ ਪਿਆਰ ਦਾ ਸਾਗਰ ਹਾਂ ਪਰ।
ਤੇਰੇ ਗ਼ਮ ਵਿਚ ਸੁਕਦਾ ਜਾਵਾਂ॥

ਕਦੇ ਉਲਫਤ ਦੇ ਰਾਹੀ ਲਾਭ ਦੇ ਸੌਦੇ ਨਹੀਂ ਕਰਦੇ,
ਦਿਲਾਂ ਨੂੰ ਸ਼ਾਹ ਬਣਾਉਂਣਾ ਪਿਆਰ ਦੀ ਤਾਸੀਰ ਹੁੰਦੀ ਹੈ।
ਕੱਲ ਜੋ ਤਲਵਾਰ ਦਾ ਮੈਂ ਵਾਰ ਕਰਦਾ ਵੇਖਿਆ॥
ਪਿਆਰ ਦੀ ਤਾਕਤ ਹੈ ਉਹ ਅੱਜ ਪਿਆਰ ਕਰਦਾ ਵੇਖਿਆ॥
ਅੱਜ ਲੋਕਾਂ ਦਾ ਭਰੋਸਾ ਈਮਾਨ ਜ਼ਿੰਦਗੀ ਦਾ।
ਪੈਸੇ ਦੀ ਮੰਡੀ ਅੰਦਰ ਨੀਲਾਮ ਹੋ ਗਿਆ ਹੈ॥
ਅਮਲ ਦੀ ਜ਼ਿੰਦਗੀ ਹੀ ਦੋਸਤੋ ਭਰਪੂਰ ਹੁੰਦੀ ਹੈ।
ਅਮਲ ਬਿਨ ਜ਼ਿੰਦਗੀ ਕਾਲੀ ਅਤੇ ਬੇਨੂਰ ਹੁੰਦੀ ਹੈ॥

●●●●●

# ਮੇਰੀ ਨਜ਼ਰ ਵਿਚ ਚਾਨਣ ਦੀ ਬਾਤ

## ਨਿਸ਼ਾਨ ਸ. ਜੌਹਲ

ਮੁਹਤਰਿਮ ਭੂਪਿੰਦਰ ਸਿੰਘ ਸੱਗੂ ਜੀ ਨਾਲ ਮੇਰਾ ਪਿਛਲੇ ਲਗਭਗ 20 ਕੁ ਸਾਲਾਂ ਤੋਂ ਗੱਲਬਾਤ ਦਾ ਸਿਲਸਿਲਾ ਜਾਰੀ ਹੈ। ਉਹ ਲੰਮੇ ਸਮੇਂ ਤੋਂ ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ ਵਿਖੇ ਰਹਿ ਰਹੇ ਹਨ ਅਤੇ ਇਕ ਕੰਪਨੀ ਵਿਚ ਕੰਮ ਕਰਦੇ ਹਨ। ਉਹ ਪਰਿਵਾਰ ਵਿਚ ਰਾਜ਼ੀ-ਬਾਜ਼ੀ ਹੈ। ਆਮੀਨ!!

ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਨਾਲ ਮੇਰਾ ਰਾਬਤਾ ਅਖਬਾਰਾਂ ਰਸਾਲਿਆਂ ਰਾਹੀਂ ਹੀ ਬਣਿਆ ਅਤੇ ਮੋ: ਰਾਹੀਂ ਅਨੇਕਾਂ ਵਾਰ ਗੱਲਬਾਤ ਚਲਦੀ ਰਹਿੰਦੀ ਹੈ।

ਸ੍ਰੀ ਸੱਗੂ ਜੀ ਇਸ ਤੋਂ ਪਹਿਲਾਂ 7 ਕਿਤਾਬਾਂ ਲਿਖ ਚੁੱਕੇ ਹਨ ਅਤੇ ਇਸ ਦਾ ਵੇਰਵਾ ਹੱਥਲੀ ਕਿਤਾਬ ਦੇ ਸ਼ੁਰੂ ਵਿਚ ਵੇਖਿਆ ਜਾ ਸਕਦਾ ਹੈ।

ਮੈਂ ਦੂਰ ਨਾ ਜਾਵਾਂ ਸ੍ਰੀ ਸੱਗੂ ਜੀ ਦੀ ਹੱਥਲੀ "ਗ਼ਜ਼ਲਾਂ" ਦੀ ਕਿਤਾਬ "ਚਾਨਣ ਦੀ ਬਾਤ"ਬਾਰੇ ਕੁਝ ਜ਼ਰੂਰੀ ਗੱਲਾਂ ਪਾਠਕਾਂ ਨਾਲ ਕਰਨੀਆਂ ਚਾਹੁੰਦਾ ਹਾਂ।

ਅੱਜ ਪੰਜਾਬੀ ਗ਼ਜ਼ਲ ਵੱਡੇ ਪੱਧਰ 'ਤੇ ਲਿਖੀ ਜਾ ਰਹੀ ਹੈ। ਜਿੱਥੇ ਇਹ ਗੱਲ ਬੜੀ ਵਧੀਆ ਲਗਦੀ ਹੈ ਓਥੇ ਬੜੇ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਅੱਜ ਦੀ ਪੰਜਾਬੀ ਗ਼ਜ਼ਲ 95% ਵਿਖਾਵਾ ਬਣ ਕੇ ਰਹਿ ਗਈ ਹੈ। ਪੰਜਾਬੀ ਗ਼ਜ਼ਲ ਦੀ ਬਦਕਿਸਮਤੀ ਕਹਿ ਲਓ ਕਿ ਪੰਜਾਬੀ ਗ਼ਜ਼ਲ ਅੱਜ ਬੇ-ਉਸਤਾਦ ਸ਼ਾਇਰਾਂ ਦੀ ਬੁਰੀ ਤਰ੍ਹਾਂ ਸ਼ਿਕਾਰ ਹੈ। ਅੱਜ ਦੇ ਸ਼ਾਇਰ ਗ਼ਜ਼ਲ ਲਫ਼ਜ਼ ਨੂੰ ਬੁਰੀ ਤਰ੍ਹਾਂ ਵਰਤ ਰਹੇ ਹਨ। ਅੱਜ ਪੰਜਾਬੀ ਗ਼ਜ਼ਲ ਦੇ ਉਸਤਾਦ ਸਾਹਿਬਾਨ ਅਤੇ ਉਹਨਾਂ ਦੇ ਸ਼ਾਗਿਰਦ ਰਵੀ ਅੱਖਰ ਹੀ ਭੰਗ ਕਰਦੇ ਹਨ, ਮੁਹਾਵਰਿਆਂ ਦਾ ਵਿਗਾੜ ਕੁਆਫ਼ੀ ਦੀ ਭੰਗਤਾ ਆਦਿ ਐਬ-ਦਰ-ਐਬ ਪੰਜਾਬੀ ਗ਼ਜ਼ਲ ਵਿਚ ਆਮ ਫ਼ਹਿਮ ਹਨ। ਪੰਜਾਬੀ ਗ਼ਜ਼ਲ ਸ਼ਾਇਰਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਅਤੇ ਮਨਮਾਨੀ ਇਹ ਸਾਹਮਣੇ ਆਉਂਦੀ ਹੈ ਕਿ "ਇਕ ਦੂਜੇ ਦੀ ਬਾ-ਅਰੂਜ਼ ਗੱਲ ਮੰਨਣ ਦਾ ਹੌਸਲਾ ਹੀ ਨਹੀਂ ਹੈ। ਗੱਲਾਂ ਤਾਂ ਹੋਰ ਵੀ ਹਨ ਜਿੰਨ੍ਹਾਂ ਬਾਰੇ ਫਿਰ ਸਹੀ...। ਇਹਨਾਂ ਗੱਲਾਂ ਦਾ ਇਜ਼ਹਾਰ ਇਸ ਕਰਕੇ ਕੀਤਾ ਹੈ ਕਿ ਇਕ ਪਾਸੇ ਅਰਬੀ, ਫ਼ਾਰਸੀ ਦਾ ਅਰੂਜ਼ ਵਰਤਿਆ ਜਾ ਰਿਹਾ ਹੈ ਪਰ

ਦੂਜੇ ਪਾਸੇ ਮਨਮਰਜ਼ੀਆਂ ਸ਼ਰੇਆਮ ਸਾਹਮਣੇ ਆਉਂਦੀਆਂ ਹਨ। ਮੈਂ ਚੰਗੀ ਤਰਾਂ ਮਹਿਸੂਸ ਕੀਤਾ ਹੈ ਕਿ ਬੌਹਤ ਸਾਰੇ ਪੰਜਾਬੀ ਸ਼ਾਇਰ ਜਿੱਥੇ ਆਪਣੀ ਝੂਠੀ ਵਾਹ! ਵਾਹ! ਤੋਂ ਖੁਸ਼ ਹੁੰਦੇ ਹਨ ਓਥੇ ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਬਾ-ਅਰੂਜ਼ ਗੱਲ ਹਜ਼ਮ ਕਰਨ ਦਾ ਵੱਡਾ ਸਾਰਾ "ਹਾਜ਼ਮਾ" ਰੱਖਦੇ ਹਨ।

ਸ੍ਰੀ ਸੱਗੂ ਜੀ ਦਾ ਗ਼ਜ਼ਲਾਂ ਦਾ ਖਰੜਾ "ਚਾਨਣ ਦੀ ਬਾਤ"ਜਦੋਂ ਦਾ ਮੇਰੇ ਕੋਲ ਆਇਆ ਹੈ ਉਦੋਂ ਤੋਂ ਉਹਨਾਂ ਨਾਲ ਮੋ: ਰਾਹੀਂ ਬਾ-ਅਰੂਜ਼ ਗੱਲ ਚਲਦੀ ਰਹੀ ਹੈ ਅਤੇ ਵਾਹਿਗੁਰੂ ਕਰੇ! ਚਲਦੀ ਰਹੇ। ਆਮੀਨ!!

ਸ੍ਰੀ ਸੱਗੂ ਦਾ ਗ਼ਜ਼ਲ ਸੰਗ੍ਰਹਿ "ਚਾਨਣ ਦੀ ਬਾਤ"ਦਾ ਪਾਠ ਕਰਦਿਆਂ ਬੌਹਤ ਗੱਲਾਂ ਸਾਹਮਣੇ ਆਉਂਦੀਆਂ ਹਨ ਜਿਵੇਂ ਪਹਿਲੀ ਗ਼ਜ਼ਲ ਹੀ ਅਰੂਜ਼ ਦੀ ਖ਼ਾਸ ਵੰਨਗੀ ਵਿਚ ਲਿਖੀ ਗਈ ਹੈ। ਇਸ ਕਿਸਮ ਦੀ ਗ਼ਜ਼ਲ ਨੂੰ ਕੈਦ-ਏ-ਬ-ਯਕ ਕਾਫ਼ੀਆ ਗ਼ਜ਼ਲ ਆਖਿਆ ਜਾਂਦਾ ਹੈ। ਭਾਵ ਕਿ ਮਤਲਾ-ਏ-ਗਜ਼ਲ ਦੇ ਦੋਵਾਂ ਮਿਸਰਿਆਂ ਵਿਚ ਜੋ ਕਾਫ਼ੀਆ ਬੰਨ੍ਹ ਲਿਆ ਜਾਂਦਾ ਹੈ ਤਾਂ ਉਹਨਾਂ ਦੋਵਾਂ ਵਿੱਚੋਂ ਕੋਈ ਇਕ ਕਾਫੀਆ ਹੀ ਨਿਸ਼ਚਿਤ ਕਰਕੇ ਘੱਟੋ ਘੱਟ ਪੰਜ ਕੁਆਫ਼ੀ ਤੱਕ ਪਹਿਰੇਦਾਰੀ ਕਰਨੀ ਪੈਂਦੀ ਹੈ ਜਿਵੇਂ ਸ੍ਰੀ ਸੱਗੂ ਜੀ ਦੀ ਹੱਥਲੀ ਗ਼ਜ਼ਲ ਦਾ ਮਤਲਅ ਹੈ :

ਮੇਰੇ ਯਾਰ ਐਂ ਮੰਜ਼ਲਿ ਪਾਉਣੀ ਮੁਸ਼ਕਿਲ ਹੈ॥
ਜਿੱਦਾਂ ਆਪਣੇ ਘਰ ਅੱਗ ਲਾਉਣੀ ਮੁਸ਼ਕਿਲ ਹੈ॥

ਹਾਸਿਲ-ਏ-ਮਤਲੇ ਦੇ ਕੁਆਫੀ "ਪਾਉਣੀ"ਅਤੇ "ਲਾਉਣੀ" ਬੰਨ੍ਹੇ ਗਏ ਹਨ। ਇਹਨਾਂ ਕੁਆਫ਼ੀ (ਕਾਫ਼ੀਏ ਦਾ ਬੌਹ-ਵਚਨ) ਵਿਚ "ਣੀ"ਸ਼ਬਦ ਆਇਆ ਹੈ ਜਿਸ ਦੀ "ਬਿਹਾਰੀ"ਹਰਫ-ਏ-ਵਾਸਿਲ ਹੈ ਅਤੇ "ਣਾ" ਹਰਫ-ਏ-ਰਵੀ ਮੁਕਰਰ ਕੀਤਾ ਗਿਆ ਹੈ। ਜੋ ਬਾ-ਅਰੂਜ਼ ਬਿਲਕੁਲ ਦਰੁੱਸਤ ਹੈ। ਹਾਸਿਲ-ਏ-ਗ਼ਜ਼ਲ ਦੇ ਬਾਕੀ ਕੁਆਫ਼ੀ "ਜਾਨ ਲਾਉਣੀ" "ਕੀਮਤ ਲਾਉਣੀ", "ਅੱਖ ਲਾਉਣੀ", "ਯਾਰੀ ਲਾਉਣੀ"ਹਨ। ਏਥੇ ਵੇਖਣ ਵਾਲੀ ਗੱਲ ਹੈ ਕਿ ਪੰਜਾਂ ਅਸ਼ਆਰ ਵਿਚ "ਲਾਉਣੀ" ਸ਼ਬਦ ਹੀ ਆਇਆ ਹੈ। ਏਥੇ ਕੋਈ ਵੀ ਟਪਲਾ ਖਾ ਕੇ ਸ੍ਰੀ ਭੂਪਿੰਦਰ ਸ. ਸੱਗੂ ਜੀ ਦਾ ਵਿਰੋਧ ਕਰ ਸਕਦਾ ਹੈ ਕਿ "ਲਾਉਣੀ"ਲਫ਼ਜ਼ ਨੂੰ ਹੀ ਪੰਜਾਂ ਕੁਆਫ਼ੀ ਵਿਚ ਲਗਾਤਾਰ ਕਿਓ ਲਿਆਂਦਾ ਗਿਆ ਹੈ? ਜਦ ਕਿ ਆਮ ਗ਼ਜ਼ਲਾਂ ਵਿਚ ਕਾਫ਼ੀਆ ਬਦਲ ਕੇ ਹੀ ਆਉਂਦਾ ਹੈ? ਮੈਂ ਇਸ ਦਾ ਜਵਾਬ ਬਾ-ਅਕੀਦਤ ਦੇਵਾਂਗਾ ਕਿ ਜਦੋਂ ਕੈਦ-ਏ-ਬ-ਯਕ ਕਾਫ਼ੀਆ ਗ਼ਜ਼ਲ ਲਿਖੀ ਜਾਂਦੀ ਹੈ ਤਾਂ ਸਾਰੇ ਕੁਆਫ਼ੀ ਦੇ ਅਰਥ ਵੱਖ ਵੱਖ ਆਉਣੇ ਚਾਹੀਦੇ ਹਨ। ਜਿਵੇਂ ਸ੍ਰੀ ਸੱਗੂ ਜੀ ਦੇ ਕੁਆਫ਼ੀ ਦੀਆਂ ਸੂਰਤਾਂ ਭਾਵੇਂ ਇਕ ਹਨ ਪਰ ਅਰਥ ਵੱਖ ਵੱਖ ਹਨ। ਏਥੇ ਸ੍ਰੀ ਸੱਗੂ ਜੀ ਬਾ-ਅਰੂਜ਼ੀ ਸਾਬਿਤ ਹੁੰਦੇ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਕੈਦ-ਏ-ਬ-ਯਕ ਕਾਫੀਏ (ਇੱਕ ਕਾਫੀਏ) ਵਾਲੀ ਗ਼ਜ਼ਲ ਦਾ ਮਤਲਅ ਹੈ :

ਮੈਂ ਇੰਜ ਰੰਗ ਬਦਲਦੇ ਵੇਖੇ ਯਾਰਾਂ ਦੇ॥
ਜਿੱਦਾਂ ਰੰਗ ਬਦਲਦੇ ਜਾਣ ਬਹਾਰਾਂ ਦੇ॥

ਹਾਸਿਲ-ਏ-ਮਤਲਾ-ਏ-ਕੁਆਫ਼ੀ "ਯਾਰਾਂ"ਅਤੇ "ਬਹਾਰਾਂ"ਆਏ ਹਨ। ਇਹਨਾਂ ਵਿਚ "ਰ"ਸ਼ਬਦ ਦਾ ਦੁਹਰਾਅ ਹੈ। ਜਿਸ ਦਾ ਮਤਲਬ ਹੈ ਕਿ ਜੋ "ਕੰਨਾ" ਹੈ ਉਹ ਹਰਫ਼-ਏ-ਵਾਸਿਲ ਹੈ ਅਤੇ ਜੋ ਕੰਨਾਂ ਬਿੰਦੀ ਹੈ ਇਹ ਹਰਫ਼-ਏ-ਖਰੂਜ਼ ਹੈ, ਇਹ ਬਾ-ਅਰੂਜ਼ ਠੀਕ ਹੈ। ਇਸ ਤਰਾਂ ਜੋ "ਰਾ"(ਰਾਰਾ) ਹੈ ਉਹ ਹਰਫ਼-ਏ-ਰਵੀ ਬਾ-ਨਿਸ਼ਸ਼ਤ ਹੈ। ਅਗਲੇ ਕੁਆਫ਼ੀ "ਨਖਰੇ ਯਾਰਾਂ ਦੇ", "ਵਾਦੇ ਵੇਖੇ ਯਾਰਾਂ ਦੇ", "ਨਾਲ ਤੁਰਾਂਗੇ ਯਾਰਾਂ"ਦੇ "ਤੇਗਾਂ ਕਸੀਆਂ ਯਾਰਾਂ ਦੇ"ਹਨ। ਇਹਨਾਂ ਤਮਾਮ ਕੁਆਫ਼ੀ ਵਿਚ "ਯਾਰਾਂ"ਸ਼ਬਦ ਦਾ ਦੁਹਰਾਅ ਆਇਆ ਹੈ ਜੋ ਬਿਲਕੁਲ ਦਰੁੱਸਤ ਕੁਆਫ਼ੀ ਆਏ ਹਨ। ਇਸ ਤਰ੍ਹਾਂ ਹੀ ਬੜੀ ਮੁਹਾਰਤ ਨਾਲ ਕੁਆਫ਼ੀ ਜੜੇ ਜਾਂਦੇ ਹਨ। ਇਹ ਵੀ ਆਪਣੇ ਆਪ ਵਿਚ ਗ਼ਜ਼ਲ ਦੀ ਕਿਸਮ ਮੰਨੀ ਜਾਂਦੀ ਹੈ। ਸ੍ਰੀ ਸੱਗੂ ਜੀ ਕੈਦ-ਏ-ਬ-ਯਕ ਕਾਫ਼ੀਆ ਦਾ ਨਿਭਾਅ ਕਰਦੇ ਬਾ-ਖ਼ੂਬੀ ਨਜ਼ਰ-ਏ-ਨਸ਼ੀਨ ਹੁੰਦੇ ਹਨ। ਸ੍ਰੀ ਭੂਪਿੰਦਰ ਸੱਗੂ ਜੀ ਕਾਫ਼ੀਏ ਦੀ ਪੂਰੀ ਸੂਝ ਰੱਖਦੇ ਹਨ।

ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਦੀ ਇਕ ਗ਼ਜ਼ਲ ਦਾ ਮਤਲਅ ਪੇਸ਼-ਏ-ਖ਼ਦਿਮਤ ਹੈ :

ਮੈਂ ਏਦਾਂ ਯਾਦ ਕਰਦੈਂ ਮਾਣੇ ਨਜ਼ਾਰਿਆਂ ਨੂੰ॥
ਜਿੱਦਾਂ ਨਾ ਨੀਂਦ ਆਵੇ ਨੈਣਾਂ ਦੇ ਮਾਰਿਆਂ ਨੂੰ॥

ਇਸ ਮਤਲੇ ਵਿਚ "ਮਾਰਿਆਂ" ਅਤੇ "ਨਜ਼ਾਰਿਆਂ" ਦਾ ਕਾਫ਼ੀਆ ਬੰਨਿਆ ਗਿਆ ਹੈ। ਇਸ ਕਾਫ਼ੀਏ ਨੂੰ ਤਸੀਸ-ਦੁਖੀਲ ਆਖਿਆ ਜਾਂਦਾ ਹੈ। ਤੁਸੀਸ-ਦੁਖ਼ੀਲ ਦੀ ਪਰਿਭਾਸ਼ਾ ਬਾਰੇ ਮੁਹਤਰਿਮ ਉਸਤਾਦ ਦੀਪਕ ਜੈਤੋਈ ਜੀ ਦੀ ਕਿਤਾਬ "ਗ਼ਜ਼ਲ ਕੀ ਹੈ"ਵਿਚ ਪੜ੍ਹਿਆ ਜਾ ਸਕਦਾ ਹੈ। ਏਥੇ ਸ੍ਰੀ ਸੱਗੂ ਜੀ ਦੀ ਗ਼ਜ਼ਲ ਦੀ ਚਰਚਾ ਕਰਦੇ ਹਾਂ ਕਿ ਉਪਰ "ਮਾਰਿਆਂ"ਅਤੇ "ਨਜ਼ਾਰਿਆਂ"ਅਲਫ਼ਾਜ਼ (ਸ਼ਬਦਾਂ) ਵਿਚ "ਰਾ"ਰਵੀ ਅੱਖਰ ਹੈ। ਜੋ 'ਰ'(ਰਾਰੇ) ਸਿਹਾਰੀ ਹੈ ਇਹ "ਦਖੀਲ"ਹੈ ਅਤੇ "ਰ" ਤੋਂ ਪਹਿਲਾਂ ਕੰਨਾ ਹੈ ਇਹ ਤਸੀਸ ਹੈ। "ਚਾਨਣ ਦੀ ਬਾਤ"ਦੇ ਪਾਠਕ ਖ਼ਬ ਯਾਦ ਰੱਖਣ ਕਿ, "ਨਜ਼ਾਰਿਆਂ"ਅਤੇ ਹੋਰ ਕੁਆਫ਼ੀ ਵਿਚ ਜੋ "ਆਂ"ਆਇਆ ਹੈ ਇਹਨਾਂ ਵਿਚ "ਆ" ਹਰਫ਼-ਏ-ਖਰੂਜ਼ ਹੈ; ਜੋ ਕੰਨਾ ਹੈ ਇਹ ਹਰਫ-ਏ-ਮਜ਼ੀਦ ਹੈ ਅਤੇ ਜੋ ਬਿੰਦੀ ਹੈ, ਇਹ ਹਰਫ-ਏ-ਨਾਇਰਾ ਹੈ। ਜਦੋਂ ਇਸ ਤਰ੍ਹਾਂ ਦੇ ਕੁਆਫ਼ੀ ਵਿਚ ਜੋ ਸ਼ਬਦ ਜੜ ਲਏ ਜਾਂਦੇ ਹਨ ਤਾਂ ਬਾਕੀ ਅਸ਼ਆਰ ਵਿਚ ਉਹਨਾਂ

ਅਲਫ਼ਾਜ਼'ਤੇ ਪਹਿਰੇਦਾਰੀ ਕਰਨੀ ਪੈਂਦੀ ਹੈ। ਹੁਣ ਆਪਾ ਸ੍ਰੀ ਸੱਗੂ ਜੀ ਦੀ ਹਾਸਿਲ-ਏ-ਗ਼ਜ਼ਲ ਦੇ ਬਾਕੀ ਅਸ਼ਆਰ ਦੀ ਚਰਚਾ ਕਰਦੇ ਹਾਂ : ਅਗਲਾ ਸ਼ਿਅਰ ਹੈ :

ਮੁਖੜਾ ਦਿਖਾ ਕੇ ਕੇਰਾਂ ਮੁੜ ਨਾ ਉਹ ਨਜ਼ਰੀਂ ਆਇਆ।
ਹੁਣ ਤਕ ਬੜਾ ਰੁਆਇਆ ਸਾਨੂੰ ਵਿਚਾਰਿਆਂ ਨੂੰ॥

ਇਸ ਸ਼ਿਅਰ ਦਾ ਕਾਫ਼ੀਆ "ਵਿਚਾਰਿਆਂ"ਸ਼ਬਦ ਆਇਆ ਹੈ। ਜਿਸ ਵਿਚ 'ਰ' ਮੂਲ ਅੱਖਰ ਹੈ "ਸਿਹਾਰੀ"ਦਖ਼ੀਲ ਅਤੇ "ਕੰਨਾ"ਤਸੀਸ ਹੈ। ਇਹ ਬਿਲਕੁਲ ਠੀਕ ਆਏ ਹਨ। ਇਸ ਤਰ੍ਹਾਂ ਹੀ ਹਾਸਿਲ-ਏ-ਗ਼ਜ਼ਲ ਦੇ ਹੋਰ ਕੁਆਫ਼ੀ ਹਨ, "ਦਵਾਰਿਆਂ", "ਇਸ਼ਾਰਿਆਂ", "ਲਾਰਿਆਂ"ਹਨ। ਜੋ ਦਰੁੱਸਤ ਆਏ ਹਨ। ਇਸ ਗ਼ਜ਼ਲ ਦੀ "ਰਦੀਫ਼" ਨੂੰ ਹੈ।

ਹਾਸਿਲ-ਏ-ਗ਼ਜ਼ਲ-ਏ-ਮਜ਼ਮੂਅ ਦੀ ਇਕ ਹੋਰ ਗ਼ਜ਼ਲ ਦਾ ਮਤਲਅ ਹੈ :

ਇਸ਼ਕ ਦੀ ਅੱਗ ਜਿਸ ਦੇ ਸੀਨੇ ਵਿਚ ਮਚਦੀ ਹੈ॥
ਸੱਚ ਪੁੱਛੋ ਤਾਂ ਏਹੋ ਸੂਰਤ ਸੱਚ ਦੀ ਹੈ॥

ਸ੍ਰੀ ਸੱਗੂ ਜੀ ਇਸ ਗ਼ਜ਼ਲ ਦੇ ਮਤਲੇ ਵਿਚ "ਮਚਦੀ" ਅਤੇ "ਸਚ ਦੀ" ਅਲਫ਼ਾਜ਼ ਦਾ ਕਾਫ਼ੀਆ ਬੰਨਦੇ ਹਨ। ਇਹਨਾਂ ਵਿਚ ਜੋ 'ਚ' ਹੈ ਇਹ ਹਰਫ-ਏ-ਕ਼ੈਦ ਹੈ। ਜੋ 'ਦ' ਹੈ ਇਹ ਹਰਫ-ਏ-ਰਵੀ ਹੈ ਅਤੇ "ਬਿਹਾਰੀ" ਇਹ ਹਰਫ਼-ਏ-ਵਾਸਿਲ ਹੈ। ਇਸ ਗ਼ਜ਼ਲ ਦੇ ਬਾਕੀ ਕੁਆਫ਼ੀ "ਨਚਦੀ", "ਬਚਦੀ", "ਜਚਦੀ"ਆਦਿ ਹਨ। ਇਸ ਤਰ੍ਹਾਂ ਇਹ ਸਭ ਦੇ ਸਾਹਮਣੇ ਹੈ ਕਿ ਸ੍ਰੀ ਭੁਪਿੰਦਰ ਸ. ਸੱਗੂ ਜੀ ਕਾਫ਼ੀਏ ਪ੍ਰਤੀ ਪੂਰੀ ਮੁਸਤੈਦੀ ਨਾਲ ਡਿਊਟੀ ਕਰਦੇ ਵਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀ ਗ਼ਜ਼ਲ ਵਿਚ ਵੀ ਭਖਦਾ ਮਸਲਾ ਹੈ ਕਿ ਕੁਆਫ਼ੀ ਦੀ ਪਬੰਦੀ ਕੀ ਹੋਵੇ ? ਯਾਨੀ ਇਕ ਹੀ ਸੂਰਤ ਵਾਲਾ ਕਾਫ਼ੀਆ ਇੱਕ ਗ਼ਜ਼ਲ ਵਿਚ ਕਿੰਨੀ ਵਾਰ ਆ ਸਕਦਾ ਹੈ ? ਇਸ ਬਾਰੇ ਫਿਰ ਕਿਤੇ!!

## ਕੁਝ ਬਹਿਰਾਂ ਬਾਰੇ ਚਰਚਾ

ਸ੍ਰੀ ਭੁਪਿੰਦਰ ਸਿੰਘ ਸੱਗੂ ਜੀ ਨੇ ਬੋਹਤ ਵਫਾਦਾਰੀ ਅਤੇ ਮਿਹਨਤ ਨਾਲ ਸ੍ਰੀ ਨਿਰੰਜਨ ਸ. ਨੂਰ ਸਾਹਿਬ ਤੋਂ ਜਿੱਥੇ ਇਲਮ-ਏ-ਅਰੂਜ਼ ਹਾਸਿਲ ਕੀਤਾ ਹੈ ਓਥੇ ਸ੍ਰੀ ਨੂਰ ਜੀ ਦਾ ਆਖਰੀ ਸਾਹਾਂ ਤਕ ਹਰ ਤਰ੍ਹਾਂ ਉਹਨਾਂ ਦਾ ਬੜੀ ਵਫ਼ਾਦਾਰੀ ਨਾਲ ਸਾਥ ਦਿੱਤਾ।

ਹੁਣ ਇਸ ਕਾਲਮ ਵਿਚ ਆਪਾਂ ਇਹ ਚਰਚਾ ਕਰਾਂਗੇ ਕਿ ਸ੍ਰੀ ਸੱਗੂ ਜੀ ਨੇ ਕਿਹੜੇ ਕਿਹੜੇ ਬਹਿਰ ਵਿਚ ਗ਼ਜ਼ਲਾਂ ਆਖੀਆਂ ਹਨ। ਹਾਲਾਂਕਿ ਸਾਰੇ ਬਹਿਰਾਂ ਦਾ ਹਵਾਲਾ ਨਹੀਂ ਦਿੱਤਾ ਜਾਵੇਗਾ। ਪਾਠਕਾਂ ਨੂੰ ਚਾਹੀਦਾ ਹੈ ਕਿ "ਚਾਨਣ ਦੀ

ਬਾਤ"ਦਾ ਮਜ਼ਮੂਆ-ਏ-ਗ਼ਜ਼ਲ ਖ਼ੁਦ ਪੜ੍ਹਨ ਅਤੇ ਤਬਾਅ ਅਜ਼ਮਾਈ ਕਰਨ ਪਰ ਜ਼ੋਰ-ਅਜ਼ਮਾਈ ਨਾ ਕਰਨ...।

ਸ੍ਰੀ ਭੂਪਿੰਦਰ ਸ. ਸੱਗੂ ਜੀ ਦੀ ਇੱਕ ਗ਼ਜ਼ਲ ਦਾ ਮਤਲਾ ਪਾਠਕਾਂ ਦੀ ਪੇਸ਼-ਏ-ਨਜ਼ਰ ਬਾ-ਅਦਬ ਪੇਸ਼ ਕਰਦੇ ਹਾਂ। ਮਤਲਅ ਹੈ :

ਇਤਬਾਰ ਕਰਨਾ ਮੁੱਢੋਂ ਫ਼ਿਤਰਤ ਰਹੀ ਹੈ ਮੇਰੀ।
ਉਂਝ ਜਾਣਦਾ ਹੈ "ਸੱਗੂ" ਸੱਜਣ ਦੇ ਲਾਰਿਆਂ ਨੂੰ॥

ਹਾਸਿਲ-ਏ-ਸ਼ਿਅਰ ਬਹਿਰ-ਏ-ਮੁਜ਼ਾਰਿਆਂ ਮਸਮਨ ਅਖ਼ਰਬ ਵਿਚ ਹੈ। ਇਸ ਦਾ ਵਜ਼ਨ ਹੈ :

"ਮਫ਼ਊਲ=ਫਾਇਲਾਤੁਨ=ਮਫ਼ਊਲ=ਫ਼ਾਇਲਾਤੁਨ"

ਏਥੇ ਸਿਰਫ ਏਹੋ ਦਸਦੇ ਹਾਂ, ਕਿ "ਮੁਫ਼ਾਈਲੁਨ"ਤੋਂ "ਮਫ਼ਊਲ"ਕਿਵੇਂ ਬਣਦਾ ਹੈ ? "ਚਾਨਣ ਦੀ ਬਾਤ"ਦੇ ਪਾਠਕ ਬੜੇ ਇਹਤਰਾਮ ਨਾਲ ਵੇਖਣ ਕਿ "ਮੁਫ਼ਾਈਲੁਨ""ਤੇ ਖ਼ਰਬ (ਅਖ਼ਰਬ) ਜ਼ਿਹਾਫ਼ ਲਾਗੂ ਕੀਤਾ ਤਾਂ ਪਹਿਲਾਂ ਇਸ ਨੇ "ਮੁ"ਝਾੜ ਦਿੱਤਾ ਅਤੇ ਫਿਰ ਸਬਬ-ਖ਼ਫ਼ੀਫ਼ ਦੀ ਟੁਕੜੀ 'ਲੁਨਾ' ਦਾ "ਨ"ਝਾੜ ਦਿੱਤਾ ਅਤੇ "ਲੁ" ਦੀ ਔਂਕੁੜ ਵੀ ਡੇਗ ਦਿੱਤੀ। ਹੁਣ ਇਹ ਨਵਾਂ ਵਜ਼ਨ ਫ਼ਾਈਲ ਬਣਿਆ ਹੈ। ਇਸ ਨੂੰ ਮੁਫ਼ਊਲ ਵਿਚ ਬਦਲ ਲਈਦਾ ਹੈ। ਇਸ ਤਰ੍ਹਾਂ ਉਪਰੋਕਤ ਵਜ਼ਨ ਵਿਚ ਜੋ ਭੂਪਿੰਦਰ ਸ. ਸੱਗੂ ਜੀ ਨੇ ਮਤਲਅ ਫ਼ਰਮਾਇਆ ਹੈ ਬਾ-ਦਰੁੱਸਤ ਹੈ। ਹੁਣ ਆਪਾਂ ਇਸ ਸ਼ਿਅਰ ਦੀ ਤਕਤੀਹ ਕਰਕੇ ਵੇਖਦੇ ਹਾਂ :

**ਤਕਤੀਹ :**

ਮਫ਼+ਊਲ=ਫ਼ਾ+ਇਲਾ+ਤੁਨ=ਮੁਫ਼+ਊਲ=ਫ਼ਾ+ਇਲਾ+ਤੁਨ
ਇਤ+ਬਾਰ=ਕਰ+ਨ ਮੁੱਢ+ਢੋਂ=ਫਿਤ+ਰਤ ਰ=ਹੀ+ਹਿ ਮੇ+ਰੀ
ਉਂਝ+ਜਾਣ=ਦਾ+ਹਿ ਸੱਗ+ਗੂ=ਸੱਜ+ਜਣ ਦ=ਲਾ+ਰਿਆਂ+ਨੂੰ

"ਚਾਨਣ ਦੀ ਬਾਤ"ਦੇ ਪਾਠਕ ਬੜੇ ਇਹਤਰਾਮ ਨਾਲ ਵੇਖ ਸਕਦੇ ਹਨ ਕਿ ਸ੍ਰੀ ਸੱਗੂ ਜੀ ਬਾ-ਬਹਿਰ ਲਿਖਦੇ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਹੈ :

ਲੋਕਤਾ ਦੀ ਸੇਵਾ ਕੀਤੀ ਰਾਤ ਦਿਨ ਮੈਂ ਦੋਸਤੋ।
ਲੋਕ ਆਖਣ ਲਗ ਪਏ ਕਿ "ਸੱਗੂ"ਪੈਗ਼ੰਬਰ ਹੋ ਗਿਆ॥

ਇਹ ਸ਼ਿਅਰ ਬਹਿਰ-ਏ-ਰਮਲ-ਮਸਮਨ ਮਹਿਜ਼ੂਫ਼ ਵਿਚ ਹੈ। ਤਕਤੀਹ ਦੀ ਲੋੜ ਨਹੀਂ ਸਾਫ਼ ਸਪੱਸ਼ਟ ਬਿਆਨ ਹੈ :

ਅਗਲਾ ਸ਼ਿਅਰ ਹੈ :

ਇਸ਼ਕ ਦੀ ਅੱਗ ਜਿਸ ਦੇ ਸੀਨੇ ਵਿਚ ਮਚਦੀ ਹੈ॥

ਸਚ ਪੁੱਛੋ ਤਾਂ ਏਹੋ ਸੂਰਤ ਸਚ ਦੀ ਹੈ॥

ਇਹ ਮਤਲਅ ਪੰਜ ਫ਼ੇਲੁਨ ਅਤੇ ... ਇੱਕ ਫੇ ਦੇ ਵਜ਼ਨ 'ਤੇ ਹੈ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਮਤਲਅ ਹੈ :

ਮੁਹੱਬਤ ਦੇ ਪੁਜਾਰੀ ਤਾਂ ਸਦਾ ਪੂਜਣ ਵਫ਼ਾ ਨੂੰ॥
ਤੁਸੀਂ ਪੱਥਰਾਂ 'ਚ ਭਾਲੋਗੇ ਕਿਵੇਂ ਲੋਕੋ ਖ਼ੁਦਾ ਨੂੰ॥

ਹਾਸਿਲ-ਏ-ਮਤਲਅ-ਏ-ਬਹਿਰ-ਏ-ਹਜ਼ਜ਼-ਮਸਮਨ-ਮਹਿਜ਼ੂਫ਼ ਵਿਚ ਹੈ। ਇਸ ਮਤਲੇ ਦੇ ਆਖਿਰ ਵਿਚ "ਫ਼ਊਲੁਨ"ਆਇਆ ਹੈ। "ਚਾਨਣ ਦੀ ਬਾਤ"ਦੇ ਪਾਠਕਾਂ ਨੂੰ ਦਸਦੇ ਹਾਂ ਕਿ ਮੁਫਾਈਲੁਨ ਵਿੱਚੋਂ ਫਊਲੁਨ ਵਜ਼ਨ ਕਿਵੇਂ ਜੰਮਦਾ ਹੈ? ਦੇਖੋ!! ਜਦੋਂ "ਮੁਫਾਈਲੁਨ"ਤੇ ਹਜ਼ਫ਼ ਜ਼ਿਹਾਫ਼ (ਟੋਕਾ) ਲਾਗੂ ਕੀਤਾ ਤਾਂ ਹਜ਼ਫ਼ ਜ਼ਿਹਾਫ਼ ਨੇ ਆਖਰੀ ਦੋ ਅੱਖਰੀ ਟੁਕੜੀ ਜੋ ਸਬੱਬ ਖ਼ਫ਼ੀਫ਼ ਹੈ ਦਾ "ਲੁਨ"ਝਾੜ ਦਿੱਤਾ। ਹੁਣ ਸਾਡੇ ਕੋਲ "ਮੁਫਾਈ"ਰਹਿ ਗਿਆ ਜਿਸ ਨੂੰ "ਫ਼ਊਲੁਨ"ਵਿਚ ਬਦਲ ਲਿਆ। ਇਸ ਤਰ੍ਹਾਂ ਉਪਰਲਾ ਸ਼ਿਅਰ ਅਤੇ ਇਹ ਸਾਰੀ ਗ਼ਜ਼ਲ ਬਾ-ਬਹਿਰ ਹੈ। ਇਸ ਗ਼ਜ਼ਲ ਦਾ ਪੂਰਾ ਵਜ਼ਨ-ਮੁਫਾਈਲੁਨ= ਮੁਫਾਈਲੁਨ= ਮੁਫਾਈਲੁਨ=ਫਊਲੁਨ ਹੈ।

ਇਸ ਤਰ੍ਹਾਂ ਹੀ ਸੱਗੂ ਜੀ ਦਾ ਅਗਲਾ ਮਤਲਅ ਹੈ :

ਸਿਤਮਗਰ ਨੂੰ ਆਖੋ ਕਿ ਖੰਜਰ ਉਠਾਵੇ॥
ਮੈਨੂੰ ਪਰਖਣੈ ਜੇ ਤਾਂ ਦੇਰੀ ਨਾ ਲਾਵੇ॥

ਇਸ ਮਤਲਅ ਦਾ ਬਹਿਰ ਮੁਤਕਾਰਿਬ ਮਸਮਨ ਸਾਲਿਮ ਹੈ। ਸਾਲਿਮ ਦਾ ਅਰਥ "ਸਬੂਤਾ"ਹੁੰਦਾ ਹੈ। ਭਾਵ ਕਿ ਕੋਈ ਜ਼ਿਹਾਫ਼ ਲਾਗੂ ਨਹੀਂ ਹੁੰਦਾ ਅਤੇ ਸਾਰੀ ਗ਼ਜ਼ਲ ਦੇ ਅਰਕਾਨ "ਸਬੂਤੇ"ਹੀ ਆਉਂਦੇ ਹਨ।

ਇਸ ਦਾ ਵਜ਼ਨ ਹੈ : ਫ਼ਊਲੁਨ=ਫ਼ਊਲੁਨ=ਫ਼ਊਲੁਨ=ਫ਼ਊਲੁਨ ਹੈ।

ਅਗਲੀ ਗ਼ਜ਼ਲ ਦਾ ਮਤਲਅ ਹੈ :

ਸਾਨੂੰ ਇਹ ਲੜਵਾਉਦੇ ਨੇਤਾ॥
ਸਚ ਨੂੰ ਝੂਠ ਬਣਾਉਦੇ ਨੇਤਾ॥

ਹਾਸਿਲ-ਏ-ਮਤਲਅ ਬਹਿਰ-ਏ-ਮੁਤਕਾਰਿਬ ਮਸਮਨ ਅਸਲਮ ਵਿਚ ਹੈ। ਆਪਾਂ ਵੇਖਦੇ ਹਾਂ ਕਿ ਫ਼ਊਲੁਨ ਚੋਂ ਫ਼ਾਲੁਨ ਕਿਵੇਂ ਪੈਦਾ ਹੁੰਦਾ ਹੈ? ਸਾਡੇ ਕੋਲ ਸਲਮ ਜ਼ਿਹਾਫ਼ ਹੈ। ਇਸ ਦਾ ਕਾਨੂੰਨ ਹੈ ਕਿ ਇਹ ਫ਼ਊਲੁਨ ਦੀ ਵਤਦ ਮਜਮੂਆ ਤਿੰਨ ਹਰਫੀ ਟੁਕੜੀ ਫ਼ਊ ਦਾ ਪਹਿਲਾਂ ਅੱਖਰ ਲਾਹ ਦਿੰਦਾ ਹੈ ਬਾਕੀ ਸਾਡੇ ਕੋਲ "ਊਲੁਨ" ਰਹਿ ਜਾਂਦਾ ਹੈ ਜਿਸ ਨੂੰ ਅਰਬੀ, ਫ਼ਾਰਸੀ ਦੇ ਵਿਦਵਾਨਾਂ ਨੇ ਫ਼ੇਨ ਵਿਚ ਬਦਲ ਦਿੱਤਾ।

ਇਸ ਤਰ੍ਹਾਂ ਸਦੀਆਂ ਤੋਂ ਸਾਡੇ ਕੋਲ ਫ਼ੇਲੁਨ ਵਜ਼ਨ ਤੁਰਿਆ ਆਉਂਦਾ ਹੈ ਅਤੇ ਵਰਤਿਆਂ ਜਾ ਰਿਹਾ ਹੈ। ਇਸ ਤਰ੍ਹਾਂ ਉਪਰੋਕਤ ਸ਼ਿਅਰ ਦੀ ਤਕਤੀਹ ਇਸ ਤਰ੍ਹਾਂ ਹੋਏਗੀ।

ਫ਼ੇ+ਲੁਨ=ਫ਼ੇ+ਲੁਨ=ਫ਼ੇ+ਲੁਨ=ਫ਼ੇ+ਲੁਨ

ਸਾ+ਨੂੰ=ਇਹ+ਲੜ=ਵੌਂ+ਦੇ=ਨੇ+ਤਾਂ

ਸਚ+ਨੂੰ=ਝੂ+ਠਬ=ਣੌ+ਦੇ+ਨੇ+ਤਾ

ਇਸ ਤਕਤੀਹ ਤੋਂ ਸਾਫ਼ ਸਪੱਸ਼ਟ ਹੋ ਗਿਆ ਕਿ ਸ੍ਰੀ ਸੱਗੂ ਜੀ ਬਾ-ਅਰੂਜ਼ ਲਿਖਦੇ ਹਨ।

''ਚਾਨਣ ਦੀ ਬਾਤ''ਦੇ ਪਾਠਕ ਅਤੇ ਵਿਦਵਾਨ ਇਹ ਵੀ ਵੇਖਣ ਕਿ ''ਫੇਲੁਨ''ਵਜ਼ਨ ਬਹਿਰ-ਏ-ਮੁਤਦਾਰਿਕ ਵਿਚੋਂ ਵੀ ਪੈਦਾ ਹੁੰਦਾ ਹੈ ਇਸ ਦਾ ਵੇਰਵਾ ਸ਼੍ਰੀ ਦੀਪਕ ਜੈਤੋਈ ਜੀ ਦੀ ਕਿਤਾਬ ''ਗ਼ਜ਼ਲ ਕੀ ਹੈ?''ਵਿਚ ਪੜ੍ਹਿਆ ਜਾ ਸਕਦਾ ਹੈ।

**ਵਿਸ਼ੇਸ਼ ਨੋਟ :**

ਬਹਿਰ-ਏ-ਮੁਤਕਾਰਿਬ ਵਿਚੋਂ ਫ਼ੇਲੁਨ ਕਿਵੇਂ ਪੈਦਾ ਹੁੰਦਾ ਹੈ, ਮੈਨੂੰ ਸ੍ਰੀ ਦੀਪਕ ਜੈਤੋਈ ਜੀ ਨੇ ਨਿੱਜੀ ਚਿੱਠੀਆਂ ਵਿਚ ਲਿਖਿਆ ਸੀ ਅਤੇ ਇਹ ਚਿੱਠੀਆਂ ਮੇਰੇ ਕੋਲ ਸਾਂਭੀਆਂ ਪਈਆਂ ਹਨ। (ਨ. ਸ. ਜੌਹਲ)

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਮਤਲਅ ਹੈ :

ਉਜੜੇ ਫਿਰਨ ਵਿਚਾਰੇ ਲੋਕ॥
ਜਿੱਤੀ ਬਾਜ਼ੀ ਹਾਰੇ ਲੋਕ॥

ਹਾਸਿਲ-ਏ-ਮਤਲਅ ਬਹਿਰ-ਏ-ਮੁਤਕਾਰਿਬ ਮੁਸਮਨ ਅਸਲਮ ਮਕਸੂਰ ਵਿਚ ਹੈ। ਇਥੇ ਆਪਾਂ ਇਸ ਗੱਲ ਦੀ ਚਰਚਾ ਕਰਦੇ ਹਾਂ ਕਿ ਜਦੋਂ ਫ਼ਊਲੁਨ ਤੇ ਅਸਲਮ ਜ਼ਿਹਾਫ਼ ਲਾਗੂ ਕੀਤਾ ਤਾਂ ਅਸਲਮ ਨੇ ''ਫ਼ਊ'' ਦਾ ਵਤਦ ਮਜਮੂਆ ਤਿੰਨ ਅੱਖਰੀ ਟੁਕੜੀ ਦਾ ਪਹਿਲਾਂ ਅੱਖਰ ''ਫ਼'' ਲਾਹ ਦਿੱਤਾ, ਬਾਕੀ ਸਾਡੇ ਕੋਲ ''ਊਲੁਨ''ਰਹਿ ਜਾਂਦਾ ਹੈ ਜਿਸ ਨੂੰ ਅਰਬੀ, ਫਾਰਸੀ ਦੇ ਅਰੂਜ਼ੀਆਂ ਨੇ ਇਕੱਠੇ ਹੋ ਕੇ ਇਸਲਾਹ ਕਰਕੇ ''ਫ਼ੇਲੁਨ''ਵਿਚ ਬਦਲ ਦਿੱਤਾ।

ਪਾਠਕੋ!! ਹੁਣ ਆਪਾਂ ਇਹ ਅਧਿਐਨ ਕਰਦੇ ਹਾਂ ਕਿ ''ਫ਼ੇਲੂਨ''ਵਿਚੋਂ ''ਫ਼ੇਲ'' ਕਿਵੇਂ ਪੈਦਾ ਹੁੰਦਾ ਹੈ? ਹੁਣ ਫ਼ੇਲੂਨ''ਤੇ ਕਸਰ ਜ਼ਿਹਾਫ਼ ਲਾਗੂ ਹੋਵੇਗਾ। ਅਰੂਜ਼ੀਏ ਜਾਣਦੇ ਹਨ ਕਿ ਕਸਰ ਜ਼ਿਹਾਫ਼ ਦਾ ਕਾਨੂੰਨ ਹੈ ਕਿ ਇਹ ਰੁਕਨ ਦੇ ਆਖਿਰ ਵਿਚ ਜਦੋਂ ਸਬਬ ਖ਼ਫ਼ੀਫ਼ ਟੁਕੜੀ ਆਉਂਦੀ ਹੈ ਤਾਂ ਕਸਰ ਉਸਦਾ ਆਖਰੀ ਅੱਖਰ ਲਾਹ ਦਿੰਦਾ ਹੈ ਅਤੇ ਉਸ ਤੋਂ ਪਹਿਲੇ ਅੱਖਰ ਨੂੰ ਮੁਤਹਰਕ ਤੋਂ ਸਾਕਿਨ ਕਰ

ਦਿੰਦਾ ਹੈ। ਉਪਰ "ਫੇਲੁਨ"ਰੁਕਨ ਸਾਡੇ ਕੋਲ ਮੌਜੂਦ ਹੈ। ਹੁਣ "ਫ਼ੇਲੁਨ"ਤੇ ਮਕਸੂਰ ਜ਼ਿਹਾਫ਼ ਲਾਗੂ ਕੀਤਾ ਤਾਂ ਇਸ ਨੇ "ਫ਼ਲੁਨ"ਦੀ "ਲੁਨ"ਸਬਬ ਖ਼ਫ਼ੀਫ਼ ਟੁਕੜੀ ਦਾ "ਨ"ਲਾਹ ਦਿੱਤਾ ਅਤੇ "ਲੁ" ਦਾ ਔਂਕੜ ਵੀ ਲਾਹ ਦਿੱਤਾ ਅਤੇ "ਲ" ਸਾਕਿਨ ਹੋ ਗਿਆ। ਹੁਣ ਸਾਡੇ ਕੋਲ "ਫ਼ੇਲ"ਵਜ਼ਨ ਪੈਦਾ ਹੋ ਗਿਆ।

ਇਸ ਤਰ੍ਹਾਂ ਸਦੀਆਂ ਤੋਂ ਸਾਡੇ ਕੋਲ "ਫ਼ੇਲ"ਹੀ ਤੁਰਿਆ ਆਉਂਦਾ ਹੈ। ਉੱਪਰ ਸਾਰੀ ਕਾਰਵਾਈ ਤੋਂ ਹੇਠ ਲਿਖੇ ਵਜ਼ਨ ਬਣੇ : ਤਕਤੀਹ ਹੈ :

ਫ਼ੇ+ਲੁਨ=ਫ਼ੇ+ਲੁਨ=ਫ਼ੇ+ਲੁਨ=ਫ਼ੈ+ਲ

ਉਜ+ੜੇ=ਫਿਰ+ਨਵਿ=ਚਾ+ਰੇ=ਲੋ+ਕ

ਜਿੱਤ+ਤੀ=ਬਾ+ਜ਼ੀ=ਹਾ+ਰੇ=ਲੋ+ਕ

ਸ੍ਰੀ ਸੱਗੂ ਜੀ ਬਾ ਅਰੂਜ਼ ਚਲਦੇ ਹਨ। ਸੱਚ-ਮੁੱਚ ਸ੍ਰੀ ਨਿਰੰਜਨ ਸਿੰਘ ਨੂਰ ਸਾਹਿਬ ਨੇ ਉਹਨਾਂ 'ਤੇ ਬੋਹਤ ਮਿਹਨਤ ਕੀਤੀ।

## ਮੁਹਾਵਰੇ

ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਬਾ-ਅਰੂਜ਼ ਚਲਦੇ ਹਨ। ਉਹਨਾਂ ਨੇ ਆਪਣੇ ਉਸਤਾਦ ਸ੍ਰੀ ਨਿਰੰਜਨ ਸ. ਨੂਰ ਜੀ ਤੋਂ ਇਲਮ-ਏ-ਅਰੂਜ਼ ਹਾਸਿਲ ਕੀਤਾ ਉਸ ਦੀ ਬਾਖ਼ੂਬੀ ਵਰਤੋਂ ਕਰਦੇ ਨਜ਼ਰ ਆਉਂਦੇ ਹਨ। ਇਸ ਕਾਲਮ ਵਿਚ ਸ੍ਰੀ ਸੱਗੂ ਜੀ ਦੀਆਂ ਸਾਰੀਆਂ ਗ਼ਜ਼ਲਾਂ ਵਿੱਚ ਜੋ ਮੁਹਾਵਰੇ ਅਤੇ ਅਖਾਣਾਂ ਦਾ ਵੇਰਵਾ ਤਾਂ ਨਹੀਂ ਦਿੱਤਾ ਜਾ ਸਕਦਾ, ਪਰ ਕੁਝ ਚਰਚਾ ਕਰਦੇ ਹਾਂ :

**ਮੁਹਾਵਰੇ ਦੀ ਪਰਿਭਾਸ਼ਾ** : "ਚਾਨਣ ਦੀ ਬਾਤ"ਤੇ ਪਾਠਕਾਂ ਨੂੰ ਦਸਦੇ ਹਾਂ ਕਿ ਜਦੋਂ ਕਿਸੇ ਨੂੰ ਚੰਗੇ ਜਾਂ ਮਾੜੇ ਸਮੇਂ ਬਾਰੇ ਲਾਭਹਾਨੀ ਬਾਰੇ ਆਉਣ ਵਾਲੇ ਸਮੇਂ ਬਾਰੇ ਆਦਿ ਬਾਰੇ ਸਿੱਧੇ ਰੂਪ ਵਿਚ ਨਹੀਂ ਸਗੋਂ ਵਿਅੰਗ ਨਾਲ ਗੱਲ ਸਮਝਾਈ ਜਾਵੇ ਉਸ ਨੂੰ ਮੁਹਾਵਰਾ ਆਖਿਆ ਜਾਂਦਾ ਹੈ। ਮੁਹਾਵਰੇ ਦੀ ਖ਼ੂਬਸੂਰਤੀ ਲਈ ਸਮਾਜਿਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਰਹੂ ਰੀਤਾਂ ਨੂੰ ਅਤੇ ਰਸਮਾਂ ਰਿਵਾਜ਼ਾਂ ਨੂੰ ਵੀ ਵਰਤਿਆ ਜਾਂਦਾ ਹੈ। ਮੁਹਾਵਰੇ ਵਿਚ ਸਿਰਫ ਇੱਕ ਫਿਕਰਾ ਹੀ ਵਰਤਿਆ ਜਾਂਦਾ ਹੈ ਕਿ ਉਹ ਕੁਝ ਜ਼ਿੰਮੇਵਾਰੀ ਸੁਣਨ ਵਾਲੇ ਦੀ ਬਣ ਜਾਂਦੀ ਹੈ ਕਿ ਉਹ ਕੁਝ ਸਮਝਿਆ ਹੈ ਕਿ ਨਹੀਂ। ਇਸ ਦਾ ਵਿਸਥਾਰ ਆਪਾਂ ਅੱਗੇ ਕਰਾਂਗੇ।

**ਅਖਾਣਾਂ ਬਾਰੇ** : "ਅਖਾਣ"ਦੇ ਇਕ ਮਿਸਰੇ ਵਿਚ ਜਾਂ ਅੱਧੇ ਮਿਸਰੇ ਵਿਚ ਸਵਾਲ ਕੀਤਾ ਜਾਂਦਾ ਹੈ ਅਤੇ ਅਗਲੇ ਅੱਧੇ ਮਿਸਰੇ ਵਿਚ ਉਸ ਦਾ ਜਵਾਬ ਦਿੱਤਾ ਜਾਂਦਾ ਹੈ। ਅਖਾਣ ਵਿਚ ਵੀ ਸਮਾਜ ਦੀਆਂ ਖ਼ੂਬੀਆਂ ਅਤੇ ਬੁਰਾਈਆਂ ਨੂੰ ਪੇਸ਼ ਕੀਤਾ ਜਾਂਦਾ ਹੈ। ਜਿਵੇਂ "ਹੱਥ ਨਾ ਅਪੜੇ ਥੁ ਕੌੜੀ!"ਇਸ ਕਹਾਵਤ ਵਿਚ, ਇਸ ਅਖਾਣ ਵਿਚ ਇਕ ਪਾਸੇ ਕਿਸੇ ਕੰਮ ਲਈ ਕੋਸ਼ਿਸ਼ ਕੀਤੀ ਜਾਂਦੀ ਹੈ, ਵਾਰ ਵਾਰ

ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਅਸਫਲਤਾ ਹੀ ਮਿਲਦੀ ਹੈ। ਫਿਰ ਬੰਦਾ ਅੱਕ ਕੇ ਆਖਦਾ ਹੈ ਕਿ ਹੱਥ ਨਾ ਅੱਪੜੇ, ਥੂ ਕੌੜੀ। ਇਸ ਬਾਰੇ ਆਪਾਂ ਇਸ ਤਰ੍ਹਾਂ ਵੀ ਆਖ ਸਕਦੇ ਹਾਂ ਕਿ ਕਿਸੇ ਨੂੰ ਬੜੀ ਭੁੱਖ ਲੱਗੀ ਹੈ ਉਹ ਕਿਤਿਓ ਰੋਟੀ ਖਾਣ ਦੀ ਕੋਸ਼ਿਸ਼ ਕਰਦਾ ਹੈ। ਪਰ ਰੋਟੀ ਨਹੀਂ ਮਿਲਦੀ ਤਾਂ ਉਹ ਦੁਨੀਆਂ ਨੂੰ ਬੁਰਾ ਭਲਾ ਕਹਿੰਦਾ ਹੈ।

ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਨੇ ਹਾਸਿਲ-ਏ-ਗ਼ਜ਼ਲ-ਏ-ਮਜ਼ਮੂਅ ਵਿਚ ਮੁਹਾਵਰਿਆਂ ਅਤੇ ਅਖਾਣਾਂ ਨੂੰ ਕਿਵੇਂ ਫਿਟ ਕੀਤਾ ਹੈ ਇਸ ਕਾਲਮ ਵਿਚ ਆਪਾਂ ਵਿਚਾਰ ਕਰਾਂਗੇ। "ਚਾਨਣ ਦੀ ਬਾਤ"ਦੇ ਪਾਠਕ ਬਾ-ਖ਼ੂਬੀ ਯਾਦ ਰੱਖਣ ਕਿ ਅਰਬੀ, ਫਾਰਸੀ ਵਿਚ ਮੁਹਾਵਰਿਆਂ ਤੇ ਅਖਾਣਾਂ ਨੂੰ ਈਦ-ਉਲ-ਮਿਸਲ ਆਖਿਆ ਜਾਂਦਾ ਹੈ। ਧੰਨ ਧੰਨ ਬਾਬਾ-ਏ-ਗ਼ਜ਼ਲ ਮੁਹਤਰਿਮ (ਸ੍ਰੀ) ਦੀਪਕ ਜੈਤੋਈ ਦੇ ਅਨੁਸਾਰ "ਈਰਾਦ"ਦਾ ਮਤਲਬ ਪੇਸ਼ ਕਰਨਾ ਹੁੰਦਾ ਹੈ ਅਤੇ ਮਿਸਲ ਦਾ ਮਤਲਬ ਅਖਾਣ ਜਾਂ ਮੁਹਾਵਰਾ ਹੁੰਦਾ ਹੈ। ਏਥੇ ਖ਼ੂਬ-ਤਰ-ਖ਼ੂਬ ਯਾਦ ਰੱਖੋ ਕਿ "ਮਿਸਲ" ਤੋਂ ਹੀ "ਮਿਸਾਲ" ਬਣਿਆ ਹੈ। ਆਪਾਂ ਪੰਜਾਬੀ ਵਿਚ ਮਿਸਾਲ ਲਫ਼ਜ਼ ਨੂੰ ਬਹੁਤ ਵਰਤਦੇ ਹਾਂ, ਜਿਵੇਂ ਮਿਸਾਲ ਵਜੋਂ ਭਾਵ ਉਦਾਹਰਣ ਦੇ ਤੌਰ 'ਤੇ ਆਪਾਂ ਬਹੁਤ ਹੀ ਵਰਤਦੇ ਹਾਂ।

ਖ਼ੈਰ! ਸ੍ਰੀ ਸੱਗੂ ਜੀ ਮੁਹਾਵਰਿਆਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਕਿਵੇਂ ਪੇਸ਼ ਕਰਦੇ ਹਨ। ਆਓ! ਅਧਿਐਨ ਕਰਦੇ ਹਾਂ :

ਸ੍ਰੀ ਸੱਗੂ ਜੀ ਦਾ ਇਕ ਸ਼ਿਅਰ ਹੈ :

ਉਹ ਆਸ਼ਕ ਹਸ-ਹਸ ਕੇ ਸੂਲੀ ਚੜ ਜਾਂਦੇ।
ਜਿੰਨਾ ਨੂੰ ਪਹਿਚਾਣ ਹੋ ਜਾਂਦੀ ਸਚ ਦੀ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ ਹਸ ਹਸ ਕੇ "ਸੂਲੀ ਚੜ੍ਹ" ਸ਼ਬਦ ਵਰਤੇ ਹਨ ਇਹ ਅਲਫ਼ਾਜ਼-ਬਾ-ਮੁਹਾਵਰਾ ਹਨ। ਇਹਨਾਂ ਦਾ ਨਿਭਾਅ ਬੜੀ ਕਾਰੀਗਰੀ ਨਾਲ ਹੋਇਆ ਹੈ। ਏਥੇ "ਚਾਨਣ ਦੀ ਬਾਤ"ਦੇ ਪਾਠਕ ਖ਼ੂਬ-ਤਰ-ਖ਼ੂਬ ਯਾਦ ਰੱਖਣ ਕਿ ਜੋ ਮੁਹਾਵਰੇ ਦੇ ਸ਼ਬਦ ਹਨ ਉਹ ਲਗਾਤਾਰ ਹੀ ਆਉਣੇ ਚਾਹੀਦੇ ਹਨ। ਜਿਵੇਂ ਉਪਰ ਮਿਸਰਾ-ਏ-ਅੱਵਲ ਵਿਚ ਆਏ ਹਨ।

ਹਾਸਿਲ-ਏ-ਗ਼ਜ਼ਲ ਦਾ ਇੱਕ ਹੋਰ ਸ਼ਿਅਰ ਹੈ :

ਇਸ਼ਕ ਦੀ ਚੰਗਿਆੜੀ ਹੀ ਗੁੱਝੀ ਰਹਿੰਦੀ।
ਆਪ ਮੁਹਾਰੇ ਭਾਂਬੜ ਬਣ ਬਣ ਮਚਦੀ ਹੈ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਗੁੱਝੀ ਨਾ ਰਹਿੰਦੀ", ਮੁਹਾਵਰਾ ਆਇਆ ਹੈ। ਮਿਸਰਾ-ਏ-ਸਾਨੀ ਵਿਚ "ਭਾਂਬੜ ਬਣ ਬਣ ਮਚਦੀ"ਅਲਫ਼ਾਜ਼ ਵੀ

ਬਾ-ਮੁਹਾਵਰਾ ਆਏ ਹਨ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਮੈਂ ਅਪਣੇ ਔਖੇ ਵੇਲੇ ਭਜਦੇ ਵੇਖੇ।
"ਸੱਗੂ"ਦੀ ਗੱਲ ਸੋਲਾਂ ਆਨੇ ਜਚਦੀ ਹੈ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਔਖੇ ਵੇਲੇ ਭਜਦੇ ਵੇਖਣਾ"ਇਹ ਮੁਹਾਵਰੇ ਦੇ ਸ਼ਬਦ ਹਨ ਜੋ ਠੀਕ ਆਏ ਹਨ। ਇਸ ਤਰ੍ਹਾਂ ਹੀ ਮਿਸਰਾ-ਏ-ਸਾਨੀ ਵਿਚ "ਗੱਲ ਸੋਲਾਂ ਆਨੇ ਜਚਣਾ" ਇਹ ਸਾਡਾ ਮੁਹਾਵਰਾ ਹੈ। ਏਥੇ ਖ਼ੂਬੀ-ਏ-ਈਰਾਦ-ਉਲ-ਮਿਸਲ ਹੈ।

ਸ੍ਰੀ ਸੱਗੂ ਜੀ ਦੀ ਹਾਸਿਲ-ਏ-ਗ਼ਜ਼ਲ ਦਾ ਇੱਕ ਹੋਰ ਸ਼ਿਅਰ ਹੈ :

ਯਾਰ ਦੇ ਇੱਕ ਇਸ਼ਾਰੇ ਉੱਤੇ ਦੇਖ ਲਿਓ।
ਜਿੰਦ ਮੇਰੀ ਕਿੰਝ ਤੇਗਾਂ ਉੱਤੇ ਨਚਦੀ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਸ਼ਾਨੀ ਵਿਚ "ਤੇਗਾਂ ਉੱਤੇ ਨਚਦੀ ਅਲਫ਼ਾਜ਼ ਆਏ ਹਨ ਜੋ ਬਾ-ਮੁਹਾਵਰਾ ਆਏ ਹਨ। ਇਹ ਪੰਜਾਬੀ ਦਾ ਖ਼ਾਸ ਕਰਕੇ ਸਿੱਖ ਕੌਮ ਦਾ ਆਪਣਾ ਮੁਹਾਵਰਾ ਹੈ। ਮੁਹਾਵਰੇ ਦਾ ਨਿਭਾਅ ਬੌਹਤ ਜ਼ਰੂਰੀ ਮੰਨਿਆ ਜਾਂਦਾ ਹੈ। ਸ੍ਰੀ ਸੱਗੂ ਜੀ ਗ਼ਜ਼ਲਾਂ ਵਿਚ ਮੁਹਾਵਰੇ ਜੜਦੇ ਬਾ-ਖ਼ੂਬੀ ਵਿਖਾਈ ਦਿੰਦੇ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਇੱਕ ਹੋਰ ਸ਼ਿਅਰ ਹੈ :

ਅੱਖਾਂ ਵਿਚ ਘੱਟਾ ਪਾ ਕੇ ਤੂੰ ਮੇਰੇ ਅੱਗੇ ਹੀ ਨਿਕਲ ਗਿਉਂ।
ਤੂੰ ਹੇਰਾ ਫੇਰੀ ਕਰਦੈ ਤਾਂ ਮੇਰੀ ਰੂਹ ਕੁਰਲਾਉਦੀ ਹੈ॥

"ਚਾਨਣ ਦੀ ਬਾਤ"ਦੇ ਪਾਠਕ ਪੜ੍ਹਨ ਕਿ ਹਾਸਿਲ-ਏ ਸ਼ਿਅਰ ਦੇ ਮਿਸਰਾ-ਏ-ਅੱਵਲ ਦੇ ਰੁਕਨ-ਏ-ਸਦਰ ਵਿਚ "ਅੱਖਾਂ ਵਿਚ ਘੱਟਾ ਪਾਉਣਾ"ਅਲਫ਼ਾਜ਼ ਬਾ-ਈਰਾਦ-ਉਲ-ਮਿਸਲ ਹਨ। ਦੂਜੀ ਸਤਰ ਵਿਚ "ਰੂਹ ਕਰਲਾਉਂਦੀ"ਸ਼ਬਦ ਵੀ ਸਾਡੇ ਆਮ-ਫ਼ਹਿਮ (ਬੋਲਚਾਲ ਦੇ ਸ਼ਬਦ) ਹਨ। ਮਿਸਰਾ-ਏ-ਸਾਨੀ ਦੇ ਰੁਕਨ-ਏ-ਇਬਤਦਾ ਵਿਚ "ਹੇਰਾ ਫੇਰੀ ਕਰਦੈ"ਸ਼ਬਦ ਵੀ ਸਾਡੇ ਆਮ ਬੋਲ ਚਾਲ ਦੇ ਸ਼ਬਦ ਹਨ ਜੋ ਮੁਹਾਵਰਾ ਹੀ ਹਨ। ਮਿਸਰਾ-ਏ-ਅੱਵਲ ਵਿਚ "ਅੱਗੇ ਨਿਕਲ ਗਿਉਂ" ਅਲਫ਼ਾਜ਼ ਵੀ ਬਾ-ਮੁਹਾਵਰਾ ਹਨ। ਇਸ ਸ਼ਿਅਰ ਤੋਂ ਸਾਫ਼ ਸਪੱਸ਼ਟ ਹੋ ਗਿਆ ਕਿ ਸ੍ਰੀ ਸੱਗੂ ਜੀ ਮੁਹਾਵਰਿਆਂ ਦੀ ਜੜ੍ਹਤ ਬਾਰੇ ਪੂਰਾ ਗਿਆਨ ਰੱਖਦੇ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਮਤਲਅ ਹੈ :

ਮੁਹੱਬਤ ਦੀ ਖ਼ਾਤਿਰ ਜੋ ਵੀ ਸਿਰ ਕਟਾਵੇ॥

ਸਜਨ ਦੀ ਗਲੀ ਦਾ ਉਹੋ ਭੇਤ ਪਾਵੇ॥

ਹਾਸਿਲ-ਏ-ਮਤਲੇ ਦੇ ਮਿਸਰਾ-ਏ-ਸ਼ਾਨੀ ਵਿਚ "ਸਿਰ ਕਟਾਵੇ"ਸ਼ਬਦ ਆਏ ਹਨ ਅਤੇ ਮਿਸਰਾ-ਏ-ਸਾਨੀ ਦੇ ਰੁਕਨ-ਏ-ਜ਼ਰਬ ਜਾਂ ਅਜਜ ਵਿਚ "ਭੇਤ ਪਾਵੇ" ਅਲਫ਼ਾਜ਼ ਵੀ ਈਰਾਦ-ਉਲ-ਮਿਸਲ ਆਏ ਹਨ।

ਏਸੇ ਗ਼ਜ਼ਲ ਦਾ ਅਗਲਾ ਸ਼ਿਅਰ ਹੈ :

ਤਿਰੇ ਆਉਣ ਦੀ ਖ਼ਬਰ ਆਉ ਸਜਣਾ।
ਹੈ ਸੰਭਵ ਕਿ ਦਿਲ ਮੇਰਾ ਪਾਗ਼ਲ ਹੋ ਜਾਵੇ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਸਾਨੀ ਵਿਚ "ਪਾਗਲ ਹੋ ਜਾਵੇ" ਸ਼ਬਦ ਵੀ ਬਾ-ਮੁਹਾਵਰਾ ਹਨ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਮੈਂ ਤਾਂ ਚਹੁੰਦਾ ਹਾਂ ਕਿ ਮੈਨੂੰ ਵੀ ਰੱਬਾ ਦਿਲਦਾਰ ਮਿਲੇ॥
ਪਰ ਜਿਸ 'ਤੇ ਵਿਸ਼ਵਾਸ਼ ਕੀਤੈ ਬਸ ਓਹੋ ਮਿੱਤਰ ਮਾਰ ਮਿਲੇ॥

ਇਸ ਸ਼ਿਅਰ ਦੀ ਦੂਜੀ ਤੁਕ ਵਿਚ "ਮਿੱਤਰ ਮਾਰ ਮਿਲੇ" ਅਲਫ਼ਾਜ਼ ਆਏ ਹਨ ਜੋ ਬਾ-ਈਰਾਦ ਉਲ ਮਿਸਲ ਆਏ ਹਨ। "ਮਿੱਤਰ ਮਾਰ"ਮੁਹਾਵਰਾ ਪੰਜਾਬੀ ਲੋਕਾਂ ਦਾ ਆਮ-ਫਹਿਮ ਉਚਾਰਣ ਹੈ ਅਤੇ ਜਦੋਂ ਕੋਈ ਦੋਸਤ ਕਿਸੇ ਦੋਸਤ ਦਾ ਨੁਕਸਾਨ ਕਰਦਾ ਹੈ ਅਤੇ ਪਤਾ ਲਗ ਜਾਂਦਾ ਹੈ ਤਾਂ ਲੋਕ ਆਂਢੀ-ਗਵਾਂਢੀ ਦੋਸਤ ਵਿਅੰਗ ਨਾਲ ਇਹ ਮੁਹਾਵਰਾ ਵਰਤਦੇ ਹਨ। ਏਥੇ ਇਕ ਵਾਰ ਫਿਰ "ਚਾਨਣ ਦੀ ਬਾਤ"ਦੇ ਪਾਠਕਾਂ ਨੂੰ ਚੇਤੇ ਕਰਵਾਉਂਦੇ ਜਾਂਦੇ ਹਾਂ ਕਿ ਜਦੋਂ ਕਿਸੇ ਦੀ ਬੁਰਾਈ ਜਾਂ ਚੰਗਿਆਈ ਬਾਰੇ ਵਿਅੰਗ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ।

ਹਥਲੀ ਗ਼ਜ਼ਲ ਦਾ ਅਗਲਾ ਇਕ ਸ਼ਿਅਰ ਹੈ :

ਹੁਸਨ ਇਸ਼ਕ ਦਾ ਮੈਂ ਵਣਜਾਰਾ ਉਲਫਤ ਲੱਭਦਾ ਫਿਰਦਾ ਹਾਂ।
ਐਪਰ ਹਰ ਇਕ ਮੋੜ 'ਤੇ ਮੈਨੂੰ ਦੁਸ਼ਮਣ ਹੱਥ ਪਸਾਰ ਮਿਲੇ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਸਾਨੀ ਵਿਚ "ਹੱਥ ਪਸਾਰ ਮਿਲੇ"ਸ਼ਬਦ ਬਾ-ਮੁਹਾਵਰਾ ਹਨ। ਪੇਂਡੂ ਲੋਕਾਂ ਵਿਚ ਇਹ ਮੁਹਾਵਰਾ "ਬਾਹਵਾਂ ਲੰਮੀਆਂ ਕਰਕੇ ਮਿਲਣਾ" ਉਚਾਰਿਆ ਜਾਂਦਾ ਹੈ।

"ਚਾਨਣ ਦੀ ਬਾਤ"ਦੇ ਪਾਠਕਾਂ ਨੂੰ ਫਿਰ ਚੇਤਾ ਕਰਵਾਉਂਦੇ ਹਾਂ ਕਿ ਸ੍ਰੀ ਸੱਗੂ ਜੀ ਮੁਹਾਵਰੇ ਕਿਵੇਂ ਬਾ-ਤਲੱਫ਼ੁਜ਼ ਪੇਸ਼ ਕਰਦੇ ਹਨ, ਬਾਰੇ ਸਿਰਫ਼ ਪੰਛੀ ਝਾਤ ਹੀ ਮਾਰੀ ਜਾ ਰਹੀ ਹੈ।

ਸ੍ਰੀ ਸੱਗੂ ਜੀ ਦੀ ਹਾਸਿਲ-ਏ-ਗ਼ਜ਼ਲ-ਏ-ਮਜ਼ਮੂਅ ਦੀ ਇੱਕ ਹੋਰ ਗ਼ਜ਼ਲ

ਦਾ ਮਤਲਅ ਹੈ :

ਰਿਸ਼ਤਿਆਂ ਵਿਚ ਤੇੜ ਆਈ ਖ਼ੂਨ ਚਿੱਟਾ ਹੋ ਗਿਆ॥
ਖ਼ੌਰੇ ਕਿਸ ਨੇ ਲੂਤੀ ਲਾਈ ਖ਼ੂਨ ਚਿੱਟਾ ਹੋ ਗਿਆ॥

ਇਸ ਮਤਲੇ ਦੀ ਰਦੀਫ਼ ਵੀ ਬਾ-ਮੁਹਾਵਰਾ ਹੈ ਕਿ "ਖ਼ੂਨ ਚਿੱਟਾ ਹੋ ਗਿਆ।" "ਚਾਨਣ ਦੀ ਬਾਤ" ਦੇ ਪਾਠਕਾਂ ਨੂੰ ਦਸਦਾ ਜਾਵਾਂ ਕਿ ਪੰਜਾਬੀ ਗ਼ਜ਼ਲ ਵਿਚ ਬਾ-ਮੁਹਾਵਰਾ ਰਦੀਫ਼ਾਂ ਬੌਹਤ ਬੌਹਤ-ਬੌਹਤ ਘਟ ਆਈਆਂ ਹਨ। ਏਥੇ ਸ੍ਰੀ ਸੱਗੂ ਜੀ ਗ਼ਜ਼ਲ ਪ੍ਰਤੀ ਬਹੁਤ ਗੰਭੀਰ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਹੀ ਮਿਸਰਾ-ਏ-ਅੱਵਲ ਵਿਚ "ਤੇੜ ਆਈ" ਅਲਫ਼ਾਜ਼ ਵੀ ਬਾ-ਈਰਾਦ-ਉਲ-ਮਿਸਲ ਆਏ ਹਨ। ਇਸ ਤਰ੍ਹਾਂ ਹੀ ਮਿਸਰਾ-ਏ-ਸਾਨੀ ਵਿਚ "ਲੁਤੀ ਲਾਈ"ਅਲਫ਼ਾਜ਼ ਵੀ ਬਾ-ਮੁਹਾਵਰਾ ਆਏ ਹਨ। "ਚਾਨਣ ਦੀ ਬਾਤ" ਦੇ ਪਾਠਕ ਵੇਖ ਸਕਦੇ ਹਨ ਕਿ ਇੱਕ ਮਤਲੇ ਵਿਚ ਤਿੰਨ ਮੁਹਾਵਰਿਆਂ ਦੀ ਜੜਤ ਕਿੰਨੀ ਮੁਹਾਰਤ ਨਾਲ ਕੀਤੀ ਗਈ ਹੈ।

ਸ੍ਰੀ ਸੱਗੂ ਜੀ ਦੀ ਗ਼ਜ਼ਲ ਦਾ ਅਗਲਾ ਸ਼ਿਅਰ ਹੈ :

ਇਹ ਕਿਸੇ ਨੂੰ ਕੀ ਪਤਾ ਸੀ ਕਿ ਹੋਉਗਾ ਇੰਜ ਵੀ।
ਘਰ ਦੇ ਭੇਤੀ ਲੰਕਾ ਢਾਈ ਖ਼ੂਨ ਚਿੱਟਾ ਹੋ ਗਿਆ॥

ਇਸ ਸ਼ਿਅਰ ਦੇ ਮਿਸ਼ਰਾ-ਏ-ਸਾਨੀ ਵਿਚ "ਘਰ ਦੇ ਭੇਤੀ ਲੰਕਾ ਢਾਈ" ਅਲਫ਼ਾਜ਼ ਬਾ-ਈਰਾਦ-ਉਲ-ਮਿਸਲ ਹਨ। ਇਹ ਇਤਿਹਾਸਕ ਸੱਚਾਈ ਹੈ ਕਿ ਲੰਕਾ ਨੂੰ ਅੱਗ ਲਾ ਕੇ ਸਾੜਿਆ ਗਿਆ ਸੀ। ਬਸ ਓਥੋਂ ਹੀ ਇਹ ਅਖਾਣ ਬਣੀ। ਅੱਜ ਕੱਲ ਵੀ ਜਦੋਂ ਕੋਈ ਆਪਣੇ ਘਰ ਦੇ ਭੇਤ ਬਾਹਰ ਦੱਸੇਗਾ ਤਾਂ ਦੁਸ਼ਮਣਾਂ ਨੂੰ ਹਮਲਾ ਕਰਨ ਦਾ ਮੌਕਾ ਜ਼ਿਆਦਾ ਮਿਲਦਾ ਹੈ। ਏਥੇ ਸ੍ਰੀ ਸੱਗੂ ਜੀ ਨੇ ਇਸ ਅਖਾਣ ਨੂੰ ਅੰਦਾਜ਼-ਏ-ਗ਼ਜ਼ਲ ਬਿਆਨ ਕੀਤਾ ਹੈ। ਏਥੇ ਸਭ ਤੋਂ ਜ਼ਰੂਰੀ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਸਾਰੇ ਅਲਫ਼ਾਜ਼ ਆਪਣੀ ਆਪਣੀ ਥਾਂ ਠੀਕ ਆਏ ਹਨ।

ਹਾਸਿਲ-ਏ-ਗ਼ਜ਼ਲ ਦੇ ਮਜਮੂਅ ਦਾ ਅਗਲਾ ਸ਼ਿਅਰ ਹੈ :

ਗੌਰਵ ਨਾਲ ਮੇਰਾ ਸਿਰ ਉੱਚਾ ਹੁੰਦੈ ਤਦ।
ਜਦ ਵੀ ਕੋਈ ਤੇਰੀ ਸਿਫਤ ਸੁਣਾਉਂਦਾ ਹੈ॥

ਸ੍ਰੀ ਸੱਗੂ ਜੀ ਦੇ ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਸਿਰ ਉੱਚਾ ਹੁੰਦੈ" ਸ਼ਬਦ ਬਾ-ਮੁਹਾਵਰਾ ਆਏ ਹਨ। ਸਮਾਜ ਵਿਚ ਸਿਰ ਉੱਚਾ ਹੋਣ ਦਾ ਮਤਲਬ ਕਿ "ਲੋਕਾਂ ਵੱਲੋਂ ਇੱਜ਼ਤ ਮਾਣ ਮਿਲਣਾ ਪ੍ਰਮੁੱਖ ਹੁੰਦਾ ਹੈ। ਸ੍ਰੀ ਸੱਗੂ ਜੀ ਬਾ-ਮੁਹਾਵਰਾ ਗੱਲ ਕਰਦੇ ਹਨ।

ਏਸੇ ਗ਼ਜ਼ਲ ਦਾ ਮਕਤਅ ਹੈ :

ਇਹ ਦੁਨੀਆਂ ਤਾਂ ਕੁਝ ਵੀ ਆਖੇ ਪਰ ਸਜਣਾ।
"ਸੱਗੂ" ਤੇਰੇ ਰਾਹ ਵਿਚ ਨੈਣ ਵਿਛਾਉਂਦਾ ਹੈ।

ਇਹ ਸ਼ਿਅਰ ਤਾਂ ਕਮਾਲ ਦਾ ਹੈ। ਇੱਕ ਪਾਸੇ ਤਾਂ ਲੋਕੀ ਸ੍ਰੀ ਸੱਗੂ ਜੀ ਨੂੰ ਮਾੜਾ ਆਖਦੇ ਹਨ ਪਰ ਦੂਜੇ ਪਾਸੇ ਸ੍ਰੀ ਸੱਗੂ ਜੀ ਆਪਣੇ ਪਿਆਰ ਦੇ ਰਾਹਾਂ ਵਿਚ ਨੈਣ ਵਿਛਾਉਂਦਾ ਹੈ। ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਸਾਨੀ ਵਿਚ "ਨੈਣ ਵਿਛਾਉਂਦਾ" ਅਲਫ਼ਾਜ਼ ਆਏ ਹਨ ਜੋ ਬਾ-ਈਰਾਦ-ਉਲ-ਮਿਸਲ ਆਏ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਸ਼ਿਅਰ ਹੈ :

ਮਿੱਤਰ ਮਾਰ ਕਰਨ ਜਦ ਲੋਕ।
ਤਾਂ ਮੇਰਾ ਦਿਲ ਜਾਵੇ ਪਾਟ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਮਿੱਤਰ-ਮਾਰ"ਸ਼ਬਦ ਆਏ ਹਨ ਜੋ ਬਾ-ਮੁਹਾਵਰਾ ਹਨ। ਇਹ ਮੁਹਾਵਰਾ ਵੀ ਆਮ ਵਰਤਿਆ ਜਾਂਦਾ ਹੈ ਕਿ ਮਿੱਤਰ ਬਣ ਕੇ ਧੋਖਾ ਦੇਣਾ। ਅਕਸਰ ਹੀ ਸਮਾਜ ਵਿਚ ਏਦਾਂ ਹੀ ਹੁੰਦਾ ਆਇਆ ਹੈ ਅਤੇ ਹੋ ਰਿਹਾ ਹੈ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਤੂੰ ਵੀ "ਸੱਗੂ" ਨਾਲ ਸਜਣਾ ਧੋਖਾ ਕਰਦੈਂ ਰਾਤ ਦਿਨ।
ਪਰ ਉਹ ਅਪਣੀ ਜਾਨ ਵਾਰੇ ਸਿਰਫ਼ ਤੇਰੇ ਵਾਸਤੇ॥

ਹਾਸਿਲ-ਏ-ਮਕਤਾ-ਏ-ਮਿਸਰਾ-ਏ-ਸਾਨੀ-ਏ-ਰੁਕਨ-ਏ-ਹਸ਼ਵ ਪਹਿਲੇ ਵਿਚ 'ਜਾਨ ਵਾਰੇ' ਅਲਫ਼ਾਜ਼ ਬਾ ਨਿਸ਼ਸਤ ਹਨ ਜੋ ਬਾ-ਈਰਾਦ-ਉਲ-ਮਿਲ ਹਨ। ਭਾਵ ਕਿ "ਜਾਨ ਵਾਰਨਾ"ਮੁਹਾਵਰੇ ਦੇ ਸ਼ਬਦ ਹਨ। ਇਹਨਾਂ ਦਾ ਨਿਭਾ ਬਿਲਕੁਲ ਠੀਕ ਆਇਆ ਹੈ।

ਸ੍ਰੀ ਭੂਪਿੰਦਰ ਸ. ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਸ਼ਿਅਰ ਹੈ :

ਜਿੰਨੇ ਮਰਜ਼ੀ ਕਹਿਰ ਟੁੱਟਣ ਦੋਸਤੋ।
ਖਿੱਚ ਅਪਣੇ ਪਿਆਰ ਦੀ ਕਾਇਮ ਰਹੇ॥

ਇਸ ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਦੇ ਰੁਕਨ-ਏ-ਪਹਿਲੇ ਹਸ਼ਵ ਵਿਚ ਕਹਿਰ ਟੁੱਟਣ ਸ਼ਬਦ ਆਏ ਹਨ ਜੋ ਬਾ-ਈਰਾਦ-ਉਲ-ਮਿਸਲ ਆਏ ਹਨ। "ਚਾਨਣ ਦੀ ਬਾਤ"ਦੇ ਪਾਠਕ ਬੜੀ ਮੁਹੱਬਤ ਅਤੇ ਇਹਤਰਾਮ ਨਾਲ ਵੇਖਣ ਕਿ "ਕਹਿਰ ਟੁੱਟਣ" ਅਲਫ਼ਾਜ਼ ਇੱਕ ਹੀ ਰੁਕਨ ਵਿਚ ਆਏ ਹਨ। ਵੇਖੋ! ਮੁਹਾਵਰਾ ਤਾਂ ਹੀ ਬਣਦਾ ਹੈ ਜੇ ਮੂਲ ਸ਼ਬਦ ਦੇ ਨਾਲ ਕਿਰਿਆ ਆਵੇਗੀ ਜਿਵੇਂ ਇਸ ਸ਼ਿਅਰ ਵਿਚ "ਕਹਿਰ"ਲਫ਼ਜ਼ ਆਇਆ ਹੈ ਅਤੇ ਨਾਲ ਹੀ "ਟੁੱਟਣ" ਸ਼ਬਦ ਆਇਆ ਹੈ

ਜੋ ਟੁੱਟਣਾ ਹੈ ਇਹ ਕਿਰਿਆ ਹੈ। ਇਸ ਤਰ੍ਹਾਂ ਆਪਾ ਵੇਖਦੇ ਹਾਂ ਕਿ ਸ੍ਰੀ ਸੱਗੂ ਜੀ ਬਾ-ਅਰੂਜ਼ ਚਲਦੇ ਹਨ।

**ਤਜ਼ਾਦ**

ਧੰਨ ਧੰਨ ਉਸਤਾਦ-ਓ-ਸ਼ੁਅਰਾ ਮੁਹਤਰਿਮ ਦੀਪਕ ਜੈਤੋਈ ਜੀ ਦੇ ਅਨੁਸਾਰ "ਤਜ਼ਾਦ" ਦਾ ਅਰਥ ਵਿਰੋਧਤਾ ਸ਼ਾਇਰਾਨਾ ਸ਼ਬਦਾਂ ਵਿਚ ਅਜਿਹੇ ਸ਼ਬਦਾਂ ਦਾ ਸ਼ਿਅਰ ਵਿਚ ਲਿਆਉਣਾ ਜਿੰਨਾਂ ਵਿਚ ਵਿਰੋਧਤਾ ਹੋਵੇ, "ਚਿੱਟਾ+ਕਾਲਾ, ਤੱਤਾ+ਠੰਡਾ, ਝੂਠਾ+ਸੱਚਾ ਆਦਿ।" ਇਸ ਪਰਿਭਾਸ਼ਾ ਤੋਂ ਸਾਫ਼ ਸਪੱਸ਼ਟ ਹੋ ਗਿਆ ਕਿ ਜਿੰਨਾ ਚਿਰ ਦੋਵਾਂ ਸਤਰਾਂ ਵਿਚ ਟਕਰਾਅ (ਤਜ਼ਾਦ) ਪੈਦਾ ਨਹੀਂ ਹੁੰਦਾ ਓਨਾ ਚਿਰ ਸ਼ਿਅਰ ਨਹੀਂ ਬਣਦਾ, ਓਨਾ ਚਿਰ ਮੰਜ਼ਿਰ ਨਿਗਾਰੀ ਨਹੀਂ ਹੁੰਦੀ। ਮੰਜ਼ਿਰ ਨਿਗਾਰੀ ਦਾ ਮਤਲਬ, "ਦ੍ਰਿਸ਼-ਕਾਵਿ" ਹੁੰਦਾ ਹੈ। ਸੌਖੇ ਸ਼ਬਦਾਂ ਵਿਚ ਕਹਿ ਲਓ ਕਿ ਦ੍ਰਿਸ਼ ਨੂੰ ਕਵਿਤਾ ਰਾਹੀ ਅੱਖਾਂ ਅੱਗੇ ਲਿਆਉਣਾ।

ਹੁਣ ਆਪਾਂ ਇਸ ਖ਼ੂਬੀ-ਏ-ਤਜ਼ਾਦ-ਦੀ ਵਿਆਖਿਆ ਕਰਦੇ ਹਾਂ ਕਿ ਸ੍ਰੀ ਸੱਗੂ ਜੀ ਆਪਣੀਆਂ ਗ਼ਜ਼ਲਾਂ ਵਿਚ (ਤਜ਼ਾਦ) ਟਾਕਰੇ ਦੇ ਸ਼ਬਦ ਕਿਵੇਂ ਲਿਆਉਂਦੇ ਹਨ :

ਸ੍ਰੀ ਸੱਗੂ ਜੀ ਦੀ ਗ਼ਜ਼ਲ ਦਾ ਸ਼ਿਅਰ ਹੈ :

ਸ਼ਾਇਦ ਉਹ ਰਬ ਤੇ ਵੀ ਇਤਬਾਰ ਨਾ ਕਰੇਗਾ।
ਜਿਹੜਾ ਵੀ ਜਾਣ ਜਾਵੇ ਤੇਰੇ ਇਸ਼ਾਰਿਆਂ ਨੂੰ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਉਹ"ਸ਼ਬਦ ਆਇਆ ਹੈ ਅਤੇ ਮਿਸਰਾ-ਏ-ਸਾਨੀ ਦੇ ਰੁਕਨ-ਏ-ਇਬਤਦਾ ਵਿਚ "ਜਿਹੜਾ"ਸ਼ਬਦ ਆਇਆ ਹੈ। ਏਥੇ ਖ਼ੂਬੀ-ਏ-ਤਜ਼ਾਦ ਪੈਦਾ ਹੁੰਦੀ ਹੈ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਰੂਹ ਪੁਰ ਸਕੂਨ ਕੀਤੀ ਜਿੰਨਾ ਨਜ਼ਾਰਿਆਂ ਸੀ।
ਦਿਲ ਮੇਰਾ ਅੱਜ ਵੀ ਭਾਲੇ ਉਹਨਾਂ ਨਜ਼ਾਰਿਆਂ ਨੂੰ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ-ਏ-ਰੁਕਨ-ਏ-ਹਸ਼ਵ (ਦੂਜਾ) ਵਿਚ "ਜਿੰਨਾ" ਸ਼ਬਦ ਆਇਆ ਹੈ ਅਤੇ ਮਿਸਰਾ-ਏ-ਸਾਨੀ-ਏ-ਰੁਕਨ-ਏ-ਹਸ਼ਵ (ਦੁੱਜੇ) ਵਿਚ ਵੀ "ਉਹਨਾਂ" ਲਫ਼ਜ਼ ਆਇਆ ਹੈ ਜੋ ਬਾ-ਅਰੂਜ਼ ਦਰੁਸਤ ਹੈ।

ਅਗਲੀ ਗਜ਼ਲ ਦਾ ਸ਼ਿਅਰ ਹੈ :

ਬੇਬਸੀ ਉਸ ਦੀ 'ਤੇ ਹੱਸੇ ਜਦ ਮੁਹੱਲਾਂ ਵਾਲੇ ਵੀ।
ਫਿਰ ਉਨ੍ਹਾਂ ਨੂੰ ਢਾਉਣ ਲਈ ਝਟ ਕਾਮਾ ਤਤਪਰ ਹੋ ਗਿਆ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਦੇ ਰੁਕਨ-ਏ-ਹਸ਼ਵ ਦੁੱਜੇ ਵਿਚ

"ਜਦ" ਸ਼ਬਦ ਬਾ-ਨਿਸ਼ਸਤ ਹੈ ਅਤੇ ਮਿਸਰਾ-ਏ-ਸ਼ਾਨੀ-ਏ-ਰੁਕਨ-ਏ-ਇਬਤਦਾ ਵਿਚ "ਫਿਰ" ਸ਼ਬਦ ਆਇਆ ਹੈ ਜੋ ਟਾਕਰੇ ਦੇ ਸ਼ਬਦ ਹਨ ਅਤੇ ਦਰੁਸਤ ਹਨ। ਇਸ ਸ਼ਿਅਰ ਦੀ ਵਿਆਖਿਆ ਦੀ ਲੋੜ ਨਹੀਂ ਸਾਫ ਸਪੱਸ਼ਟ ਬਿਆਨ ਹੈ ਕਿ ਇੱਕ ਪਾਸੇ ਤਾਂ ਮਜ਼ਦੂਰ ਮਹੱਲ ਬਣਾਉਦੇ ਹਨ ਪਰ ਉਹਨਾਂ ਮਹੱਲਾਂ ਵਿਚ ਪੈਸੇ ਵਾਲੇ ਲੋਕ ਰਹਿੰਦੇ ਹਨ, ਜਦ ਮਜ਼ਦੂਰਾਂ ਨੂੰ ਗਰੀਬਾਂ ਨੂੰ ਮਖੌਲ ਕੀਤੇ ਜਾਂਦੇ ਹਨ ਤਾਂ ਮਜ਼ਦੂਰ ਉਹ ਮਹੱਲ ਹੀ ਢਾਉਣ ਲਈ ਤਤਪਰ (ਬੇ-ਸਬਰੇ) ਹੋ ਜਾਂਦੇ ਹਨ। ਇਸ ਕਰਕੇ "ਜਦ" ਅਤੇ "ਫਿਰ" ਸ਼ਬਦਾਂ ਦਾ ਤਜ਼ਾਦ (ਟਾਕਰਾ) ਆਇਆ ਹੈ ਜੋ ਦਰੁਸਤ ਹੈ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

> ਮੈਂ ਜਦੋਂ ਤੋਂ ਅਪਣੇ ਦਿਲ 'ਚੋਂ ਈਰਖਾ ਕਢ ਦਿੱਤੀ ਹੈ।
> ਓਦੋਂ ਤੋਂ ਸਾਰਾ ਜ਼ਮਾਨਾ ਮੇਰਾ ਮਿੱਤਰ ਹੋ ਗਿਆ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਜਦੋਂ ਤੋਂ" ਅਤੇ ਮਿਸਰ-ਏ-ਸਾਨੀ ਵਿਚ "ਓਦੋਂ ਤੋ" ਅਲਫ਼ਾਜ਼ ਆਏ ਹਨ ਜੋ ਟਾਕਰੇ ਦੇ ਸ਼ਬਦ ਹਨ। ਜੋ ਦਰੁਸਤ ਆਏ ਹਨ।

ਇਕ ਹੋਰ ਗ਼ਜ਼ਲ ਦਾ ਸ਼ਿਅਰ ਹੈ :

> ਬੇਸ਼ਕ ਰਾਹ ਵਿੰਗਾ ਟੇਡਾ ਹੈ ਪੈਰਾਂ ਵਿਚ ਵੀ ਛਾਲੇ ਨੇ।
> ਮੈਨੂੰ ਮੰਜ਼ਿਲ ਮਿਲਣੀ ਹੈ ਇਸ ਲਈ ਅੱਜ ਰੂਹ ਮੁਸਕਾਉਦੀ ਹੈ॥

ਇਸ ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਬੇਸ਼ਕ" ਸ਼ਬਦ ਆਇਆ ਹੈ ਅਤੇ ਮਿਸਰਾ-ਏ-ਸਾਨੀ (ਦੂੱਜੀ ਤੁਕ) ਵਿਚ "ਇਸ ਲਈ" ਸ਼ਬਦ ਆਏ ਹਨ। ਇਹ ਤਜ਼ਾਦ ਦੇ ਅਲਫ਼ਾਜ਼ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਸ਼ਿਅਰ ਹੈ :

> ਮੈਂ ਜਦ ਈਸਾ ਵਾਂਗੂ ਮੋਢੇ 'ਤੇ ਸੂਲੀ ਚੁਕ ਤੁਰਦਾ ਹਾਂ।
> ਵੇਖ ਇਰਾਦਾ "ਸੱਗੂ" ਵਾਲਾ ਮੌਤ ਤਦੇ ਘਬਰਾਉਦੀ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਜਦ" ਲਫ਼ਜ਼ ਆਇਆ ਹੈ ਅਤੇ ਮਿਸਰਾ-ਏ-ਸਾਨੀ ਵਿਚ ਤਦਾ ਲਫ਼ਜ਼ ਆਇਆ ਹੈ। ਇਹ ਖ਼ੂਬੀ-ਏ-ਤਜ਼ਾਦ ਦੇ ਅਲਫ਼ਾਜ਼ ਹਨ।

ਅਗਲੀ ਗ਼ਜ਼ਲ ਦਾ ਮਤਲਅ ਹੈ :

> ਸਿਤਮਗਰ ਨੂੰ ਆਖੋ ਕਿ ਖ਼ੰਜਰ ਉਠਾਵੇ॥
> ਮੈਨੂੰ ਪਰਖਣੈ ਜੇ ਤਾਂ ਦੇਰੀ ਨਾ ਲਾਵੈ॥

ਹਥਲੇ ਸ਼ਿਅਰ ਦੇ ਦੂਜੇ ਮਿਸਰੇ ਵਿਚ "ਜੇ"ਅਤੇ "ਤਾਂ" ਸ਼ਬਦ ਆਏ ਹਨ ਜੋ

ਬਾ-ਤਜ਼ਾਦ ਅਲਫ਼ਾਜ਼ ਹਨ। "ਚਾਨਣ ਦੀ ਬਾਤ" ਦੇ ਪਾਠਕ ਖ਼ੂਬ ਚੇਤੇ ਰੱਖਣ ਕਿ ਇਸ ਸ਼ਿਅਰ ਦੇ ਦੂਜੇ ਮਿਸਰੇ ਵਿਚ "ਜੇ" ਸ਼ਬਦ ਇਕ ਸ਼ਰਤ ਵਾਂਗ ਹੈ, ਭਾਵ ਵਿਰੋਧ ਪੈਦਾ ਹੁੰਦਾ ਹੈ। ਜੋ "ਤਾਂ" ਸ਼ਬਦ ਹੈ ਇਹ ਜਵਾਬ ਹੈ।

ਹਾਸਿਲ-ਏ-ਗ਼ਜ਼ਲ ਦਾ ਮਤਲਾ-ਏ-ਸਾਨੀ ਹੈ :

ਮੁਹੱਬਤ ਦੀ ਖਾਤਿਰ ਜੋ ਵੀ ਸਿਰ ਕਟਾਵੇ॥
ਸਜਣ ਦੀ ਗਲੀ ਦਾ ਓਹੋ ਭੇਤ ਪਾਵੇ॥

ਇਹ ਹਾਸਿਲ-ਏ-ਗ਼ਜ਼ਲ-ਏ-ਮਤਲਾ-ਏ-ਸ਼ਾਨੀ ਹੈ। ਇਸ ਦੇ ਮਿਸਰਾ-ਏ-ਅੱਵਲ ਵਿਚ "ਜੋ" ਸ਼ਬਦ ਆਏ ਹਨ ਅਤੇ ਮਿਸਰਾ-ਏ-ਸ਼ਾਨੀ ਵਿਚ "ਉਹ" ਲਫ਼ਜ਼ ਆਇਆ ਹੈ। ਪਾਠਕ ਬੜੇ ਧਿਆਨ ਨਾਲ ਵੇਖ ਸਕਦੇ ਹਨ ਕਿ ਸ੍ਰੀ ਸੱਗੂ ਜੀ ਇਸ ਖ਼ੂਬੀ 'ਤੇ ਕਿੰਨੀ ਪਹਿਰੇਦਾਰੀ ਕਰਦੇ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਹੀ ਅਗਲਾ ਸ਼ਿਅਰ ਹੈ :

ਮੈਂ ਵੇਖਾਂ ਕੋਈ ਦਿਲ ਉਹ ਪਲ ਨਾ ਭੁਲਾਵੇ॥
ਜਵਾਨੀ 'ਚ ਉਲਫ਼ਤ ਦੇ ਨਗਮੇ ਜੋ ਗਾਵੇ॥

ਇਹ ਹਾਸਿਲ-ਏ-ਗ਼ਜ਼ਲ-ਏ-ਮਤਲਾ-ਏ-ਮਜ਼ੀਦ ਹੈ ਭਾਵ ਕਿ ਇਕ ਹੀ ਗ਼ਜ਼ਲ ਦਾ ਤਿੱਜਾ ਮਤਲਅ ਹੈ। ਇਸ ਸ਼ਿਅਰ ਦੇ ਮਿਸਰਾ-ਏ-ਅੱਵਲ-ਏ-ਰੁਕਨ-ਏ-ਹਸ਼ਵ (ਦੂੱਜੇ) ਵਿਚ "ਉਹ" ਲਫ਼ਜ਼ ਆਇਆ ਹੈ ਅਤੇ ਮਿਸਰਾ-ਏ-ਨੀ-ਏ-ਅਜਜ਼ ਵਿਚ ਜੋ ਸ਼ਬਦ ਬਾ ਨਿਸ਼ਸਤ ਹੈ। ਏਥੇ ਵੀ ਖ਼ੂਬੀ-ਏ-ਜ਼ਾਦ ਭਾਰੀ ਹੈ।

ਸ੍ਰੀ ਸੱਗੂ ਜੀ ਦੀ ਗ਼ਜ਼ਲ ਦਾ ਮਕਤਅ ਹੈ :

ਜਿਦੇ ਵਾਸਤੇ "ਸੱਗੂ" ਪਲ-ਪਲ ਹੀ ਮਰਦੈ।
ਉਹੋ ਹੀ ਮੇਰੇ ਉੱਤੇ ਖ਼ੰਜਰ ਚਲਾਵੇ॥

ਹਾਸਿਲ-ਏ-ਸ਼ਿਅਰ-ਏ-ਮਿਸਰਾ-ਏ-ਅੱਵਲ-ਏ-ਰੁਕਨ-ਏ-ਸਦਰ ਵਿਚ "ਜਿਦੇ" ਸ਼ਬਦ ਆਏ ਹਨ ਅਤੇ ਮਿਸਰਾ-ਏ-ਸਾਨੀ-ਏ-ਰੁਕਨ-ਏ-ਇਬਤਦਾ ਵਿਚ "ਓਹੋ" ਸ਼ਬਦ ਆਇਆ ਹੈ। ਏਥੇ ਸ੍ਰੀ ਸੱਗੂ ਜੀ ਆਖਦੇ ਹਨ ਕਿ ਇਕ ਪਾਸੇ ਤਾਂ ਮੈਂ ਜਿਦੇ ਵਾਸਤੇ ਮਰਦਾ ਰਿਹਾ, ਸਾਥ ਦਿੰਦਾ ਰਿਹਾ ਤੇ ਉਹਨੇ ਹੀ ਮੇਰੇ 'ਤੇ ਖੰਜਰ ਚਲਾ ਦਿੱਤੇ ਹਨ ਜਾਂ ਚਲਾ ਦਿੱਤਾ ਹੈ। ਇਸ ਨੂੰ ਤਜ਼ਾਦ ਆਖਿਆ ਜਾਂਦਾ ਹੈ।

ਇਸ ਕਾਲਮ ਦਾ ਅਗਲਾ ਸ਼ਿਅਰ ਹੈ :

ਮੈਂ ਭਾਵੇ ਕਮਾਈ ਕੀਤੀ ਹੈ।
ਫਿਰ ਵੀ ਆਪਣਾ ਘਰ ਨਾ ਹੋਇਆ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਭਾਵੇਂ" ਸ਼ਬਦ ਆਇਆ ਹੈ ਅਤੇ ਮਿਸਰਾ-ਏ-ਸਾਨੀ ਵਿਚ "ਫਿਰ" ਵੀ ਸ਼ਬਦ ਆਏ ਹਨ। ਇਹ ਬਿਆਨ ਬਾ-

ਤਜ਼ਾਦ ਹੈ।

ਅਗਲਾ ਸ਼ਿਅਰ ਹੈ :

ਮੈਂ ਜਦ ਪਿਆਰ ਦੀ ਚਰਚਾ ਕੀਤੀ।
ਤਦ ਗ਼ੈਰਾਂ ਤੋਂ ਜਰ ਨਾ ਹੋਇਆ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਜਦ"ਸ਼ਬਦ ਅਤੇ ਮਿਸਰਾ-ਏ-ਸਾਨੀ ਵਿਚ "ਤਦ" ਸ਼ਬਦ ਆਇਆ ਹੈ ਜੋ ਟਾਕਰੇ ਦੇ ਸ਼ਬਦ ਹਨ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਉਸ ਨੂੰ ਮੰਜ਼ਿਲ ਕਿੰਝ ਮਿਲੂਗੀ।
ਜਿਸ ਤੋਂ ਪੈਂਡਾ ਸਰ ਨਾ ਹੋਇਆ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਉਸ ਨੂੰ" ਅਤੇ ਮਿਸਰਾ-ਏ-ਸਾਨੀ ਵਿੱਚ "ਜਿਸ ਤੋਂ" ਸ਼ਬਦ ਆਏ ਹਨ ਜੋ ਤਜ਼ਾਦ ਦੇ ਸ਼ਬਦ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗਜ਼ਲ ਦਾ ਸ਼ਿਅਰ ਹੈ :

ਭਾਵੇਂ "ਸੱਗੂ" ਸਾਗਰ ਤਰਦੈ।
ਇਸ਼ਕ ਝਨਾਂ ਪਰ ਤਰ ਨਾ ਹੋਇਆ॥

ਇਸ ਸ਼ਿਅਰ ਵਿਚ "ਭਾਵੇਂ" ਅਤੇ "ਪਰ" ਸ਼ਬਦ ਆਏ ਹਨ ਜੋ ਤਜ਼ਾਦ ਦੇ ਅਲਫ਼ਾਜ਼ ਹਨ।

ਅਗਲਾ ਸ਼ਿਅਰ ਹੈ :

ਮੰਜ਼ਿਲ 'ਤੇ ਅਪੜਣ ਦਾ ਓਸੇ ਰਾਹੀ ਨੂੰ ਸੁਖ ਮਿਲਦਾ ਹੈ।
ਜੇਸ ਮੁਸਾਫ਼ਿਰ ਤਾਈਂ ਮੁੱਢੋਂ ਰਸਤੇ ਹੀ ਦੁਸ਼ਵਾਰ ਮਿਲੇ॥

ਏਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ 'ਓਸੇ' ਸ਼ਬਦ ਆਏ ਹਨ ਅਤੇ ਮਿਸਰਾ-ਏ-ਸਾਨੀ ਵਿਚ "ਜੇਸ" ਸ਼ਬਦ ਹੈ। ਇਹ ਤਜ਼ਾਦ ਦੇ ਸ਼ਬਦ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਮਤਲਅ ਹੈ :

ਮੇਰਾ ਦਿਲ ਤੇਰੇ ਐਂ ਖ਼ਾਬ ਸਜਾਉਂਦਾ ਹੈ॥
ਜਿਉਂ ਕੋਈ ਦਰਗਾਹ 'ਤੇ ਦੀਪ ਜਗਾਉਂਦਾ ਏ॥

ਇਸ ਸ਼ਿਅਰ ਦੇ ਪਹਿਲੇ ਮਿਸਰੇ ਵਿਚ "ਐਂ" ਅਤੇ ਦੂੱਜੇ ਮਿਸਰੇ ਵਿਚ "ਜਿਉ" ਸ਼ਬਦ ਆਏ ਹਨ ਜੋ ਬਾ-ਤਜ਼ਾਦ ਅਲਫ਼ਾਜ਼ ਹਨ।

## ਖ਼ੂਬੀ-ਏ-ਇਤਨਾਬ

ਉਸਤਾਦ-ਓ-ਸ਼ੁਅਰਾ ਮੁਹਤਰਿਮ ਦੀਪਕ ਜੈਤੋਈ ਜੀ ਦੀ ਸਿੱਖਿਆ ਦੇ ਅਨੁਸਾਰ ਇਤਨਾਬ ਲਫ਼ਜ਼ "ਤਨਬ"ਤੋਂ ਬਣਿਆ ਹੈ, ਜਿਸ ਦਾ ਮਤਲਬ ਤੂਲ ਦੇਣਾ, ਵਧਾਉਣਾ, ਲੰਮਾ ਕਰਨਾ, ਪਰ ਸ਼ਾਇਰਾਨਾ ਜ਼ੁਬਾਨ ਵਿਚ ਉਸ ਖ਼ੂਬੀ ਨੂੰ

ਕਿਹਾ ਜਾਂਦਾ ਹੈ ਜਦੋਂ ਕਿਸੇ ਸ਼ਾਇਰ ਨੇ ਬਾ-ਮਤਲਿਬ (ਅਰਥ ਭਰਪੂਰ) ਅਤੇ ਲੁਤਫ਼ ਦੇਣ ਵਾਲੇ ਕੁਝ ਵਾਧੂ ਸ਼ਬਦ ਸ਼ਿਅਰ ਵਿਚ ਲਿਆਂਦੇ ਹੋਣ।"

ਬੇਸ਼ਕ ਉਪਰ ਸ੍ਰੀ ਦੀਪਕ ਜੈਤੋਈ ਜੀ ਨੇ ਜੋ ਪਰਿਭਾਸ਼ਾ ਦਿੱਤੀ ਹੈ ਉਹ ਮੰਨਣਯੋਗ ਹੈ। ਪਰ ਮੈਂ ਇਸ ਨੂੰ ਅਪਣੀ ਸਮਝ ਮੁਤਾਬਕ ਇਸ ਤਰ੍ਹਾਂ ਪੇਸ਼ ਕਰਦਾ ਹਾਂ ਕਿ ਗ਼ਜ਼ਲ ਦੇ ਸ਼ਿਅਰਾਂ ਵਿਚ ਇਕ ਹੀ ਸੂਰਤ ਵਾਲੇ ਜਿੰਨਾਂ ਦੋ ਤਿੰਨ ਆਦਿ ਸ਼ਬਦਾਂ ਦੀਆਂ ਸੂਰਤਾਂ ਵੀ ਬਰਾਬਰ ਰਹਿੰਦੀਆਂ ਹਨ ਅਤੇ ਅਰਥ ਵੀ ਨਹੀਂ ਬਦਲਦੇ ਉਸ ਨੂੰ ਖੁਬੀ-ਏ-ਇਤਨਾਬ ਕਹਿੰਦੇ ਹਨ ਜਿਵੇਂ ਜਨਾਬ ਅੰਮ੍ਰਿਤ ਦੂਸਹੀ ਸਾਹਿਬ ਦਾ ਸ਼ਿਅਰ ਹੈ :

ਬੁਝੇ ਹਿਰਦਿਆਂ ਵਿਚ ਮੁਹੱਬਤ ਦੇ ਦੀਪਕ।
ਜਗਾਉ ਜਗਾਉ ਬਹਾਰ ਆ ਗਈ ਹੈ॥

ਏਥੇ "ਚਾਨਣ ਦੀ ਬਾਤ" ਦੇ ਪਾਠਕ ਵੇਖ ਸਕਦੇ ਹਨ ਕਿ ਮਿਸਰਾ-ਏ-ਸਾਨੀ-ਏ-ਰੁਕਨ-ਏ ਇਬਤਦਾ ਵਿਚ "ਜਗਾਉ ਜਗਾਉ" ਅਲਫ਼ਾਜ਼ ਦੋ ਵਾਰ ਆਏ ਹਨ। ਹਾਲਾਂਕਿ ਇੱਕ ਸ਼ਬਦ ਨਾਲ ਵੀ ਸਰ ਸਕਦਾ ਸੀ। ਪਰ "ਜਗਾਉ-ਜਗਾਉ" ਅਲਫ਼ਾਜ਼ ਆਉਣ ਨਾਲ ਖ਼ੂਬੀ-ਦੇ-ਇਤਨਾਬ ਪੈਦਾ ਹੋ ਗਈ।

ਏਸੇ ਹੀ ਖ਼ੂਬੀ-ਏ-ਇਤਨਾਬ ਨੂੰ ਮੱਦ-ਏ-ਨਜ਼ਰ ਰਖਦੇ ਹੋਏ ਹੁਣ ਆਪਾਂ ਇਹ ਅਧਿਐਨ ਕਰਾਂਗੇ ਕਿ ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਇਸ ਖ਼ੂਬੀ ਨੂੰ ਕਿਵੇਂ ਨਿਭਾਉਂਦੇ ਹਨ?

ਸ਼ਿਅਰ ਅਰਜ਼ ਹੈ :

ਉਹ ਆਸ਼ਕ ਹਸ ਹਸ ਕੇ ਸੂਲੀ ਚੜ੍ਹ ਜਾਂਦੇ।
ਜਿੰਨਾਂ ਨੂੰ ਪਹਿਚਾਣ ਹੋ ਜਾਂਦੀ ਸਚ ਦੀ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ ਦੋ ਵਾਰ "ਹਸ ਹਸ" ਅਲਫ਼ਾਜ਼ ਆਏ ਹਨ ਜੋ ਖ਼ੂਬੀ-ਏ-ਇਤਨਾਬ ਨਾਲ ਭਰਪੂਰ ਹਨ।

ਅਗਲਾ ਸ਼ਿਅਰ ਹੈ :

ਰਾਤਾਂ ਦੀ ਤਨਹਾਈ ਚੋਂ ਆਵਾਜ਼ ਜਿਹੀ ਇਕ ਆਉਦੀ ਹੈ॥
ਤੇਰਾ ਮੇਰਾ ਮੇਲ ਔਖਾ ਵਾਰੀ ਵਾਰੀ ਦੁਹਰਾਉਦੀ ਹੈ॥

ਹਾਸਿਲ-ਏ-ਸ਼ਿਅਰ-ਦੇ-ਮਿਸਰਾ-ਏ-ਸਾਨੀ ਵਿਚ "ਵਾਰੀ ਵਾਰੀ"ਅਲਫ਼ਾਜ਼ ਆਏ ਹਨ ਇਹ ਖ਼ੂਬੀ-ਏ-ਇਤਨਾਬ ਹੈ। ਅਗਲਾ ਸ਼ਿਅਰ ਹੈ :

ਸਜਣਾ! ਆ ਜਾ ਛੇਤੀ ਛੇਤੀ।
ਮੇਰਾ ਦਿਲ ਹੈ ਅੱਜ ਉਚਾਟ॥

ਇਸ ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਛੇਤੀ ਛੇਤੀ"ਅਲਫ਼ਾਜ਼ ਆਏ

ਹਨ ਜੋ ਖ਼ੂਬੀ-ਏ-ਇਤਨਾਬ ਨਾਲ ਭਰਪੂਰ ਹੈ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਪਿਆਰ ਦੀ ਖ਼ਾਤਿਰ ਹਸ ਹਸ ਮਰਨਾ।
ਏਹੋ ਆਸ਼ਕ ਦਾ ਹਾਸਿਲ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਹਸ ਹਸ" ਅਲਫ਼ਾਜ਼ ਆਏ ਹਨ ਜੋ ਦਰੁਸਤ ਹਨ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਮੇਰੇ ਯਾਰਾ ਤੂੰ ਇੰਝ ਮੈਂ-ਮੈਂ ਕਰਿਆ ਨਾ ਕਰ।
ਸਾਥ ਨਹੀਂ ਦੇਣਾ ਤਾਂ ਹਾਮੀ ਭਰਿਆ ਨਾ ਕਰ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਮੈਂ-ਮੈਂ"ਅਲਫ਼ਾਜ਼ ਆਏ ਹਨ ਜੋ ਖ਼ੂਬੀ-ਏ-ਇਤਨਾਬ ਹੈ।

## ਖ਼ੂਬੀ-ਏ-ਤਕਰਾਰ-ਏ-ਲਫ਼ਜ਼ੀ

ਉਸਤਾਦ-ਓ-ਸ਼ੁਅਰਾ ਸ੍ਰੀ ਦੀਪਕ ਜੈਤੋਈ ਜੀ ਦੇ ਅਨੁਸਾਰ ਤਕਰਾਰ ਸ਼ਬਦ ਤੋਂ ਮੁਕੱਰਰ ਬਣਿਆ ਹੈ, ਜਿਸ ਦੇ ਅਰਥ ਹਨ, "ਦੂੱਜੀ ਵਾਰ...।"

ਪਰ ਮੈਂ ਜਦੋਂ "ਤਕਰਾਰ" ਸ਼ਬਦ ਦੀ ਡੂੰਘਿਆਈ ਵਿਚ ਜਾਂਦਾ ਹਾਂ ਤਾਂ ਇਸ ਦੀ ਪਰਿਭਾਸ਼ਾ ਇੰਜ ਬਣਦੀ ਦਿਸਦੀ ਹੈ ਕਿ ਜਿੰਨਾ ਸ਼ਬਦਾਂ ਦੀਆਂ ਸ਼ਰਤਾਂ ਇੱਕੋ ਜਿਹੀਆਂ ਹੋਣ ਪਰ ਦੋ ਅਰਥ ਨਿਕਲਦੇ ਹੋਣ। ਉਹ ਖ਼ੂਬੀ-ਏ-ਤਕਤਾਰ-ਏ-ਲਫ਼ਜ਼ੀ ਹੁੰਦੀ ਹੈ।

ਜਿਵੇਂ :

ਜਾਨ ਮੇਰੀ ਤਪਾ ਨਾ ਮੇਰੀ ਜਾਨ।
ਜਾਨ ਹੈ ਤਾਂ ਜਹਾਨ ਹੈ ਪਿਆਰੇ॥

ਇਸ ਸ਼ਿਅਰ ਦੇ ਪਹਿਲੇ ਮਿਸਰੇ ਵਿਚ "ਜਾਨ ਮੇਰੀ" ਸ਼ਬਦ ਆਏ ਹਨ ਜਿਸ ਦੇ ਅਰਥ ਹਨ ਜਿੰਦ (ਜੀਵ ਆਤਮਾ) ਅੱਗੇ ਹਨ 'ਮੇਰੀ ਜਾਨ...', ਜਿਸ ਦਾ ਅਰਥ ਹੈ ਹੇ ਮੇਰੀ ਮਹਿਬੂਬਾ...। ਦੂਜੇ ਮਿਸਰੇ ਵਿੱਚ ਅਖਾਣ ਦਾ ਬਿਆਨ ਹੈ ਕਿ ਜਾਨ ਹੈ ਤਾਂ ਜਹਾਨ ਹੈ ਪਿਆਰੇ।" ਹੁਣ ਪਾਠਕ ਸਮਝ ਗਏ ਹੋਣਗੇ ਕਿ ਦੋ ਵਾਰੀ ਜਾਨ ਸ਼ਬਦ ਆਏ ਹਨ ਪਰ ਅਰਥ ਵੱਖ-ਵੱਖ ਹਨ।

ਇਸ ਤਰ੍ਹਾਂ ਹੀ ਸ੍ਰੀ ਸੱਗੂ ਜੀ ਵੀ ਅਪਣੀਆਂ ਗ਼ਜ਼ਲਾਂ ਵਿਚ ਤਕਰਾਰ-ਏ-ਲਫ਼ਜ਼ੀ ਦੀਆਂ ਖ਼ੂਬੀਆਂ ਵੀ ਨਜ਼ਰ-ਏ-ਨਸ਼ੀਨ ਕਰਦੇ ਹਨ। ਆਓ ਸਿਰਫ਼ ਦੋ ਸ਼ਿਅਰਾਂ ਦੀ ਚਰਚਾ ਕਰਦੇ ਹਾਂ। ਪਹਿਲਾ ਸ਼ਿਅਰ ਹੈ :

ਮੇਰਾ ਦਿਲ ਜਦ ਥਕ ਗਿਆ ਪੱਥਰ ਦੇ ਰੱਬ ਨੂੰ ਪੂਜ ਕੇ।

ਓਸ ਦੇ ਦੀਦਾਰ ਖ਼ਾਤਿਰ ਮੈਂ ਵੀ ਪੱਥਰ ਹੋ ਗਿਆ॥

ਹਾਸਿਲ-ਏ-ਸ਼ੇਅਰ ਦੇ ਮਿਸਰਾ-ਏ-ਅੱਵਲ ਵਿਚ "ਪੱਥਰ" ਸ਼ਬਦ ਆਇਆ ਹੈ, ਜਿਸ ਦਾ ਮਤਲਬ "ਬੁੱਤ" ਹੈ। ਜਿਵੇਂ ਆਪਾਂ ਅਕਸਰ ਕਈਆਂ ਥਾਵਾਂ ਤੇ ਦੇਵੀਆਂ ਦੇ ਬੁੱਤ ਵੇਖਦੇ ਹਾਂ, ਕਈਆਂ ਥਾਵਾਂ 'ਤੇ ਦੇਵਤਿਆਂ 'ਤੇ ਬੁੱਤ ਵੇਖਦੇ ਹਾਂ, ਲੋਕ ਮੱਥੇ ਟੇਕਦੇ ਹਨ, ਪੂਜਾ ਕਰਦੇ ਹਨ, ਬਕਰਿਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਹਨ। ਮਿਸਰਾ-ਏ-ਅੱਵਲ ਵਿਚ ਸ੍ਰੀ ਸੱਗੂ ਜੀ ਨੇ ਪੱਥਰ ਨੂੰ 'ਪੱਥਰ ਦੇ ਰਬ' ਦੀ ਗੱਲ ਕੀਤੀ ਹੈ, ਇਸ ਦਾ ਅਰਥ ਵੱਖਰਾ ਹੈ। ਇਸ ਤਰ੍ਹਾਂ ਹੀ ਮਿਸਰਾ-ਏ-ਸਾਨੀ ਵਿਚ ਵੀ 'ਪੱਥਰ ਹੋ ਗਿਆ ਸ਼ਬਦ ਆਏ ਹਨ ਜਿਸ ਦਾ ਮਤਲਬ ਹੈ ਸੁਧ ਬੁਧ ਗਵਾ ਬਹਿਣਾ...। ਭਾਵ ਕਿ ਸ੍ਰੀ ਸੱਗੂ ਜੀ ਨੇ ਜ਼ਿਦ ਫੜ ਲਈ ਹੈ ਕਿ ਮੈਂ ਰੱਬ ਦੇ ਦਰਸ਼ਨ ਕਰਨੇ ਹੀ ਕਰਨੇ ਹਨ। ਇਸ ਕਰਕੇ ਸ੍ਰੀ ਸੱਗੂ ਜੀ ਵੀ ਪੱਥਰ ਹੋ ਗਏ ਹਨ। ਇਸ ਤਰਾਂ ਆਪਾਂ ਵੇਖਦੇ ਹਾਂ ਕਿ ਸ੍ਰੀ ਸੱਗੂ ਜੀ "ਪੱਥਰ" ਲਫ਼ਜ਼ ਵਰਤ ਕੇ ਖ਼ੂਬੀ-ਏ-ਤਕਰਾਰ-ਏ-ਲਫ਼ਜ਼ੀ ਕਿੰਨੀ ਖ਼ੂਬਸੂਰਤੀ ਨਾਲ ਪੈਦਾ ਕਰਦੇ ਹਨ।

ਸ੍ਰੀ ਸੱਗੂ ਜੀ ਦੀ ਅਗਲੀ ਗ਼ਜ਼ਲ ਦਾ ਸ਼ਿਅਰ ਹੈ :

ਸਜਣੋ ਜਦ ਵੀ ਅੱਖਾਂ ਚਾਰ ਹੋ ਜਾਣ ਕਿਤੇ।<br>
ਫਿਰ ਰਾਤਾਂ ਨੂੰ ਵੀ ਅੱਖ ਲਾਉਣੀ ਮੁਸ਼ਕਿਲ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਅੱਖਾਂ ਚਾਰ ਹੋ ਜਾਣ"ਦਾ ਬਿਆਨ ਹੈ ਜਿਸ ਦਾ ਮਤਲਬ ਹੈ ਕਿ ਕਿਸੇ ਨੂੰ ਕਿਸੇ ਨਾਲ ਪਿਆਰ ਹੋ ਜਾਣਾ। ਇਹ ਸਾਫ-ਸਪਸ਼ਟ ਬਿਆਨ ਹੈ। ਮਿਸਰਾ-ਏ-ਸ਼ਾਨੀ ਵਿਚ "ਅੱਖ ਲਾਉਣੀ"ਅਲਫ਼ਾਜ਼ ਆਏ ਹਨ ਜਿਸ ਦਾ ਮਤਲਬ ਰਾਤ ਨੂੰ ਸੌਣ ਨਾਲ ਹੈ। ਜਿਵੇਂ ਆਪਾਂ ਜਾਣਦੇ ਹਾਂ ਕਿ ਹਰ ਜੀਵ-ਜੰਤੂ ਦਾ ਸੌਣਾਂ ਵੀ ਕੁਦਰਤਨ ਜਾਇਜ਼ ਹੈ। ਜਦੋਂ ਆਪਾਂ ਸੌਂ ਜਾਂਦੇ ਹਾਂ ਤਾਂ ਦੁਨੀਆਵੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ। ਸਰੀਰ ਦੇ ਸਾਰੇ ਅੰਗ ਬਿਲਕੁਲ ਅਰਾਮ ਕਰਦੇ ਹਨ। ਇਸ ਤਰ੍ਹਾਂ ਦਿਲ ਅਤੇ ਦਿਮਾਗ ਵੀ ਸਧਾਰਣ (Normal) ਸਥਿਤੀ ਵਿਚ ਆ ਜਾਂਦੇ ਹਨ। ਪਰ ਸ੍ਰੀ ਸੱਗੂ ਜੀ ਆਖਦੇ ਹਨ ਕਿ ਜਦੋਂ ਕਿਸੇ ਨਾਲ ਪਿਆਰ ਹੋ ਜਾਂਦਾ ਹੈ ਤਾਂ ਫਿਰ ਸੁੱਤਾ ਵੀ ਜਾਂਦਾ ਨਹੀਂ।

ਉਪਰੋਕਤ ਸ਼ਿਅਰ ਦੀ ਵਜਾਹਤ ਕਰਦੇ ਆਪਾਂ ਵੇਖਿਆ ਕਿ ਸ੍ਰੀ ਸੱਗੂ ਜੀ ਨੇ "ਅੱਖ" ਸ਼ਬਦ ਨੂੰ ਖ਼ੂਬੀ-ਏ-ਤਕਰਾਰ-ਏ-ਲਫ਼ਜ਼ੀ ਦੇ ਅਨੁਸਾਰ ਬਿਲਕੁਲ ਠੀਕ ਪੇਸ਼ ਕੀਤਾ ਹੈ।

ਅਖੀਰ ਵਿਚ ਇਹਨਾਂ ਦੋਵਾਂ ਦੀ ਵਿਆਖਿਆ ਕਰਦਿਆਂ ਆਪਾਂ ਵੇਖਿਆ ਕਿ ਸ੍ਰੀ ਸੱਗੂ ਜੀ ਨੇ ਪਹਿਲੇ ਸ਼ਿਅਰ ਵਿਚ "ਪੱਥਰ"ਸ਼ਬਦ ਨੂੰ ਅਤੇ ਦੂਜੇ ਸ਼ਿਅਰ ਵਿਚ "ਅੱਖ" ਸ਼ਬਦ ਨੂੰ ਬੜੀ ਮਿਹਨਤ ਨਾਲ ਬਾ-ਅਰੂਜ਼ ਪੇਸ਼ ਕੀਤਾ ਹੈ।

## ਖ਼ੂਬੀ-ਏ-ਤਲਮੀਹ

**ਪਰਿਭਾਸ਼ਾ** : ਉਸਤਾਦ-ਓ-ਸ਼ੁਅਰਾ ਮੁਹਤਰਿਮ ਦੀਪਕ ਜੈਤੋਈ ਜੀ ਦੇ ਅਨੁਸਾਰ ਤਲਮੀਹ ਦਾ ਅਰਥ ਹੈ ਕਿ ਕਾਵਿ-ਰਚਨਾ ਵਿਚ ਕਿਸੇ ਪੁਰਾਣੀ ਕਹਾਣੀ ਆਦਿ ਵਲ ਸੈਨਤ ਕਰਨਾ ਹੈ।

ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਦੀਆਂ ਗ਼ਜ਼ਲਾਂ ਦਾ ਜਿਵੇਂ ਜਿਵੇਂ ਅਧਿਐਨ ਕਰਦੇ ਜਾਈਦਾ ਹੈ ਤਿਵੇਂ ਤਿਵੇਂ ਖ਼ੂਬੀਆਂ-ਦਰ-ਖ਼ੂਬੀਆਂ ਨਜ਼ਰ-ਏ-ਨਸ਼ੀਨ ਹੁੰਦੀਆਂ ਹਨ। ਉਪਰੋਕਤ ਕੁਝ ਖ਼ੂਬੀਆਂ ਦੀ ਗੱਲ ਕੀਤੀ ਹੈ ਅਤੇ ਮੈਂ ਸਮਝਦਾ ਹਾਂ ਕਿ ਮੇਰਾ ਲੇਖ ਬੌਹਤ ਲੰਮਾ ਹੋ ਗਿਆ ਹੈ। ਪਰ ਕੀਤਾ ਕੀ ਜਾਵੇ ? ਇਹ ਸਾਫ਼ ਜ਼ਾਹਿਰ ਹੈ ਕਿ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਬਾਰੀਕ ਹਨ ਅਤੇ ਵਿਸ਼ਾਲ ਹਨ। ਪਰ ਜਦੋਂ ਗ਼ਜ਼ਲ ਦੀ ਗੱਲ ਆਉਂਦੀ ਹੈ ਤਾਂ ਮੈਨੂੰ ਜਾਪਦੈ ਕਿ ਗ਼ਜ਼ਲ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਤੋਂ ਬਾਰੀਕ ਹੈ ਤੇ ਵਿਸ਼ਾਲ ਹੈ। ਦੂੱਜੇ ਸ਼ਬਦਾਂ ਵਿਚ ਇੰਜ ਕਹਿ ਲਓ ਕਿ ਗ਼ਜ਼ਲ ਸੱਤਾਂ ਸਮੁੰਦਰਾਂ ਤੋਂ ਵਿਸ਼ਾਲ ਅਤੇ ਡੂੰਘੀ ਵਿਧਾ ਹੈ। ਇਹ ਹੈਰਾਨੀ ਵੀ ਹੁੰਦੀ ਹੈ ਅਤੇ ਦੁੱਖ ਵੀ ਹੁੰਦਾ ਹੈ ਕਿ ਜੋ ਬੇ ਉਸਤਾਦੇ ਸ਼ਾਇਰ ਹਨ ਉਹ ਗ਼ਜ਼ਲ ਕਿਵੇਂ ਲਿਖ ਲੈਂਦੇ ਹਨ ? ਏਥੇ ਮੈਨੂੰ ਲਿਖਦਿਆਂ ਬੇਹਦ ਖ਼ੁਸ਼ੀ ਦਾ ਅਹਿਸਾਸ ਹੁੰਦਾ ਹੈ ਕਿ ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਨੇ ਮਾਣਯੋਗ ਉਸਤਾਦ ਸ੍ਰੀ ਨਿਰੰਜਨ ਸਿੰਘ ਨੂਰ ਤੋਂ ਇਲਮ-ਏ-ਅਰੂਜ਼ ਦੀ ਦਾਤ ਹਾਸਿਲ ਕੀਤੀ ਅਤੇ ਉਹ ਕੋਸ਼ਿਸ਼ ਕਰਦੇ ਹਨ ਕਿ ਵੱਧ ਤੋਂ ਵੱਧ ਬਾ-ਅਰੂਜ਼ ਚਲਿਆ ਜਾਵੇ। ਮੈਂ ਹੋਰ ਦੂਰ ਨਾ ਜਾਵਾਂ ਆਓ ਹੁਣ ਆਪਾਂ ਚਰਚਾ ਕਰਦੇ ਹਾਂ ਕਿ ਸ੍ਰੀ ਸੱਗੂ ਜੀ ਗ਼ਜ਼ਲਾਂ ਵਿੱਚ ਖ਼ੂਬੀ-ਏ-ਤਲਮੀਹ ਕਿਵੇਂ ਪੈਦਾ ਕਰਦੇ ਹਨ ?

ਸ੍ਰੀ ਸੱਗੂ ਜੀ ਦੀ ਇਕ ਗ਼ਜ਼ਲ ਦਾ ਸ਼ਿਅਰ ਹੈ :

ਮੈਂ ਜਦ ਈਸਾ ਵਾਗੂੰ ਮੋਢੇ ਤੇ ਸੂਲੀ ਚੁਕ ਤੁਰਦਾ ਹਾਂ।<br>
ਵੇਖ ਇਰਾਦਾ "ਸੱਗੂ" ਵਾਲਾ ਮੌਤ ਤਦੇ ਘਬਰਾਉਦੀ ਹੈ॥

ਹਾਸਿਲ-ਏ-ਸ਼ਿਅਰ ਦੇ ਮਿਸਰਾ-ਏ-ਅੱਵਲ ਵਿਚ "ਈਸਾ" "ਮੋਢੇ", "ਸੂਲੀ" ਇਹ ਸਾਰੇ ਸ਼ਬਦ ਮਾਣਯੋਗ ਪੈਗੰਬਰ ਯਿਸੂ ਮਸੀਹ ਸਾਹਿਬ ਨਾਲ ਸਬੰਧ ਰੱਖਦੇ ਹਨ। ਸ੍ਰੀ ਸੱਗੂ ਜੀ ਨੇ ਇਤਹਾਸ ਦੀ ਸੱਚਾਈ ਪੇਸ਼ ਕੀਤੀ ਹੈ ਕਿ ਜਿਵੇਂ ਸ੍ਰੀ ਯਿਸੂ ਮਸੀਹ ਸਾਹਿਬ ਔਖੇ ਸਮੇਂ ਵੀ ਡੋਲੇ ਨਹੀਂ ਇਸ ਤਰ੍ਹਾਂ ਹੀ ਇਨਸਾਫ਼ ਦੀ ਖਾਤਿਰ ਸੱਗੂ ਵੀ ਸੂਲੀ ਚੁੱਕ ਤੁਰਦਾ ਹੈ ਭਾਵ ਕਿ ਜ਼ਿੰਮੇਵਾਰੀਆਂ ਨਿਭਾਉਂਦਾ ਹੈ ਅਤੇ ਮੌਤ ਵੀ ਸ੍ਰੀ ਸੱਗੂ ਦੀਆਂ ਕਾਰਵਾਈਆਂ ਵੇਖ ਕੇ ਘਬਰਾ ਜਾਂਦੀ ਹੈ। ਏਥੇ ਸਾਫ਼ ਸਪੱਸ਼ਟ ਹੈ ਕਿ ਸ੍ਰੀ ਸੱਗੂ ਜੀ ਨੇ ਇਕ ਪਾਸੇ ਇਤਿਹਾਸਕ ਸੱਚਾਈ ਪੇਸ਼ ਕੀਤੀ ਹੈ ਨਾਲ ਖ਼ੂਬੀ-ਏ-ਤਜ਼ਾਦ ਵੀ ਪੈਦਾ ਕੀਤੀ ਹੈ। ਖ਼ੂਬੀ-ਏ-ਤਜ਼ਾਦ ਬਾਰੇ ਆਪਾਂ

ਪਹਿਲਾਂ ਹੀ ਅਧਿਐਨ ਕਰ ਆਏ ਹਾਂ।

ਸ੍ਰੀ ਸੱਗੂ ਜੀ ਦਾ ਅਗਲਾ ਸ਼ਿਅਰ ਹੈ :

ਇਹ ਕਿਸੇ ਨੂੰ ਕੀ ਪਤਾ ਸੀ ਕਿ ਹੋਊਗਾ ਇੰਜ ਵੀ।
ਘਰ ਦੇ ਭੇਤੀ ਲੰਕਾ ਢਾਈ ਖ਼ੂਨ ਚਿੱਟਾ ਹੋ ਗਿਆ॥

ਇਸ ਸ਼ਿਅਰ ਦੇ ਮਿਸਰਾ-ਏ-ਸਾਨੀ (ਦੂੱਜੇ ਮਿਸਰੇ) ਵਿਚ "ਲੰਕਾ ਢਾਉਣ" ਦਾ ਬਿਆਨ ਹੈ, ਜੋ ਸਾਫ਼-ਸਪੱਸ਼ਟ ਬਿਆਨ ਹੈ। ਇਹ ਇਤਿਹਾਸਕ ਸੱਚਾਈ ਹੈ ਕਿ ਲੰਕਾ ਦਾ ਬਾਦਸ਼ਾਹ ਰਾਵਣ ਸੀ। ਉਹ ਬੇਸ਼ਕ ਬੜੀ ਬੰਦਗੀ ਵਾਲਾ ਮਹਾਂ-ਪੁਰਸ਼ ਸੀ। ਪਰ ਉਸ ਦੀਆਂ ਕਾਰਵਾਈਆਂ ਗ਼ਲਤ ਸਨ। ਇਤਿਹਾਸ ਗਵਾਹ ਹੈ ਕਿ 'ਰਾਵਣ ਨੇ ਮੌਕੇ ਦੇ ਸਤਿਗੁਰ ਰਾਮ ਜੀ ਭਗਵਾਨ ਦੀ ਧਰਮ ਪਤਨੀ ਸੀਤਾ ਜੀ ਨੂੰ ਚੁੱਕਿਆ ਅਤੇ ਉਸ ਨੂੰ ਅਪਣੇ ਲੰਕਾਂ ਦੇ ਮਹੱਲਾਂ ਵਿਚ ਰੱਖਿਆ। ਸੀਤਾ ਜੀ ਅਪਣੇ ਪ੍ਰੀਤਮ ਰਾਮ ਭਗਵਾਨ ਜੀ ਦੀ ਯਾਦ ਵਿਚ ਵੈਰਾਗੀ ਹਾਲਤ ਵਿਚ ਉਹਨਾਂ ਨੂੰ ਯਾਦ ਕਰਦੀ ਰਹਿੰਦੀ। ਬਸ ਲੰਕਾਂ ਦੀ ਤਬਾਹੀ ਦੀ ਕਹਾਣੀ ਰਾਵਣ ਦੀ ਮੂਰਖਤਾ ਤੋਂ ਸ਼ੁਰੂ ਹੁੰਦੀ ਹੈ। ਹੁਣ ਆਪਾਂ ਇਸ ਗੱਲ ਦਾ ਅਧਿਐਨ ਕਰਦੇ ਹਾਂ ਕਿ "ਘਰ ਦੇ ਭੇਤੀ ਲੰਕਾ ਢਾਈ" ਦਾ ਮੁਹਾਵਰਾ ਕਿਵੇਂ ਬਣਿਆ ? ਇਸ ਦਾ ਜਵਾਬ ਹੈ ਕਿ ਸੀਤਾ ਜੀ ਨੂੰ ਛਡਵਾਉਣ ਲਈ ਯੁੱਧ ਸ਼ੁਰੂ ਹੋਇਆ। ਕਈ ਚਿਰ ਲੜਾਈ ਚਲਦੀ ਰਹੀ। ਅਖੀਰ ਰਾਵਣ ਦੇ ਭਰਾ ਭਵੀਸ਼ਣ ਨੇ ਸ੍ਰੀ ਰਾਮ ਭਗਵਾਨ ਨੂੰ ਮੁਖਬਰੀ ਕੀਤੀ ਕਿ ਜੇ ਰਾਵਣ ਨੂੰ ਮਾਰਨਾ ਹੈ ਤਾਂ ਉਸ ਦੀ ਧੁੰਨੀ ਵਿਚ ਤੀਰ ਮਾਰੋ ਤਾਂ ਸ੍ਰੀ ਰਾਮ ਭਗਵਾਨ ਨੇ ਰਾਵਣ ਦੀ ਧੁੰਨੀ ਵਿਚ ਤੀਰ ਮਾਰਿਆ ਤਾਂ ਉਸ ਦੀ ਮੌਤ ਹੋ ਗਈ। ਇਸ ਤਰ੍ਹਾਂ ਚਾਨਣ ਦੀ ਬਾਤ ਦੇ ਪਾਠਕ ਵੇਖ ਸਕਦੇ ਹਨ ਕਿ ਸ੍ਰੀ ਸੱਗੂ ਜੀ ਹਾਸਿਲ-ਏ-ਸ਼ਿਅਰ ਵਿਚ ਖ਼ੂਬੀ-ਏ-ਤਲਮੀਹ ਬਾਖ਼ੂਬੀ ਪੇਸ਼ ਕਰਦੇ ਹਨ।

## ਰੰਗ-ਏ-ਤਸੱਵਫ਼

ਅਰਬੀ, ਫ਼ਾਰਸੀ ਦੇ ਵਿਦਵਾਨਾਂ ਨੇ ਗ਼ਜ਼ਲ ਦੇ ਤਿੰਨ ਰੰਗ ਪ੍ਰਮੁੱਖ ਰੂਪ ਵਿਚ ਮੰਨੇ ਹਨ। ਪਰ ਜਿਵੇਂ ਜਿਵੇਂ ਗ਼ਜ਼ਲ ਬੇ-ਉਸਤਾਦੇ ਸ਼ਾਇਰਾਂ ਵੱਲੋਂ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਹੈ ਤਿਵੇਂ ਤਿਵੇਂ ਗ਼ਜ਼ਲ ਦੇ ਬਿਆਨ ਵਿਚ ਗਿਰਾਵਟ ਆਈ ਹੈ। ਜੇ ਪੰਜਾਬੀ ਗ਼ਜ਼ਲ ਦੀ ਹੋਰ ਵੀ ਗੱਲ ਕੀਤੀ ਜਾਵੇ ਤਾਂ ਅੱਜ ਪੰਜਾਬੀ ਗ਼ਜ਼ਲ ਵਿਚ ਪਹਿਲੂ-ਏ-ਜ਼ਮ ਭਾਵ ਅਸ਼ਲੀਲਤਾ ਦਾ ਪੱਖ ਵੀ ਆਮ ਫ਼ਹਿਮ ਹੈ। ਇਹ ਹਵਾਲਾ ਇਸ ਕਰਕੇ ਦਿੱਤਾ ਹੈ ਕਿ ਸ੍ਰੀ ਭੂਪਿੰਦਰ ਸਿੰਘ ਸੱਗੂ ਜੀ ਗ਼ਜ਼ਲ ਪ੍ਰਤੀ ਬੌਹਤ ਗੰਭੀਰ ਹਨ। ਉਹ ਹਰ ਕੋਸ਼ਿਸ਼ ਕਰਦੇ ਹਨ ਕਿ ਬਾ-ਅਰੂਜ਼ ਤੁਰਿਆ ਜਾਵੇ। ਇਸ ਤੋਂ ਪਹਿਲਾਂ ਵੀ ਆਪਾਂ ਸ੍ਰੀ ਸੱਗੂ ਜੀ ਦਾ ਅੰਦਾਜ਼-ਏ-ਬਿਆਂ ਬਾਰੇ-ਲੰਮੀ ਚੌੜੀ-ਤਫ਼ਸੀਲ ਨਾਲ ਪੜ੍ਹ ਆਏ ਹਾਂ। ਹੁਣ ਆਪਾਂ ਸ੍ਰੀ ਸੱਗੂ ਜੀ ਦੇ ਚੰਦ ਅਸ਼ਆਰ 'ਤੇ

ਤਬਾਅ-ਅਜ਼ਮਾਈ ਕਰਾਂਗੇ।

ਸ੍ਰੀ ਸੱਗੂ ਜੀ ਦਾ ਹਾਸਿਲ-ਏ-ਮਜਮੂਅ-ਏ-ਗ਼ਜ਼ਲ ਵਿਚ ਰੰਗ-ਏ-ਤਸੱਵਫ਼ ਦੀਆਂ ਗ਼ਜ਼ਲਾਂ ਮਿਲਦੀਆਂ ਹਨ।

ਸ੍ਰੀ ਸੱਗੂ ਜੀ ਦਾ ਪਹਿਲਾ ਸ਼ਿਅਰ ਹੈ :

ਜੇ ਤੂੰ ਰਬ ਪਾਉਣੈ ਤਾਂ ਇੱਕ ਦਾ ਹੋ ਕੇ ਰਹਿ।
ਐਵੇ ਦਰ ਦਰ ਉੱਤੇ ਸੀਸ ਝੁਕਾਈ ਨਾ॥

ਹਾਸਿਲ-ਏ-ਗ਼ਜ਼ਲ-ਏ-ਮਿਸਰਾ-ਏ-ਅੱਵਲ ਵਿਚ "ਰੱਬ ਪਾਉਣੈ" ਅਲਫ਼ਾਜ਼ ਆਏ ਹਨ ਜੋ ਰੰਗ-ਏ-ਤਸੱਵਫ਼ ਦੇ ਲਖਾਇਕ ਹਨ। ਬੌਹਤ ਸਾਰੇ ਮਹਾਂਪੁਰਸ਼ ਸੰਤ ਮਹਾਤਮਾਂ ਦੁਨੀਆਂ ਤੇ ਆਏ ਸਾਰਿਆਂ ਨੇ ਉਸ ਰੱਬ ਬਾਰੇ ਅਪਣੇ ਅਪਣੇ ਤਰੀਕੇ ਨਾਲ ਦੱਸਿਆ। ਸਾਰਿਆਂ ਦਾ ਮੁੱਖ ਮਕਸਦ ਰੱਬ ਦੀ ਬੰਦਗੀ ਕਰਨਾ ਸੀ ਅਤੇ ਅੱਜ ਵੀ ਸਾਰੇ ਧਰਮ ਉਸ ਰੱਬ ਨੂੰ ਹੀ ਸਭ ਦਾ ਮਾਲਕ ਦਸਦੇ ਹਨ। ਸ੍ਰੀ ਸੱਗੂ ਜੀ ਨੇ "ਇੱਕ ਦਾ ਹੋ ਕੇ ਰਹਿ" ਅਲਫ਼ਾਜ਼ ਵੀ ਵਰਤੇ ਹਨ ਜਿਸ ਦਾ ਮਤਲਬ ਹੈ ਕੋਈ ਜਿਸ ਵੀ ਧਰਮ ਨੂੰ ਮੰਨਦਾ ਹੈ ਉਸ ਨੂੰ ਵਫ਼ਾਦਾਰੀ ਨਾਲ ਮੰਨਿਆ ਜਾਵੇ। ਸ੍ਰੀ ਸੱਗੂ ਜੀ ਨੇ ਮਿਸਰਾ-ਏ-ਸਾਨੀ ਵਿਚ ਦਰ-ਦਰ 'ਤੇ ਵੀ ਸਿਰ ਨਾ ਝਕਾਉਣ' ਦੀ ਪਾਬੰਦੀ ਆਇਦ ਕਰ ਦਿੱਤੀ ਹੈ। ਮੋਟੇ ਰੂਪ ਵਿਚ ਵੇਖਿਆ ਜਾਵੇ ਤਾਂ ਮੁਹਤਰਿਮ ਸੱਗੂ ਜੀ ਦਾ ਹਾਸਿਲ-ਏ-ਸ਼ਿਅਰ ਰੰਗ-ਏ-ਤਸੱਵਫ਼ ਵਿਚ ਹੈ।

ਸ੍ਰੀ ਸੱਗੂ ਜੀ ਦੀ ਇੱਕ ਹੋਰ ਗ਼ਜ਼ਲ ਦਾ ਮਕਤਅ ਹੈ :

ਜ਼ੱਰੇ-ਜ਼ੱਰੇ ਦੇ ਵਿਚ ਰੱਬ ਹੈ।
"ਸੱਗੂ ਅੱਖ ਉਠਾ ਕੇ ਵੇਖੋ॥

ਇਸ ਸ਼ਿਅਰ ਵਿਚ ਸ੍ਰੀ ਸੱਗੂ ਜੀ ਨੇ ਰੱਬ ਦੀ ਵਿਆਪਕਤਾ ਦੀ ਗੱਲ ਕੀਤੀ ਹੈ। ਮਿਸਰਾ-ਏ-ਅੱਵਲ ਵਿਚ "ਜ਼ੱਰਾ-ਜ਼ੱਰਾ"ਸ਼ਬਦ ਆਏ ਹਨ ਜਿਸ ਦਾ ਮਤਲਬ "ਕਣ-ਕਣ"ਹੈ। ਏਥੇ ਖ਼ਾਸ ਤੌਰ 'ਤੇ ਨੋਟ ਕਰਨ ਵਾਲੀ ਗੱਲ ਹੈ ਕਿ ਜ਼ਰਰਾ ਲਫ਼ਜ਼ ਅਰਬੀ ਫ਼ਾਰਸੀ ਦਾ ਹੈ ਅਤੇ ਪੰਜਾਬੀ ਵਿਚ ਵੀ "ਜ਼ਰਾ" ਸ਼ਬਦ ਬੋਲਿਆ ਜਾਂਦਾ ਹੈ ਜਿਸ ਦਾ ਮਤਲਬ ਬੌਹਤ ਥੋੜਾ ਸਮਾਂ ਹੁੰਦਾ ਹੈ। ਜਿਵੇਂ ਆਪਾਂ ਕਹਿ ਦਿੰਦੇ ਹਾਂ ਕਿ ਜ਼ਰਾ ਠਹਿਰ ਮੈਂ ਹੁਣੇ ਆਇਆ। ਇਸ ਚਰਚਾ ਦਾ ਮਤਲਬ ਕਿ "ਕਣ" ਅਤੇ "ਜ਼ਰਾ"(ਸਮਾਂ) ਦੋਵਾਂ ਦਾ ਨਿਭਾਅ ਅਪਣਾ ਅਪਣਾ ਹੁੰਦਾ ਹੈ। ਸ੍ਰੀ ਸੱਗੂ ਜੀ, ਮਿਸਰਾ-ਏ-ਸਾਨੀ ਵਿਚ "ਅੱਖ ਉਠਾਉਣਾ" ਅਲਫ਼ਾਜ਼ ਵੀ ਵਰਤਦੇ ਹਨ ਜਿਸ ਦਾ ਮਤਲਬ ਹੈ ਅੰਦਰਲੀਆਂ ਅੱਖਾਂ ਭਾਵ ਗਿਆਨ ਦੀਆਂ ਅੱਖਾਂ...। ਆਪਾਂ ਸਾਰੇ ਜਾਣਦੇ ਹਾਂ ਕਿ ਸਾਡੇ ਸਰੀਰ ਦੇ ਬਾਕੀ ਅੰਗਾਂ ਵਾਂਗ "ਅੱਖਾਂ" ਦੀ ਬੜੀ ਅਹਿਮੀਅਤ ਹੁੰਦੀ ਹੈ। ਸਰੀਰ ਦੀਆਂ ਅੱਖਾਂ ਬਾਹਰ ਆਉਣ ਜਾਣ ਵਿਚ

ਸਹਾਈ ਹੁੰਦੀਆਂ ਹਨ ਅਤੇ ਅੰਦਰਲੀਆਂ ਅੱਖਾਂ ਦਾ ਸਬੰਧ ਆਤਮਿਕ ਗਿਆਨ ਨਾਲ ਹੁੰਦਾ ਹੈ। ਰੰਗ–ਏ–ਤਸੱਵਫ਼ ਦਾ ਸਬੰਧ ਅੰਦਰਲੀਆਂ ਅੱਖਾਂ ਨਾਲ ਹੁੰਦਾ ਹੈ। ਵੈਸੇ ਤਾਂ ਗ਼ਜ਼ਲ ਦੇ ਤਿੰਨੇ ਰੰਗ ਆਤਮ ਸਮਰਪਣ ਦੇ ਹੀ ਰੰਗ ਹਨ। ਜਿਵੇਂ ਸਾਕੀ ਤੋਂ ਸ਼ਰਾਬ ਦੀ ਲੋੜ ਹੈ ਭਾਵ ਕਿ ਮੰਗਤੇ ਬਣ ਜਾਣਾ...। ਇਸ ਰੰਗ ਨੂੰ ਰੰਗ–ਏ–ਰਿੰਦਾਨਾ ਆਖਿਆ ਜਾਂਦਾ ਹੈ। ਖ਼ੈਰ ਗ਼ਜ਼ਲ ਜ਼ੁਬਾਨ ਨੂੰ ਸਮਝਣਾ ਬੌਹਤ ਔਖਾ ਹੈ।

ਰੰਗ–ਏ–ਤਗ਼ਜ਼ਲ ਬਾਰੇ ਮੁਹਤਰਿਮ ਉਸਤਾਦ ਦੀਪਕ ਜੈਤੋਈ ਸਾਹਿਬ ਦੀ ਕਿਤਾਬ "ਗ਼ਜ਼ਲ ਕੀ ਹੈ?"ਵਿਚ ਪੜ੍ਹਿਆ ਜਾ ਸਕਦਾ ਹੈ।

ਉਪਰੋਕਤ ਸਾਰੀ ਚਰਚਾ ਦਾ ਮਤਲਬ ਹੈ ਕਿ ਸੱਗੂ ਜੀ ਦਾ ਇਹ ਸ਼ਿਅਰ ਰੰਗ–ਏ–ਤਸੱਵਫ਼ ਨਾਲ ਭਰਪੂਰ ਹੈ।

ਸੀ ਸੱਗੂ ਜੀ ਦੀ ਹਾਸਿਲ–ਏ–ਗ਼ਜ਼ਲ ਦਾ ਸ਼ਿਅਰ ਹੈ :

ਯਾਰ ਤੇ ਰੱਬ ਵਿਚ ਫਰਕ ਨਾ ਕੋਈ।
ਯਾਰ ਦਾ ਨਾਮ ਧਿਆ ਕੇ ਵੇਖੋ॥

ਸ੍ਰੀ ਸੱਗੂ ਜੀ ਹਾਸਿਲ–ਏ–ਸ਼ਿਅਰ ਦੇ ਮਿਸਰੇ ਅੱਵਲ ਵਿਚ "ਯਾਰ" ਅਤੇ "ਰੱਬ" ਵਿਚ ਬਰਾਬਰਤਾ ਦਾ ਐਲਾਨ ਕੀਤਾ ਹੈ। ਏਥੇ ਯਾਰ ਨੂੰ ਮਹਾਨਤਾ ਦਿੱਤੀ ਗਈ ਹੈ। ਇਸ ਸ਼ਿਅਰ ਦਾ ਮੁੱਖ ਮਕਸਦ ਹੈ ਜਿਵੇਂ ਲੋਕਾਂ ਦਾ ਰੱਬ 'ਤੇ ਬੌਹਤ ਵਿਸ਼ਵਾਸ ਹੁੰਦਾ ਹੈ ਇਸ ਤਰ੍ਹਾਂ ਹੀ ਯਾਰ ਵਾਸਤੇ ਯਾਰ ਰੱਬ ਹੁੰਦਾ ਹੈ। ਯਾਰ ਹਰ ਦੁੱਖ ਸੁੱਖ ਵਿਚ ਡਰ ਕੇ ਸਾਥ ਦਿੰਦੇ ਹਨ। ਮੁਆਫ਼ ਕਰਨਾ!! ਅੱਜ ਯਾਰੀ ਸਿਰਫ ਵਿਖਾਵਾ ਹੈ। ਉਪਰੋਕਤ ਸ਼ਿਅਰ ਵਿਚ ਸ੍ਰੀ ਸੱਗੂ ਜੀ ਯਾਰ ਨੂੰ ਰੱਬ ਦੇ ਬਰਾਬਰ ਬਿਆਨਦੇ ਹਨ। ਏਥੇ ਵੀ ਖ਼ੂਬੀ–ਏ–ਤਸਵੁੱਫ਼ ਨਜ਼ਰ–ਏ–ਨਸ਼ੀਨ ਹੁੰਦੀ ਹੈ।

ਅਖੀਰ ਵਿਚ ਮੈਂ ਏਨਾਂ ਹੀ ਆਖ ਸਕਦਾ ਹਾਂ ਕਿ ਮੁਹਤਰਿਮ ਭੁਪਿੰਦਰ ਸਿੰਘ ਸੱਗੂ ਜੀ ਬਾ–ਅਰੂਜ਼ ਤੁਰਦੇ ਹਨ। ਉਨ੍ਹਾਂ ਅੰਦਰ ਗ਼ਜ਼ਲ ਪ੍ਰਤੀ ਪੂਰੀ ਪੂਰੀ ਖਿੱਚ ਹੈ। ਮੈਂ ਅਖੀਰ ਵਿਚ ਉਸਤਾਦ ਜਨਾਬ ਨਿਰੰਜਨ ਸਿੰਘ ਨੂਰ ਨੂੰ ਦਿਲੋਂ ਯਾਦ ਕਰਦਾ ਹਾਂ ਅਤੇ ਧੰਨਵਾਦ ਕਰਦਾ ਹਾਂ ਕਿ ਉਹ ਬਾ–ਅਰੂਜ਼ ਸਿੱਖਿਆ ਦਿੰਦੇ ਰਹੇ। ਇਹ ਉਨ੍ਹਾਂ ਦੀ ਮਿਹਨਤ ਦੀ ਹੀ ਬਰਕਤ ਹੈ ਕਿ ਸ੍ਰੀ ਭੁਪਿੰਦਰ ਸਿੰਘ ਸੱਗੂ ਜੀ ਅੱਜ ਬਾ–ਅਰੂਜ਼ ਗ਼ਜ਼ਲਾਂ ਲਿਖਦੇ ਹਨ। ਮੈਂ ਵੀ ਇਹੋ ਚਾਹੁੰਦਾ ਹਾਂ ਕਿ ਸ੍ਰੀ ਸੱਗੂ ਜੀ ਸਦਾ ਚੜ੍ਹਦੀ ਕਲਾ ਵਿਚ ਰਹਿਣ ਅਤੇ ਬਾ–ਅਰੂਜ਼ ਚਲਦੇ ਰਹਿਣ। ਆਮੀਨ!!

•••••

# .ਗਜ਼ਲ ਸੰਗ੍ਰਹਿ 'ਮਸਾਲ'- ਇਕ ਅਧਿਐਨ

**ਡਾ. ਕੁਲਵਿੰਦਰ ਕੌਰ ਮਿਨਹਾਸ**

'ਮਸ਼ਾਲ' ਭੂਪਿੰਦਰ ਸਿੰਘ ਸੱਗੂ ਦਾ ਤੀਸਰਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦੇ ਪੰਜ ਕਾਵਿ ਸੰਗ੍ਰਹਿ ਰਿਸ਼ਤਿਆਂ ਦਾ ਜੰਗਲ (1989), ਸੱਚ ਤੇ ਸੂਲੀ (1993), ਸਿਮਟੇ ਹੋਏ ਪਲ (1998), ਫੁੱਲ ਬਣੇ ਅੰਗਿਆਰ (2006) ਤੇ ਉਸਨੇ ਕਿਹਾ (2010) ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ਨਿਰੰਜਨ ਸਿੰਘ ਨੂਰ ਦੇ 'ਸਿਮਰਤੀ ਗ੍ਰੰਥ' ਦੀ ਸੰਪਾਦਨਾ ਵੀ ਸੱਗੂ 2009 ਵਿਚ ਕਰ ਚੁੱਕਾ ਹੈ। ਹੱਥਲੀ ਪੁਸਤਕ ਵਿਚ ਕੁਲ 83 ਗ਼ਜ਼ਲਾਂ ਹਨ। ਇਸ ਗ਼ਜ਼ਲ ਸੰਗ੍ਰਹਿ ਦੇ ਅਧਿਐਨ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਾਇਰ ਕੋਲ ਸ਼ਬਦ ਭੰਡਾਰ ਵੀ ਹੈ, ਰਿਦਮ ਤੇ ਖਿਆਲ ਦੀ ਉਡਾਰੀ ਵੀ ਕਾਫੀਆ, ਰਦੀਫ਼ ਤੇ ਗ਼ਜ਼ਲ ਦੇ ਰੂਪ ਵਿਧਾਨ ਦੀ ਉਸ ਨੂੰ ਸਮਝ ਹੈ। ਚੰਗੀ ਗ਼ਜ਼ਲ ਲਿਖਣ ਵਿਚ ਉਹ ਸਮਰੱਥ ਹੈ।

ਮੈਂ ਇਸ ਪੁਸਤਕ ਨੂੰ ਬੜੀ ਨੀਝ ਨਾਲ ਪੜ੍ਹਿਆ ਹੈ। ਸ਼ਾਇਰ ਆਰੋਗ ਵਿਚਾਰਧਾਰਾ ਦਾ ਪੁਜਾਰੀ ਤੇ ਸਮਰਥਕ ਹੈ। ਉਹ ਗ਼ਜ਼ਲ ਦੇ ਸ਼ਿਲਪ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਉਹ ਗ਼ਜ਼ਲਾਂ ਵਿਚ ਪ੍ਰਤੀਕਾਂ ਦੀ ਢੁਕਵੀਂ ਵਰਤੋਂ ਕਰਦਾ ਹੈ। ਉਹ ਦਿਖਾਵੇ ਤੇ ਕਲਾਬਾਜ਼ੀ ਨੂੰ ਪ੍ਰਵਾਨ ਨਹੀਂ ਕਰਦਾ। ਉਹ ਕਿਸੇ ਪ੍ਰਕਾਰ ਦੀ ਭਾਸ਼ਾ ਦਾ ਜਾਲ ਨਹੀਂ ਵਿਛਾਉਂਦਾ, ਜੋ ਦਿਲੋਂ ਮਹਿਸੂਸ ਕਰਦਾ ਹੈ, ਉਸਨੂੰ ਸੁਹਿਰਦਤਾ ਤੇ ਸੰਵੇਦਨਾ ਨਾਲ ਬਿਆਨ ਕਰਦਾ ਹੈ।

ਸ਼ਾਇਰ ਮਨੁੱਖਤਾ ਦਾ ਹਿਤੈਸ਼ੀ ਹੈ। ਉਹ ਪ੍ਰੇਮ ਤੇ ਸੱਚ ਦੇ ਮਾਰਗ ਦਾ ਪਾਂਧੀ ਹੈ। ਸਮਾਜ ਅੰਦਰ ਫੈਲ ਚੁੱਕੇ ਭ੍ਰਿਸ਼ਟਾਚਾਰ ਨੂੰ ਦੂਰ ਕਰਨ ਦਾ ਚਾਹਵਾਨ ਹੈ। ਸੱਚਾ ਅਤੇ ਈਮਾਨਦਾਰ ਇਨਸਾਨ ਹੋਣ ਕਰਕੇ ਉਹ ਦੂਜਿਆਂ ਵਿਚ ਵੀ ਸੱਚਾਈ, ਪ੍ਰੇਮ ਤੇ ਈਮਾਨਦਾਰੀ ਲੱਭਦਾ ਹੈ। ਪਰ ਉਸਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਉਹ ਸ਼ੇਅਰ ਕਹਿੰਦਾ ਨਹੀਂ ਸਗੋਂ ਇੰਝ ਲੱਗਦਾ ਹੈ ਕਿ ਸ਼ੇਅਰ ਝਰਨੇ ਵਾਂਗ ਉਸਦੇ ਅੰਦਰੋਂ ਫੁੱਟਦੇ ਹਨ ਅਤੇ ਸੁਣਨ ਤੇ ਪੜ੍ਹਨ ਵਾਲੇ ਦੇ ਹਿਰਦੇ ਵਿਚ ਉਤਰ ਜਾਂਦੇ ਹਨ। ਉਸਦੀ ਸ਼ਾਇਰੀ ਸਮਾਜਿਕ, ਸਭਿਆਚਾਰਕ, ਇਤਿਹਾਸਕ ਅਤੇ ਧਾਰਮਿਕ ਖੇਤਰ

ਵਿਚ ਆ ਚੁੱਕੀ ਗਿਰਾਵਟ ਦੀ ਗੱਲ ਕਰਦੀ ਹੈ। ਉਹ ਨਸਲਵਾਦੀ ਗਤੀਵਿਧੀਆਂ, ਹੰਕਾਰ ਅਤੇ ਬੇਇਨਸਾਫੀ ਵਿਰੁਧ ਵੀ ਲਿਖਦਾ ਹੈ। ਨਸਲਵਾਦ ਬਾਰੇ ਉਸਦਾ ਲਿਖਿਆ ਸ਼ੇਅਰ ਪੜ੍ਹੋ :-

ਨਸਲਵਾਦ ਦਾ ਸੱਪ ਨਿਰਾਲਾ ਡੰਗਦਾ ਹੈ
ਹੱਡ ਚਬਾ ਕੇ ਮਾਸ ਦਿਲਾਂ ਦਾ ਮੰਗਦਾ ਹੈ।

..............................

ਰੋਟੀ ਕੱਪੜੇ ਨਾਲ ਉਹ ਬੰਬ ਵੀ ਭੇਟ ਕਰੇ,
"ਅਮਨ ਪੁਜਾਰੀ" ਦੇਖੋ ਕਿਹੜੇ ਰੰਗ ਦਾ ਹੈ।

ਪੰਨਾ ਨੰ. 35

ਸੱਗੂ ਨੂੰ ਖੁਰਦੇ ਜਾ ਰਹੇ ਪੰਜਾਬ ਦਾ ਝੋਰਾ ਵੀ ਅੰਦਰੋ ਅੰਦਰ ਖਾਈ ਜਾ ਰਿਹਾ ਹੈ। ਇਸ ਲਈ ਉਹ ਲਿਖਦਾ ਹੈ :-

ਸੱਚ ਹੈ ਕਿ ਪੰਜਾਬ ਖੁਰਦਾ ਜਾ ਰਿਹਾ,
ਇਹ ਸਮੇਂ ਦੇ ਹੱਥੀਂ ਭੁਰਦਾ ਜਾ ਰਿਹਾ। ਪੰਨਾ ਨੰ. 40

ਨਸ਼ਿਆਂ ਨੇ ਕਿਵੇਂ ਨੌਜਵਾਨ ਪੀੜ੍ਹੀ ਨੂੰ ਅੰਦਰੋਂ ਅੰਦਰੀਂ ਖੋਖਲਾ ਕਰ ਦਿੱਤਾ ਹੈ, ਇਸ ਬਾਰੇ ਸ਼ਾਇਰ ਬਾਖੂਬੀ ਲਿਖਦਾ ਹੈ :

ਭੰਗ, ਅਫ਼ੀਮ, ਚਰਸ ਦਾ ਨਸ਼ਾ ਹੈ ਮਾਰ ਗਿਆ, .
ਖਾ ਗਿਆ ਘਰ ਇਹ, ਖਾ ਗਿਆ ਅਲੜ੍ਹ ਜਵਾਨੀ ਨੂੰ।

ਪਸ਼ੂ, ਪੰਛੀ ਇਕ ਦੂਜੇ ਉਪਰ ਜੁਲਮ ਨਹੀਂ ਕਰਦੇ। ਬੰਦਾ ਜੋ ਰੱਬ ਦੀ ਸਰਬੋਤਮ ਰਚਨਾ ਹੈ, ਉਹ ਬੰਦੇ ਉਪਰ ਹੀ ਜੁਲਮ ਕਰਨ ਸਮੇਂ ਰੱਬ ਕੋਲੋਂ ਡਰਦਾ ਨਹੀਂ। ਬੰਦੇ ਦਾ ਬੰਦੇ ਉਪਰ ਜੁਲਮ ਤੇ ਬੇਇਨਸਾਫੀ ਦੀ ਗੱਲ ਕਰਦਾ ਸ਼ਾਇਰ ਕਹਿੰਦਾ ਹੈ :-

ਕੁਝ ਬੰਦੇ ਹਨ ਮਾਸ ਨੋਚਦੇ ਬੰਦੇ ਦਾ,
ਛਵੀਆਂ ਨਾਲ ਸਿਰਾਂ ਨੂੰ ਟੁੱਕਦੇ ਦੇਖੇ ਮੈਂ।
ਗੁਨਾਹਗਾਰ ਫਿਰਦੇ ਨੇ ਖੁੱਲ੍ਹੇ ਅਕਸਰ ਹੀ,
ਬਿਨਾਂ ਗੁਨਾਹ ਤੋ ਜੇਲ੍ਹੀ ਠੁੱਕਦੇ ਦੇਖੇ ਮੈ।

ਪੰਨਾ ਨੰ. 81

ਉਹ ਲੀਡਰਾਂ ਨੂੰ ਵੀ ਨਹੀਂ ਬਖਸ਼ਦਾ ਜੋ ਮਜ਼ਹਬ ਦੇ ਨਾਮ ਉੱਤੇ ਦੰਗੇ ਫਸਾਦ ਕਰਵਾਉਂਦੇ ਹਨ, ਸ਼ਾਂਤੀ ਵਾਲੇ ਮਾਹੌਲ ਨੂੰ ਵਿਗਾੜਦੇ ਹਨ, ਆਪਣੀਆਂ ਰੋਟੀਆਂ ਸੇਕਦੇ ਹਨ ਤੇ ਖੁਸ਼ੀਆਂ ਮਨਾਉਂਦੇ ਹਨ :-

ਆਪਸ ਵਿਚ ਅਵਾਮ ਲੜਾਣਾ ਠੀਕ ਨਹੀਂ,

ਮਜ਼੍ਹਬਾਂ ਦੀ ਖਾਤਰ ਭੜਕਾਣਾ ਠੀਕ ਨਹੀਂ।
ਮੇਰਾ ਘਰ ਫੂਕਣ ਤੋਂ ਪਹਿਲਾਂ ਸੋਚ ਲਵੀ
ਸਾੜ ਕੇ ਝੁੱਗੇ ਜਸ਼ਨ ਮਨਾਣਾ ਠੀਕ ਨਹੀਂ।

ਪੰਨਾ ਨੰ. 99

ਵੋਟਾਂ ਬਟੋਰਨ ਲਈ ਲੀਡਰ ਜੋ ਕਰਦੇ ਹਨ ਅਤੇ ਔਰਤ ਜਾਤ ਦਾ ਕਿਵੇਂ ਸੋਸ਼ਣ ਕਰਦੇ ਹਨ, ਇਸ ਉਪਰ ਲਿਖਣ ਤੋਂ ਵੀ ਸੱਗੂ ਗੁਰੇਜ਼ ਨਹੀ ਕਰਦਾ :-

ਵੋਟਾਂ ਵੇਲੇ ਮਿਲਣ ਅਫੀਮਾਂ ਨਾਲੇ ਰੱਜ ਸ਼ਰਾਬਾਂ
ਮੇਰੇ ਦੇਸ਼ ਦੇ ਬੌਣੇ ਲੀਡਰ ਖੇਡਣ ਖੇਡ ਨਿਆਰੀ।
ਰਾਤ ਸਮੇਂ ਨਿਤ ਦਾਰੂ ਪੀ ਕੇ ਨਾਚ ਨਚਾਵਣ ਨੇਤਾ,
ਸ਼ੋਸਣ ਔਰਤ ਜ਼ਾਤ ਦਾ ਕਰਦੇ ਜਿਸਮਾਂ ਦੇ ਵਿਓਪਾਰੀ।

ਪੰਨਾ ਨੰ. 87

ਵਰਤਮਾਨ ਸਮੇਂ ਵਿਚ ਬਹੁਤ ਸਾਰੇ ਅਖੌਤੀ ਸਾਧ, ਸੰਤ ਇਸ ਪ੍ਰਕਾਰ ਦੇ ਹਨ ਜਿਨ੍ਹਾਂ ਉੱਤੇ ਕਈ ਦਰਜਨਾਂ ਕੇਸ ਕਚਿਹਰੀਆਂ ਵਿਚ ਚੱਲ ਰਹੇ ਹਨ, ਪਰ ਉਨ੍ਹਾਂ ਨੂੰ ਕੋਈ ਸ਼ਰਮ ਹਯਾ ਨਹੀਂ। ਸ਼ਾਇਰ ਅਜਿਹੇ ਸਾਧਾਂ ਬਾਰੇ ਲਿਖਦਾ ਹੈ :-

ਰੇਪ ਕਤਲ ਦੇ ਕੇਸ ਵਿਚ ਫਸ ਜਾਵੇ ਜੋ ਜੇਲ੍ਹ ਵਿਚ,
ਉਹ ਸੰਤ, ਫ਼ਕੀਰ, ਸਾਈਂ ਜਾਂ ਭਗਵਾਨ ਨਹੀਂ ਹੁੰਦਾ।

ਪੰਨਾ ਨੰ. 74

ਉਹ ਪੁਜਾਰੀਆਂ ਉਪਰ ਕਟਾਖ ਕਰਦਾ ਕਹਿੰਦਾ ਹੈ :-

ਟੱਲੀਆਂ, ਸੰਖ, ਅਜ਼ਾਨ ਵਜਾ ਕੇ ਸੁੱਤੇ ਰਹਿਣ ਪੁਜਾਰੀ।
ਨਿੱਤ ਚੜ੍ਹਾਵਾਂ ਨਿਗਲ ਨਿਗਲ ਕੇ ਮੱਤ ਇਨ੍ਹਾਂ ਦੀ ਮਾਰੀ।

ਪੰਨਾ ਨੰ. 87

ਭੂਪਿੰਦਰ ਸਿੰਘ ਸੱਗੂ ਨੂੰ ਉਨ੍ਹਾਂ ਲੋਕਾਂ ਉਪਰ ਕੋਈ ਵਿਸ਼ਵਾਸ਼ ਨਹੀਂ ਜਿਹੜੇ ਬੰਦੇ ਨੂੰ ਕਦੇ ਹੀਰੋ ਬਣਾ ਦਿੰਦੇ ਹਨ ਤੇ ਕਦੇ ਹੀਰੋ ਤੋ ਜ਼ੀਰੋ ਬਣਾ ਦਿੰਦੇ ਹਨ :-

ਕਦੇ ਜ਼ੀਰੋ ਕਦੇ ਹੀਰੋ ਬਣਾ ਦਿੰਦੇ ਨੇ ਇਹ ਲੋਕੀਂ
ਤੇ ਹੀਰੋ ਨੂੰ ਵੀ ਮਿੱਟੀ ਵਿਚ ਮਿਲਾ ਦਿੰਦੇ ਨੇ ਇਹ ਲੋਕੀਂ।

ਪੰਨਾ ਨੰ. 60

ਸ਼ਾਇਰ ਭ੍ਰਿਸ਼ਟਾਚਾਰ ਨੂੰ ਦਿਲੋਂ ਘ੍ਰਿਣਾ ਕਰਦਾ ਹੈ। ਦੁਨੀਆਂ ਅੰਦਰ ਮੈਂ ਮੇਰੀ ਭਾਵ ਸਵਾਰਥ ਦੀ ਭਾਵਨਾ ਇਸ ਹੱਦ ਤੀਕਰ ਲੋਕਾਂ ਅੰਦਰ ਘਰ ਕਰ ਚੁੱਕੀ ਹੈ ਕਿ ਮੋਹ, ਪਿਆਰ ਤੇ ਦੋਸਤੀ ਖਤਮ ਹੋ ਚੁੱਕੀ ਹੈ। ਸੱਗੂ ਨੂੰ ਇਹ ਜ਼ਿੰਦਗੀ ਇਕ ਝੁਮੇਲੇ ਦੀ ਤਰ੍ਹਾਂ ਲੱਗਦੀ ਹੈ :

ਨਾ ਇਹ ਖੁਸ਼ੀਆਂ ਵਾਂਗ ਹੈ ਤੇ ਨਾ ਹੀ ਮੇਲੇ ਦੀ ਤਰ੍ਹਾਂ,
ਜ਼ਿੰਦਗੀ ਹੈ ਬਣ ਗਈ ਹੁਣ ਇਕ ਝਮੇਲੇ ਦੀ ਤਰ੍ਹਾਂ।
ਖ਼ੌਰੇ ਕਿਸ ਦੀ ਬਦ-ਦੁਆ ਦਾ ਇਹ ਅਸਰ ਹੈ ਦੋਸਤੋ,
ਯਾਰ ਵੀ ਮਿਲਦਾ ਹੈ ਮੈਨੂੰ ਹੁਣ ਗੁਲੇਲੇ ਦੀ ਤਰ੍ਹਾਂ।

ਭੂਪਿੰਦਰ ਸਿੰਘ ਸੱਗੂ ਅਜੋਕੇ ਸਮਾਜ ਦੀ ਸਹੀ ਤਸਵੀਰ ਪੇਸ਼ ਕਰਦਾ ਹੈ, ਸਮੇਂ ਦੇ ਘੋਰ ਯਥਾਰਥ ਨੂੰ ਬਿਨਾਂ ਕਿਸੇ ਅਡੰਬਰ ਦੇ ਪੇਸ਼ ਕਰਦਾ ਹੈ। ਉਹ ਸਮਾਜ ਦੀ ਰਗ ਰਗ ਤੋਂ ਜਾਣੂ ਹੈ। ਉਸਨੂੰ ਬੰਦਾ ਕਾਮ, ਕ੍ਰੋਧ ਲੋਭ, ਮੋਹ ਹੰਕਾਰ ਵਿਚ ਫਸਿਆ ਦਿਖਾਈ ਦਿੰਦਾ ਹੈ, ਪਰੰਤੂ ਫੇਰ ਵੀ ਉਹ ਆਸ ਦਾ ਪੱਲਾ ਨਹੀਂ ਛੱਡਦਾ। ਉਸਦੇ ਬਹੁਤ ਸਾਰੇ ਸ਼ੇਅਰ 'ਰਾਹ-ਦਸੇਰੇ' ਦਾ ਕੰਮ ਕਰਦੇ ਹਨ। ਹੇਠ ਲਿਖੇ ਸ਼ੇਅਰ ਵਿਚ ਸੱਗੂ ਬਹੁਤ ਵੱਡੀ ਗੱਲ ਕਹਿ ਗਿਆ ਹੈ :-

ਰਾਹਾਂ ਵਿਚ ਘੁੱਪ ਹਨੇਰਾ ਹੈ, ਫੜ ਹੱਥ ਦੇ ਵਿਚ ਮਸ਼ਾਲ "ਸੱਗੂ"
ਵੰਗਾਰ ਰਹੀ ਤੇਰੀ ਰੂਹ ਤੈਨੂੰ, ਮੰਜ਼ਿਲ ਦੀ ਕਰ ਭਾਲ "ਸੱਗੂ"

ਪੰਨਾ ਨੰ. 37

'ਸੱਚ ਤੇ ਈਮਾਨਦਾਰੀ' ਨੂੰ ਪ੍ਰੇਮ ਕਰਨ ਵਾਲਾ ਸੱਗੂ ਬੰਦੇ ਨੂੰ ਸੱਚ ਦੇ ਮਾਰਗ ਦਾ ਪਾਂਧੀ ਬਣਨ ਲਈ ਪ੍ਰੇਰਦਾ ਹੈ, ਚਾਹੇ ਇਸ ਲਈ ਆਪਣੀ ਕੁਰਬਾਨੀ ਹੀ ਕਿਉਂ ਨਾ ਦੇਣੀ ਪਵੇ :

ਕਿਉਂ ਪੈਰ ਪਿਛਾਂਹ ਨੂੰ ਖਿੱਚਦਾ ਹੈ ਤੂੰ ਸੱਚ ਦਾ ਪਾਂਧੀ ਬਣ ਮਿੱਤਰਾ,
ਸਿਰ ਤੈਨੂੰ ਦੇਣਾ ਪੈ ਜਾਵੇ ਤਾਂ ਖ਼ੁਦ ਨੂੰ ਕਰੀਂ ਹਲਾਲ "ਸੱਗੂ"

ਪੰਨਾ ਨੰ. 37

ਉਸਦੇ ਕੁਝ ਸ਼ੇਅਰ ਯਾਦ ਦਾ ਭਾਗ ਬਣ ਜਾਂਦੇ ਹਨ ਤੇ ਉਹ ਚੇਤੇ ਰੂਪੀ ਗੁੰਬਦ ਵਿਚ ਵਾਰ ਵਾਰ ਗੂੰਜ ਬਣਕੇ ਸੁਣਾਈ ਦਿੰਦੇ ਹਨ। ਹੇਠ ਲਿਖੇ ਸ਼ੇਅਰ ਪੜ੍ਹੋ:

ਯਾਰਾਂ ਦੀ ਕਿਉਂ ਗੱਲ ਕਰਦਾ ਤੂੰ,
ਖ਼ਾਰਾਂ ਦੀ ਕਿਉਂ ਗੱਲ ਕਰਦਾ ਤੂੰ।
ਜੇਕਰ ਚਾਹੁੰਦਾ ਤੰਦਰੁਸਤੀ ਤਾਂ
ਹਾਰਾਂ ਦੀ ਕਿਉਂ ਗੱਲ ਕਰਦਾ ਤੂੰ।

ਪੰਨਾ ਨੰ. 100

ਉਹਦੀ ਰਹਿਮਤ ਦਾ ਮੀਂਹ ਵਰ ਗਿਆ ਮੇਰੇ ਤੇ,
ਰੋਹੀ-ਰੱਕੜ ਸਾਂ ਖਿੜ ਫੁੱਲ ਲਾਲ ਹੋ ਗਿਆ।

ਪੰਨਾ ਨੰ. 103

ਮੈਂ ਮੁਸਕਰਾਉਂਦਾ ਰਹਿੰਨਾਂ ਆਫ਼ਤ ਜਦੋਂ ਵੀ ਆਵੇ,
ਮੁਸ਼ਕਿਲ ਜਦੋਂ ਵੀ ਆਵੇ ਮੈਂ ਹੱਸ ਕੇ ਟਾਲਦਾ ਹਾਂ।

ਪੰਨਾ ਨੰ. 95

ਸੁੱਕਣ ਕਦੇ ਨਾ ਦੇਵੀ, ਪੰਜਾਬੀਅਤ ਦਾ ਬੂਟਾ,
ਤੂੰ ਗਮਲਿਆਂ 'ਚ ਭਾਵੇ ਪੌਦੇ ਵੀ ਪਾਲ ਰੱਖੀ।

ਪੰਨਾ ਨੰ. 91

ਰੌਸ਼ਨੀਆਂ ਦਾ ਸ਼ਾਇਰ ਭੁਪਿੰਦਰ ਸਿੰਘ ਸੱਗੂ 'ਮਸ਼ਾਲ' ਗਜ਼ਲ ਸੰਗ੍ਰਹਿ ਲਿਖ ਕੇ ਸੱਚ ਦੀ ਰੌਸ਼ਨੀ ਬਿਖੇਰਦਾ ਹੈ। ਪੁਸਤਕ ਦਾ ਨਾਮ 'ਮਸ਼ਾਲ' ਬਹੁਤ ਹੀ ਭਾਵਪੂਰਤ ਤੇ ਟੁੰਬਵਾਂ ਹੈ। ਆਖਰੀ ਗ਼ਜ਼ਲ 'ਸੋਹਣੇ ਸੱਜਣਾ' ਵਿਚ ਸ਼ਾਇਰ ਕਹਿੰਦਾ ਹੈ ਕਿ ਜੋ ਲੋਕ ਔਕੜਾਂ ਤੇ ਕਠਿਨਾਈਆਂ ਦੀ ਪ੍ਰਵਾਹ ਨਾ ਕਰਦੇ ਹੋਏ ਇਕੱਠੇ ਹੋ ਕੇ ਹੱਥਾਂ ਵਿਚ ਮਸ਼ਾਲਾਂ ਲੈ ਕੇ ਆਪਣੀ ਮੰਜ਼ਿਲ ਵੱਲ ਤੁਰ ਪੈਂਦੇ ਹਨ, ਉਹ ਆਪਣੇ ਮਿਸ਼ਨ ਵਿਚ ਸਫਲ ਹੋ ਜਾਂਦੇ ਹਨ।

ਹੱਥੀ ਫੜ ਕੇ ਮਸ਼ਾਲਾਂ ਚੱਲੇ ਜੋ ਸੀ ਉਨ੍ਹਾਂ ਨਾਲ,
ਦੀਪ ਏਕਤਾ ਦਾ ਰਲ ਮਿਲ ਬਾਲ ਹੋ ਗਿਆ।

ਪੰਨਾ ਨੰ. 103

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਲੇਖਕ ਸਮਕਾਲੀ ਯਥਾਰਥ ਉੱਤੇ ਸੰਜੀਦਗੀ ਤੇ ਸੁਹਿਰਦਤਾ ਨਾਲ ਟਿੱਪਣੀ ਕਰਦਾ ਹੈ। ਉਹ ਅਖੌਤੀ ਮਾਨਵਤਾਵਾਦੀ ਨਹੀਂ, ਸੱਚਾ ਤੇ ਸੁਹਿਰਦ ਮਨੁੱਖਵਾਦੀ ਸ਼ਾਇਰ ਹੈ। ਉਸਦੀਆਂ ਗ਼ਜ਼ਲਾਂ ਵਿਚ ਸੰਜਮ, ਪ੍ਰਭਾਵ ਵਿਚ ਤੀਖਣਤਾ, ਬਿਆਨ ਦੀ ਕੋਮਲਤਾ ਤੇ ਸੰਦੇਸ਼ ਦੀ ਸਾਰਥਕਤਾ ਹੈ। ਪਾਣੀ ਨਾਲ ਰੱਜੇ ਬੱਦਲ ਜਿਵੇਂ ਵਸਣ ਲਈ ਮਜ਼ਬੂਰ ਹੋ ਜਾਂਦੇ ਹਨ ਇਵੇਂ ਹੀ ਸੱਗੂ ਦੀਆਂ ਗ਼ਜ਼ਲਾਂ ਵਿਚੋਂ ਆਮਦ ਦਾ ਪ੍ਰਮਾਣ ਮਿਲਦਾ ਹੈ।

'ਦਰਪਣ ਅਤੇ ਦੀਪਕ' ਪੁਸਤਕ ਦਾ ਲੇਖਕ ਸਾਹਿਤ ਦੇ ਦੋ ਧਰਮ ਦੱਸਦਾ ਹੈ। ਇੱਕ ਉਹ ਸ਼ੀਸ਼ਾ ਹੋਵੇ ਜਿਸ ਵਿਚੋਂ ਸਮਾਜ ਤੇ ਜ਼ਿੰਦਗੀ ਦੀ ਤਸਵੀਰ ਦਿਖਾਈ ਦੇਵੇ। ਦੂਜਾ ਉਹ ਦੀਪਕ ਹੋਵੇ ਤੇ ਜੀਵਨ ਦੇ ਹਨੇਰੇ ਪੱਖਾਂ ਉਪਰ ਪ੍ਰਕਾਸ਼ ਕਰਦਾ ਜਾਵੇ। ਭੁਪਿੰਦਰ ਸਿੰਘ ਸੱਗੂ ਦੀ ਪੁਸਤਕ 'ਮਸ਼ਾਲ' ਸਾਹਿਤ ਦੇ ਇਹ ਦੋਵੇਂ ਧਰਮ ਨਿਭਾਉਂਦੀ ਹੈ। ਜਿਸ ਲਈ ਸ਼ਾਇਰ ਵਧਾਈ ਦਾ ਹੱਕਦਾਰ ਹੈ। ਇਹ ਪੁਸਤਕ ਪੜ੍ਹਣ ਤੇ ਸੰਭਾਲਣਯੋਗ ਹੈ। ਪੰਜਾਬੀ ਸਾਹਿਤ ਵਿਚ ਇਹ ਆਪਣਾ ਯੋਗਦਾਨ ਪਾਵੇਗੀ, ਅਜਿਹਾ ਮੇਰਾ ਵਿਸ਼ਵਾਸ਼ ਹੈ। ਭੁਪਿੰਦਰ ਸਿੰਘ ਸੱਗੂ ਨੂੰ ਬਹੁਤ ਬਹੁਤ ਮੁਬਾਰਕਾਂ।

•••••

# ਮਸ਼ਾਲ : ਵਿਚਾਰ ਚਰਚਾ

## ਡਾ. ਕ੍ਰਿਸ਼ਨਾ ਬੇਦੀ

ਮਸ਼ਾਲ 'ਰੋਸ਼ਨੀ ਧਰਮ' ਨਾਲ ਜੁੜੀ ਹੈ। 'ਰੋਸ਼ਨੀ' ਦੇ ਵੀ ਕਈ ਰੂਪ ਹਨ...... ਧਰਤ ਤੇ ਜਦ ਸੂਰਜ ਚੜ੍ਹਦਾ ਹੈ ਤਾਂ 'ਰੋਸ਼ਨੀ' ਹੁੰਦੀ ਹੈ...... ਮਨ ਵਿੱਚ ਵੀ ਗਿਆਨ ਦੇ ਰੂਪ ਵਿੱਚ ਜਦ ਮਸ਼ਾਲ ਜਗਦੀ ਹੈ ਤਾਂ ਅਗਿਆਨ ਦੇ ਹਨੇਰੇ ਦਮ ਤੋੜ ਜਾਂਦੇ ਹਨ...... 'ਅਹਿਸਾਸ' ਵਿੱਚ ਜਦ ਪਿਆਰ ਮੁਸਕਰਾਉਂਦਾ ਹੈ ਤਾਂ 'ਆਤਮਾ' 'ਰੋਸ਼ਨੀ' ਨਾਲ ਭਰ ਜਾਂਦੀ ਹੈ...... ਸੰਵੇਦਨ-ਸ਼ੀਲ ਇਨਸਾਨ ਵੀ ਮਸ਼ਾਲ ਜਗਾਉਂਦੇ ਹਨ...... ਇਹ ਮਸ਼ਾਲ ਕਲਮ ਦੀ ਹੁੰਦੀ ਹੈ, ਤੂਲੀ ਦੀ ਹੁੰਦੀ ਹੈ, ਛੈਨੀ ਦੀ ਹੁੰਦੀ ਹੈ ਤੇ ਘੁੰਗਰੂਆਂ ਦੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਲੇਖਕ, ਲੇਖਿਕਾ, ਬੁੱਤ ਘੜ, ਪੈਂਟਰ ਨਿਰਤ ਕਲਾ ਵਾਲੇ ਵੀ ਆਪਣੇ-ਆਪਣੇ ਖੇਤਰ ਵਿੱਚ ਆਪਣੀ-ਆਪਣੀ ਪ੍ਰਤਿਭਾ ਨਾਲ ਕਲਾ ਖੇਤਰ ਵਿੱਚ ਮਸ਼ਾਲ ਜਗਾਉਂਦੇ ਹਨ ਜੋ ਲੋਕਾਂ ਦੀ ਦਿਲੋ-ਦਿਮਾਗ ਵਿੱਚ ਰੋਸ਼ਨੀ ਭਰੀ ਹੈ।

ਮੈਂ ਜਿਸ ਮਸ਼ਾਲ ਦੀ ਏਥੇ ਗੱਲ ਕਰਨਾ ਚਾਹੁੰਦੀ ਹਾਂ, ਉਹ ਭੂਪਿੰਦਰ ਸਿੰਘ ਸੱਗੂ ਨੇ ਦਿਲਾਂ ਵਿੱਚ ਉੱਤਰ ਜਾਣ ਵਾਲੇ ਤੇ ਆਤਮਾ ਨੂੰ ਛੂਹਣ ਵਾਲੇ ਸ਼ਬਦਾਂ ਦੀ ਲਾਲੀ ਹੈ ਤੇ ਕਿਤਾਬ ਦਾ ਸਿਰਲੇਖ ਮਸ਼ਾਲ ਅਤਿ ਢੁਕਵਾਂ ਹੈ।

ਸੱਗੂ ਜੀ ਨੇ ਸ਼ਬਦਾਂ ਨੂੰ ਗ਼ਜ਼ਲ ਦਾ ਰੂਪ ਦਿੱਤਾ ਹੈ ਤੇ ਹਰ ਗ਼ਜ਼ਲ ਮੈਨੂੰ ਇਕ ਮਸ਼ਾਲ ਹੀ ਜਾਪਦੀ ਹੈ। ਮੈਂ ਮੁਆਫ਼ੀ ਚਾਹਾਂਵਾਗੀ ਇਹ ਦਸ ਕੇ ਗ਼ਜ਼ਲ ਦੀ ਬਹਿਰ, ਕਾਫੀਏ, ਮਤਲਾ-ਮਕਦਾ ਇਹਨਾਂ ਦਾ ਗਿਆਨ ਜ਼ਰੂਰ ਹੈ ਪਰ ਬਹੁਤ ਘਟ- ਹਾਂ ਮੈਂ ਭਾਵਾਂ ਦੇ ਅੰਮ੍ਰਿਤ ਨੂੰ ਅਹਿਸਾਸ ਰਾਹੀਂ ਆਪਣੀ ਰੂਹ ਵਿੱਚ ਜ਼ਰੂਰ ਉਤਾਰਦੀ ਹਾਂ...... ਸੱਗੂ ਸਾਹਿਬ ਦੀਆਂ ਗ਼ਜ਼ਲਾਂ ਦੇ ਸ਼ਬਦ, ਸ਼ਬਦਾਂ ਵਿੱਚ ਮੁਸਕਰਾਉਂਦੇ ਭਾਵ ਮੈਨੂੰ ਅੰਮ੍ਰਿਤ ਦੇ ਘੁਟ ਹੀ ਜਾਪਦੇ ਹਨ।

ਉਹਨਾਂ ਦੀਆਂ ਗ਼ਜ਼ਲਾਂ ਦੇ ਮਤਲੇ ਹਰ ਇਨਸਾਨ ਨੂੰ ਪੂਰੀ ਗ਼ਜ਼ਲ ਪੜਨ ਵਾਸਤੇ ਪ੍ਰੇਰਦੇ ਹਨ :-

ਤੇਰਾ ਦਿਲ ਪੌਣਾ ਦਾ ਮੰਦਰ, ਪੱਥਰ ਦੀ ਦੀਵਾਰ ਨਹੀ।
ਸੱਚੀ-ਸੁੱਚੀ ਕਿਰਨਾ ਵਰਗੀ ਮੋਹ ਦੀ ਟੁਟਣੀ ਤਾਰ ਨਹੀਂ।

ਆਉ ਰਲ ਮਿਲ ਕੇ ਦੋਸਤੀ ਦੀ ਬਾਤ ਪਾਈਏ ਦੋਸਤੋ।
ਮੋਮ ਬੱਤੀ ਰਿਸ਼ਤਿਆਂ ਦੀ ਮੁੜ ਜਗਾਈਏ ਦੋਸਤੋ॥

ਕੁਝ ਗ਼ਜ਼ਲਾਂ ਦੇ ਮਕਤੇ ਵੀ ਬਹੁਤ ਸ਼ਾਨਦਾਰ ਹਨ-

'ਸੱਗੂ' ਤਾਂ ਹੋਕਾ ਦਿੰਦਾ ਹੈ ਖ਼ੁੱਦ ਉੱਚੀ ਉੱਚੀ ਬਾਹ ਕਰਕੇ
ਪੱਗ ਸਭਨਾਂ ਦੀ ਸਾਂਝੀ ਹੁੰਦੀ ਹੈ, ਏਨਾ ਕੁ ਖ਼ਿਆਲ ਰੱਖ ਸੱਗੂ।

ਮਾਨਵ ਪੀੜ ਦੇ ਦਰਦੀਉ, ਦੀਵੇ ਪਾਵੋ ਤੇਲ,
ਕੂੜ ਹਨੇਰਾ ਪਸਰਿਆ ਉੱਚੀ ਕਰੋ ਮਸ਼ਾਲ।

ਗ਼ਜ਼ਲਾਂ ਵਿੱਚ ਆਏ ਸ਼ੇਅਰ ਵੀ ਦਿਲ ਨੂੰ ਟੁੰਬਦੇ ਹਨ-

ਹਰਲ-ਹਰਲ ਕਰ ਟੱਪਦੇ, ਜੂਹਾ ਵਿੱਚ ਬਦਕਾਰ,
ਮਾਂ ਤੇ ਧੀ ਦੀ ਲਾਜ਼ ਹੈ, ਹੁਣ ਹਾਲੋਂ ਬੇਹਾਲ।

ਜੋ ਚਾਹਵਣ ਪਿਲਾ ਦਿੰਦੇ ਨੇ ਗੋਕਾ ਦੁਧ ਸੱਪਾਂ ਨੂੰ,
ਤੇ ਭੁੱਖੇ ਮਾਨਵਾਂ ਨੂੰ ਵਿਸ਼ ਪਿਲਾ ਦਿੰਦੇ ਨੇ ਇਹ ਲੋਕ।

ਰੂਹ ਦਾ ਪੰਛੀ ਕਿਉਂ ਕੋਹਦਾ ਹੈ ਆਪਾ,
ਕੌਣ ਇਸ ਨੂੰ ਹਲਾਲ ਕਰਦਾ ਹੈ?

ਚੜ੍ਹ ਸੁਨਾਮੀ ਲਹਿਰ ਜਦ ਆਉਂਦੀ ਮਨਾਂ ਵਿੱਚਕਾਰ,
ਏਕਤਾ ਦੇ ਫੁੱਲ ਮਸਲੀ ਬੇਦਿਲੀ ਦੇ ਨਾਲ।

ਸੱਗੂ ਜੀ ਨੇ ਕੁਝ ਗ਼ਜ਼ਲਾਂ ਛੋਟੀ ਬਹਿਰ ਵਿੱਚ ਵੀ ਲਿਖੀਆਂ ਜਿਨ੍ਹਾਂ ਵਿੱਚ ਮੈਨੂੰ ਇਹ ਗ਼ਜ਼ਲ ਗਾਗਰ ਵਿੱਚ ਸਾਗਰ ਪ੍ਰਤੀਤ ਹੋਈ-

ਗ਼ਜ਼ਲ ਨੰ. 52

ਤੇਗ਼ ਚਲਾ।
ਜ਼ੁਲਮ ਉੜਾ।

ਇਸ ਤੋਂ ਇਲਾਵਾ ਗ਼ਜ਼ਲ ਨੰ. 48-49 ਦੀ ਖ਼ੂਬਸੂਰਤ ਸ਼ਬਦਾਂ ਵਿੱਚ ਖ਼ੂਬਸੂਰਤ ਭਾਵਾਂ ਨਾਲ ਸਜੀਆਂ ਦਿਲਕਸ਼ ਹਨ।

ਗ਼ਜ਼ਲ ਨੰ. 71 ਮੈਨੂੰ ਇਕ ਮਾਂ ਵੱਤ ਲਗੀ ਜੋ ਪਰਦੇਸ ਜਾ ਰਹੇ ਆਪਣੇ

ਪੁੱਤਰ ਨੂੰ ਆਪਣੀ ਮਾਂ-ਬੋਲੀ ਆਪਣੇ ਵਿਰਸੇ ਨੂੰ ਸੰਭਾਲ ਕੇ ਰੱਖਣ ਦੀ ਸਿੱਖਿਆ ਦਿੰਦੀ ਹੈ :-

ਬੋਲੀਂ ਸਦਾ ਪੰਜਾਬੀ ਭਲੀ ਨ ਇਸ ਨੂੰ ਦਿਲ ਚੋਂ,
ਹੋਰਾਂ ਲਈ ਵੀ ਹਿਰਦਾ ਵਿਸ਼ਾਲ ਰੱਖੀ

ਆਪਣਾ ਅਦਬ ਧਿਆਈਂ ਪੂਜ਼ਾ ਗ਼ਜ਼ਲਾਂ ਦੀ ਕਰਨਾ,
ਤੇ ਨਾਲ-ਨਾਲ ਆਪਣਾ ਵਿਰਸਾ ਸੰਭਾਲ ਰੱਖੀ

"ਸੱਗੂ" ਤੂੰ ਹਰ ਜਗ੍ਹਾ ਤੇ ਉਲਫਤ ਦੇ ਗੀਤ ਗਾਉਣਾ,
ਨੇਰੇ ਨੂੰ ਦੂਰ ਕਰਨਾ, ਬਲਦੀ ਮਸ਼ਾਲ ਰੱਖੀ

ਅਜ ਦੇ ਕੌੜੇ ਸੱਚ ਨੂੰ ਵੀ ਬੜੇ ਸੁੰਦਰ ਢੰਗ ਨਾਲ ਆਪਣੀ ਗ਼ਜ਼ਲ ਨੰ. 69 ਵਿੱਚ ਇੰਝ ਬਿਆਨ ਕੀਤਾ ਹੈ-

ਹੱਥ ਨਸ਼ੇ ਦੀਆਂ ਬੋਤਲਾਂ, ਮੂੰਹ ਵਿੱਚ ਸਿਗਰਟ ਪਾਨ।
ਏਸ ਦੇਸ਼ ਦੇ ਦਾਨੇ ਵੇਖੋ, ਬਣ ਬੈਠੇ ਹੈਵਾਨ।

ਸੰਖੇਪ ਵਿੱਚ ਮੈਂ ਇਹੋ ਕਹਿਣਾ ਚਾਹੁੰਦੀ ਹਾਂ ਕਿ ਜ਼ਿੰਦਗੀ ਨਾਲ ਜੁੜੇ ਹਰ ਭਾਵਾਂ ਦੇ ਮੋਤੀਆਂ ਨੂੰ 'ਸੱਗੂ' ਜੀ ਨੇ ਮਸ਼ਾਲ ਦੇ ਧਾਗੇ ਵਿੱਚ ਪਿਰੋ ਕੇ ਪਾਠਕਾਂ ਸਾਹਮਣੇ ਰੱਖਿਆ ਹੈ...... ਇਕ-ਇਕ ਸ਼ਬਦ ਸੁੱਚਾ ਗੁਲਾਬ ਜਾਪਦਾ ਹੈ ਜਿਸ ਵਿਚ ਭਾਵਾਂ ਦੀ ਖੁਸ਼ਬੂ ਨੂੰ ਸਹਸ਼ਾਰ ਕਰਦੀ ਹੈ...... ਸ਼ਾਲਾ। 'ਸੱਗੂ' ਜੀ ਦੀ ਕਲਮ ਇਸੇ ਤਰ੍ਹਾਂ ਮਾਂ ਬੋਲੀ 'ਪੰਜਾਬੀ' ਦੀ ਝੋਲ ਵਿੱਚ ਸ਼ਬਦਾਂ ਦੇ ਹੀਰੇ-ਮੋਤੀ ਪਾ ਇਸ ਨੂੰ ਅਮੀਰ ਹੋਰ ਅਮੀਰ ਕਰਦੀ ਰਹੇ...... ਆਮੀਨ! ਆਮੀਨ! ਆਮੀਨ!

ਮੋ. :93129-59228
96430-21945

•••••

# ਗ਼ਜ਼ਲ ਸੰਗ੍ਰਹਿ 'ਮਸ਼ਾਲ' ਦਾ ਰੂਪ-ਵਿਧਾਨ ਅਤੇ ਮਨੁੱਖੀ ਦਰਸ਼ਨ ਨੂੰ ਸਮਰਪਤ ਸ਼ਾਇਰੀ

**ਡਾ. ਰਤਨ ਰੀਹਲ**

ਭੂਪਿੰਦਰ ਸਿੰਘ ਸੱਗੂ ਦਾ 'ਮਸ਼ਾਲ'ਤੀਜਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਪੰਜ ਕਾਵਿ-ਸੰਗ੍ਰਹਿ ਅਤੇ ਇਕ ਸਿਮਰਤੀ ਗ੍ਰੰਥ ਦੀ ਸੰਪਾਦਨਾ ਕਰ ਚੁੱਕਾ ਹੈ। ਪੰਜਾਬੀ ਸਾਹਿਤ ਦੇ ਗ਼ਜ਼ਲ ਸੰਸਾਰ ਅੰਦਰ 'ਕਤਰਾ ਕਤਰਾ ਨੂਰ' ਗ਼ਜ਼ਲ ਸੰਗ੍ਰਹਿ ਦੇ ਆਗਮਾਨ ਨਾਲ ਹੀ ਉਹ ਇਕ ਸਮਰੱਥ ਗ਼ਜ਼ਲਗੋ ਦੇ ਰੂਪ ਵਿਚ ਉਜਾਗਰ ਹੋ ਗਿਆ ਸੀ। ਸੰਨ 2013 ਵਿਚ ਉਸਦਾ ਗ਼ਜ਼ਲ ਸੰਗ੍ਰਹਿ 'ਚਾਨਣ ਦੀ ਬਾਤ' ਨੇ ਸ਼ਾਇਰ ਅੰਦਰ ਗ਼ਜ਼ਲ ਕਹਿਣ ਦੀ ਪ੍ਰਪੱਕਤਾ ਲਿਆ ਦਿੱਤੀ ਸੀ। ਇਹ ਹੱਥਲਾ ਗ਼ਜ਼ਲ ਸੰਗ੍ਰਹਿ 'ਮਸ਼ਾਲ' ਇਸ ਪ੍ਰਪੱਕਤਾ ਦੇ ਮਿਆਰ ਨੂੰ ਸਿਖਰ ਤੱਕ ਲੈ ਜਾਂਦਾ ਹੈ। 'ਮਸ਼ਾਲ' ਗ਼ਜ਼ਲ ਸੰਗ੍ਰਹਿ ਦਾ ਪਾਠ ਕਰਦਿਆਂ ਅਰੂਜ ਅਨੁਸਾਰ ਗ਼ਜ਼ਲ ਦਾ ਰੂਪ-ਵਿਧਾਨ, ਅਰਕਾਨ, ਰਿਦਮ ਅਤੇ ਇਸ ਸੰਗ੍ਰਹਿ ਵਿਚ ਚੁਣੇ ਗਏ ਸਰੋਕਾਰਾਂ/ਸਨਦ ਦਾ ਮੁਲਾਂਕਣ ਕਰਕੇ ਸ਼ਾਇਰ ਸੱਗੂ ਦੀ ਗ਼ਜ਼ਲ ਕਹਿਣ ਦੀ ਪ੍ਰਪੱਕਤਾ ਦਾ ਮਿਆਰ ਸਥਾਪਤ ਕਰਾਂਗਾ।

ਪਹਿਲੀਆਂ ਵਿਚ ਇਰਾਕ ਦੇ ਜੰਮਪਲ ਹਿਸਾਬਦਾਨ ਖ਼ਲੀਲ ਬਿਨ ਅਹਿਮਦ ਨੇ ਗ਼ਜ਼ਲ ਦੇ ਰੂਪ ਵਿਧਾਨ ਨੂੰ ਸਥਾਪਤ ਕਰਨ ਵਾਸਤੇ ਪਹਿਲਾਂ ਪਹਿਲ ਕੁਲ ਅੱਠ ਬਹਿਰਾਂ ਬਣਾਈਆਂ ਜਿਨ੍ਹਾਂ ਅਨੁਸਾਰ ਸਿਰਫ਼ ਗੀਤ ਹੀ ਗਾਏ ਜਾਂਦੇ ਸਨ। ਉਹ ਬਹਿਰਾਂ ਸਿਰਫ਼ ਸੁਰਾਂ ਦੀ ਜਮਾਂ ਤਫਰੀਕ ਹੀ ਸਨ ਅਤੇ ਉਪ੍ਰੰਤ ਕਈ ਉਸਤਾਦਾਂ ਨੇ ਗ਼ਜ਼ਲ ਕਹਿਣ ਵਾਸਤੇ ਕਈ ਬਹਿਰਾਂ ਅਤੇ ਬਣਤਰ ਬਾਰੇ ਕਈ ਰੂਪ ਸਥਾਪਤ ਕਰ ਦਿਤੇ। ਅਰਬੀ ਭਾਸ਼ਾ ਵਿਚ ਬਹਿਰ ਅਤੇ ਪੰਜਾਬੀ ਭਾਸ਼ਾ ਅਨੁਸਾਰ ਅਸੀਂ ਸੰਗੀਤ ਆਖ ਸਕਦੇ ਹਾਂ। ਉਨ੍ਹਾਂ ਬਹਿਰਾਂ ਅਤੇ ਕਈ ਰੂਪਕ ਵਿਧੀਆਂ ਦੇ ਨਾਮ ਅਰਬੀ ਭਾਸ਼ਾ ਵਿਚ ਹੋਣ ਕਰਕੇ, ਗ਼ਜ਼ਲਗੋਅ ਨੂੰ ਨਾਮ ਤਾਂ ਯਾਦ ਹੋ ਸਕਦੇ ਹਨ ਪਰ ਉਨ੍ਹਾਂ ਸ਼ਬਦਾਂ ਜਾਂ ਸਤਰਾਂ ਦੇ ਅੰਤਰੀਵ ਭਾਵਾਂ ਨੂੰ ਨਹੀਂ ਸਮਝ ਸਕਦੇ। ਸੌਖੇ ਸ਼ਬਦਾਂ ਵਿਚ ਜੇਕਰ ਅਸੀਂ ਇਹ ਕਹਿ ਲਈਏ ਕਿ ਜਿਹੜੀ ਸਤਰ ਕਿਸੇ ਸੁਰ ਤਾਲ ਵਿਚ ਲਿਖੀ ਗਈ ਹੋਵੇ ਅਤੇ ਉਸ ਸਤਰ ਵਿਚ ਗ਼ਜ਼ਲ ਦੇ

ਰੂਪ ਵਿਧਾਨ ਅਨੁਸਾਰ ਬੰਦਸ਼ਾਂ ਦੀ ਹੋਂਦ ਹੋਵੇ ਜਿਵੇਂ ਮਤਲੇ ਦੀਆਂ ਦੋਹਾਂ ਸਤਰਾਂ ਵਿਚ ਕਾਫ਼ੀਆਂ ਰਦੀਫ਼ ਸਮਾਨ ਹੁੰਦਾ ਹੈ, ਗ਼ਜ਼ਲ ਦੇ ਅੰਤ ਵਿਚ ਕਾਫ਼ੀਆਂ ਪਹਿਲਾਂ ਆਉਂਦਾ ਹੈ ਅਤੇ ਰਦੀਫ਼ ਪਿਛੋਕੜ ਦਾ ਸ਼ਬਦ ਹੁੰਦਾ ਹੈ। ਸ਼ਿਅਰ ਜਿਸ ਦੀ ਦੂਜੀ ਸੱਤਰ ਦਾ ਕਾਫ਼ੀਆਂ ਰਦੀਫ਼ ਮਤਲੇ ਦੇ ਕਾਫ਼ੀਏ ਰਦੀਫ਼ ਦੇ ਸਮਾਨ ਹੁੰਦਾ ਹੈ ਪਰ ਪਹਿਲੀ ਸਤਰ ਦੀਆਂ ਬੰਦਸ਼ਾਂ ਅਤੇ ਵਜ਼ਨ ਕਾਫ਼ੀਏ ਰਦੀਫ਼ ਵਾਲੀ ਸੱਤਰ ਦੇ ਬਰਾਬਰ ਹੁੰਦਾ ਹੈ, ਮੁਕਤੇ ਅੰਦਰ ਸ਼ਾਇਰ ਦਾ ਤਖ਼ਲੱਸ ਹੀ ਇਕ ਵਾਧਾ ਹੁੰਦਾ ਹੈ, ਜਿਸ ਗ਼ਜ਼ਲ ਅੰਦਰ ਅਰਕਾਨ ਅਤੇ ਹਰਫ਼ੇ-ਰਵੀ ਆਦਿ ਹੋਵੇ ਅਸੀਂ ਉਸ ਲਿਖਤ ਨੂੰ ਇਕ ਵਧੀਆਂ ਗ਼ਜ਼ਲ ਆਖ ਸਕਦੇ ਹਾਂ। ਹਰ ਤੁੱਕ ਜਾਂ ਮਿਸਰੇ ਦੇ ਦੋ ਭਾਗ ਹੁੰਦੇ ਹਨ ਜਿਨ੍ਹਾਂ ਦਾ ਵਜ਼ਨ ਵੱਖੋ ਵੱਖਰਾ ਜਾਂ ਸਮਾਨਾਂਤਰ ਵੀ ਹੋ ਸਕਦਾ ਹੈ ਪਰ ਮਿਸਰੇ ਵਿਚ ਠਹਿਰਾਓ ਤੋਂ ਅੰਤ ਤੱਕ ਜਾਂ ਤਾਂ ਸੁਰ ਨੀਵੇਂ ਤੋਂ ਨਿਰਵਿਘਨ ਸਿਖਰ ਤੱਕ ਜਾਣਾ ਚਾਹੀਦਾ ਹੈ ਅਤੇ ਜਾਂ ਫਿਰ ਉੱਚੇ ਸੁਰ ਤੋਂ ਅੰਤ ਤੱਕ ਹੇਠਲੇ ਸੁਰ ਤੱਕ ਪਹੁੰਚਣਾ ਚਾਹੀਦਾ ਹੈ। ਅਜਿਹੀ ਕਹੀ ਗਈ ਗ਼ਜ਼ਲ ਨੂੰ ਇਕ ਸਫ਼ਲ ਗ਼ਜ਼ਲ ਕਿਹਾ ਜਾ ਸਕਦਾ ਹੈ। ਕਿਉਂਕਿ ਭੂਪਿੰਦਰ ਸਿੰਘ ਸੱਗੂ ਕੋਲ ਆਵਾਜ਼, ਰਿਦਮ ਅਤੇ ਖਿਆਲ ਉਡਾਰੀ ਤਿੰਨੇ ਭੰਡਾਰ ਹਨ ਇਸ ਕਰਕੇ ਸ਼ਾਇਰ ਸੱਗੂ ਵਲੋਂ ਕਹੀ ਹਰ ਗ਼ਜ਼ਲ ਇਸ ਰੂਪ ਵਿਧਾਨ ਵਿਚ ਫਿਟ ਕੀਤੀ ਜਾ ਸਕਦੀ ਹੈ।

ਗ਼ਜ਼ਲਗੋ ਮਰਹੂਮ ਡਾ: ਰਣਧੀਰ ਸਿੰਘ ਚੰਦ ਜੀ ਦੀ ਨਿਗਰਾਨੀ ਹੇਠ ਸ਼ਾਇਰ ਸੱਗੂ ਨੇ ਗ਼ਜ਼ਲ ਕਹੀ ਹੈ। ਗੁਰਦਾਸ ਸਿੰਘ ਪਰਮਾਰ, ਨਦੀਮ ਪਰਮਾਰ ਅਤੇ ਗੁਰਸ਼ਰਨ ਸਿੰਘ 'ਅਜੀਬ' ਵਰਗੇ ਵਿਸ਼ਵ-ਪ੍ਰਸਿੱਧ ਸਮਕਾਲੀ ਗ਼ਜ਼ਲਗੋਆਂ ਦੀ ਸੰਗਤ ਦਾ ਵੀ ਅਸਰ ਕਬੂਲਦਾ ਹੈ। ਵਰਤਮਾਨ ਵਿਚ ਉਸਤਾਦ ਗ਼ਜ਼ਲਗੋ ਗੁਰਦਿਆਲ 'ਰੌਸ਼ਨ' ਨੂੰ ਵੀ ਗ਼ਜ਼ਲ ਦੇ ਬਿਖ਼ੜੇ ਰਾਹਾਂ ਵਾਸਤੇ ਆਪਣਾ ਪੱਥ-ਪ੍ਰਦਰਸ਼ਕ ਮੰਨਦਾ ਹੈ। ਯੂ.ਕੇ. ਦੇ ਮੋਢੀ ਉਦਾਰਚਿੱਤ ਅਤੇ ਉਦਾਰ-ਨੀਤੀਵਾਨ ਸਵਰਗੀਆ ਸਾਹਿਤਕਾਰ ਸਰਵ ਸ੍ਰੀ ਨਿਰੰਜਨ ਸਿੰਘ 'ਨੂਰ' ਜੀ ਨੂੰ ਵੀ ਸ਼ਾਇਰ ਆਪਣੇ ਮੁਰਸ਼ਦ ਦਾ ਦਰਜਾ ਦਿੰਦਾ ਹੈ।

ਮੁਰਸ਼ਦ 'ਨੂਰ'ਦੀ ਨਗਰੀ ਵਿੱਚ,
ਸੱਗੂ ਲਿਖਦੈ ਦਿਨ-ਤੇ ਰਾਤ।

(ਗ਼ਜ਼ਲ ਨੰ. 48)

ਗ਼ਜ਼ਲ ਅੰਦਰ ਕਿਸੇ ਬਹਿਰ ਜਾਂ ਸੰਗੀਤਕ ਚਾਲ ਨੂੰ ਪਰਖਣ ਵਾਸਤੇ ਕਈ ਤਰ੍ਹਾਂ ਦੇ ਵਿਧਾਨਕ ਯੁਕਤਾ ਉਪਸਥਿੱਤ ਹਨ। ਇਕ ਸ਼ਬਦ ਘੱਟੋ ਘੱਟ ਦੋ ਅੱਖਰਾਂ ਦਾ ਹੁੰਦਾ ਹੈ। ਕਿਸੇ ਸ਼ਬਦ ਨੂੰ ਜਿਵੇਂ ਲਮਕਾ ਘਟਾ ਕੇ ਬੋਲਿਆ ਜਾਂਦਾ ਹੈ ਉਸ

ਵਿਧੀ ਨੂੰ ਬੰਦਸ਼ ਜਾਂ ਰੁਕਨ ਕਿਹਾ ਜਾਂਦਾ ਹੈ। ਇਕ ਸਤਰ ਵਿਚ ਜਿੰਨੀਆਂ ਬੰਦਸ਼ਾਂ ਸ਼ਾਇਰ ਨੇ ਤਹਿ ਕੀਤੀਆਂ ਹਨ ਉਹੀ ਬੰਦਸ਼ ਹਰ ਸੱਤਰ ਵਿਚ ਆਉਣੀ ਚਾਹੀਦੀ ਹੈ ਤਾਂ ਕਿ ਸਤਰਾਂ ਸੰਗੀਤ-ਬੱਧ ਹੋ ਸਕਣ। ਸੰਗੀਤ ਤੋਂ ਬਿਨਾਂ ਗ਼ਜ਼ਲ ਦਾ ਕੋਈ ਰੂਪ ਨਹੀਂ ਹੁੰਦਾ। ਬੰਦਸ਼ ਕਿਸੇ ਗ਼ਜ਼ਲ ਦੇ ਬਹਿਰ ਨੂੰ ਪਰਖਣ ਦਾ ਪਹਿਲਾ ਟੂਲ ਹੈ। ਇਸ ਟੂਲ ਰਾਹੀਂ ਅਸੀਂ ਕਿਸੇ ਸਤਰ ਵਿਚ ਆਏ ਮੁਤਹਰਕ ਅਤੇ ਸਾਕਨ ਸ਼ਬਦਾਂ ਨੂੰ ਅਲੱਗ ਅਲੱਗ ਕਰ ਕੇ ਪੂਰੀ ਸਤਰ ਵਿਚ ਆਏ ਅਰਕਾਨ ਨਾਲ ਬਣੀ ਬਹਿਰ ਨੂੰ ਸਥਾਪਤ ਕਰ ਸਕਦੇ ਹਾਂ। ਸ਼ਾਇਰ ਸੱਗੂ ਦੀ ਗ਼ਜ਼ਲ ਨੰਬਰ ਤਰੇਹਠ ਦੇ ਇਕ ਮਤਲੇ ਵਿਚ ਆਈ ਬਹਿਰ ਨੂੰ ਮੁਤਹਰਕ ਅਤੇ ਸਾਕਿਨ ਸ਼ਬਦਾਂ ਰਾਹੀਂ ਵਿਚਾਰਨਾ ਕਰੋ।

| ਜ਼ਿੰਦਗੀ | ਅੰਗਿ | ਆਰ | ਹੋ | ਗਈ | ਕੀ | ਕ | ਰਾਂ | ਗੇ |
|---|---|---|---|---|---|---|---|---|
| SIS | S | SI | S | S | S | I | S | S |
| ਚਾਨਣੀ | ਲਾ | ਚਾਰ | ਹੋ | ਗਈ | ਕੀ | ਕ | ਰਾਂ | ਗੇ |
| SIS | S | SI | S | S | S | I | S | S |

ਫ਼ਾ ਇ ਲਾ ਤੁਨ ਫ਼ਾ ਇ ਲਾ ਤੁਨ ਫ਼ਾ ਇ ਲਾ ਤੁਨ

ਉਪ੍ਰੋਕਤ ਮਤਲੇ ਵਿਚ ਆਏ ਅਰਕਾਨ ਦੀ ਗਿਣਤੀ ਇਕ ਉਦਾਹਰਣ ਅਨੁਸਾਰ ਹੈ ਜਿਸ ਦੀ ਮੱਦਦ ਨਾਲ ਪਾਠਕ ਜੀ ਤੁਸੀਂ ਆਪ ਸ਼ਾਇਰ ਸੱਗੂ ਦੇ ਸਮੂਹ ਗ਼ਜ਼ਲ ਸੰਸਾਰ ਵਿਚ ਆਏ ਅਰਕਾਨ ਅਤੇ ਬੰਦਸ਼ਾਂ ਦੀ ਜਾਂਚ ਪੜਤਾਲ ਕਰ ਸਕਦੇ ਹੋ ਅਤੇ ਇਹ ਮਤਲਾ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਸ਼ਾਇਰ ਸੱਗੂ ਨੂੰ ਕਾਫ਼ੀਆਂ, ਰਦੀਫ਼ ਅਤੇ ਹੋਰ ਗ਼ਜ਼ਲ ਦੇ ਰੂਪ-ਵਿਧਾਨ ਉਪਰ ਇਕ ਹਾਸਲ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ ਸ਼ਾਇਰ ਸੱਗੂ ਨੇ ਵੱਖ ਵੱਖ ਵਰਤੇ ਕਾਫ਼ੀਆਂ ਰਦੀਫ਼ ਬਾਰੇ ਵਿਚਾਰ ਕਰਦੇ ਹਾਂ। ਗ਼ਜ਼ਲ ਨੰਬਰ ਇਕ ਵਿਚ ਸ਼ਾਇਰ ਕਾਫ਼ੀਆਂ ਨੂੰ ਅੰਤ ਵਿਚ ਲਿਖਦਾ ਹੈ।

ਸਜ਼ਾ ਮੰਗਦਾ ਹਾਂ ਗੁਨਾਗਾਰ ਹਾਂ ਮੈਂ।
ਹੈ ਅੱਖ ਨੀਵੀਂ ਤੇ ਸ਼ਰਮਸਾਰ ਹਾਂ ਮੈਂ।
ਮੈਂ ਹਾਂ ਵੀ ਤੇ ਵਜੂਦ ਵਿਚ ਵੀ ਨਹੀਂ ਹਾਂ,
ਅਜੇਹੀ ਦੁਚਿਤੀ ਦੀਵਾਰ ਹਾਂ ਮੈਂ।

'ਗੁਨਾਗਾਰ'ਕਾਫ਼ੀਆ ਜਿਹੜਾ ਮਿਸਰੇ ਦੇ ਅੰਤ ਵਿਚ ਲਿਖਿਆ ਗਿਆ ਹੈ, ਉਸ ਕਾਫ਼ੀਏ ਵਿਚ ਪਹਿਲੇ ਤਿੰਨ ਅੱਖਰ ਮੁਤਹਰਕ ਹਨ ਅਤੇ 'ਸ਼ਰਮਸਾਰ' ਕਾਫ਼ੀਏ ਵਿਚ ਪਹਿਲੇ ਤਿੰਨ ਅੱਖਰ ਸਾਕਿਨ ਹਨ, ਇਸ ਕਰਕੇ ਅਜਿਹੇ ਕਾਫ਼ੀਏ ਨੂੰ 'ਸੁੱਸਤ' ਕਾਫ਼ੀਆ ਕਿਹਾ ਜਾਂਦਾ ਹੈ। ਇਸ ਗ਼ਜ਼ਲ ਵਿਚ 'ਹਾਂ ਮੈਂ' ਹਰ ਸ਼ਿਅਰ ਵਿਚ ਇਕੋ ਹੀ

ਰਦੀਫ਼ ਨਿਭਾਇਆ ਗਿਆ ਹੈ। ਦੂਜੀ ਪਰਕਾਰ ਦਾ ਕਾਫ਼ੀਆ ਮਿਸਰੇ ਦੇ ਮੱਧ ਵਿਚ ਆਇਆ ਹੈ ਅਤੇ ਇਕ ਲੰਮੇ ਰਦੀਫ਼ ਦਾ ਹੀ ਪ੍ਰਯੋਗ ਹੋਇਆ ਹੈ।

ਘਰ ਆਇਆ ਮਹਿਮਾਨ, ਸੁਣਾਵਾਂ ਗ਼ਜ਼ਲ ਮੈਂ ਉਸਨੂੰ।
ਚਲ ਆਇਆ ਭਗਵਾਨ, ਸੁਣਾਵਾਂ ਗ਼ਜ਼ਲ ਮੈਂ ਉਸਨੂੰ।
ਹੈ ਬਣਿਆ ਸਬੱਬ ਮੁੱਦਤਾਂ ਤੋਂ ਰਲ ਮਿਲਕੇ ਬੈਠਣ ਦਾ,
ਹੈ ਯਾਰ ਮੇਰਾ ਕਦਰਦਾਨ, ਸੁਣਾਵਾਂ ਗ਼ਜ਼ਲ ਮੈਂ ਉਸਨੂੰ।

(ਗ਼ਜ਼ਲ ਨੰ. 3)

ਇਸ ਲੰਮੇ ਰਦੀਫ਼ ਵਾਲੇ ਪਹਿਲੇ ਕਾਫ਼ੀਏ ਵਿਚ ਦੂਜਾ ਅੱਖਰ ਮੁਤਹਰਕ ਹੈ ਅਤੇ ਦੂਜੇ ਕਾਫ਼ੀਏ ਦਾ ਦੂਜਾ ਅੱਖਰ ਸਾਕਿਨ ਹੈ ਅਤੇ ਤੀਜੇ ਕਾਫ਼ੀਏ 'ਕਦਰਦਾਨ'ਦੇ ਪਹਿਲੇ ਤਿੰਨੇ ਅੱਖਰ ਹੀ ਸਾਕਿਨ ਹਨ, ਇਸ ਕਰਕੇ ਇਸ ਗ਼ਜ਼ਲ ਦੇ ਕਾਫ਼ੀਏ ਨੂੰ ਵੀ ਸੁੱਸਤ ਕਾਫ਼ੀਆ ਹੀ ਆਖਿਆ ਜਾ ਸਕਦਾ ਹੈ। ਅਜਿਹੇ ਕਾਫ਼ੀਏ ਦਾ ਪ੍ਰਯੋਗ ਕੋਈ ਦੋਸ਼ ਨਹੀਂ ਮੰਨਿਆ ਜਾਂਦਾ ਪਰ ਗ਼ਜ਼ਲਖ਼ਵਾਨ ਵਾਸਤੇ ਆਮ ਜਿਹੀ ਮੁਸ਼ਕਲ ਪੈਦਾ ਕਰਦਾ ਹੈ। ਸ਼ਾਇਰ ਸੱਗੂ ਗ਼ਜ਼ਲ-ਸਰਾਈ ਸਮੇਂ ਅਜਿਹੇ ਕਫ਼ੀਏ ਦੇ ਮੁਤਹਰਕ ਅਤੇ ਸਾਕਿਨ ਅੱਖਰ ਵਧਾ ਘਟਾ ਕੇ ਬੋਲ ਸਕਣ ਦੇ ਸਮਰੱਥ ਹੋਣ ਕਰਕੇ ਪਾਠਕ ਹਮੇਸ਼ਾ ਅਨੰਦਿਤ ਸਥਿਤੀ ਵਿਚ ਰਹਿੰਦਾ ਹੈ। ਇਹੀ ਇਕ ਚੰਗੀ ਗ਼ਜ਼ਲ ਦਾ ਗੁਣ ਹੁੰਦਾ ਹੈ। ਸ਼ਾਇਰ ਸੱਗੂ ਨੇ ਮਿਸਰੇ ਦੇ ਅਰੰਭ ਵਿਚ ਕਾਫ਼ੀਏ ਵਾਲੀਆਂ ਗ਼ਜ਼ਲਾਂ ਵੀ ਕਹੀਆਂ ਹਨ। ਅਜਿਹੇ ਕਾਫ਼ੀਏ ਨੂੰ ਉਸਤਾਦ ਲੋਕ 'ਸਹੀ ਕਾਫ਼ੀਆ'ਕਹਿੰਦੇ ਹਨ ਅਤੇ ਇਸ ਕਾਫ਼ੀਏ ਦਾ ਅਸਰ ਸਰੋਤੇ ਅਤੇ ਪਾਠਕ ਦੇ ਮਨ ਉਪਰ ਸਿੱਧਾ ਪੈਂਦਾ ਹੋਣ ਕਰਕੇ ਸਰੋਤਾ ਗ਼ਜ਼ਲ ਦੇ ਹਰ ਮਿਸਰੇ ਦੇ ਨਾਲ ਆਪ ਗ਼ਜ਼ਲ-ਸਰਾਈ ਕਰਦਾ ਹੈ ਅਤੇ ਕਈ ਵਾਰ ਆਉਂਣ ਵਾਲੇ ਮਿਸਰੇ ਵਿਚ ਵਰਤੇ ਜਾਣ ਵਾਲੇ ਕਾਫ਼ੀਏ ਨੂੰ ਗ਼ਜ਼ਲ-ਖਵਾਨੀ ਤੋਂ ਪਹਿਲਾਂ ਪੂਰੇ ਜੋਸ਼ ਨਾਲ ਬੋਲ ਜਾਂਦਾ ਹੈ।

ਯਾਰਾਂ ਦੀ ਕਿਉਂ ਗੱਲ ਕਰਦਾ ਤੂੰ।
ਖ਼ਾਰਾਂ ਦੀ ਕਿਉਂ ਗੱਲ ਕਰਦਾ ਤੂੰ।
ਜੇਕਰ ਚਾਹੁੰਦਾ ਤੰਦਰੁਸਤੀ ਤਾਂ,
ਹਾਰਾਂ ਦੀ ਕਿਉਂ ਗੱਲ ਕਰਦਾ ਤੂੰ। (ਗ਼ਜ਼ਲ ਨੰ. 82)

ਭੂਪਿੰਦਰ ਸਿੰਘ ਸੱਗੂ ਨੇ 'ਮਸ਼ਾਲ' ਵਰਗੇ ਸੁੱਸਤ ਕਾਫ਼ੀਏ ਨਾਲ ਇਕ ਗ਼ਜ਼ਲ ਆਪਣੇ ਤਖ਼ੱਲੁਸ 'ਸੱਗੂ' ਜਿਹੇ ਰਦੀਫ਼ ਨਾਲ ਵੀ ਲਿਖੀ ਹੈ।

ਰਾਹਾਂ ਵਿਚ ਘੁੱਪ ਹਨੇਰਾ ਹੈ ਫੜ ਹੱਥ ਦੇ ਵਿਚ ਮਸ਼ਾਲ 'ਸੱਗੂ'
ਵੰਗਾਰ ਰਹੀ ਤੇਰੀ ਰੂਹ ਤੈਨੂੰ ਮੰਜ਼ਿਲ ਦੀ ਕਰ ਤੂੰ ਭਾਲ 'ਸੱਗੂ'।

(ਗ਼ਜ਼ਲ ਨੰ. 17)

ਹੇਠਲੇ ਸ਼ਿਅਰ ਵਿਚ ਸੁੱਸਤ ਰਦੀਫ਼ ਵਰਤਿਆ ਗਿਆ ਹੈ। ਰਦੀਫ਼ ਵਾਸਤੇ ਜਿਹੜੇ ਸ਼ਬਦ ਵਰਤੇ ਹਨ ਉਹ ਹਨ ਜਿਵੇਂ ਰੌਸ਼ਨੀ, ਜ਼ਿੰਦਗੀ, ਸੰਸਾਰ ਦੀ, ਆਦਮੀ, ਬੱਦਲੀ, ਯਾਰਦੀ, ਸਹਿ ਸਕੀ ਆਦਿ।

ਦੀਪ ਜੁਗਨੂੰ ਤਾਰਿਆਂ ਦੀ ਟਿਮਟਮਾਈ ਰੌਸ਼ਨੀ।
ਦੇਖ ਕੇ ਦੁਸ਼ਵਾਰੀਆਂ ਨੂੰ ਮੁਸਕਰਾਈ ਜ਼ਿੰਦਗੀ।

(ਗ਼ਜ਼ਲ ਨੰ. 19)

ਇਕ ਹੋਰ ਉਦਾਹਰਣ ਪੜ੍ਹੋ। ਅਜਿਹੇ ਕਾਫ਼ੀਏ ਰਦੀਫ਼ ਵਰਤਣੇ ਕਦਾਚਿਤ ਗ਼ਲਤ ਨਹੀਂ ਹੁੰਦੇ ਸਗੋਂ ਸ਼ਾਇਰ ਸੱਗੂ ਵਾਂਗ ਨਿਭਾਉਂਣੇ ਬਹੁਤ ਮੁਸ਼ਕਿਲ ਹੁੰਦੇ ਹਨ।

ਜਿਸ ਦੇ ਰਾਹਾਂ ਵਿਚ ਮਚੀ ਹੈ ਖਲਬਲੀ।
ਕਿਸ ਤਰ੍ਹਾਂ ਮੰਜ਼ਿਲ ਉਹ ਪਾਊ ਆਦਮੀ।

(ਗ਼ਜ਼ਲ ਨੰ. 74)

ਸ਼ਾਇਰ ਸੱਗੂ ਦੀ ਗ਼ਜ਼ਲਗੋਈ ਦਾ ਉੱਚਾ ਮੁਕਾਮ ਹੈ। ਕਾਫ਼ੀਆਂ ਮਾਮੂਲਾ ਇਕ ਗ਼ਜ਼ਲ ਵਿਚ ਬਾਖ਼ੂਬੀ ਨਿਭਾਇਆ ਹੈ।

ਸੱਪਾਂ ਨੂੰ ਵੀ ਦੁੱਧ ਪਿਲਾ ਕੇ ਦੇਖ ਲਿਆ।
ਉਨ੍ਹਾਂ ਨੇ ਵੀ ਡੰਗ ਚਲਾ ਕੇ ਦੇਖ ਲਿਆ।

(ਗ਼ਜ਼ਲ ਨੰ. 35)

ਜਿਨ੍ਹਾਂ ਗ਼ਜ਼ਲਾਂ ਦੇ ਕਾਫ਼ੀਏ ਰਦੀਫ਼ ਇਕੋ ਹੁੰਦੇ ਹਨ, ਉਨ੍ਹਾਂ ਨੂੰ ਇਕੋ ਜ਼ਮੀਨ ਦੀਆਂ ਗ਼ਜ਼ਲਾਂ ਕਿਹਾ ਜਾਂਦਾ ਹੈ। ਸ਼ਾਇਰ ਸੱਗੂ ਦੇ ਇਸ ਗ਼ਜ਼ਲ ਸੰਗ੍ਰਹਿ ਵਿਚ ਵਖੋ ਵਖਰੀ ਜ਼ਮੀਨ ਦੀਆਂ ਗ਼ਜ਼ਲਾਂ ਹਨ।

ਕਦੇ ਕਦੇ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਸ਼ਾਇਰ ਇਕ ਸ਼ਿਅਰ ਮਾਹਰਕੇ ਵਾਲਾ ਬਹੁਤ ਉਚ ਪਾਏ ਦਾ ਕਹਿ ਜਾਂਦਾ ਹੈ ਅਤੇ ਪੂਰੀ ਗ਼ਜ਼ਲ ਉਸ ਸ਼ਿਅਰ ਦੇ ਬਰਾਬਰ ਨਹੀਂ ਹੁੰਦੀ। ਅਜਿਹੇ ਸ਼ਿਅਰ ਨੂੰ ਸਨਦ ਵੀ ਕਹਿ ਸਕਦੇ ਹਾਂ। ਭੂਪਿੰਦਰ ਸਿੰਘ ਸੱਗੂ ਦੇ ਅਜਿਹੇ ਸ਼ਿਅਰਾਂ ਵਿਚੋਂ ਇਕ ਸ਼ਿਅਰ ਨੂੰ ਪੜ੍ਹੋ।

ਥਰਕਣ ਉਸ ਦੀ ਪਾਰੇ ਵਰਗੀ ਕਦੇ ਜੁਆਨੀ ਨੱਚਦੀ ਸੀ,
ਵੇਖ ਕੇ ਧੌਲੇ ਸ਼ੀਸ਼ੇ ਮੂਹਰੇ ਕਰਦੀ ਹੁਣ ਸ਼ਿੰਗਾਰ ਨਹੀਂ।

(ਗ਼ਜ਼ਲ ਨੰ. 4)

ਛੋਟੇ ਬਹਿਰ ਦੀ ਗ਼ਜ਼ਲ ਕਹਿਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭੁਜੰਗ ਛੰਦ ਦੇ ਸੁਰ ਤੋਲ ਨੂੰ ਅਪਨਾਉਣਾ ਹੁੰਦਾ ਹੈ। ਸ਼ਾਇਰ ਸੱਗੂ ਨੇ ਛੋਟੇ ਬਹਿਰ ਦੀਆਂ ਗ਼ਜ਼ਲਾਂ ਵੀ ਬਾਕਮਾਲ ਕਹੀਆਂ ਹਨ।

ਤੇਗ਼ ਚਲਾ।
ਜ਼ੁਲਮ ਮਿਟਾ।
ਹੱਕ ਲਈ ਲੜ
ਨਾ ਘਬਰਾ। (ਗ਼ਜ਼ਲ ਨੰ. 52)

ਜਦੋਂ ਕੋਈ ਦਿਲੀ ਕੈਫ਼ੀਅਤ ਕਾਵਿਕ ਢਾਂਚੇ ਵਿਚ ਢਲ ਕੇ ਸਾਡੇ ਸਾਹਮਣੇ ਆਉਂਦੀ ਹੈ ਤਾਂ ਅਸੀਂ ਉਸਨੂੰ ਸ਼ਿਅਰ ਕਹਿੰਦੇ ਹਾਂ। ਜਿਵੇਂ ਕਿਸੇ ਮਨੁੱਖ ਦੀ ਚੰਗਿਆਈ ਦਾ ਨਿਰੀਖਣ ਕਰਨ ਲੱਗੇ ਇਹ ਨਹੀਂ ਵੇਖਦੇ ਕਿ ਇਹ ਲੰਙਾ ਹੈ, ਟੁੰਡਾ ਹੈ ਜਾਂ ਕਾਣਾ ਹੈ ਪ੍ਰੰਤੂ ਅਸੀਂ ਉਸਦੇ ਸੁਭਾਵ, ਆਦਤਾਂ ਅਤੇ ਲਿਆਕਤ ਨੂੰ ਹੀ ਵੇਖਦੇ ਹਾਂ। ਉਸੇ ਪ੍ਰਕਾਰ ਕਿਸੇ ਸ਼ਿਅਰ ਨੂੰ ਕੇਵਲ ਛੰਦਾਂ ਬੰਦੀ ਵਿਚ ਹੋਣ ਕਰਕੇ ਅਸੀਂ ਚੰਗਾ ਸ਼ਿਅਰ ਨਹੀਂ ਆਖਾਂਗੇ। ਉਸ ਸ਼ਿਅਰ ਵਿਚ ਵਿਚਾਰ, ਲੈਅ ਅਤੇ ਰਸਦਾਇਕ ਸ਼ਬਦਾਵਲੀ ਦਾ ਹੋਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਕਈ ਸ਼ਾਇਰ ਜਦ ਕੋਈ ਸ਼ਿਅਰ ਕਹਿੰਦੇ ਹਨ ਤਾਂ ਉਹ ਸ਼ਿਅਰ ਨਾ ਤਾਂ ਪਾਠਕ ਦੇ ਹਿਰਦੇ ਨੂੰ ਝੰਜੋੜਦੇ ਹਨ ਅਤੇ ਨਾ ਹੀ ਉਨ੍ਹਾਂ ਸ਼ਿਅਰਾਂ ਦਾ ਕੋਈ ਸਾਰਥਿਕ ਮਤਲਬ ਮਨੁੱਖਤਾ ਵਾਸਤੇ ਹੁੰਦਾ ਹੈ। ਇਸ ਕਦਰ ਸ਼ਾਇਰ ਸੱਗੂ ਦੇ ਸਾਰੇ ਸ਼ਿਅਰ ਸੁਲਾਉਹਣ ਯੋਗ ਹਨ। ਆਓ ਹੁਣ ਸ਼ਾਇਰ ਸੱਗੂ ਦੇ ਸ਼ਿਅਰਾਂ ਦਾ ਲੁਤਫ਼ ਮਾਣੀਏ।

ਗ਼ਜ਼ਲ ਦੇ ਸ਼ਿਅਰ ਨੂੰ ਹੋਰ ਭਾਵਪੂਰਤ ਬਣਾਉਣ ਵਾਸਤੇ, ਇਕ ਜਾਂ ਇਕ ਤੋਂ ਵੱਧ ਪ੍ਰਤੀਕਾਂ ਦਾ ਸਹਾਰਾ ਲਿਆ ਜਾਂਦਾ ਹੈ। ਜਿਸ ਕਾਰਨ ਸ਼ਿਅਰਾਂ ਵਿਚ ਸੰਜਮਤਾ ਆ ਜਾਂਦੀ ਹੈ। ਇਹ ਸੰਜਮਤਾ ਹੀ ਗ਼ਜ਼ਲ ਦਾ ਦੈਵੀ ਗੁਣ ਹੈ। ਸੱਗੂ ਨੇ ਆਪਣੀਆਂ ਕਹੀਆਂ ਗ਼ਜ਼ਲਾਂ ਵਿਚ ਭਿੰਨ ਭਿੰਨ ਪ੍ਰਤੀਕ ਵਰਤੇ ਹਨ। ਉਸਦੀਆਂ ਗ਼ਜ਼ਲਾਂ ਪ੍ਰਤੀਕ ਪ੍ਰਧਾਨ ਗ਼ਜ਼ਲਾਂ ਹਨ। ਸ਼ਾਇਰ ਸੱਗੂ ਦੇ ਸ਼ਿਅਰ ਉਹ ਅਲਕਾਏ ਹਨ ਜਿਹੜੇ ਖਿਆਲਾਂ ਦੇ ਉਚੇ ਪੁਲਾੜ ਤੋਂ ਫ਼ਿਸਲ ਕੇ ਕਲਪਨਾ ਦੇ ਅੰਤ੍ਰਿਕਸ਼ ਰਾਹੀ ਹੁੰਦੇ ਹੋਏ ਪਾਠਕ ਜਾਂ ਸਰੋਤੇ ਦੇ ਹਿਰਦੇ ਦੀ ਸਤਾਹ ਉਪਰ ਆ ਟਿਕਦੇ ਹਨ। ਸ਼ਾਇਰ ਸੱਗੂ ਦੇ ਇਹ ਪ੍ਰਤੀਕ ਸਮਾਜਕ, ਸੱਭਿਆਚਾਰਕ, ਰਾਜਨੀਤਕ, ਇਤਹਾਸਕ ਅਤੇ ਧਾਰਮਿਕ ਪਰਸਥਿਤੀਆਂ ਨੂੰ ਦਰਸਾਉਂਦੇ ਵਿਗਿਆਨਕ ਹਨ, ਕਿਉਂਕਿ ਕੁਦਰਤ ਵਿਗਿਆਨਕ ਹੈ ਅਤੇ ਸ਼ਾਇਰ ਸੱਗੂ ਨੇ ਵਰਤੇ ਪ੍ਰਤੀਕਾਂ ਰਾਹੀਂ ਕੁਦਰਤ ਦੇ ਵਿਧਾਨ ਦੀ ਪੁਨਰ ਸਥਾਪਨਾ ਹੋਈ ਹੈ ਅਤੇ ਸ਼ਿਅਰਾਂ ਰਾਹੀਂ ਸ਼ਾਇਰ ਮਨੁੱਖਤਾ ਦੀ ਖੁਸ਼ਹਾਲੀ ਵਾਸਤੇ ਯਤਨਸ਼ੀਲ ਹੁੰਦਾ ਹੈ। ਮਨੁੱਖਤਾ ਨੂੰ ਖੋਰਾ ਲਾ ਰਹੀ ਦੋਸਤੀ, ਬੇਇਨਸਾਫ਼ੀ ਅਤੇ ਹੰਕਾਰ ਨੂੰ ਰੱਜ ਕੇ ਭੰਡਦਾ ਹੈ। ਸੱਗੂ ਦੀ ਸ਼ਾਇਰੀ ਰਾਹੀਂ ਹੱਕ ਅਤੇ ਸੱਚ ਦਾ ਸੰਘਰਸ਼ ਸ਼ੁਰੂ ਹੁੰਦਾ ਹੈ। ਪਰਦੇਸਾਂ ਵਿਚ ਪੰਜਾਬੀਆਂ ਦੇ ਜੀਵਨ ਵਿਚ ਨਸਲਵਾਦੀ ਗਤੀਵਿਧੀਆਂ ਬਾਰੇ ਵੀ ਪ੍ਰਤੀਕ ਪੜ੍ਹਨ ਵਿਚ ਆਏ ਹਨ।

ਕੇਸ ਕਾਫ਼ਿਰ ਨੇ ਉਸਾਰੀ ਰੰਗ ਨਸਲ ਦੀ ਕੰਧ ਇਹ,
ਪਾਣੀਆਂ ਵਿਚ ਲੀਕ ਜੋ ਖਿੱਚੀ ਮਿਟਾਈਏ ਦੋਸਤੋ।

(ਗ਼ਜ਼ਲ ਨੰ. 6)

ਇਸ ਸ਼ਿਅਰ ਵਿਚ 'ਪਾਣੀ ਵਿਚ ਲੀਕ' ਪ੍ਰਤੀਕ ਅਪ੍ਰਸੰਗਕ ਹੈ ਕਿਉਂਕਿ ਪਾਣੀ ਉਪਰ ਖਿੱਚੀ ਲੀਕ ਬਿਨ੍ਹਾਂ ਮੁਸ਼ੱਕਤ ਖ਼ੁਦ ਮਿਟ ਜਾਂਦੀ ਹੈ।

ਸ਼ਿਬਲੀ ਨੇ ਫੁੱਲ ਮਾਰ ਕਿਹਾ ਏ ਈਸਾ ਨੂੰ,
ਤੇਰੀਆਂ ਗੱਲਾਂ ਸੱਚ ਮੁਚ ਨੇ ਕਮਾਲ ਦੀਆਂ।

(ਗ਼ਜ਼ਲ ਨੰ. 4)

ਪੱਛਮ ਦੀ ਮੰਡੀ ਅੰਦਰ ਹਨ ਵਿਕਦੀਆਂ ਜ਼ਮੀਰਾਂ,
ਲਾਲਚ ਦੇ ਦੇਵਤੇ ਦੀ ਜੱਗ ਆਰਤੀ ਉਤਾਰੇ।

(ਗ਼ਜ਼ਲ ਨੰ. 9)

ਨਸਲਵਾਦ ਦਾ ਸੱਪ ਨਿਰਾਲਾ ਡੰਗਦਾ ਹੈ।
ਹੱਡ ਚਬਾਕੇ ਮਾਸ ਦਿਲਾਂ ਦਾ ਮੰਗਦਾ ਹੈ।

(ਗ਼ਜ਼ਲ ਨੰ. 15)

ਤਰਨ, ਡੁੱਬਣ, ਮਰਨ ਜਾਂ ਜੀਣ ਦਾ,
ਕੌਣ ਤਾਰੂ ਖ਼ਿਆਲ ਕਰਦਾ ਹੈ?

(ਗ਼ਜ਼ਲ ਨੰਬਰ 11)

ਡੁਸਕ ਪਈ ਸ਼ਰਧਾ ਜਦੋਂ ਪੱਥਰ ਦਾ ਠਾਕੁਰ ਚੁੱਪ ਰਿਹਾ,
ਫਿਰ ਮਾਂ ਨੂੰ ਪੂਜਿਆ ਮੈਂ ਇਕ ਮੰਦਰ ਦੀ ਤਰ੍ਹਾਂ।

(ਗ਼ਜ਼ਲ ਨੰ. 12)

ਗੱਲ ਅਮਨ ਦੀ ਹਰ ਪਾਸੇ ਜੋ ਹਾਕਮ ਕਰਦੇ ਰਹਿੰਦੇ ਨਿਤ,
ਜੇਕਰ ਤੱਕੀਏ ਗਹੁ ਨਾਲ ਤਾਂ ਢੋਲ ਦਿਖਾਈ ਦਿੰਦੇ ਨੇ।

(ਗ਼ਜ਼ਲ ਨੰ. 27)

ਬੁਜ਼ਦਿਲ ਬੰਦਾ ਸੀਸ ਝੁਕਾਵੇ ਪੱਥਰਾਂ ਨੂੰ,
ਆਪਣੇ ਪਾਪਾਂ ਕੋਲੋਂ ਡਰਦਾ ਜਾਂਦਾ ਹੈ।

(ਗ਼ਜ਼ਲ ਨੰ. 31)

ਸੱਚ ਹੈ ਕਿ ਪੰਜਾਬ ਖੁਰਦਾ ਜਾ ਰਿਹਾ।
ਫਿਰ ਸਮੇਂ ਦੇ ਹੱਥੀਂ ਭੁਰਦਾ ਜਾ ਰਿਹਾ।

(ਗ਼ਜ਼ਲ ਨੰ. 20)

ਸ਼ਾਇਰ ਸੱਗੂ ਦੇ ਸ਼ਿਅਰਾਂ ਨੂੰ ਪੜ੍ਹ ਕੇ ਇੰਝ ਲਗਦਾ ਹੈ ਕਿ ਉਹ ਬੜੇ ਸਹਿਜ

ਨਾਲ ਹੀ ਹਰ ਸ਼ਿਅਰ ਕਹਿ ਜਾਂਦਾ ਹੈ। ਇਸ ਸਹਿਜ ਨਾਲ ਕਹੇ ਸ਼ਿਅਰਾਂ ਨੂੰ ਅਸੀਂ ਪੰਜਾਬੀ ਭਾਸ਼ਾ ਵਿਚ ਸਹਿਜ ਉਤਪੰਨ ਸ਼ਿਅਰ ਭਾਵ ਉਸਦੇ ਧੁਰ ਹਿਰਦਿਓ ਆਈ ਆਵਾਜ਼ ਅਤੇ ਉਰਦੂ ਜਾਂ ਅਰਬੀ ਭਾਸ਼ਾ ਵਿਚ 'ਫ਼ਿਲਵਦੀ' ਸ਼ਿਅਰ ਆਖਿਆ ਜਾਂਦਾ ਹੈ। ਮੇਰੇ ਇਸ ਵਿਚਾਰ ਦੀ ਪੁਸ਼ਟੀ ਗ਼ਜ਼ਲ ਨੰ. 34 ਵਿਚ ਸ਼ਾਇਰ ਆਪ ਕਰਦਾ ਹੈ।

ਲਿਖਦੈ ਗ਼ਜ਼ਲ 'ਸੱਗੂ' ਨਹੀਂ ਬਿਨ ਤੋਲ ਬਹਿਰ ਤੋਂ,
ਪਹਿਚਾਣ ਹੁੰਦੀ ਹੈ ਗ਼ਜ਼ਲ ਦੀ ਉਸਦੀ ਬਹਿਰ 'ਚ॥

ਅਮਲੀ ਤੌਰ ਉਪਰ ਇਹ ਗ਼ਜ਼ਲ ਸੰਗ੍ਰਹਿ ਉਸਦੇ ਸਮਕਾਲੀ ਗ਼ਜ਼ਲਗੋਆਂ ਨੂੰ ਵੀ ਸਮਰਪਤ ਹੈ।

'ਪਰਮਾਰ''ਅਜੀਬ' 'ਗਿੱਲ' ਗ਼ਜ਼ਲ ਉਸਤਾਦ ਵੀਰੋ,
'ਸੱਗੂ' ਬਹਿਰਾਂ ਤੋਂ ਕੁਰਬਾਨ, ਸੁਣਾਵਾਂ ਗ਼ਜ਼ਲ ਮੈਂ ਉਸਨੂੰ।

(ਗ਼ਜ਼ਲ ਨੰ. 3)

ਸ਼ਾਇਰ ਸੱਗੂ ਨੇ ਹਰ ਗ਼ਜ਼ਲ ਬਹੁਤ ਹੀ ਸਹਿਜ ਅਤੇ ਸੁਹਜ ਨਾਲ ਲਿਖੀ ਹੈ। ਪਾਠਕ ਹਰ ਗ਼ਜ਼ਲ ਉਪਰ ਨਜ਼ਰਸਾਨੀ ਕਰਦਾ ਦਿਲੋਂ ਇਹ ਗੱਲ ਕਬੂਲਦਾ ਹੈ ਕਿ ਸੱਗੂ ਦੀ ਕਹੀ ਗ਼ਜ਼ਲ ਬੌਧਿਕ ਨਹੀਂ ਹੈ, ਕਿਉਂਕਿ ਉਸ ਕੋਲ ਖ਼ਿਆਲ ਉਡਾਰੀ ਅਤੇ ਸ਼ਬਦ ਭੰਡਾਰ ਏਨਾ ਹੈ ਕਿ ਸ਼ਿਅਰ ਮੱਲੋਮੱਲੀ ਉਤਰਦੇ ਹਨ ਅਤੇ ਦਰਿਆਵਾਂ ਦੇ ਪਾਣੀ ਵਾਂਗ ਰਚਨਾ ਦੇ ਸ਼ੁਹ-ਸਾਗਰ ਵਿਚ ਜਾ ਮਿਲਦੇ ਹਨ। ਏਥੇ ਤੱਕ ਕਿ ਗ਼ਜ਼ਲ ਅੰਦਰ ਆਏ ਕਈ ਸ਼ਿਅਰ ਸਨਦ ਜਾਂ ਮੁਹਾਵਰੇ ਬਣ ਗਏ ਹਨ।

ਜਿਸ ਨੂੰ ਅਪਣੀ ਸੀਮਾ ਦਾ ਗਿਆਨ ਨਹੀਂ ਹੁੰਦਾ।
ਉਹ ਸ਼ਖ਼ਸ ਕਦੇ ਵੀ ਦੋਸਤੋ ਮਹਾਨ ਨਹੀਂ ਹੁੰਦਾ।

(ਗ਼ਜ਼ਲ ਨੰ. 54)

ਖ਼ੂਨ ਦੇ ਰਿਸ਼ਤੇ ਦਾ ਰੰਗ ਚਿੱਟਾ ਹੋ ਚਲਿਆ,
ਤਾਂਹੀ ਸੱਗੂ ਦਾ ਮਨ ਭਰਿਆ ਭਰਿਆ ਹੈ।

(ਗ਼ਜ਼ਲ ਨੰ. 66)

ਕੌਣ ਕਰੇਗਾ ਰਾਖੀ ਸਾਡੀ, ਪਹਿਰੇਦਾਰ ਕਾਤਿਲ ਹੈ।
ਲੋਕ ਵਿਗੁਤੇ ਨੀਂਦਰ ਸੁੱਤੇ ਮਦਹੋਸ਼ੀ ਵਿਚ ਗਾਫ਼ਲਿ ਹੈ।

(ਗ਼ਜ਼ਲ ਨੰ. 24)

ਸ਼ਾਇਰ ਸੱਗੂ ਦੀਆਂ ਗ਼ਜ਼ਲਾਂ ਵਿਚ ਅੰਕਿਤ ਖਿਆਲਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣਾ ਚਾਹੁੰਦਾ ਹੈ। ਉਹ ਰਾਜਨੀਤਕ ਨੇਤਾਵਾਂ ਨੂੰ ਚਿਤਾਵਨੀ ਦਿੰਦਾ ਹੈ ਕਿ ਲੋਕਾਂ ਨੂੰ ਮਜ਼ਬਾਂ ਦੇ ਨਾਮ ਉਪਰ ਭੜਕਾਉਣਾ ਬੰਦ

ਕਰੇ। ਕਿਸੇ ਦੇ ਘਰ ਨੂੰ ਅੱਗ ਲਾ ਕੇ ਤਮਾਸ਼ਾ ਵੇਖਣਾ ਠੀਕ ਨਹੀਂ ਹੈ। ਰਿਸ਼ਵਤਖੋਰੀ ਅਤੇ ਬਲਾਤਕਾਰ ਵਰਗੇ ਮਹੌਲ ਬਣਾਉਣੇ ਠੀਕ ਨਹੀਂ ਹਨ।

ਹੱਕ ਮਿਲਣਾ ਹੱਕਦਾਰ ਨੂੰ ਮੈਂ ਕਹਿੰਦਾ ਹਾਂ।
'ਸੱਗੂ' ਨੂੰ ਪਰ ਦੱਬ ਦਬਾਣਾ ਠੀਕ ਨਹੀਂ।

(ਗ਼ਜ਼ਲ ਨੰ. 81)

ਗ਼ਜ਼ਲਾਂ ਅੰਦਰ ਵਰਤੇ ਗਏ ਪ੍ਰਤੀਕਾਂ ਤੋਂ ਇਲਾਵਾ ਸੱਗੂ ਦੇ ਕਹੇ ਸ਼ਿਅਰਾਂ ਦੀਆਂ ਹੋਰ ਵੀ ਕਈ ਖ਼ੂਬੀਆਂ ਹਨ, ਜਿਨ੍ਹਾਂ ਨੂੰ ਕ੍ਰਮਵਾਰ ਹੇਠ ਲਿਖੇ ਦੀ ਤਰ੍ਹਾਂ ਵਰਨਣ ਕੀਤਾ ਜਾ ਸਕਦਾ ਹੈ। ਸ਼ਾਬਦਿਕ ਅਲੰਕਾਰ ਵਰਤਣ ਵਿਚ ਸੱਗੂ ਬਹੁਤ ਮਾਹਿਰ ਹੈ। ਉਸ ਦੀ ਹਰ ਗ਼ਜ਼ਲ ਵਿਚ ਕਿਸੇ ਨਾ ਕਿਸੇ ਸ਼ਿਅਰ ਵਿਚ ਅਜਿਹੇ ਸ਼ਾਬਦਿਕ ਅਲੰਕਾਰ ਉਪਲੱਬਧ ਹਨ। ਸ਼ਾਬਦਿਕ ਅਲੰਕਾਰਾਂ ਨੂੰ ਉਰਦੂ ਭਾਸ਼ਾ ਵਿਚ ਗ਼ਜ਼ਲਮਈ ਸ਼ਬਦਾਵਲੀ ਅਨੁਸਾਰ 'ਤੱਕਮਾ' ਅਤੇ ਫ਼ਾਰਸੀ ਭਾਸ਼ਾ 'ਅਬਹਾਮ'ਵੀ ਕਿਹਾ ਜਾਂਦਾ ਹੈ, ਜਿਸਦਾ ਭਾਵ ਹੈ ਕਿ ਇਕੋ ਸ਼ਬਦ ਨੂੰ ਕਿਸੇ ਸ਼ਿਅਰ ਵਿਚ ਵਾਰ ਵਾਰ ਵਰਤਣਾ ਅਤੇ ਹਰ ਸਮੇਂ ਉਸਦਾ ਭਾਵ-ਅਰਥ ਅਗਲੀ ਸਮੁੱਚੀ ਸਤਰ ਨਾਲੋਂ ਅਲੱਗ ਬਣ ਜਾਵੇ। ਜਿਵੇਂ ਸ਼ਾਇਰ ਸੱਗੂ ਨੇ ਹੇਠ ਲਿਖੀ ਗ਼ਜ਼ਲ ਨੰ. 26 ਵਿਚ ਸ਼ਬਦ 'ਜਾਣੀ' ਵਰਤਿਆ ਹੈ।

ਮੈਂ ਜੁਗਨੂੰ ਸਹੀ ਮੰਨਿਆ ਕਿ ਸੂਰਜ ਦਾ ਹਾਣੀ ਨਹੀਂ।
ਐਪਰ ਹਨੇਰ ਨੂੰ ਚੀਰਨ ਦੀ ਮੇਰੀ ਆਦਤ ਜਾਣੀ ਨਹੀਂ।
ਜਿਸ ਥਾਂ ਕਤਲ ਕੀਤੇ ਬੇਦੋਸ਼ੇ ਅੱਜ ਦੇ ਜਾਬਰਾਂ,
ਓਸ ਜ਼ਮੀਂ 'ਚੋਂ ਲਹੂ ਦੀ ਮਹਿਕ ਕਦੇ ਜਾਣੀ ਨਹੀਂ।

(ਗ਼ਜ਼ਲ ਨੰ. 26)

ਸੱਗੂ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਉਪਮਾਂ ਅਲੰਕਾਰ ਵੀ ਮੌਜੂਦ ਹਨ। ਅੰਗ੍ਰੇਜ਼ੀ ਵਿਚ 'ਸਿਮਲੀ' ਦੇ ਨਾਮ ਦੇ ਇਸ ਪ੍ਰਯੋਗ ਨੂੰ ਉਰਦੂ ਵਿਚ 'ਤਸ਼ਵੀਹ' ਆਖਿਆ ਜਾਂਦਾ ਹੈ। ਸੱਗੂ ਨੇ 'ਸਾਕੀ'ਅਤੇ 'ਰਿੰਦ'ਸ਼ਬਦ ਦੀ ਸ਼ਾਬਦਿਕ ਤਸ਼ਵੀਹ ਨਾਲ ਬੜੀ ਰੌਚਕ ਸ਼ਬਦਾਵਲੀ ਨਾਲ ਉਨ੍ਹਾਂ ਦੇ ਰਿਸ਼ਤੇ ਨੂੰ ਬਿਆਨ ਕੀਤਾ ਹੈ। ਗ਼ਜ਼ਲ ਦੇ ਇਸ ਰਵਾਇਤੀ ਵਿਸ਼ੇ-ਵਸਤੂ ਉਪਰ ਬਹੁਤੀ ਕਲਮ ਅਜ਼ਮਾਈ ਨਹੀਂ ਕੀਤੀ।

ਨਜ਼ਰ ਸਾਕੀ ਦੀ ਉਲ੍ਹਾਮਾ ਦੇਂਵਦੀ ਰਿੰਦ ਨੂੰ,
ਕਿਸ ਪੈਮਾਨੇ ਦੀ ਤੁਸਾਂ ਨੇ ਗੱਲ ਤੋਰੀ ਹੈ।

(ਗ਼ਜ਼ਲ ਨੰ. 85)

ਸ਼ਾਇਰ ਸੱਗੂ ਹਰ ਗੱਲ ਨੂੰ ਆਪਣੇ ਸ਼ਿਅਰਾਂ ਵਿਚ ਬੜੀ ਰਮਜ਼ ਨਾਲ ਕਹਿੰਦਾ

ਹੈ। ਅਜਿਹਾ ਕਰਦਾ ਉਹ ਸਪੱਸ਼ਟ ਸ਼ਬਦਾਂ ਦੀ ਵਰਤੋਂ ਕਰਦਾ ਹੈ ਅਤੇ ਇਹ ਇਤਹਾਤ ਰੱਖਦਾ ਹੈ ਕਿ ਕਨਾਇਆ ਬੁਝਾਰਤ ਹੀ ਨਾ ਬਣ ਜਾਵੇ। ਏਸੇ ਕਰਕੇ ਉਸਦੇ ਸ਼ਿਅਰਾਂ ਦੇ ਭਾਵ ਸਪੱਸ਼ਟ ਸਮਝ ਆਉਂਦੇ ਹਨ। ਵੰਨਗੀ ਵਜੋਂ ਪੜ੍ਹੋ ਉਸਦੇ ਹੇਠਲੇ ਸ਼ਿਅਰ ਵਿਚ ਵਰਤਮਾਨ ਭੇਖੀ ਸਾਧਾਂ ਸੰਤਾਂ ਦੇ ਕਿਰਦਾਰ ਦੀ ਭੇਦ ਭਰੀ ਗੱਲ ਕਿੰਨੀ ਸਪਸ਼ਟ ਰੂਪ ਵਿਚ ਉਦੇਮਾਨ ਹੁੰਦੀ ਹੈ।

ਸ਼ਾਇਰ ਸੱਗੂ ਦੇ ਜ਼ਿਹਨ ਵਿਚ ਇਕ ਗੱਲ ਜ਼ਰੂਰ ਘਰ ਚੁੱਕੀ ਹੈ ਕਿ ਜਿਸ ਖਾਣੇ ਦੇ ਖਾਣ ਅਤੇ ਜਿਸ ਤਰਲ ਦੇ ਪੀਣ ਨਾਲ ਮਨ ਵਿਚ ਖ਼ਲਬਲੀ ਮਚਦੀ ਹੈ ਉਹ ਉਸ ਪਦਾਰਥ ਅਤੇ ਤਰਲ ਦੇ ਪੀਣ ਅਤੇ ਖਾਣ ਦਾ ਬਹੁਤ ਵਿਰੋਧ ਕਰਦਾ ਹੈ। ਉਸਦੇ ਵਿਅਕਤੀਗਤ ਜੀਵਨ ਬਾਰੇ ਮੈਂ ਬਹੁਤਾ ਨਹੀਂ ਜਾਣਦਾ ਅਜਿਹਾ ਸਿਰਫ਼ ਉਸਦੀਆਂ ਗ਼ਜ਼ਲਾਂ ਅੰਦਰ ਆਏ ਸ਼ਿਅਰ ਹੀ ਕਹਿੰਦੇ ਹਨ।

'ਸੱਗੂ' ਤੋਂ ਜੋ ਦਾਰੂ ਮੰਗੇ,
ਕਾਹਦਾ ਹੈ ਦੋ ਘੁੱਟ ਦਾ ਰਿਸ਼ਤਾ।

(ਗ਼ਜ਼ਲ ਨੰ. 29)

ਰੇਪ, ਕਤਲ ਦੇ ਕੇਸ ਵਿਚ ਫਸ ਜਾਵੇ ਜੋ ਜੇਲ ਵਿਚ,
ਉਹ ਸੰਤ, ਫ਼ਕੀਰ, ਸਾਈਂ ਜਾਂ ਭਗਵਾਨ ਨਹੀਂ ਹੁੰਦਾ।

(ਗ਼ਜ਼ਲ ਨੰ. 54)

ਦੋ ਸ਼ਬਦਾਂ ਨੂੰ ਇੱਕ ਸ਼ਿਅਰ ਵਿਚ ਲਿਖ ਕੇ ਉਸ ਵਿਚੋਂ ਸਾਰਥਕ ਅਤੇ ਉਸਾਰੂ ਨਤੀਜੇ ਕੱਢਣ ਦਾ ਸੱਗੂ ਕੋਲ ਬਹੁਤ ਨਿਪੁੰਨ ਢੰਗ ਹੈ। ਉਸਦੇ ਖ਼ਿਆਲ ਵਿਚ ਇਸ ਦੁਨੀਆਂ ਵਿਚ ਹੁਸ਼ਿਆਰ ਆਦਮੀ ਕਿਵੇਂ ਲੋਕਾਂ ਨੂੰ ਭਰਮਾ ਕੇ ਆਪਣੇ ਮਗਰ ਲਾ ਲੈਂਦਾ ਹੈ। ਹੇਠਲੇ ਸ਼ਿਅਰ ਵਿਚ ਉਸਦਾ ਇਸ਼ਾਰਾ ਧਾਰਮਿਕ ਮਿਸ਼ਨਰੀਆਂ ਅਤੇ ਰਾਜਨੀਤਕ ਨੇਤਾਵਾਂ ਦੇ ਫ਼ਤੂਰ ਅਤੇ ਕੁਲਚਿੰਨ੍ਹ-ਚਿਤਰਨ ਵੱਲ ਹੈ।

ਸੋਚ ਜਿਸਦੀ ਵਿਚ ਖ਼ਿਆਨਤ, ਚਾਲ ਜਿਸ ਦੀ ਵਿਚ ਫ਼ਤੂਰ,
ਉਸਨੇ ਗੱਲਾਂ ਨਾਲ ਮੈਨੂੰ ਪਲ 'ਚ ਹੈ ਭਰਮਾਇਆ।

(ਗ਼ਜ਼ਲ ਨੰ. 71)

ਸ਼ਾਇਰ ਸੱਗੂ ਦੁਨੀਆਂ ਵਿਚੋਂ ਸਚਾਈ ਭਾਲਦਾ ਫਿਰਦਾ ਹੈ। ਬਜਾਤੇਖੁਦ ਉਸਦਾ ਇਹ ਵਿਅਕਤੀਗਤ ਨਿਰਣਾ ਵੀ ਹੋ ਸਕਦਾ ਹੈ ਪਰ ਉਸਦੀ ਤਖ਼ਲੀਕ ਅਨੁਸਾਰ ਉਹ ਸੱਚ-ਮੁੱਚ ਹੀ ਦਿਲ ਦਾ ਸਾਫ਼ ਇਨਸਾਨ ਹੈ। ਸੱਗੂ ਨੇ ਆਪਣੀ ਸ਼ਾਇਰੀ ਵਿਚ ਬਹੁਤ ਪੈਚੀਦੀਆਂ ਸਮੱਸਿਆਵਾਂ ਨੂੰ ਬੜੀ ਸਾਦਗੀ ਨਾਲ ਬਿਆਨਿਆ ਹੈ। ਇਹ ਉਸਦੇ ਸ਼ਿਅਰਾਂ ਦੀ ਖ਼ੂਬਸੂਰਤੀ ਵਧਾਉਂਦੀਆਂ ਹਨ। ਇਸ ਸਾਦਗੀ ਨੂੰ ਦਰਸਾਉਣ ਵਾਸਤੇ ਸੱਗੂ ਨੇ ਸ਼ਿਅਰ ਕਹਿਣ ਲੱਗਿਆ ਬੜੇ ਸਹਿਜ ਤੋਂ ਕੰਮ

ਲਿਆ ਹੈ। ਇਨਸਾਨ ਨੂੰ ਜਾਗਰਤ ਕਰਦਾ ਕਹਿੰਦਾ ਹੈ ਕਿ ਆਪਣੇ ਕਰਮ ਅਨੁਸਾਰ ਫਲ ਦੀ ਇੱਛਾ ਕਰੋ। ਜੇਕਰ ਤੁਸੀਂ ਕਿਸੇ ਦਾ ਬੁਰਾ ਕਰਦੇ ਹੋ ਤਾਂ ਅੱਗਿਓ ਚੰਗਿਆਈ ਮਿਲਣ ਦੀ ਆਸ ਨਾ ਕਰੋ।

ਘਰ ਦੀ ਹਰ ਦੀਵਾਰ ਉੱਤੇ ਫੁੱਲ ਬਨਾਉਟੀ ਟੰਗ ਕੇ,
ਕਾਗਜ਼ੀ ਫੁੱਲਾਂ 'ਚੋਂ ਉਹਨੂੰ ਮਹਿਕ ਦੀ ਕਿਉਂ ਭਾਲ ਹੈ?

(ਗ਼ਜ਼ਲ ਨੰ. 53)

ਹੇਠਲੇ ਸ਼ਿਅਰ ਵਿਚ ਪੰਜਾਬ ਵਿਚ ਨਸ਼ੇ ਦੇ ਵਗਦੇ ਪੰਜਵੇਂ ਦਰਿਆ ਬਾਰੇ ਕਿੰਨੀ ਹਕੀਕਤ ਬਿਆਨੀ ਹੈ। ਹੇਠਲੇ ਸ਼ਿਅਰ ਅੰਦਰ 'ਖਾ ਗਿਆ'ਦੁਹਰੀ ਵਾਰ ਆਉਣ ਕਾਰਨ ਮਿਸਰਾ ਬਹੁਤ ਭਾਵਪੂਰਤ ਅਤੇ ਸੁਆਦਲਾ ਹੋ ਗਿਆ ਹੈ ਇਸ ਕਰਕੇ ਇਸ ਸ਼ਿਅਰ ਵਿਚ ਖ਼ੂਬੀ-ਏ-ਇਤਨਾਬ ਹੈ।

ਭੰਗ, ਅਫ਼ੀਮ, ਚਰਸ ਦਾ ਨਸ਼ਾ ਹੈ ਮਾਰ ਗਿਆ,
ਖਾ ਗਿਆ ਘਰ ਇਹ ਖਾ ਗਿਆ ਅਲੜ੍ਹ ਜਵਾਨੀ ਨੂੰ।

(ਗ਼ਜ਼ਲ ਨੰ. 22)

ਗ਼ਜ਼ਲ ਦੇ ਥੀਮ ਦਾ ਸੋਜ਼ ਅਤੇ ਤੜ੍ਹਪ ਇਕ ਅਨਿਖੜਵਾਂ ਅੰਗ ਹਨ। ਸੱਗੂ ਦੀਆਂ ਗ਼ਜ਼ਲਾਂ ਦੇ ਸ਼ਿਅਰ ਇਸ ਪਖੋਂ ਵੀ ਪਿੱਛੇ ਨਹੀਂ ਹਨ।

ਉਹ ਕਦੀ ਹਰਦਾ ਨਹੀਂ ਜੋ ਹੌਸਲਾ ਨਹੀਂ ਹਾਰ ਦਾ,
ਵੇਖ ਪੋਰਸ ਦੀ ਅਣਖ਼ ਨੂੰ ਇਕ ਸਿਕੰਦਰ ਦੀ ਤਰ੍ਹਾਂ।

(ਗ਼ਜ਼ਲ ਨੰ. 12)

ਜਿਹੜਾ ਸ਼ਾਇਰ ਕਹਿੰਦਾ ਹੈ ਕਿ ਉਸਨੇ ਕੋਈ ਨਵੀਂ ਗੱਲ ਲਿਖੀ ਹੈ, ਉਸਦਾ ਇਸ ਤਰ੍ਹਾਂ ਕਹਿਣਾ, ਉਹ ਆਪਣੇ ਆਪ ਨੂੰ ਦੁਨੀਆਂ ਦਾ ਪਹਿਲਾ ਇਨਸਾਨ ਸਮਝਦਾ ਹੈ। ਵਰਤਮਾਨ ਵਿਚ ਕੋਈ ਸ਼ਾਇਰ ਨਵੀਂ ਗੱਲ ਨਹੀਂ ਕਹਿੰਦਾ ਕਿਉਂਕਿ ਉਹ ਨਵੇਂ ਢੰਗ ਨਾਲ ਕਹਿੰਦਾ ਹੈ ਤਾਂ ਉਸ ਰਚਨਾ ਵਿਚ ਮੌਲਿਕਤਾ ਆ ਜਾਂਦੀ ਹੈ। ਅਜਿਹੀ ਜ਼ਿੱਦਤ ਸ਼ਾਇਰ ਸੱਗੂ ਦੇ ਸ਼ਿਅਰਾਂ ਵਿਚ ਆਮ ਫਹਿਮ ਹੈ। ਉਹ ਜ਼ਿੰਦਗੀ ਦੇ ਭੇਦ ਨੂੰ ਹੇਠ ਲਿਖੇ ਸ਼ਿਅਰ ਵਿਚ ਨਵੇਂ ਢੰਗ ਨਾਲ ਕਹਿੰਦਾ ਹੈ।

ਪਿਆਰ ਕਰ ਸਭ ਨੂੰ ਹੀ ਬੇਸ਼ੁਮਾਰ ਮੇਰੇ ਦੋਸਤਾ।
ਨਾ ਕਰ ਛੋਟਾ ਆਪਣਾ ਆਕਾਰ ਮੇਰੇ ਦੋਸਤਾ।
ਚੰਦ, ਸੂਰਜ, ਤਾਰੇ ਜਿਹੜੇ ਅਰਸ਼ ਦੇ ਵਿਚ ਦੇਖਦੈਂ,
ਇਹ ਨੇ ਕਾਇਨਾਤ ਦਾ ਸ਼ਿੰਗਾਰ ਮੇਰੇ ਦੋਸਤਾ।

(ਗ਼ਜ਼ਲ ਨੰ. 25)

ਪ੍ਰਤੀਕਾਂ ਵਿਚ ਬੰਨ੍ਹੀਆਂ ਕਹਾਣੀਆਂ ਕਈ ਤਾਂ ਬਹੁਤ ਸਰਲ ਹਨ ਜਿਹੜੀਆਂ

ਆਮ ਪਾਠਕ ਦੇ ਧੁਰ ਦਿਲ ਵਿਚ ਵਸ ਜਾਂਦੀਆਂ ਹਨ ਅਤੇ ਬਹੁਤੀਆਂ ਕਹਾਣੀਆਂ ਬਹੁਤ ਹੀ ਬੌਧਕ ਹਨ। ਇਤਹਾਸਕ ਅਤੇ ਮਿਥਹਾਸਕ ਪ੍ਰਤੀਕ ਗੁੰਝਲਾਂ ਦੀਆਂ ਪਰਤਾਂ ਖੋਲ੍ਹਦੇ ਹਨ। ਸਮਾਜਕ ਅਤੇ ਸੱਭਿਆਚਾਰਕ ਪ੍ਰਤੀਕ ਸਮਾਜ ਵਿਚ ਅਸਮਾਜਿਕਤਾ ਅਤੇ ਸੱਭਿਅਤਾ ਨੂੰ ਅਸੱਭਿਅਕ ਹੋਣ ਤੋਂ ਬਚਾਉਣ ਵਰਗੇ ਸੰਦੇਸ਼ ਦਿੰਦੇ ਹਨ। ਅਜਿਹੇ ਸਭ ਕੁਝ ਨੂੰ ਸਮਝਣ ਵਾਸਤੇ ਭੂਪਿੰਦਰ ਸਿੰਘ ਸੱਗੂ ਵਾਂਗ ਸਾਗਰਾਂ ਤੋਂ ਡੂੰਘੇਰਾ ਮੁਤਾਲਿਆ ਚਾਹੀਦਾ ਹੈ। ਹਾਦਸੇ ਦਰ ਹਾਦਸੇ ਦੇ ਆਤਮਸਾਤ ਵਾਸਤੇ ਪਰਬਤ ਜੇਡਾ ਜਿਗਰਾ ਚਾਹੀਦਾ ਹੈ ਅਤੇ ਅਕਾਸ਼ ਤੱਕ ਖ਼ਿਆਲਾਂ ਦੀ ਉਡਾਰੀ ਚਾਹੀਦੀ ਹੈ। ਸੱਗੂ ਦੇ ਕਹੇ ਸ਼ਿਅਰਾਂ ਵਾਂਗ ਚੰਗੀ ਗ਼ਜ਼ਲ ਅੰਦਰ ਦਰਿਆਵਾਂ ਦੇ ਵਹਿਣ ਵਾਂਗ ਰਵਾਨੀ ਚਾਹੀਦੀ ਹੈ। ਇਹ ਪ੍ਰਤੀਕ ਸੱਗੂ ਦੇ ਆਪਣੇ ਜੀਵਨ ਵਿਚ ਘਟੇ ਹਾਦਸੇ, ਪੁਰਾਤਨ ਲੋਕ-ਪ੍ਰਚਲਤ ਕਿਸੇ, ਘਟਨਾਵਾਂ ਅਤੇ ਵਾਰਦਾਤਾਂ, ਭਾਰਤੀ ਸੰਸਕ੍ਰਿਤੀ, ਅਧਿਆਤਮਕ, ਇਤਹਾਸਕ, ਮਿਥਹਾਸਕ ਅਤੇ ਸਮਾਜਕ ਅਦਲ ਬਦਲ ਦੇ ਹਨ। ਭੂਪਿੰਦਰ ਕੱਲ ਦੇ ਸੁਪਨਿਆਂ ਵਿੱਚ ਆਈਆਂ ਮੁਸ਼ਕਲਾਂ ਵਾਸਤੇ ਭਵਿੱਖ ਦੇ ਕੰਡ ਉਤੇ ਬਹਿ ਕੇ ਉਨ੍ਹਾਂ ਦੇ ਹੱਥਾਂ ਦੀ ਕਲਪਨਾ ਕਰਦਾ ਹੈ।

'ਸੱਗੂ' ਮੰਜ਼ਿਲ ਮਿਲਣੀ ਹੈ, ਉੱਠ!
ਕਿਉਂ ਬੈਠੇ ਢੇਰੀ ਢਾ। (ਗ਼ਜ਼ਲ ਨੰ. 76)

ਸ਼ਿਅਰਾਂ ਅਨੁਸਾਰ ਸ਼ਾਇਰ ਦਾ ਇਖ਼ਲਾਕ ਬਹੁਤ ਉੱਚਾ ਹੈ, ਏਸੇ ਕਰਕੇ ਉਸਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਵੀ ਇਖ਼ਲਾਕੀ ਅਤੇ ਇਸਲਾਹੀ ਖਿਆਲ ਅੰਕਿਤ ਹਨ। ਨਾਜ਼ਕ ਖਿਆਲੀ ਗ਼ਜ਼ਲ ਦੇ ਸ਼ਿਅਰਾਂ ਦੀ ਜ਼ਿੰਦ ਜਾਨ ਹੁੰਦੀ ਹੈ। ਨਾਜ਼ਕ ਵਿਚਾਰਾਂ ਤੋਂ ਬਿਨ੍ਹਾਂ ਗ਼ਜ਼ਲ ਇਕ ਕਲਬੂਤ ਦੀ ਤਰ੍ਹਾਂ ਹੁੰਦੀ ਹੈ ਸੱਗੂ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਇਹ ਬਿਆਨ ਵੀ ਬਹੁਤ ਪ੍ਰਚੱਲ ਰੂਪ ਵਿਚ ਨਜ਼ਰ ਆਉਂਦਾ ਹੈ। ਪੜ੍ਹੋ ਕਿਵੇਂ ਸੱਚ ਅਤੇ ਜ਼ੁਲਫਾਂ ਸ਼ਬਦ ਵਰਤ ਕੇ ਸਚਾਈ ਦੀ ਪ੍ਰੀਭਾਸ਼ਾ ਕਾਇਮ ਕੀਤੀ ਹੈ।

ਸੱਚ ਦਾ ਆਸ਼ਿਕ ਕਦੋਂ ਉਲਝਦੇ ਜ਼ੁਲਫਾਂ ਵਿਚ,
ਦੇਖੋ ਉਹ ਬੇਦਾਗ਼ ਗੁਜ਼ਰਦਾ ਜਾਂਦਾ ਹੈ।

(ਗ਼ਜ਼ਲ ਨੰ. 31)

ਸ਼ਾਇਰ ਸੱਗੂ ਨੈਤਿਕਤਾ, ਆਦਰਸ਼ ਅਤੇ ਸੱਭਿਆਚਾਰ ਦੀਆਂ ਤਰਬਾਂ ਛੇੜਦਾ ਹੈ। ਉਸਦੀ ਤਖ਼ਲੀਕ ਵਿਚ ਯਥਾਰਥ ਹੈ। ਉਹ ਆਪਣੇ ਦਰਸ਼ਨ ਦੇ ਮਖੌਟੇ ਨੂੰ ਨਵੀਆਂ ਕਦਰਾਂ ਕੀਮਤਾਂ ਨਾਲ ਲਿਸ਼ਕਾਉਂਦਾ ਹੈ। ਸੱਗੂ ਆਪਣੀ ਤਖ਼ਲੀਕ ਰਾਹੀਂ ਪ੍ਰਤਿਗਾਮੀ ਰੁੱਚੀਆਂ ਨੂੰ ਚੰਗੇਰੇ ਭਵਿੱਖ ਵਾਸਤੇ ਜਾਗਰੂਕ ਕਰਕੇ ਪ੍ਰਗਤੀ ਕਰਨ ਲਈ ਉਕਸਾਉਂਦਾ ਹੈ। ਪੁਰਾਣੇ ਗੰਜੀਬਾਰ ਸਮਾਜ ਅਤੇ ਸੱਭਿਆਚਾਰਾਂ ਦਾ ਸੰਸ਼ੋਧਨ

ਕਰਦਾ ਹੈ। ਸ਼ਾਇਰ ਸੱਗੂ ਦੀਆਂ ਗ਼ਜ਼ਲਾਂ ਸਦੀਆਂ ਬਾਅਦ ਬਦਲਣ ਵਾਲੇ ਨਿਜ਼ਾਮ ਦੀ ਧਰਾਤਲ ਤਿਆਰ ਕਰਦੀਆਂ ਹਨ।

ਸ਼ਾਇਰ ਵਾਸਤੇ ਇਹ ਦੁਨੀਆਂ ਇਕ ਸੁਪਨਾ ਨਹੀਂ ਪਰ ਹਕੀਕਤ ਹੈ। ਉਹ ਇਸ ਹਕੀਕਤ ਵਿਚ ਕਈ ਤਰ੍ਹਾਂ ਦੇ ਕਲੰਦਰਾਂ ਨੂੰ ਮੁਹਰੀ ਹੋਇਆ ਦੇਖਦਾ ਹੈ। ਉਸਨੂੰ ਇਸ ਦੁਨੀਆਂ ਵਿਚ ਚੰਗੇ ਮਾੜੇ ਸਭ ਕਿਰਦਾਰ ਨਜ਼ਰ ਆਉਂਦੇ ਹਨ। ਜਿਥੇ ਉਹ ਦੁਨੀਆਂ ਨੂੰ ਇਕ ਭੇਖੀ ਮਨੁੱਖ ਕੰਟਰੋਲ ਕਰਦਾ ਦਿਸਦਾ ਹੈ ਉਥੇ ਨਾਲ ਨਾਲ ਉਸਨੂੰ ਕਈ ਲੋਕ ਪੈਗ਼ੰਬਰ ਵਰਗੇ ਵੀ ਦਿਸਦੇ ਹਨ। ਜਿਹੜੇ ਦੁਨੀਆਂ ਨੂੰ ਹੌਸਲਾ ਦੇ ਕੇ ਮੰਜ਼ਿਲ ਤੱਕ ਪਹੁੰਚਾਣਾ ਵੀ ਚਾਹੁੰਦੇ ਹਨ। ਸ਼ਾਇਰ ਨੂੰ ਇਸ ਦੁਨੀਆਂ ਵਿਚ ਹੁੰਕਾਰ, ਵਿਖਾਵਾ ਅਤੇ ਚੌਧਰ ਬਹੁਤ ਵੱਧ ਗਈ ਸਪੱਸ਼ਟ ਤੌਰ ਪਰ ਨਜ਼ਰ ਆਉਂਦੀ ਹੈ। ਭਾਵੇਂ ਗੁਰਬਾਣੀ ਮਨੁੱਖ ਨੂੰ ਇਸ ਸਭ ਕੁਝ ਉਪਰ ਕਾਬੂ ਰੱਖਣ ਵਾਸਤੇ ਬਹੁਤ ਨਸੀਹਤਾਂ ਦਿੰਦੀ ਹੈ ਪਰ ਕਾਮ, ਕ੍ਰੋਧ, ਲੋਭ, ਮੁਹ, ਹੰਕਾਰ ਬੇਕਾਬੂ ਹੁੰਦਾ ਸ਼ਾਇਰ ਨੂੰ ਆਮ ਦਿਸਦਾ ਹੈ ਅਤੇ ਸੱਗੂ ਅਨੁਸਾਰ ਇਹ ਬੇਕਾਬੂ ਸਥਿਤੀ ਮਨੁੱਖ ਦੀ ਇੱਛਾ ਕਰਕੇ ਪ੍ਰਬਲ ਹੁੰਦੀ ਜਾ ਰਹੀ ਹੈ। ਇਸ ਨੂੰ ਕਾਬੂ ਵਿਚ ਲਿਆਉਣ ਵਾਸਤੇ ਸ਼ਾਇਰ ਆਪਣੀ ਇੱਛਾ ਨੂੰ ਪੂਰਨ ਵਾਸਤੇ ਕੋਈ ਸ਼ਰੀਕ ਭਾਲਦਾ ਹੈ।

ਇੱਕ ਜਵਾਨੀ ਦੀ ਤਪਸ਼ ਤੇ ਦੂਸਰਾ ਹਿਜਰਾਂ ਦਾ ਹਾੜ੍ਹ,
ਕਾਸ਼! ਤੂੰ ਜੀਵਨ 'ਚ ਆ ਜਾਂਦਾ ਦਸੰਬਰ ਦੀ ਤਰ੍ਹਾਂ।

(ਗ਼ਜ਼ਲ ਨੰ. 12)

ਗ਼ਜ਼ਲ ਨੰ. 19 ਵਿਚ ਪੰਜਾਬ ਦੇ ਕਿੱਸਿਆਂ ਵਿਚੋਂ ਸੱਸੀ ਦੇ ਮਾਰੂੱਥਲ ਵਰਗੀ ਤਪਸ਼ ਨੂੰ ਇਨਸਾਨ ਸਹਿਣ ਨਹੀਂ ਕਰ ਸਕਦਾ ਭਾਵੇਂ ਉਸ ਸਾਹਮਣੇ ਲੱਖਾਂ ਹਜਾਰਾਂ ਜੀਣ ਵਾਸਤੇ ਵਸੀਲੇ ਉਪਲੱਬਧ ਹੋਣ।

ਤਪਸ਼ ਹਿਜਰਾਂ ਦੀ ਜਰੀ ਹੈ ਉਮਰ ਭਰ ਹੀ ਓਸ ਨੇ,
ਸੇਕ ਪਲ ਭਰ ਦਾ ਨਾ ਸੱਸੀ ਮਾਰੂਥਲ ਵਿਚ ਸਹਿ ਸਕੀ।

ਭੂਪਿੰਦਰ ਸਿੰਘ 'ਸੱਗੂ' ਦਾ ਇਹ ਗ਼ਜ਼ਲ-ਸੰਸਾਰ ਸਮਾਜਕ ਇਸਲਾਹੀ, ਸਭਿਆਚਾਰਕ ਇਹਤਿਯਾਮ, ਰਾਹ ਦਸੇਰਾ ਅਤੇ ਪ੍ਰਤੀਕਾਤਮਕ ਹੈ। ਸ਼ਾਇਰ ਦੇ ਪ੍ਰਤੀਕਾਤਮਕ ਇਹ ਸ਼ਿਅਰ ਕਵੀ 'ਸੁੱਥਰੇ' ਦੇ ਛੰਦਾਂ ਵਾਂਗ ਵਾਰਤਾਲਾਪ ਵਿਚ ਆਪਣੀ ਹੋਂਦ ਬਣਾਉਣ-ਯੋਗ ਹਨ ਕਿਉਂਕਿ ਸ਼ਾਇਰ 'ਸੱਗੂ' ਦੇ ਸ਼ਿਅਰ ਇਕ ਉਹ ਪਵਿਤਰ 'ਮਸ਼ਾਲ' ਹਨ ਜਿਸਨੂੰ ਮਨੁੱਖਤਾ ਦੇ ਹੱਕਾਂ ਦੇ ਸੂਰਜ ਦੇ ਪ੍ਰਕਾਸ਼ ਨਾਲ ਬਾਲਿਆ ਗਿਆ ਹੈ। ਸਮੁਚਾ ਗ਼ਜ਼ਲ-ਸੰਗ੍ਰਹਿ ਪੜ੍ਹ ਕੇ ਪਾਠਕ ਇਸ ਨਤੀਜੇ ਉਪਰ ਪੁਜਦਾ ਹੈ ਕਿ ਸ਼ਾਇਰ ਸੱਗੂ ਰੌਸ਼ਨੀਆਂ ਦਾ ਸ਼ਾਇਰ ਹੈ। ਸ਼ਾਇਰ 'ਲਿਬਰਲ' ਹੈ ਅਤੇ ਉਸਦੀ ਸ਼ਾਇਰੀ ਤੂਫਾਨਾਂ ਨਾਲ ਮੱਥਾ ਲਾ ਕੇ ਆਪਣੀ ਮੰਜ਼ਿਲ ਨੂੰ

ਪਰਾਪਤ ਕਰਨ ਵਾਸਤੇ ਉਤਸ਼ਾਹਤ ਕਰਦੀ ਹੈ। 'ਮਸ਼ਾਲ' ਸ਼ਬਦ ਇਸ ਗ਼ਜ਼ਲ-ਸੰਗ੍ਰਹਿ ਦੇ ਨਾਮੀਕਰਨ ਨਾਲ ਵੀ ਸੰਬੰਧਤ ਹੈ। ਉਂਞ ਤਾਂ ਇਸ ਗ਼ਜ਼ਲ-ਸੰਗ੍ਰਹਿ ਦਾ ਹਰ ਸ਼ਿਅਰ ਮਸ਼ਾਲ ਵਾਂਗ ਚਾਨਣ ਮੁਨਾਰਾ ਹੈ ਪਰ ਕੁਝ ਕੁ ਸ਼ਿਅਰ ਸਿਰਫ ਤੇ ਸਿਰਫ 'ਮਸ਼ਾਲ' ਉਪਰ ਕਈ ਤਰ੍ਹਾਂ ਦੇ ਅਰਥਾਂ ਨਾਲ ਕਹੇ ਗਏ ਹਨ। ਸ਼ਾਇਰ ਸੱਗੂ ਆਪਣੇ ਸਾਥੀਆਂ ਨੂੰ ਵੰਗਾਰ ਦਿੰਦਾ ਹੈ ਕਿ ਮੰਜ਼ਲ ਦੇ ਰਾਹ ਬਹੁਤ ਬਿਖੜੇ, ਹਨੇਰੇ ਅਤੇ ਖ਼ਤਰਨਾਕ ਹਨ। ਐ ਦੋਸਤੋ! ਆਪਣੇ ਹੱਥ ਵਿਚ ਮਸ਼ਾਲ ਫੜ੍ਹ ਕੇ ਮੰਜ਼ਲ ਵੱਲ ਵੱਧੋ ਤਾਂ ਕਿ ਸਾਥੀਆਂ ਵਾਸਤੇ ਰਸਤਾ ਰੁਸ਼ਨਾਈ ਹੋ ਸਕੇ।

ਰਾਹਾਂ ਵਿਚ ਘੁੱਪ ਹਨੇਰਾ ਹੈ ਫੜ ਹੱਥ ਦੇ ਵਿਚ ਮਸ਼ਾਲ 'ਸੱਗੂ'
ਵੰਗਾਰ ਰਹੀ ਤੇਰੀ ਰੂਹ ਤੈਨੂੰ ਮੰਜ਼ਿਲ ਦੀ ਕਰ ਤੂੰ ਭਾਲ 'ਸੱਗੂ'।

(ਗ਼ਜ਼ਲ ਨੰ. 17)

ਸ਼ਾਇਰ 'ਓਲਿੰਪਕ-ਟਾਰਚ' ਦੀ ਪਵਿਤਰ ਅਗਨ ਦੇ ਪ੍ਰਤੀਕ ਨੂੰ ਇਕ ਸ਼ਿਅਰ ਵਿਚ ਪਰੋਖ ਵਿਚ ਵਰਤਦਾ ਕਹਿੰਦਾ ਹੈ ਕਿ ਲਗਾਤਾਰ ਇਕ ਦੂਜੇ ਨਾਲ ਪਵਿਤਰ ਪ੍ਰੇਮ ਪਿਆਰ ਦੇ ਗੀਤ ਗਾਉਂਦੇ ਰਹਿਣਾ ਚਾਹੀਦਾ ਹੈ ਅਤੇ ਪ੍ਰੇਮ ਪਿਆਰ ਦੇ ਰਾਹਾਂ ਦੇ ਹਨੇਰਿਆਂ ਨੂੰ ਏਕਤਾ ਕਰ ਨਾਲ ਦੂਰ ਕਰਨ ਵਾਸਤੇ ਮਸ਼ਾਲ ਨੂੰ ਹਮੇਸ਼ਾ ਬਲਦੀ ਰੱਖੀ।

'ਸੱਗੂ' ਤੂੰ ਹਰ ਜਗ੍ਹਾ ਤੇ ਉਲਫ਼ਤ ਦੇ ਗੀਤ ਗਾਉਂਣਾ,
'ਨ੍ਹੇਰੇ ਨੂੰ ਦੂਰ ਕਰਨਾ ਬਲਦੀ ਮਸ਼ਾਲ ਰੱਖੀਂ।

(ਗ਼ਜ਼ਲ ਨੰ. 73)

ਜਦ ਹਜੂਮ ਆਪਣੇ ਹੱਥਾਂ ਵਿਚ ਮਸ਼ਾਲਾਂ ਫੜਕੇ ਤੁਫਾਨਾਂ ਅਤੇ ਬਿਖੜੇ ਰਾਹਾਂ ਦੀ ਨਾ ਪਰਵਾਹ ਕਰਦੇ ਹੋਏ ਆਪਣੀ ਮੰਜ਼ਿਲ ਵੱਲ ਵਹੀਰਾਂ ਘੱਤ ਲੈਂਦੇ ਹਨ ਤਾਂ ਇਸ ਬਣੀ ਏਕਤਾ ਨਾਲ ਅਕੀਦੇ ਸੰਪੂਰਨ ਹੋ ਜਾਂਦੇ ਹਨ।

ਹੱਥੀਂ ਫੜ੍ਹ ਕੇ ਮਸ਼ਾਲਾਂ ਚੱਲੇ ਜੋ ਸੀ ਉਨ੍ਹਾਂ ਨਾਲ,
ਦੀਪ ਏਕਤਾ ਦਾ ਰਲ ਮਿਲ ਬਾਲ ਹੋ ਗਿਆ।

(ਗ਼ਜ਼ਲ ਨੰ. 85)

ਹੁਸਨ ਸਮਰਪਣ ਗ਼ਜ਼ਲ ਦੇ ਕਰੀਨਿਆਂ ਵਿਚੋਂ ਇਕ ਮੁੱਖ ਕਰੀਨਾ ਹੈ। ਸ਼ਬਾਬ, ਸ਼ਰਾਬ ਅਤੇ ਕਬਾਬ ਤੋਂ ਉਪਰ ਉੱਠ ਕੇ ਭੂਪਿੰਦਰ ਸੱਗੂ ਮਨੁੱਖੀ ਦਰਸ਼ਨ ਅਤੇ ਗ਼ਜ਼ਲ ਦੇ ਰੂਪ-ਵਿਧਾਨ ਨੂੰ ਸਮਰਪਤ ਹੈ। ਸ਼ਾਇਰ ਸੱਗੂ ਦਾ ਸਮੁਚਾ ਗ਼ਜ਼ਲ ਸੰਗ੍ਰਹਿ ਜ਼ਿੰਦਗੀ ਮੌਤ ਦੇ ਵਿਚਕਾਰਲੇ ਕਾਲ ਨੂੰ ਸਮਰਪਤ ਹੈ। ਇਸ ਕਾਲ ਵਿਚ ਮਨੁੱਖ ਦੇ ਬਚਪਨ ਦੀ ਲਾਪਰਵਾਹੀ ਦਾ ਵਰਨਣ, ਜੁਆਨੀ ਵਿਚ ਆਪ-ਹੁਦਰੀਆਂ ਦਾ ਖੁਲਾਸਾ, ਸ਼ੁਹਰਤ, ਧੋਖਾ, ਮਿਤਰ-ਮਾਰ ਅਤੇ ਲਾਲਚ ਆਦਿ, ਬੁਢਾਪੇ ਵਿਚ

ਸਿਆਣਪ ਦਾ ਪ੍ਰਵਾਹ ਅਤੇ ਮੌਤ ਦੀ ਉਡੀਕ ਦੇ ਵਕਤ ਨੂੰ ਵੀ ਆਪਣੇ ਸ਼ਿਅਰਾਂ ਵਿਚ ਜਗ੍ਹਾ ਦਿਤੀ ਹੈ। ਸ਼ਾਇਰ ਅਨੁਸਾਰ ਮਨੁੱਖ ਨੂੰ ਆਪਣੀ ਕੀਮਤੀ ਜ਼ਿੰਦਗੀ ਵਿਚ ਅਜਿਹੇ ਕਾਰਜ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਨਿਆਸਰਿਆਂ ਨੂੰ ਆਸਰਾ ਮਿਲੇ ਤਾਂ ਕਿ ਉਹ ਵੀ ਆਪਣਾ ਜੀਵਨ ਪੱਧਰ ਉਪਰ ਚੁੱਕ ਸਕੇ ਪਰ ਸੱਗੂ ਦਾ ਇਹੋ ਦੁੱਖ ਹੈ ਕਿ ਹਰ ਇਨਸਾਨ ਵਿਅਕਤੀਗਤ ਸੋਚ ਰਖਦਾ ਹੈ ਜਿਸਨੂੰ ਬਾਖ਼ੂਬੀ ਆਪਣੇ ਸ਼ਿਅਰਾਂ ਰਾਹੀਂ ਉਜਾਗਰ ਕੀਤਾ ਹੈ। ਦੋਸਤੀ ਪੁਗਾਉਣ ਨੂੰ ਤਰਜੀਹ ਦਿੰਦਾ ਹੈ। ਬੇਵਫ਼ਾਈ ਸ਼ਾਇਰ ਦੇ ਮਨ ਉਪਰ ਗਹਿਰਾ ਅਸਰ ਕਰਦੀ ਹੈ ਅਤੇ ਬੇਵਫ਼ਾਈ ਨੂੰ ਪਾਠਕਾਂ ਸਾਹਮਣੇ ਲਿਆ ਕੇ ਇਸ ਪ੍ਰਤੀ ਘ੍ਰਿਣਾ ਕਰਵਾਉਣਾ ਸ਼ਾਇਰ ਆਪਣਾ ਪਰਮ ਧਰਮ ਸਮਝਦਾ ਹੈ। ਉਹ ਗੁਨਾਹਾਂ ਨੂੰ ਦੁਹਰਾਉਣ ਦੇ ਹੱਕ ਵਿਚ ਨਹੀਂ ਹੈ ਪਰ ਜੇਕਰ ਕਦੇ ਕਿਸੇ ਅਣਦੇਖੀ ਵਿਚ ਗੁਨਾਹ ਹੋ ਜਾਂਦਾ ਹੈ ਤਾਂ ਉਸ ਗੁਨਾਹ ਨੂੰ ਪ੍ਰਮਾਤਮਾ ਕੋਲੋਂ ਬਖਸ਼ਾਉਣ ਲਈ ਅਰਦਾਸਾਂ ਕਰਨ ਦਾ ਉਸਦਾ ਕੋਈ ਯਕੀਨ ਨਹੀਂ ਹੈ। ਅਜਿਹੇ ਸ਼ਿਅਰ ਕਹਿੰਦਾ ਉਹ ਇਨਕਲਾਬੀ ਸ਼ਾਇਰ ਬਣ ਜਾਂਦਾ ਹੈ। ਸ਼ਾਇਰ ਪਰਵਾਸ ਭੋਗ ਰਿਹਾ ਹੈ। ਉਸਦੀ ਸ਼ਾਇਰੀ ਵਿਚ ਨਸਲਵਾਦ, ਰੰਗਾਂ ਦੇ ਮਤਾਂ-ਭੇਦਾਂ ਦੇ ਵਿਰੋਧ ਵਿਚ ਸ਼ਾਇਰੀ ਦੀ ਅਭਿਵਿਅਕਤੀ ਹੋਈ ਹੈ। ਵਲੈਤ ਵਿਚ ਭਾਵੇਂ ਅਜਿਹੇ ਵਰਤਾਰੇ ਨੂੰ ਰੋਕਣ ਵਾਸਤੇ ਕਈ ਤਰ੍ਹਾਂ ਦੇ ਸਖ਼ਤ ਕਾਨੂੰਨ ਬਣਾਏ ਗਏ ਹਨ ਪਰ 'ਕੰਨਟੀਨ-ਕਲਚਰ' ਜਿਸ ਰਾਹੀਂ ਮਨਾਂ ਵਿਚ ਉਤਪੰਨ ਹੋ ਰਿਹਾ ਅਪਰੋਕਤੀ ਨਸਲਵਾਦ ਸ਼ਾਇਰ ਨੇ ਆਪਣੇ ਸ਼ਿਅਰਾਂ ਵਿਚ ਪਰੋਖ ਕਥਨ ਕੀਤਾ ਹੈ। ਮਨੁੱਖ ਦਾ ਕਿਰਦਾਰ ਮਨੁੱਖ ਵਾਸਤੇ ਹੋਣਾ ਚਾਹੀਦਾ ਹੈ। ਅਜਿਹੇ ਸ਼ਿਅਰ ਕਹਿਣੇ ਉਸਦੀ ਇਕ ਕਲਾ ਹੈ ਅਤੇ ਸ਼ਾਇਰ ਸੱਗੂ ਨੂੰ ਪ੍ਰਗਤੀਵਾਦੀ ਸ਼ਾਇਰ ਬਣਾਉਂਦੀ ਹੈ। ਸੱਗੂ ਪੱਥਰ ਦੀਆਂ ਮੂਰਤਾਂ ਉਪਰ ਫੁੱਲ ਚੜ੍ਹਾਉਣੇ, ਉਨ੍ਹਾਂ ਦੀ ਪੂਜਾ ਕਰਨੀ ਇਕ ਸਮਾਂ ਬਰਬਾਦ ਕਰਨ ਬਰਾਬਰ ਸਮਝਦਾ ਹੈ ਕਿਉਂਕਿ ਜਿਹੜਾ ਆਪ ਪੱਥਰ ਹੈ ਉਸਨੇ ਕਿਸੇ ਦੀ ਕਦ ਮੱਦਦ ਕਰਨੀ ਹੈ। ਸੱਗੂ ਨਾ ਜ਼ੁਲਮ ਕਰਨ ਦੇ ਹੱਕ ਵਿਚ ਹੈ ਅਤੇ ਉਹ ਜ਼ੁਲਮ ਸਹਿਣ ਵਾਲੇ ਨੂੰ ਕਮਜ਼ੋਰ ਵੀ ਸਮਝਦਾ ਹੈ। ਉਹ ਲੋਕਾਂ ਵਾਸਤੇ ਆਪਣੇ ਜੀਵਨ ਦੀ ਕੁਰਬਾਨੀ ਦੇਣ ਲਈ ਹੋਕਾ ਦਿੰਦਾ ਹੋਇਆ ਜੀਸਸ ਕਰਾਈਸਟ ਦੀ ਕੁਰਬਾਨੀ ਦੀਆਂ ਕਹਾਣੀਆਂ ਸੁਣਾਉਂਦਾ ਹੈ। ਉਹ ਕਿਸੇ ਦੀ ਰੀਸ ਨਹੀਂ ਕਰਦਾ ਸਗੋਂ ਕਿਸੇ ਨਾਲੋਂ ਆਪ ਚੰਗਾ ਬਣਨ ਦੀ ਕੋਸ਼ਿਸ਼ ਵਿਚ ਤੱਤਪਰ ਰਹਿੰਦਾ ਹੈ। ਸ਼ਾਇਰ ਸੱਗੂ ਨੇ ਕੁਦਰਤ ਅਤੇ ਕਾਇਨਾਤ ਦੇ ਕਾਇਦੇ-ਕਾਨੂੰਨ ਵਿਚ ਚਲਣ ਦੀ ਨਸੀਹਤ ਕੀਤੀ ਹੈ। ਧਾਰਮਿਕ ਅੰਧ-ਵਿਸ਼ਵਾਸ ਨੂੰ ਨਿੰਦਦਾ ਹੈ। ਉਸਦੇ ਸ਼ਿਅਰ ਇਨਸਾਨ ਨੂੰ ਆਪਣੀ ਮੰਜ਼ਿਲ ਵੱਲ ਵੱਧਣ ਵਾਸਤੇ ਉਤਸ਼ਾਹਤ ਕਰਦੇ ਹਨ; ਬਾਵਜੂਦ ਜੀਵਨ ਵਿਚ ਆਉਣ ਵਾਲੀਆਂ

ਸਮੱਸਿਆਵਾਂ ਨੂੰ ਹੱਲ ਕਰਕੇ ਮਨੁੱਖ ਨੂੰ ਆਪਣੀ ਮੰਜ਼ਿਲ ਵੱਲ ਵਧਣਾ ਚਾਹੀਦਾ ਹੈ। ਭੂਪਿੰਦਰ ਸੱਗੂ ਨੇ ਬੜੇ ਤਕਾਬਲ ਅਤੇ ਜ਼ਰਬਿਲਮਿਸਲ ਵਰਗੇ ਸ਼ਿਅਰ ਕਹੇ ਹਨ। ਭੂਪਿੰਦਰ ਸੱਗੂ ਇਸ ਸੰਸਾਰ ਵਿਚ ਆਉਣੇ ਨੂੰ ਜਗਤ ਤਮਾਸ਼ਾ ਨਹੀਂ ਕਹਿੰਦਾ ਸਗੋਂ ਉਹ ਤਮਾਸ਼ਬੀਨਾਂ ਦੇ ਖ਼ਾਤਮੇ ਵਾਸਤੇ ਮਨੁੱਖ ਨੂੰ ਜਾਗਰੂਕ ਕਰਦਾ ਹੈ। ਸੱਗੂ ਨੇ ਭਰਿਸ਼ਟਾਚਾਰ ਮਿਟਾਉਣ ਅਤੇ ਰਾਜਨੀਤਕ ਸ਼ੋਸ਼ਣ ਦੇ ਵਿਰੁੱਧ ਵਿਚ ਆਪਣੇ ਸ਼ਿਅਰਾਂ ਰਾਹੀਂ ਇਕ ਲਾਮ ਛੇੜੀ ਹੈ। ਮੈਂ ਪੰਜਾਬੀ ਸਾਹਿਤ ਅੰਦਰ ਇਸ ਕਲਾਤਮਿਕ ਗ਼ਜ਼ਲ ਸੰਗ੍ਰਹਿ 'ਮਸ਼ਾਲ'ਦੀ ਆਮਦ ਨੂੰ ਪੰਜਾਬੀ ਗ਼ਜ਼ਲ ਸੰਸਾਰ ਵਿਚ ਇਕ ਵਾਧਾ ਹੋਇਆ ਜ਼ਰੂਰ ਸਮਝਦਾ ਹੋਇਆ ਪੰਜਾਬੀ ਸਾਹਿਤ ਅੰਦਰ ਇਸਦੇ ਪ੍ਰਵੇਸ਼ ਨੂੰ 'ਜੀ ਆਇਆਂ ਨੂੰ' ਕਹਿੰਦਾ ਹਾਂ।

10. 01. 2015

•••••

# ਮਸ਼ਾਲ (.ਗਜ਼ਲ ਸੰਗ੍ਰਹਿ) ਭੂਪਿੰਦਰ ਸਿੰਘ ਸੱਗੂ

## ਅਵਤਾਰ ਸਿੰਘ ਸ਼ਰੀਂਹ

'ਮਸ਼ਾਲ' ਭੂਪਿੰਦਰ ਸਿੰਘ ਸੱਗੂ ਦੀ ਨੌਵੀਂ ਰਚਨਾ ਹੈ, ਸਿਮ੍ਰਤੀ ਗ੍ਰੰਥ ਨੂੰ ਲੈ ਕੇ। ਅਗਰ .ਗ਼ਜ਼ਲ ਦੀ ਹੀ ਗੱਲ ਕਰੀਏ ਤਾਂ ਇਹ ਤੀਜੀ ਨਿਰੋਲ ਗਜ਼ਲਾਂ ਦੀ ਪੁਸਤਕ ਹੈ। ਏਸ ਲਿਹਾਜ ਨਾਲ ਸੱਗੂ ਨੇ ਕਾਫ਼ੀ ਅਰਸੇ ਤੋਂ ਕਲਮ ਨੂੰ .ਗ਼ਜ਼ਲ ਦੇ ਰਾਹ ਤੋਰਿਆ ਹੋਇਆ ਹੈ। .ਗ਼ਜ਼ਲ ਨੇ ਪੰਜਾਬੀ 'ਚ ਕਦੋਂ ਪ੍ਰਵੇਸ਼ ਕੀਤਾ, ਪੱਕੀ ਥਿੱਤ-ਵਾਰ ਨਹੀਂ ਮਿਥੀ ਜਾ ਸਕਦੀ। ਭਾਵੇਂ ਦੀਵਾਨ ਦੇ ਹਿਸਾਬ ਨਾਲ ਮੌਲਾ ਬਖ਼ਸ਼ ਕੁਸ਼ਤਾ ਪਹਿਲੇ ਨੰਬਰ 'ਤੇ ਗਿਣਿਆ ਜਾਂਦਾ ਹੈ। ਸੱਗੂ ਦਾ ਸ਼ਿਅਰ ਆਓ ਰਲ ਕੇ ਦੋਸਤੀ ਦੀ ਬਾਤ ਪਾਈਏ ਦੇਸਤੇ/ ਮੋਮਬੱਤੀ ਰਿਸ਼ਤਿਆਂ ਦੀ ਮੁੜ ਜਗਾਈਏ ਦੋਸਤੋ ਵਖਰੇਵਿਆਂ ਦੀਆਂ ਉਸਰੀਆਂ ਕੰਧਾਂ ਨੂੰ ਦੇਖ ਕੇ ਸ਼ਾਇਰ ਦੀ ਦੋਸਤੀ ਦੀ ਗੱਲ ਕਰਦਾ ਹੈ। ਅੱਜ ਹਰ ਪਾਸੇ ਖਿੰਡਾਓ ਹੈ, ਸਾਂਝੀਵਾਲਤਾ, ਇਨਸਾਨੀਅਤ ਦਾ ਜਜ਼ਬਾ ਨਦਾਰਦ ਹੈ। ਦਿਮਾ.ਗ਼ਾਂ 'ਚ ਅੱਗ ਸੁਲਗ ਰਹੀ ਹੈ। ਜੀਵਨ ਨੂੰ ਵੱਡ ਆਦਮੀ ਮੌਤ ਵੱਲ ਪੈਰ ਵਧਾ ਰਿਹਾ ਹੈ, ਹਥਿਆਰਾਂ ਦੀ ਹੋੜ ਹੈ। ਇਸ ਹਾਲਤ 'ਚ ਸੱਗੂ ਰਿਸ਼ਤਿਆਂ ਦੀ ਮੋਮਬੱਤੀ ਜਗਾਣ ਲਈ ਕਹਿ ਰਿਹਾ ਹੈ। ਉਹ ਇਹ ਵੀ ਜਾਣਦਾ ਹੈ ਆਦਮਜ਼ਾਤ ਨੇ ਆਦਕਾਲ ਤੋਂ ਆਪਣੀ ਵਡੱਪਣ ਨੂੰ ਕਾਇਤ ਰੱਖਣ ਲਈ ਜਨ ਸਾਧਾਰਨ ਦੇ ਰਾਹ ਸੂਲਾਂ ਵਿਛਾਈਆਂ ਹਨ।

ਇਕ ਇਹ ਵੀ ਸੱਚ ਹੈ ਕਿ ਪੰਜਾਬ ਖੁਰਦਾ ਜਾ ਰਿਹਾ ਹੈ। ਸ਼ਾਇਰ ਹਾਲਾਤ ਦਾ ਤਸਕਰਾ ਕਰਦਾ ਹੈ ਤੇ ਬੜੀ ਸ਼ਿੱਦਤ ਨਾਲ ਕਰਦਾ ਹੈ। ਇਹ ਵੀ ਸਿਫ਼ਤ ਹੈ ਯਥਾਰਥ ਨੂੰ ਬਿਆਨ ਕਰਨ ਦੀ। ਸੱਗੂ ਨੇ ਇਕ ਕਦਮ ਹੋਰ ਅੱਗੇ ਵਧ ਕੇ ਆਪਣੇ ਹੋਸਲੇ ਦੀ ਸਿਖ਼ਰ ਬਿਆਨੀ ਕੀਤੀ ਹੈ। ਮੁਸ਼ਕਲ ਅੱਗੇ ਝੁਕਣਾ ਤੇ ਸਾਹਸ ਤਿਆਗ ਦੇਣਾ ਸੱਗੂ ਨੂੰ ਪਰਵਾਨ ਨਹੀਂ। ਜ਼ਿੰਦਾਦਿਲੀ ਨਾਲ ਜੀਣਾ ਅਤੇ ਔਕੜਾਂ ਨੂੰ ਖਿੜੇ ਮੱਥੇ ਜੀ ਆਇਆਂ ਕਹਿਣਾ ਉਸ ਦੀ ਪਸੰਦ ਹੈ। ਉਹ ਉਨ੍ਹਾਂ ਨੂੰ ਪਿਆਰ ਕਰਦਾ ਹੈ ਜਿਹੜੇ : ਸੱਗੂ ਧਾਰ ਕੇ ਇਰਾਦਾ ਜਿਹੜੇ ਚਲੇ ਅੱਥੇ ਰਾਹ / ਸਾਨੂੰ ਪਿਆਰ ਉਨ੍ਹਾਂ ਪਾਂਧੀਆਂ ਦੇ ਨਾਲ ਹੋ ਗਿਆ।

ਸੱਗੂ ਦੀਆਂ .ਗ਼ਜ਼ਲਾਂ ਵਿਚ ਹਰ ਰੰਗ ਮਿਲਦਾ ਹੈ। ਕਲਪਨਾ ਦਾ ਸਿਖਰ,

ਯਥਾਰਥ, ਪਰਪੱਕਤਾ, ਵਿਸ਼ਾਲਤਾ, ਸਮਾਜਕ ਤੇ ਸਿਆਸੀ ਭੰਨ-ਤੋੜ ਦਾ ਉਲੇਖ ਵੀ ਮਿਲਦਾ ਹੈ। ਇਸ਼ਕ ਦਾ ਜ਼ਿਕਰ ਵੀ ਹੋਇਆ ਹੈ ਜਿਵੇਂ :

ਇਕ ਜਵਾਨੀ ਦੀ ਤਪਸ਼ ਦੂਸਰਾ ਹਿਜਰਾਂ ਦਾ ਹਾੜ
ਕਾਸ਼! ਤੂੰ ਜੀਵਨ 'ਚ ਆ ਜਾਂਦਾ ਦਸੰਬਰ ਦੀ ਤਰ੍ਹਾਂ।

ਭੂਪਿੰਦਰ ਸਿੰਘ ਸੱਗੂ ਹੋਰਾਂ ਦੀਆਂ 'ਮਸ਼ਾਲ' ਪੁਸਤਕਾਂ ਦੀਆਂ ਸਾਰੀਆਂ ਗ਼ਜ਼ਲਾਂ ਬਹਿਰ 'ਚ ਹਨ ਅਤੇ ਜੀਵਨ ਦੇ ਹਰ ਪਹਿਲੂ ਨੂੰ ਬਿਆਨਦੀਆਂ ਹਨ। ਇਨ੍ਹਾਂ ਦਾ ਪਾਠ ਪਾਠਕ ਨੂੰ ਹਰ ਪੱਖੋਂ ਅਮੀਰ ਕਰਨ ਦੇ ਸਮਰੱਥ ਹੈ।

•••••

# ਵਗਦੀ ਰਹੇ ਝਨਾਂ ਦਾ ਰੂਪ-ਵਿਧਾਨ

**ਡਾ. ਬਲਜਿੰਦਰ ਕੌਰ**[1]

ਭੂਪਿੰਦਰ ਸਿੰਘ ਸੱਗੂ ਬਰਤਾਨਵੀ ਪੰਜਾਬੀ ਗ਼ਜ਼ਲ ਦਾ ਪ੍ਰਮੁੱਖ ਹਸਤਾਖਰ ਹੈ। ਉਹ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਗ਼ਜ਼ਲ-ਕਾਵਿ ਦੇ ਖੇਤਰ ਨਾਲ ਜੁੜਿਆ ਹੋਇਆ ਹੈ। ਉਸਦਾ ਪ੍ਰਥਮ ਕਾਵਿ ਸੰਗ੍ਰਿਹ ਰਿਸ਼ਤਿਆਂ ਦਾ ਜੰਗਲ 1989 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਮਗਰੋਂ ਕ੍ਰਮਵਾਰ ਸੱਚ ਤੇ ਸੂਲੀ (1993), ਸਿਮਟੇ ਹੋਏ ਪਲ (1998), ਕਤਰਾ ਕਤਰਾ ਨੂਰ (2002), ਫੁੱਲ ਬਣੇ ਅੰਗਿਆਰ (2006), ਉਸ ਨੇ ਕਿਹਾ (2010), ਚਾਨਣ ਦੀ ਬਾਤ (2013), ਮਸ਼ਾਲ (2015) ਅਤੇ ਵਗਦੀ ਰਹੇ ਝਨਾਂ (2017) ਪ੍ਰਕਾਸ਼ਿਤ ਕਰਕੇ ਪੰਜਾਬੀ ਕਵਿਤਾ ਤੇ ਗ਼ਜ਼ਲ ਦੇ ਦਾਇਰੇ ਨੂੰ ਹੋਰ ਵਸੀਹ ਕੀਤਾ ਹੈ।

ਪੰਜਾਬ, ਪੰਜਾਬੀਅਤ, ਪੰਜਾਬੀ ਭਾਸ਼ਾ ਅਤੇ ਪੰਜਾਬੀ ਗ਼ਜ਼ਲ ਪ੍ਰਤਿ ਅੰਤਾਂ ਦਾ ਮੋਹ ਰੱਖਣ ਵਾਲੇ ਇਸ ਸ਼ਾਇਰ ਦਾ ਜਨਮ 7 ਜੂਨ 1954 ਈ. ਨੂੰ ਤਹਿਸੀਲ ਨਕੋਦਰ ਤੇ ਜ਼ਿਲਾ ਜਲੰਧਰ ਦੇ ਪਿੰਡ ਆਲੋਵਾਲ ਵਿਚ ਪਿਤਾ ਇੰਦਰ ਸਿੰਘ ਸੱਗੂ ਤੇ ਮਾਤਾ ਬਿਸ਼ਨ ਕੌਰ ਸੱਗੂ ਦੇ ਘਰ ਹੋਇਆ। ਉਹ ਬਚਪਨ ਤੋਂ ਹੀ ਆਪਣੇ ਘਰ ਵਿਚ ਗ੍ਰਾਮੋਫੋਨ ਰਾਹੀਂ 1947 ਤੋਂ ਪਹਿਲਾਂ ਸਾਂਝੇ ਪੰਜਾਬ ਦੇ, ਪੰਜਾਬੀ ਲੋਕ-ਗੀਤ ਅਤੇ ਗ਼ਜ਼ਲਾਂ, ਕਵਾਲੀਆਂ ਸੁਣਦਾ ਰਹਿੰਦਾ ਸੀ। ਇਸ ਤੋਂ ਇਲਾਵਾ ਘਰ ਵਿਚ ਮੌਜੂਦ ਪੰਜਾਬੀ ਲੋਕ-ਕਥਾਵਾਂ ਅਤੇ ਕਿਸਿਆਂ ਨੇ ਵੀ ਉਸਦੀ ਸਾਹਿਤਕ ਰੁਚੀ ਵਿਚ ਭਰਪੂਰ ਵਾਧਾ ਕੀਤਾ। ਉਸਦੀ ਇਹ ਰੁਚੀ ਤੇ ਲਗਨ ਹੌਲੀ-ਹੌਲੀ ਕਵਿਤਾ/ ਗ਼ਜ਼ਲ ਸਿਰਜਣਾ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਦਸਵੀਂ ਜਮਾਤ ਤੱਕ ਪੜ੍ਹਦਿਆਂ ਉਸਨੂੰ ਸਕੂਲ ਵਿਚ ਵਧੀਆ ਸਾਹਿਤਕ ਮਾਹੌਲ ਮਿਲਿਆ ਅਤੇ ਉਸ ਅੰਦਰ ਕਵਿਤਾ ਅਤੇ ਗ਼ਜ਼ਲ ਲਿਖਣ ਦਾ ਤੀਬਰ ਉਤਸ਼ਾਹ ਪੈਦਾ ਹੋਇਆ। ਫਿਰ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ (ਜ਼ਿਲਾ ਜਲੰਧਰ) ਵਿਚ ਪੜ੍ਹਦਿਆਂ ਵੀ ਉਹ ਕਾਲਜ ਵਿਚ ਹੋਣ ਵਾਲੇ ਵੱਖ-ਵੱਖ ਸਭਿਆਚਾਰਕ ਪ੍ਰੋਗਰਾਮਾਂ, ਕਵੀ ਸੰਮੇਲਨਾਂ ਅਤੇ ਸਾਹਿਤ ਸਭਾਵਾਂ ਵਿਚ ਹਿੱਸਾ ਲੈਂਦਾ ਰਿਹਾ ਅਤੇ ਪੰਜਾਬੀ ਸਾਹਿਤ ਸਭਾ ਨਕੋਦਰ, ਦਾ ਸਰਗਰਮ ਮੈਂਬਰ ਵੀ ਰਿਹਾ। ਇਸ ਤੋਂ ਬਾਅਦ ਉਹ 1978 ਈ.

ਵਿਚ ਪਰਵਾਸ ਧਾਰਨ ਕਰਕੇ ਇੰਗਲੈਂਡ ਦੀ ਧਰਤੀ ’ਤੇ ਜਾ ਵੱਸਿਆ। ਪਰ ਉਸ ਨੇ ਆਪਣੀ ਉਮਰ ਦੇ ਪਹਿਲੇ ਢਾਈ-ਤਿੰਨ ਦਹਾਕਿਆਂ ਦਾ ਸਮਾਂ ਜਿਸ ਧਰਤੀ ’ਤੇ ਬਤੀਤ ਕੀਤਾ ਉਸਦਾ ਪ੍ਰਭਾਵ ਸਾਰੀ ਉਮਰ ਉਸਦੀਆਂ ਰਚਨਾਵਾਂ ’ਤੇ ਬਣਿਆ ਰਹਿੰਦਾ ਹੈ। ਮਨੋਵਿਗਿਆਨੀਆਂ ਦਾ ਕਥਨ ਹੈ ਕਿ ਆਦਮੀ ਦੀ ਮੁਢਲੀ ਜ਼ਿੰਦਗੀ ਦੇ ਅਨੁਭਵ ਉਸਦੇ ਮਗਰਲੇ ਜੀਵਨ ਨੂੰ ਨਿਰਧਾਰਿਤ ਕਰਨ ਵਿਚ ਆਪਣਾ ਅਹਿਮ ਰੋਲ ਅਦਾ ਕਰਦੇ ਹਨ।[1] ਇੰਗਲੈਂਡ ਵਿਚ ਵੀ ਉਸਨੇ ਆਪਣੇ ਕੰਮ ਦੇ ਨਾਲ ਨਾਲ ਆਪਣੀਆਂ ਸਾਹਿਤਕ ਰੁਚੀਆਂ ਨੂੰ ਕਾਇਮ ਰੱਖਿਆ ਅਤੇ ਇਥੇ ਛਪਣ ਵਾਲੇ ਸਾਹਿਤਕ ਤੇ ਸਭਿਆਚਾਰਕ ਰਸਾਲਿਆਂ ਵਿਚ ਵੀ ਆਪਣੀਆਂ ਰਚਨਾਵਾਂ ਪ੍ਰਕਾਸ਼ਿਤ ਕਰਵਾਉਂਦਾ ਰਿਹਾ।

ਹੱਥਲੇ ਖੋਜ-ਪੱਤਰ ਦਾ ਮੂਲ ਮਨੋਰਥ ਭੂਪਿੰਦਰ ਸਿੰਘ ਸੱਗੂ ਦੇ ਗ਼ਜ਼ਲ ਸੰਗ੍ਰਹਿ ਵਗਦੀ ਰਹੇ ਝਨਾਂ ਦਾ ਰੂਪ-ਵਿਧਾਨ ਦੇ ਪੱਖ ਤੋਂ ਅਧਿਐਨ ਕਰਨਾ ਹੈ। ਗ਼ਜ਼ਲਕਾਰ ਗ਼ਜ਼ਲ-ਰਚਨਾ ਦੌਰਾਨ ਕੇਵਲ ਨਿਰੋਲ ਵਿਚਾਰ ਨੂੰ ਹੀ ਪੇਸ਼ ਨਹੀਂ ਕਰਦਾ ਸਗੋਂ ਇਸ ਦੇ ਸ਼ਾਸਤਰੀ ਪੱਖ ਵੱਲ ਵੀ ਵਧੇਰੇ ਧਿਆਨ ਦਿੰਦਾ ਹੈ। ਜੇਕਰ ਉਹ ਆਪਣੀ ਗ਼ਜ਼ਲ ਵਿਚ ਕੇਵਲ ਨਿਰੋਲ ਵਿਚਾਰ ਦੀ ਹੀ ਪੇਸ਼ਕਾਰੀ ਕਰਦਾ ਹੈ ਤਾਂ ਉਸਦੀ ਗ਼ਜ਼ਲ ਰੁੱਖੀ ਅਤੇ ਬੇਰਸੀ ਬਣ ਕੇ ਰਹਿ ਜਾਵੇਗੀ। ਗ਼ਜ਼ਲਕਾਰ ਆਪਣੀ ਵਸਤੂ ਨੂੰ ਇਸਦੇ ਸਮੱਗਰ ਤੇ ਸਥੂਲ ਰੂਪ ਵਿਚ ਉਜਾਗਰ ਕਰਨ ਲਈ ਛੰਦ/ਬਹਿਰ, ਕਾਫ਼ੀਆ, ਰਦੀਫ਼, ਬਿੰਬ, ਪ੍ਰਤੀਕ, ਅਲੰਕਾਰ, ਰੂਪਕ, ਤਲਮੀਹ, ਤਸ਼ਬੀਹ ਆਦਿ ਰੂਪ-ਵਿਧਾਨਕ ਜੁਗਤਾਂ ਦਾ ਪ੍ਰਯੋਗ ਕਰਦਾ ਹੈ। ਉਹ ਵਿਚਾਰ ਦੇ ਨਾਲ ਨਾਲ ਉਸਤਾਦ ਗ਼ਜ਼ਲਗੋਆਂ ਵਾਂਗ ਪਿੰਗਲ ਤੇ ਅਰੂਜ਼ ਦੇ ਕਾਇਦੇ-ਕਾਨੂੰਨ ਨੂੰ ਧਿਆਨ-ਗੋਚਰੇ ਰੱਖਦਾ ਹੈ। ਉਹ ਗ਼ਜ਼ਲ ਸਿਨਫ਼ ਦੀਆਂ ਸ਼ਾਸਤਰੀ ਬੰਦਿਸ਼ਾਂ ਪ੍ਰਤੀ ਜਾਗਰੂਕ ਹੈ। ਸੁਲੱਖਣ ਸਰਹੱਦੀ ਅਨੁਸਾਰ ਸੱਗੂ ਗ਼ਜ਼ਲਾਂ ਦੇ ਰੂਪਕ ਪੱਖ ਦਾ ਪੂਰਨ ਸ਼ਾਇਰ ਹੈ ਤੇ ਉਸਨੂੰ ਗ਼ਜ਼ਲ ਦੀ ਵਿਆਕਰਣ ਦਾ ਪੂਰਾ ਭੇਦ ਹੈ।[2]

ਭੂਪਿੰਦਰ ਸਿੰਘ ਸੱਗੂ ਨੇ ਆਪਣੇ ਗ਼ਜ਼ਲ-ਕਾਵਿ ਵਿਚ ਅਰੂਜ਼ੀ ਬਹਿਰਾਂ ਦੇ ਵਜ਼ਨ ਤੇ ਤੋਲ-ਤੁਕਾਂਤ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ। ਉਸਨੇ ਬਹਿਰ ਹਜ਼ਜ, ਰਮਲ, ਕਰੀਬ, ਮੁਤਦਾਰਿਕ (ਫੇਲੁਨੀ) ਬਹਿਰਾਂ ਦੀ ਸੁਚੱਜੀ ਵਰਤੋਂ ਕੀਤੀ ਹੈ। ਉਸਦੀਆਂ ਗ਼ਜ਼ਲਾਂ ਵਿਚ ਬਹਿਰ ਹਜ਼ਜ ਦੀ ਵਰਤੋਂ ਸਾਲਿਮ ਰੂਪ ਵਿਚ ਹੋਈ ਹੈ। ਇਸ ਦੇ ਅਰਕਾਨ ਹਨ- ਮੁਫਾਈਲੁਨ ਮੁਫਾਈਲੁਨ ਮੁਫਾਈਲੁਨ ਮੁਫਾਈਲੁਨ। ਮਿਸਾਲ ਵਜੋਂ ਉਸਦੀ ਗ਼ਜ਼ਲ ਦਾ ਇਕ ਸ਼ਿਅਰ ਇਸ ਪ੍ਰਕਾਰ ਹੈ :

ਤਮ੍ਹਾ ਯਾਰੀ ’ਚ ਅਕਸਰ ਦੋਸਤੋ ਇਕ ਭਾਰ ਹੁੰਦੀ ਹੈ।
ਮਗਰ ਇਹ ਦੋਸਤੀ ਤਾਂ ਪ੍ਰੇਮ ਦਾ ਇਜ਼ਹਾਰ ਹੁੰਦੀ ਹੈ।

(ਪੰਨਾ-56)

**ਤਕਤੀਹ :**

ਮੁਫ਼ਾ + ਈ + ਲੁਨ I S + S + S   ਮੁਫ਼ਾ + ਈ + ਲੁਨ I S + S + S

ਮੁਫ਼ਾ + ਈ + ਲੁਨ I S + S + S   ਮੁਫ਼ਾ + ਈ + ਲੁਨ I S + S + S

ਤਮਾ + ਯਾ+ ਰੀ   ਚ ਅਕ + ਸਰ + ਦੋਸਤੋ + ਇਕ + ਭਾ

ਰ ਹੁੰ + ਦੀ + ਹੈ।

ਭੂਪਿੰਦਰ ਸਿੰਘ ਸੱਗੂ ਦੀ 'ਸੌਂ ਰਹੇ' ਸਿਰਲੇਖ ਹੇਠਲੀ ਗ਼ਜ਼ਲ ਬਹਿਰ ਰਮਲ ਮੁਸੱਮਨ ਸਾਲਿਮ ਵਿਚ ਹੈ। ਜਿਸਦਾ ਵਜ਼ਨ ਹੈ : ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ। ਜਿਵੇਂ :

ਸੌਂ ਰਹੇ ਨੇ ਲੋਕ ਯਾਰੋ ਦੀਪ ਜਗਦਾ ਰੌਸ਼ਨੀ ਦਾ।
ਰੋਜ਼ ਆ ਆ ਕੇ ਹਨ੍ਹੇਰਾ ਖ਼ੂਨ ਕਰਦਾ ਰੌਸ਼ਨੀ ਦਾ।

(ਪੰਨਾ 61)

**ਤਕਤੀਹ :**

ਫ਼ਾ + ਇਲਾ + ਤੁਨ ਸ਼ + ।ਸ਼ + ਸ਼   ਫ਼ਾ + ਇਲਾ + ਤੁਨ ਸ਼ + ।ਸ਼ + ਸ਼

ਫ਼ਾ + ਇਲਾ + ਤੁਨ ਸ਼ + ।ਸ਼ + ਸ਼   ਫਾ + ਇਲਾ + ਤੁਨ ਸ਼ + ।ਸ਼ + ਸ਼

ਸੌਂ + ਰਹੇ + ਨੇ ਲੋ + ਕ ਯਾ + ਰੋ ਦੀ + ਪ ਜਗ + ਦਾ ਰੋ + ਸ਼ਨੀ + ਦਾ

ਰੋ + ਜ਼ ਆ + ਆ ਕੇ + ਹਨੇ + ਰਾ ਖ਼ੂ + ਨ ਕਰ + ਦਾ ਰੋ + ਸ਼ਨੀ + ਦਾ

ਉਸਨੇ ਬਹਿਰ ਮੁਤਦਾਰਿਕ ਮੁਸੱਮਨ ਮਕਤੂਅ (4 ਫੇਲੁਨ) ਦੇ ਵਜ਼ਨ ਵਿਚ ਵੀ ਗ਼ਜ਼ਲਾਂ ਕਹੀਆਂ ਹਨ। ਇਸ ਬਹਿਰ ਦਾ ਸਰੂਪ ਹੈ : ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ਲੁਨ। ਮਿਸਾਲ ਵਜੋਂ ਉਸਦੀ 'ਰਾਹੀ' ਸਿਰਲੇਖ ਹੇਠਲੀ ਗ਼ਜ਼ਲ ਦੇ ਕੁਝ ਸ਼ਿਅਰ ਹਨ :

ਰਾਹੀ ਪੰਧ ਮੁਕਾ ਬੈਠਾ ਹੈ।
ਹੁਣ ਮੰਜ਼ਿਲ 'ਤੇ ਜਾ ਬੈਠਾ ਹੈ।
ਲੋਕਾਂ ਦੇ ਲੱਗ ਲੱਗ ਕੇ ਪਿੱਛੇ,
ਯਾਰ ਕਿਉਂ ਝੁੱਗੀ ਢਾ ਬੈਠਾ ਹੈ।   (ਪੰਨਾ 59)

**ਤਕਤੀਹ :**

| | | | |
|---|---|---|---|
| ਫ਼ੇ + ਲੁਨਸ਼ + ਸ਼ | ਫ਼ੇ + ਲੁਨ ਸ਼ + ਸ਼ | ਫ਼ + ਲੁਨਸ਼ + ਸ਼ | ਫ਼ + ਲੁਨਸ਼ + ਸ਼ |
| ਰਾ + ਹੀ | ਪੰ + ਧ ਮੁ | ਕਾ + ਬੈ | ਠਾ + ਹੈ |
| ਹੁਣ + ਮੰ ਜ਼ਿਲ + ਤੇ | | ਜਾ + ਬੈ | ਠਾ + ਹੈ |
| ਲੋ + ਕਾਂ | ਦੇ + ਲਗ | ਲਗ + ਕੇ | ਪਿਛ + ਛੇ |
| ਯਾ + ਰ ਕਿਉਂ | ਝੁ + ਗੀ ਢਾ + ਬੈ | | ਠਾ + ਹੈ |

ਮੁਤਦਾਰਿਕ ਬਹਿਰ ਦੀਆਂ ਹੋਰ ਵੀ ਬਹੁਤ ਸਾਰੀਆਂ ਵੰਨਗੀਆਂ ਮਿਲਦੀਆਂ ਹਨ। ਇਨ੍ਹਾਂ ਦੀ ਪਛਾਣ 'ਫ਼ੇਲੁਨ' ਅਤੇ ਉਨ੍ਹਾਂ ਨਾਲ ਲੱਗੇ 'ਫ਼ੇ' ਰੁਕਨਾਂ ਦੀ ਗਿਣਤੀ ਨਾਲ ਹੀ ਕੀਤੀ ਜਾਂਦੀ ਹੈ। ਭੂਪਿੰਦਰ ਸਿੰਘ ਸੱਗੂ ਨੇ 3 ਫੇਲੁਨ ਤੋਂ ਲੈ ਕੇ 8 ਫ਼ੇਲੁਨ ਤੱਕ ਇਸ ਬਹਿਰ ਨੂੰ ਆਪਣੀਆਂ ਗ਼ਜ਼ਲਾਂ ਵਿਚ ਨਿਭਾਇਆ ਹੈ। ਬਹਿਰ ਮੁਤਦਾਰਿਕ ਮੁਸੱਮਨ ਮਖਬੂਨ ਮਸਕਸ ਮਹਿਜ਼ੂਜ਼ (3 ਫ਼ੇਲੁਨ+ਫ਼ੇ) ਦੇ ਤੋਲ ਵਾਲੀ ਉਸਦੀ ਗ਼ਜ਼ਲ ਦਾ ਇਕ ਸ਼ਿਅਰ ਅਤੇ ਤਕਤੀਹ ਨਿਮਨ ਅੰਕਿਤ ਹੈ :

ਬੀਤੇ ਵਕਤ ਬਹਾਰਾਂ ਦੇ।
ਰੰਗ ਉਡੇ ਗੁਲਜ਼ਾਰਾਂ ਦੇ। (ਪੰਨਾ 35)

**ਤਕਤੀਹ :**

ਫ਼ੇ + ਲੁਨਸ਼ + ਸ਼ ਫ਼ੇ + ਲੁਨ ਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ ਸ਼
ਬੀ + ਤੇ ਵਕ + ਤ ਬ ਹਾ + ਰਾਂ ਦੇ
ਰੰ + ਗ ਉ ਡੇ + ਗੁਲ ਜ਼ਾ + ਰਾਂ ਦੇ

ਇਸੇ ਤਰ੍ਹਾਂ ਉਸਨੇ 5 ਫ਼ੇਲੁਨ+ਫ਼ੇ (ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇ) ਰੁਕਨਾਂ ਦੇ ਵਜ਼ਨ ਵਿਚ ਵੀ ਗ਼ਜ਼ਲਾਂ ਰਚੀਆਂ ਹਨ ਜਿਵੇਂ :

ਮਨ ਦੀ ਮਮਟੀ ਉੱਤੇ ਦੀਵਾ ਬਾਲ ਜ਼ਰਾ।
ਲੋਕਾਂ ਦਾ ਤੂੰ ਬਹਿ ਕੇ ਤਕ ਲੈ ਹਾਲ ਜ਼ਰਾ। (ਪੰਨਾ 42)

**ਤਕਤੀਹ :**

ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ
ਫ਼ੇ + ਲੁਨਸ਼ + ਸ਼ਫ਼ੇ + ਲੁਨਸ਼ + ਸ਼ ਫ਼ੇ ਸ਼
ਮਨ + ਦੀ ਮਮ + ਟੀ ਉੱ + ਤੇ ਦੀ + ਵਾ ਬਾ + ਲ ਜ਼ ਰਾ
ਲੋ + ਕਾਂ ਦਾ + ਤੂੰ ਬਹਿ + ਕੇ ਤਕ + ਲੈ ਹਾ + ਲ ਜ਼ ਰਾ

ਉਸਨੇ 7 ਫ਼ੇਲੁਨ+ਫ਼ੇ ਰੁਕਨਾਂ ਵਾਲੀ ਬਹਿਰ ਮੁਤਦਾਰਿਕ ਮੁਖ਼ਬੂਨ ਮਹਿਜ਼ੂਫ਼ ਮੁਜ਼ਾਅਫ਼ ਮਸੱਮਨ ਦੀ ਵਰਤੋਂ ਵੀ ਬਾਖ਼ੂਬੀ ਕੀਤੀ ਹੈ। ਉਸਦੀਆਂ ਗ਼ਜ਼ਲਾਂ ਦੇ ਨਿਮਨ ਅੰਕਿਤ ਸ਼ਿਅਰ ਇਸ ਬਹਿਰ ਦੇ ਵਜ਼ਨ 'ਤੇ ਪੂਰੇ ਉਤਰਦੇ ਹਨ :

ਜਿਸਨੂੰ ਰਹਿਬਰ ਕਹਿੰਦੇ ਹੋ ਉਹ ਠੱਗ ਹੈ, ਚੋਰ, ਲੁਟੇਰਾ ਹੈ।
ਦੋਹੀ ਹੱਥੀਂ ਜਨਤਾ ਲੁੱਟੇ ਕਰਦਾ ਮੇਰਾ ਮੇਰਾ ਹੈ।
(ਪੰਨਾ 72)

ਤੂੰ ਕੀ ਜਾਣੇ, ਤੂੰ ਨਾ-ਕਾਬਿਲ, ਇਸ਼ਕ ਨਚਾਵੇ ਆਸ਼ਿਕ ਨੂੰ।
ਇਸਦਾ ਖ਼ੰਜਰ ਕਰਦੈ ਘਾਇਲ, ਇਸ਼ਕ ਨਚਾਵੇ ਆਸ਼ਿਕ ਨੂੰ
(ਪੰਨਾ 24)

**ਤਕਤੀਹ :**

ਫ਼ੇ + ਲੁਨ ਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ + ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਫ਼ੇਸ਼

ਜਿਸ+ ਨੂੰ ਰਹਿ+ਬਰ ਕਹਿ+ਦੇ ਹੋ+ਉਹ ਠਗ+ਹੈ ਚੋ+ਰ ਲੁ ਟੇ +ਰਾ ਹੈ

ਦੋ + ਹੀਂ ਹੱ +ਥੀਂ ਜਨ+ਤਾ ਲੁੱ +ਟੇ ਕਰ+ਦਾ ਮੇ+ਰਾ ਮੇ+ਰਾ ਹੈ

ਤੂੰ + ਕੀ ਜਾ + ਣੇ ਤੂੰ + ਨਾ ਕਾ+ਬਿਲ ਇਸ਼+ਕ ਨ ਚਾ+ਵੇ ਆ + ਸ਼ਿਕ ਨੂੰ

ਇਸ +ਦਾਖ਼ੰ + ਜ਼ਰ ਕਰ + ਦੇ ਘਾ+ ਇਲ ਇਸ਼+ਕ ਨ ਚਾ+ਵੇ ਆ +ਸ਼ਿਕ ਨੂੰ

ਇਸ ਤੋਂ ਇਲਾਵਾ ਉਸਨੇ ਇਸੇ ਬਹਿਰ ਦੇ ਰੂਪ ਬਹਿਰ ਮੁਤਦਾਰਿਕ ਮੁਜ਼ਾਅਫ਼ ਮੁਸੱਮਨ ਮਕਤੂਅ ਦੇ ਵਜ਼ਨ ਨੂੰ ਵੀ ਆਪਣੀਆਂ ਗ਼ਜ਼ਲ-ਰਚਨਾਵਾਂ ਵਿਚ ਵਰਤਿਆ ਹੈ। ਇਸਦਾ ਸਰੂਪ ਹੈ : ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ (8 ਫ਼ੇਲੁਨ)। ਹੇਠਾਂ ਇਸ ਦੀ ਉਦਾਹਰਣ ਪੇਸ਼ ਹੈ :

ਜਦ ਵੀ ਦੇਖਾਂ ਰਾਤ ਸਮੇਂ ਮੈਂ ਅੰਬਰ ਦੇ ਵਿਚ ਟੁੱਟਦਾ ਤਾਰਾ।
ਤਦ ਫਿਰ ਮੈਨੂੰ ਚੇਤੇ ਆਵੇ ਪਿੰਡ ਅਪਣੇ ਦਾ ਕੱਚਾ ਢਾਰਾ।
(ਪੰਨਾ 66)

**ਤਕਤੀਹ :**

ਫ਼ੇ + ਲੁਨਸ਼ + ਸ਼ ਫ਼ੇ ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼ ਫ਼ੇ + ਲੁਨਸ਼ + ਸ਼

ਜਦ+ ਵੀ ਦੇ + ਖਾਂ ਰਾ +ਤ ਸ ਮੇਂ + ਮੈਂ ਅੰ+ ਬਰ ਦੇ+ ਵਿਚ ਟੁਟ+ ਦਾ ਤਾ + ਰਾ

ਤਦ+ਫਿਰ ਮੈ + ਨੂੰ ਚੇ + ਤੇ ਆ + ਵੇ ਪਿਡ+ਅਪ ਣੇ + ਦਾ ਕ + ਚਾ ਢਾ + ਰਾ

ਉਸਨੇ ਆਪਣੀਆਂ ਕੁਝ ਇਕ ਗ਼ਜ਼ਲਾਂ ਵਿਚ ਬਹਿਰ ਕਰੀਬ ਦੇ ਤੋਲ-ਤੁਕਾਂਤ ਦੀ ਵਰਤੋਂ ਵੀ ਕੀਤੀ ਹੈ। ਇਸ ਬਹਿਰ ਦੇ ਸਰੂਪ ਕਰੀਬ ਮੁਸੱਦਸ ਅਖ਼ਰਬ ਅਹਤਮ ਜਾਂ ਮੁਸੱਬਗ਼ (ਰੁਕਨ : ਮਫ਼ਊਲ ਫ਼ਊਲ ਫ਼ਾਇਲਾਤੁਨ) ਦੇ ਨਿਭਾਅ ਵਾਲੀ ਇਕ ਗ਼ਜ਼ਲ ਦਾ ਮਤਲਾ ਇਸ ਪ੍ਰਕਾਰ ਹੈ :

ਵਗਦੀ ਰਹਿਣੀ ਝਨਾਂ ਗ਼ਜ਼ਲ ਦੀ।
ਜਲਦੀ ਰਹਿਣੀ ਸ਼ਮ੍ਹਾਂ ਗ਼ਜ਼ਲ ਦੀ। (ਪੰਨਾ 18)

**ਤਕਤੀਹ :**

ਮਫ਼ + ਊ + ਲਸ਼ + ਸ + ੀ ਫ਼ਊ + ਲ ੀ ਸ਼ + ੀ ਫ਼ਾ +
ਇਲਾ + ਤੁਨ ਸ਼ + ੀ ਸ਼ + ਸ਼
ਵਗ + ਦੀ + ਰ ਹਿਣੀ + ਝ ਨਾ + ਗ਼ਜ਼ਲ + ਦੀ
ਜਲ + ਦੀ + ਰ ਹਿਣੀ + ਸ਼ ਮ੍ਹਾ + ਗ਼ਜ਼ਲ + ਦੀ

ਭੂਪਿੰਦਰ ਸਿੰਘ ਸੱਗੂ ਦਾ ਗ਼ਜ਼ਲ-ਕਾਵਿ ਗ਼ਜ਼ਲ ਦੀ ਤਕਨੀਕੀ ਬਣਤਰ ਤੇ ਬੁਣਤਰ ਦੇ ਪੱਖ ਤੋਂ ਖਰਾ ਉੱਤਰਦਾ ਹੈ। ਉਸਨੇ ਆਪਣੀਆਂ ਗ਼ਜ਼ਲਾਂ ਵਿਚ ਕਾਫ਼ੀਏ, ਰਦੀਫ਼ ਨੂੰ ਵੀ ਪੂਰੀ ਚੇਤਨਤਾ ਨਾਲ ਨਿਭਾਇਆ ਹੈ। ਉਸਨੇ ਉਸਤਾਦ ਗ਼ਜ਼ਲਗੋਆਂ ਵਾਂਗ ਆਪਣੀਆਂ ਗ਼ਜ਼ਲਾਂ ਵਿਚ ਲੰਬੇ ਰਦੀਫ਼ ਵੀ ਵਰਤੇ ਹਨ। ਲੰਬੇ ਰਦੀਫ਼ ਨੂੰ ਨਿਭਾਉਣਾ ਆਸਾਨ ਕਾਰਜ ਨਹੀਂ ਪਰ ਇਕ ਉਸਤਾਦ ਗ਼ਜ਼ਲਗੋ ਹੀ ਅਜਿਹਾ ਕਰਨ ਵਿਚ ਮੁਹਾਰਿਤ ਰੱਖਦਾ ਹੈ। ਦੀਪਕ ਜੈਤੋਈ ਦਾ ਕਹਿਣਾ ਹੈ ਕਿ ਲੰਮੀ ਰਦੀਫ਼ ਜੇ ਮਿਹਨਤ ਨਾਲ ਨਿਭਾਈ ਜਾਵੇ ਤਾਂ ਗ਼ਜ਼ਲ ਨੂੰ ਚਾਰ ਚੰਨ ਲਗ ਜਾਂਦੇ ਹਨ। ਬਿਨਾਂ ਮਿਹਨਤ ਤੋਂ ਨਿੱਕੀ ਰਦੀਫ਼ ਵੀ ਗ਼ਜ਼ਲ ਦਾ ਕੱਖ ਨਹੀਂ ਰਹਿਣ ਦਿੰਦੀ। ਕੁਰੱਖਤ, ਨੀਰਸ, ਬੇਸੁਆਦੀ ਅਤੇ ਢਿੱਲੀ ਰਦੀਫ਼ ਸ਼ਿਅਰ ਵਿਚ ਲੁਤਫ਼ ਨਹੀਂ ਰਹਿਣ ਦਿੰਦੀ। ਸ਼ਾਇਰ ਨੂੰ ਚਾਹੀਦਾ ਹੈ ਕਿ ਉਹ ਗ਼ਜ਼ਲ ਕਹਿਣ ਲੱਗਾ ਰਦੀਫ਼ ਦੀ ਚੋਣ ਬੜੀ ਸਮਝਦਾਰੀ ਨਾਲ ਕਰੇ ਅਤੇ ਫੇਰ ਉਸ ਰਦੀਫ਼ ਨੂੰ ਐਸੀ ਮਿਹਨਤ ਨਾਲ ਨਿਭਾਵੇ ਕਿ ਹਰ ਸ਼ਿਅਰ ਸਾਕਾਰ ਹੋ ਜਾਵੇ। ਭੂਪਿੰਦਰ ਸਿੰਘ ਸੱਗੂ ਨੇ ਆਪਣੀ ਕਲਾਤਮਕ ਨਿਪੁੰਨਤਾ ਤੇ ਸਮਝਦਾਰੀ ਨਾਲ ਆਪਣੀਆਂ ਕਈ ਗ਼ਜ਼ਲਾਂ ਵਿਚ ਲੰਬੇ ਰਦੀਫ਼ ਵਰਤੇ ਹਨ :

ਤੂੰ ਆਪਣੀ ਮੌਜ 'ਚ ਰਹਿ ਮਿਤਰਾ, ਤੂੰ ਇਸ ਦੁਨੀਆ ਤੋਂ ਕੀ ਲੈਣਾ।
ਜੋ ਦਿਲ ਦੀ ਕਹਿਣੀ ਕਹਿ ਮਿਤਰਾ, ਤੂੰ ਇਸ ਦੁਨੀਆ ਤੋਂ ਕੀ ਲੈਣਾ।
(ਪੰਨਾ 22)

ਸੁਹਾਨੀ ਸ਼ਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।
ਲਿਆ ਦਿਲ ਥਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।
(ਪੰਨਾ 26)

ਕਿਸ ਬਹਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?
ਕਿਸ ਜ਼ਮਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ? (ਪੰਨਾ 87)

ਉਪਰੋਕਤ ਸ਼ਿਅਰਾਂ ਵਿਚ ਰਹਿ, ਕਹਿ, ਸ਼ਾਮ, ਥਾਮ, ਬਹਾਨੇ ਜ਼ਮਾਨੇ ਕਾਫ਼ੀਏ ਹਨ ਅਤੇ 'ਮਿਤਰਾ ਤੂੰ ਇਸ ਦੁਨੀਆ ਤੋਂ ਕੀ ਲੈਣਾ', 'ਹੈ ਯਾਰੋ ਮਨਾਈਏ ਜਸ਼ਨ ਅੱਜ ਰਲ ਕੇ' ਅਤੇ 'ਦੀ ਤੁਸੀਂ ਪਏ ਗੱਲ ਕਰਦੇ ਹੋ' ਲੰਬੇ ਰਦੀਫ਼ ਹਨ।

ਇਕ ਪ੍ਰਬੁੱਧ ਕਵੀ/ਗ਼ਜ਼ਲਕਾਰ ਹੀ ਸ਼ਬਦ ਘਾੜਤ ਵਿਚ ਪੂਰਨ ਮੁਹਾਰਤ ਰੱਖਦਾ ਹੈ ਅਤੇ ਸੱਗੂ ਇਸ ਕਲਾ ਵਿਚ ਮਾਹਿਰ ਹੈ। ਉਸਦੀਆਂ ਗ਼ਜ਼ਲਾਂ ਵਿਚ ਸ਼ਬਦ, ਸੁਰ ਤੇ ਸੰਗੀਤ ਪੂਰੀ ਇਕਸਾਰਤਾ ਵਿਚ ਵਿਚਰਦੇ ਹਨ। ਉਸਦੀ ਭਾਸ਼ਾ ਸਰਲ, ਸਪੱਸ਼ਟ, ਰੋਚਕ ਤੇ ਅਲੰਕਾਰਿਕ ਖ਼ੂਬੀਆਂ ਨਾਲ ਭਰਪੂਰ ਹੈ ਜੋ ਗ਼ਜ਼ਲ ਵਿਚ ਵਿਲੱਖਣ ਅਰਥ-ਸ਼ਕਤੀ ਦਾ ਸੰਚਾਰ ਕਰਦੀ ਹੈ। ਕਵੀ ਆਪਣੇ ਵਿਚਾਰਾਂ,

ਭਾਵਾਂ ਅਨੁਕੂਲ ਭਾਸ਼ਾ ਦਾ ਸੁਯੋਗ ਪ੍ਰਯੋਗ ਕਰਦਾ ਹੈ। ਉਹ ਸਮਾਸ-ਯੁਕਤ ਸ਼ਬਦਾਂ ਦੀ ਵਰਤੋਂ ਰਾਹੀਂ ਆਪਣੀ ਕਾਵਿ-ਭਾਸ਼ਾ ਨੂੰ ਹੋਰ ਗੂੜ੍ਹੇ ਅਰਥ ਪ੍ਰਦਾਨ ਕਰਕੇ ਗ਼ਜ਼ਲ ਦੇ ਸੁਹਜ ਵਿਚ ਹੋਰ ਇਜ਼ਾਫਾ ਕਰਦਾ ਹੈ। ਉਸ ਦੁਆਰਾ ਵਰਤੇ ਗਏ ਸਮਾਸੀ ਸ਼ਬਦਾਂ ਵਿਚ ਦੌਲਤ-ਦੁਨੀਆਂ, ਨਾ-ਕਾਬਿਲ, ਦਰ-ਬ-ਦਰ, ਮ੍ਰਿਗ-ਤ੍ਰਿਸ਼ਨਾ, ਰੈਣ-ਬਸੇਰੇ, ਖ਼ੁਦ-ਬ-ਖ਼ੁਦ, ਕਤਲੋ-ਗ਼ਾਰਤ, ਮਸਤ-ਕਲੰਧਰ, ਬਲ-ਬਾਹੂ, ਮੋਨ-ਸਮਾਧੀ, ਦੀਪ-ਮੁਹੱਬਤ, ਪ੍ਰੇਮ-ਪੁਜਾਰੀ, ਵਾਅਦਾ-ਖ਼ਿਲਾਫੀ, ਮਨ-ਮੌਜਾਂ, ਘੋਰ-ਘਟਾਵਾਂ, ਖ਼ੈਰ-ਮੁਹੱਬਤ, ਤਖ਼ਤੋ-ਤਾਜ ਆਦਿ ਉਰਦੂ-ਫ਼ਾਰਸੀ ਤੇ ਪੰਜਾਬੀ ਦੀ ਰਲੀ-ਮਿਲੀ ਸਮਾਸੀ ਸ਼ਬਦਾਵਲੀ ਸ਼ਾਮਿਲ ਹੈ।

ਭੂਪਿੰਦਰ ਸਿੰਘ ਸੱਗੂ ਨੇ ਅਰਬੀ, ਫ਼ਾਰਸੀ ਤੇ ਉਰਦੂ ਭਾਸ਼ਾਈ-ਸ਼ਬਦਾਵਲੀ ਦੀ ਵੀ ਸੁਚੱਜੀ ਵਰਤੋਂ ਕੀਤੀ ਹੈ। ਉਸ ਦੁਆਰਾ ਵਰਤੀ ਅਜਿਹੀ ਸ਼ਬਦਾਵਲੀ ਕਿਤੇ ਵੀ ਅਸਪੱਸ਼ਟ ਤੇ ਔਖੀ ਨਹੀਂ ਬਲਕਿ ਬੜੇ ਸੌਖੇ ਤੇ ਸਰਲ-ਸਪੱਸ਼ਟ ਰੂਪ ਵਿਚ ਉਸਦੇ ਅਮੂਰਤ ਭਾਵਾਂ, ਵਿਚਾਰਾਂ ਤੇ ਅਰਥਾਂ ਦਾ ਸੰਚਾਰ ਕਰਦੀ ਹੈ। ਉਸਨੇ ਗ਼ਾਫ਼ਿਲ, ਮੁਰਸ਼ਦ, ਕਾਮਿਲ, ਖ਼ੈਰ, ਕਿਆਮਤ, ਜਫ਼ਾਵਾਂ, ਇਲਜ਼ਾਮ, ਪੈਗ਼ਾਮ, ਦਹਿਸ਼ਤ, ਸਹਿਰਾ, ਫ਼ਿਜ਼ਾਵਾਂ, ਖ਼ਿਜ਼ਾਵਾਂ, ਆਕਿਲ, ਕੋਹਤੂਰ, ਨਜ਼ਾਕਤ, ਮੰਜ਼ਰ, ਗ਼ਰੂਰ, ਫ਼ਤੂਰ, ਨਾਸੂਰ, ਕੁਹਰਾਮ, ਖ਼ਲਕਤ, ਇਤਫ਼ਾਕ, ਮੋਮਿਨ, ਕਾਰਵਾਂ, ਇਬਾਰਤ, ਆਸ਼ਿਆਨੇ, ਅਫ਼ਸਾਨੇ, ਰੁਖ਼ਸਤ, ਗ਼ਬਨ, ਸਰਸ਼ਾਰ, ਗੁਲਜ਼ਾਰ ਆਦਿ ਅਨੇਕਾਂ ਸ਼ਬਦ ਉਰਦੂ, ਫ਼ਾਰਸੀ ਦੇ ਵਰਤੇ ਹਨ ਜੋ ਉਸਦੀ ਸ਼ਾਇਰੀ ਵਿਚਲੀ ਗਿਨਾਈਅਤ ਨੂੰ ਬਰਕਰਾਰ ਰੱਖਦੇ ਹਨ। ਉਸਨੇ ਕਿਤੇ ਕਿਤੇ ਗ਼ਜ਼ਲ ਦੇ ਫ਼ਾਰਸੀ, ਉਰਦੂ ਵਾਲੇ ਪਰੰਪਰਾਗਤ ਭਾਸ਼ਾਈ ਮੁਹਾਵਰੇ ਤੇ ਚਿਨ੍ਹਾਂ ਦਾ ਪ੍ਰਯੋਗ ਵੀ ਕੀਤਾ ਹੈ। ਇਨ੍ਹਾਂ ਵਿਚ ਰਿੰਦ, ਜਾਮ, ਸੁਰਾਹੀ, ਮਹਿਫ਼ਿਲ, ਸ਼ਰਾਬ, ਮੈਅਖ਼ਾਨਾ ਆਦਿ ਅਜਿਹੇ ਰਿਵਾਇਤੀ ਚਿੰਨ੍ਹ ਹਨ ਜਿਨ੍ਹਾਂ ਦਾ ਪ੍ਰਯੋਗ ਪਰੰਪਰਕ ਗਜ਼ਲਕਾਰ ਆਮ ਹੀ ਕਰਦੇ ਸਨ। ਸੱਗੂ ਨੇ ਆਪਣੀਆਂ ਕੁਝ ਇਕ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਅਜਿਹੀ ਪਰੰਪਰਕ ਸ਼ਬਦਾਵਲੀ ਨੂੰ ਵਰਤੋਂ ਵਿਚ ਲਿਆਂਦਾ ਹੈ, ਜਿਵੇਂ :

ਝਮੇਲੇ ਛੱਡ ਕੇ ਕਰੀਏ ਜ਼ਰਾ ਰੰਗੀਨ ਇਹ ਮਹਿਫਿਲ,
ਛਲਕਦਾ ਜਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।

(ਪੰਨਾ 26)

ਜਾਮ ਖਾਲੀ ਹੋ ਗਏ ਨੇ, ਵਕਤ ਬੇਈਮਾਨ ਹੋਇਐ,
ਘੁਟ ਕੁ ਪਾ ਦੇ ਤੂੰ ਪਿਆਲੇ ਰਿੰਦ ਨੂੰ ਸੰਜੀਵਨੀ ਦਾ।

(ਪੰਨਾ 61)

ਰੂਹ ਮੇਰੀ ਪਰਤੀ ਨਹੀਂ ਮੈਅਖ਼ਾਨਿਓ ਅਜ ਤਕ,

ਕਿਸ ਮੈਅਖ਼ਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

(ਪੰਨਾ 87)

ਉਹ ਆਪਣੇ ਭਾਵ-ਪ੍ਰਗਟਾਵੇ ਲਈ ਪੰਜਾਬੀ ਸਭਿਆਚਾਰ ਤੇ ਜਨ-ਜੀਵਨ ਵਿਚੋਂ ਝਨਾਂ, ਨਦੀਆਂ, ਸਾਗਰ, ਰੁੱਖ, ਪੱਤੇ, ਸੂਰਜ ਆਦਿ ਨੂੰ ਚਿੰਨ੍ਹ-ਰੂਪ ਵਿਚ ਪੇਸ਼ ਕਰਦਾ ਹੈ। ਉਸ ਦੀਆਂ ਗ਼ਜ਼ਲਾਂ ਪੜ੍ਹਦਿਆਂ ਪ੍ਰਕਿਰਤੀ ਦੇ ਅਨੇਕਾਂ ਦ੍ਰਿਸ਼ ਸਾਕਾਰ ਹੋ ਉਠਦੇ ਹਨ :

ਵਗਦੀ ਰਹਿਣੀ ਝਨਾਂ ਗ਼ਜ਼ਲ ਦੀ।
ਜਲਦੀ ਰਹਿਣੀ ਸ਼ਮਾਂ ਗ਼ਜ਼ਲ ਦੀ।

(ਪੰਨਾ 18)

ਇਹ ਜੋ ਸੁਕੀਆਂ ਨਦੀਆਂ ਦਿੱਸਣ,
ਸਨ ਕਦੇ ਸਾਗਰ ਨੂੰ ਤੁਰੀਆਂ। (ਪੰਨਾ 31)

ਨਿਸਦਿਨ ਰਾਤੀਂ ਖੰਡਰ ਦੇ ਵਿਚ ਸੂਰਜ ਗੁੰਮ ਹੋ ਜਾਂਦਾ,
ਕਾਲਖ ਦੇ ਝੱਖੜ ਵਿਚ ਤਾਂ ਹੀ ਸਚ ਦਾ ਦੀਪ ਜਗਾਵਾਂ।

(ਪੰਨਾ 74)

ਪੈਰਾਂ ਦੇ ਵਿਚ ਪੱਤਰ ਰੁਲਦੇ ਰੁੱਖ ਸਭ ਆਹਾਂ ਭਰਦੇ ਨੇ,
ਵਿਚ ਫਿਜ਼ਾ ਦੇ ਜ਼ਰਦੀ ਫ਼ੈਲੀ ਬਦਲੇ ਤੌਰ ਖਿਜ਼ਾਵਾਂ ਦੇ।

(ਪੰਨਾ 30)

ਸ਼ਾਇਰ ਆਪਣੀਆਂ ਨਿੱਜੀ ਭਾਵਨਾਵਾਂ ਅਤੇ ਸਮਾਜਕ, ਆਰਥਿਕ, ਰਾਜਨੀਤਿਕ ਖੇਤਰ ਵਿਚਲੇ ਅਨਿਆਂ ਤੇ ਭ੍ਰਿਸ਼ਟਾਚਾਰ ਦੇ ਪ੍ਰਗਟਾਵੇ ਲਈ ਵਿਭਿੰਨ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਪ੍ਰਤੀਕ ਬਾਰੇ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਇਹ ਮਨੁੱਖ ਦੇ ਮਨ ਅੰਦਰ ਲੁਕੇ ਭਾਵਾਂ ਤੇ ਖ਼ਿਆਲਾਂ ਨੂੰ ਅਭਿਵਿਅਕਤੀ ਪ੍ਰਦਾਨ ਕਰਨ ਦਾ ਇਕ ਸਾਧਨ ਹੈ। ਗ਼ਜ਼ਲ ਇਕ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਵਧੇਰੇ ਵਰਣਨ ਤੇ ਵਿਸਥਾਰ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਸ ਲਈ ਗ਼ਜ਼ਲਕਾਰ ਨੇ ਆਪਣੇ ਬਹੁਤੇ ਭਾਵਾਂ ਤੇ ਵਿਚਾਰਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਰਾਹੀਂ ਸੰਖੇਪ ਰੂਪ ਵਿਚ ਕੇਵਲ ਇਕ ਸ਼ਿਅਰ ਵਿਚ ਪੇਸ਼ ਕਰਨਾ ਹੁੰਦਾ ਹੈ। ਅਜਿਹੇ ਕਾਰਜ ਲਈ ਉਹ ਪ੍ਰਤੀਕਾਂ ਦਾ ਆਸਰਾ ਲੈਂਦਾ ਹੈ। ਮਿਸਾਲ ਵਜੋਂ ਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ਿਅਰ ਵਰਣਨਯੋਗ ਹਨ :

ਬੇਦੋਸ਼ੇ ਹੀ ਸਦਾ ਮਰਦੇ ਨੇ ਜਦ ਹੈ ਵਰਤਦਾ ਭਾਣਾ,
ਸਦਾ ਬਾਜਾਂ ਦੀ ਥਾਂ 'ਤੇ ਘੁੱਗੀਆਂ ਦੀ ਮੌਤ ਆਉਂਦੀ ਹੈ।

(ਪੰਨਾ 83)

ਤੂੰ ਸੇਵਕ ਲੋਕਤਾ ਦਾ ਏਂ ਲੜੇਂ ਲੋਕਾਂ ਦੀ ਖਾਤਿਰ ਹੀ,
ਤਿਰੇ ਵਰਗੇ ਹੀ 'ਸੱਗੂ' ਚਾਮ੍ਹਲੇ ਗਿੱਦੜ ਭਜਾਂਦੇ ਨੇ।

(ਪੰਨਾ 88)

ਇਥੇ ਕਵੀ ਨੇ ਬੇਦੋਸ਼ੇ ਤੇ ਮਜ਼ਲੂਮ ਲੋਕਾਂ ਲਈ 'ਘੁੱਗੀਆਂ' ਦਾ ਪ੍ਰਤੀਕ ਲਿਆ ਹੈ ਅਤੇ ਦੋਸ਼ੀ, ਜ਼ਾਲਮ, ਚਾਲਬਾਜ਼ ਤੇ ਚਲਾਕ ਲੋਕਾਂ ਲਈ 'ਬਾਜ਼'ਤੇ 'ਗਿੱਦੜ'ਨੂੰ ਪ੍ਰਤੀਕ ਰੂਪ ਵਿਚ ਵਰਤਿਆ ਹੈ।

ਸ਼ਾਇਰ ਆਪਣੇ ਅਮੂਰਤ ਵਿਚਾਰਾਂ ਨੂੰ ਸਮੂਰਤ ਰੂਪ ਵਿਚ ਪੇਸ਼ ਕਰਨ ਲਈ ਵੱਖ ਵੱਖ ਬਿੰਬਾਂ ਦੀ ਵਰਤੋਂ ਕਰਦਾ ਹੈ। ਬਿੰਬ ਕਵਿਤਾ ਦਾ ਅਹਿਮ ਤੱਤ ਹੈ। ਕਵਿਤਾ ਅਤੇ ਬਿੰਬ ਦੇ ਰਿਸ਼ਤੇ ਬਾਰੇ ਪ੍ਰੇਮ ਪ੍ਰਕਾਸ਼ ਦਾ ਵਿਚਾਰ ਹੈ ਕਿ ਕਵਿਤਾ ਬਿੰਬਮਈ ਹੁੰਦੀ ਹੈ। ਬਿੰਬ ਕਵਿਤਾ ਦਾ ਉਹ ਜੁਜ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਰਹਿੰਦਾ ਹੈ।[4] ਗ਼ਜ਼ਲਕਾਰ ਬਾਹਰਮੁਖੀ ਯਥਾਰਥ ਤੋਂ ਉਪਜੇ ਅਪ੍ਰੱਤਖ ਅਨੁਭਵ ਨੂੰ ਪ੍ਰੱਤਖ ਰੂਪ ਵਿਚ ਵਿਅਕਤ ਕਰਨ ਲਈ ਸੁੰਦਰ ਤੇ ਪ੍ਰਭਾਵਸ਼ਾਲੀ ਬਿੰਬਾਂ ਦੀ ਉਸਾਰੀ ਕਰਦਾ ਹੈ। ਡਾ. ਸਤਿੰਦਰ ਸਿੰਘ ਦਾ ਕਹਿਣਾ ਹੈ ਕਿ ਬਿੰਬਾਂ ਦੀ ਸੁੰਦਰ ਤੇ ਪ੍ਰਭਾਵਸ਼ਾਲੀ ਵਰਤੋਂ ਉਚੇਰੇ ਤੇ ਕਲਾਤਮਕ ਕਾਵਿ ਦੀ ਨਿਸ਼ਾਨੀ ਹੈ। ਇਹ ਕਵੀ ਦੇ ਕਰਮ ਦਾ ਸ੍ਰੇਸ਼ਠ ਰੂਪ ਹੈ ਅਤੇ ਉਸਦੀ ਪ੍ਰਤਿਭਾ ਦਾ ਸੂਚਕ ਹੈ। ਕਵਿਤਾ ਵਿਚ ਬਿੰਬ ਦੀ ਵਿਸ਼ੇਸ਼ ਮਹੱਤਤਾ ਦਾ ਕਾਰਣ ਉਸਦੀ ਉਪਯੋਗਤਾ ਹੈ ਕਿਉਂਕਿ ਬਿੰਬ ਕਾਵਿ ਵਿਚ ਸੰਵੇਦਨਾਤਮਕਤਾ, ਅਲੰਕਰਣ, ਪ੍ਰਭਾਵਸ਼ੀਲਤਾ, ਕ੍ਰਮਬਧਤਾ ਆਦਿ ਕਈ ਪ੍ਰਭਾਵਸ਼ਾਲੀ ਕਾਰਜ ਕਰਦਾ ਹੈ।[5] ਸ਼ਾਇਰ ਨੇ ਆਪਣੀ ਸੰਵੇਦਨਾ ਦੇ ਸੰਚਾਰ ਲਈ ਦ੍ਰਿਸ਼, ਰੂਪ, ਨਾਦ, ਗੰਧ ਤੇ ਸੁਆਦਪਰਕ ਬਿੰਬਾਂ ਦੀ ਵਰਤੋਂ ਕੀਤੀ ਹੈ, ਜਿਵੇਂ:

**ਦ੍ਰਿਸ਼ ਬਿੰਬ** : ਅੱਜ ਕਲੀਆਂ ਦਾ ਬਾਗ਼ 'ਚ ਖਿੜਨਾ ਹੋਇਆ ਹੈ,
ਤਿਤਲੀਆਂ ਨੂੰ ਭੌਰੇ ਦਸਦੇ ਸ਼ਾਮ ਢਲੇ।

(ਪੰਨਾ 78)

**ਗੰਧ ਬਿੰਬ** : ਫੁੱਲ ਟਹਿਕਣ ਦਾ ਭੇਤ ਅਜੇ ਤਕ ਨਹੀਂ ਕਿਸੇ ਨੇ ਪਾਇਆ,
ਐਪਰ ਫੁੱਲ-ਸੁਗੰਧੀ 'ਸੱਗੂ' ਚੌਗਿਰਦਾ ਮਹਿਕਾਵੇ।

(ਪੰਨਾ 79)

**ਨਾਦ ਬਿੰਬ** : ਚੁੱਪ ਧਾਰੀ ਹੈ ਹੱਥਾਂ ਦੇ ਵਿਚ ਟੱਲੀਆਂ ਨੇ,
ਲੈ ਕੇ ਉਹ ਇਕਤਾਰਾ, ਫਿਰਦਾ ਗਲੀ ਗਲੀ।

(ਪੰਨਾ 36)

**ਸੁਆਦ ਪਰਕ ਬਿੰਬ** : ਮੇਰਿਆਂ ਹੋਠਾਂ ਨੇ ਪੀਤੀ ਜ਼ਹਿਰ ਅੰਮ੍ਰਿਤ ਜਾਣ ਕੇ,

ਫੇਰ ਵੀ ਫਨੀਅਰ ਵਿਛੋੜੇ ਦਾ ਸਦਾ ਡੱਸਦਾ ਰਿਹਾ।

(ਪੰਨਾ 63)

ਗ਼ਜ਼ਲਕਾਰ ਆਪਣੇ ਅਸ਼ਿਆਰ ਨੂੰ ਹੋਰ ਵਧੇਰੇ ਸੁੰਦਰ ਤੇ ਸੁਹਜ ਭਰਪੂਰ ਬਣਾਉਣ ਲਈ ਵੱਖ ਵੱਖ ਅਲੰਕਾਰਾਂ ਦਾ ਪ੍ਰਯੋਗ ਕਰਦਾ ਹੈ। ਅਲੰਕਾਰ ਕਾਵਿ ਵਿਚ ਸੁੰਦਰਤਾ ਭਰਦੇ ਹਨ। ਇਸ ਕਰਕੇ ਕਵਿਤਾ/ਗ਼ਜ਼ਲ ਵਿਚ ਇਸ ਤੱਤ ਦੀ ਮਹੱਤਾ ਹੋਰ ਵੀ ਵੱਧ ਜਾਂਦੀ ਹੈ। ਇਸ ਬਾਰੇ ਆਚਾਰੀਆ ਭਾਮਹ ਨੇ ਕਿਹਾ ਹੈ ਕਿ "ਜਿਵੇਂ ਸੁੰਦਰ ਮੁੱਖ ਵਾਲੀ ਇਸਤਰੀ ਗਹਿਣਿਆਂ ਤੋਂ ਬਿਨਾਂ ਸ਼ੋਭਾ ਨਹੀਂ ਦਿੰਦੀ ਉਸੇ ਪ੍ਰਕਾਰ ਸੁੰਦਰ ਕਵਿਤਾ ਅਲੰਕਾਰਾਂ ਤੋਂ ਬਿਨਾਂ ਮਨੋਹਰ ਨਹੀਂ ਲੱਗਦੀ।"[6]

ਭੂਪਿੰਦਰ ਸਿੰਘ ਸੱਗੂ ਦੀ ਗ਼ਜ਼ਲ-ਰਚਨਾ ਵਿਚ ਉਪਮਾ, ਅਨੁਪ੍ਰਾਸ, ਪੁਨਰੁਕਤੀ, ਅਤਿਕਥਨੀ ਆਦਿ ਅਲੰਕਾਰਾਂ ਦੀ ਵਰਤੋਂ ਹੋਈ ਹੈ। ਉਪਮਾ (ਤਸ਼ਬੀਹ) ਇਕ ਅਰਥ ਅਲੰਕਾਰ ਹੈ। ਉਪਮਾ ਦਾ ਅਰਥ ਸਮਾਨਤਾ ਹੈ। ਜਦੋਂ ਵੀ ਕਿਸੇ ਵਿਅਕਤੀ ਜਾਂ ਵਸਤੂ ਦਾ ਗੁਣ ਜਾਂ ਵਿਸ਼ੇਸ਼ਤਾ ਦੱਸਣ ਲਈ ਉਸਦੇ ਸੁਭਾਅ ਜਾਂ ਗੁਣ ਨਾਲ ਮਿਲਦੇ ਜੁਲਦੇ ਕਿਸੇ ਹੋਰ ਵਿਅਕਤੀ ਜਾਂ ਵਸਤੂ ਨਾਲ ਸਮਾਨਤਾ ਦਰਸਾਵੇ ਤਾਂ ਉਥੇ ਉਪਮਾ ਅਲੰਕਾਰ ਹੁੰਦਾ ਹੈ। ਮਿਸਾਲ ਵਜੋਂ ਸੱਗੂ ਦੇ ਕੁਝ ਸ਼ਿਅਰ ਹਨ :

ਰੇਤ ਵਾਗੂੰ ਉਮਰ ਹੈ ਹਰ ਰੋਜ਼ ਭੁਰਦੀ ਜਾ ਰਹੀ,
ਦਰ-ਬ-ਦਰ ਦੀ ਭਟਕਣਾਂ ਨੂੰ, ਮੈਂ ਹੰਢਾਵਾਂ ਕਿਸ ਤਰ੍ਹਾਂ।

(ਪੰਨਾ 25)

ਨੈਣਾਂ ਦੇ ਵਿਚ ਸੁਪਨੇ ਜਿਹੜੇ ਬਾਲੜੀਆਂ ਨੇ ਸਿਰਜੇ ਸਨ,
ਹਰ ਇਕ ਸੁਪਨਾ ਜੁਗਨੂੰ ਵਾਂਗੂ ਉਡਦਾ ਨਜ਼ਰੀਂ ਆਇਆ ਏ।

(ਪੰਨਾ 39)

ਜਿੰਦ ਚੁਰਾਹੇ ਖੜ੍ਹ ਕੇ ਮੇਰੀ ਸੋਚੇ ਕਿੱਧਰ ਜਾਵੇ।
ਸਿਰ 'ਤੇ ਸਿਖਰ ਦੁਪਹਿਰੇ ਮਿਰੇ ਭੱਠ ਵਰਗਾ ਸੇਕ ਹੰਢਾਵੇ।

(ਪੰਨਾ 79)

ਸੱਗੂ ਨੇ ਆਪਣੀ ਗ਼ਜ਼ਲ-ਰਚਨਾ ਵਿਚ ਸ਼ਬਦ ਅਨੁਪ੍ਰਾਸ ਦੀ ਵਰਤੋਂ ਵਧੇਰੇ ਕੀਤੀ ਹੈ। ਅਨੁਪ੍ਰਾਸ ਇਕ ਸ਼ਬਦ ਅਲੰਕਾਰ ਹੈ, ਜੋ ਕੇਵਲ ਸ਼ਬਦ ਉਪਰ ਹੀ ਨਿਰਭਰ ਕਰਦਾ ਹੈ। ਕਵਿਤਾ ਜਾਂ ਗ਼ਜ਼ਲ ਦੇ ਸ਼ਿਅਰਾਂ ਵਿਚ ਜਿਥੇ ਦੋ ਜਾਂ ਦੋ ਤੋਂ ਵੱਧ ਅੱਖਰਾਂ/ਵਿਅੰਜਨਾਂ ਜਾਂ ਸ਼ਬਦਾਂ ਦਾ ਦੁਹਰਾਅ ਹੋਵੇ ਉਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਸ਼ਬਦ ਅਨੁਪ੍ਰਾਸ ਨਾਲ ਸ਼ਿਅਰਾਂ ਵਿਚ ਸੰਗੀਤਕ-ਰਸ ਪੈਦਾ ਹੁੰਦਾ ਹੈ, ਜਿਵੇਂ :

ਪੀੜਾਂ ਦਾ ਵਣਜਾਰਾ, ਫਿਰਦਾ ਗਲੀ ਗਲੀ,
ਢੂੰਡਣ ਅਪਣਾ ਪਿਆਰਾ, ਫਿਰਦਾ ਗਲੀ ਗਲੀ।

(ਪੰਨਾ 36)

ਚਾਰ ਦਿਨਾਂ ਦਾ ਮੇਲ ਏ 'ਸੱਗੂ' ਮਾਣ ਲੈ ਖੁਸ਼ੀਆਂ ਰਜ ਰਜ ਕੇ,
ਚੇਤੇ ਕਰ ਕਰ ਜੀਅ ਮਿਤਰਾ ਯਾਰਾਂ ਦੀ ਵਿਛੜੀ ਢਾਣੀ ਨੂੰ।

(ਪੰਨਾ 38)

ਉਸਨੇ ਆਪਣੇ ਸ਼ਿਅਰਾਂ ਵਿਚ ਕਿਤੇ ਕਿਤੇ ਪੁਨਰੁਕਤੀ ਅਲੰਕਾਰ ਵੀ ਵਰਤਿਆ ਹੈ। ਅਨੁਪ੍ਰਾਸ ਅਲੰਕਾਰ ਵਾਂਗ ਇਹ ਇਕ ਸ਼ਬਦ ਅਲੰਕਾਰ ਹੈ। ਕਾਵਿ ਵਿਚ ਜਿੱਥੇ ਭਾਵਾਂ ਨੂੰ ਸੁੰਦਰ ਬਣਾਉਣ ਲਈ ਇਕ ਸ਼ਬਦ ਨੂੰ ਦੁਹਰਾਇਆ ਗਿਆ ਹੋਵੇ, ਉਥੇ ਪੁਨਰੁਕਤੀ ਅਲੰਕਾਰ ਹੁੰਦਾ ਹੈ, ਜਿਵੇਂ :

ਕਿਸ-ਕਿਸ ਬਾਰੇ ਤੈਨੂੰ ਦੱਸਾਂ,
ਲੀਰੋ ਲੀਰ ਲੁਕਾਈ ਦਿਸਦੀ।

(ਪੰਨਾ 46)

ਤਨਹਾ ਤਨਹਾ ਜੀਵਨ ਮੇਰਾ ਲੇਖਾਂ ਦੇ ਵਿਚ ਭਟਕਣ,
ਪ੍ਰੇਮ-ਪਿਆਸਾ ਦਿਲ ਮੇਰਾ, ਕੋਈ ਤਾਂ ਪਿਆਸ ਬੁਝਾਵੇ।

(ਪੰਨਾ 79)

ਸ਼ਾਇਰ ਆਪਣੀ ਸੰਵੇਦਨਾ ਦੇ ਸੰਚਾਰ ਲਈ ਅਤਿਕਥਨੀ ਦਾ ਪ੍ਰਯੋਗ ਵੀ ਕਰਦਾ ਹੈ। ਅਤਿਕਥਨੀ ਅਲੰਕਾਰ (ਮੁਬਾਲਿਗਾ) ਇਕ ਅਰਥ ਅਲੰਕਾਰ ਹੈ। ਇਹ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- ਅਤਿ+ਕਥਨ। ਅਤਿ ਤੋਂ ਭਾਵ ਹੈ ਵਧਾ ਚੜ੍ਹਾ ਕੇ ਅਤੇ ਕਥਨ ਤੋਂ ਭਾਵ ਹੈ ਗੱਲ। ਅਰਥਾਤ ਕਿਸੇ ਗੱਲ ਨੂੰ ਵਧਾ ਚੜ੍ਹ ਕੇ ਪੇਸ਼ ਕਰਨਾ। ਕਾਵਿ ਵਿਚ ਜਿਥੇ ਕਿਸੇ ਕਥਨ ਜਾਂ ਗੱਲ ਨੂੰ ਵਾਸਤਵਿਕਤਾ ਨਾਲੋਂ ਬਹੁਤ ਵਧਾ ਚੜ੍ਹਾ ਕੇ ਕਿਹਾ ਗਿਆ ਹੋਵੇ, ਉੱਥੇ ਅਤਿਕਥਨੀ ਅਲੰਕਾਰ ਹੁੰਦਾ ਹੈ। ਭੂਪਿੰਦਰ ਸਿੰਘ ਸੱਗੂ ਦੀਆਂ ਗ਼ਜ਼ਲਾਂ ਵਿਚੋਂ ਅਤਿਕਥਨੀ ਦੀ ਮਿਸਾਲ ਇਸ ਪ੍ਰਕਾਰ ਹੈ :

ਸੂਰਜ ਚੰਨ ਦੀ ਗੋਦ 'ਚ ਬਹਿ ਕੇ,
ਅਪਣੀ ਤਪਸ਼ ਗੁਆ ਬੈਠਾ ਹੈ। (ਪੰਨਾ 59)
ਜੁਗਨੂੰ ਦੀ ਅੱਖ ਅੰਦਰੁ ਸੂਰਜ ਸਮਾ ਗਿਆ ਏ,
ਸਾਰੇ ਦਾ ਸਾਰਾ ਸਾਗਰ ਮੰਝਧਾਰ ਹੋ ਗਿਆ ਏ। (ਪੰਨਾ 95)

ਸ਼ਾਇਰ ਸਮਕਾਲੀ ਸਮਾਜਕ, ਆਰਥਿਕ, ਰਾਜਨੀਤਿਕ ਵਿਵਸਥਾ ਦੇ

ਵਾਸਤਵਿਕ ਨਕਸ਼ ਬਿਆਨਣ ਲਈ ਵਿਅੰਗ/ਤਨਜ਼ ਨੂੰ ਇਕ ਹਥਿਆਰ ਵਜੋਂ ਵਰਤਦਾ ਹੈ। ਇਹ ਇਕ ਅਜਿਹੀ ਵਿਧੀ ਹੈ ਜਿਸਦੀ ਵਰਤੋਂ ਰਾਹੀਂ ਕਵੀ ਕਿਸੇ ਵਿਸ਼ੇਸ਼ ਵਿਅਕਤੀ, ਸਮਾਜ ਤੇ ਵਿਵਸਥਾ ਦੇ ਲੁੱਕੇ ਹੋਏ ਭੇਦਾਂ ਤੇ ਕੋਹਜ ਨੂੰ ਡੂੰਘੀਆਂ ਰਮਜ਼ਾਂ ਵਿਚ ਆਪਣੀ ਕਾਵਿ-ਸਿਰਜਣਾ ਵਿਚ ਪੇਸ਼ ਕਰ ਜਾਂਦਾ ਹੈ। ਉਸਨੇ ਆਪਣੇ ਸ਼ਿਅਰਾਂ ਵਿਚ ਅਜੋਕੇ ਸਮਾਜਕ, ਰਾਜਨੀਤਿਕ ਵਰਤਾਰੇ 'ਤੇ ਤਿੱਖਾ ਵਿਅੰਗ ਕਸਿਆ ਹੈ ਅਤੇ ਸਮਾਜਕ, ਰਾਜਨੀਤਿਕ ਖੇਤਰ ਵਿਚਲੀਆਂ ਭੇੜਾਂ ਦਾ ਪਰਦਾਫਾਸ਼ ਕਰਕੇ ਮੌਜੂਦਾ ਹਾਲਾਤਾਂ ਵੱਲ ਇਸ਼ਾਰਾ ਕੀਤਾ ਹੈ। ਉਹ ਸਾਡੇ ਸਮਾਜ ਦੀ ਹਾਕਮ ਸ਼੍ਰੇਣੀ ਦਾ ਕੌੜਾ ਸੱਚ ਤਨਜ਼ / ਵਿਅੰਗ ਰਾਹੀਂ ਬਿਆਨ ਕਰਦਾ ਹੈ। ਉਦਹਾਰਣ ਵਜੋਂ ਉਸਦੇ ਕੁਝ ਸ਼ਿਅਰ ਦੇਖੇ ਜਾ ਸਕਦੇ ਹਨ :

ਰਹਿਬਰ ਸਾਡੇ ਨੇਰ੍ਹੇ ਦੇ ਵਿਚ ਹੁਣ ਖ਼ੁਦ ਨੂੰ ਹੀ ਟੋਲਣ।
ਲੋਕਾਂ ਤਾਈਂ ਪਾਉਣ ਭੁਲੇਖੇ ਸੱਚ ਕਦੇ ਨਾ ਬੋਲਣ।
(ਪੰਨਾ 21)

ਕੀ ਇਹ ਸਾਡੇ ਅੱਛੇ ਦਿਨ ਨੇ ?
ਰੋਟੀ ਖੋਹ ਖੋਹ ਖਾਂਦੇ ਬਾਂਦਰ। (ਪੰਨਾ 40)

'ਅੱਛੇ ਦਿਨ'ਦਾ ਲਾਰਾ ਲਾ ਕੇ ਜ਼ਹਿਰ ਪਿਲਾਈ ਜਾਂਦੇ ਹਨ,
ਰਾਜ-ਭਵਨ ਵਿਚ ਬੈਠੇ ਲੀਡਰ ਮਾਨਣ ਬੁੱਲੇ ਸੁੱਖਾਂ ਦੇ।
(ਪੰਨਾ 50)

ਏਥੇ ਹਾਕਮ ਘਪਲੇ ਕਰਦੇ ਨੇ ਲੁੱਟ-ਲੁੱਟ ਕੇ ਖਾਂਦੇ ਲੋਕਾਂ ਨੂੰ,
ਇਹ ਮੰਡੀ ਝੂਠ ਫ਼ਰੇਬਾਂ ਦੀ ਇਥੇ ਚਲਦੀ ਚੋਰ-ਬਜ਼ਾਰੀ ਹੈ।
(ਪੰਨਾ 71)

ਜਿਸ ਨੂੰ ਰਹਿਬਰ ਕਹਿੰਦੇ ਹੋ ਉਹ ਠੱਗ ਹੈ, ਚੋਰ, ਲੁਟੇਰਾ ਹੈ।
ਦੋਹੀਂ ਹੱਥੀਂ ਜਨਤਾ ਲੁੱਟੇ ਕਰਦਾ ਮੇਰਾ ਮੇਰਾ ਹੈ।
ਕੀਲ ਸਕੇ ਨਾ ਬੀਨ ਕਦੇ ਵੀ ਜ਼ਹਿਰੀ ਕਾਲੇ ਨਾਗਾਂ ਨੂੰ,
ਮਜ੍ਹਮਾਂ ਲਾ ਕੇ ਗਲੀਆਂ ਦੇ ਵਿਚ ਕਰਦਾ ਢੌਂਗ ਸਪੇਰਾ ਹੈ।
(ਪੰਨਾ 72)

ਸਿਆਸੀ ਕਾਂ ਜਿਹੇ ਨੇਤਾ ਸਦਾ ਚਾਲਾਂ ਚਲਾਂਦੇ ਨੇ।
ਇਹ ਵੋਟਾਂ ਲੈਣ ਦੀ ਖ਼ਾਤਰ ਸਦਾ ਮਸਕੇ ਲਗਾਂਦੇ ਨੇ।
(ਪੰਨਾ 88)

ਗ਼ਜ਼ਲਕਾਰ ਆਪਣੇ ਵਿਸ਼ੇ ਤੇ ਵਿਚਾਰਾਂ ਦੇ ਸੰਚਾਰ ਲਈ ਇਤਿਹਾਸਕ ਮਿਥਿਹਾਸਕ ਹਵਾਲਿਆਂ (ਤਲਮੀਹ) ਦੀ ਵਰਤੋਂ ਕਰਦਾ ਹੈ। "ਕਵਿਤਾ ਵਿਚ

ਇਤਿਹਾਸਕ-ਮਿਥਿਹਾਸਕ ਹਵਾਲੇ ਕਵਿਤਾ ਦੇ ਸੁਹਜ ਤੇ ਅਮੀਰੀ ਦੇ ਸੂਚਕ ਹੁੰਦੇ ਹਨ। ਮਿਥਿਹਾਸ ਦਾ ਸੰਬੰਧ ਕਿਉਂਕਿ ਮਨੁੱਖ ਜਾਂ ਕਿਸੇ ਜਾਤੀ/ਸਮੂਹ ਦੇ ਅਵਚੇਤਨ ਨਾਲ ਹੁੰਦਾ ਹੈ, ਇਸ ਲਈ ਇਹ ਗ਼ਜ਼ਲ ਦੀ ਸੰਚਾਰਯੋਗਤਾ ਵਿਚ ਵਾਧਾ ਕਰਦਾ ਹੈ।"[7] ਭੂਪਿੰਦਰ ਸਿੰਘ ਸੱਗੂ ਨੇ ਆਪਣੇ ਗ਼ਜ਼ਲ-ਕਾਵਿ ਵਿਚ ਵਰਤਮਾਨ ਯਥਾਰਥ ਦੀ ਪੇਸ਼ਕਾਰੀ ਲਈ ਮਨਸੂਰ, ਸਿਕੰਦਰ, ਮੂਸਾ ਆਦਿ ਜਿਹੇ ਇਤਿਹਾਸਕ-ਮਿਥਿਹਾਸਕ ਪਾਤਰਾਂ ਦੀਆਂ ਜੀਵਨ ਘਟਨਾਵਾਂ ਦਾ ਜ਼ਿਕਰ ਕੀਤਾ ਹੈ :

ਕੁਰਬਾਨੀ ਦਾ ਜਜ਼ਬਾ ਮੇਰਾ ਇਕ ਦਿਨ ਰੰਗ ਲਿਆਊ,
ਸੂਲੀ ਉੱਤੇ ਚੜ੍ਹ ਕੇ ਏਦਾਂ ਆਖ ਰਿਹਾ ਮਨਸੂਰ।
(ਪੰਨਾ 20)

ਸੂਲੀ 'ਤੇ ਚੜਕੇ ਆਖਿਆ ਸੀ ਦੋਸਤੋ ਮਨਸੂਰ ਨੇ।
ਦਰਦ ਜੋ ਦਿੰਦੇ ਹੋ ਮੈਨੂੰ ਇਹ ਦਿਲੋਂ ਮਨਜ਼ੂਰ ਨੇ।
(ਪੰਨਾ 82)

ਵੇਖਣ ਨੂੰ ਉਹ ਸ਼ਾਹ-ਸਿਕੰਦਰ ਪਰ ਹੈ ਲੋਭੀ ਪੂਰਾ,
ਮਨ ਅਪਣੇ ਦੇ ਪਿੱਛੇ ਲਗ ਕੇ ਖੋਹ ਬੈਠਾ ਈਮਾਨ।
(ਪੰਨਾ 28)

ਹਰਿਕ ਪਰਬਤ ਦੋਸਤੋ ਕੋਹਤੂਰ ਨਜ਼ਰੀਂ ਆਏਗਾ,
ਜਦ ਨਜ਼ਰ ਇਹਨਾਂ 'ਤੇ ਮੂਸਾ ਵਾਂਗ ਇਕ ਪਲ ਪਾਓਗੇ।
(ਪੰਨਾ 33)

ਰੂਪ ਉਹਦੇ ਦਾ ਜਲ਼ਵਾ ਤਕ ਕੇ,
ਮੂਸਾ ਹੋਸ਼ ਗੁਆ ਬੈਠਾ ਹੈ। (ਪੰਨਾ 59)

ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਭੂਪਿੰਦਰ ਸਿੰਘ ਸੱਗੂ ਨੇ ਆਪਣੇ ਗ਼ਜ਼ਲ-ਕਾਵਿ ਵਿਚ ਗ਼ਜ਼ਲ ਦੀਆਂ ਸ਼ਾਸਤਰੀ ਬੰਦਿਸ਼ਾਂ ਭਾਵ ਮਤਲਾ ਮਕਤਾ, ਕਾਫ਼ੀਆ, ਰਦੀਫ਼, ਬਹਿਰ-ਵਜ਼ਨ ਦੇ ਤੋਲ-ਤੁਕਾਂਤ ਨੂੰ ਪੂਰੀ ਪਰਿਪੱਕਤਾ ਨਾਲ ਨਿਭਾਇਆ ਹੈ। ਉਹ ਗ਼ਜ਼ਲ-ਵਿਧਾਨ ਦੀ ਸਖ਼ਤੀ ਨਾਲ ਪਾਲਣਾ ਕਰਦਾ ਹੈ। ਉਸ ਦੁਆਰਾ ਵਰਤੇ ਗਏ ਬਿੰਬ, ਪ੍ਰਤੀਕ, ਅਲੰਕਾਰ ਅਤੇ ਇਤਿਹਾਸਕ ਮਿਥਿਹਾਸਕ ਹਵਾਲੇ ਉਸਦੀ ਗ਼ਜ਼ਲ ਦੇ ਸੰਚਾਰ-ਪ੍ਰਬੰਧ ਨੂੰ ਸਰਲ, ਸਪੱਸ਼ਟ ਤੇ ਸਹਿਜ ਬਣਾਉਂਦੇ ਹਨ। ਗ਼ਜ਼ਲਕਾਰ ਨਦੀਮ ਪਰਮਾਰ ਦੇ ਕਥਨ ਮੁਤਾਬਕ ਸਭ ਤੋਂ ਚੰਗਾ ਸ਼ਿਅਰ ਉਹ ਹੁੰਦਾ ਹੈ ਜੋ ਸੰਖੇਪ ਹੋਵੇ। ਇਹ ਉਦੋਂ ਹੋ ਸਕਦਾ ਹੈ ਜਦੋਂ ਵਿਸ਼ੇ ਦਾ ਸੰਖੇਪ ਬਿਆਨ ਕਰਨ ਲਈ ਢੁੱਕਵੇਂ ਤੇ ਸਰਲ ਸ਼ਬਦ ਵਰਤੇ ਜਾਣ। ਸ਼ਬਦ ਉਹ ਵਰਤੇ ਜਾਣੇ ਚਾਹੀਦੇ ਹਨ ਜੋ ਬੋਲਣ ਜਾਂ ਪੜ੍ਹਣ ਮਗਰੋਂ ਸ੍ਰੋਤੇ/ਪਾਠਕ ਦੀ ਸਮਝ ਵਿਚ ਪੈ

ਜਾਣ। ਉਸਨੂੰ ਅਰਥ ਸਮਝਣ ਵਿਚ ਦਿਮਾਗ ਤੇ ਜ਼ੋਰ, ਸ਼ਬਦ ਕੋਸ਼ ਜਾਂ ਕਿਸੇ ਹੋਰ ਪਾਸੋਂ ਅਰਥ ਪੁੱਛਣੇ ਨਾ ਪੈਣ।"[8] ਭੂਪਿੰਦਰ ਸਿੰਘ ਸੱਗੂ ਦੀ ਗ਼ਜ਼ਲ-ਰਚਨਾ ਭਾਸ਼ਾ ਦੇ ਇਨ੍ਹਾਂ ਗੁਣਾ ਨਾਲ ਸੰਪੰਨ ਹੈ। ਉਸ ਦੁਆਰਾ ਵਰਤੀ ਗਈ ਭਾਸ਼ਾ ਸਰਲ ਤੇ ਸਪਸ਼ਟ ਹੈ। ਉਸਦੇ ਸ਼ਿਅਰਾਂ ਵਿਚਲੀ ਸ਼ਬਦਾਵਲੀ ਸਾਫ਼ ਬਿਆਨੀ ਨਾਲ ਭਰਪੂਰ ਹੈ। ਉਸ ਦੁਆਰਾ ਵਰਤੀ ਜ਼ਬਾਨ ਦੀ ਸਾਫ਼ ਬਿਆਨੀ ਕਰਕੇ ਉਸ ਦੀਆਂ ਗ਼ਜ਼ਲਾਂ ਵਿਚ ਸੰਗੀਤ, ਲੈਅ ਤੇ ਰਵਾਨੀ ਕਾਇਮ ਰਹਿੰਦੀ ਹੈ, ਸੰਚਾਰ ਵੀ ਸਹਿਜ ਹੋ ਜਾਂਦਾ ਹੈ ਅਤੇ ਸਾਧਾਰਣ ਪਾਠਕ ਨੂੰ ਉਸ ਦੀਆਂ ਗ਼ਜ਼ਲਾਂ ਪੜ੍ਹਦਿਆ ਸਮੱਸਿਆ ਨਹੀਂ ਆਉਂਦੀ।

## ਹਵਾਲੇ ਅਤੇ ਟਿੱਪਣੀਆਂ


1. ਸੁਹਿੰਦਰਬੀਰ (ਡਾ.), ਪੰਜਾਬੀ ਸਾਹਿਤ ਥੀਮ ਅਤੇ ਵਿਹਾਰ, ਪੰਨਾ 242.
2. ਭੂਪਿੰਦਰ ਸਿੰਘ ਸੱਗੂ, ਵਗਦੀ ਰਹੇ ਝਨਾਂ, ਪੰਨਾ 10.
3. ਦੀਪਕ ਜੈਤੋਈ, ਗ਼ਜ਼ਲ ਕੀ ਹੈ, ਪੰਨਾ 77.
4. ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਪੰਨਾ 100.
5. ਸਤਿੰਦਰ ਸਿੰਘ (ਡਾ.), ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ, ਪੰਨਾ 44.
6. ਡੀ. ਬੀ. ਰਾਏ, ਪੰਜਾਬੀ ਛੰਦ ਤੇ ਅਲੰਕਾਰ, ਪੰਨਾ 39.
7. ਸ਼ਮਸ਼ੇਰ ਮੋਹੀ, ਪੰਜਾਬੀ ਗ਼ਜ਼ਲ ਚਿੰਤਨ, ਪੰਨਾ 198.
8. ਨਦੀਮ ਪਰਮਾਰ, ਗ਼ਜ਼ਲ ਦੀ ਵਿਆਕਰਣ, ਪੰਨਾ 17.


●●●●●

# 'ਵਗਦੀ ਰਹੇ ਝਨ੍ਹਾਂ' ਅੰਦਰ ਇਕ ਝਾਤ

## ਦਰਸ਼ਨ ਬੁਲੰਦਵੀ

'ਭੁਪਿੰਦਰ ਸੱਗੂ' ਇਕ ਲੰਬੇ ਸਮੇਂ ਤੋਂ ਗ਼ਜ਼ਲ ਅਤੇ ਕਾਵਿ ਵਿਧਾ ਨਾਲ ਜੁੜਿਆ ਹੋਇਆ ਹੈ। ਬਰਤਾਨੀਆ ਵਿਚ ਰਚੀ ਜਾ ਰਹੀ ਗ਼ਜ਼ਲ ਵਿਚ ਇਸ ਦਾ ਪ੍ਰਮੁਖ ਸਥਾਨ ਹੈ। ਸ਼ੁਰੂਆਤ ਵਿਚ ਇਹ ਪ੍ਰਗਤੀਸ਼ੀਲ ਲਿਖਾਰੀ ਸਭਾ ਵੁਲਵਰਹੈਂਪਟਨ ਦਾ ਸਰਗਰਮ ਮੈਂਬਰ ਵੀ ਰਿਹਾ। ਇਸ ਲਿਖਾਰੀ ਸਭਾ ਦਾ ਜਨਰਲ ਸਕੱਤਰ ਸ੍ਰੀ ਨਿਰੰਜਨ ਸਿੰਘ ਨੂਰ ਜੀ ਸੀ। ਸ੍ਰੀ ਨਿਰੰਜਨ ਸਿੰਘ ਨੂਰ ਜੀ ਦੀ ਸੰਗਤ ਮਾਣਦਿਆਂ ਇਸ ਨੂੰ ਗ਼ਜ਼ਲ ਦਾ ਅਰੂਜ਼ ਪ੍ਰਬੰਧ ਦਾ ਗਿਆਨ ਸਹਿਜ ਹੀ ਹੋ ਗਿਆ ਸੀ। ਆਪਣੇ ਦਿਲੋਂ ਉਸ ਦੀ ਇਜ਼ਤ ਵੀ ਕਰਦਾ ਸੀ। ਉਸ ਨੂੰ ਆਪਣਾ ਉਸਤਾਦ ਵੀ ਸਮਝਦਾ ਸੀ। ਉਸ ਦੀ ਅਗਵਾਈ ਵਿਚ ਇਸ ਦੀ ਆਪਣੀ ਗ਼ਜ਼ਲ ਨਾਲ ਹੋਰ ਵੀ ਸਾਂਝ ਪਈ ਅਤ ਪੀਡੀ ਹੋਈ।

'ਵਗਦੀ ਰਹੇ ਝਨ੍ਹਾਂ' ਗ਼ਜ਼ਲ ਸੰਗ੍ਰਹਿ ਇਸ ਸਾਲ ਹੀ ਪ੍ਰਕਾਸ਼ਿਤ ਹੋਇਆ ਹੈ। ਇਸ ਤੋਂ ਪਹਿਲਾਂ ਗ਼ਜ਼ਲ ਅਤੇ ਕਵਿਤਾ ਸਮੇਤ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਇਹ ਇਨ੍ਹਾਂ ਦੀ ਲੰਬੀ ਘਾਲਣਾ ਸਾਧਨਾ ਅਤੇ ਤਪੱਸਿਆ ਦਾ ਹੀ ਫੁਲ ਹੈ। ਗ਼ਜ਼ਲ ਪ੍ਰਤੀ ਆਪਣੀ ਪ੍ਰਤੀਬੱਧਤਾ ਦੌਰਾਨ ਇਸ ਨੇ ਗ਼ਜ਼ਲ ਦੇ ਆਰੂਜ਼ ਪ੍ਰਬੰਧ ਬਾਰੇ ਵੀ ਪੂਰਾ ਗਿਆਨ ਹਾਸਿਲ ਕੀਤਾ ਹੈ। ਆਪਣੀ ਜਗਿਆਸੂ ਰੁਚੀ ਕਾਰਨ ਗ਼ਜ਼ਲ ਦੇ ਨਿਰੰਤਰ ਅਭਿਆਸ ਅਤੇ ਚੇਤਨਾ 'ਚੋਂ ਲੰਘਦਿਆਂ ਸਮੇਂ ਸਮੇਂ ਨਿਪੁੰਨ ਪਰਪੱਕ ਗ਼ਜ਼ਲਗੋ ਉਸਤਾਦਾਂ ਦਾ ਪੱਥ ਪ੍ਰਦਰਸ਼ਕ ਸਹਿਯੋਗ ਵੀ ਲਿਆ ਹੈ। ਜਿਸ ਦੀ ਬਦੌਲਤ ਇਸ ਨੇ ਗ਼ਜ਼ਲ ਦੇ ਵਿਧਾਨ ਪ੍ਰਬੰਧ ਅਤੇ ਲੈ ਆਤਮਿਕ ਜੁਗਤ ਨੂੰ ਪਛਾਣਿਆ ਹੈ। ਕਲਾਤਮਿਕ ਪੱਖ ਤੋਂ ਲੋੜੀਂਦਾ ਵਿਕਾਸ ਕੀਤਾ ਹੈ।

ਭੁਪਿੰਦਰ ਸਿੰਘ ਸੱਗੂ ਦੀ ਗ਼ਜ਼ਲ ਵਿਸ਼ੇ ਅਤੇ ਦ੍ਰਿਸ਼ਟੀ ਦੇ ਪੱਖ ਤੋਂ ਬਹੁ ਭਾਂਤੀ ਹੈ। ਅੰਦਰੂਨੀ ਅਤੇ ਬਹਿਰੂਨੀ ਸਥਿਤੀ ਦਾ ਸਮੇਲ ਹੈ। ਰਾਸ਼ਟਰੀ ਅਤੇ ਅੰਤਰਾਸ਼ਟਰੀ ਸਮੱਸਿਆਵਾਂ ਦਾ ਪ੍ਰਤੀਕਰਮ ਹੈ। ਭਾਰਤੀ ਭ੍ਰਿਸ਼ਟ ਰਾਜਨੀਤੀ ਦੇ ਗਿਰਗਿਟ ਵਾਂਙ ਪਲ ਪਲ ਬਦਲਦੇ ਚੇਹਰੇ ਨੂੰ ਚਿਤਰਦੀ ਹੈ। ਇਹਦੀ ਸਤ੍ਹਾ ਹੇਠ ਲੁਟੇ, ਦਰੜੇ ਅਤੇ ਦੱਬੇ ਜਾ ਰਹੇ ਲੋਕਾਂ ਦੇ ਹੱਕ ਵਿਚ ਖਲੋਂਦੀ ਹੈ। ਲੋਕਾਂ ਦੀ ਲੁਟ ਚਾਹੇ ਸਰਕਾਰ ਵਲੋਂ ਹੋ ਰਹੀ ਹੈ ਜਾਂ ਸਰਕਾਰ ਦੀ ਪੱਖ ਪਾਤੀ ਨੀਤੀ ਅੰਦਰ ਫੈਲਦੇ, ਪਨਪਦੇ ਕਾਰਪੋਰੇਟ

ਜਗਤ ਵਲੋਂ ਹੋ ਰਹੀ ਹੈ। ਲੋਕ ਦੁਸ਼ਮਣ ਦਾ ਖਾਸਾ ਇਕੋ ਕਿਸਮ ਦਾ ਹੀ ਹੈ। ਸੱਗੂ ਇਸ ਖਾਸੇ ਨੂੰ ਸਮਝਦਾ ਹੋਇਆ ਉਹਦਾ ਸਾਹਮਣਾ ਕਰਨ ਲਈ ਵਚਨਬਧ ਵੀ ਹੈ।

"ਲੱਠ ਲੋਹੇ ਦੀ ਬਣਾਂ ਦੁਸ਼ਮਣ ਲਈ ਹਰ ਵਾਰ ਮੈਂ
ਕਟ ਤਾਂ ਸਕਦਾ ਹੈ ਮਗਰ ਇਹ ਸਿਰ ਕਦੀ ਝੁਕਦਾ ਨਹੀਂ।"

ਚਤਰ ਹਾਕਮ ਆਪਣੀ ਕੁਰਸੀ ਦੀ ਸਹੀ ਸਲਾਮਤੀ ਲਈ ਸਮਾਜ ਨੂੰ ਸਦਾ ਵੰਡ ਕੇ ਰੱਖਦਾ ਹੈ। ਮੱਜ਼੍ਹਬ ਹੀ ਤਾਂ ਭੜਕਾ ਕੇ ਆਪਣੇ ਹੱਕ ਵਿਚ ਭੁਗਤਾ ਜਾਂਦਾ ਹੈ। ਰੰਗ,, ਨਸਲ ਜਾਤ ਪਾਤ ਮੱਜ਼੍ਹਬ ਸਭ ਇਸ ਦੀ ਬਗਲ ਦੇ ਹਥਿਆਰ ਹਨ ਇਸ ਤੋਂ ਸੂਚਿਤ ਕਰਦਾ ਭੂਪਿੰਦਰ ਲਿਖਦਾ ਹੈ :

"ਰੰਗ ਨਸਲ ਦੀ ਕੰਧ ਬਣਾ ਕੇ ਹਾਕਿਮ ਲੀਕਾਂ ਪਾਵੇ
ਚਹੁੰ ਵਰਨਾਂ ਵਿਚ ਖਲਕਤ ਵੰਡ ਕੇ ਵਿਥਾਂ ਪਾਈ ਜਾਵੇ।"

ਵਿਸ਼ਵੀਕਰਨ ਦੇ ਪ੍ਰਭਾਵ ਹੇਠ ਮੰਡੀ ਕਲਚਰ ਪ੍ਰਮੁੱਖ ਹੋ ਰਿਹਾ ਹੈ। ਮੰਡੀ ਕਲਚਰ ਅੰਦਰ ਹਰ ਮਨੁੱਖ ਆਪਣੇ ਆਪ ਤੋਂ ਟੁਟਦਾ ਜਾ ਰਿਹਾ ਹੈ। ਇਸ ਦੇ ਪ੍ਰਭਾਵ ਹੇਠ ਵਧੇਰੇ ਸਵੈਂ ਕੇਂਦਰਿਤ, ਸਵੈ ਮੁਖੀ ਹੋ ਰਿਹਾ ਹੈ। ਜਿਸ ਦੇ ਫਲਸਰੂਪ ਮਨੁੱਖੀ ਰਿਸ਼ਤੇ ਨਾਤਿਆਂ ਦਾ ਭੋਗ ਪੈਂਦਾ ਜਾ ਰਿਹਾ ਹੈ। ਭੂਪਿੰਦਰ ਸੱਗੂ ਦੀਆਂ ਇਹ ਸਤਰਾਂ ਏਸੇ ਸੱਚ ਦੀਆਂ ਲਖਾਇਕ ਹਨ।

ਆਪਣੇ ਹੀ ਆਪ ਤੋਂ ਦੂਰ ਹੁੰਦਾ ਜਾ ਰਿਹਾ
ਅੱਜ ਦਾ ਇਨਸਾਨ ਹੈ ਇਨਸਾਨ ਨੂੰ ਖਾ ਰਿਹਾ।

ਭੂਪਿੰਦਰ ਸੱਗੂ ਇਸ ਸੰਗ੍ਰਹਿ ਵਿਚ ਜੀਵਨ-ਹਿਤੈਸ਼ੀ ਵਿਚਾਰਧਾਰਾ ਦੀ ਹਮਾਇਤ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਵਿਚਾਰਧਾਰਕ ਸੇਧ ਰਾਹਾਂ ਵਿਚ ਡੋਲਣ ਨਹੀਂ ਦੇਂਦੀ। ਲੋਕ ਪੱਖੀ ਵਿਚਾਰਧਾਰਾ ਵਿਸ਼ਵਾਸ਼ ਵਿਚ ਦ੍ਰਿੜਤਾ ਲਿਆਉਂਦੀ ਹੈ। ਦ੍ਰਿੜਤਾ ਮੰਜ਼ਿਲ ਵਲ ਵਧਦਿਆਂ ਡੋਲਣ ਨਹੀਂ ਦੇਂਦੀ। ਮੁਸ਼ਕਿਲਾਂ ਨਾਲ ਝੂਜਦਿਆਂ ਵੀ ਦ੍ਰਿੜਤਾ ਤਾਂ ਹੋਰ ਪ੍ਰਚੰਡ ਹੁੰਦੀ ਹੈ। ਵਿਸ਼ਵਾਸ ਦਾ ਪੱਲਾ ਫੜ ਕੇ ਅਸੀਂ ਅੱਗ ਦੇ ਦਰਿਆ ਘਰ ਸਕਦੇ ਹਾਂ। ਵਿਸ਼ਵਾਸ਼ ਵਿਚ ਦ੍ਰਿੜਤਾ ਭੰਬਲ ਭੂਸਿਆਂ ਤੋਂ ਮੁਕਤ ਰੱਖਦੀ ਹੈ। ਉਸ ਦੀ ਗ਼ਜ਼ਲ ਦੀਆਂ ਕੁਝ ਪੰਕਤੀਆਂ ਏਸੇ ਗੱਲ ਦਾ ਸਬੂਤ ਹਨ।

"ਦਿਲ ਤੁਹਾਡੇ ਵਿਚ ਜੇ ਵਿਸ਼ਵਾਸ ਪੱਕਾ ਹੋ ਗਿਆ
ਅੱਗ ਦੇ ਦਰਿਆ ਤੁਸੀਂ ਫੇਰ ਆਪੇ ਤਰ ਜਾਉਗੇ"

"ਔਝੜੇ ਰਾਹਾਂ ਦੀਆਂ ਜੇ ਮੁਸ਼ਕਿਲਾਂ ਗਲ ਲਾਉਗੇ
ਫੇਰ ਪੱਕਾ ਮੰਜ਼ਿਲ ਤੇ ਖੁਦਬਖ਼ਦ ਪੁੱਜ ਜਾਉਗੇ"।

ਭੂਪਿੰਦਰ ਸੱਗੂ ਰਾਜ ਸਤ੍ਹਾ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਭੰਡਦਾ ਹੈ ਉਸ ਦਾ ਕਹਿਣਾ ਹੈ ਕਿ ਸਿਆਸਤ ਦੀ ਦੌੜ ਸਿਰਫ ਕੁਰਸੀ ਹਥਿਆਉਣ ਤੱਕ ਹੀ ਸੀਮਿਤ ਹੁੰਦੀ ਹੈ। ਕੁਰਸੀ ਨੂੰ ਹਥਿਆਉਣ ਲਈ ਉਹ ਧਰਮ ਨੂੰ ਮੋਹਰੇ ਵਾਂਙ ਚੱਲਦਾ ਹੈ। ਚੇਹਰੇ ਤੇ ਮਖੌਟਾ ਪਹਿਨ ਕੇ ਰੱਖਦਾ ਹੈ। ਗਰੀਬਾਂ ਲਈ ਹੋਰ ਅਤੇ ਅਮੀਰਾਂ ਲਈ ਹੋਰ। ਇਸ ਤਰ੍ਹਾਂ ਹਰ ਇਕ ਨੂੰ ਆਪਣਾ ਬਣਾ ਕੇ ਸਤ੍ਹਾ ਦੇ ਗਲਿਆਰਿਆਂ ਤਕ ਪਹੁੰਚਣ ਲਈ ਉਪਰਾਲਾ ਕਰਦਾ ਹੈ। ਇਹ ਸਤਰਾਂ ਏਸੇ ਸੱਚ ਦੀਆਂ ਲਖਾਇਕ ਹਨ :

"ਵਕਤ ਦੀਆਂ ਸਰਕਾਰਾਂ ਲੁੱਟਣ ਆਪਣਾ ਮੀਤ ਬਣਾ ਕੇ
ਅੱਜ ਕੱਲ ਰਖਣਾ ਮੁਸ਼ਕਿਲ ਹੋਇਆ ਆਪਣਾ ਆਪ ਬਚਾ ਕੇ"

ਜਾਂ

"ਧਰਮ ਸਿਆਸਤ ਅੰਦਰ ਝਗੜੇ ਕੁਰਸੀ ਦੇ ਹਨ ਯਾਰੋ
ਲੋਕਾਂ ਨੂੰ ਭੱਠੀ ਵਿਚ ਝੋਕਣ ਰਹਿਬਰ ਲਾਰੇ ਲਾ ਕੇ"

ਰਾਜ ਸਤ੍ਹਾ ਦੀ ਬੁੱਕਲ ਵਿਚ ਪਲ ਦੇ ਡੇਰਿਆਂ ਨੂੰ ਵੀ ਉਹ ਨਿੰਦਦਾ ਹੈ। ਇਹ ਡੇਰੇ ਭੋਲੇ ਭਾਲੇ ਲੋਕਾਂ ਦੇ ਧਾਰਮਿਕ ਜਜਬਾਤਾਂ ਦਾ ਸੋਸ਼ਣ ਕਰਦੇ ਹਨ। ਵਿਗਿਆਨਕ ਚੇਤਨਾ ਤੋਂ ਵਾਂਝੇ ਲੋਕ ਅਣਭੋਲ ਹੀ ਇਨ੍ਹਾਂ ਦੀ ਗ੍ਰਿਫਤ ਵਿਚ ਫਸ ਜਾਂਦੇ ਹਨ। ਡੇਰੇ ਉਨ੍ਹਾਂ ਦੀਆਂ ਅਧਿਆਤਮਕ ਭਾਵਨਾਵਾਂ ਨੂੰ ਗੁੰਮਰਾਹ ਕਰ ਦੇ ਆਪਣੇ ਮੁਫ਼ਾਦ ਲਈ ਵਰਤਦੇ ਹਨ। ਭੂਪਿੰਦਰ ਸੱਗੂ ਪੱਥਰ ਪੂਜਾ ਨੂੰ ਨਕਾਰਦਾ ਹੋਇਆ ਪਾਖੰਡੀ ਸਾਧਨਾਂ ਤੋਂ ਸੁਚੇਤ ਕਰਦਾ ਹੈ :-

"ਵਿਗਿਆਨਕ ਯੁੱਗ ਵਿਚ ਵੀ ਕਿਉਂ ਪੱਥਰ ਪੂਜੇ ਜਾਂਦੇ ਹਨ
ਸਾਧਾਂ ਕੋਲੋਂ ਮੁੜਦੀ ਲੋਕੀ ਆਪਣਾ ਆਪ ਲੁਟਾ ਕੇ"

'ਭੂਪਿੰਦਰ' ਦੀਆਂ ਗ਼ਜ਼ਲਾਂ ਦੀ ਕੇਂਦਰੀ ਸੁਰ ਮਾਨਵੀ ਹੈ। ਮਾਨਵੀ ਸਰੋਕਾਰਾਂ ਨਾਲ ਪ੍ਰਨਾਈ ਹੋਈ ਗ਼ਜ਼ਲ ਮਾਨਵ ਹਿਤੈਸ਼ੀ ਹੈ। ਮਾਨਵੀ ਮੁਲਾਂ ਦੇ ਸਿਰਜਨਾਤਮਿਕ ਪੱਖ ਨਾ ਜੁੜੀ ਹੋਈ ਹੈ। ਉਹ ਸਮਾਜ ਦਾ ਭਲਾ ਮਾਨਵੀ ਮੁੱਲਾਂ ਵਿਚੋਂ ਉਭਾਰਦਾ ਹੈ। ਉਹ ਬੇ ਜਾਨ ਬੁੱਤਾਂ ਨਾਲੋਂ ਜਿਉਂਦੇ ਜਾਗਦੇ ਇਨਸਾਨ ਦਾ ਉਪਾਸ਼ਕ ਹੈ। ਉਹਦੀ ਸਮਝ-ਸੂਝ-ਅਕਲ ਮਾਨਵੀ ਕਦਰਾਂ ਕੀਮਤਾਂ ਨੂੰ ਵੰਡਾਉਂਦੀ ਹੈ।

"ਮਾਨਵ ਜੋ ਪੂਜਣ ਸੱਗੂ ਉਹ ਨਾ ਪੂਜਣ ਬੁੱਤਾਂ ਨੂੰ
ਇਹ ਤਾਂ ਸਾਰੀ ਖੇਡ ਹੈ ਮਿਤਰੋ ਬੇਅਕਲੇ ਇਨਸਾਨਾਂ ਦੀ"।

ਮੋਹ ਮਮਤਾ ਜ਼ਿੰਦਗੀ ਦਾ ਹਾਂ ਮੁਖੀ ਹੁੰਗਾਰਾ ਹੈ। ਮੋਹ ਮਮਤਾ ਜ਼ਿੰਦਗੀ ਨੂੰ ਊਰਜਿਤ ਕਰਦੀ ਹੈ। ਆਸਮੁਖੀ ਰਖਦੀ ਹੈ। ਨਿਰਾਸ਼ਾ ਤੋਂ ਪਰ੍ਹੇ ਰਖਦੀ ਹੈ। 'ਯਾਰਾਂ ਨਾਲ ਬਹਾਰਾਂ' ਦਾ ਅਖਾਣ ਸੱਚਾ ਸੁੱਚਾ ਲਗਣ ਲੱਗਦਾ ਹੈ। ਧਰਤੀ ਤੇ ਸਵਰਗ

ਉਸਰਿਆ ਲਗਦਾ ਹੈ। ਵਫ਼ਾ ਦੇ ਫੁਲ ਦੀ ਮਹਿਕ ਵਰਦਾਨ ਸਾਬਿਤ ਹੁੰਦੀ ਹੈ ਸ਼ਾਇਦ ਏਸੇ ਲਈ ਭੂਪਿੰਦਰ ਲਿਖਦਾ ਹੈ ਕਿ

"ਦਿਲ ਮੇਰੇ ਨੂੰ ਮੋਹ ਲਿਆ ਜਿਸ ਫ਼ੁੱਲ ਨੇ
ਮਹਿਕ ਉਸ ਦੀ ਮਨਚਲੀ ਜੀਂਦੀ ਰਹੇ"

ਜਾਂ

"ਦੇਸ ਤੋਂ ਸੁੰਦਰ ਸੁਰਗ ਨਾ ਧਰਤ ਤੇ

ਸਰਮਾਏਦਾਰੀ ਸਿਸਟਮ ਅੰਦਰ ਪੂੰਜੀ ਦੀ ਕਾਣੀ ਵੰਡ ਬਰਾਬਰਤਾ ਦੇ ਸੰਕਲਪ ਨੂੰ ਤੋੜਦੀ ਹੈ। ਪੂੰਜੀ ਦੇ ਇਸ ਵਿਕਾਸ ਹੀਨ ਮਾਡਲ ਅੰਦਰ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ। ਗਰੀਬ ਰੋਟੀ ਦੇ ਇਕ ਡੰਗ ਲਈ ਸਹਿਕਦੇ ਹਨ। ਅਮੀਰਾਂ ਨੂੰ ਵਾਧੂ ਪੂੰਜੀ ਐਸ਼ ਇਸ਼ਰਤ ਅਤੇ ਜਸ਼ਨ ਦੇ ਰਾਹ ਪਾ ਦੇਂਦੀ ਹੈ। 'ਸੱਗੂ' ਦੀ ਇਹ ਗ਼ਜ਼ਲ ਦੀਆਂ ਸਤਰਾਂ ਇਸ ਸੱਚ ਦੀਆਂ ਲਖਾਇਕ ਹਨ।

ਪੈਰੀਂ ਝਾਂਜਰ ਬੰਨ ਕੇ ਨੱਚਣਾ ਨਾਰੀ ਦੀ ਮਜ਼ਬੂਰੀ ਹੈ
ਨਿਤ ਮੁਜ਼ਰੇ ਦੀ ਚਸਕੀ ਲੈਂਦੀ ਢਾਣੀ ਹੈ ਧੰਨਾਢਾਂ ਦੀ

ਜਿਸ ਨੇ ਕਦੇ ਜ਼ਿੰਦਗੀ ਵਿਚ ਦੁਖ ਦਰਦ ਨਹੀਂ ਪਾਇਆ ਸਦਾ ਸੁਖ ਹੀ ਭੋਗਿਆ ਹੈ ਉਹ ਦਰਦ ਦੇ ਅਹਿਸਾਸ ਨੂੰ ਇੰਜ ਜਾਣ ਸਕਦਾ ਹੈ। ਜੋ ਆਪਣੇ ਦਰਦ ਨੂੰ ਖਿੜੇ ਮੱਥੇ ਕਬੂਲ ਕਰ ਕੇ ਉਸ ਦਾ ਸਾਹਮਣਾ ਕਰਦਾ ਹੈ ਉਹ ਦਰਦ ਤੁਹਾਡੇ ਜੀਵਨ ਦਾ ਹਾਸਿਲ ਬਣ ਸਕਦਾ ਹੈ। ਆਪਣੇ ਦਰਦ ਵਿਚ ਫੁੱਲ ਖਿੜਾ ਸਕਦਾ ਹੈ। ਇਸ ਭਾਵਨਾ ਨੂੰ ਸੱਗੂ ਇੰਜ ਪ੍ਰਸਤੁਤ ਕਰਦਾ ਹੈ :-

"ਦਰਦ ਨੂੰ ਵਿਸਮਾਦ ਵਾਗੂੰ ਜੀਅ ਭੂਪਿੰਦਰ
ਦਰਦ ਬੰਦੇ ਵਾਸਤੇ ਵਰਦਾਨ ਵੀ ਹੈ।"

ਪੀਰ ਪੈਗੰਬਰਾਂ ਦੀ ਧਰਤੀ ਤੇ ਭਰੂਣ ਹੱਤਿਆ ਭਾਰਤੀ ਸਮਾਜ ਦੇ ਮੱਥੇ ਤੇ ਲੱਗਾ ਕਲੰਕ ਹੈ। ਇਸ ਵਿਚ ਔਰਤ ਅਤੇ ਮਰਦ ਦੋਵੇਂ ਭਾਗੀਦਾਰ ਹਨ। ਇਸ ਅਪਰਾਧ ਦੀ ਸਜ਼ਾ ਤਾਂ ਹੈ ਪਰ ਮਿਲਦੀ ਕਿਸੇ ਨੂੰ ਨਹੀਂ। ਪੀਰਾਂ ਪੈਗੰਬਰਾਂ ਅਤੇ ਰਾਜੇ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਦਾ ਕੁੱਖ ਵਿਚ ਹੀ ਕਤਲ ਘੋਰ ਅਪਰਾਧ ਹੈ। ਪਹਿਲਾਂ ਜੰਮਦੀ ਨੂੰ ਵਿਹੁ ਦੇ ਦਿਤੀ ਜਾਂਦੀ ਸੀ। ਹੁਣ ਕੁਖ ਅੰਦਰ ਹੀ ਕਤਲ ਕਰ ਦਿਤਾ ਜਾਂਦਾ। ਇਸ ਦੁਖਾਂਤ ਅਤੇ ਕੁਕਰਮ ਨੂੰ ਚਿਤੰਤਰ ਹੋਇਆ ਭੂਪਿੰਦਰ ਇੰਜ ਲਿਖਦਾ ਹੈ :-

"ਰਾਮ ਮੁਹੰਮਦ ਈਸਾ ਨਾਨਕ ਸਭਨਾਂ ਦੀ ਇਹ ਜਨਨੀ ਹੈ
ਧੀਆਂ ਲੋਕੀਂ ਮਾਰ ਮੁਕਾ ਕੇ ਕਾਤਿਲ ਬਣਦੇ ਦੁਖਾਂ ਦੇ।"

ਸ਼ਬਦ ਦੀ ਤਾਕਤ ਦਾ ਵੀ ਸੱਗੂ ਨੂੰ ਗਿਆਨ ਹੈ, ਅਨੁਮਾਨ ਹੈ। ਗਿਆਨ

ਧਰਤੀ ਤੇ ਚਾਨਣ ਮੁਨਾਰਾ ਹੈ। ਅਸਮਾਨ ਵਿਚ ਧਰੂ ਤਾਰਾ ਹੈ। ਗਿਆਨ ਪਾ ਕੇ ਤੁਸੀਂ ਭਰਮ ਭੁਲੇਖਿਆਂ ਦਾ ਜਾਲਾ ਅੱਖਾਂ ਤੋਂ ਲਾਹ ਸਕਦੇ ਹੋ। ਵਹਿਮਾਂ ਭਰਮਾਂ ਤੋਂ ਮੁਕਤ ਹੋ ਸਕਦੇ ਹੋ। ਠੀਕ ਅਤੇ ਗਲਤ ਦਾ ਨਿਰਨਾ ਸੌਖਿਆਂ ਕਰ ਸਕਦੇ ਹੋ। ਏਸੇ ਲਈ ਸੱਗੂ ਆਖਦਾ ਹੈ :-

"ਮਨ 'ਚੋਂ ਹਨੇਰਾ ਮਿਟ ਜਾਵੇ ਛੂਹ ਸਕਦੇ ਹੋ ਅਸਮਾਨ
ਸ਼ਬਦ ਤੋਂ ਲੋਅ ਲੈ ਕੇ ਬੰਦਾ ਬਣ ਜਾਵੇ ਇਨਸਾਨ।"

ਵਿਦਿਆ ਤੋਂ ਕੋਰਾ ਆਦਮੀ ਆਦਮੀ ਸਮੇਂ ਦਾ ਹਾਣ ਨਹੀਂ ਹੋ ਸਕਦਾ। ਵਿਦਿਆ ਪਾ ਕੇ ਹੀ ਉਹ ਆਪਣੇ ਸਮਕਾਲੀ ਸਮਾਜ ਨੂੰ, ਯਥਾਰਥ ਨੂੰ ਸਮਝ ਸਕਦਾ ਹੈ। 'ਨਾਰੀ' ਨੂੰ ਇਸ ਕਰ ਕੇ ਵਿਦਿਆ ਤੋਂ ਵਾਂਝੇ ਰੱਖਦਾ ਹੈ ਕਿਉਂਕਿ ਉਹ ਨਾਰੀ ਹੈ। ਇਹ ਨਾਰੀ ਨਾਲ ਬੇਇਨਸਾਫੀ ਹੈ "ਵਿਦਿਆ ਵਿਚਾਰੀ ਪਰਉਪਕਾਰੀ" ਨਾਲ ਹੀ ਧ੍ਰੋਹ ਹੈ। ਭੂਪਿੰਦਰ ਇਸ ਭਾਵਨਾ ਨੂੰ ਇੰਜ ਪ੍ਰਸਤੁਤ ਕਰਦਾ ਹੈ :-

ਨਾਰੀ ਵਿਦਿਆ ਹੀਣ ਨਾ ਹੋਵੇ ਸਮੇਂ ਦੀ ਚਾਨਣ ਹੋਵੇ
ਇਸ ਨੂੰ ਵਿਦਿਆ ਨਾ ਦੇਣੀ ਵਿਦਿਆ ਦਾ ਅਪਮਾਨ ਹੈ

ਕਰਪਸ਼ਨ ਸਿਰਫ ਹੁਣ ਦਫਤਰਾਂ, ਕਚਹਿਰੀਆਂ ਵਿਚ ਹੀ ਨਹੀਂ ਰਹੀ। ਹੁਣ ਤਾਂ ਕਲਾ ਦੇ ਮੰਦਰਾਂ ਅੰਦਰ ਵੀ ਇਹਦਾ ਦੀਵਾ ਜਗਣ ਲਗ ਪਿਆ ਹੈ। ਕਲਾ ਦੀ ਕਸਵੱਟੀ ਸੁਹਜ ਸੁੰਦਰਤਾ ਜਾਂ ਮਾਨਵੀ ਸੰਕਲਪ ਨਹੀਂ ਰਿਹਾ ਹੁਣ ਤਾਂ ਚਾਂਦੀ ਦੀ ਟੁਣਕਾਰ ਹੀ ਕਲਾ ਦੀ ਕਸਵੱਟੀ ਬਣ ਗਈ ਹੈ।

ਇਹ ਸੁਆਂਬਰ ਤੇ ਅਡੰਬਰ ਦੀ ਰਾਜਨੀਤੀ ਵਿਚ
ਲੋਕ ਕਿਵੇਂ ਬਣ ਜਾਂਦੇ ਕਲਾਕਾਰ ਸੱਗੂ ਕੋਈ ਕੇਰਾ ਨਹੀਂ।

ਮਨੁੱਖ ਨੂੰ ਆਦਿ ਕਾਲ ਤੋਂ ਹੀ ਸੱਚ ਦੀ ਤਲਾਸ਼ ਰਹੀ ਹੈ। ਜੀਵਨ ਲੀਲਾ ਨੂੰ ਵਿਚਾਰਦਿਆਂ ਇਹਦਾ ਭੇਦ ਪਾਉਣ ਦੀ ਲਾਲਸਾ ਰਹੀ ਹੈ। ਨਵੀਂ ਤਲਾਸ਼ ਨੂੰ ਸਦਾ ਪੁਰਾਣੀ ਸਥਾਪਨਾ ਤੋਂ ਬਗ਼ਾਵਤ ਕੀਤੀ ਹੈ। ਨਵੇਂ ਸੱਚ ਦੀ ਤਲਾਸ਼ ਸੂਲੀ ਨਾਲ ਮੋਹ ਪਾ ਕੇ ਕੀਤੀ ਹੈ। ਏਸੇ ਲਈ ਭੂਪਿੰਦਰ ਸੱਗੂ ਇਨ੍ਹਾਂ ਸਤਰਾਂ ਵਿਚ ਇਸ ਸੱਚ ਨੂੰ ਬਿਆਨਦਾ ਹੈ :-

ਸੂਲੀ ਤੇ ਨੱਚਣੇ ਦਾ ਭੇਤ ਜੇ ਨਾ ਜਾਣਿਆ
ਫੇਰ ਸੱਗੂ ਜ਼ਿੰਦਗੀ ਦਾ ਭੇਦ ਵੀ ਨਾ ਪਾਊਗਾ।

ਇਛਾਵਾਂ ਵੀ ਪ੍ਰਛਾਵੇਂ ਵਾਂਙ ਦੁਨਿਆਵੀ ਮਾਨੁੱਖ ਦੇ ਅੰਗ ਸੰਗ ਹੀ ਰਹਿੰਦੀਆਂ ਹਨ। ਇਹ ਵੀ ਇਕ ਅਚੇਤ ਮਾਰੂ ਵਰਤਾਰਾ ਹੈ ਕਿ ਮਨੁੱਖ ਲੋੜੋਂ ਵੱਧ ਇੱਛਾਵਾਂ ਪਿਛੇ ਸਰਪਟ ਦੌੜਦਾ ਹੋਇਆ ਹਫ਼ਦਾ ਹੋਇਆ ਮੁਕ ਜਾਂਦਾ ਹੈ। ਆਪਣੇ ਅੰਤ ਤੋਂ ਅਵੇਸਲੇ ਹੋਏ ਮਨੁੱਖ ਨੂੰ ਪਤਾ ਹੀ ਨਹੀਂ ਚੱਲਦਾ ਕਿ ਕਦ ਉਹ ਆਪਣੀ ਹੋਂਦ ਹੱਥੋਂ

ਹੀ ਛਲਿਆ ਜਾਂਦਾ ਹੈ। ਉਸ ਦਾ ਅੰਦਰਲਾ ਮਾਰੂਥਲ ਅਤੇ ਅੱਖਾਂ ਵਿਚ ਮ੍ਰਿਗ ਤ੍ਰਿਸ਼ਨਾ ਉਸ ਨੂੰ ਸਦਾ ਇਛਾਵਾਂ ਪਿਛੇ ਭਜਾਈ ਅਤੇ ਭਟਕਾਈ ਰਖਦੀਆਂ ਹਨ। ਇਸਦਾ ਇਸ ਖੂਬਸੂਰਤ ਸ਼ੇਅਰ ਵਿਚੋਂ ਹੀ ਪਤਾ ਚੱਲਦਾ ਹੈ :-

ਮਿਰਗ ਤ੍ਰਿਸ਼ਨਾ ਅੱਖਾਂ ਵਿਚ ਤੇ ਮਾਰੂਥਲ ਹੈ ਦਿਲ ਅੰਦਰ
ਧੋਖਾ ਖਾਧਾ ਫੇਰ ਨਜ਼ਰ ਨੇ ਤੁਰਦੇ ਨਾਲ ਇਛਾਵਾਂ ਦੇ।

ਸਫਾ 92

ਭੂਪਿੰਦਰ ਸੱਗੂ ਨੂੰ ਲੋਕ ਤਾਕਤ ਦਾ ਵੀ ਗਿਆਨ ਹੈ। ਹੱਕਾਂ ਦੀ ਖਾਤਿਰ ਜੇ ਤਮਾਮ ਲੋਕ ਇਕ ਮੁੱਠ ਹੋ ਕੇ ਤੁਰ ਪੈਣ ਤਾਂ ਸਹਿਜ ਹੀ ਆਪਣੇ ਹੱਕ ਪ੍ਰਾਪਤ ਕਰ ਸਕਦੇ ਹਨ। ਤਖ਼ਤ ਤਾਜ ਨੂੰ ਚੈਲੰਜ ਕਰ ਸਕਦੇ ਹਨ। 'ਸੱਗੂ' ਵੀ ਸਹਿਜ ਸੁਭਾ ਉਸ ਧਿਰ ਨਾਲ ਭੁਗਤ ਜਾਂਦਾ ਹੈ ਜੋ ਸਦੀਆਂ ਤੋਂ ਆਪਣੇ ਹੱਕਾਂ ਲਈ ਗਤੀਸ਼ੀਲ ਹਨ ਜਿਵੇਂ ਉਸ ਦੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ।

"ਜਦੋਂ ਹੱਕਾਂ ਦੀ ਖਾਤਿਰ ਲੋਕ ਸਾਰੇ ਉਮੱਡ ਕੇ ਆਵਣ
ਉਦੋਂ ਹਾਕਮ ਦ ਤੱਖਤੋਂ ਤਾਜ਼ ਸਾਰੇ ਡਗਮਗਾਂਦੇ ਹਨ।

ਇਕ ਹੋਰ ਸ਼ੇਅਰ :-

ਜਦੋਂ ਹੱਕ ਲੈਣ ਦੀ 'ਸੱਗੂ' ਕਿਤੇ ਗੱਲਬਾਤ ਹੁੰਦੀ ਏ
ਕਲਮ ਮੇਰੀ ਉਦੋਂ ਚਲੇ ਜਿਵੇਂ ਤਲਵਾਰ ਹੁੰਦੀ ਏ।

ਸਫਾ 6

ਦਰਿਆ ਝਨਾਂ ਸਾਡੇ ਸਮਾਜ ਅਤੇ ਸਭਿਆਚਾਰ ਦਾ ਅੰਗ ਬਣ ਚੁਕਾ ਹੈ। ਸੁਹਣੀ ਮਹੀਵਾਲ ਦੀ ਪ੍ਰੀਤ ਕਹਾਣੀ ਦਿਲ ਨਾਲ ਜੁੜੀ ਹੋਈ ਹੈ। ਝਨਾਂ ਦਾ ਨਾਂ ਸੁਣਦਿਆਂ ਹੀ ਪ੍ਰੀਤ ਕਹਾਣੀ ਅਚੰਤ-ਸੁਚੇਤ ਸਾਡੇ ਨਾਲ ਤੁਰਨ ਲਗਦੀ ਹੈ। ਭੂਪਿੰਦਰ ਸੱਗੂ ਨੇ ਇਸ ਗ਼ਜ਼ਲ ਸੰਗ੍ਰਿਹ ਦਾ ਨਾਂ 'ਵਗਦੀ ਰਹੇ ਝਨਾਂ' ਰਖ ਕੇ ਚਿੰਨਾਤਮਕ ਤੌਰ ਤੇ ਉਸ ਮੋਹ-ਮੁਹਬਤ ਪ੍ਰਗਟਾਵਾ ਕੀਤਾ ਹੈ ਜਿਸ ਦੇ ਅਧਾਰਤ ਸਮਾਜ ਵੱਧਦਾ ਫੁਲਦਾ ਹੈ ਅਤੇ ਆਪਣੀ ਮੁਹੱਬਤ ਵਿਚ ਬੱਝਦਾ ਹੈ। ਵਿਕਾਸ ਕਰਦਾ ਹੈ। ਇਸ ਮੁਹੱਬਤ ਦਾ ਸਰੂਰਿਆ ਹੀ 'ਸੱਗੂ' ਆਪਣੀ ਗ਼ਜ਼ਲ ਵਿਚ ਆਖਦਾ ਹੈ :-

ਚਾਨਣ ਦਾ ਮੈਂ ਪੋਚਾ ਫੇਰਾਂ ਤੇਲ ਬਰੂਹੀਂ ਚੋਣਾਂ
ਮਨ ਦੇ ਵਿਹੜੇ ਯਾਰ ਮਿਰਾ ਜਦ ਆ ਕੇ ਫੇਰੀ ਪਾਵੇ।

ਸਫ਼ਾ 34

ਇਨ੍ਹਾਂ ਦੀ ਗ਼ਜ਼ਲ ਹਰ ਸਿਤਮ ਦੇ ਖ਼ਿਲਾਫ ਜੂਝਣ, ਸੋਚਣ ਅਤੇ ਜਾਗਰਿਤ ਕਰਨ ਦੀ ਚੇਤਨਾ ਨਾਲ ਜੋੜਦੀ ਹੈ। ਸੰਘਰਸ਼ ਲਈ ਮਾਨਸਿਕ ਤੌਰ ਤੇ ਉਰੇਜਿਤ

ਵੀ ਕਰਦੀ ਹੈ। ਰਿਸ਼ਤਿਆਂ ਦੇ ਆਰ ਪਾਰ ਝਾਕਦੀ ਹੋਈ ਅੱਜ ਦੇ ਉਪਭੋਗੀ ਮਨੁੱਖ ਦੀ ਬਾਜ਼ਾਰ ਰੁਚੀ ਨੂੰ ਵੀ ਪ੍ਰਗਟ ਕਰਦੀ ਹੈ। ਸ਼ਾਇਦ ਏਸੇ ਲਈ ਦੋਸਤੀਆਂ ਦਾ ਫਲ ਚੱਖਦਾ ਹੋਇਆ ਜਦ ਕਦੇ ਕਿਸੇ ਦੋਸਤੀ ਦੇ ਹੱਥੋਂ ਬੇਵਫ਼ਾ ਦੀ ਆਰ ਸਹਿੰਦਾ ਹੈ ਤਾਂ ਆਪਣੀ ਗ਼ਜ਼ਲ ਵਿਚ ਤੜਫ਼ ਉਠਦਾ ਹੈ ਜਿਵੇਂ ਸ਼ੇਅਰ ਹੈ :-

ਗੈਰਾਂ ਵਾਂਗੂੰ ਚੋਭ ਮਾਰੇ ਮਸ਼ਕਰੀ ਵੀ ਦੋਸਤਾਂ ਦੀ
ਕੀ ਭਰੋਸਾ ਮੈਂ ਕਰਾਂ ਦਸੋ ਅਜਿਹੀ ਦੋਸਤ ਦੀ ਦਾ।

ਸਮਾਜ ਵਿਚ ਪਿਆਰ, ਮੁਹੱਬਤ ਪ੍ਰਮੁਖ ਹੈ। ਧਰਤੀ ਬੱਲਦ ਦੇ ਸਿੰਙਾਂ ਉਪਰ ਹੀ ਟਿਕੀ ਹੋਈ ਨਹੀਂ ਸਗੋਂ ਮੁਹੱਬਤ ਦੇ ਪਵਿਤਰ ਰਿਸ਼ਤਿਆਂ ਨੇ ਵੀ ਆਪਣੀ ਬੁੱਕਲ ਵਿਚ ਇਸ ਨੂੰ ਸਾਂਭਿਆ ਹੋਇਆ ਪਿਆਰ ਵਿਚ ਪਿਆਸ ਦਾ ਅੰਤ ਨਹੀਂ ਹੁੰਦਾ ਜਿਥੇ ਅੰਤ ਹੁੰਦਾ ਉਥੇ ਦੂਰੀ ਦੀਆਂ ਸੰਭਾਵਨਾਵਾਂ ਜਨਮ ਲੈਂਦੀਆਂ। ਰਿਸ਼ਤਾ ਧੁੰਧਲਾ ਪੈਣ ਲਗਦਾ ਹੈ। ਪਿਆਸ ਵਿਚ ਹੀ ਨੇੜਤਾ ਜਾਗਦੀ ਹੈ। ਰਿਸ਼ਤਾ ਸਹੀ ਸਲਾਮਤ ਅਤੇ ਸੰਪੂਰਨ ਰਹਿੰਦਾ ਹੈ। ਇਸ ਤੱਥ ਦੀ ਗਵਾਹੀ ਭਰਦਾ ਇਨ੍ਹਾਂ ਦਾ ਸ਼ੇਅਰ ਹੈ :-

ਨਾ ਮਿਟੀ ਹੈ ਪਿਆਸ ਮੇਰੀ ਪੀ ਲਿਆ ਸਾਗਰ ਵੀ ਮੈਂ
ਰੂਹ ਨੂੰ ਲੱਗੀ ਪਿਆਸ ਜੋ ਇਸ ਨੂੰ ਮਿਟਾਵਾਂ ਕਿਸ ਤਰ੍ਹਾਂ

ਪੰਨਾ 25

ਭੂਮਿਕਾ ਵਿਚ 'ਸੁਲੱਖਣ ਸਰਹੱਦੀ' ਜੀ ਹੋਣਾ ਨੇ ਇਨ੍ਹਾਂ ਦੇ ਰੂਪਕ ਪੱਖ ਨੂੰ ਸਲਾਹਿਆ ਹੈ। ਮੈਂ ਇਸ ਨਾਲ ਸਹਿਮਤ ਹੁੰਦਾ ਹੋਇਆ ਆਸ ਰਖਦਾ ਕਿ ਭਵਿਖ ਵਿਚ ਹੋਰ ਵੀ ਗੰਭੀਰ ਹੋ ਕੇ ਆਪਣੇ ਕਲਾਤਮਿਕ ਪੱਖ ਅਤੇ ਕਲਾ ਦੇ ਅੰਦਰੂਨੀ ਨੇਮਾਂ ਨਾਲ ਜੁੜਨਗੇ। ਸ਼ਬਦਾਂ ਦੇ ਦੁਹਰਾਅ ਤੋਂ ਬਚਣ ਦਾ ਉਪਰਾਲਾ ਕਰਨਗੇ।

ਸਮੁੱਚੇ ਤੌਰ ਤੇ ਇਸ ਦੇ ਵਿਸ਼ ਵਸਤੂ ਦਾ ਤੱਟ ਬਹੁਤ ਵਿਸ਼ਾਲ ਹੈ। ਵਿਚਾਰਾਂ ਦੀ ਭਰਮਾਰ ਹੈ ਪਰ ਸਨੇਹਾ ਸੰਦੇਸ਼ ਇਕ ਹੀ ਹੈ ਮਾਨਵਵਾਦ, ਪਿਆਰ, ਮੁਹੱਬਤ ਅਤੇ ਸਮਾਜਿਕ ਚੇਤਨਾ। ਪ੍ਰਵਾਸ ਦੀਆਂ ਦੁਸ਼ਵਾਰੀਆਂ ਦਾ ਕੋਇਂ ਜ਼ਿਕਰ ਨਹੀਂ ਸ਼ਾਇਦ ਲੰਬੇ ਸਮੇਂ ਤੋਂ ਇਸ ਦੇਸ਼ ਵਿਚ ਰਹਿਣ ਕਰ ਕੇ ਸੱਗੂ ਨੇ ਇਥੋਂ ਦੇ ਬਰਤਾਨਵੀ ਸਭਿਆਚਾਰ ਨੂੰ ਮਾਨਸਿਕ ਤੌਰ ਤੇ ਕਬੂਲ ਕਰ ਲਿਆ ਹੈ। ਜਾਂ ਸਮਝੌਤਾ ਕਰ ਲਿਆ ਹੈ। ਇਹਦੇ ਇਸੇ ਵਸਤੂ ਦੇ ਅਹਿਸਾਸ ਤੋਂ ਪਤਾ ਚਲਦਾ ਹੈ ਕਿ ਸੱਗੂ ਪ੍ਰਗਤੀਵਾਦੀ ਧਾਰਾ ਦੇ ਕਵੀ ਹਨ। ਬਿਨਾਂ ਸ਼ੱਕ ਇਸ ਨੇ ਬਰਤਾਨਵੀ ਗ਼ਜ਼ਲ ਦੀ ਸਾਹਿਤਕ ਅਮੀਰੀ ਵਿਚ ਵਾਧਾ ਕੀਤਾ ਹੈ। ਮੈਂ ਇਸ ਨੂੰ ਵਧਾਈ ਦੇਂਦਾ ਹਾਂ। ਆਸ ਰਖਦਾ ਹਾਂ ਕਿ ਹਰ ਮਨੁੱਖੀ ਦਿਲ ਅੰਦਰ ਇਹ 'ਵਗਦੀ ਰਹੇ ਝਝਨਾਂ' ਦਾ ਸੁਨੇਹਾ ਬੁਲੰਦ ਹੋਵੇ।

●●●●●

# ਵਗਦੀ ਰਹੇ ਝਨਾਂ ਦੇ ਸੰਦਰਭ ਵਿਚ

## ਨਦੀਮ ਪਰਮਾਰ ਕੈਨੇਡਾ

ਮੁੱਦਤ ਹੋਈ, ਬੁਖਾਰੇ ਤੋਂ ਇਕ ਬਾਦੀਯਾਂ - ਸ਼ਰਾਬ ਪੀਣ ਵਾਲੇ ਪਿਆਲਿਆਂ ਦਾ ਸੌਦਾਗਰ ਆਇਆ ਸੀ, ਮਿਹਰ। ਝਨਾਂ ਕੰਢੇ ਵਸਦੇ ਘੁਮਿਆਰ ਦੀ ਧੀ ਸੋਹਣੀ ’ਤੇ ਮੋਹਿਤ ਕੀ ਹੋਇਆ, ਕਿ ਬਸ, ਉਸੇ ਦਾ ਹੀ ਹੋ ਕੇ ਰਹਿ ਗਿਆ ਤੇ ਮੁੜ ਵਤਨੀ ਫੇਰਾ ਨਾ ਪਾਇਆ। ਤੇ ਸੋਹਣੀ ਨੇ, ਆਪਣੇ ਅਮਰ-ਪ੍ਰੇਮ ਨਾਲ ਝਨਾਂ ਨੂੰ, ਪਿਆਰ ਦਾ ਦਾਇਮੀ ਚਿੰਨ ਬਣਾ ਦਿੱਤਾ।

ਹੁਣ, ਵਲੈਤ ਵਿਚ ਵਸਦਾ ਇਕ ਗ਼ਜ਼ਲਗੋ ਹੈ, ਭੁਪਿੰਦਰ ਸਿੰਘ ਸੱਗੂ। ਉਹ, ਝਨਾਂ ਤਕ ਤਾਂ ਸ਼ਾਇਦ ਕਦੀ ਗਿਆ ਨਹੀਂ। ਪਰ, ਤਖੱਯਲ ਦੀ ਪਰਵਾਜ਼ ਤੇ ਗ਼ਜ਼ਲਗੋਈ ਦੇ ਜ਼ੋਰ ’ਤੇ ਉਹ ਆਪਣੇ ਨਵੇਂ ਗ਼ਜ਼ਲ ਸੰਗ੍ਰਹਿ- ਵਗਦੀ ਰਹੇ ਝਨਾਂ, ਵਿਚ ਝਨਾਂ ਨੂੰ, ਜਿਸ ਨੂੰ ਕਿ ਚਨਾਬ ਵੀ ਕਿਹਾ ਜਾਂਦਾ ਤੇ ਪੁਰਾਤਨ ਸਮਿਆਂ ਵਿਚ ‘ਚੰਦਰਾਭਾਗਾ, ਗ਼ਜ਼ਲਾਂ ਦੀ ਨਦੀ ਬਿਆਨਦਾ ਕਹਿੰਦਾ ਹੈ - ਵਗਦੀ ਰਹਿਣੀ ਝਨਾਂ ਗ਼ਜ਼ਲ ਦੀ।

ਹੁਣ ਦੇਖਣਾ ਇਹ ਹੈ ਕਿ ਕੀ, ਭੁਪਿੰਦਰ ਸਿੰਘ ਸੱਗੂ ਦਾ ਰਚਿਆ ਇਹ ਗ਼ਜ਼ਲ ਸੰਗ੍ਰਹਿ- ਵਗਦੀ ਰਹੇ ਝਨਾਂ, ਵਾਕਿਆ ਹੀ ਗ਼ਜ਼ਲਾਂ ਦੀ ਵਗਦੀ ਝਨਾਂ ਹੈ ਕਿ ਨਹੀਂ ? ਆਓ, ਦੇਖੀਏ।

ਇਸ ਗ਼ਜ਼ਲ ਸੰਗ੍ਰਹਿ ਵਿਚ ਕੁਲ 79 ਗ਼ਜ਼ਲਾਂ ਨੇ ਜੋ ਭਿੰਨ ਭਿੰਨ ਬਹਿਰਾਂ ਦੇ ਸਾਲਮ ਤੇ ਜ਼ਹਾਫੀ ਤੋਲਾਂ ਵਿਚ ਕਹੀਆਂ ਗਈਆਂ ਨੇ। ਜਿਵੇਂ-

| ਮਤੁਕਾਰਿਬ | ਹਜ਼ਜ | ਰਮਲ | ਮੁਜ਼ਾਰਿਆ | ਮਾਤਰਿਕ ਬਹਿਰ** |
|---|---|---|---|---|
| 1 | 14 | 14 | 6 | 44 |

**ਤੁਸੀਂ ਸੋਚਦੇ ਹੋਵੋਗੇ ਕਿ ਇਹ ਮਾਤਰਿਕ ਬਹਿਰ ਕਿਸ ਬਲਾ ਦਾ ਨਾਂ ਹੈ ? ਨਾ ਕਦੀ ਸੁਣਿਆ ਨਾ ਪੜਿਆ। ਜੀ, ਮਾਤਰਿਕ ਬਹਿਰ ਉਨ੍ਹਾਂ ਦੋ ਬਹਿਰਾਂ, ਬਹਿਰ ਮੁਤਕਾਰਿਬ ਤੇ ਬਹਿਰ ਮੁਤਦਾਰਿਕ ਦੇ ਸੰਜੋਗ ਨੂੰ ਕਿਹਾ ਜਾਂਦਾ ਹੈ ਜਦੋਂ ਇਨ੍ਹਾਂ ਦੇ ਰੁਕਨ ਇਕ ਦੂਜੇ ਵਿਚ ਗਡ-ਮਡ ਹੋ ਜਾਂਦੇ ਨੇ ਤੇ ਉਨ੍ਹਾਂ ਦੀ ਥਾਂ ਮਾਤਰਾਵਾਂ ਗਿਣੀਆਂ ਜਾਂਦੀਆਂ ਨੇ। ਇਨ੍ਹਾਂ ਨੂੰ, ਦੋ ਕਾਰਨ ਦੀ ਬਨਾ ’ਤੇ ਮਾਤਰਿਕ ਬਹਿਰਾਂ ਕਿਹਾ ਜਾਂਦਾ ਹੈ।

1. ਅਰੂਜ਼

ਤੁਸੀਂ, ਬਹਿਰ ਮੁਤਕਾਰਿਬ ਸਾਲਮ ਮਸੱਮਨ ਦਾ ਤੋਲ ਤਾਂ ਜਾਣਦੇ ਹੀ ਹੋ। ਜੀ, ਜਿਸ ਨੂੰ ਭੁਜੰਗਪ੍ਰਯਾਤ ਛੰਦ ਵੀ ਕਿਹਾ ਜਾਂਦਾ ਹੈ ਤੇ ਗੁਰੂ ਸਾਹਿਬ ਨੇ ਜ਼ਫਰਨਾਮਾ ਰਚਿਆ ਸੀ- ਫਊਲੁਨ+ਫਊਲੁਨ+ਫਊਲੁਨ+ਫਊਲੁਨ। ਤੇ ਭੂਪਿੰਦਰ ਦੀ ਪੰਨਾ 37 ਦੀ ਇਹ ਗ਼ਜ਼ਲ ਹੈ-

ਹਰਿਕ ਸ਼ੈਅ 'ਚ ਹੁੰਦੀ ਮਿਲਾਵਟ ਨੂੰ ਦੇਖੋ
ਇਨ੍ਹਾਂ ਦੀ ਨਜ਼ਾਕਤ ਸਜਾਵਟ ਨੂੰ ਦੇਖੋ

ਬਹਿਰ ਮੁਤਦਾਰਿਕ ਸਾਲਮ- ਜਿਸ ਦਾ ਤੋਲ ਤੇ ਚਾਲ ਹੈ-ਫਾਇਲੁਨ+ ਫਾਇਲੁਨ+ ਫਾਇਲੁਨ+ ਫਾਇਲੁਨ ਤੇ ਇਸ ਨੂੰ ਦਮੂਹਾ ਛੰਦ ਜਾਂ ਪ੍ਰਯਾ ਛੰਦ ਵੀ ਕਿਹਾ ਜਾਂਦਾ ਹੈ।

ਜੀ, ਇਹ ਬਹਿਰ ਪੰਜਾਬੀ ਗ਼ਜ਼ਲ ਵਿਚ ਪੜ੍ਹਨ ਲਈ ਬਹੁਤ ਘੱਟ ਮਿਲਦੀ ਹੈ।

ਬਹਿਰ ਮੁਤਕਾਰਿਬ ਦੇ ਦੋ ਵਜ਼ਨ ਨੇ-

(1) ਫ਼ੇਲੁਨ+ ਫ਼ੇਲੁਨ+ ਫ਼ੇਲੁਨ+ ਫ਼ੇਲੁਨ

(2) ਫ਼ੇਲ + ਫ਼ਊਲੁਨ + ਫ਼ੇਲ + ਫ਼ਊਲੁਨ।

ਇਨ੍ਹਾਂ ਵਿਚ ਕਿਤੇ ਵੀ ਫ਼ੇਲੁਨ+ ਫ਼ੇਲੁਨ ਨੂੰ ਫ਼ੇਲ+ਫ਼ਊਲੁਨ ਨਾਲ ਬਦਲ ਸਕਦੇ ਹਾਂ।

ਤੇ, ਬਹਿਰ ਮੁਤਦਾਰਿਕ ਦੇ ਦੋ ਵਜ਼ਨ ਨੇ-

(1) ਫ਼ੇਲੁਨ+ ਫ਼ੇਲੁਨ+ ਫ਼ੇਲੁਨ+ ਫ਼ੇਲੁਨ

(2) ਫ਼ਿਇਲੁਨ+ ਫ਼ਿਇਲੁਨ+ ਫ਼ਿਇਲੁਨ + ਫ਼ਿਇਲੁਨ

ਇਨ੍ਹਾਂ ਵਿਚ ਕਿਸੇ ਵੀ ਥਾਂ 'ਤੇ ਫ਼ੇਲੁਨ 'ਤੇ ਫ਼ਿਇਲੁਨ ਨੂੰ ਇਕ ਦੂਸਰੇ ਦੀ ਥਾਂ ਤੇ ਲਿਆਇਆ ਜਾ ਸਕਦਾ ਹੈ। ਪਰ, ਬਿਹਰ ਮੁਤਦਾਰਿਕ ਵਿਚ ਫ਼ਊਲੁਨ ਨਹੀਂ ਲਿਆ ਸਕਦੇ। ਹਾਲਾਂਕਿ, ਫ਼ੇਲ+ ਫ਼ਊਲੁਨ ਵਿਚ ਫ਼ੇਲੁਨ ਲੁਕਿਆ ਹੋਇਆ ਹੈ। ਪਰ ਇਹ ਰਲਗੱਡ ਪੰਜਾਬੀ ਗ਼ਜ਼ਲਾਂ ਵਿਚ ਆਮ ਮਿਲਦਾ ਹੈ। ਕਾਰਨ-ਪੰਜਾਬੀ ਵਿਚ ਅਸੀਂ ਲਘੁ ਗੁਰੁ : 1, 2 ਜਾਂ I.S. ਨਾਲ ਰੁਕਨ ਨਿਸਚਿਤ ਕਰਦੇ ਹਾਂ ਜਦਕਿ ਅਰੂਜ਼ ਅਨੁਸਾਰ, ਸਾਕਿਨ ਤੇ ਮੁਤਹੱਰਕ ਦੇਖੇ ਜਾਂਦੇ ਨੇ। ਜਦੋਂ ਕਿਸੇ ਪੰਜਾਬੀ ਗ਼ਜ਼ਲ ਦੀ ਬਹਿਰ ਅਰੂਜ਼ ਅਨੁਸਾਰ ਨਿਸਚਿਤ ਕਰਨ ਲਈ ਤਕਤੀ ਕਰਦੇ ਹਾਂ ਤਾਂ ਇੱਕੋ ਗ਼ਜ਼ਲ ਦੇ ਕਈ ਸ਼ਿਅਰਾਂ ਵਿਚ, ਇਨ੍ਹਾਂ ਦੋ ਬਹਿਰਾਂ ਦੇ ਰੁਕਣ ਮਿਲਦੇ ਨੇ ਜਿਸ ਕਰਕੇ ਬਹਿਰ ਨਿਸਚਿਤ ਕਰਨੀ ਔਖਾ ਹੀ ਨਹੀਂ, ਸਗੋਂ ਅਸੰਭਵ ਵੀ ਹੋ ਜਾਂਦਾ ਹੈ।

(2) **ਬੋਲੀ**

ਪੰਜਾਬੀ ਬੋਲੀ ਵਿਚ ਕੁਝ ਐਸੇ ਸ਼ਬਦ ਨੇ ਜਿਨ੍ਹਾਂ ਦਾ ਲਿਖਤੀ ਰੂਪ ਫ਼ਾਇਲੁਨ ਹੈ ਪਰ ਉਚਾਰਨ ਫ਼ੇਲੁਨ ਹੈ। ਜਿਵੇਂ - ਆਪਣਾ ਤੇ ਮਾਇਆ ਦਾ ਉਚਾਰਨ ਅਪਣਾ ਤੇ ਮਾਯਾ ਹੈ। ਤੇ ਕੁਝਨਾ ਦੇ ਫ਼ੇਲ+ ਫ਼ਊਲੁਨ ਪਰ ਉਚਾਰਨ ਫ਼ਾਇਲੁਨ। ਇਹ ਇੱਕੋ ਹੀ ਸ਼ਿਅਰ ਵਿਚ, ਆਮ ਵਰਤੇ ਮਿਲਦੇ ਨੇ। ਸ਼ਿਅਰ ਦੀ ਇਕ ਤੁਕ ਤੁਹਾਨੂੰ ਬਹਿਰ ਮੁਤਕਾਰਿਬ ਲੱਗੇਗੀ ਤੇ ਦੂਜੀ, ਬਹਿਰ ਮੁਤਦਾਰਿਕ। ਜਿਸ ਕਰਕੇ ਗ਼ਜ਼ਲ ਦੀ ਬਹਿਰ ਨਿਰਧਾਰਿਤ ਕਰਦੇ ਸਮੇਂ, ਬਹਿਰ ਮੁਤਕਾਰਿਬ ਕਿ ਬਹਿਰ ਮੁਤਦਾਰਿਕ ? ਦਾ ਨਿਰਨਾ ਗ਼ਲਤ ਹੋ ਜਾਂਦਾ ਹੈ। ਜਿਵੇਂ ਇਸ ਸ਼ਿਅਰ ਵਿਚ–

ਸੋਚ ਤੇਰੀ ਦਾ ਜਾਮ ਅਧੂਰਾ ਤਾਹੀਓਂ ਮਿੱਤਰਾ ਛਲਕੇ
ਅਕਲਾਂ ਵਾਲੀ **ਆਪਣੇ** ਹੱਥੀਂ **ਤੋੜ ਬੈਠਾਂ** ਤੇ ਡੋਰੀ

ਪਹਿਲੀ ਤੁਕ ਵਿਚ ਰੁਕਨਾਂ ਦੇ ਲਿਖਤੀ ਰੂਪ– ਪਹਿਲਾ ਰੁਕਨ, ਸਦਰ = ਸੋਚ ਤੇਰੀ ਦਾ ਤੇ ਦੂਜਾ ਰੁਕਨ– ਹਸ਼ਵ = ਜਾਮ ਅਧੂਰਾ = ਫ਼ੇਲ+ ਫ਼ਊਲੁਨ ਨੇ। ਅਗਲੇ ਦੋ ਹਸ਼ਵ = ਤਾਹੀਓਂ ਤੇ ਮਿੱਤਰਾ = ਫ਼ਾਇਲੁਨ ਤੇ ਅੰਤਲਾ ਹਸ਼ਵ– ਅਰੂਜ਼ = ਫੇਲੁਨ। ਦੂਜੀ ਤੁਕ ਦੀ ਤਕਤੀਹ ਤੁਸੀਂ ਆਪ ਕਰ ਸਕਦੇ ਹੋ ਤੇ ਦੇਖ ਸਕਦੇ ਹੋ ਕਿ ਇਹ ਸ਼ਿਅਰ ਕਿਸ ਬਹਿਰ ਵਿਚ ਹੈ। ਜੀ ਮੈਂ ਦੱਸਾਂ ? ਪਹਿਲੀ ਤੁਕ, ਪਹਿਲੇ ਦੋ ਰੁਕਨ ਬਹਿਰ ਮੁਤਕਾਰਿਬ ਦੇ ਨੇ ਤੇ ਅਗਲੇ ਦੋ ਬਹਿਰ ਮੁਤਦਾਰਿਕ ਦੇ। ਬਹਿਰ ਮੇਤਦਾਰਿਕ ਵਿਚ ਅਸੀਂ ਬਹਿਰ ਮੁਤਕਾਰਿਬ ਦੇ ਰੁਕਨ, ਫੇਲ+ ਫਊਲੁਨ ਨਹੀਂ ਲਿਆ ਸਕਦੇ ਇਸ ਕਰਕੇ ਨਾ ਤਾਂ ਇਹ ਸ਼ਿਅਰ ਬਹਿਰ ਮੁਤਕਾਰਿਬ ਵਿਚ ਹੈ ਤੇ ਨਾ ਹੀ ਬਹਿਰ ਮੁਤਦਾਰਿਕ ਵਿਚ। ਇਸ ਕਰਕੇ ਇਸ ਨੂੰ ਮਾਤਰਿਕ ਬਹਿਰ ਵਿਚ ਹੀ ਕਹਿ ਲੈਣਾ ਬਹਿਤਰ ਹੈ। ਇਸ ਤਰ੍ਹਾਂ ਤੁਸੀਂ ਬਹਿਰ ਮਤਕਾਰਿਬ ਵਿਚ ਬਹਿਰ ਮੁਤਦਾਰਿਕ ਜਾਂ ਬਹਿਰ ਮੁਤਦਾਰਿਕ ਵਿਚ ਬਹਿਰ ਮੁਤਕਾਰਿਬ ਘਸੋੜਨ ਦੇ ਦੋਸ਼ ਤੋਂ ਬਚ ਜਾਂਦੇ ਹੋ।

(ਵੇਰਵੇ ਲਈ ਦੇਖੋ– ਪ੍ਰੋਫ਼ੈਸਰ ਗਿਆਨ ਚੰਦ ਜੈਨ ਦਾ– ਉਰਦੂ ਕਾ ਅਪਨਾ ਅਰੂਜ਼ - ਹਿੰਦੀ ਬਹਿਰ। ਪੁਸ਼ਟੀ ਲਈ ਉਰਦੂ ਦੇ ਮਾਰੂਫ ਸ਼ਾਇਰ ਮੀਰ ਤਕੀ ਮੀਰ ਦਾ ਦੀਵਾਨ।)

ਭਾਵੇਂ ਤਿੰਨ ਬਹਿਰਾਂ ਹੋਰ ਵੀ ਨੇ ਜਿਨ੍ਹਾਂ ਦੇ ਕੁਝ ਜ਼ਹਾਵੀ ਵਜ਼ਨ ਮਾਤਰਿਕ ਬਹਿਰਾਂ ਦੇ ਘੇਰ ਵਿਚ ਆ ਜਾਂਦੇ ਨੇ ਪਰ ਉਹ ਬਹਿਰਾਂ ਮਾਤਰਿਕ ਬਹਿਰਾਂ ਨਹੀਂ ਹਨ, ਕਿਸੇ ਨਾ ਕਿਸੇ ਛੰਦ ਦਾ ਤੋਲ ਕਹੇ ਜਾ ਸਕਦੇ ਨੇ। ਜਿਵੇਂ ਬਹਿਰ ਰਮਲ ਮਸੱਮਨ ਮਹਿਜ਼ੂਫ - ਫ਼ਾਇਲਾਤੁਨ+ ਫ਼ਾਇਲਾਤੁਨ+ ਫ਼ਾਇਲਾਤੁਨ+ ਫ਼ਾਇਲੁਨ = ਗੀਤਕਾ ਯਾ ਸੀਤਿਲਾ ਛੰਦ।

ਮੇਰਾ, ਉੱਪਰ, ਮਾਤਰਿਕ ਬਹਿਰ ਦਾ ਲੰਬਾ ਚੌੜਾ ਵਿਸਥਾਰ ਦੇਣ ਦਾ ਵੱਡਾ ਕਾਰਨ ਇਹ ਹੈ ਕਿ ਭੁਪਿੰਦਰ ਸਿੰਘ ਸੱਗੂ ਨੇ, 14 ਮਾਤਰਾ ਤੋਂ ਲੈ ਕੇ 30 ਮਾਤਰਾ ਤਕ ਦੀਆਂ ਬਹਿਰਾਂ ਵਿਚ ਇਸ ਗ਼ਜ਼ਲ ਸੰਗ੍ਰਹਿ ਵਿਚ 44 ਗ਼ਜ਼ਲਾਂ ਕਹੀਆਂ ਨੇ। ਜਿਨ੍ਹਾਂ ਨੂੰ ਵੱਖ ਵੱਖ ਛੰਦਾ ਦੇ ਨਾਵਾਂ ਹੇਠ ਵੀ ਵੰਡਿਆਂ ਜਾ ਸਕਦਾ ਹੈ ਜੋ ਸ਼ਲਾਘਾਯੋਗ ਹੈ। ਇਸ ਕਰਕੇ ਉਹ, ਹੋਰਨਾਂ ਕਵੀਆਂ ਵਾਂਗ, ਬਦੇਸ਼ੀ ਕਵੀਆਂ ਦੀਆਂ ਵਿਧੀਆਂ ਮਗਰ ਭੱਜਣ ਦੀ ਬਜਾਏ, ਆਪਣੇ ਵਿਰਸੇ ਵਿਚ ਮਿਲੇ ਕਾਵਿ ਸ਼ਾਸਤਰ ਨੂੰ ਜਿਉਂਦਾ ਰੱਖਦਾ ਹੈ। ਜਿਨ੍ਹਾਂ ਵਿੱਚੋਂ ਕੁਝ ਦੀ ਨਿਸ਼ਾਨਦੇਹੀ ਇਸ ਤਰ੍ਹਾਂ ਹੈ –

| | | | | | | |
|---|---|---|---|---|---|---|
| ਮਾਤ੍ਰਾ | 14 | 16 | 20 | 27 | 28 | 30 |
| ਪੰਨਾ | 35 | 18 | 23 | 20 | 21 | 30 |

ਮੈਂ ਇੱਥੇ ਇਹ ਕਹਿਣ ਤੋਂ ਗੁਰੇਜ਼ ਨਹੀਂ ਕਰਾਂਗਾ ਕਿ ਪੰਜਾਬੀ ਗ਼ਜ਼ਲਗੋ, ਅਰਬੀ, ਫ਼ਾਰਸੀ ਤੇ ਉਰਦੀ ਦੀਆਂ ਮੁਸ਼ਕਿਲ ਬਹਿਰਾਂ ਤੋਂ ਪਰੇ ਹੱਟ ਕੇ, ਦੇਸੀ ਛੰਦਾਂ ਵਿਚ ਗ਼ਜ਼ਲਾਂ ਕਹਿਣ ਲੱਗ ਪਏ ਨੇ ਜਿਵੇਂ ਈਰਾਨੀ ਸ਼ਾਇਰਾਂ ਨੇ, ਕੁਝ ਔਖੀਆਂ ਅਰਬੀ ਬਹਿਰਾਂ ਨੂੰ ਨਿਕਾਰ ਕੇ ਆਪਣੇ ਸੁਭਾ ਤੇ ਵਿਰਸੇ ਦੇ ਛੰਦਾਂ ਵਿਚ ਗ਼ਜ਼ਲਾਂ ਕਹਿਣ ਲੱਗ ਪਏ ਸੀ। ਇਹ ਪੰਜਾਬੀ ਗ਼ਜ਼ਲ ਦੇ ਵਿਕਾਸ ਲਈ ਅੱਛਾ ਕਦਮ ਹੈ।

ਆਓ ਹੁਣ ਭੁਪਿੰਦਰ ਦੀ ਗ਼ਜ਼ਲਗੋਈ ਦੇਖੀਏ। ਗ਼ਜ਼ਲਗੋਈ ਤੋਂ ਮੇਰੀ ਮੁਰਾਦ– ਗ਼ਜ਼ਲ ਜਾਂ ਗ਼ਜ਼ਲ ਦੇ ਸ਼ਿਅਰ ਕਹਿਣ ਦਾ ਉਹ ਢੰਗ ਜਿਸ ਵਿਚ–ਬਾਂਕਪਣ, ਨਜ਼ਾਕਤ, ਲਤਾਫ਼ਤ, ਸਾਦਗੀ, ਕਟਾਕਸ਼ ਅਤੇ ਰਵਾਨਗੀ ਦੇ ਨਾਲ ਨਾਲ, ਬਰਾਬਰ ਤੋਲ ਦੀਆਂ ਤੁਕਾਂ ਦੇ ਸ਼ਿਅਰ, ਸੁੰਦਰ ਸ਼ਬਦ, ਉੱਚ ਖਿਆਲੀ, ਸਾਦ ਮੁਰਾਦ ਬਾ–ਮੁਹਾਵਰਾ ਤੇ ਟਕਸਾਲ ਬੋਲੀ, ਵਿਆਕਰਣ ਦੀ ਪਾਬੰਦੀ, ਖੁਸ਼ ਬਿਆਨੀ, ਤਸ਼ਬੀਹਾਂ ਤੇ ਅਲੰਕਾਰ ਹੋਣ। ਇਸ ਤੋਂ ਇਲਾਵਾ, ਗ਼ਜ਼ਲ ਦੀ ਪ੍ਰਕਿਰਤੀ ਲਈ ਹੇਠ ਲਿਖੀਆਂ ਗੱਲਾਂ ਵੀ ਹੋਣੀਆਂ ਲਾਜ਼ਮੀ ਨੇ–

1. ਜੀਵਨ ਅਨੁਭਵ ਅਤੇ ਘਟਣਾ ਦੇ ਪ੍ਰਭਾਵ ਹੇਠ ਮਜਬੂਰੀ ਅਤੇ ਬੇ–ਬਸੀ ਦੀ ਦਿਸ਼ਾ।
2. ਬੇ–ਬਸੀ ਦੀ ਹਾਲਤ ਵਿਚ ਆਪ–ਮੁਹਾਰੇ ਨਿਕਲੇ ਬੋਲ ਜਾਂ ਚੀਕ।
3. ਚੀਕ ਸੁਣਨ ਵਾਲੇ ਅੰਦਰ ਦਰਦ ਤੇ ਤਰਸ ਦਾ ਪੈਦਾ ਹੋਣਾ, ਅਤੇ–
4. ਪੈਦਾ ਹੋਏ ਤਰਸ ਭਾਵ ਕਾਰਨ ਸੁਣਨ ਵਾਲੇ ਦਾ ਰਉਂ ਬਦਲ ਜਾਣਾ।

ਇਸ ਤੋਂ ਇਲਾਵਾ, ਸ਼ਿਅਰ ਦਾ ਸ਼ਿਅਰ ਦੀ ਕਸਵੱਟੀ ’ਤੇ ਪੂਰਾ ਉਤਰਨਾ ਵੀ ਜ਼ਰੂਰੀ ਹੈ। ਹੁਣ ਤੁਸੀਂ ਪੁੱਛੋਗੇ ਕਿ ਸ਼ਿਅਰ ਦੀ ਕਸਵੱਟੀ ਕੀ ਹੈ ?

ਸ਼ਿਅਰ ਦੀ ਕਸਵੱਟੀ ਦੇ ਛੇ ਤੱਤ ਹਨ। ਸੰਖੇਪਤਾ; ਵਿਅਕਤਿਕਤਾ,

ਸੰਗੀਤਾਤਮਕਤਾ; ਕੋਮਲਤਾ, ਪ੍ਰਭਾਵਸ਼ੀਲਤਾ ਤੇ ਭਾਵਾਤਮਕਤਾ। ਗ਼ਜ਼ਲਗੋਈ ਇਕ ਗ਼ਜ਼ਲ ਤੋਂ ਵੀ ਪ੍ਰਖੀ ਜਾ ਸਕਦੀ ਹੈ ਤੇ ਸਮੁੱਚੇ ਗ਼ਜ਼ਲ ਸੰਗ੍ਰਹਿ ਤੋਂ ਵੀ। ਗ਼ਜ਼ਲ ਅਰੂਜ਼ੀਆਂ ਨੇ ਤਾਂ ਗਜ਼ਲਗੋਈ ਦੀ ਪ੍ਰਖ ਲਈ 65 ਖ਼ੂਬੀਆਂ ਤੇ 36 ਐਬ ਵੀ ਦੱਸੇ ਨੇ ਤੇ ਕਿਹਾ ਜਾਂਦਾ ਹੈ ਕਿ ਖ਼ੂਬੀਆਂ, ਕਿਸੇ ਗਹਿਣੇ ਵਿਚ ਜੜੇ ਨਗਾਂ ਤੇ ਹੀਰਿਆਂ ਵਾਂਗ ਆਪਣੇ ਆਪ ਲਿਸ਼ਕ ਪੈਂਦੀਆਂ ਨੇ, ਲੱਭਣ ਦੀ ਲੋੜ ਨਹੀਂ ਪੈਂਦੀ। ਪਰ ਐਬ, ਟੋਲ੍ਹਣੇ ਪੈਂਦੇ ਨੇ। ਜਿਸ ਲਈ ਮੈਂ ਸਮਾਂ ਬਰਬਾਦ ਨਹੀਂ ਕਰਾਂਗਾ 'ਤੇ ਨਾ ਲੱਭਣ 'ਤੇ ਸ਼ਰਮਿੰਦਾ ਹੋਣ ਤੋਂ ਵੀ ਬੱਛਿਆ ਰਹਾਂਗਾ।

ਮੈਂ ਹੁਣ ਸੋਚਦਾ ਹਾਂ, ਇਸ ਗ਼ਜ਼ਲ ਸੰਗ੍ਰਹਿ ਵਿਚ 79 ਗ਼ਜ਼ਲਾਂ ਨੇ। ਜੇ ਉਨ੍ਹਾਂ ਵਿੱਚੋਂ, ਇਕ ਇਕ ਸ਼ਿਅਰ ਵੀ ਲਵਾਂ ਤਾਂ ਉਣਾਸੀ ਸ਼ਿਅਰ ਲਿਖਣੇ ਪੈਣਗੇ। ਪਰ, ਦਾਲ ਗਿੱਝੀ ਕਿ ਨਹੀਂ? ਦੇ ਦੇਖਣ ਵਾਂਗੂੰ ਕਿਉਂ ਨਾ ਕੁਝ ਸ਼ਿਅਰ ਲਵਾਂ ਤੇ ਗ਼ਜ਼ਲਗ਼ੋਈ ਦੀ ਗੱਲ ਕਰਾਂ।

ਹੁਣ ਸੋਚਦਾਂ ਕਿ ਕੁਝ ਸ਼ਿਅਰਾਂ ਲਈ ਕਿਹੜਾ ਸ਼ਿਅਰ ਛੱਡਾਂ ਤੇ ਕਿਹੜਾ ਲਵਾਂ? ਕਿਉਂ ਨਾ ਸੌਖਾ ਢੰਗ ਅਪਣਾਵਾਂ। ਇਕ ਗ਼ਜ਼ਲ ਲਵਾਂ ਤੇ ਉਸ ਵਿੱਚੋਂ ਗ਼ਜ਼ਲਗੋਈ ਦੀ ਗੱਲ ਕਰਾਂ?

ਜਿੰਦ ਮੇਰੀ ਨਾਂ ਲੈ ਕੇ ਤੇਰਾ ਛੁਪ ਛੁਪ ਕੇ ਸ਼ਰਮਾਵੇ
ਜਦ ਤੂੰ ਆਵੇਂ ਖੁੱਲ੍ਹ ਕੇ ਹੱਸੇ ਟੱਪੇ ਗਿੱਧਾ ਪਾਵੇ

ਚਾਨਣ ਦਾ ਮੈਂ ਪੋਚਾ ਫੇਰਾਂ ਤੇਲ ਬਰੂਹੀਂ ਚੋਵਾਂ
ਮਨ ਦੇ ਵਿਹੜੇ ਯਾਰ ਮਿਰਾ ਜਦ ਆ ਕੇ ਫੇਰੀ ਪਾਵੇ

ਮਰ-ਮੁਕ ਜਾਣ ਜੁਦਾਈਆਂ ਸੱਭੇ ਫੇਰ ਕਦੇ ਨਾ ਆਵਣ
ਜਿੰਦ ਸੁਹਾਗਣ ਬੈਠ ਪਲੰਘ 'ਤੇ ਮੌਜਾਂ ਨਿੱਤ ਹੰਢਾਵੇ

ਇਹ ਨਾ ਛੁਪਦੀ ਲੱਖ ਛੁਪਾਇਆਂ ਖੌਰੂ ਸੀਨੇ ਪਾਉਂਦੀ
ਇਸ਼ਕ ਤੇਰੇ ਦੀ ਬੂਟੀ ਮੇਰੇ ਦਿਲ ਵਿਚ ਮਹਿਕ ਖਿਡਾਵੇ

ਮੰਜ਼ਿਲ ਨਾਲ ਮੁਹੱਬਤ ਮੈਨੂੰ ਉਸ ਵਲ ਤੁਰਦਾ ਜਾਵਾਂ
ਕਾਸ਼! 'ਭੁਪਿੰਦਰ' ਹਿੰਮਤ ਮੈਨੂੰ ਟੀਸੀ 'ਤੇ ਪਹੁੰਚਾਵੇ

ਇਸ ਗ਼ਜ਼ਲ ਵਿਚ, ਗ਼ਜ਼ਲ ਦੀ ਪ੍ਰਕਿਰਤੀ ਦੇ ਚਾਰੇ ਲੱਛਨ ਮੌਜੂਦ ਨੇ। ਹਰ ਸ਼ਿਅਰ ਸੰਖੇਪ, ਸੁਤੰਤਰ, ਸੰਗੀਤਮਈ, ਪ੍ਰਭਾਵਸ਼ੀਲੀ, ਕੋਮਲ ਤੇ ਭਾਵਾਤਮਕ ਹੈ।

ਇਸ ਗ਼ਜ਼ਲ ਦੀ ਸਭ ਤੋਂ ਵੱਡੀ ਖ਼ੂਬੀ– ਮੁਸਲਸਲ ਹੁੰਦੀਆਂ ਹੋਇਆਂ ਵੀ ਵਾਹਿਦ ਇਸ਼ਆਰ ਹੈ। ਨੋਟ ਕਰੋ ਮਕਤਾਅ। ਇਹੀ ਨਹੀਂ, ਇਹ ਗ਼ਜ਼ਲ ਆਸ਼ਕਾਨਾ ਹੁੰਦੀਆਂ ਹੋਇਆਂ ਵੀ ਆਰਫ਼ਾਨਾ ਹੈ। ਜਿੱਥੇ ਇਸ ਦਾ ਰੰਗ ਇਸ਼ਕ ਮਜਾਜ਼ੀ ਦੀ ਝਲਕ ਦੇਂਦਾ ਹੈ ਉੱਥੇ ਇਸ ਵਿਚ ਇਸ਼ਕ ਹਕੀਕੀ ਤੇ ਸੂਫ਼ੀਆਨਾ ਰੰਗ ਵੀ ਨਾਲੋਂ ਨਾਲ ਲਹਿਰਾਉਂਦੀ ਤੇ ਉੱਭਰ ਕੇ ਤੁਹਾਡੇ ਦਿਲੋ ਦਿਮਾਗ਼ ’ਤੇ ਛਾ ਜਾਂਦੀ ਹੈ। ਤੇ ਸ਼ਿਅਰੀਅਤ ਵੀ, ਸੂਰਜ ਵਾਂਗ ਆਪਣੇ ਪੂਰੇ ਜਲੌ ’ਤੇ ਹੈ। ਦੇਖੋ, ਪਹਿਲਾ, ਦੂਜਾ ਤੇ ਤੀਜਾ ਸ਼ਿਅਰ। ਨੋਟ–ਮਤਲੇ ਤੋਂ ਅਗਲੇ ਸ਼ਿਅਰ ਨੂੰ ਪਹਿਲਾ ਸ਼ਿਅਰ ਕਿਹਾ ਜਾਂਦਾ ਹੈ। ਬੋਲੀ ਬਾਰੇ ਮੈਨੂੰ ਦਸਣ ਦੀ ਲੋੜ ਨਹੀਂ। ਬੋਲੀ, ਖ਼ੁਦ ਬੋਲਦੀ ਹੈ।

ਹੋਰ ਖ਼ੂਭੀ ਦੱਸਾਂ? ਉਰਦੂ ਵਿਚ ਜਿਸ ਸੱਤਾਂ ਸ਼ਿਅਰਾਂ ਦੀ ਗ਼ਜ਼ਲ ਦੇ ਚਾਰ ਸ਼ਿਅਰ ਮਰੱਸਾਂਅ ਹੋਣ ਤਾਂ ਉਸ ਨੂੰ ਮਰੱਸਆ ਗ਼ਜ਼ਲ ਕਿਹਾ ਜਾਂਦਾ ਹੈ। ਇਸ ਦੇ ਤਾਂ ਪੰਜਾਂ ਦੇ ਪੰਜੇ ਸ਼ਿਅਰ ਮਰੱਸ਼ਾਅ ਨੇ।

ਫਿਰ ਕਿਉਂ ਨਾ ਇਸ ਗ਼ਜ਼ਲਗੋਈ ਨੂੰ ਲਾਜਵਾਬ ਕਿਹਾ ਜਾਵੇ? ਜੀ, ਕੋਈ ਇਤਰਾਜ਼?

ਅਜਕਲ੍ਹ ਦੇਖਣ ਤੇ ਸੁਨਣ ਵਿਚ ਆਉਂਦਾ ਹੈ ਕਿ ਕਲਾ ਨਾਲੋਂ ਵਿਸ਼ੇ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਹੈ। ਮੇਰੀ ਜਾਚੇ, ਜੇ ਕਲਾ ਨਹੀਂ ਤਾਂ ਇਕੱਲਾ ਵਿਸ਼ਾ ਕਿਸ ਕੰਮ ਦਾ? ਵਿਸ਼ੇ ਨੂੰ ਸਰੋਤਿਆਂ ਤਕ ਪਹੁੰਚਾਉਣ ਲਈ ਕੋਈ ਨਾ ਕੋਈ, ਉਨ੍ਹਾਂ ਦੇ ਮਨ ਭਾਉਂਦਾ ਸਾਧਨ ਤਾਂ ਜ਼ਰੂਰ ਹੋਣਾ ਚਾਹੀਦਾ। ਜਿਵੇਂ ਦੋਹਾ, ਕਤਾਅ, ਰੁਬਾਈ, ਕਾਵਿ ਟੁਕੜੀ ਨਜ਼ਮ ਜਾਂ ਗ਼ਜ਼ਲ। ਸਾਫ ਸੁੱਥਰੀ ਬੋਲੀ ਤੇ ਉਹ ਵੀ ਉਨ੍ਹਾਂ ਦੀ ਰੋਜ਼ਮੱਰਾਹ ਵਾਲੀ।

ਲਓ, ਗ਼ਜ਼ਲ ਦੀ ਜ਼ਬਾਨ ਦਾ ਸ਼ਿਅਰ ਦੇਖੋ–

ਤੂੰ ਮੇਰੇ ਵਲ ਨਾ ਏਦਾਂ ਦੇਖਿਆ ਕਰ ਮੁਸਕਰਾ ਕੇ
ਕਿ ਵੇਖਣ ਲੋਕ ਮੇਰੇ ਵਲ ਨਾ ਇਉਂ ਨਜ਼ਰਾਂ ਉਠਾ ਕੇ

ਹੁਣ ਆਹ ਉੱਪਰਲਾ ਸ਼ਿਅਰ ਹੀ ਲੈ ਲਓ। ਦੇਖੋ ਇਸ ਦੀ ਬੋਲੀ। ਸਾਫ਼ ਤੇ ਸੁੱਥਰੀ। ਆਮ ਫਹਿਮ। ਸ਼ਿਅਰ ਕਮਾਲ ਦਾ। ਨਾ ਝੋਲ, ਨਾ ਸਕਤਾ, ਨਾ ਪਾੜ੍ਹਾ। ਵਿਸ਼ਾ। ਆਸ਼ਕਾਨਾ ਪਰ, ਸਭਿਅਚਾਰਿਕ। ਸਮਾਜ ਦੀਆਂ ਮਾਨਵੀ ਕਦਰਾਂ ਕੀਮਤਾਂ ਦਾ ਤਰਜ਼ਮਾਨ। ਕਿਉਂ? ਦਾਦ ਦੇਣ ਨੂੰ ਜੀ ਕਰਦਾ ਨਾ? ਦਿਉ ਫਿਰ।

ਭੂਪਿੰਦਰ ਸਿੰਘ ਸੱਗੂ ਨੇ, ਲੰਬੀ ਰਦੀਫ ਵਾਲੀਆਂ ਗ਼ਜ਼ਲਾਂ ਵੀ ਕਹੀਆਂ ਨੇ। ਗ਼ਜ਼ਲ ਦੀ ਇਸ ਵੰਨਗੀ ਨੂੰ, ਉਰਦੂ ਦੇ ਸ਼ਾਇਰ ਨਵਾਬ ਮਿਰਜ਼ਾ ਦਾਗ਼ ਦੇ ਨਾਂ ’ਤੇ ‘ਦਾਗ਼ ਸਕੂਲ’ ਵੀ ਕਿਹਾ ਜਾਂਦਾ ਹੈ, ਜਿਵੇਂ ਪੰਨਾ 22, 60 ਤੇ 69 ਦੀਆਂ ਗਜ਼ਲਾਂ। ਇਸ ਤੋਂ ਇਲਾਵਾ ਉਸ ਨੇ ਚੋਟੀ ਤੋਂ ਛੋਟੀ–14 ਮਾਤਰਾ ਤੇ ਲੰਬੀ ਤੋਂ

ਲੰਬੀ- 30 ਮਾਤਰਾ ਦੀਆਂ ਗ਼ਜ਼ਲਾਂ ਵੀ ਕਹੀਆਂ ਨੇ।

14 ਮਾਤਰਾਂ ਦੀਆਂ ਗ਼ਜ਼ਲਾਂ ਦੇ ਦੋ ਸ਼ਿਅਰ ਦੇਖੋ-

ਬੀਤੇ ਵਕਤ ਬਹਾਰਾਂ ਦੇ
ਰੰਗ ਉਡੇ ਗੁਲਜ਼ਾਰਾਂ ਦੇ

ਤੇ

ਥੋਥੀ ਸੋਚ ਨੂੰ ਰੱਖ ਪਰ੍ਹੇ
ਗ਼ਜ਼ਲਾਂ ਵਿਚ ਨਾ ਮੜ੍ਹਿਆ ਕਰ

ਲਓ 27 ਮਾਤਰਾ ਦਾ ਸ਼ਿਅਰ ਦੇਖੋ-

ਦਿਲ ਦੀ ਧੜਕਣ ਨਾਮ ਤਿਰੇ ਦਾ ਹਰਦਮ ਕਰਦੀ ਜਾਪ
ਫ਼ਰਜ਼ ਤਿਰੇ 'ਤੇ ਦੇਵਾਂ ਪਹਿਰਾ ਯਾਰ ਨਿਰੰਜਨ 'ਨੂਰ'

ਤੇ 28 ਮਾਤਰਾ ਦੇ ਦੋ ਸ਼ਿਅਰ-

ਤਨਹਾ ਤਨਹਾ ਜੀਵਨ ਮੇਰਾ ਜੀਵਨ ਮੇਰਾ ਲੇਖਾਂ ਦੇ ਵਿਚ ਭਟਕਣ
ਪ੍ਰੇਮ-ਪਿਆਸਾ ਦਿਲ ਹੈ ਮੇਰਾ ਕੋਈ ਤਾਂ ਪਿਆਸ ਬੁਝਾਵੇ

ਫੁੱਲ ਟਹਿਕਣ ਦਾ ਭੇਤ ਅਜੇ ਤਕ ਨਹੀਂ ਕਿਸੇ ਨੇ ਪਾਇਆ
ਐਪਰ ਫੁੱਲ ਸੁਗੰਧੀ 'ਸੱਗੂ' ਚੌਗਿਰਦਾ ਮਹਿਕਾਵੇ

ਹੁਣ 30 ਮਾਤਰਾ ਦਾ ਇਕ ਸ਼ਿਅਰ ਦੇਖੋ-

ਰਾਮ ਮੁਹੰਮਦ ਈਸਾ ਨਾਨਕ ਸਭਨਾ ਦੀ ਇਕ ਜਨਣੀ ਹੈ
ਧੀਆਂ ਲੋਕੀਂ ਮਾਰ ਮੁਕਾ ਕੇ ਕਾਤਲ ਬਣਦੇ ਦੇ ਕੁੱਖਾਂ ਦੇ

ਤੇ ਆਹ ਸ਼ਿਅਰ ਬਹਿਰ ਹਜ਼ਜ ਮਸੱਮਨ ਸਾਲਮ ਵਿਚ-

ਬੇਦੋਸ਼ੇ ਹੀ ਸਦਾ ਮਰਦੇ ਨੇ ਜਦ ਹੈ ਵਰਤਦਾ ਭਾਣਾ
ਸਦਾ ਬਾਜ਼ਾਂ ਦੀ ਥਾਂ 'ਤੇ ਘੁੱਗੀਆਂ ਦੀ ਮੌਤ ਆਉਂਦੀ ਹੈ

ਕੀ ਤੁਸੀਂ ਹੁਣ ਬਹਿਰ ਰਮਲ ਮਸੱਮਨ ਸਾਲਮ ਮਜ਼ੂਫ, ਜੋ ਪਿੰਗਲ ਵਿਚ ਸੀਤਲਾ ਛੰਦ ਹੈ, ਵਿਚ ਇਕ ਸ਼ਿਅਰ ਦੇਖੋਗੇ?

ਜੀ ਲਓ ਪੇਸ਼ ਹੈ-

ਦਿਲ 'ਚ ਇੱਛਾ ਜੇ ਬਦਨ ਵਿਚ ਤਾਣ ਹੈ ਤਾਂ ਫਿਰ ਤੁਸੀਂ
ਧਰਤ ਤੇ ਆਕਾਸ਼ ਵਿਚ ਫਿਰ ਫਾਸਲਾ ਨਾ ਪਇਓਗੇ

ਕੀ ਤੁਸੀਂ ਇਸ ਸ਼ਿਅਰ ਵਿਚ ਤਿੰਨ ਅੱਖਰੀ ਟੁਕੜੀਆਂ-ਬਦਨ ਤੇ ਧਰਤ ਦਾ ਉਚਾਰਨ ਨੋਟ ਕੀਤਾ? ਹੈ ਨਾ ਸੋਲਾਂ ਆਨੇ ਸੰਪੂਰਨ!

ਇਕ ਸ਼ਿਅਰ ਹੋਰ। ਬਹਿਰ ਮੁਜ਼ਾਰਿਆ ਮਸੱਮਨ ਅਖ਼ਰਬ - ਮਕਰਾ ਛੰਦ ਵਿਚ-

ਮੁੜ ਕੇ ਜੁੜੀ ਨਾ ਮਹਿਫ਼ਲ ਫਿਰ ਓਸ ਥਾਂ ਕਦੇ ਵੀ
ਦਿਲ ਯਾਦ ਕਰਦੈ ਓਜ ਵੀ ਪਹਿਲੇ ਨਜ਼ਾਰਿਆਂ ਨੂੰ

ਕਿੰਨਾ ਸੱਚ ਹੈ ਇਸ ਸ਼ਿਅਰ ਵਿਚ!!

ਇਸ ਸ਼ਿਅਰ ਤੋਂ ਅੱਗੇ ਮੇਰਾ ਕੁਝ ਵੀ ਕਹਿਣ ਨੂੰ ਜੀ ਨਹੀਂ ਕਰਦਾ ਕਿਉਂਕਿ ਇਸ ਸ਼ਿਅਰ ਨੇ ਮੈਨੂੰ ਉਹ ਮਹਿਫ਼ਲ ਯਾਦ ਕਰਵਾ ਕੇ ਉਦਾਸ ਕਰ ਦਿੱਤਾ ਜਿਸ ਦਾ ਸੱਗੂ ਨੇ ਇਸ ਸ਼ਿਅਰ ਵਿਚ ਜ਼ਿਕਰ ਕੀਤਾ ਹੈ। ਗ਼ਜ਼ਲ ਜਾਂ ਸ਼ਿਅਰ ਦੀ ਪ੍ਰਕਿਰਤੀ ਦੀ ਸ਼ਰਤ 'ਤੇ।

ਇਕ ਗੱਲ ਜੋ ਮੈਂ ਇਸ ਗ਼ਜ਼ਲ ਸੰਗ੍ਰਹਿ ਵਿਚ ਨੋਟ ਕੀਤੀ ਹੈ, ਬਾਰੇ, ਕੁਝ ਕਹਿਣਾ ਚਾਹਾਂਗਾ। ਉਹ ਇਹ ਕਿ ਜਦੋਂ ਤੁਸੀਂ ਅਰੰਭ ਵਿਚ ਗ਼ਜ਼ਲਾਂ ਦੀ ਤਰਤੀਬ ਦੇ ਦਿੰਦੇ ਹੋ, ਜੋ ਕਿ ਹੋਣੀ ਚਾਹੀਦੀ ਹੈ; ਤਾਂ ਮੇਰੀ ਜਾਚੇ ਗ਼ਜ਼ਲਾਂ ਦੇ ਸਿਰਲੇਖ ਦੇਣੇ ਵਾਜਿਬ ਨਹੀਂ। ਕੁਝ ਪ੍ਰਮਪਰਾਵਾਂ ਨੇ ਜੋ ਸਾਡੇ ਵੱਡੇ ਵਡੇਰੇ ਪਾ ਗਏ ਨੇ। ਕੁਝ ਲੋਕਾਂ ਨੂੰ ਉਨ੍ਹਾਂ ਨੂੰ, ਆਪਣੀ ਪ੍ਰਸਿੱਧੀ ਲਈ ਤੋੜਨ ਵਿਚ ਮਜ਼ਾ ਆਉਂਦਾ ਹੈ ਪਰ, ਬਜ਼ੁਰਗਾਂ ਦਾ ਆਦਰ ਵੀ ਕੋਈ ਚੀਜ਼ ਹੈ।

ਇਸੇ ਨਾਲ ਮੈਂ ਸੱਗੂ ਨੂੰ, 'ਪੰਜ ਸ਼ਿਅਰਾਂ ਦੀ ਗ਼ਜ਼ਲ' ਦੀ ਰੀਤ ਤੋਰਨ ਲਈ ਵਧਾਈ ਪੇਸ਼ ਕਰਨੀ ਚਾਹਾਂਗਾ, ਕਿਉਂਕਿ ਪੰਜਾਂ ਸ਼ਿਅਰਾਂ ਦੀ ਗ਼ਜ਼ਲ ਵਿਚ ਭਰਤੀ ਤੇ ਆਵ੍ਰਦ ਦੇ ਸ਼ਿਅਰ ਘੜੋਸੇ ਨਹੀਂ ਜਾ ਸਕਦੇ। ਇਸ ਦਾ ਇਹ ਮਤਲਬ ਨਹੀਂ ਕਿ ਤੁਸੀ ਸੱਤ ਜਾਂ ਸੱਤਾਂ ਤੋਂ ਵੱਧ ਸ਼ਿਅਰਾਂ ਦੀ ਗ਼ਜ਼ਲ ਨਾ ਕਹੋ। ਕਹੋ, ਪਰ, ਉਸ ਵਿਚ ਕੁਝ ਕਹੋ।

ਅੰਤ ਵਿਚ ਮੈਂ ਇਹ ਕਹਿ ਸਕਦਾਂ, ਕਿ ਭੂਪਿੰਦਰ ਸਿੰਘ ਸੱਗੂ ਦਾ ਇਹ ਗ਼ਜ਼ਲ ਸੰਗ੍ਰਹਿ- ਵਗਦੀ ਰਹੇ ਝਨਾਂ -ਵਾਕਿਆ ਹੀ ਗ਼ਜ਼ਲਾਂ ਦੀ ਵਗਦੀ ਝਨਾਂ ਹੈ ਤੇ ਸਦਾ, ਵਗਦੀ ਰਹਿਣੀ ਹੈ। ਤੇ ਸੱਗੂ - (ਖਿਮਾ ਸਹਿਤ)

ਗਰਮੀ ਸਰਦੀ ਸਿਰ 'ਤੇ ਝੱਲ ਕੇ ਤੇ ਬਣ ਕੇ
ਗ਼ਜ਼ਲਾਂ ਦਾ ਵਣਜਾਰਾ ਘੁੰਮੂ ਗਲੀ ਗਲੀ

•••••

## ਮੁਹੱਬਤਾਂ ਦਾ ਕਵੀ, ਯਾਰਾਂ ਦਾ ਯਾਰ

### ਸੰਤੋਖ ਸਿੰਘ ਭੁੱਲਰ (ਲੰਡਨ)

ਹਾਲ ਦਿਲ ਦਾ ਦੋਸਤਾ, ਤੈਥੋਂ ਛੁਪਾਵਾਂ ਕਿਸ ਤਰ੍ਹਾਂ?
ਜ਼ਖਮ ਜੋ ਦਿੱਤੇ ਨੇ ਤੂੰ ਇਹ ਮੈਂ ਭੁਲਾਵਾਂ ਕਿਸ ਤਰ੍ਹਾਂ?
ਦੇਖਣੇ ਨੂੰ ਦੂਰ ਹਾਂ ਭਾਵੇਂ, ਦਿਲੋਂ ਨਜ਼ਦੀਕ ਹਾਂ,
ਦੂਰੀਆਂ ਪਈਆਂ ਜੋ ਆਪਣੇ ਵਿਚ ਮਿਟਾਵਾਂ ਕਿਸ ਤਰ੍ਹਾਂ।

ਪਿੰਡ ਆਲੋਵਾਲ ਜਿਲ੍ਹਾ ਜੰਲਧਰ ਦਾ ਜੰਮਪਲ ਭੂਪਿੰਦਰ ਸਿੰਘ ਸੱਗੂ, ਵਿਸ਼ਾਲ ਹਿਰਦੇ ਦਾ ਮਾਲਕ ਪੋਹ ਮਹੀਨੇ ਦੀ ਕੋਸੀ ਕੋਸੀ ਧੁੱਪ ਵਰਗਾ ਨਿੱਘਾ ਹੱਸਮੁੱਖਾ ਸ਼ਾਇਰ ਏਂ। ਉਸ ਦੀਆਂ ਰਚਨਾਵਾਂ ਪੜ੍ਹਦਿਆਂ, ਦਿਲ ਵਿੱਚ ਉਸ ਨੂੰ ਮਿਲਣ ਅਤੇ ਜਾਨਣ ਦੀ ਤਾਂਘ ਜਾਗਦੀ ਹੈ। ਸੱਗੂ ਜਿੱਥੇ ਯਾਰਾਂ ਦਾ ਯਾਰ, ਸੁਹਿਰਦ ਮਿਲਾਪੜੇ ਸੁਭਾਅ ਦਾ ਇਨਸਾਨ ਹੈ। ਉਥੇ ਉਹ ਬਹੁਤ ਪਿਆਰਾ ਉੱਚ ਕੋਟੀ ਦਾ ਸ਼ਾਇਰ ਗ਼ਜ਼ਲਗੋ ਹੈ। ਉਸ ਦੀਆਂ ਰਚਨਾਵਾਂ ਮਹਿਕਦੇ ਬੂਟਿਆਂ ਅਤੇ ਖਿੜੇ ਫੁੱਲਾਂ ਵਰਗੀਆਂ ਮਨ-ਮੋਹਣੀਆਂ ਹਨ।

ਉਸ ਨੇ ਅੱਜ ਤਾਈਂ ਸਾਹਿਤਕ ਖੇਤਰ ਵਿੱਚ ਆਪਣੀ ਜਾਣ ਪਛਾਣ ਵਧਾਉਣ ਵਾਸਤੇ ਕੁੱਝ ਅਜ਼ੋਕੇ ਤੇਜ਼ ਰਫਤਾਰ ਲੇਖਕਾਂ ਦੀ ਤਰ੍ਹਾਂ ਕਦੀ ਸਿਰ ਤੋੜ ਦੋੜ ਭੱਜ ਨਹੀਂ ਕੀਤੀ। ਉਹ ਇਕ ਦਮ ਝੀਲ ਦੇ ਪਾਣੀ ਵਾਂਗੂ ਸ਼ਾਤ ਹੈ। ਉਸ ਨੇ ਕਲਮ ਨਾਲ ਸਾਹਿਤਕ ਜਗਤ ਵਿੱਚ ਆਪਣੀ ਖ਼ੂਬਸੂਰਤ ਪਹਿਚਾਣ ਬਣਾਈ ਹੈ। ਉਸ ਦੀ ਮਿਹਨਤ ਨੂੰ ਸਫ਼ਲਤਾ ਦਾ ਬੂਰ ਲੱਗਣਾ ਸ਼ੁਰੂ ਹੋ ਗਿਆ ਏਂ। ਕੋਮਲ ਹਿਰਦੇ ਵਾਲੇ ਸੱਗੂ ਦਾ ਸੁਭਾਅ ਮੈਨੂੰ ਇਕ ਮਲੰਗ ਫ਼ਕਰ ਵਰਗਾ ਲੱਗਾ। ਉਹ ਥੱਲਾਂ ਵਿਚ ਫਿਰਦੀ ਹਿਰਨੀ ਤਰ੍ਹਾਂ ਸਾਹਿਤ ਦੇ ਪਾਣੀ ਦਾ ਪਿਆਸਾ ਏਂ। ਉਹ ਦੇ ਮਨ ਵਿੱਚ ਪਵਿੱਤਰਤਾ ਹੈ। ਉਹ ਰੌਲਾ ਨਹੀਂ ਪਾਉਂਦਾ, ਜਿਆਦਾ ਨਹੀਂ ਬੋਲਦਾ। ਚੁੱਪ-ਚਾਪ ਧੁੱਪਾਂ-ਛਾਵਾਂ ਟਿੱਬਿਆਂ-ਟੋਇਆਂ ਵਿੱਚ ਰਹਿੰਦੇ ਪੰਛੀਆਂ ਦੀਆਂ ਫ਼ਰਿਆਦਾਂ ਕੰਨ ਲਾਕੇ ਸੁਣਦਾ। ਉਹ ਬੱਚਿਆਂ ਦੀ ਤਰ੍ਹਾਂ ਆਪਣੀਆਂ ਗਜ਼ਲਾਂ ਨੂੰ ਪਿਆਰ ਕਰਦਾ, ਗ਼ਜ਼ਲਾਂ ਵੀ ਸੱਗੂ ਮਗਰ ਘੁੰਮਦੀਆਂ ਹਨ। ਇਸੇ ਕਰਕੇ ਉਸ ਦੀਆਂ ਗ਼ਜ਼ਲਾਂ ਮੰਦਰ ਵਿਚ ਜਗਦੇ ਦੀਵੇ ਦੀ ਤਰ੍ਹਾਂ ਹਨ। ਉਹ ਆਪ ਨੀਵਾਂ ਪਰ ਉਸ ਦੀ

ਕਾਵਿਕ ਉਡਾਰੀ ਬਹੁਤ ਉਚੀ ਹੈ।

ਸੱਗੂ ਦੀ ਸ਼ਖਸੀਅਤ ਬਾਰੇ ਜਾਨਣ ਵਾਸਤੇ ਉਸ ਦੀਆਂ ਰਚਨਾਵਾਂ, ਗ਼ਜ਼ਲਾਂ ਨੂੰ ਪੜਨਾ ਬਹੁਤ ਜ਼ਰੂਰੀ ਏਂ। ਉਸ ਦੀਆਂ ਗ਼ਜ਼ਲਾਂ ਅੰਦਰ ਮੀਂਹ ਤੋਂ ਬਾਦ ਅਕਾਸ਼ ਵਿੱਚ ਨਜ਼ਰ ਆਉਂਦੀ, ਸਤ ਰੰਗੀ ਪੀਘ ਦੀ ਤਰ੍ਹਾਂ ਕਈ ਰੰਗ ਵੇਖਣ ਨੂੰ ਮਿਲਦੇ ਹਨ। ਉਹ ਆਪਣੀਆਂ ਗ਼ਜ਼ਲਾਂ 'ਚ ਰਾਜਨੀਤੀ, ਪ੍ਰਕਿਰਤੀ, ਪੌਣ ਪਾਣੀ, ਜੀਵ ਜੰਤੂਆਂ, ਜੰਗਲ ਬੇਲਿਆਂ ਦਾ ਜ਼ਿਕਰ ਕਰਦਾ। ਉਹ ਹਰ ਘਰ ਖੁਸ਼ੀਆਂ ਦਾ ਸਵਰਗ ਖਿੜਿਆ ਵੇਖਣ ਦਾ ਚਾਹਵਾਨ ਹੈ। ਇਸੇ ਕਰਕੇ ਉਹ ਆਪਣੀਆਂ ਗ਼ਜ਼ਲਾਂ ਵਿਚ ਦਰਿਆਵਾਂ, ਝੀਲਾਂ, ਫੁੱਲਾਂ ਦੇ ਬਾਗਾਂ ਨੂੰ ਸੁੰਦਰ ਤਰੀਕੇ ਨਾਲ ਬਿਆਨ ਦਾ। ਉਹ ਬੋਹੜ ਤੇ ਪਾਈ ਪੀਂਘ ਝੂਟਦੀ ਅੱਲੜ ਕੁੜੀ ਦੇ ਜ਼ਿਕਰ ਨਾਲ, ਵਣ ਵਿਚ ਨੱਚਦੇ ਮੋਰਾਂ ਚਿਤ ਚੋਰਾਂ ਦੀ ਬਾਤ ਵੀ ਪਾਉਂਦਾ। ਉਸ ਦੀਆਂ ਕਿਰਤਾਂ ਨਵੇਂ ਲਿਖਾਰੀਆਂ ਨੂੰ ਨਵੀਂ ਪ੍ਰੇਰਨਾ ਦਿੰਦੀਆ ਅਤੇ ਉਨ੍ਹਾਂ ਵਿਚ ਗ਼ਜ਼ਲ ਕਹਿਣ ਵਾਸਤੇ ਉਤਸ਼ਾਹ ਭਰਦੀਆਂ ਹਨ। ਸੱਗੂ ਆਪਣੀਆਂ ਗ਼ਜ਼ਲਾਂ ਵਿੱਚ ਇੱਕ ਚਿੱਤਰਕਾਰ ਦੀ ਤਰ੍ਹਾਂ ਰੰਗ ਭਰਦਾ ਕਹਿੰਦਾ ਹੈ :

ਔਝੜੇ ਰਾਹਾਂ ਦੀਆਂ ਜੇ ਮੁਸ਼ਕਿਲਾਂ ਗਲ ਲਾਓਗੇ।  
ਫੇਰ ਪੱਕਾ ਮੰਜਿਲਾਂ 'ਤੇ ਖ਼ੁਦ-ਬ-ਖ਼ੁਦ ਪੁੱਜ ਜਾਓਗੇ।  
ਦਿਲ 'ਚ ਇੱਛਾ ਜੇ ਬਦਨ ਵਿਚ ਤਾਣ ਹੈ ਤਾਂ ਫਿਰ ਤੁਸੀਂ,  
ਧਰਤ ਤੇ ਆਕਾਸ਼ ਵਿਚ/ਫਿਰ ਫਾਸਲਾ ਨਾ ਪਾਓਗੇ।

ਉਨ੍ਹਾਂ ਦਾ ਜਨਮ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਜੂਨ 1954 'ਚ ਹੋਇਆ। ਆਪ ਦੇ ਪਿਤਾ ਦਾ ਨਾਮ ਸਰਦਾਰ ਇੰਦਰ ਸਿੰਘ ਸੱਗੂ ਸੀ। ਹੱਥਾਂ ਦੀਆਂ ਰੇਖਾਵਾਂ ਕਦੇ ਬਦਲੀਆਂ ਨਹੀਂ ਜਾ ਸਕਦੀਆਂ। ਨਸੀਬਾਂ ਵਿੱਚ ਜਿੱਥੇ ਕਿਤੇ ਦਾਣਾ ਪਾਣੀ ਲਿਖਿਆਂ ਹੋਏ ਉਸ ਜਗ੍ਹਾ ਜਾ ਕੇ ਚੁਗਣਾ ਪੈਂਦਾ। ਪੰਜਾਬੀ ਦੇ ਅਣਗਿਣਤ ਲੇਖਕਾਂ ਦੀ ਤਰ੍ਹਾਂ, ਰੋਜ਼ੀ ਰੋਟੀ ਵਾਸਤੇ ਸੱਗੂ ਨੇ ਆਪਣਾ ਰੈਣ ਬਸੇਰਾ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਸੱਤ ਸਮੁੰਦਰਾਂ ਪਾਰ ਇੰਗਲੈਂਡ ਦੀ ਧਰਤੀ ਤੇ ਕਰ ਲਿਆ। ਬੇਸ਼ੱਕ ਸੱਗੂ ਆਪਣੇ ਪਿੰਡ ਤੋਂ ਹਜਾਰਾਂ ਮੀਲ ਦੂਰ ਵੱਸਦਾ। ਫਿਰ ਵੀ ਉਹ ਆਪਣੇ ਪਿੰਡ ਦੀਆਂ ਯਾਦਾਂ ਨੂੰ ਭੁਲਾ ਨਹੀਂ ਸਕਿਆ। ਜਦੋਂ ਵੀ ਸਵੇਰੇ ਸ਼ਾਮ ਖਿਆਲਾਂ ਵਿਚ ਉਸ ਦੀ ਅੱਖ ਖੁਲਦੀ ਏਂ। ਉਹ ਸਿਰ ਤੇ ਕੇਸਰੀ ਪਟਕਾ ਬੰਨ੍ਹ ਆਪਣੇ ਪਿੰਡ ਚੱਕਰ ਮਾਰ ਆਉਂਦਾ। ਉਹ ਆਪਣੇ ਪਿੰਡ ਦੇ ਬੁੱਢੇ ਰੁੱਖਾਂ ਨੂੰ ਘੁੱਟ ਘੁੱਟ ਗਲਵਕੜੀਆਂ ਪਾਉਂਦਾ। ਸੱਗੂ ਮੌਲਿਕ ਕਵੀ ਏਂ, ਉਹ ਜ਼ਮਾਨੇ ਨੂੰ ਆਪਣੀਆਂ ਰਚਨਾਵਾਂ ਰਾਹੀਂ ਐਸਾ ਸੁਨੇਹਾ ਦੇਣਾਂ ਚਾਹੁੰਦਾ, ਕਿ ਲੋਕ ਮਾਂ ਬੋਲੀ ਦਾ ਸਤਿਕਾਰ ਕਰਨ। ਉਹ ਗ਼ਜ਼ਲਾਂ ਨਾਲ ਦੁੱਖ ਸੁਖ ਫੋਲ ਦਾ ਗਾਉਂਦਾ ਕਹਿੰਦਾ :

ਜਦ ਵੀ ਦੇਖਾਂ ਰਾਤ ਸਮੇਂ ਮੈਂ ਅੰਬਰ ਦੇ ਵਿਚ ਟੁੱਟਦਾ ਤਾਰਾ।
ਤਦ ਫਿਰ ਮੈਨੂੰ ਚੇਤੇ ਆਵੇ ਪਿੰਡ ਆਪਣੇ ਦਾ ਕੱਚਾ ਢਾਰਾ।
ਪ੍ਰੇਮ ਮੁਹੱਬਤ ਖੰਭ ਲਾ ਉੱਡਿਆ, ਪਿਆਰ ਦੀ ਬੋਲੀ ਭੁੱਲ ਬੈਠੇ ਹਾਂ।
ਦਿਲ ਦੇ ਅੰਦਰ ਮੁੱਕਦੀ ਜਾਵੇ, ਪ੍ਰੇਮ ਮਿਲਣ ਦੀ ਵਗਦੀ ਧਾਰਾ।

ਸੱਗੂ ਇਕ ਸ਼ਾਇਰ ਹੈ। ਖਿਆਲਾਂ ਦੀਆਂ ਬਦਲੀਆਂ ਉਸ ਦੇ ਦਿਮਾਗ 'ਚ ਭਰ ਭਰ ਵਰਦੀਆਂ ਹਨ। ਉਹ ਜਿੱਥੇ ਆਪਣੇ ਵਿਹੜੇ ਲੱਗੇ ਰੁੱਖ ਤੇ ਬੈਠੇ ਪੰਛੀਆਂ ਨੂੰ ਕਲੋਲ ਕਰਦੇ ਵੇਖ ਖੁਸ਼ ਹੁੰਦਾ ਏਂ। ਉੱਥੇ ਉਹ ਮਸੂਮ ਘੁੱਗੀ ਦੀਆਂ ਸਿਸਕੀਆਂ, ਹੁਬਕੀਆਂ, ਰੌਣ ਦੀ ਅਵਾਜ਼ ਸੁਣ ਉਦਾਸ ਹੋ ਜਾਂਦਾ। ਉਸ ਦੀਆਂ ਗ਼ਜ਼ਲਾਂ ਸਮੇਂ ਦੀ ਅਸਲੀਅਤ ਨੂੰ ਛੋਹਦੀਆਂ ਹਨ। ਜਿਵੇਂ ਉਹ ਆਖਦਾ :

ਪ੍ਰੇਮ ਮੁਹੱਬਤ ਖੰਭ ਲਾ ਉੱਡਿਆ, ਪਿਆਰ ਦੀ ਬੋਲੀ ਭੁੱਲ ਬੈਠੇ ਹਾਂ,
ਦਿਲ ਦੇ ਅੰਦਰ ਮੁੱਕਦੀ ਜਾਵੇ, ਪ੍ਰੇਮ ਮਿਲਣ ਦੀ ਵਗਦੀ ਧਾਰਾ।

ਬੇਸ਼ੱਕ ਸਾਡਾ ਪੰਜਾਬ ਦੋ ਟੁਕੜਿਆਂ ਵਿਚ ਵੰਡਿਆ ਗਿਆ। ਪਰ ਝਨਾਬ ਦਰਿਆ, ਅੱਜ ਵੀ ਮੁਹੱਬਤਾਂ ਦਾ ਪ੍ਰਤੀਕ ਏਂ, ਪ੍ਰੀਤਾਂ ਦਾ ਪਹਿਰੇਦਾਰ ਏਂ। ਇਸ ਦੇ ਕਿਨਾਰੇ ਊਸ਼ਾ ਦੀਆਂ ਕਿਰਨਾਂ ਆਪਣਾ ਰੰਗ ਵਟਾਉਂਦੀਆਂ। ਇਸ ਦਾ ਪਾਣੀ ਪੀ ਇਸ਼ਕ ਵਿਚ ਰੱਤੀਆਂ ਹੀਰਾਂ ਪਿਆਰ ਦੀ ਜੋਤ ਜਗਾਉਂਦੀਆਂ। ਇਸ ਦੇ ਕਿਨਾਰੇ ਤੇ ਵੱਸਦੀਆਂ ਕੁੜੀਆਂ ਆਪਣੇ ਗੁਲਾਬੀ ਬੁੱਲ੍ਹਾ ਤੇ ਇਸ਼ਕ ਦੀ ਲਾਲੀ ਲਾਉਂਦੀਆਂ। ਸ਼ਾਇਦ ਸੱਗੂ ਨੂੰ ਅੱਜ ਵੀ ਝਨਾਂ 'ਚੋਂ ਮਾਹੀਂਵਾਲ ਦੀ ਮਧੁਰ ਬੰਸਰੀ ਦੀ ਆਵਾਜ਼ ਸੁਣਾਈ ਦਿੰਦੀ ਹੋਏ। ਇਸੇ ਲਈ ਸੱਗੂ ਚਨਾਬ ਦੇ ਵਹਿੰਦੇ ਪਾਣੀ ਸੰਗ ਸੁਰ ਮਿਲਾ ਕੇ ਗ਼ਜ਼ਲ ਲਿਖਦਾ ਅਤੇ ਗਾਉਂਦਾ। ਉਹ ਦੀਆਂ ਗ਼ਜ਼ਲਾਂ ਵਗਦੀ ਝਨਾਂ ਤਰ੍ਹਾਂ ਹੀ, ਦਿਲਾਂ ਵਿੱਚ ਝਰਨਾਟਾਂ ਤਰੰਗਾਂ ਛੇੜਦੀਆਂ ਜਾਂਦੀਆਂ ਹਨ। ਸੱਗੂ ਔਰਤ ਦੀ ਬਹੁਤ ਇਜ਼ਤ ਕਰਦਾ ਅਤੇ ਉਨ੍ਹਾਂ ਦੇ ਹੱਕਾਂ ਵਾਸਤੇ ਬਾਤ ਪਾਉਂਦਾ। ਉਸ ਦੀਆਂ ਗ਼ਜ਼ਲਾਂ ਜਿੱਥੇ ਮੁਹੱਬਤ ਦੇ ਸ਼ਰਾਰੇ ਕਰਦੀਆਂ ਨੇ, ਉਥੇ ਸਮਾਜ ਸੁਧਾਰਨ ਵਾਸਤੇ ਪ੍ਰੇਰਨਾ ਸ਼ਕਤੀ ਵੀ ਦਿੰਦੀਆ। ਉਸ ਦੀਆਂ ਰਚਨਾਵਾਂ ਸਮਾਜ ਦੇ ਕਲਿਆਣ ਤੇ ਸੁਧਾਰ ਵਾਸਤੇ ਹੋਕਾ ਦਿੰਦੀਆਂ, ਜਿਵੇਂ ਉਹ ਸਹਿਜ ਨਾਲ ਕਹਿੰਦਾ :

ਚੰਨ ਸੂਰਜ ਤਾਰਿਆਂ ਬਿਨ ਨੇਰ ਹੈ, ਦੋਸਤੀ ਦੀ ਰੌਸ਼ਨੀ ਜੀਂਦੀ ਰਹੇ।
ਖ਼ੈਰ ਮੰਗੇ ਜੋ ਸਦਾ ਇਨਸਾਨ ਦੀ, ਸੋਹਲ ਘੁੱਗੀ ਅਮਨ ਦੀ ਜੀਂਦੀ ਰਹੈ।

ਕੋਈ ਵੱਕਤ ਸੀ, ਜਦੋਂ ਗ਼ਜ਼ਲ ਫ਼ਾਰਸੀ, ਉਰਦੂ ਜਾਂ ਅਰਬੀ ਵਿਚ ਲਿਖੀ ਜਾਂਦੀ ਸੀ। ਇਸ ਨੇ ਮੱਦਤਾਂ ਬਾਦ ਹੌਲੀ ਹੌਲੀ ਪੰਜਾਬੀ ਵਿੱਚ ਪ੍ਰਵੇਸ਼ ਕੀਤਾ ਏਂ। ਇਸੇ ਕਰਕੇ ਕਈ ਲੋਕ ਗ਼ਜ਼ਲ ਵਿਚ ਖ਼ਤਰਨਾਕ ਭੁਲੇਖੇ ਪਾਉਂਦੇ ਨੇ। ਪਰ ਭੂਪਿੰਦਰ ਸੱਗੂ ਦੀਆਂ ਗ਼ਜ਼ਲਾਂ ਸਾਰੇ ਭਰਮ ਭੁਲੇਖੇ ਦੂਰ ਕਰਦੀਆਂ ਹਨ। ਇਸ ਸਮੇਂ ਪੰਜਾਬੀ

ਗ਼ਜ਼ਲ ਦੇਸ਼ ਤੋਂ ਬਾਹਰ ਵੀ ਕਾਫੀ ਹਰਮਨ ਪਿਆਰੀ ਹੋ ਚੁੱਕੀ ਹੈ। ਮੈਂ ਸੱਗੂ ਦੀਆਂ ਰਚਨਾਵਾਂ ਪੜ੍ਹਕੇ ਸੁਆਦ ਸੁਆਦ ਹੋ ਗਿਆ ਹਾਂ। ਮੇਰੀ ਨਜ਼ਰ ਵਿਚ ਉਨ੍ਹਾਂ ਦਾ ਰੁਤਬਾ ਬਹੁਤ ਉੱਚਾ ਹੈ। ਉਸ ਦੇ ਅੰਦਰ ਕੋਈ ਪੀੜ ਛੁਪੀ ਏਂ, ਇਸੇ ਕਰਕੇ ਉਹ ਮਲ੍ਹਮਾਂ ਦੇ ਦੀਪ ਬਾਲ ਬਾਲ ਬਨੇਰਿਆਂ ਤੇ ਧਰੀ ਜਾਂਦਾ। ਉਸ ਦੀ ਕਿਤਾਬ"ਵਗਦੀ ਰਹੇ ਝਨਾਂ" ਪੜ੍ਹਕੇ ਇਸ ਤਰ੍ਹਾਂ ਲੱਗਦਾ, ਜਿਵੇਂ ਉਹ ਕੋਈ ਖੋਜੀ ਹੋਏ। ਉਹ ਦੂਰ ਦੁਰਾਡੇ ਹਰਿਆਵਲੇ ਜੰਗਲਾਂ, ਪਰਬਤਾਂ ਦੀਆਂ ਟੀਸੀਆਂ ਤੇ ਨਵੇਂ ਸ਼ਬਦ ਇਕੱਠੇ ਕਰਨ ਜਾਂਦਾ। ਮੇਰਾ ਖਿਆਲ ਏਂ, ਉਹ ਸਾਹਿਤ ਦੀ ਹੋ ਰਹੀ ਬੇਕਦਰੀ ਤੋਂ ਦੁੱਖੀ ਹੈ। ਇਸੇ ਲਈ ਉਹ ਚੰਗੇ ਸਾਹਿਤ ਤੋਂ ਸਾਰਾ ਕੁੱਝ ਲੁਟਾਉਂਣ ਵਾਸਤੇ ਤਿਆਰ ਹੈ। ਉਹ ਅਕਸਰ ਸੁਪਨਿਆਂ ਵਿਚ, ਆਪਣੇ ਪਿੰਡ ਦੀਆਂ ਗਲੀਆਂ 'ਚ ਚੱਕਰ ਮਾਰਦਾ। ਰਾਤਾਂ ਨੂੰ ਚਮਕਦੇ ਜੁਗਨੂੰਆਂ ਸੰਗ ਪੀੜ੍ਹਾਂ ਭਰੀਆਂ ਗ਼ਜ਼ਲਾਂ, ਕਵਿਤਾਵਾਂ, ਗੀਤ ਗਾਉਂਦਾ।

ਸੱਗੂ ਦੀਆਂ ਰਚਨਾਵਾਂ ਵਿੱਚ ਫੁੱਲਾਂ ਵਰਗੀ ਮਹਿਕ ਹੈ। ਉਸ ਦੀਆਂ ਗ਼ਜ਼ਲਾਂ ਦਾ ਪ੍ਰਭੂਤਾ ਨਾਲ ਗਹਿਰਾ ਸਬੰਧ ਹੈ। ਉਹ ਕਵੀ ਏਂ, ਬੇਸ਼ੱਕ ਉਸ ਅੰਦਰ ਜਜ਼ਬਿਆਂ, ਵਲਵਲਿਆਂ ਦਾ ਹੱੜ ਆਉਂਦਾ। ਪਰ ਉਹ ਕਦੀ ਵੀ ਸਿਧਾਂਤਾਂ ਤੋਂ ਬਾਹਰ ਨਹੀਂ ਜਾਂਦਾ। ਉਸ ਦੀ ਕਾਵਿ ਉਡਾਰੀ ਅੰਬਰਾਂ ਤੱਕ ਉਚੀ ਹੈ। ਉਹ ਮਨਘੜ੍ਹਤ ਮੰਜ਼ਰਾਂ ਦੀ ਗੱਲ ਨਹੀਂ ਕਰਦਾ, ਸਗੋਂ ਕੁਦਰਤ ਦੇ ਅਸਲੀ ਹੁਸੀਨ ਦ੍ਰਿਸ਼ਾਂ ਦਾ ਵਰਨਣ ਕਰਦਾ ਹੈ। ਸੱਗੂ ਗ਼ਜ਼ਲ ਲਿਖਦਾ ਬਹੁਤ ਡੂੰਘਾਈ ਵਿੱਚ ਪਹੁੰਚ ਜਾਂਦਾ। ਸਾਗਰ ਦੀ ਤਰ੍ਹਾਂ ਉਸ ਦੇ ਮਨ ਵਿੱਚ ਖਿਆਲਾਂ ਦੇ ਅਨੇਕਾਂ ਜਵਾਰਭਾਟੇ ਆਉਂਦੇ ਹਨ। ਸੱਗੂ ਜਿੱਥੇ ਪਿੱਘਲ ਰਹੀ ਮੋਮਬੱਤੀ ਦੀ ਬਾਤ ਪਾਉਂਦਾ, ਉਥੇ ਉਸ ਤੋਂ ਕੁਰਬਾਨ ਹੋਣ ਵਾਲੇ ਪਤੰਗੇ ਦਾ ਜ਼ਿਕਰ ਵੀ ਜ਼ਰੂਰ ਕਰਦਾ। ਉਹ ਦਬਾਇਆਂ, ਨਿਹੱਥਿਆਂ ਮਜ਼ਦੂਰਾਂ ਨੂੰ ਇਨਸਾਫ਼ ਦੇਣੇ ਦੀ ਗੱਲ ਕਰਦਾ। ਸ਼ਾਇਦ ਇਸੇ ਕਰਕੇ ਉਹ ਆਮੀਰਾਂ, ਫਰੇਬਕਾਰਾਂ ਨੂੰ ਕੋਸਦਾ ਸ਼ਿਅਰ ਲਿਖਦਾ:

ਮੋਢੇ ਰਫਲਾਂ, ਹੱਥੀ ਖੰਜਰ ਪਕੜੇ ਜਦ ਸ਼ੈਤਾਨਾਂ ਨੇ।
ਵੱਸਦੇ ਰਸਦੇ ਲੋਕ ਉਜਾੜੇ ਦੁਨੀਆਂ ਵਿਚ ਹੈਵਾਨਾਂ ਨੇ।
ਔਖਾ ਹੋਇਆ ਜੀਣਾ ਏਥੇ, ਮਰਨਾ ਵੀ ਦੁਸ਼ਵਾਰ ਜਿਹਾ,
ਜੀਣਾ ਮੁਸ਼ਕਿਲ ਕੀਤਾ ਸਾਡਾ ਹਾਕਿਮ ਦੇ ਫੁਰਮਾਨਾਂ ਨੇ

ਮੇਰਾ ਖਿਆਲ ਏ, ਸੱਗੂ ਨੇ ਆਪਣੇ ਬੱਚਪਨ ਵਿਚ ਮੁਸ਼ਕਲਾਂ ਦੇ ਕਈ ਇਮਤਿਹਾਨ ਪਾਸ ਕੀਤੇ ਹਨ। ਇਸ ਤਰ੍ਹਾਂ ਜਾਪਦਾ ਜਿਵੇਂ ਉਸ ਦੀ ਜ਼ਿੰਦਗੀ ਹਾਦਸਿਆਂ ਨਾਲ ਭਰੀ ਹੋਏ। ਉਹ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਘੁੰਮ ਚੁੱਕਾ ਹੈ। ਉਹ ਆਪਣੇ ਅਨੁਭਵ ਨੂੰ ਆਪਣੀਆਂ ਰਚਨਾਵਾਂ ਵਿਚ ਲਿਖਦਾ। ਉਸ

ਨੇ ਘੁੰਮ ਫਿਰ ਜ਼ਮਾਨੇ ਦੇ ਕਈ ਰਸ ਪੀਤੇ ਹਨ। ਉਹ ਕਿਸੇ ਨਾਲ ਨਰਾਜ਼ ਨਹੀਂ ਹੁੰਦਾ, ਕਿਸੇ ਗ਼ਰੀਬ ਦਾ ਕਦੀ ਮਖੌਲ ਨਹੀਂ ਉਡਾਦਾਂ। ਸੱਗੂ ਸੱਭ ਨੂੰ ਪਾਕ-ਮੁਹੱਬਤ ਕਰਦਾ। ਜਦੋਂ ਕਾਲੀਆਂ ਬੱਦਲੀਆਂ ਪਿਛੋਂ ਚੰਨ ਦਾ ਗੋਰਾ ਮੁੱਖੜਾ ਨਜ਼ਰ ਆਉਂਦਾ ਤਾਂ ਉਹ ਖੁਸ਼ੀ ਨਾਲ ਝੂਮਦਾ ਗਾਉਂਦਾ ਕਹਿ ਦਿੰਦਾ :

ਕਦੀ ਕਦੀ ਆ ਜਾਇਆ ਕਰ ਤੂੰ। ਐਵੇਂ ਨਾ ਤੜਪਾਇਆ ਕਰ ਤੂੰ।
ਹੋਰਾਂ ਦੀ ਜੋ ਪੀੜ ਹੈ ਜਰਦਾ, ਉਸ ਦੀ ਗੱਲ ਸੁਣਾਇਆ ਕਰ ਤੂੰ।

ਜਦ ਤੁਸੀਂ ਸਮਾਧੀ 'ਚ ਆਪਣੇ ਨੈਣ ਮੁੰਦ ਉਸ ਦੀ ਕੋਈ ਗਜ਼ਲ ਸੁਣੋ ਤਾਂ ਮਲੋਜ਼ੋਰੀ ਝੂਮਣ ਲੱਗ ਜਾਓ ਗੇ। ਕਿਉਂਕਿ ਉਹ ਆਪਣੀਆਂ ਗ਼ਜ਼ਲਾਂ ਦੇ ਸ਼ਬਦ ਆਪਣੇ ਦਿਲ ਵਿੱਚ ਬੁਣਦਾ। ਮੇਰੇ ਹਿਸਾਬ ਨਾਲ ਗ਼ਜ਼ਲ ਉਹੀ ਹੁੰਦੀ ਏ ਜਿਸ ਨੂੰ ਸੁਣ ਕੇ ਤੁਸੀਂ ਬਾਵਰੇ ਹੋ ਜਾਉ। ਜਿਹੜੀ ਤੁਹਾਡੀਆਂ ਸਿਸਕੀਆਂ ਨੂੰ ਮੁਸਕਾਰਟਾਂ ਵਿੱਚ ਬਦਲ ਦੇਵੇ। ਸੱਗੂ ਹਮੇਸ਼ਾ ਤੁਹਾਡੇ ਨਾਲ ਮੁਸਕਰਾ ਕੇ ਗੱਲ ਕਰਦਾ ਏਂ। ਇਸੇ ਕਰਕੇ ਉਸ ਦੀਆਂ ਗ਼ਜ਼ਲਾਂ ਮਨ ਦੀ ਕਾਲਖ ਧੋਂਦੀਆਂ ਦਿਲਾਂ ਵਿਚ ਰੋਸ਼ਨੀ ਕਰਦੀਆਂ ਹਨ। ਸਭ ਤੋਂ ਵਧੀਆ ਬਾਤ ਸੱਗੂ ਗ਼ਜ਼ਲ ਲਿਖਣ ਵੇਲੇ ਕਾਹਲੀ ਨਹੀਂ ਕਰਦਾ। ਜਿਸ ਕਰਕੇ ਉਸ ਦੀਆਂ ਗਜ਼ਲਾਂ ਵਿੱਚ ਠਹਿਰਾਓ ਹੈ। ਇਸੇ ਕਰਕੇ ਉਸ ਦੀਆਂ ਗ਼ਜ਼ਲਾਂ ਸਾਨੂੰ ਮਲੋ ਜ਼ੋਰੀਂ ਆਪਣੇ ਵੱਲ ਖਿੱਚਦੀਆਂ ਹਨ। ਜਿਵੇਂ :

ਤੇਰਾ ਜਦੋਂ ਤੋਂ ਮੈਨੂੰ ਦੀਦਾਰ ਹੋ ਗਿਆ ਹੈ।
ਦੁਨੀਆਂ 'ਚ ਮੇਰਾ ਜੀਣਾ ਦੁਸ਼ਵਾਰ ਹੋ ਗਿਆ ਏ।
ਹੁਣ ਪੀਣ ਦੀ ਰਹੀ ਨਾ ਕੋਈ ਵੀ ਲੋੜ ਯਾਰਾ,
ਤੇਰੀ ਨਜ਼ਰ 'ਚੋਂ ਪੀ ਦਿਲ ਸਰਸ਼ਾਰ ਹੋ ਗਿਆ ਹੈ।

ਮੈਨੂੰ ਇਸ ਤਰ੍ਹਾਂ ਲਗਦਾ ਜਿਵੇਂ ਸੱਗੂ ਆਪਣੀਆਂ ਗ਼ਜ਼ਲਾਂ, ਰਚਨਾਵਾਂ ਨੂੰ ਆਪਣੀ ਪ੍ਰੇਮਿਕਾ ਦੀ ਤਰ੍ਹਾਂ ਪਿਆਰ ਕਰਦਾ। ਮੈਂ ਕਿਆਸ ਲਾਇਆ, ਸੱਗੂ ਆਪਣੀ ਗ਼ਜ਼ਲ ਦਾ ਘੁੰਡ ਚੁੱਕਦਾ, ਚੁੰਮਦਾ, ਉਨ੍ਹਾਂ ਵਾਸਤੇ ਸਹਿਕਦਾ, ਮਹਿਕਦਾ, ਤੜਪਦਾ ਏਂ। ਕਦੀ ਕਦੀ ਮੈਨੂੰ ਜਾਪਦਾ ਜਿਵੇਂ ਉਹ ਤਾਰਿਆਂ ਭਰੀ ਰਾਤ ਵਿੱਚ ਜਾਗ ਤਨਹਾਈ 'ਚ ਲਿਖਦਾ। ਇਸੇ ਕਰਕੇ ਉਸ ਦੀਆਂ ਕਈ ਗ਼ਜ਼ਲਾਂ ਕੁੜੀਆ ਤਰਾਂ ਬਹੁਤ ਸ਼ਰਮੀਲੀਆਂ ਹਨ। ਉਸ ਦੀਆਂ ਰਚਨਾਵਾਂ ਵਿੱਚ ਸੱਸੀ, ਸੋਹਣੀ, ਹੀਰ ਦਾ ਜ਼ਿਕਰ ਆਉਂਦਾ। ਉਸ ਦੀਆਂ ਗਜ਼ਲਾਂ ਕੁਵਾਰੀਆਂ ਕੁੜੀਆਂ ਦੀ ਤਰ੍ਹਾਂ, ਹੱਸਦੀਆਂ ਰੋਟੀਆਂ, ਬੁੱਲ੍ਹਾ ਤੋਂ ਮੁਸਕਾਨਾਂ ਬੇਖੇਰਦੀਆਂ ਹਨ। ਉਸ ਦੀਆਂ ਗ਼ਜ਼ਲਾਂ ਵਿਚ ਬ੍ਰਿਹਾ ਹੈ। ਜਿੱਥੇ ਸੱਗੂ ਦੀਆਂ ਕੁੱਝ ਗ਼ਜ਼ਲਾਂ ਸਾਗਰ ਵਿਚੋਂ ਉਠਦੇ ਤੂਫ਼ਾਨ ਵਰਗੀਆਂ ਹਨ। ਉਥੇ ਕਈ ਗ਼ਜ਼ਲਾਂ ਸਮੁੰਦਰ ਦੀਆਂ ਸ਼ਾਤ ਮਈ ਲਹਿਰਾਂ ਵਰਗੀਆਂ ਵੀ ਹਨ। ਜਿਵੇ :

ਆਪੇ ਹੱਸਾਂ ਆਪੇ ਰੋਵਾਂ, ਆਪਣਾ ਦਿਲ ਬਹਿਲਾਵਾਂ ਮੈਂ।
ਚਾਰ ਚੁਫ਼ੇਰੇ ਘੋਰ ਹਨ੍ਹੇਰਾ, ਐ ਮਨ ਕਿੱਧਰ ਜਾਵਾਂ ਮੈਂ
ਸੋਚ ਜਦੋਂ ਕੋਈ ਆਣ ਹਲੂਣੇ, ਸੰਗ ਮੈਂ ਉਸ ਦੇ ਟੁਰ ਪੈਨਾਂ,
ਸ਼ਬਦਾਂ ਦੇ ਸਾਗਰ ਵਿਚੋਂ ਮੋਤੀ ਲੱਭ ਲਿਆਵਾਂ ਮੈਂ।

ਇਹੋ ਜਿਹੀਆਂ ਗ਼ਜ਼ਲਾਂ ਉਹੀ ਸ਼ਾਇਰ ਲਿਖ ਸਕਦਾ, ਜਿਸ ਦੇ ਮਨ ਵਿੱਚ ਸੋਚਾਂ ਦਾ ਜਵਾਰ ਆਉਂਦਾ ਹੋਏ। ਭੂਪਿੰਦਰ ਦੇ ਵਿੱਚ ਜੋ ਸ਼ਾਇਰ ਬੋਲਦਾ, ਮੈਨੂੰ ਉਸ ਬਾਰੇ "ਵਗਦੀ ਰਹੇ ਝਨਾਂ"ਇਹ/ਕਿਤਾਬ ਪੜ੍ਹ ਕੇ ਪਤਾ ਲੱਗਾ। ਜਿਉਂ ਜਿਉਂ ਮੈ ਉਨ੍ਹਾਂ ਦਾ ਗ਼ਜ਼ਲ ਸੰਗ੍ਰਹਿ ਪੜ੍ਹਦਾ ਗਿਆ, ਮੈਨੂੰ ਉਨ੍ਹਾਂ ਬਾਰੇ ਵਾਕਫ਼ੀ ਹੁੰਦੀ ਗਈ। ਬੇਸ਼ੱਕ ਮੈਂ ਉਨ੍ਹਾਂ ਦੇ ਪਹਿਲੇ ਸੰਗ੍ਰਹਿ ਨਹੀਂ ਵਾਚੇ, ਫਿਰ ਵੀ ਇਹ ਕਿਤਾਬ "ਵਗਦੀ ਰਹੇ ਝਨਾਂ" ਪੜ੍ਹਕੇ ਮੈਨੂੰ ਸੱਗੂ ਸਹਿਬ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੋਈ ਹੈ। ਪੰਜਾਬੀ ਗ਼ਜ਼ਲ ਦਾ ਇਸ ਸਮੇਂ ਤੀਜਾ ਦੌਰ ਚੱਲਦਾ ਪਿਆ ਏਂ, ਮੇਰੇ ਹਿਸਾਬ ਨਾਲ ਸੱਗੂ ਸਾਹਿਬ ਵੀ ਤੀਸਰੇ ਦੌਰ ਦੇ ਪੰਜਾਬੀ ਗ਼ਜ਼ਲਗੋ ਸ਼ਾਇਰ ਹਨ। ਉਸ ਦੀ ਕਲਮ ਦਾ ਜ਼ੋਸ ਅਜੇ ਮੱਠਾ ਨਹੀਂ ਹੋਇਆ। ਉਸ ਵਿਚ ਅੱਗੇ ਜਾਕੇ ਬਹੁਤ ਕੁਝ ਕਰਨ ਦੀ ਸਮਰੱਥਾ ਹੈ। ਮੈਨੂੰ ਆਸ ਨਹੀਂ ਸਗੋਂ ਪਕਾ ਯਕੀਨ ਏ, ਉਹ ਜ਼ਰੂਰ ਕੁੱਝ ਨਵਾਂ ਤੇ ਵੱਖਰਾ ਲਿਖੇਗਾ। ਸ਼ਾਇਦ ਇਸੇ ਕਰਕੇ ਸਾਨੂੰ ਸਬੋਧਨ ਹੋ ਕਹਿ ਰਿਹਾ :

ਮੈਂ ਸ਼ਬਦਾਂ ਦਾ ਜਾਦੂਗਰ ਮੈਥੋਂ ਕੋਈ ਚੰਗੇਰਾ ਨਹੀਂ।
ਮੈਂ ਬੰਦਾ ਖ਼ਾਕਸਾਰ ਜੋ ਮੈਂ ਨਹੀਂ ਮੇਰਾ ਨਹੀਂ।
ਦੇਖੀ ਨਹੀਂ ਕਲਾਕਾਰਾਂ ਨੇ ਮੇਰੀ ਕਲਾਕਾਰੀ ਅਜੇ,
ਕੋਈ ਸਾਗਰ ਮੇਰੀ ਚੁੱਭੀ ਤੋਂ ਡੂੰਘਰਾ ਨਹੀਂ।
ਮੈਂ ਜਦ ਚਾਹਵਾਂ ਕਲੰਦਰ ਨੂੰ ਸਿਕੰਦਰ ਕਰਾਂ,
ਮੇਰੀ ਕਲਮ 'ਚ ਜਾਦੂ ਹੈ ਕਿਸੇ 'ਚ ਏਨਾਂ ਜੇਰਾ ਨਹੀਂ।

ਕਵੀ ਹਮੇਸ਼ਾ ਵੱਖ ਵੱਖ ਤਰ੍ਹਾਂ ਦੇ ਸੁਪਨੇ ਵੇਖਦਾ ਤੇ ਉਨ੍ਹਾਂ ਨੂੰ ਕਾਗਜ਼ ਦੀ ਛਾਤੀ ਤੇ ਉਲੀਕਦਾ ਹੈ। ਕਵੀ ਦੀ ਮਹਿਸੂਸਣ ਸ਼ਕਤੀ ਇਕ ਆਮ ਆਦਮੀ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ। ਉਹ ਆਪਣੀ ਤੀਸਰੀ ਅੱਖ ਨਾਲ ਆਕਾਸ਼ਾ ਪਤਾਲਾ ਘੁੰਮਦਾ, ਕਲਮ ਨਾਲ ਠੋਸ ਹਕੀਕਤਾਂ ਚਿਤਰਦਾ। ਆਪਣੀ ਤਲਵਾਰ ਤੋਂ ਤੀਖੀ ਕਲਮ ਸੰਗ ਸੁਤੀਆਂ ਸ਼ਕਤੀਆਂ ਨੂੰ ਜਗਾਉਂਦਾ, ਚੰਗੀਆਂ ਕਲਮਾਂ ਮਾੜੇ ਸਮਾਜ ਦੀਆਂ ਨੀਹਾਂ ਖ਼ੋਖਲੀਆਂ ਕਰ ਦਿੰਦੀਆਂ। ਵੇਖਣ ਵਿੱਚ ਆਇਆ, ਕਲਮਾ ਸਰਮਾਏਦਾਰ ਨੂੰ ਝੁਕਣ ਵਾਸਤੇ ਮਜਬੂਰ ਕਰ ਦਿੰਦੀਆਂ, ਦੁਨੀਆਂ ਦੀਆਂ ਕਈ ਹਸਤੀਆਂ ਨੇ ਕਲਮਾਂ ਨਾਲ ਇਨਕਲਾਬ ਲਿਆਂਦਾ। ਕਲਮਾਂ ਦੀ ਸਟ ਹਥੌੜੇ ਤੋਂ

ਕਈ ਗੁਣਾਂ ਭਾਰੀ ਹੁੰਦੀ ਹੈ। ਕਲਮਾਂ ਗੁਲਮੀ ਦੀ ਜ਼ਿੰਦਗੀ ਜੀਉਂਦੇ ਲੋਕਾਂ 'ਚ ਇਕ ਨਵਾਂ ਜ਼ੋਸ ਭਰਦੀਆਂ ਨੇ। ਕਵੀ ਦੀ ਸੋਚ ਸਮਾਜ ਵਿੱਚ ਹੋ ਰਹੇ ਅਤਿਆਚਾਰ ਸਾਹਮਣੇ ਦੀਵਾਰ ਬਣ ਜਾਂਦੀ ਹੈ। ਸੱਗੂ ਦੀਆਂ ਗ਼ਜ਼ਲਾਂ ਆਪਣੀ ਵਿਆਖਿਆ ਆਪ ਹੀ ਕਰਦੀਆਂ ਹਨ। ਮੈਨੂੰ ਜਾਪਦਾ ਇਸ ਸ਼ਿਅਰ ਵਿਚ ਕਵੀ ਧਰਮ ਦੇ ਝੂਠੇ ਠੇਕੇਦਾਰਾਂ ਨੂੰ ਸਬੋਧਨ ਹੋ ਕਿ ਕਹਿੰਦਾ ਹੈ :

ਸਾਡਾ ਰਹਿਬਰ ਓਹੋ ਜਿਹੜਾ ਗੱਲ ਕਰੇ ਸਚਿਆਰੇ ਦੀ।
ਥਾਂ ਥਾਂ ਵਿਛੀਆਂ ਲਾਸ਼ਾਂ ਦੀ ਤੇ ਲੋਕਾਂ ਦੇ ਹਤਿਆਰੇ ਦੀ।

ਸੱਗੂ ਮਾਨਵਤਾ ਦਾ ਦਰਦ ਵੰਡਾਉਂਦੇ ਰਹਿਬਰ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਭੇਟ ਕਰਦਾ। ਉਹ ਗਰੀਬਾਂ ਦੇ ਹੱਕਾਂ ਵਾਸਤੇ ਸੂਲੀ ਤੇ ਚੱੜ੍ਹਨ ਵਾਲਿਆਂ, ਆਰਿਆਂ ਨਾਲ ਤਨ ਚਰਾਨ ਵਾਲਿਆਂ ਨੂੰ ਸਿਜਦਾ ਕਰਦਾ। ਇਸੇ ਕਰਕੇ ਉਸ 'ਤੇ ਬਾਬੇ ਨਾਨਕ ਦੀ ਰਹਿਮਤ ਹੈ। ਉਨ੍ਹਾਂ ਦੀ ਆਤਮਾ ਨਿਰਮਲ ਏਂ। ਮੇਰਾ ਮਤ ਏ, ਇਕ ਨਿਰਮਲ ਆਤਮਾ ਵਾਲਾ ਆਦਮੀ ਹੀ ਚੰਗਾ ਸ਼ਾਇਰ, ਕਵੀ, ਗਜ਼ਲਗੋ ਹੋ ਸਕਦਾ। ਗ਼ਜ਼ਲ, ਕਵਿਤਾ ਲਿਖਣਾਂ ਕੋਈ ਖੇਲ ਨਹੀਂ ਹੈ। ਪਰਵਰਦਗਾਰ ਨੇ ਸੱਗੂ ਨੂੰ ਚੰਗੇ ਮੰਦੇ ਦੀ ਪਛਾਣ ਕਰਨ ਦੀ ਸੋਝੀ ਬੱਖ਼ਸ਼ੀ ਹੈ। ਉਹ ਬਾਬੇ ਦੀ ਬਾਣੀ ਦਾ ਰਸੀਇਆ ਏਂ, ਉਸ ਦੇ ਮਨ ਅੰਦਰ ਕੀਰਤਨ ਦੀਆਂ ਧੁਨਾਂ ਪ੍ਰਵੇਸ਼ ਕਰ ਚੁਕੀਆਂ ਹਨ। ਇਸੇ ਕਰਕੇ ਸੱਗੂ ਦੇ ਅੰਦਰ ਚੰਗਾ ਸਾਹਿਤ ਰਚਨ ਦਾ ਇਕ ਨਸ਼ਾ ਹੈ। ਇਹ ਮਾਣ ਵਾਲੀ ਗੱਲ ਏਂ, ਕਿ ਸੱਗੂ ਨੂੰ ਗ਼ਜ਼ਲ ਲਿਖਣ ਤੇ ਕਹਿਣ ਦਾ ਵੱਧੀਆ ਹੁਨਰ ਆਉਂਦਾ। ਉਸ ਦਾ ਹਿਰਦਾ ਫੁੱਲਾਂ ਦੀ ਤਰ੍ਹਾਂ ਕੋਮਲ ਏਂ। ਉਹ ਕਿਸੇ ਗਰੀਬ ਮਜ਼ਲੂਮ ਅਬਲਾ ਔਰਤ, ਮਰਦ ਦੀ ਪੀੜ ਨਹੀਂ ਵੇਖ ਸਕਦਾ। ਕਿਸੇ ਦੁਖਿਆਰੇ ਨੂੰ ਵੇਖ ਉਸ ਦੀਆਂ ਪਲਕਾਂ 'ਚੋਂ ਆਪ ਮੁਹਾਰੇ ਹੰਝੂ ਵਹਿ ਤੁਰਦੇ ਹਨ। ਇਸੇ ਕਰਕੇ ਸੱਗੂ ਦੀਆਂ ਰਚਨਾਵਾਂ ਵਿੱਚ ਦਰਦ ਪੀੜਾਂ ਨਜ਼ਰ ਆਉਂਦੀਆਂ। ਮੈਂ ਵੇਖਿਆ ਉਸ ਨੇ ਹਰ ਦ੍ਰਿਸ਼ਟੀਕੋਣ ਤੋਂ ਗਜ਼ਲ ਕਹੀਂ ਹੈ। ਜਿਵੇਂ :

ਪੰਡਤ, ਭਾਈ, ਮੱਲਾਂ ਦੀ ਨਸੀਹਤ ਨੂੰ ਕੀ ਕਰਾਂ,
ਉਹ ਵਰਣਾਂ ਵਿਚ ਵੰਡਦੀ ਇਬਾਰਤ ਨੂੰ ਕੀ ਕਰਾਂ।
ਹਿਜਰ ਤੇਰੇ ਵਿਚ ਉਮਰ ਮੈਂ ਬਿਤਾਈ ਹੈ ਮੁਸਕਾ ਕੇ,
ਚੇਤਰ ਦੀ ਰੁੱਤ ਵਰਗੀ ਸਖ਼ਾਵਤ ਨੂੰ ਕੀ ਕਰਾਂ।

ਇਕ ਗੱਲ ਮੈਂ ਦਾਅਵੇ ਨਾਲ ਕਿਹਾ ਸਕਦਾਂ, ਕਿ ਭੂਪਿੰਦਰ ਸਿੰਘ ਸੱਗੂ ਨੂੰ ਗ਼ਜ਼ਲ ਦੀਆਂ ਬਹਿਰਾਂ ਬਾਰੇ ਪੂਰੀ ਜਾਣਕਾਰੀ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ ਉਸਨੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਨੇ। ਉਹ ਕੇਵਲ ਵਜ਼ਨ ਜਾਂ ਪਿੰਗਲ ਦੇ ਮੁਥਾਜ ਨਹੀਂ ਹਨ। ਸਗੋਂ ਉਨ੍ਹਾਂ ਦੀਆਂ ਗ਼ਜ਼ਲਾਂ ਵਿੱਚ ਸਮਾਜ ਵਾਸਤੇ ਕੋਈ ਨਾ

ਕੋਈ ਖਾਸ ਸੁਨੇਹਾ ਜ਼ਰੂਰ ਹੁੰਦਾ। ਜਿਹੜਾ ਹਰ ਕਵਿਤਾ, ਗ਼ਜ਼ਲ ਵਿਚ ਹੋਣਾ ਚਾਹੀਦਾ। ਉਹ ਗ਼ਜ਼ਲ ਦੀਆਂ ਬਰੀਕੀਆਂ ਬਾਰੇ ਅਣਜਾਣ ਨਹੀਂ ਹਨ। ਇਸੇ ਕਰਕੇ ਉਹ ਵੱਡੀ ਗੱਲ ਵੀ ਹੌਲੀ ਜਿਹੀ ਮਿੱਠਾਸ ਨਾਲ ਕਿਹਾ ਜਾਂਦਾ। ਉਨ੍ਹਾਂ ਨੂੰ ਆਪਣੀ ਬਾਤ ਪਾਉਣ ਦਾ ਢੰਗ ਤਰੀਕਾ ਚੰਗੀ ਤਰ੍ਹਾਂ ਨਾਲ ਆਉਂਦਾ। ਸੱਗੂ ਪਾਸ ਗ਼ਜ਼ਲ ਲਿਖਣ ਦਾ ਚੰਗਾ ਤਰਜਬਾ ਹੈ। ਉਹ ਛੋਟੀਆਂ ਤੇ ਭਾਵ ਪੂਰਤ ਰਚਨਾਵਾਂ ਲਿਖਦਾ। ਮੇਰੇ ਹਿਸਾਬ ਨਾਲ ਛੋਟੀ ਗ਼ਜ਼ਲ ਜਿਆਦਾ ਭਾਵਾਤਮਕ ਹੁੰਦੀ ਏਂ।

ਸੱਗੂ ਸਾਗਰ ਨੂੰ ਗਾਗਰ ਵਿਚ ਬੰਦ ਕਰ ਦਿੰਦਾ। ਉਸ ਦੀਆਂ ਗ਼ਜ਼ਲਾਂ ਵਿਚ ਮੈਂ ਇਕ ਚੀਜ਼ ਮਹਿਸੂਸ ਕੀਤੀ ਹੈ। ਕਿ ਉਸ ਦੀਆਂ ਰਚਨਾਵਾਂ, ਗਜ਼ਲਾਂ ਵਿਚ ਅਲੰਕਾਰਾਂ ਦੀ ਘਾਟ ਨਹੀਂ ਹੈ। ਉਸ ਦੀ ਲਿਖਣ ਸ਼ੈਲੀ ਬਹੁਤ ਪਿਆਰੀ ਹੈ। ਉਹ ਹਰ ਇੱਕ ਵਰਗ ਦੇ ਪਾਠਕ ਦੀ ਸਮਝ ਵਿਚ ਆਉਣ ਵਾਲੇ ਸਾਦਾ ਤੇ ਸਰਲ ਸ਼ਿਅਰ ਕਹਿੰਦਾ। ਇਸੇ ਕਰਕੇ ਆਮ ਪਾਠਕ ਨੂੰ ਸੱਗੂ ਦੀ ਗ਼ਜ਼ਲ ਸਮਝਣ ਵਿਚ ਕੋਈ ਕਠਨਤਾ ਨਹੀਂ ਆਉਂਦੀ। ਇਹ ਵੀ ਬਹੁਤ ਖੁਸ਼ੀ ਵਾਲੀ ਗੱਲ ਏਂ, ਕਿ ਉਹ ਆਪਣੇ ਉਸਤਾਦ ਦੀਆਂ ਲੀਹਾਂ ਤੇ ਚੱਲਦਾ ਹੈ। ਉਹ ਆਪਣੀ ਗ਼ਜ਼ਲ ਦੇ ਪਹਿਲੇ ਸ਼ਿਅਰ ਵਿਚ ਆਪਣੇ ਦਿਲ ਦੀ ਬਾਤ ਬਹੁਤ ਸੋਹਣੇ ਸਾਫ਼ ਤਰੀਕੇ ਨਾਲ ਕਹਿ ਗਏ ਹਨ। ਜਿਵੇਂ :

"ਵਗਦੀ ਰਹਿਣੀ ਝਨਾਂ ਗ਼ਜ਼ਲ ਦੀ। ਜਲਦੀ ਰਹਿਣੀ ਸ਼ਮ੍ਹਾਂ ਗ਼ਜ਼ਲ ਦੀ।
ਇਹ ਵੰਡੇ ਮੋਹ, ਪਿਆਰ-ਮੁਹੱਬਤ। ਸ਼ਹਿਦ ਨਿਰੀ ਹੈ ਜ਼ੁਬਾਂ ਗ਼ਜ਼ਲ ਦੀ।
ਸੋਹਣੀ, ਸੱਸੀ, ਹੀਰ ਜਿਹੀ ਹੈ, ਹੁਸਨ ਜਵਾਨੀ ਜਮਾਂ ਗ਼ਜ਼ਲ ਦੀ।

ਇਸ ਗ਼ਜ਼ਲ ਨੂੰ ਖਤਮ ਕਰ ਕੇ ਜਦੋਂ ਮੇਰੀ ਨਜ਼ਰ ਉਨ੍ਹਾਂ ਦੀ ਦੂਜੀ ਗ਼ਜ਼ਲ ਤੇ ਪਈ ਤਾ ਰੂਹ ਖੁਸ਼ ਹੋ ਗਈ। ਸੰਸਾਰ ਵਿੱਚ ਰਹਿਣ ਵਾਸਤੇ ਇਨਸਾਨ ਨੂੰ ਚੰਗੇ ਵਾਤਾਵਰਨ, ਸ਼ੁੱਧ ਪੌਣ ਪਾਣੀ ਦੀ ਸਖਤ ਜਰੂਰਤ ਹੈ। ਇਨ੍ਹਾਂ ਦੋਵੇਂ ਚੀਜ਼ਾਂ ਤੋਂ ਬਿਨਾਂ ਮਨੁੱਖ ਦਾ ਦੁਨੀਆਂ ਵਿਚ ਰਹਿਣਾ ਔਖਾ ਹੈ। ਪੰਜਾਬ ਦਾ ਪੌਣ ਪਾਣੀ ਇਸ ਸਮੇਂ ਬਹੁਤ ਤੇਜ਼ੀ ਨਾਲ ਗੰਧਲਾ ਹੋਈ ਜਾ ਰਿਹਾ ਹੈ। ਕਵੀ ਨੂੰ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ, ਅਤੇ ਸੰਸਾਰ ਵਿਚੋਂ ਖਤਮ ਹੋ ਰਹੇ ਪਾਣੀ, ਜੰਗਲ ਬੇਲਿਆਂ ਬਾਰੇ ਕਾਫੀ ਚਿੰਤਾ ਹੈ। ਉਹ ਆਪਣੀਆਂ ਗਜ਼ਲਾਂ ਵਿਚ ਪਾਣੀ ਦਾ ਜ਼ਿਕਰ ਵਾਰ ਵਾਰ ਕਰਦਾ ਬਿਆਨ ਕਰਦਾ :

"ਵਗਦੀ ਝਨਾਂ ਦਾ ਪਾਣੀ, ਮੇਰੀ ਗਜ਼ਲ ਦਾ ਮਤਲਾ,
ਹੈ ਆਸ਼ਿਕਾਂ ਦਾ ਹਾਣੀ, ਮੇਰੀ ਗ਼ਜ਼ਲ ਦਾ ਮਤਲਾ।
ਨੀਲੇ ਆਕਾਸ਼ ਹੇਠਾਂ ਬਹਿ ਕੇ ਮੈਂ ਸਿਰਜਿਆ ਹੈ,

ਕਹਿੰਦਾ ਹੈ ਇਕ ਕਹਾਣੀ ਮੇਰੀ ਗਜ਼ਲ ਦਾ ਮਤਲਾ।"

ਮੈਨੂੰ ਜਾਪਦਾ ਇਸ ਸਮੇਂ, ਭੂਪਿੰਦਰ ਸੱਗੂ ਗ਼ਜ਼ਲਾਂ ਦੇ ਕਾਫਲੇ ਮੂਹਰੇ, ਸੋਹਣੀ ਦਸਤਾਰ ਸਜਾ ਕੇ ਹੱਥ ਵਿਚ ਲਾਲਟੈਣ ਫੜੀ ਮੁਹੱਬਤ ਦੇ ਗੀਤ ਗਾਉਂਦਾ ਚੱਲ ਰਿਹਾ ਹੈ। ਇਸ ਤਰ੍ਹਾਂ ਲੱਗਦਾ ਜਿਵੇਂ ਉਸ ਨੇ ਜੋਬਨ ਰੁੱਤੇ ਕਿਸੇ ਦੀ ਮੁਹੱਬਤ ਦਾ ਤੀਰ ਆਪਣੇ ਸੀਨੇ ਵਿੱਚ ਖਾਧਾ ਹੈ। ਕਿਸੇ ਸੋਹਣੀ ਨੇ ਜ਼ਰੂਰ ਉਸ ਦੀ ਝੋਲੀ ਮੋਹ ਪਿਆਰ ਨਾਲ ਭਰੀ ਹੈ। ਉਹ ਆਪਣੀਆਂ ਰਚਨਾਵਾਂ, ਗ਼ਜ਼ਲਾਂ ਵਿਚ ਉਸ ਖ਼ੂਬਸੂਰਤ ਸ਼ਹਿਜ਼ਾਦੀ ਦੀ ਪੂਜਾ ਕਰਦਾ ਨਜ਼ਰ ਆਉਂਦਾ। ਕੋਈ ਉਸ ਦੇ ਨੈਣਾਂ ਵਿਚ ਘੁਲ ਚੁੱਕਾ ਹੈ। ਇਸੇ ਕਰਕੇ ਉਹ ਦੀਵਾਨਾ ਹੋਇਆ ਕਹਿੰਦਾ :

ਬੜੀ ਹੀ ਦੇਰ ਤੋਂ ਦੇਖੀ ਨਹੀਂ ਸੂਰਤ ਤਿਰੀ ਯਾਰਾ।
ਹੈ ਮੇਰੀ ਜਾਨ ਵੀ ਤੇਰੀ ਤੇ ਤੂੰ ਇਸ ਜਾਨ ਤੋਂ ਪਿਆਰਾ।
ਕਿਤੇ ਦਿਸਦਾ ਨਹੀਂ ਹੁਣ ਉਹ ਮਿਰੇ ਖ਼ਾਬੀ ਜੋ ਰਹਿੰਦਾ ਸੀ,
ਕਰੀਬੀ ਯਾਰ ਸੀ ਮੇਰਾ, ਜੋ ਮੇਰੀ ਅੱਖ ਦਾ ਤਾਰਾ।

ਇਸ ਸ਼ਿਅਰ ਨੂੰ ਪੜ੍ਹਕੇ ਤੁਸੀਂ ਸਹਿਜੇ ਹੀ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹੋ, ਕਿ ਸੱਗੂ ਸਾਹਿਬ ਇਕ ਵੱਧੀਆ ਸ਼ਾਇਰ ਹੀ ਨਹੀਂ, ਸਗੋਂ ਇੱਕ ਮਿੱਠ ਬੋਲੜਾ ਇਨਸਾਨ ਵੀ ਹੈ। ਮੈਂ ਉਨ੍ਹਾਂ ਨੂੰ ਨੇੜੇ ਹੋ ਟੋਹ ਕੇ ਵੇਖਿਆ ਏਂ, ਉਹ ਵਾਕਿਆ ਦਰਦ ਮੰਦਾ ਦੇ ਹਾਣੀ ਹਨ। ਉਸ ਦੀਆਂ ਰਚਨਾਵਾਂ ਵਿੱਚ ਰਜਿਸ਼, ਤਰਲਤਾ, ਇਕ ਅਹਿਸਾਸ ਹੈ। ਉਸ ਦੀਆਂ ਗ਼ਜ਼ਲਾਂ ਵਿਚੋਂ ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਦੀ ਖੁਸ਼ਬੋਈ ਆਉਂਦੀ ਹੈ। ਮੈਨੂੰ ਇਹ ਗ਼ਜ਼ਲ ਸੰਗ੍ਰਹਿ ਪੜ੍ਹਦਿਆਂ ਬੇਹੱਦ ਖੁਸ਼ੀ ਹੋਈ ਹੈ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਠੇਠ ਪੰਜਾਬੀ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਅਰਬੀ, ਫ਼ਾਰਸੀ, ਉਰਦੂ ਜਾਂ ਫਿਰ ਹਿੰਦੀ ਦੇ ਡੂੰਘੇ ਸ਼ਬਦ ਵਰਤਣ ਦੀ ਕੋਸ਼ਿਸ਼ ਨਹੀਂ ਕੀਤੀ। ਕਈ ਲੇਖਕ ਮਹਿਸੂਸ ਕਰਦੇ ਨੇ, ਕਿ ਜਿਨ੍ਹਾਂ ਚਿਰ ਤਾਈਂ ਤੁਸੀਂ ਉਰਦੂ, ਫ਼ਾਰਸੀ ਜਾਂ ਹਿੰਦੀ ਦੇ ਡੂੰਘੇ ਲਫ਼ਜ ਨਾ ਲਿਖੋ ਉਨ੍ਹਾਂ ਚਿਰ ਤੱਕ ਵੱਧੀਆ ਗ਼ਜ਼ਲ ਨਹੀਂ ਬਣਦੀ। ਸੱਗੂ ਸਾਹਿਬ ਨੇ ਮਾਂ ਬੋਲੀ ਵਿੱਚ ਸ਼ਹਿਦ ਤੋਂ ਮਿੱਠੀਆਂ ਸਰਲ ਗ਼ਜ਼ਲ ਲਿਖ ਕੇ ਲੋਕਾਂ ਦਾ ਭੁਲੇਖਾ ਕੱਢ ਦਿੱਤਾ ਹੈ।

ਲੇਖਕ ਦੇ ਦਿਲ ਵਿੱਚ ਸਮਾਜ ਪ੍ਰਤੀ ਕਿੰਨਾ ਦਰਦ ਏਂ, ਹਾਣੀ ਤੇ ਪਾਣੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਹਨ। ਅੱਜ ਸੰਸਾਰ ਵਿੱਚੋਂ ਮੋਹ ਪਿਆਰ ਖਤਮ ਹੋ ਰਿਹਾ। ਬਿਨਾਂ ਗੱਲੋਂ ਹਾਣੀ ਰੁੱਸੀ ਜਾਂਦੇ ਨੇ ਅਤੇ ਦਰਿਆਵਾਂ ਦੇ ਪਾਣੀ ਸੁੱਕੀ ਜਾਂਦੇ ਹਨ। ਉਨ੍ਹਾਂ ਦੀ ਪਹਿਲੀ ਗ਼ਜ਼ਲ ਪੜ੍ਹਕੇ ਹੀ ਪਤਾ ਲੱਗ ਜਾਂਦਾ, ਕਿ ਸੱਗੂ ਸਾਹਿਬ ਪਾਸ ਇਹ ਸੁੰਦਰ ਹੁਸੀਨ ਮੰਜ਼ਰ ਚਿਤਰਣ ਵਾਸਤੇ ਸ਼ਬਦਾਂ ਦਾ ਅਥਾਹ ਸਮੁੰਦਰ ਹੈ।

ਮੈਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਗ਼ਜ਼ਲ ਸਿਰਜਦਿਆਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਦਰਦਾਂ ਦਾ ਪਾਣੀ ਵਹਿੰਦਾ ਹੈ। ਮੈਨੂੰ ਉਸ ਦੀਆਂ ਗ਼ਜ਼ਲਾਂ ਵਿਚੋਂ ਸੂਰਜਮੁਖੀ, ਤੇ ਗੁਲਾਬਾਂ ਦੀ ਖੁਸ਼ਬੂ ਆਉਂਦੀ ਹੈ। ਮੈਨੂੰ ਲੱਗਦਾ ਸੱਗੂ ਜਿਵੇਂ ਉਹ ਸਮਾਜ ਦੇ ਹਲਾਤ ਵੇਖ ਅੰਦਰੋਂ ਦੁਖੀ ਹੋਇਆ ਕਦੀ ਕਦੀ ਰੱਬ ਨਾਲ ਗਿਲੇ ਸ਼ਿਕਵੇ ਵੀ ਕਰਦਾ ਹੈ। ਇਉ ਗਜ਼ਲ ਪੇਸ਼ ਕਰ,

ਰਹਿਬਰ ਸਾਡੇ ਨ੍ਹੇਰੇ ਦੇ ਵਿੱਚ ਖ਼ੁਦ ਨੂੰ ਹੀ ਟੋਲਣ।
ਲੋਕਾਂ ਤਾਈਂ ਪਾਉਣ ਭੁਲੇਖੇ, ਸੱਚ ਕਦੀ ਨਾ ਬੋਲਣ।
ਚਿੱਟੇ, ਨੀਲੇ, ਪੀਲੇ, ਭਗਵੇਂ ਪਾ ਕੇ ਵਸਤਰ ਫਿਰਦੇ,
ਕਸਮਾਂ ਖਾਣੇ ਵਾਲੇ ਏਥੇ ਕੁਫ਼ਰ ਹਮੇਸ਼ਾ ਤੋਲਣ।

ਅਤੇ ਫਿਰ ਉਹ ਨੀਲੇ ਅਕਾਸ਼ ਵੱਲ ਤੱਕਦੇ, ਡੂੰਘੀਆਂ ਸੋਚਾਂ ਵਿਚ ਡੁਬੇ ਸ਼ਿਅਰ ਕਹਿੰਦੇ ਹਨ :

ਤੂੰ ਅਪਣੀ ਮੌਜ 'ਚ ਰਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾਂ।
ਜੋ ਦਿਲ ਦੀ ਕਹਿਣੀ ਕਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾਂ।

ਗ਼ਜ਼ਲ ਇੱਕ ਲੋਕ-ਪ੍ਰਿਆ ਸਾਹਿਤ ਹੈ। ਇਸ ਨਾਲ ਕੇਵਲ ਸਾਹਿਤਕਾਰ ਜਾਂ ਬੁੱਧੀਜੀਵੀ ਵਿਅਕਤੀ ਨਹੀਂ, ਸਗੋਂ ਹਰ ਵਰਗ ਦੇ ਆਮ ਸਧਾਰਨ ਲੋਕ ਵੀ ਜੁੜੇ ਹਨ।

ਬੇਸ਼ੱਕ ਪ੍ਰਦੇਸਾਂ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਸਾਹਿਤ ਰਚਨਾ ਬੜਾ ਮੁਸ਼ਕਲਾਂ ਭਰਿਆ ਕੰਮ ਹੈ। ਪਰ ਖੁਸ਼ੀ ਵਾਲੀ ਗੱਲ ਏਂ, ਇਸ ਵਕਤ ਪੰਜਾਬੀ ਦੇ ਬਹੁਤ ਸਾਰੇ ਸੂਝਵਾਨ ਸ਼ਾਇਰ, ਲੇਖਕ ਵਿਦੇਸ਼ੀ ਬੈਠੇ ਵੀ ਸਾਹਿਤ ਰਚ ਰਹੇ ਹਨ। ਭਾਵੇਂ ਪੰਜਾਬ ਤੋਂ ਦੂਰ ਤੇ ਵੱਖਰੇ ਸਭਿਆਚਾਰ ਵਿੱਚ ਰਹਿੰਦਿਆਂ ਲੇਖਣਾ ਕਠਿਨ ਕੰਮ ਹੈ। ਪਰ ਮੈਨੂੰ ਇਹ ਗੱਲ ਸਾਂਝੀ ਕਰਨ ਵਿਚ ਬਹੁਤ ਖੁਸ਼ੀ ਮਹਿਸੂਸ ਹੁੰਦੀ ਹੈ। ਕਿ ਜ਼ਨਾਬ ਭੂਪਿੰਦਰ ਸਿੰਘ ਸੱਗੂ ਆਪਣੀ ਮਾਂ ਬੋਲੀ ਦੀ ਝੋਲੀ ਵਿੱਚ ਇਸ ਸਮੇਂ ਕੋਈ ਅੱਧੀ ਦਰਜਨ ਗਜ਼ਲਾਂ ਦੀਆਂ ਕਿਤਾਬਾਂ ਪਾ ਚੁੱਕੇ ਹਨ।

ਪੰਜਾਬੀ ਸ਼ਾਇਰੀ ਦੀ ਬੜੀ ਅਮੀਰ ਪ੍ਰੰਪਰਾ ਹੈ। ਇਸ ਸਮੇਂ ਬਹੁਤ ਸਾਰੇ ਮਹਾਂਰਥੀ ਗ਼ਜ਼ਲਾਂ, ਕਵਿਤਾਵਾਂ ਲਿਖ ਰਹੇ ਹਨ। ਉਨ੍ਹਾਂ ਸਾਰਿਆਂ ਵਿੱਚ ਭੂਪਿੰਦਰ ਸਿੰਘ ਸੱਗੂ ਨੇ ਆਪਣੀ ਵੱਖਰੀ ਖਾਸ ਜਗ੍ਹਾ ਬਣਾ ਲਈ ਹੈ। ਉਨ੍ਹਾਂ ਦਾ ਨਵਾਂ ਗਜ਼ਲ ਸੰਗ੍ਰਹਿ "ਵਗਦੀ ਰਹੇ ਝਨਾਂ"ਪੜ੍ਹਕੇ ਜਦੋਂ ਮੈਂ ਮਿੱਠੀ ਮੁਧਰ ਧੁੰਨ ਵਿੱਚ ਗੁਣਗੁਣਾਈ ਤਾਂ ਮੇਰਾ ਦਿਲ ਕੀਤਾ, ਮੈਂ ਭੂਪਿੰਦਰ ਸੱਗੂ ਨੂੰ ਮੁਹੱਬਤਾਂ ਦਾ ਸ਼ਾਇਰ ਤੇ ਯਾਰਾਂ ਦਾ ਯਾਰ ਆਖਦਾ ਹੋਇਆ ਮੁਬਾਰਕਬਾਦ ਦਿੰਦਾ ਹਾਂ।

•••••

# ਦਰਦ ਜਾਗਦਾ ਹੈ : ਕਾਵਿ ਰਚਨਾ

**ਡਾ. ਪ੍ਰੀਤਮ ਸਿੰਘ ਕੈਂਥੋ**

ਭੁਪਿੰਦਰ ਸਿੰਘ ਸੱਗੂ ਬਰਤਾਨਵੀ ਪੰਜਾਬੀ ਕਵਿਤਾ ਦਾ ਜਾਣਿਆ ਪਹਿਚਾਣਿਆ ਹਸਤਾਖਰ ਹੈ। ਭੁਪਿੰਦਰ ਸੱਗੂ ਨੇ ਕਵਿਤਾ ਦੇ ਨਾਲ ਨਾਲ ਸੰਪਾਦਨਾ ਦਾ ਕਾਰਜ ਵੀ ਕੀਤਾ ਹੈ। ਉਸ ਨੇ ਬਰਤਾਨੀਆਂ ਦੇ ਪ੍ਰਸਿੱਧ ਲੇਖਕ ਨਿਰੰਜਨ ਸਿੰਘ ਨੂਰ ਬਾਰੇ ਜਿਸ ਦੀ ਕਵਿਤਾ ਅੰਤਰ-ਰਾਸ਼ਟਰੀ ਨਿਭਾ ਵਾਲੀ ਸੀ ਤੇ ਵਿਸ਼ਾਲ ਵੀ ਸੀ, ਬਾਰੇ ਸਿੰਮਰਤੀ ਗ੍ਰੰਥ ਦੀ ਸਿਰਜਣਾ ਕਰਕੇ ਇਕ ਮਹੱਤਵਪੂਰਣ ਕਾਰਜ ਕੀਤਾ ਹੈ।

ਭੁਪਿੰਦਰ ਸੱਗੂ ਨੇ ਹੁਣ ਤਕ ਅਕਾਰ ਪੱਖੋਂ ਵੀ ਬੇਅੰਤ ਕਾਵਿ ਸੰਗ੍ਰਹਿ ਪੇਸ਼ ਕੀਤੇ ਹਨ। ਉਸ ਦੀ ਦੇਣ ਨੂੰ ਮੁੱਖ ਰੱਖਦਿਆਂ ਪੰਜਾਬੀ ਕਲਾ ਮੰਚ (ਲੰਡਨ) ਨੇ ਉਸ ਨੂੰ ਸਨਮਾਨਿਤ ਵੀ ਕੀਤਾ ਸੀ। ਉਸ ਦੀਆਂ ਰਚਨਾਵਾਂ ਪ੍ਰਗਤੀਵਾਦੀ ਰੁੱਖ ਵਾਲੀਆਂ ਹਨ ਅਤੇ ਮਾਨਵੀ ਹਿਤ ਵਾਲੀਆਂ ਹਨ। ਸੱਗੂ ਹੋਰਾਂ ਦੀ ਕਲਮ ਜਿੱਥੇ ਬਰਤਾਨਵੀ ਮੁੱਲਾਂ ਦਾ ਚਿਤਰਨ ਕਰਦੀਆਂ ਹਨ, ਉੱਥੇ ਉਸ ਦੀ ਕਲਮ ਆਪਣੇ ਮੂਲ ਦੇਸ਼ ਭਾਰਤ ਦੀਆਂ ਸਮੱਸਿਆਵਾਂ ਬਾਰੇ ਵੀ ਉਲੇਖ ਕਰਦੀ ਹੈ। ਉਸ ਦੀ ਕਲਮ ਵਿਚ ਵਿਸ਼ਾਲਤਾ ਵੀ ਨਜ਼ਰ ਆ ਰਹੀ ਹੈ। ਜਿਸ ਦਾ ਕਾਰਣ ਇਹ ਹੈ ਕਿ ਉਹ ਬਰਤਾਨੀਆਂ ਦੀਆਂ ਹੱਦਾਂ ਪਾਰ ਕਰਦਾ ਹੋਇਆ ਦੂਜੇ ਮੁਲਕਾਂ ਦੀ ਸੈਰ ਤੇ ਉੱਥੇ ਬਾਰੇ ਅਧਿਐਨ ਵੀ ਕਰਦਾ ਹੈ। ਜਿਸ ਦੇ ਪ੍ਰਤੀਕਰਮ ਵਜੋਂ ਉਸ ਦੀ ਕਵਿਤਾ ਵਿਚ ਨਵੇਂ ਵਿਸ਼ੇ ਵੀ ਪਨਪ ਰਹੇ ਹਨ ਅਤੇ ਉਸ ਦੀ ਪਹੁੰਚ ਵੀ ਅੰਤਰ-ਰਾਸ਼ਟਰੀ ਦ੍ਰਿਸ਼ਟੀ ਵਾਲੀ ਬਣਦੀ ਜਾ ਰਹੀ ਹੈ।

ਹੱਥਲੇ ਕਾਵਿ-ਸੰਗ੍ਰਹਿ ਵਿਚ ਉਸ ਦੀ ਕਵਿਤਾ 'ਦਰਦ ਜਾਗਦਾ ਹੈ'ਹਿਟਲਰ ਵਲੋਂ ਕੀਤੇ ਗਏ ਜ਼ੁਲਮਾਂ ਦੇ ਅਹਿਸਾਸਾਂ ਨਾਲ ਭਰਪੂਰ ਹੈ। ਹੱਥਲੀ ਕਵਿਤਾ ਵਿਚ ਉਹ 'ਬੁਕਨਵਾਲਡ ਕਾਨਸਟ੍ਰੇਸ਼ਨ ਕੈਂਪ' ਵਿਚ ਹੋਏ ਜ਼ੁਲਮਾਂ ਤੇ ਦਰਦਾਂ ਦੀ ਕਹਾਣੀ ਵਿਸਤਾਰ ਸਹਿਤ ਬਿਆਨ ਕਰਦਾ ਹੈ। ਇੱਥੇ ਹਜ਼ਾਰਾਂ ਦੀ ਗਿਣਤੀ ਵਿਚ ਕੈਦੀਆਂ ਨੂੰ ਕਤਲ ਕੀਤਾ ਗਿਆ ਹੈ। ਕਵਿਤਾ ਦਿਲ ਹਲਾਊ ਵੀ ਹੈ ਤੇ ਮਾਨਵੀ ਦਰਦ ਦੀ ਦਾਸਤਾਨ ਨੂੰ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੈ। ਉਸ ਦੀ ਖੁੱਲ੍ਹੇ ਰੂਪ ਵਿਚ

ਲਿਖੀ ਕਵਿਤਾ ਵਿਚ ਉਸ ਦੀ ਆਤਮਾ ਦੀ ਤਸਵੀਰ ਉਲੀਕੀ ਗਈ ਹੈ। ਹੇਠ ਲਿਖੀਆਂ ਸਤਰਾਂ ਉਸ ਦੇ ਕਾਵਿ-ਦਰਦ ਦੀਆਂ ਗਵਾਹ ਹਨ।

'ਆ ਦਿਖਾਵਾਂ
ਕਤਲਗਾਹ ਦੀ ਚੌੜੀ ਕੰਧ ਪਿੱਛੇ
ਜਿੱਥੇ ਲਾਸ਼ਾਂ ਦੇ ਲਗਦੇ ਰਹੇ ਅੰਬਾਰ
ਅੱਜ ਵੀ ਪੱਥਰਾਂ ਚੋਂ
ਬੇਦੋਸ਼ੇ ਨਜ਼ਰਬੰਦਾਂ ਦਾ ਖ਼ੂਨ ਸਿੰਮਦਾ ਹੈ।'

ਸੱਗੂ ਹੋਰਾਂ ਨੇ ਦੇਸ਼ ਛੱਡ ਕੇ ਪਰਵਾਸੀ ਬਣੇ ਹਿਰਦਿਆਂ ਦੇ ਅਹਿਸਾਸਾਂ ਨੂੰ ਵੀ ਕਾਵਿਕ ਜ਼ਬਾਨ ਦਿੱਤੀ ਹੈ। ਬਾਬਾ ਬੋਹੜ ਦੇ ਪ੍ਰਤੀਕ ਰਾਹੀਂ ਪਿੰਡ ਦੀ ਤਰਾਸਦਿਕ ਹਾਲਤ ਦਾ ਬਿਆਨ ਕੀਤਾ ਹੈ। ਪ੍ਰਦੇਸ ਜਾਣ ਕਰਕੇ ਹਰ ਪਿੰਡ ਖਾਲੀ ਹੋਇਆ ਪਿਆ ਹੈ ਤੇ ਰੌਣਕਾਂ ਦੀ ਥਾਂ ਬੇਰੌਣਕੀ ਦਾ ਆਲਮ ਛਾਇਆ ਹੋਇਆ ਹੈ। ਪਹਿਲੋਂ ਪਹਿਲ ਤੇ ਪਰਵਾਸੀ ਮਾੜੀਆਂ ਪ੍ਰਸਥਿਤੀਆਂ ਦਾ ਸ਼ਿਕਾਰ ਬਣਿਆ ਹੋਣ ਕਰਕੇ ਪਰਵਾਸੀ ਬਣਿਆ ਸੀ, ਪਰ ਹੁਣ ਤਾਂ ਇਹ ਫੈਸ਼ਨ ਤੇ ਸਟੇਟਸ ਸਿੰਬਲ ਬਣ ਗਿਆ ਹੈ। ਪੰਜਾਬ ਨਸ਼ਿਆਂ ਦੀ ਭੇਟ ਵੀ ਚੜ੍ਹ ਗਿਆ ਹੈ। 'ਗੈਂਗ ਰੇਪ' ਰਾਹੀਂ ਲੇਖਕ ਦੇਸ਼ ਦੀ ਦੁਰਦਸ਼ਾ ਦਾ ਵੀ ਕਈ ਪੱਖਾਂ ਤੋਂ ਖੁਲਾਸਾ ਕਰਦਾ ਹੈ। ਦੇਸ਼ ਦੇ ਨਿੱਘਰ ਰਹੇ ਸਭਿਆਚਾਰ ਦੇ ਭਿੰਨ ਭਿੰਨ ਪੱਖਾਂ ਨੂੰ ਵੀ ਨਿਰੂਪਿਤ ਕੀਤਾ ਗਿਆ ਹੈ। 'ਗੈਂਗ ਰੇਪ' ਬਾਰੇ ਕਵੀ ਦੇ ਵਿਚਾਰ ਅਨੁਸਾਰ ਇਹ ਅੱਜ ਦੀ ਸਭਿਅਤਾ ਦਾ ਇਕ ਐਸਾ ਹਨ੍ਹੇਰਾ ਪੱਖ ਹੈ, ਜੋ ਔਰਤ ਦੀ ਤਰਾਸਦੀ ਨੂੰ ਬਿਆਨ ਕਰ ਰਿਹਾ ਹੈ ਕਿ ਜ਼ਿੰਦਗੀ ਭੁਗਤਣ ਬਾਅਦ ਵੀ ਉਹ ਰਾਤ ਦੇ ਕਟਿਹਰੇ ਵਿਚ ਖੜੀ ਇਨਸਾਫ਼ ਲਈ ਤਰਲੇ ਪਾ ਰਹੀ ਹੈ। ਪੂਰੀਆਂ ਸਤਰਾਂ ਇੰਝ ਹਨ :

'ਜ਼ਿੰਦਗੀ
ਹੋਣੀ ਭੁਗਤਣ ਤੋਂ ਬਾਅਦ ਵੀ
ਰਾਤ ਦੇ ਕਟਿਹਰੇ 'ਚ ਖੜ੍ਹੀ
ਬੇਚਾਰਗੀ 'ਚ
ਇਨਸਾਫ਼ ਲਈ ਤਰਲਾ ਹੈ ਪਾ ਰਹੀ
ਇਤਫ਼ਾਕਨ
ਇਹ ਵੀ ਇਕ ਹੋਣੀ ਹੈ'

ਲੇਖਕ ਔਰਤ ਦੇ ਹਿਰਦੇ ਦੀ ਤਸਵੀਰ ਉਲੀਕਦਾ ਹੋਇਆ ਕਹਿੰਦਾ ਹੈ ਕਿ ਔਰਤ ਇਹ ਤਰਾਸਦੀ ਮੁੱਢ ਤੋਂ ਹੀ ਹੰਢਾ ਰਹੀ ਹੈ। ਇਹ ਅੱਜ ਵੀ ਨਿਰੰਤਰ ਜਾਰੀ ਹੈ। ਸਭਿਅਤਾ ਦਾ ਇਹ ਇਕ ਐਸਾ ਪੱਖ ਹੈ ਜਿਸ ਦਾ ਕੋਈ ਪਾਰ ਬੰਨਾ ਨਹੀਂ ਹੈ।

ਇਹ ਨਿਘਾਰ ਦੀ ਅੰਤਮ ਸੀਮਾ ਹੈ।

ਸੱਗੂ ਨੇ ਰਿਸ਼ਤਿਆਂ ਦੀ ਟੁੱਟ ਭੱਜ ਤੇ ਪਵਿੱਤਰ ਰਿਸ਼ਤਿਆਂ ਦੇ ਅਹਿਸਾਸਾਂ ਨੂੰ ਵੀ ਕਾਵਿਕ ਜ਼ਬਾਨ ਦਿੰਦਿਆਂ ਲਿਖਿਆ ਹੈ ਕਿ ਇਨ੍ਹਾਂ ਰਿਸ਼ਤਿਆਂ ਵਿਚੋਂ ਮਾਂ ਦੀ ਮੰਮਤਾ ਵਰਗੇ ਠੰਢੇ ਬੋਲ ਅਲੋਪ ਹੋ ਰਹੇ ਹਨ ਤੇ ਰਿਸ਼ਤਿਆਂ ਦੀ ਮਿਠਾਸ ਪਦਾਰਥਕਤਾ ਦੀ ਜਿਲ੍ਹਣ ਵਿਚ ਫਸਕੇ ਖ਼ਾਮੋਸ਼ੀ ਦਾ ਵਾਤਾਵਰਣ ਧਾਰੀ ਬੈਠੀ ਹੈ। ਸੱਗੂ ਸੰਵਾਦ ਰਾਹੀਂ ਇਨ੍ਹਾਂ ਰਿਸ਼ਤਿਆਂ ਦੀ ਟੁੱਟ ਭੱਜ ਵਿਚੋਂ ਦੇਸ਼ ਦੀ ਧਰਤੀ ਵਿਚੋਂ ਮਿਠਾਸ ਨੂੰ ਅਲੋਪ ਹੋਈ ਮਹਿਸੂਸ ਕਰ ਰਿਹਾ ਹੈ।

'ਮੇਰੇ ਬੇਤਾਬ ਕੰਨ
ਸੁਣਨ ਨੂੰ ਤਰਸਦੇ ਰਹੇ
ਦੇਸ਼ ਦੀ ਮਿੱਟੀ ਵਿਚੋਂ
ਨਿਕਲਦੀਆਂ ਧੁਨਾਂ
ਤੇ ਬੰਸਰੀ ਵਰਗੇ ਬੋਲ'

ਸੱਗੂ ਨੇ ਪਰਵਾਸੀਆਂ ਦੇ ਦੁੱਖੜੇ ਵੀ ਪੇਸ਼ ਕੀਤੇ ਹਨ। ਨਾਲ ਹੀ ਨਾਲ ਪਿੱਛੇ ਰਹਿ ਰਹੇ ਖ਼ੂਨ ਦੇ ਰਿਸ਼ਤਿਆਂ ਦੀ ਆਤਮਾ ਨੂੰ ਵੀ ਪੇਸ਼ ਕੀਤਾ ਹੈ। 'ਉਡੀਕ' ਨਾਮੀ ਕਵਿਤਾ ਵਿਚ ਉਸ ਨੇ ਮਾਂ ਦਾ ਦਰਦ ਬਿਆਨ ਕੀਤਾ ਹੈ ਜਿਸ ਦਾ ਪਤੀ ਪਰਵਾਸੀ ਬਣਿਆ ਪਰਦੇਸ ਦਾ ਹੀ ਹੋ ਕੇ ਰਹਿ ਗਿਆ ਹੈ ਤੇ ਪੁੱਤ ਵੀ ਉਸੇ ਰਾਹ ਤੇ ਤੁਰਦਾ ਹੋਇਆ ਪਰਵਾਸ ਦੇ ਸੁੱਖਾਂ ਵਿਚ ਹੀ ਗ਼ਲਤਾਨ ਹੋ ਗਿਆ ਹੈ। ਮਾਂ ਆਪਣੇ ਪਤੀ ਦੇ ਦਰਦ ਵਾਂਗ ਆਪਣੇ ਪੁੱਤਰ ਦੇ ਗ਼ਮ ਨੂੰ ਵੀ ਜ਼ਹਿਰ ਨਿਆਈਂ ਪੀ ਰਹੀ ਹੈ। ਇਹ ਮਾਰਮਿਕ ਕਵਿਤਾ ਹੈ, ਜੋ ਮੰਮਤਾ ਦੇ ਦੁੱਖਾਂ ਨੂੰ ਸੂਖਮਤਾ ਸਹਿਤ ਪ੍ਰਗਟਾਉਂਦੀ ਹੈ।

'ਆਖਰੀ ਕਿੱਲ' ਨਾਮੀ ਕਵਿਤਾ ਵਿਚ ਭੂਪਿੰਦਰ ਸੱਗੂ ਈਸਾ ਮਸੀਹ ਦੀ ਸ਼ਹਾਦਤ ਬਾਰੇ ਈਸਾ ਦੇ ਮੁੱਖੋਂ ਬੋਲ ਕਹਾਏ ਗਏ ਹਨ ਕਿ ਹਰ ਇਕ ਦੌਰ ਅੰਦਰ ਰੱਬ ਦੇ ਪੁੱਤਰ ਹੀ ਕਤਲ ਕੀਤੇ ਜਾਂਦੇ ਹਨ। ਲੇਖਕ ਨੇ ਈਸਾ ਜੀ ਦੇ ਮੂੰਹੋਂ ਹੇਠ ਲਿਖੇ ਸ਼ਬਦ ਅਖਵਾਏ ਹਨ ਜੋ ਜ਼ਮੀਰ ਦੀ ਅਲੋਕਾਰ ਆਵਾਜ਼ ਦੇ ਪ੍ਰਤੀਕ ਹਨ।

'ਨੋਚ ਦੇਵੋ
ਹਰਿਕ ਅੰਗ ਇਸ ਦਾ
ਜਾਂ ਫੇਰ ਦੇਵੋ ਸਿਰ ਤੇ ਆਰਾ
ਪਰ ਆਵਾਜ਼ ਨੂੰ
ਰੂਹ ਨੂੰ ਕਿਵੇਂ ਕਤਲ ਕਰੋਗੇ!'

'ਮੇਰਾ ਪਿੰਡ' ਨਾਮੀ ਉਸ ਦੀ ਕਵਿਤਾ ਪਰਵਾਸੀ ਬਣਨ ਤੇ ਆਪਣੇ ਪਿੰਡ

ਦੀ ਦਰਦਨਾਕ ਅਵਸਥਾ ਦਾ ਬਿਆਨ ਕਰਦੀ ਹੈ। ਕਲਪਨਾ ਦੇ ਅਹਿਸਾਸਾਂ ਨਾਲ ਉਹ ਪਿੰਡ ਵਲੋਂ ਉਸ ਦੇ ਦਰਦ ਦੀ ਦਾਸਤਾਨ ਸੁਣਾ ਰਿਹਾ ਹੈ ਜੋ ਲੋਚਦਾ ਸੀ ਕਿ ਪਰਵਾਸੀ ਬਣਿਆ ਲੇਖਕ ਪਾਤਰ ਪਿੰਡ ਦੀ ਕਿਰਦੀ ਜਾ ਰਹੀ ਅਵਸਥਾ ਦਾ ਸਹਾਰਾ ਬਣੇਗਾ, ਪਰ ਨਿਸਫਲ। ਇਸ ਦੇ ਨਾਲ ਹੀ ਲੇਖਕ ਪਿੰਡ ਦੀ ਦਰਦਨਾਕ ਦਸ਼ਾ ਦਾ ਬਿਆਨ ਕਰਦਿਆਂ ਕਹਿੰਦਾ ਹੈ ਕਿ ਜਿਸ ਥੜੇ ਤੇ ਮਹਿਫਲਾਂ ਸਜਦੀਆਂ ਸਨ, ਉਹ ਹੁਣ ਜਰਜਰਾ ਹੋ ਚੁੱਕਿਆ ਹੋਵੇਗਾ ਅਤੇ ਉਹ ਹੁਣ ਰੁੱਖ ਦੀ ਛਾਂ ਮਾਨਣ ਤੋਂ ਵੀ ਅਸਮਰਥ ਹੋਵੇਗਾ। ਲੇਖਕ ਦੇ ਬੋਲ ਹਨ :

'ਮੈਂ ਕਿਸ ਰੁੱਖ ਦੀ ਛਾਂ ਲੋਚਾਂਗਾ
ਕੱਲਰ ਧਰਤ ਕਦੇ
ਰੁੱਖਾਂ ਦੀਆਂ ਜੜ੍ਹਾਂ ਨਹੀਂ ਫੜਦੀ
ਖ਼ਿਜ਼ਾਂ ਦੇ ਮੌਸਮ 'ਚ
ਬਹਾਰ ਕਦੇ ਨਾਚ ਨਹੀਂ ਕਰਦੀ'

ਨਿਰਸੰਦੇਹ ਉਪਰੋਕਤ ਸ਼ਬਦ ਦਿਲ ਨੂੰ ਹਿਲਾ ਦੇਣ ਵਾਲੇ ਹਨ। ਭੂਪਿੰਦਰ ਸੱਗੂ ਜਿੱਥੇ ਪਰੰਪਰਾਵਾਦੀ ਵਿਸ਼ਿਆਂ ਦੀ ਕਲਮਕਾਰੀ ਕਰਦਾ ਹੈ, ਉੱਥੇ ਉਹ ਵਿਗਿਆਨ ਦੇ ਨਵੇਂ ਕ੍ਰਿਸ਼ਮੇ ਨਾਲ ਬਣੇ ਕੰਪਿਊਟਰ ਦੀ ਹਸਤੀ ਬਾਰੇ ਵੀ ਕਾਵਿ ਵਿਅੰਗ ਰਾਹੀਂ ਅਸਚਰਜ ਭਰੇ ਸ਼ਬਦਾਂ ਨਾਲ ਉਸ ਦੀ ਪ੍ਰਤਿਭਾ ਉਸਾਰਦਾ ਹੈ।

'ਕੰਪਿਊਟਰ
ਸਦੀਆਂ ਦੇ ਮੁੜ੍ਹਕੇ ਦੀ ਮੁਸ਼ੱਕਤ
ਕਲਾ ਦਾ ਕ੍ਰਿਸ਼ਮਾ
ਕਰਮ-ਕੋਸ਼ਿਸ਼ ਦਾ ਕਮਾਲ
ਬੇਅੰਤ ਸ਼ਬਦਾਂ ਦਾ ਜਾਲ'

ਜਿੱਥੇ ਸੱਗੂ ਨੇ ਇਸ ਕਵਿਤਾ ਰਾਹੀਂ ਵਿਗਿਆਨ ਦੇ ਕ੍ਰਿਸ਼ਮੇ ਪ੍ਰਤੀ ਅਸਚਰਜਤਾ ਭਰੇ ਸ਼ਬਦਾਂ ਰਾਹੀਂ ਉਸ ਦੀ ਅਥਾਹ ਸ਼ਕਤੀ ਦਾ ਵਰਨਣ ਕੀਤਾ ਹੈ, ਉੱਥੇ ਅੰਤ ਵਿਚ ਉਹ ਵਿਅੰਗਾਤਮਕ ਭਾਵਾਂ ਰਾਹੀਂ ਇਹ ਵੀ ਵਿਅਕਤ ਕਰਦਾ ਹੈ ਕਿ ਭਾਵੇਂ ਕੰਪਿਊਟਰ ਵਿਚ ਅਥਾਹ ਸਮਰੱਥਾ ਹੈ ਅਤੇ ਇਸ ਦੀ ਹਾਬੜੀ ਭੁੱਖ ਵਿਚ ਬੇਓੜਕ ਸ਼ਬਦਾਂ ਦਾ ਭੰਡਾਰ ਮੌਜੂਦ ਹੈ, ਤਾਂ ਵੀ ਕੀ ਇਹ ਇਨਸਾਨ ਦੇ ਸੁਪਨਿਆਂ ਦੇ ਸੱਚ ਨੂੰ ਸਾਕਾਰ ਕਰ ਸਕੇਗਾ ਭਾਵ ਇਹ ਹੈ ਕਿ ਲੇਖਕ ਦਰਸਾ ਰਿਹਾ ਹੈ ਕਿ ਵਿਗਿਆਨ ਦੀਆਂ ਉਪਲਬਧੀਆਂ ਬੇਅੰਤ ਤੇ ਅਥਾਹ ਹਨ, ਪ੍ਰੰਤੂ ਮਾਨਵਤਾ ਦੀਆਂ ਸੀਮਾਵਾਂ ਨੂੰ ਇਹ ਉਲੰਘ ਨਹੀਂ ਸਕਦਾ।

ਮਾਨਵੀ ਸਮਾਜ ਨਾਲ ਜੁੜੀ ਉਸ ਦੀ ਇਕ ਹੋਰ ਕਵਿਤਾ ਹੈ 'ਭਾਸ਼ਣ' ਜਿਸ

ਵਿਚ ਉਹ ਵਿਅਕਤ ਕਰਦਾ ਹੈ ਕਿ ਨੇਤਾ ਲੋਕਾਂ ਦੇ ਕਿਰਦਾਰ ਮਨੁੱਖਤਾ ਦੀ ਹਾਮੀ ਨਹੀਂ ਭਰਦੇ, ਸਗੋਂ ਮਨੁੱਖਤਾ ਦੇ ਹਿਤ ਵਿਚ ਦਿੱਤਾ ਜਾ ਰਿਹਾ ਭਾਸ਼ਨ ਮਹਿਜ਼ ਵਿਖਾਵਾ ਮਾਤਰ ਹੀ ਹੁੰਦਾ ਹੈ। ਲੇਖਕ ਨੇ ਸਹੀ ਹਕੀਕਤ ਬਿਆਨ ਕੀਤੀ ਹੈ। ਨੇਤਾ ਜਨ ਦੇਸ਼ ਵਿਚ ਹੋ ਰਹੇ ਵਿਕਾਸ ਦੀ ਕਥਾ ਤਾਂ ਛੇੜਦੇ ਹਨ, ਪ੍ਰੰਤੂ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕਪੜਾ ਅਤੇ ਮਕਾਨ ਪ੍ਰਤੀ ਸੁਹਿਰਦ ਨਹੀਂ ਹਨ।

ਨਿਰਸੰਦੇਹ ਭੂਪਿੰਦਰ ਸੱਗੂ ਦੀ ਕਵਿਤਾ ਦੀਆਂ ਦਿਸ਼ਾਵਾਂ ਫ਼ੈਲ ਰਹੀਆਂ ਹਨ ਅਤੇ ਉਹ ਜ਼ਿੰਦਗੀ ਦੇ ਅਨੇਕਾਂ ਪਹਿਲੂਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਆਪਣੀ ਕਾਵਿ ਆਵਾਜ਼ ਮਨੁੱਖਤਾ ਦੇ ਹਿਤ ਵਿਚ ਬੁਲੰਦ ਕਰਦਾ ਹੈ। ਆਸ਼ਾ ਹੈ ਕਿ ਉਹ ਹੋਰ ਅੱਗੇ ਵਧੇਗਾ।

●●●●●

# ਦਰਦ ਜਾਗਦਾ ਹੈ
## ਡਾ. ਮਨਵਿੰਦਰ ਕੌਰ

ਸ਼ਬਦ ਹਰ ਅਹਿਸਾਸ, ਸੁੱਖ-ਦੁੱਖ, ਘਟਨਾ-ਦੁਰਘਟਨਾ ਨੂੰ ਜ਼ੁਬਾਨ ਦਿੰਦੇ ਨੇ। ਕਵਿਤਾ ਭਾਵ ਨੂੰ ਕੋਮਲ ਭਾਵੀ ਕਰ ਕੇ ਸਾਡੇ ਰੂਹ ਦੇ ਧੁਰ ਅੰਦਰ ਤੱਕ ਲਿਜਾ ਕੇ ਇਸ ਦਾ ਅਹਿਸਾਸ ਸਾਡੇ ਲਹੂ ਵਿਚ ਮੌਲਣ ਲਾ ਕੇ ਕੋਮਲ ਭਾਵੀ ਸੰਵੇਦਨਸ਼ੀਲਤਾ ਪ੍ਰਦਾਨ ਕਰਦੀ ਹੈ। ਜੋ ਕਿ ਇਨਸਾਨ ਹੋਣ ਲਈ ਅਤਿ ਲੋੜੀਂਦੀ ਹੈ।

ਕਵਿਤਾ ਅਜਿਹੀ ਵਿਧਾ ਹੈ ਜਿਸ ਰਾਹੀਂ ਦੁੱਖ ਦਰਦ ਵੀ ਸੁਹਜ ਅਤੇ ਕੋਮਲਤਾ ਦੇ ਨਾਲ ਪੇਸ਼ ਕੀਤਾ ਜਾਂਦਾ ਹੈ। ਅਜਿਹੀ ਹੀ ਇੱਕ ਪੁਸਤਕ ਪਾਠਕਾਂ ਦੇ ਰੂ-ਬਰੂ 2020 ਜਿਹੇ ਔਕੜਾਂ ਭਰੇ ਸਾਲ ਵਿਚ ਹੋਈ ਹੈ। ਜਦੋਂ ਮਨੁੱਖ ਬੇਸ਼ੁਮਾਰ ਔਕੜਾਂ ਵਿਚ ਘਿਰਿਆ ਨਵੀਂ ਫ਼ਸੀਲ ਤੇ ਨਵਾਂ ਇਤਿਹਾਸ ਲਿਖ ਰਿਹਾ ਹੈ।

ਇਹ ਪੁਸਤਕ ਬੀਤੇ ਸਮਿਆਂ ਦੇ ਦਰਦਾਂ ਦਾ ਸਫ਼ਰਨਾਮਾ ਹੈ। "ਭੂਪਿੰਦਰ ਸਿੰਘ ਸੱਗੂ" ਉਹਨਾਂ ਦੀ ਕਵਿਤਾ ਦੀ ਜ਼ੁਬਾਨ ਰਾਹੀਂ ਪਾਠਕਾਂ ਦੇ ਸਾਹਵੇਂ ਹੁੰਦੇ ਹਨ ਅਤੇ ਪਾਠਕ ਨੂੰ ਦਰਦ ਦੀਆਂ ਉਹਨਾਂ ਥਾਵਾਂ ਵੱਲ ਹੈ ਤੋਰਦੇ ਨੇ। ਜਿਥੇ ਅਸੀਂ ਕਵੀ ਦੀਆਂ ਅੱਖਾਂ ਰਾਹੀਂ ਉਨ੍ਹਾਂ ਅਹਿਸਾਸਾਂ ਅਤੇ ਬਿਰਤਾਂਤਾਂ ਦੇ ਰੂ-ਬ-ਰੂ ਹੁੰਦੇ ਹਾਂ, ਜੋ ਕਵੀ ਆਪਣੀਆਂ ਅੱਖਾਂ ਮਨ ਅਤੇ ਕਲਮ ਰਾਹੀਂ ਸਾਨੂੰ ਦਿਖਾ ਰਿਹਾ ਹੈ।

ਇਸ ਵਕਤ ਜਦੋਂ ਕਿਸਾਨੀ ਸੰਘਰਸ਼ ਜੋਬਨ ਉੱਤੇ ਹੈ, ਪੂਰੇ ਵਿਸ਼ਵ ਵਿੱਚ ਜੁਝਾਰੂ, ਹਿੰਮਤੀ ਇਤਿਹਾਸ ਦੁਬਾਰਾ ਲਿਖਿਆ ਜਾ ਰਿਹਾ ਹੈ। ਉਸ ਵੇਲੇ ਇਸ ਪੁਸਤਕ ਨੂੰ ਪੜ੍ਹਦਿਆਂ ਇਸ ਵਿਚਲੀਆਂ ਕਵਿਤਾਵਾਂ ਰਾਹੀਂ ਪੂਰੇ ਵਿਸ਼ਵ ਦੇ ਦਰਦ ਨੂੰ ਮਹਿਸੂਸ ਕਰ ਰਹੀ ਹਾਂ। ਵੱਖ ਵੱਖ ਸਮੇਂ, ਪੂਰੇ ਵਿਸ਼ਵ ਵਿਚ ਹੋਈਆਂ ਦਿਲ ਦਹਿਲਾਊ ਘਟਨਾਵਾਂ ਦਾ ਹਿਰਦੇ ਵੇਦਕ ਵਰਨਣ ਆਪਣੀਆਂ ਕਵਿਤਾਵਾਂ ਵਿਚ ਕਵੀ ਭੂਪਿੰਦਰ ਸਿੰਘ ਸੱਗੂ ਹੋਰਾਂ ਨੇ ਬਾਕਮਾਲ, ਸੁਚੱਜੇ ਢੰਗ ਨਾਲ ਬੜੀ ਸੁਚੇਤਤਾ ਨਾਲ ਕੀਤਾ ਹੈ।

ਭੂਪਿੰਦਰ ਸਿੰਘ ਸੱਗੂ ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਗ਼ਜ਼ਲ ਦਾ ਉੱਘਾ

ਹਸਤਾਖ਼ਰ ਹਨ। ਇਹ ਖੁੱਲੀ ਕਵਿਤਾ ਦੀ ਪੁਸਤਕ ਵੀ ਪੰਜਾਬੀ ਸਾਹਿਤ ਦੀ ਝੋਲੀ ਵਿਚ ਉਹਨਾਂ ਵੱਲੋਂ ਪਾਇਆ ਇਕ ਨਾਯਾਬ ਤੋਹਫ਼ਾ ਹੈ। ਕਵੀ ਨੇ ਇਸ ਪੁਸਤਕ ਰਾਹੀਂ ਪੂਰੇ ਵਿਸ਼ਵ ਦਾ ਦਰਦ ਸਾਡੇ ਰੂਬਰੂ ਕੀਤਾ।

ਪੁਸਤਕ ਦੀ ਪਹਿਲੀ ਕਵਿਤਾ ਹੀ ਇਸ ਦੇ ਨਾਮ ਦੀ ਤਰਜ਼ਮਾਨੀ ਕਰਦੀ ਹੈ। "ਦਰਦ ਜਾਗਦਾ ਹੈ" ਜਰਮਨੀ ਦੇ ਸ਼ਹਿਰ "ਵਾਇਮਾ" ਵਿਖੇ ਹਿਟਲਰ ਦੇ ਜੁਲਮਾਂ ਦੀ ਕਹਾਣੀ ਕਹਿੰਦੀ ਕਵਿਤਾ–

ਮੌਤ ਦੀ ਗਹਿਰੀ ਨੀਂਦ ਜਾਂਦੇ ਵੇਖ
ਦਰਦ ਨੇ ਮੈਨੂੰ
ਹਲੂਣਿਆ, ਝੰਜੋੜਿਆ
ਤੇ ਮੈਨੂੰ ਹੌਸਲਾ ਦੇ ਕੇ ਬੋਲਿਆ
ਅਜੇ ਹੋਰ ਬਹੁਤ ਕੁਝ........

ਕਵਿਤਾ ਦਰਦ ਵਿਚੋਂ ਸਾਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰਦੀ ਹੈ ਕਿ ਜੀਵਨ ਵਿੱਚ ਹਾਲੀ ਹੋਰ ਬਹੁਤ ਕੁਝ ਦੇਖਣਾ ਬਾਕੀ ਹੈ ਇਸ ਲਈ ਮਨ ਨੂੰ ਮਜ਼ਬੂਤ ਰੱਖਣ ਦੀ ਲੋੜ ਜੀਵਨ ਲਈ ਜ਼ਰੂਰੀ ਹੈ। ਅਜਿਹਾ ਬਿਰਤਾਂਤ ਸਿਰਜਣ ਲਈ ਕਵੀ ਵਧਾਈ ਦਾ ਪਾਤਰ ਹੈ।

ਕਵੀ ਇਸ ਪੁਸਤਕ ਰਾਹੀਂ ਆਪਣੇ ਪੂਰੇ ਜੀਵਨ ਦੀ ਦਾਸਤਾਨ ਦਸ ਰਿਹਾ ਹੈ ਜਦ ਉਹ ਪੰਜਾਬ ਵਿਚ ਵਸਦਾ ਸੀ ਤਾਂ ਉਸ ਦਾ ਪਿੰਡ ਅਤੇ ਪਿੰਡ ਤੋਂ ਪਹਿਲਾਂ ਆਉਂਦਾ ਬੋਹੜ ਕਿਵੇਂ ਮਨੁੱਖ ਵਾਂਗ ਸਮੇਂ ਦੀਆਂ 'ਵਾਵਾਂ' ਝੱਲਦਾ ਆਪਣਾ ਮੂੰਹ ਮੁਹਾਂਦਰਾ ਬਦਲ ਬੈਠਾ ਹੈ। ਇਥੇ ਪੁੱਜਦਿਆਂ ਹੀ ਕਵੀ ਆਪਣੇ ਬਚਪਨ ਅਤੇ ਅੱਲੜਪੁਣੇ ਵੱਲ ਤੁਰ ਪੈਂਦਾ ਹੈ। ਅਤੇ ਉਸ ਵੇਲੇ ਨੂੰ ਹੁਣ ਦੇ ਸਮੇਂ ਨਾਲ ਮੇਲਦਾ, ਵੇਲੇ ਦਾ ਦਰਦ ਬਿਆਨਦਾ ਹੈ।

ਅੱਜ ਉਸ ਥਾਂ
ਦਾਣੇ ਨਹੀਂ
ਭੰਗ ਭੁੱਜਦੀ ਹੈ
ਭੱਠੀ ਦੀ ਆਸ
ਹੋ ਚੁੱਕੀ ਹੈ ਬੇਆਸ
ਪਹਿਲਾਂ ਵਾਂਗ ਯਾਰਾਂ ਨੂੰ ਮਿਲਣਾ
ਅੱਜ
ਧੜਿਆਂ ਦੀ ਧੂੜ ਵਿੱਚ ਗੁੰਮ ਹੈ।

ਕਵੀ ਵਲੋਂ ਆਪਣਾ ਭਾਵ ਪ੍ਰਗਟਾਉਣ ਲਈ ਵਰਤੇ ਸੁਚੱਜੇ ਬਿੰਬ ਕਵਿਤਾ

ਨੂੰ ਭਾਵ ਪੂਰਤ ਅਤੇ ਵਿਸ਼ੇ ਨੂੰ ਸਾਰਥਕਤਾ ਪ੍ਰਦਾਨ ਕਰਦੇ ਹਨ।

ਇਹ ਸ਼ਬਦ ਪੜ੍ਹਦਿਆਂ ਹੀ ਮਨ ਵਿੱਚ ਹੌਲ ਪੈਂਦਾ ਹੈ। ਕਿੰਨੇ ਦਰਦ ਪਰੁੰਨੇ ਸ਼ਬਦ ਨੇ ਜੋ ਸਮੇਂ ਉਤੇ ਖੁਦਗਰਜ਼ੀ ਦੀ ਧੂੜ ਪਾਉਦੇ ਇਹਨੂੰ ਪਤਿੱਤਣ ਦੇ ਰਹੇ ਹਨ।

ਸ਼ਨੀਲ ਦੀ ਨੀਲੀ ਫਰਾਕ, ਗੈਂਗ ਰੇਪ, ਮਾਂ ਖਾਮੋਸ਼ ਹੈ, ਮੈਂ ਅਤੇ ਪਿੰਡ, ਉਡੀਕ ਆਦਿਕ ਕਵਿਤਾਵਾਂ ਅੰਦਰਲੇ ਦਰਦ ਦੀ ਬਾਤ ਪਾਉਂਦੀਆਂ ਲਫ਼ਜ਼ ਬਣ ਸਫਿਆਂ ਦੇ ਉਪਰ ਉੱਤਰੀਆਂ ਨੇ।

ਵੇਦਨਾ, ਵੈਰਾਗ ਬਣ ਇਹਨਾਂ ਦਾ ਅਹਿਸਾਸ ਪਾਠਕ ਦੀਆਂ ਅੱਖਾਂ ਵਿੱਚੋਂ ਹੰਝੂ ਬਣ ਕੇ ਵਹਿੰਦਾ ਹੈ।

ਕਵੀ ਦੀ ਕਵਿਤਾ ਦਾ ਘੇਰਾ ਬੜਾ ਵਿਸ਼ਾਲ ਹੈ ਉਹ ਸਿਰਫ਼ ਕਵੀ ਦੇ ਬਚਪਨ, ਅੱਲੜ ਪੁਣੇ, ਪਿੰਡ ਨੂੰ ਹੀ ਕਲਾਵੇ ਵਿਚ ਨਹੀਂ ਲੈਂਦੀ ਹੈ ਬਲਕਿ ਵਿਰਾਟ ਰੂਪ ਧਾਰਦੀ ਪੂਰੇ ਵਿਸ਼ਵ ਦੀਆਂ ਸੰਵੇਦਨਾਵਾਂ ਨੂੰ ਆਪਣੇ ਅੰਦਰ ਸਮੇਟ ਕੇ ਪਾਠਕਾਂ ਦੇ ਰੂਬਰੂ ਹੁੰਦੀ ਹੈ। ਕਵੀ ਆਪਣੀਆਂ ਕਵਿਤਾਵਾਂ ਵਿਚ ਸਿਰਫ਼ ਆਰਥਿਕ ਮੰਦਹਾਲੀ ਦਾ ਦਰਦ ਨਹੀਂ ਲਿਖਦਾ, ਬਲਕਿ ਸੰਵੇਦਨਾਹੀਣ ਬੌਧਿਕ ਮੰਦਹਾਲੀ ਕਵੀ ਨੂੰ ਵਧੇਰੇ ਤਕਲੀਫ ਦਿੰਦੀ ਹੈ ਜੋ ਉਸ ਦੀਆਂ ਕਵਿਤਾਵਾਂ ਬੁੱਧੀਜੀਵੀ, ਸਫ਼ਰ ਦੌਰਾਨ, ਆਖਰੀ ਕਿੱਲ, ਨਦੀ ਕਿਨਾਰੇ, ਐਨ ਐਚ ਐਸ ਦਾ ਕੱਟ, ਡਿਊਟੀ, ਕਰਫਿਊ ਆਦਿਕ ਕਵਿਤਾਵਾਂ ਵਿਚ ਸਾਡੇ ਤੀਕ ਪਹੁੰਚਦਾ ਹੈ।

ਕਵੀ ਦਾ ਕੋਮਲ ਭਾਵੀ ਮਨ ਅਤੀਤ ਵਿੱਚ ਕੁਦਰਤ ਟੋਲਦਾ ਸੈਨ ਵਾਕੀਨ ਦਰਿਆ, ਰੁੱਖ, ਅਤੀਤ ਵੱਲ ਖੁੱਲ੍ਹਦਾ ਦਰਵਾਜ਼ਾ ਆਦਿ ਕਵਿਤਾਵਾਂ ਵਿਚ ਖੁੱਸ ਗਏ ਕੁਦਰਤੀ ਦ੍ਰਿਸ਼ਾਂ ਨੂੰ ਕਲਪਨਾਵਾਂ ਵਿੱਚ ਫਿਰ ਤੋਂ ਕਲਾਵੇ ਵਿਚ ਭਰਨਾ ਲੋਚਦਾ ਹੈ।

ਕਵੀ ਦੀ ਪੁਸਤਕ ਦਾ ਸਾਰ ਦਰਦ, ਵਿਛੋੜਾ, ਵੈਰਾਗ ਹੈ। ਇਹ ਵੈਰਾਗ ਸਿਰਫ ਪ੍ਰੀਤਮ ਦਾ ਨਹੀਂ। ਜ਼ਾਲਮ ਦੇ ਜ਼ੁਲਮਾਂ ਕਾਰਨ ਕਿੰਨੇ ਹੀ ਲੋਕਾਂ ਦੇ ਸਦਾ ਲਈ ਦੂਰ ਹੋ ਗਏ ਆਪਣਿਆਂ ਦਾ ਹੈ। ਗੁਰਬਾਣੀ ਦਾ ਸਾਰ ਸਰਬੱਤ ਦਾ ਭਲਾ ਇਸ ਪੁਸਤਕ ਦੀਆਂ ਕਵਿਤਾਵਾਂ ਦਾ ਭਾਵਪੂਰਤ ਧੁਰਾ ਬਣਦਾ ਹੈ। ਸ਼ਬਦਾਂ ਵਿਚ ਦਰਦ ਦਰਿਆ ਵਹਿ ਰਿਹਾ ਹੈ ਜੋ ਕਵੀ ਦੀ ਸੰਵੇਦਨਸ਼ੀਲਤਾ ਦੀ ਗਵਾਹੀ ਭਰਦਾ ਹੈ।

ਆਪਣੇ ਸ਼ਾਇਰ ਹੋਣ ਦੇ ਵਜੂਦ ਨੂੰ ਵੀ ਆਪਣੀ ਕਵਿਤਾ ਰਾਹੀਂ ਬੜੇ ਸਾਰਥਕ ਸ਼ਬਦਾਂ ਵਿਚ ਕਵੀ ਇੰਝ ਬਿਆਨ ਕਰਦਾ ਹੈ।

ਸ਼ਾਇਰ ਸੱਗੂ ਦੀ ਕਲਮ ਕੂਕ ਉੱਠੀ

ਚਹੁੰ ਕੂੰਟੀ ਜਦ ਜ਼ੁਲਮ ਤੇ ਪਾਪ ਹੁੰਦਾ
ਹਰ ਮਜ਼ਲੂਮ ਲਈ ਤਲਵਾਰ ਢਾਲ ਬਣਨਾ
ਚੁੱਪ ਰਹਿਣਾ ਹੀ ਘੋਰ ਸੰਤਾਪ ਹੁੰਦਾ।

ਅਖੀਰ ਵਿੱਚ 2020 ਵਰਗੇ ਅਤਿ ਦਰਦੀਲੇ ਅਤੇ ਉਦਾਸੀਨ ਸਾਲ ਵਿੱਚ ਆਈ ਇਸ ਪੁਸਤਕ 'ਦਰਦ ਜਾਗਦਾ ਹੈ' ਨੂੰ ਵਰ੍ਹੇ ਦੇ ਖ਼ਤਮ ਹੁੰਦਿਆਂ ਇਸ ਆਸ ਨਾਲ ਖੁਸ਼ ਆਮਦੀਦ ਕਹਿੰਦੀ ਹਾਂ ਕਿ ਆਉਣ ਵਾਲਾ ਵਰ੍ਹਾ ਸੋਹਣਾ, ਖੁਸ਼ਗਵਾਰ ਅਤੇ ਸਾਡੇ ਸਭ ਦੇ ਖੁਆਬਾਂ ਦੀ ਤਾਬੀਰ ਵਾਲਾ ਹੋਵੇ।

ਦੁਆ ਹੈ ਕਿ ਕਵੀ ਦੀਆਂ ਸੰਵੇਦਨਾਵਾਂ ਦੇ ਰੰਗ ਹੋਰ ਗੂੜ੍ਹੇ ਹੁੰਦੇ ਰਹਿਣ ਅਤੇ ਸ਼ਬਦ, ਅਹਿਸਾਸ, ਕਵਿਤਾ ਦਾ ਕਾਫ਼ਿਲਾ ਪਾਠਕ ਨੂੰ ਸਰਸ਼ਾਰ ਕਰਦਾ ਹੋਰ ਲੰਮੇਰਾ ਹੁੰਦਾ ਰਹੇ।

•••••

# ਦਰਦ ਜਾਗਦਾ ਹੈ
## ਸੁਰਿੰਦਰਜੀਤ ਚੌਹਾਨ

ਕਵਿਤਾ ਲਿਖੀ ਨਹੀਂ ਜਾਂਦੀ ਮਾਣੀ ਜਾਂਦੀ ਹੈ। ਕਵਿਤਾ ਇਕ ਉਹ ਕੋਮਲ ਅਹਿਸਾਸ ਹੈ, ਜੋ ਰੂਹ ਦੀ ਪ੍ਰਕਰਮਾ ਕਰਦੀ ਦਿਲ ਦੇ ਵਲਵਲਿਆਂ ’ਚ ਵਹਿੰਦੀ ਸੋਚ ਦੇ ਦਰਿਆ ਵਿਚ ਤਾਰੀਆਂ ਲਾ ਹਰਫ਼ਾਂ ਦਾ ਰੂਪ ਲੈ ਆਪ ਮੁਹਾਰੇ ਕੋਰੇ ਪੰਨਿਆਂ ਦੀ ਹਿੱਕ ਉੱਤੇ ਉੱਕਰੀ ਜਾਂਦੀ ਹੈ। ਇਕ ਕਾਵਿਕ ਮਨ ਹਰ ਉਸ ਲਮਹੇ ਨੂੰ ਮਾਣਦਾ ਹੈ ਜੋ ਉਸ ਦੀ ਸੋਚ ਦੇ ਰਸਤੇ ਜ਼ਿਹਨ ਵਿਚ ਆਪਣੀ ਸਥਾਪਤੀ ਕਰ ਜਾਂਦਾ ਹੈ। ਰੂਹ ਨੂੰ ਵਿਆਕੁਲ ਕਰ ਜਾਂਦਾ ਹੈ ਮੱਲੋ ਜ਼ੋਰੀ ਆਪਣੇ ਆਪ ਨੂੰ ਆਕਾਰਾਤਮਕ ਕਰਵਾ ਜਾਂਦਾ ਹੈ। ਜਦੋਂ ਧਰਤੀ ਹਿੱਲਦੀ ਹੈ ਭੂਚਾਲ ਕੇਵਲ ਉਸ ਵੇਲੇ ਹੀ ਨਹੀਂ ਆਉਂਦੇ, ਜਦੋਂ ਕੋਈ ਪਲ ਕੋਈ ਵਾਕਿਆ ਸਮੇਂ ਦੀਆਂ ਪਰਤਾਂ ਦੇ ਉਹਲਿਓਂ ਇਨਸਾਨੀ ਸੋਚ ’ਤੇ ਦਸਤਕ ਦਿੰਦਾ ਹੈ ਤਾਂ ਰੂਹ ਦੀਆਂ ਬਰੂਹਾਂ ਤੱਕ ਕੰਬ ਜਾਂਦੀਆਂ ਹਨ।

ਗੱਲ ਕਰਦੇ ਹਾਂ ਹਥਲੀ ਪੁਸਤਕ ‘ਦਰਦ ਜਾਗਦਾ ਹੈ’ ਅਤੇ ਉਸ ਦੇ ਲੇਖਕ ਭੂਪਿੰਦਰ ਸਿੰਘ ਸੱਗੂ ਬਾਰੇ ਜੋ ਕਿ ਚਿਰਾਂ ਪਹਿਲਾਂ ਰੋਜ਼ੀ ਰੋਟੀ ਅਤੇ ਸੁਨਹਿਰੇ ਭਵਿੱਖ ਦੀ ਕਾਮਨਾ ਵਿਚ ਯੂ. ਕੇ. ਆ ਵਸਿਆ। ਉਸਨੇ ਲਗਨ ਤੇ ਮਿਹਨਤ ਨਾਲ ਖ਼ੁਦ ਨੂੰ ਸਥਾਪਿਤ ਵੀ ਕੀਤਾ ਅਤੇ ਨਾਲ ਹੀ ਮਨ ਦੇ ਕੋਨੇ ਵਸਦੀ ਸਾਹਿਤਕ ਰੁਚੀ ਨੂੰ ਵੀ ਵਿਸਰਨ ਨਹੀਂ ਦਿੱਤਾ। 1989 ਤੋਂ ਲੈ ਕੇ ਸਾਲ ਦਰ ਸਾਲ 12 ਕਾਵਿਕ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ, ਜਿਨ੍ਹਾਂ ਵਿਚ ਕਾਵਿ, ਗ਼ਜ਼ਲ ਅਤੇ ਸੰਪਾਦਿਤ ਸੰਗ੍ਰਹਿ ਸ਼ਾਮਲ ਹਨ।

ਪੁਸਤਕ ‘ਦਰਦ ਜਾਗਦਾ ਹੈ’ ਕਵੀ ਦੀ ਖ਼ੁੱਲ੍ਹੀ ਕਵਿਤਾ ਦੀ ਪੁਸਤਕ ਹੈ। ਜਿਸ ਵਿਚ 62 ਕਵਿਤਾਵਾਂ ਸ਼ਾਮਲ ਹਨ। ਹਰ ਰਚਨਾ ਦਾ ਆਪਣਾ ਰੰਗ ਹੈ। ਲੇਖਕ ਆਪਣੀ ਹਰੇਕ ਕਿਰਤ ਨੂੰ ਦ੍ਰਿਸ਼ਮਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਸ ਵਿਚ ਉਹ ਬਹੁਤ ਹੱਦ ਤੱਕ ਕਾਮਯਾਬ ਵੀ ਹੋਇਆ ਹੈ। ਜਿਵੇਂ ਪੁਸਤਕ ਦੇ ਸਿਰਲੇਖ ਵਾਲੀ ਕਵਿਤਾ ‘ਦਰਦ ਜਾਗਦਾ ਹੈ’ ਵਿਚ ਲੇਖਕ ਜਰਮਨੀ ਦੇ ਸ਼ਹਿਰ ਵਾਈਮਾ ਵਿਖੇ ਹਿਟਲਰ ਵੱਲੋਂ ਬਣਾਏ ਬੁਕਨਵਾਲਡ ਕਾਨਸੈਨਟ੍ਰੇਸ਼ਨ ਕੈਂਪ ਦੀ ਵਿਥਿਆ ਬਿਆਨ ਕਰਦਾ ਹੈ। ਜਿਸ ਵਿਚ ਸਾਲ 1937 ਤੋਂ ਲੈ ਕੇ 1945 ਤੱਕ 250000 ਕੈਦੀ ਨਜ਼ਰਬੰਦ ਸਨ। ਜੋ ਵੱਖ-ਵੱਖ ਜਾਤੀ ਧਰਮ ਨਾਲ ਸਬੰਧਤ ਸਨ

ਅਤੇ ਜਿਨ੍ਹਾਂ ਨੂੰ ਜਿਉਂਦਿਆਂ ਗਲੇ ਵਿਚ ਫੰਦੇ ਪਾ ਕੇ ਟੰਗ ਦਿੱਤਾ ਜਾਂਦਾ ਸੀ ਅਤੇ ਇਕ ਲਿਫ਼ਟ ਰਾਹੀਂ ਉਪਰ ਬਣੀ ਅੱਗ ਵਾਲੀ ਭੱਠੀ ਵਿਚ ਸਾੜ ਕੇ ਮਾਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ 56000 ਕੈਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਜਦੋਂ ਕਵੀ ਨੂੰ ਬਣੀ ਇਸ ਜਗ੍ਹਾ ਨੂੰ ਦੇਖਣ ਦਾ ਮੌਕਾ ਮਿਲਿਆ ਤਾਂ ਉਸ ਦੀ ਰੂਹ ਤੱਕ ਕੰਬ ਗਈ, ਭਾਵੇਂ ਇਸ ਜਗ੍ਹਾ ਹੁਣ ਕੋਈ ਨਹੀਂ ਪਰ ਦਰਦ ਦੇ ਉਨ੍ਹਾਂ ਪਲਾਂ ਦੀ ਕਲਪਨਾ ਨੇ ਉਸ ਦੀ ਰੂਹ ਨੂੰ ਚੋਟ ਕੀਤੀ। ਜਿਸ ਦਾ ਹੂ ਬ ਹੂ ਜ਼ਿਕਰ ਉਹ ਆਪਣੀ ਕਾਵਿ ਕਿਰਤ ਵਿਚ ਕਰਦਾ ਹੈ-

ਆ ਦਿਖਾਵਾਂ
ਕਤਲਗਾਹ ਦੀ ਚੌੜੀ ਕੰਧ ਪਿੱਛੇ
ਜਿੱਥੇ ਲਾਸ਼ਾਂ ਦੇ ਲਗਦੇ ਰਹੇ ਅੰਬਾਰ
ਅੱਜ ਵੀ ਪੱਥਰਾਂ 'ਚੋਂ
ਬੇਦੋਸ਼ੇ ਨਜ਼ਰਬੰਦਾਂ ਦਾ ਖ਼ੂਨ ਸਿੰਮਦਾ ਹੈ

ਉਹ ਜਾਣਦਾ ਹੈ ਕਿ ਕੱਟੜਤਾ ਕਿੰਦਾਂ ਕੁਚਲ ਗਈ ਹੋਵੇਗੀ ਬੇਦੋਸ਼ੇ ਮਜ਼ਲੂਮਾਂ ਦੀਆਂ ਚੀਕਾਂ ਨੂੰ। ਇਸੇ ਤਰ੍ਹਾਂ ਗੈਂਗ ਰੇਪ ਦਾ ਦਰਦ ਹੱਡੀਂ ਹੰਢਾਅ ਚੁੱਕੀ ਇਕ ਔਰਤ ਦੇ ਦਰਦ ਨੂੰ 'ਕਹਾਣੀ' ਰਚਨਾ ਵਿਚ ਬਿਆਨ ਕਰਦਿਆ ਆਖਦਾ ਹੈ-

ਇਹ ਕੈਸਾ ਤਹਿਜ਼ੀਬ ਯਾਫ਼ਤਾ
ਮਹਾ ਨਗਰ ਹੈ
ਜਿਸ ਦੀਆਂ ਸਲੇਟੀ ਸੜਕਾਂ 'ਤੇ
ਕੋਮਲ ਕਾਇਆ ਦੀ
ਅਸਮਤ ਲੁੱਟੀ ਗਈ

ਉਸ ਨੂੰ ਪਤਾ ਹੈ ਕਿ ਇਹ ਧਰਤ ਕੇਵਲ ਚਿੜੀਆਂ ਹਿੱਸੇ ਨਹੀਂ ਆਈ, ਗਿਰਝਾਂ ਬਾਜ਼ਾਂ ਦਾ ਵੀ ਰੈਣ ਬਸੇਰਾ ਹੈ। ਉਹ ਹਰ ਰਚਨਾ ਨਾਲ ਸੰਵਾਦ ਰਚਾਉਂਦਾ ਹੈ। ਆਪਣੀ ਗ਼ੈਰ ਮੌਜੂਦਗੀ ਵਿਚ ਆਪਣੀ ਮਾਂ ਦੀਆਂ ਉਡੀਕਾਂ, ਔਸੀਆਂ, ਹੌਕੇ, ਹਾਵਾਂ ਦਾ ਜ਼ਿਕਰ ਕਰਦਾ ਹੈ। ਕਦੇ ਪਿੰਡ ਦੇ ਬੋਹੜ ਦੇ ਦਰੱਖ਼ਤ ਨਾਲ ਗੱਲ ਕਰਦਾ ਹੈ ਜੋ ਉਸ ਦੇ ਜਨਮ ਭੂਮੀ ਨਾਲ ਮੋਹ ਦਾ ਪ੍ਰਤੀਕ ਹੈ ਅਤੇ ਸਮੇਂ ਨਾਲ ਆਏ ਪਿੰਡ ਦੇ ਹਾਲਾਤਾਂ ਵਿਚ ਨਿਘਾਰ ਨੂੰ ਹਰਫ਼ਮਾਨ ਕਰਦਾ ਹੈ ਅਤੇ ਆਖਦਾ ਹੈ-

ਮੋਹ ਮੁਹੱਬਤਾਂ ਦੇ ਪੂਰ
ਪਤਾ ਨਈਂ
ਕਿਹੜੀ ਦਿਸ਼ਾ ਵੱਲ ਟੁਰ ਗਏ

ਜੋ ਪਿੰਡਾਂ ਵਿਚ ਬਚੇ
ਪਤਾ ਨਹੀਂ ਕਿਉਂ
ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹ ਗਏ

ਲੇਖਕ ਦੇ ਮਨ ਵਿਚ ਆਪਣੇ ਪਿੰਡ, ਮਾਂ ਅਤੇ ਘਰ ਦਾ ਮੋਹ ਤੇ ਪਰਦੇਸੀ ਹੋਣ ਦਾ ਹੇਰਵਾ ਉਸ ਦੀਆਂ ਰਚਨਾਵਾਂ ਵਿਚ ਗਾੜ੍ਹੇ ਬੱਦਲਾਂ 'ਚੋਂ ਸੂਰਜ ਦੀ ਲਿਸ਼ਕੋਰ ਵਾਂਗ ਝਲਕਦਾ ਹੈ। ਨਾਲ ਦੀ ਨਾਲ ਉਹ ਸਮਾਜ ਵਿਚ ਵਾਪਰ ਰਹੇ ਘਟਨਾਕ੍ਰਮਾਂ ਵੱਲ ਵੀ ਸੁਚੇਤ ਮਨ ਨਾਲ ਚੇਤੰਨ ਹੋ ਕੇ ਆਪਣਾ ਧਿਆਨ ਕੇਂਦਰਿਤ ਰੱਖਦਾ ਹੈ। ਜਿਸ ਦਾ ਜ਼ਿਕਰ ਉਹ ਆਪਣੀ ਰਚਨਾ 'ਆਤੰਕ' ਰਾਹੀਂ ਅਗਸਤ 2011 ਵਿਚ ਇੰਗਲੈਂਡ ਵਿਚ ਹੋਏ ਦੰਗਿਆਂ ਬਾਰੇ ਆਖਦਾ ਹੈ-

ਇਹ ਤਾਂ ਪਤਾ ਸੀ
ਆਤੰਕ
ਹਰ ਦਿਸ਼ਾ
ਹਰ ਦੇਸ਼ ਵਿਚ
ਕਦੇ ਵੀ ਜਾਗ ਸਕਦਾ ਹੈ
ਪਰ ਇਹ ਨਹੀਂ ਪਤਾ ਸੀ
ਮੂੰਹ-ਜ਼ੋਰ ਹਨੇਰੀ ਵਾਗੂੰ
ਦਿਨ-ਦਿਹਾੜੇ
ਸੜਕਾਂ, ਬਜ਼ਾਰਾਂ 'ਚ ਦਨਦਨਾਉਂਦਾ
ਅੱਗਾਂ ਲਾਉਂਦਾ
ਕਤਲ ਕਰਦਾ
ਸ਼ੋਰ ਮਚਾਉਂਦਾ
ਇਕ ਦਿਨ ਲੰਡਨ ਤੋਂ ਬ੍ਰਮਿੰਘਮ
ਮਾਨਚੈਸਟਰ ਤੇ ਫੇਰ
ਵੁਲਵਰਹੈਂਪਟਨ ਵੱਲ ਵੀ ਆਏਗਾ
ਤੇ ਮਿਡਲ ਈਸਟ, ਅਫ਼ਰੀਕਾ ਵੀ
ਸੁੱਤੀ ਕਲਾ ਜਗਾਏਗਾ।

ਉਹ ਅੱਜ ਦੇ ਸਮੇਂ ਵਿਚ ਸਾਹਿਤ ਖੇਤਰ ਵਿਚ ਆਪਣੀ ਫੋਕੀ ਧੌਂਸ ਜਮਾਈ ਬੈਠੇ ਬੁੱਧੀਜੀਵੀਆਂ ਦੀ ਗੱਲ ਵੀ ਸਹਿਜ-ਮਤੇ ਹੀ ਕਰ ਜਾਂਦਾ ਹੈ ਅਤੇ ਆਪਣੀ ਰਚਨਾ 'ਬੁੱਧੀਜੀਵੀ' ਰਾਹੀਂ ਸਵਾਲੀਆ ਚਿੰਨ੍ਹ ਵੀ ਲਗਾਉਂਦਾ ਹੈ। ਉਸ ਦੀ ਰਚਨਾ ਸਫ਼ਰ ਦੌਰਾਨ ਪਰਦੇਸ ਵਿਚ ਨਸਲੀ ਟਿੱਪਣੀ ਵੱਲ ਇਸ਼ਾਰਾ ਕਰਦੀ ਹੈ ਜੋ

ਕਿ ਉਸਦੇ ਕਿਰਤ ਦੇ ਸਮੇਂ ਵਾਪਰੀ ਇਕ ਘਟਨਾ ਨਾਲ ਸੰਬੰਧਿਤ ਹੈ।

ਇਕ ਜਾਗਰੂਕ ਕਲਮ ਆਪਣੇ ਇਰਦ ਗਿਰਦ ਵਰਤਦੇ ਵਰਤਾਰਿਆਂ ਨੂੰ ਅਣਦੇਖਿਆ ਨਹੀਂ ਕਰਦੀ। ਉਹ ਹਰ ਉਸ ਘਟਨਾ ਨੂੰ ਸ਼ਬਦੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦੀ ਹੈ ਜੋ ਉਸ ਦੀ ਸੋਚ ਅਤੇ ਕਾਵਿਕ ਸੁਭਾਉ ਨੂੰ ਟੁੰਬ ਜਾਂਦੀ ਹੈ। ਉਨ੍ਹਾਂ ਦਾ ਜ਼ਿਕਰ ਲੇਖਕ ਦੀਆਂ ਰਚਨਾਵਾਂ ਵਿਚ ਆਮ ਹੀ ਦੇਖਿਆ ਜਾ ਸਕਦਾ ਹੈ। ਹਰ ਵਰਤਾਰੇ ਨੂੰ ਰੂਪਮਾਨ ਕਰਨਾ ਲੇਖਕ ਦੀ ਮਰਿਆਦਾ ਵਿਚ ਸ਼ਾਮਲ ਹੈ। ਰਚਨਾਵਾਂ ਨਰਸਾਂ, ਭਾਸ਼ਣ, ਅਲਟਰਾਜ਼, ਸੈਨ ਐਨਟੀਓ ਵੈਲੀ ਅਤੇ ਮੰਗਤੇ ਆਦਿ ਇਸ ਦੀ ਗਵਾਹੀ ਭਰਦੀਆਂ ਹਨ। ਇਸੇ ਕੜੀ ਤਹਿਤ ਰਚਨਾਵਾਂ ਕਰਫ਼ਿਊ, ਅੱਗ, ਸ਼ੋਰ, ਆਵਾਜ਼ ਅਤੇ ਕੁਰਸੀ ਵੀ ਸ਼ਾਮਲ ਹਨ। ਜਿਵੇਂ ਕੁਰਸੀ ਦੀਆਂ ਸਤਰਾਂ ਹਨ–

ਆਪਣੇ ਪਾਪ ਕੱਜਣ ਨੂੰ
ਕੁਰਸੀ,
ਸਰਾਪ ਹੰਢਾ ਸਕਦੀ ਹੈ।
"ਗੋਂ ਭੁਨਾਵੇ ਜੌਂ"
ਗਧੇ ਨੂੰ ਬਾਪ ਬਣਾ ਸਕਦੀ ਹੈ।
ਪਿਓ ਦੀ ਪੱਗ ਲਾਹ ਸਕਦੀ ਹੈ।

ਕਵਿਤਾ ਸੰਵੇਦਨ ਮਨ ਦੀ ਨਾਭੀ 'ਚੋਂ ਖਿਲਿਆ ਉਹ ਕਮਲ ਦਾ ਫੁੱਲ ਹੈ ਜੋ ਸੋਚ ਦੇ ਪਾਣੀ ਦੀ ਹਿੱਕ 'ਤੇ ਤਾਰੀਆਂ ਲਾਉਂਦਾ ਇਰਦ ਗਿਰਦ ਨੂੰ ਮਹਿਕਾ ਦਿੰਦਾ ਹੈ। ਲੇਖਕ ਨੇ ਆਪਣੀ ਹਥਲੀ ਕਿਰਤ ਦੇ ਨਾਮ 'ਦਰਦ ਜਾਗਦਾ ਹੈ' ਦੇ ਨਾਮ ਮੁਤਾਬਕ ਆਪਣੀਆਂ ਸਾਰੀਆਂ ਰਚਨਾਵਾਂ ਰਾਹੀਂ ਪੂਰੀ ਮਾਨਵਤਾ ਦੇ ਵੱਖ-ਵੱਖ ਦਰਦਾਂ-ਪੀੜਾਂ ਨੂੰ ਸ਼ਬਦੀ ਜਾਮਾ ਪਹਿਨਾ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰੀ ਭਰੀ ਹੈ। ਹੋਰ ਮੈਂ ਕਿਸ ਕਿਸ ਰਚਨਾ ਦਾ ਜ਼ਿਕਰ ਕਰਾਂ, ਕੁੱਝ ਪਾਠਕਾਂ ਦੀ ਰੌਚਿਕਤਾ ਅਤੇ ਜਗਿਆਸਾ ਲਈ ਵੀ ਛੱਡਣਾ ਜ਼ਰੂਰੀ ਹੈ। ਸੋ ਮੈਂ ਤਾਂ ਇਹੀ ਆਖਾਂਗਾ ਕਿ ਕੁੱਲ ਮਿਲਾ ਕੇ ਇਹ ਪੁਸਤਕ ਪੜ੍ਹਨਯੋਗ ਹੈ। ਇਸੇ ਨਾਲ ਮੈਂ ਲੇਖਕ ਭੂਪਿੰਦਰ ਸਿੰਘ ਸੱਗੂ ਨੂੰ ਵਧਾਈ ਦਿੰਦਾ ਹੋਇਆ ਇਸ ਪੁਸਤਕ ਨੂੰ ਜੀ ਆਇਆਂ ਆਖਦਾ ਹਾਂ। ਅੰਤ ਵਿਚ ਲੇਖਕ ਦੀਆਂ ਇਨ੍ਹਾਂ ਸਤਰਾਂ ਨਾਲ ਸਮਾਪਤੀ ਕਰਨੀ ਚਾਹਾਂਗਾ–

ਸ਼ਾਇਰ ਹੁੰਦੇ ਨੇ ਅੱਲ੍ਹਾ ਦੀ ਜ਼ਾਤ ਵਾਲੇ
ਦਿਲ 'ਚ ਫ਼ਰਕ ਨਾ ਰਤਾ ਰੁਆਲ ਰੱਖਦੇ
ਕਹਿਣੀ ਕਰਨੀ ਦੇ ਤੋਲ 'ਚ ਆਉਣ ਪੂਰੇ
ਮੱਥੇ ਬਾਲ਼ ਕੇ ਸਦਾ ਮਸ਼ਾਲ ਰੱਖਦੇ

•••••

# "ਦਰਦ ਜਾਗਦਾ ਹੈ" ਬਾਰੇ ਕੁੱਝ ਚਰਚਾ ਅਤੇ ਕੁੱਝ ਗੱਲਾਂ

**ਮਨਦੀਪ ਕੌਰ ਭੰਮਰਾ**

ਇਸ ਲੇਖ ਵਿੱਚ ਮੈਂ ਪਰਵਾਸੀ ਪੰਜਾਬੀ ਕਵੀ, ਗ਼ਜ਼ਲਗੋ ਸ਼ਾਇਰ ਭੂਪਿੰਦਰ ਸੱਗੂ ਦਾ ਜ਼ਿਕਰ ਕਰਨ ਜਾ ਰਹੀ ਹਾਂ। ਉਹਨਾਂ ਦੀ ਸਮੁੱਚੀ ਸ਼ਖਸੀਅਤ ਵਿੱਚੋਂ ਕਲਾ ਦੇ ਝਲਕ ਮਿਲਦੀ ਹੈ। ਕਾਵਿ ਕਲਾ ਦੀ ਇਸ ਬਖਸ਼ਿਸ਼ ਨੂੰ ਭੂਪਿੰਦਰ ਸੱਗੂ ਬੇਹੱਦ ਪਿਆਰ ਕਰਦੇ ਹਨ ਅਤੇ ਇਸਦੀ ਕੀਮਤ ਸਮਝਦੇ ਹਨ। ਇਹ ਸਭ ਮੈਂ ਉਹਨਾਂ ਨਾਲ ਗੱਲਬਾਤ ਕਰਦਿਆਂ, ਉਹਨਾਂ ਨੂੰ ਸਮਝਦਿਆਂ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਮੇਰੇ ਲਈ ਬੜੀ ਮਾਣ ਦੀ ਗੱਲ ਹੈ ਕਿ ਜੇ ਮੇਰੇ ਕੋਲ ਮੇਰੇ ਸਤਿਕਾਰ ਤੇ ਮੇਰੇ ਮਾਣਮੱਤੇ ਪਿਤਾ ਡਾਕਟਰ ਆਤਮ ਹਮਰਾਹੀ ਜੀ ਦਾ ਵਿਦਵਤਾ ਭਰਪੂਰ ਵਿਰਸਾ ਹੈ ਤਾਂ ਦੂਜੇ ਪਾਸੇ ਮੇਰੇ ਅਸਲੀ ਘਰ ਮੇਰੇ ਸਹੁਰੇ ਪਰਿਵਾਰ ਵਿੱਚ ਮੇਰੇ ਦੋ ਮਾਣਮੱਤੇ ਚਾਚਾ ਜੀ ਵੱਡੇ ਕਲਮਕਾਰ ਹਨ। ਆਪੋ ਆਪਣੀ ਸਮਰੱਥਾ ਦੇ ਨਾਲ ਦੋਵਾਂ ਨੇ ਹੀ ਪੰਜਾਬੀ ਸਾਹਿਤ ਦੀ ਸੇਵਾ ਕਰਨ ਦਾ ਲਕਸ਼ ਧਾਰਨ ਕੀਤਾ ਹੋਇਆ ਅਤੇ ਦੋਵੇਂ ਕਾਮਯਾਬ ਹਨ। ਭੂਪਿੰਦਰ ਸੱਗੂ ਜੀ ਦੇ ਨਾਲ ਨਾਲ ਮੈਂ ਮੇਰੇ ਸਤਿਕਾਰਯੋਗ ਚਾਚਾ ਜੀ ਦਰਸ਼ਨ ਬੁਲੰਦਵੀ ਜੀ ਦੀ ਗੱਲ ਕਰ ਰਹੀ ਹਾਂ।

ਹਥਲੇ ਲੇਖ ਵਿੱਚ ਮੈਂ ਰਿਸ਼ਤੇਦਾਰੀ ਤੋਂ ਉੱਪਰ ਉੱਠ ਕੇ ਇੱਕ ਸਾਹਿਤਕਾਰ ਹੋਣ ਦੇ ਨਾਤੇ ਭੂਪਿੰਦਰ ਸੱਗੂ ਦੀ "ਦਰਦ ਜਾਗਦਾ ਹੈ" ਦੇ ਆਧਾਰ 'ਤੇ ਸਾਹਿਤਕ ਦੇਣ ਬਾਰੇ ਚਰਚਾ ਕਰਾਂਗੀ।

ਕੀਟਸ ਲਿਖਦਾ ਹੈ, "ਸ਼ੈਲੀ ਹੀ ਮਨੁੱਖ ਹੈ"।

ਨਿੱਜੀ ਸ਼ੈਲੀ ਰਾਹੀਂ ਜਦੋਂ ਕਵੀ ਆਪਣੇ ਸੂਖ਼ਮ ਭਾਵਾਂ ਦੀ ਗੱਲ ਆਪਣੀ ਕਵਿਤਾ ਵਿੱਚ ਕਰਦਾ ਹੈ ਤਾਂ ਸਹਿਜੇ ਹੀ ਉਸਦੇ ਕੋਮਲ ਮਨ ਦਾ ਅੰਦਾਜ਼ਾ ਹੋ ਜਾਂਦਾ ਹੈ। ਮਿਸਾਲ ਵਜੋਂ :

"ਦਰਦ ਜਾਗਦਾ ਹੈ" ਦੀ ਪਹਿਲੀ ਹੀ ਕਵਿਤਾ ਪੜ੍ਹਦਿਆਂ ਜਿੱਥੇ ਕਵੀ ਦੇ ਮਨ ਦੀ ਮਾਰਮਿਕ ਅਵਸਥਾ ਸਾਹਵੇਂ ਆਉਂਦੀ ਹੈ, ਉੱਥੇ ਕਵੀ ਮਨ ਦਾ ਰੋਹ ਵੀ ਬਲਸ਼ਾਲੀ ਹੋ ਕੇ ਦਿਖਾਈ ਦਿੰਦਾ ਹੈ। ਇਹ ਰੋਹ ਸੱਤਵਾਨਾਂ ਦੇ ਖਿਲਾਫ ਮੈਂ ਭੂਪਿੰਦਰ ਸੱਗੂ ਜੀ ਦੀਆਂ ਹੋਰ ਵੀ ਕਈ ਕਵਿਤਾਵਾਂ ਵਿੱਚ ਵੀ ਮਹਿਸੂਸ ਕੀਤਾ ਹੈ।

'ਦਰਦ ਜਾਗਦਾ ਹੈ' :
... ਮੌਤ ਦੀ ਗਹਿਰੀ ਨੀਂਦ ਵੱਲ ਜਾਂਦੇ ਵੇਖ
ਦਰਦ ਨੇ ਮੈਨੂੰ
ਹਲੂਣਿਆ, ਝੰਜੋੜਿਆ
ਤੇ ਮੈਨੂੰ ਹੌਸਲਾ ਦੇ ਕੇ ਬੋਲਿਆ

ਅਜੇ ਹੋਰ ਬਹੁਤ ਕੁੱਝ
ਦੇਖਣ ਵਾਲਾ ਹੈ ਇਸ ਕੈਂਪ ਵਿੱਚ
ਮਾਯੂਸ ਨਾ ਹੋ
ਸੁਕਰਾਤ ਵਾਲਾ ਦਿਲ ਰੱਖ

ਦਰਦ ਮੈਨੂੰ
ਨੀਮ-ਪਾਗਲ ਹੋਇਆ ਦੇਖ
ਉਸ ਫ਼ੌਲਾਦੀ ਗੇਟ ਵੱਲ ਲੈ ਆਇਆ
ਜਿੱਥੋਂ ਬਾਹਰ ਨਿਕਲਣਾ ਮੁਸ਼ਕਿਲ ਸੀ
ਜਿੱਥੇ "ਜੇਦੱਮ ਡੈੱਸ ਸਾਇਨ" ਲਿਖਿਆ ਸੀ।
ਜਿਸ ਦਾ ਮਤਲਬ ਹੈ "ਇੱਥੇ ਤੁਹਾਡਾ ਕੋਈ ਨਹੀਂ ਹੈ।"

ਭੂਪਿੰਦਰ ਸੱਗੂ ਹੁਰਾਂ ਦੀ ਇਹ ਪੁਸਤਕ ਦੇ ਸਿਰਲੇਖ ਵਾਲੀ ਕਵਿਤਾ ਹੀ ਇਸ ਕਿਤਾਬ ਦੀ ਪਹਿਲੀ ਕਵਿਤਾ ਹੈ। ਈਸਟ ਜਰਮਨੀ ਦੇ ਸ਼ਹਿਰ "ਵਾਈਮਾ" !ਵਿੱਚ ਬਣਿਆ 'ਬੁਖਨਵਾਲਡ ਕਾਨਸੈਨਟ੍ਰੇਸ਼ਨ ਕੈਂਪ'ਜਿੱਥੇ ਹਿਟਲਰ ਨੇ ਆਪਣੇ ਜ਼ੁਲਮਾਂ ਦੀ ਇੰਤਹਾ ਕੀਤੀ ਸੀ, ਉਸ ਘਟਨਾ ਦਾ ਆਪਣੀ ਕਾਵਿਕ-ਸ਼ੈਲੀ ਵਿੱਚ ਇੰਝ ਜ਼ਿਕਰ ਕਰਨਾ ਭੂਪਿੰਦਰ ਸੱਗੂ ਹੁਰਾਂ ਦੇ ਸੰਵੇਦਨਸ਼ੀਲ ਕਵੀ ਹੋਣ ਦਾ ਦਮ ਭਰਦੀ ਕਵਿਤਾ ਦਾ ਬੇਜੋੜ ਨਮੂਨਾ ਹੈ। ਅਨੇਕਾਂ ਲੋਕ ਦੁਨੀਆਂ ਭਰ ਦੀਆਂ ਸੈਰਾਂ ਕਰਦੇ ਹਨ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਕਿੰਨ੍ਹੇ ਕੁ ਲੋਕ ਨੇ ਜਿਹੜੇ ਇਸ ਤਰ੍ਹਾਂ ਦੀ ਅਤਿ ਭਾਵੁਕ ਵੇਦਨਾ ਵਾਲੀ ਕਵਿਤਾ ਰਚ ਸਕਦੇ ਨੇ ਜਾਂ ਰਚਦੇ ਨੇ।

ਸੋ, ਕਲਾਵਾਨ ਹੋਣਾ ਆਪਣੇ ਆਪ ਵਿੱਚ ਭਾਗਸ਼ਾਲੀ ਹੋਣਾ ਹੁੰਦਾ ਹੈ। ਰਸੂਲ ਹਮਜ਼ਾਤੋਵ ਦੇ ਲਿਖਣ ਵਾਂਗ "ਕਲਾ ਕੌਸ਼ਲਤਾ ਜਾਂ ਹੁੰਦੀ ਹੈ ਜਾਂ ਨਹੀਂ" ਹਰ ਕਲਾ ਦਾ ਆਪਣਾ ਰੰਗ ਹੁੰਦਾ ਹੈ ਤੇ ਹਰ ਕਵੀ ਦਾ ਆਪਣਾ ਨਿਰਾਲਾ ਢੰਗ ਹੁੰਦਾ ਹੈ। ਇਹੀ ਉਸਦੀ ਸ਼ਾਨ ਹੁੰਦੀ ਹੈ। ਕਵੀ ਕਿਸੇ ਦਾ ਮੁਥਾਜ ਨਹੀਂ ਹੁੰਦਾ। ਉਸਦੀ ਤਾਂ ਫ਼ਕੀਰਾਂ ਵਾਲੀ ਰੂਹ ਹੁੰਦੀ ਹੈ। ਉਹ ਤਾਂ ਬੱਸ ਆਪਣੀਆਂ ਕਵਿਤਾਵਾਂ

ਵਿੱਚੋਂ ਝਰਦੀ ਰੌਸ਼ਨੀ ਵੰਡਣੀ ਚਾਹੁੰਦਾ ਹੈ। ਆਪਣੀ ਵੇਗਮਈ ਗਾਥਾ ਦੂਸਰਿਆਂ ਤੱਕ ਪਹੁੰਚਾ ਦੇਣੀ ਚਾਹੁੰਦਾ ਹੈ। ਕਵੀ ਕਿਸੇ ਦੁਆਰਾ ਲਿਖੀ ਜਾਣ ਵਾਲੀ ਭੂਮਿਕਾ ਜਾਂ ਮੁੱਖਬੰਦ ਦਾ ਮੁਥਾਜ ਵੀ ਨਹੀਂ ਹੁੰਦਾ, ਇਹ ਤਾਂ ਕੇਵਲ ਦੁਵੱਲਾ ਸੁਨੇਹ ਹੁੰਦਾ ਹੈ, ਘਣੀ ਪ੍ਰੀਤ ਹੁੰਦੀ ਹੈ, ਅਪਣੱਤ ਦਾ ਮੁਜ਼ਾਹਰਾ ਹੁੰਦਾ ਹੈ ਅਤੇ ਗੱਲ ਨੂੰ ਯਾਨਿ ਕਵਿਤਾ ਨੂੰ ਅੱਗੇ ਤੋਰਨਾ ਮਾਤਰ ਹੁੰਦਾ ਹੈ। ਭੂਪਿੰਦਰ ਸੱਗੂ ਦੀਆਂ ਕਵਿਤਾਵਾਂ ਆਪਣੇ ਆਪ ਵਿੱਚ ਸੰਪੂਰਨ ਹਨ, ਸਵਾਦਲੀਆਂ ਹਨ, ਨਮਕੀਨ ਦਰਦ ਨਾਲ ਭਰੀਆਂ ਅਤੇ ਗੰਨੇ ਦੀ ਪਹਿਲੀ ਪੋਰੀ ਦੀ ਮਿਠਾਸ ਵਰਗੀਆਂ ਮਿੱਠੀਆਂ। "ਦਰਦ ਜਾਗਦਾ ਹੈ"ਦੇ ਕੁੱਝ ਪੱਤਰੇ ਫਰੋਲਣ ਨਾਲ ਹੀ ਮੈਨੂੰ ਇਹ ਅਹਿਸਾਸ ਹੋਇਆ।

ਪਰਵਾਸੀ ਸਾਹਿਤ ਦੀ ਮਹੱਤਤਾ ਇਸ ਕਰਕੇ ਵੀ ਵਧੇਰੇ ਹੈ, ਕਿਉਂਕਿ ਵਿਦੇਸ਼ਾਂ ਵਿੱਚ ਜਾਣ ਵਾਲੇ ਸਾਹਿਤਕਾਰਾਂ ਕੋਲ ਜੀਵਨ-ਤਜਰਬੇ ਦਾ ਵਿਸਥਾਰ ਅਤੇ ਵਿਸ਼ਾਲਤਾ ਅਤੇ ਵੱਧ ਹੁੰਦੀ ਹੈ। ਭੂਪਿੰਦਰ ਸੱਗੂ ਪਰਵਾਸੀ ਪੰਜਾਬੀ ਸਾਹਿਤ ਦੀ ਏਸੇ ਲੜੀ ਦਾ ਇੱਕ ਆਬਦਾਰ ਮੋਤੀ ਹੈ। ਸਾਨੂੰ ਪਰਵਾਸੀ ਸਾਹਿਤਕਾਰਾਂ ਦੀ ਕਦਰ ਬੇਲਾਗ ਅਤੇ ਨਿਰਪੱਖ ਭਾਵਨਾ ਨਾਲ ਕਰਨੀ ਚਾਹੀਦੀ ਹੈ। ਬਹੁਤ ਕੰਮ ਹੋ ਵੀ ਰਿਹਾ ਹੈ। ਡਾ. ਲਖਵਿੰਦਰ ਜੌਹਲ ਹੁਰਾਂ ਦਾ ਖੋਜ ਦਾ ਕੰਮ ਵੀ ਏਸੇ ਵਿਸ਼ੇ ਤੇ ਹੈ। ਦਿੱਲੀ ਯੂਨੀਵਰਸਿਟੀ ਤੋਂ ਗੁਰਪਰੀਤ ਬੋੜਾਵਾਲ ਪਰਵਾਸੀ ਕਵਿਤਾ ਉੱਪਰ ਖੋਜ-ਕਾਰਜ ਕਰ ਰਿਹਾ ਹੈ। ਹੋਰ ਵੀ ਕੰਮ ਹੋਇਆ ਹੋਵੇਗਾ, ਪਰ ਹਾਲੇ ਸੰਭਾਵਨਾ ਬਹੁਤ ਵਧੀਕ ਹੈ।

"ਦਰਦ ਜਾਗਦਾ ਹੈ" ਪੁਸਤਕ ਪਾਠ ਦੇ ਅਗਲੇ ਸਫ਼ਰ ਉੱਤੇ ਤੁਰਨ ਤੋਂ ਪਹਿਲਾਂ ਮੈਂ ਭੂਪਿੰਦਰ ਸੱਗੂ ਜੀ ਦੇ ਪਿਛੋਕੜ ਬਾਰੇ ਗੱਲ ਕਰਨੀ ਚਾਹਾਂਗੀ।

ਭਾਰਤ ਦੇ ਉੱਤਰੀ ਪੰਜਾਬ ਦੇ ਦੁਆਬਾ ਖੇਤਰ ਦੇ ਜ਼ਿਲ੍ਹਾ ਜਲੰਧਰ ਦੀ ਨਕੋਦਰ ਤਹਿਸੀਲ ਦੇ ਪਿੰਡ "ਆਲੋਵਾਲ" ਦੇ ਜੰਮਪਲ ਭੂਪਿੰਦਰ ਸੱਗੂ ਹੁਰਾਂ ਨੇ ਆਪਣੀ ਮੁੱਢਲੀ ਵਿਦਿਆ ਨੈਸ਼ਨਲ ਕਾਲਜ ਨਕੋਦਰ ਤੋਂ ਕੀਤੀ ਤੇ ਬੀ. ਏ. ਤੱਕ ਦੀ ਪੜ੍ਹਾਈ ਕੀਤੀ ਅਤੇ ਉਪਰੰਤ ਵਲਾਇਤ ਚਲੇ ਗਏ। ਸਾਡਾ ਦੁਆਬਾ ਵਿਦੇਸ਼ ਜਾਣ ਵਿੱਚ ਹਮੇਸ਼ਾਂ ਤੋਂ ਮੋਹਰੀ ਰਿਹਾ। ਛੋਟੀ ਕਿਰਸਾਣੀ, ਸੇਪੀਗੀਰੀ ਜਾਂ ਹੋਰ ਛੋਟੇ ਧੰਦਿਆਂ ਪ੍ਰਤੀ ਬੇਰੁਖੀ ਨੇ ਅਤੇ ਛੋਟੇ ਉਦਯੋਗਾਂ ਦੀ ਕਮੀ ਨੇ ਵਿਸ਼ੇਸ਼ ਤੌਰ ਉੱਤੇ ਸਾਡੇ ਦੁਆਬੇ ਦੇ ਲੋਕਾਂ ਨੂੰ ਪ੍ਰਮੁੱਖ ਤੌਰ ਉੱਤੇ ਵਿਦੇਸ਼ੀ ਧਰਤੀ ਉੱਪਰ ਵਸਣ ਲਈ ਸਦਾ ਪ੍ਰੇਰਿਤ ਕੀਤਾ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਗ਼ਦਰ ਲਹਿਰ, ਜੋ ਵਿਦੇਸ਼ੀ ਧਰਤੀ ਉੱਪਰ ਹੀ ਪਰਵਾਨ ਚੜ੍ਹੀ ਸੀ ਅਤੇ ਦੇਸ਼ ਵਿੱਚ ਫੈਲ ਗਈ ਸੀ, ਉਸਦੇ ਬਹੁਤ ਸਾਰੇ

ਕਾਰਕੁੰਨ ਮਲਵਈ ਖਿੱਤੇ ਦੇ ਲੋਕ ਵੀ ਸਨ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਾਰੰਗਵਾਲ ਦੇ ਹੀ ਚਾਰ ਗ਼ਦਰੀ ਬਾਬੇ ਹੋਏ ਹਨ, ਜਿੰਨ੍ਹਾਂ ਦਾ ਜ਼ਿਕਰ ਡਾਕਟਰ ਸਰਬਜੀਤ ਸਿੰਘ ਆਪਣੀ ਪੁਸਤਕ "ਸਾਹਿਤ, ਇਤਿਹਾਸ ਅਤੇ ਵਿਚਾਧਾਰਾ" ਵਿੱਚ ਕਰਦੇ ਹਨ। ਇਹ ਪੁਸਤਕ ਉਹਨਾਂ ਚਾਰੇ ਗ਼ਦਰੀ ਬਾਬਿਆਂ ਨੂੰ ਸਮਰਪਿਤ ਕੀਤੀ ਗਈ ਹੈ। ਡਾਕਟਰ ਸਰਬਜੀਤ ਸਿੰਘ ਮੇਰੇ ਪਿਤਾ ਡਾਕਟਰ ਆਤਮ ਹਮਰਾਹੀ ਜੀ ਦੇ ਹੋਣਹਾਰ ਵਿਦਿਆਰਥੀਆਂ ਵਿੱਚੋਂ ਇੱਕ ਹਨ ਅਤੇ ਅੱਜਕੱਲ੍ਹ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਵਿੱਚ ਪੰਜਾਬੀ ਵਿਭਾਗ ਵਿਖੇ ਪ੍ਰਾਧਿਆਪਕ ਹਨ ਅਤੇ ਵਿਭਾਗ ਦੇ "ਪੰਜਾਬੀ ਅਧਿਐਨ ਸਕੂਲ" ਦੇ ਮੌਜੂਦਾ ਚੇਅਰਪਰਸਨ ਵੀ ਹਨ। ਇਸ ਗੱਲ ਦਾ ਜ਼ਿਕਰ ਮੈਂ ਇਸ ਕਰਕੇ ਕਰ ਰਹੀ ਹਾਂ ਕਿ ਯੂਨੀਵਰਸਿਟੀਆਂ ਵਿੱਚ ਬਿਰਾਜਮਾਨ ਸਾਹਿਤਕ ਸ਼ਖਸੀਅਤਾਂ ਦਾ ਧਿਆਨ ਸਮੁੱਚੇ ਪੰਜਾਬੀ ਸਾਹਿਤ ਵੱਲ ਕੇਂਦਰਿਤ ਹੋਣਾ ਚਾਹੀਦਾ ਹੈ। ਸੈਮੀਨਾਰ ਹੋਣੇ ਚਾਹੀਦੇ ਹਨ। ਹਰ ਤਰ੍ਹਾਂ ਦੀ ਪਾਰਦਰਸ਼ਤਾ ਦੇ ਵਿਆਪਤ ਹੋਣ ਦੀ ਸਥਿਤੀ ਪੈਦਾ ਹੋਣੀ ਚਾਹੀਦੀ ਹੈ ਅਤੇ ਦੇਸੀ ਤੇ ਵਿਦੇਸ਼ੀ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਵੱਲ ਸੁਚਾਰੂ ਯਤਨ ਹੋਰ ਤੇਜ਼ ਕੀਤੇ ਜਾਣੇ ਚਾਹੀਦੇ ਹਨ। ਦੁਵੱਲੇ ਸੁਧਾਰਾਂ ਦੀ ਕੋਸ਼ਿਸ਼ ਹੋਰ ਹੋਣੀ ਚਾਹੀਦੀ ਹੈ।

ਭੂਪਿੰਦਰ ਸੱਗੂ ਜੀ ਦੀ ਕਿਤਾਬ "ਦਰਦ ਜਾਗਦਾ ਹੈ" ਦਾ ਸਹਾਰਾ ਲੈ ਕੇ ਮੈਂ ਕੁੱਝ ਹੋਰ ਗੱਲਾਂ ਕਰ ਲਈਆਂ ਹਨ। ਆਸ ਕਰਦੀ ਹਾਂ ਕਿ ਮੇਰੇ ਮਾਣਯੋਗ ਪਾਠਕ ਮੇਰੀ ਇਸ ਜੁਗਤੀ ਨੂੰ ਮੇਰੀ ਸ਼ੈਲੀ ਸਮਝ ਕੇ ਪਰਵਾਨ ਕਰ ਲੈਣਗੇ। ਅਸਲ ਵਿੱਚ ਇਸ ਵਿਸਥਾਰ ਦੀ ਕੁੜੀ ਮੁੜ ਆਣ ਕੇ ਭੂਪਿੰਦਰ ਸੱਗੂ ਹੁਰਾਂ ਦੀ ਕਵਿਤਾ ਵੱਲ ਹੀ ਜੁੜ ਜਾਣੀ ਸੀ, ਇਸ ਗੱਲ ਦਾ ਮੈਨੂੰ ਪਤਾ ਸੀ। ਗ਼ਦਰ-ਸਾਹਿਤ ਸਾਡੇ ਬਹੁਤੇ ਪਰਵਾਸੀ ਕਵੀਆਂ ਲਈ ਪ੍ਰੇਰਣਾਸ੍ਰੋਤ ਦਾ ਕੰਮ ਕਰਦਾ ਰਿਹਾ ਆ ਰਿਹਾ ਹੈ।

ਜਾਹ ਉਏ ਪਰਦੇਸੀਆ!
ਤੇਰੇ ਟੁਰ ਜਾਣ ਤੋਂ ਬਾਅਦ
ਥੜੇ 'ਤੇ ਲੱਗਦੀਆਂ ਰੌਣਕਾਂ ਵੀ
ਪਰਦੇਸੀ ਹੋ ਗਈ

(ਬਾਬੇ ਬੋਹੜ ਨਾਲ ਗੱਲਾਂ)

ਇਹ ਕਵਿਤਾ ਸਮੁੱਚੇ ਪੰਜਾਬ ਦੇ ਥੜ੍ਹੇ ਵੱਲ ਇਸ਼ਾਰਾ ਹੈ, ਉਸ ਦਰਦ ਦੀ ਦਾਸਤਾਨ ਬਿਆਨਦੀ ਕਵਿਤਾ ਹੈ ਇਹ, ਜਿਸ ਦਰਦ ਨਾਲ ਲੰਮੇ ਸਮਿਆਂ ਤੋਂ ਸਾਡੇ ਪਿੰਡਾਂ ਦੇ ਪਿੰਡ ਵਿੰਨ੍ਹੇ ਹੋਏ ਹਨ। ਰੋਜ਼ਮਰ੍ਹਾ ਦੀਆਂ ਪਰਿਵਾਰਿਕ ਖੁਸ਼ੀਆਂ ਤੋਂ ਸੱਖਣੇ, ਆਪਣਿਆਂ ਦਾ ਵਿਗੋਚਾ ਸਹਿੰਦੇ ਲੋਕ ਤਾਂ ਲੋਕ, ਬੋਹੜ ਵੀ ਇਸ ਦਰਦ ਨੂੰ ਮਹਿਸੂਸ ਕਰਦੇ ਹਨ। ਵਿਦੇਸ਼ਾਂ ਤੋਂ ਮੁੜ ਆਉਂਦੇ ਲੋਕਾਂ ਦੀ ਮਨੋਸਥਿਤੀ

ਦਰਸਾਉਂਦੀ ਇਹ ਕਵਿਤਾ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਈ ਇੱਕ ਚਿਹਨਾਤਮਕ ਕਵਿਤਾ ਹੈ, ਜੋ ਆਪਣੇ ਆਪ ਵਿੱਚ ਦੋ ਦੋ ਸੱਭਿਆਚਾਰਾਂ ਦੀ ਗਾਥਾ ਛੁਪਾਈ ਬੈਠੀ ਹੈ।

ਉਦਰੇਵੇਂ ਦੀ ਤਿੱਖੀ ਸੂਲ ਵਰਗੀ ਪੀੜ ਅਤੇ ਵਿਛੋੜੇ ਦੇ ਬਾਣ ਸਹਿੰਦੀ ਮਾਂ ਦੀਆਂ ਕੋਮਲ ਭਾਵਨਾਵਾਂ ਵਿਦੇਸ਼ ਵਿੱਚ ਬੈਠੇ ਕਵੀ ਨੂੰ ਪਿੱਛਲਰਾਤ ਤੱਕ ਵੀ ਸੌਣ ਨਹੀਂ ਦਿੰਦੀਆਂ।

'ਸ਼ਨੀਲ ਦੀ ਨੀਲੀ ਫਰਾਕ' ਇਸ ਦਰਦ ਦੀ ਤਸਵੀਰਕਸ਼ੀ ਕਰਦੀ ਕਵਿਤਾ ਹੈ। 'ਗੈਂਗਰੇਪ ਵਰਗੇ' ਨਿਰਲੱਜਤਾ ਭਰੇ ਵਿਸ਼ੇ ਨੂੰ ਛੋਂਹਦਾ ਕਵੀ ਹਿਰਦਾ ਔਰਤ ਦੀ ਸਾਮਾਜਿਕ ਸਥਿਤੀ ਦਾ ਗਹਿਰਾ ਵਿਸ਼ਲੇਸ਼ਣ ਕਰਦੀ ਹੋਈ ਕਵਿਤਾ ਲਿਖਦਾ ਲਿਖਦਾ 'ਦਿੱਲੀ' ਨੂੰ ਨਿਹੋਰੇ ਜਾ ਮਾਰਦਾ, ਆਪਸੀ ਰਿਸ਼ਤਿਆਂ ਦੇ ਸੌੜੇਪਨ ਵਿੱਚੋਂ ਗੁਜ਼ਰਦਾ ਹੋਇਆ, ਇੰਗਲੈਂਡ ਦੀ ਧਰਤੀ ਉੱਤੇ 2011 ਵਿੱਚ ਫੈਲੇ ਆਤੰਕ ਨਾਲ ਫਿਰ ਤੋਂ ਵਿੰਨ੍ਹਿਆ ਗਿਆ ਹੈ। ਇੱਕ ਵਿਸ਼ਾਲ ਕੈਨਵਸ ਉੱਪਰ ਫੈਲੀ ਭੂਪਿੰਦਰ ਸੱਗੂ ਦੀ ਕਾਵਿ-ਕਲਾ ਮਾਨਵੀ ਬਿਰਤੀਆਂ ਦੀਆਂ ਬਹੁ ਧਰਤਾਲੀ ਪੇਚੀਦਗੀਆਂ ਖੋਹਲਦੀ ਜਾਂਦੀ ਹੈ। ਉਸਦੀ ਪੀੜਿਤ ਆਤਮਾ ਕੁਰਲਾ ਉੱਠਦੀ ਹੈ ਅਤੇ ਉਹ ਆਪਣੇ ਤਿੱਖੇ ਸਵਾਲਾਂ ਨਾਲ ਬੁੱਧੀਜੀਵੀਆਂ ਅੱਗੇ ਜਾ ਖੜ੍ਹਾ ਹੁੰਦਾ ਹੈ :

'ਚੇਤਨਾ ਦੀ ਜਾਗਰਤੀ
ਮਨ ਦੀ ਆਜ਼ਾਦੀ ਹੁੰਦੀ ਹੈ
ਉਹ ਮਾਨਵ ਦੇ ਜਿਉਣ ਦਾ ਪ੍ਰਮਾਣ ਹੁੰਦਾ ਹੈ।
ਪਰ ਇਹ ਕਿੱਦਾਂ ਦਾ ਬੁੱਧੀਜੀਵੀ ਹੈ।'

(ਬੁੱਧੀਜੀਵੀ)

ਸਮਾਂ ਵਿਚਾਰਨ ਅਤੇ ਪੂਰਨੇ ਪਾਉਣ ਦਾ ਹੈ...! ਸਮਝਣ ਸਮਝਾਉਣ ਦਾ ਹੈ...!

'...ਜਿਹੜੀ ਮਾਨਸਿਕਤਾ
ਸਨਮਾਨਾਂ ਦੀ ਦੌੜ ਲਈ
ਬੇਚਾਰਗੀ, ਨਿਰਬਲਤਾ
ਗ਼ੁਲਾਮੀ ਦੀ ਜ਼ਹਿਨੀਅਤ ਸਹਿੰਦੀ ਹੈ...'

ਕਵੀ ਦਾ ਸਪਸ਼ਟ ਸੰਕੇਤ ਹੈ ਕਿ ਹੱਕੀ ਗੱਲਾਂ ਦੀ ਸਾਰਥਿਕਤਾ ਸਮੇਂ ਦੇ ਬੁੱਧੀਜੀਵੀਆਂ ਨੇ ਹੀ ਸਮਝਣੀ ਹੁੰਦੀ ਹੈ। ਵਿਸ਼ਲੇਸ਼ਣਕਾਰੀਆਂ ਦੀ ਸੁਹਿਰਦਤਾ ਜਿੱਥੇ ਮਨ ਵਿੱਚ ਸ਼ਾਂਤੀ ਪੈਦਾ ਕਰ ਸਕਦੀ ਹੈ, ਉੱਥੇ ਚੰਗੇ ਸਾਹਿਤ ਦੀ ਉਸਾਰੀ ਵਿੱਚ ਆਪਣਾ ਪ੍ਰਭਾਵੀ ਅਸਰ ਛੱਡ ਸਕਦੀ ਹੈ। ਇਹ ਸਮੇਂ ਦੇ ਸਮੇਂ ਨੂੰ ਹੀ ਤਿੱਖੇ

ਸਵਾਲ ਹਨ। ਜੇ ਇਸ ਕਵਿਤਾ ਵਿਚਲੀ ਸੋਚ ਨੂੰ ਹੋਰ ਸਮਝਣਾ ਹੈ ਤਾਂ ਸ਼੍ਰੀਮਾਨ ਮਿੱਤਰਸੈਨ ਮੀਤ ਜੀ ਨੂੰ ਪੁੱਛਿਆ ਜਾ ਸਕਦਾ ਹੈ।

ਬੇਗਾਨੀ ਧਰਤੀ ਉੱਤੇ ਤੁਰਦਾ ਫਿਰਦਾ ਮਨੁੱਖ ਭੂ-ਹੇਰਵੇ ਦਾ ਸੰਤਾਪ ਤਾਂ ਹੰਢਾਉਂਦਾ ਹੀ ਹੈ, ਸਗੋਂ ਆਪਣੀ ਪਹਿਚਾਣ ਵੀ ਉਸ ਲਈ ਸਮੱਸਿਆ ਦਾ ਸਬੱਬ ਬਣ ਜਾਂਦੀ ਹੈ। ਪਗੜੀ ਨੂੰ ਸੰਭਾਲਦਾ ਕਵੀ ਕਵਿਤਾ ਰਚਦਾ ਹੈ :

'...ਬੱਚਿਓ!
ਉਹ ਦਿਖਣ ਨੂੰ 'ਬਿਨ ਲਾਦੇਨ' ਵਰਗੇ
ਬੱਚੇ ਇਹ ਨਾਂ ਸੁਣ ਕੇ
ਡਰਾਈਵਰ ਦੇ ਚਿਹਰੇ 'ਚੋਂ
ਖ਼ੂੰਖਾਰ ਦਰਿੰਦੇ ਦਾ ਅਕਸ ਤਲਾਸ਼ਦੇ ਰਹੇ
ਸਫ਼ਰ ਦੌਰਾਨ।

(ਸਫ਼ਰ ਦੌਰਾਨ)

'ਕਵਿਤਾ' ਨਾਂ ਦੀ ਪਿਆਰੀ ਜਿਹੀ ਕਵਿਤਾ ਵਿੱਚ

ਕਵੀ ਕਵਿਤਾ ਦੀ ਅਸਲ ਮਕਸਦ ਦੀ ਗੱਲ ਕਰਦਾ ਹੈ। ਕਵੀ ਕਵਿਤਾ ਵਿੱਚ ਬਿੰਬਾਂ, ਪ੍ਰਤੀਕਾਂ ਅਤੇ ਸੂਖ਼ਮ ਅਹਿਸਾਸਾਂ ਦੀ ਹੋਂਦ ਅਤੇ ਵਰਤੋਂ ਦੀ ਸਾਰਥਿਕਤਾ ਅਤੇ ਕਵਿਤਾ ਵਿਚਲੀ ਗਹਿਰਾਈ ਅਤੇ ਕਵਿਤਾ ਦੀ ਅਹਿਮੀਅਤ ਤੋਂ ਜਾਣੂ ਹੋਣ ਦੀ ਆਪਣੀ ਸਮਰੱਥਾ ਦਾ ਵੀ ਪੂਰਨਤਾ ਅਹਿਸਾਸ ਕਰਵਾ ਦਿੰਦਾ ਹੈ।

'ਕੁਕੂਨਸ' ਕਵਿਤਾ ਵਿੱਚ ਕਵੀ ਪਿਆਰ, ਆਸ ਅਤੇ ਪਰਿਵਰਤਨ ਦਾ ਗੀਤ ਗਾਉਂਦੇ ਕੁਕੂਨਸ ਦੀ ਤਲਾਸ਼ ਕਰਦਾ ਹੋਇਆ ਆਪ ਹੀ ਕੁਕੂਨਸ ਜਾਪਦਾ ਹੈ।

ਪਰਵਾਸੀ ਪੰਜਾਬੀ ਕਵੀ ਭੂਪਿੰਦਰ ਸੱਗੂ ਜੀਵਨ ਦੇ ਹਰ ਪਹਿਲੂ ਨੂੰ ਇੱਕ ਤਿੱਖੀ, ਘੋਖਵੀਂ ਅਤੇ ਪੜਤਾਲੀਆ ਨਜ਼ਰ ਨਾਲ ਦੇਖ ਸਕਣ ਦੇ ਸਮਰੱਥ ਹੈ। ਕੇਵਲ ਏਨਾ ਹੀ ਨਹੀਂ, ਉਹ ਆਪਣੀ ਗੱਲ ਕਹਿਣ ਦੀ ਦਲੇਰੀ ਵੀ ਰੱਖਦਾ ਹੈ।

'ਆਖਰੀ ਕਿੱਲ', ਐੱਨ, ਐੱਚ, ਐੱਸ ਦਾ ਕੱਟ, ਵਰਗੀਆਂ ਕਵਿਤਾਵਾਂ ਉਸਦੇ ਸੱਚ ਦੀ ਸਮਰੱਥਾ ਦਾ ਪ੍ਰਮਾਣ ਹਨ। ਇਸ ਵਰਤਾਰੇ ਵਿੱਚ ਉਸਦਾ ਆਪਣਾ ਬਾਲਮਨ ਵੀ ਅਣਭੋਲ ਹੀ ਜ਼ਿੰਦਗੀ ਦੀ ਭੱਜਦੌੜ ਵਿੱਚ ਵਿਚਰਦਿਆਂ, ਇੱਕ ਅੰਤਰਘੋਲ ਵਿੱਚ ਤੁਰਿਆ ਰਹਿੰਦਾ ਹੈ, ਜਿੱਥੇ ਉਸ ਕੋਲ ਬਚਪਨ ਦੀਆਂ ਯਾਦਾਂ ਦਾ ਸੈਲਾਬ ਹੈ, ਬਚਪਨ ਵਿੱਚ ਬੰਨੀ 'ਤੜਾਗੀ ਦੇ ਬੋਰ' ਹਨ, ਨਾਨੀ ਠਾਕਰੀ ਹੈ, ਸ਼ੋਖ ਚੰਚਲ ਮਨ ਦੀ ਕੈਨਵਸ ਉੱਤੇ ਫੈਲੀਆਂ ਹੋਈਆਂ ਬਚਪਨ ਤੇ ਚੜ੍ਹਦੀ ਜਵਾਨੀ ਦੀਆਂ ਕਈ ਯਾਦਾਂ ਹਨ, ਸੈਂਸੀਆਂ ਦਾ ਵਿਹੜਾ ਹੈ, ਫੁਲਾਂ ਕੁੜੀ ਦੀ

ਮਾਸੂਮੀਅਤ ਉਸਦੇ ਮਨ ਦੇ ਵਿਹੜੇ ਝਰਦੀ ਹੈ, ਖ਼ੂਹ ਕਿਆਰੀ, ਗੁਰਦਾਸ ਦੀ ਹੱਟੀ, ਨਾਨਕਾ ਪਿੰਡ ਆਦਿ ਆਮ ਪੰਜਾਬੀ ਪਰਵਾਸੀ ਦੀਆਂ ਯਾਦਾਂ ਦੀ ਤਰਜਮਾਨੀ ਕਰਦੀਆਂ ਨਿੱਜੀ ਯਾਦਾਂ ਹਨ ਪਰ ਤਰਾਸਦੀ ਇਹ ਹੈ ਕਿ ਇਹ ਸਾਰਾ ਕੁੱਝ,

'ਨਦੀ ਕਿਨਾਰੇ' ਨਾਂ ਦੀ ਕਵਿਤਾ ਵਿੱਚ ਡੁੱਬ ਗਿਆ ਹੈ :

'ਜ਼ਿੰਦਗੀ ਦੀ ਭੱਜ ਦੌੜ 'ਚ
ਅੱਜ ਮਨੁੱਖ ਤਲਾਸ਼ ਰਿਹੈ
ਪੌਂਡਾਂ, ਡਾਲਰਾਂ ਦੀ ਚਮਕ 'ਚੋਂ
ਖ਼ੁਸ ਚੁੱਕੇ ਸਕੂਨ ਨੂੰ
ਰਿਸ਼ਤਿਆਂ ਦੀਆਂ ਤੰਦਾਂ 'ਚ
ਉਲਝੇ ਹੋਏ ਮਨੁੱਖ ਕੋਲ
ਏਨੀ ਫ਼ੁਰਸਤ ਕਿੱਥੇ
ਕਿ ਸੁਪਨਈ ਅੱਖ ਦੀ
ਇਬਾਰਤ ਨੂੰ ਪੜ੍ਹ ਸਕੇ।'

ਪ੍ਰਤੀਕਾਤਮਕ ਕਵਿਤਾਵਾਂ ਦਾ ਰਚੇਤਾ ਕਵੀ ਭੂਪਿੰਦਰ ਸੱਗੂ 'ਰੁੱਖ' ਨਾਂ ਦੀ ਕਵਿਤਾ ਵਿੱਚ ਮਨੁੱਖ ਨੂੰ ਰੁੱਖ ਨਾਲ ਤਸ਼ਬੀਹ ਦੇ ਕੇ ਕਮਾਲ ਦੀ ਕਾਵਿਕਾਰੀ ਦੇ ਜੌਹਰ ਦਿਖਾਉਣ ਦੀ ਆਪਣੀ ਸਮਰੱਥਾ ਦਾ ਇਜ਼ਹਾਰ ਕਰ ਜਾਂਦਾ ਹੈ। ਉਸਦੀ ਕਵਿਤਾ ਉਸ ਨਾਲ ਇੱਕਮਿਕ ਹੈ ਅਤੇ 'ਤਾਰਿਆਂ ਦੀ ਛਾਵੇਂ' ਉਹ ਕਵਿਤਾ ਨੂੰ ਤੇ ਕਵਿਤਾ ਉਸਦੇ ਕਵੀ ਮਨ ਨੂੰ ਮਾਣਦੀ ਹੈ। ਕਵਿਤਾ ਵਿੱਚ ਉਹ ਰੋਜ਼ ਮਿਲਦਾ ਹੈ। ਬਚਪਨ ਤੇ ਜਵਾਨੀ ਤੋਂ ਬਾਅਦ ਦੇ ਬੈਸਾਖੀਆਂ ਦੇ ਸਹਾਰੇ ਤੁਰਦੇ ਬੁਢਾਪੇ ਨੂੰ ਉਹ ਰੋਜ਼ ਮਿਲਦਾ ਹੈ। ਰੋਜ਼ ਸੂਰਜ ਦੇ ਉਦੈ ਹੋਣ ਨਾਲ ਹੀ ਉਹ ਕਾਇਨਾਤ ਨੂੰ ਨਿਮੰਤਰਣ ਦੇਣ ਲਈ ਨਿਕਲ ਤੁਰਦਾ ਹੈ ਅਤੇ ਆਪਣੀ ਸੁੱਚੀ ਕਿਰਤ ਦੇ ਸੰਗ ਸੰਗ ਉਹ :

'ਅਚਾਨਕ' ਵਰਗੀ ਬੇਮਿਸਾਲ ਕਵਿਤਾ ਸਿਰਜ ਜਾਂਦਾ ਹੈ। ਮੇਰਾ ਨਮਨ ਹੈ ਇਸ ਮਹਾਨ ਕਵੀ ਦੀ ਇਸ ਕਵਿਤਾ ਨੂੰ! ਮੇਰੀ ਨਿਰਪੱਖ ਸੋਚ ਦੇ ਪਹਿਰੇ ਵਿੱਚ ਤੁਰਦੀ ਕਲਮ ਵਿੱਚ ਕਦੇ ਕਾਣ ਨਾ ਆਵੇ।

'ਔਰਤ ਦਾ ਚਿਹਰਾ
ਨੀਝ ਲਾ ਕੇ ਤੱਕਿਆ
ਸੰਤਾਲੀ ਦੀ ਤਸਵੀਰ
ਉਸਦੀਆਂ ਅੱਖਾਂ 'ਚੋਂ ਝਾਕੀ

ਤੇ ਪਲਾਂ ਹੀ ਪਲਾਂ ਅੰਦਰ
ਸੁੱਕ ਚੁੱਕੇ ਪੰਜ ਦਰਿਆ
ਅੱਖਾਂ ਥਾਣੀਂ ਵਹਿ ਤੁਰੇ।
ਚਿਰੋਕਣੇ ਵਿਛੜ ਚੁੱਕੀ
ਪਤਨੀ ਨੂੰ ਦੇਖ ਕੇ।

(ਅਚਾਨਕ)

ਜਿਉਂਦੇ ਜੀਆਂ ਦੇ ਸੰਤਾਪ ਦਾ ਸਿਖਰ ਬਿਆਨਦੀ ਇਹ ਇੱਕਲੀ ਕਵਿਤਾ ਹੀ ਕਿਸੇ ਮਹਾਨ ਇਨਾਮ ਦੀ ਹੱਕਦਾਰ ਹੈ। ਮੈਂ ਇਹ ਗੱਲ ਬਿੱਲਕੁਲ ਨਿਰਲੇਪ ਭਾਵਨਾ ਨਾਲ ਆਖ ਰਹੀ ਹਾਂ।

ਭਰੂਣ ਹੱਤਿਆ ਬਾਰੇ ਦਰਦੀਲੀ ਕਵਿਤਾ "ਕੰਜਕਾਂ" ਉਦਾਸ ਕਰ ਜਾਂਦੀ ਹੈ।

'ਫੌਜੀ' ਪਰਵਾਸੀਆਂ ਦੀ ਤਰਾਸਦੀ ਤੇ ਤਨਜ਼ ਕਸਦੀ ਕਵਿਤਾ ਹੈ।

ਇੱਥੇ ਰੁਕਦੀ ਹਾਂ, ਆਪਣੀ ਗੱਲ ਕਹਿਣ ਲਈ ਮੈਂ ਲੱਗਭਗ ਅੱਧੀ ਕਿਤਾਬ ਦੀਆਂ ਕਵਿਤਾਵਾਂ ਦੀ ਗੱਲ ਕਰ ਚੁੱਕੀ ਹਾਂ ਤੇ ਬਾਕੀ ਪਾਠਕਾਂ ਦੀ ਪੜ੍ਹਤ ਲਈ ਛੱਡ ਦਿੰਦੀ ਹਾਂ। "ਦਰਦ ਜਾਗਦਾ ਹੈ" ਨਾਮਵਰ ਕਵੀ ਭੂਪਿੰਦਰ ਸੱਗੂ ਦੀ ਐਸੀ ਸੰਯੁਕਤ ਵਿਸ਼ਿਆਂ ਵਾਲੀ ਪੁਸਤਕ ਹੈ, ਜੋ ਜੀਵਨ ਦੇ ਬਹੁ ਵਿਸ਼ਿਆਂ ਨੂੰ ਸੰਚਲਿਤ ਕਰਦੀ ਹੈ। ਕਵੀ ਦੇ ਨਿੱਜੀ ਤਜਰਬੇ ਅਤੇ ਅਨੁਭਵ ਹੋਏ ਹੋਣਗੇ, ਜੋ ਵਾਹਕ ਬਣ ਕੇ ਉਸਦੀ ਕਵਿਤਾ ਵਿੱਚ ਉੱਤਰੇ ਅਤੇ ਫੈਲ ਗਏ ਹਨ। ਸੱਚ ਕਹਿਣ ਦੀ ਦਲੇਰੀ, ਉੱਚੀ ਜ਼ਹਿਨੀਅਤ ਦੀ ਪ੍ਰਤੀਕ ਹੋ ਨਿੱਬੜੀ ਹੈ। ਅਜਿਹੇ ਮਨੋਭਾਵ ਜੋ ਪਾਠਕ-ਮਨ ਵਿੱਚ ਵੀ ਪੀੜਾ ਪੈਦਾ ਕਰਦੇ ਹਨ, ਕਰੁਣਾ ਰਸ ਨੂੰ ਉਭਾਰਦੇ ਹਨ। ਨੌਂ ਰਸਾਂ ਦੀ ਛਹਿਬਰ ਝਲਕਦੀ ਹੈ ਭੂਪਿੰਦਰ ਸੱਗੂ ਹੁਰਾਂ ਦੀ ਅਨੂਪਮ ਸ਼ਾਇਰੀ ਵਿੱਚ। ਪ੍ਰੋ. ਪੂਰਨ ਸਿੰਘ ਹੁਰਾਂ ਨੇ ਖੁਲ੍ਹੀ ਕਵਿਤਾ ਨਾਲ ਜਿਹੜਾ ਰਾਹ ਖੋਲਿਆ ਹੈ, ਉਸ ਰਾਹ ਤੇ ਚਲਦਿਆਂ ਪੰਜਾਬੀ ਕਵਿਤਾ ਨੇ ਨਵੇਂ ਮੀਲਪੱਥਰ ਸਥਾਪਿਤ ਕੀਤੇ ਹਨ। ਭੂਪਿੰਦਰ ਸੱਗੂ ਹੋਰਾਂ ਦੀ ਖੁਲ੍ਹੀ ਕਵਿਤਾ ਨੇ ਮੇਰੇ ਕਵੀਮਨ ਨੂੰ ਤਰੰਗਿਤ ਕੀਤਾ ਹੈ, ਝੰਜੋੜਿਆ ਹੈ ਅਤੇ ਮੱਲੋਜੋਰੀ ਮੇਰੀ ਕਲਮ 'ਸੱਗੂ' ਕਾਵਿ ਦੀ ਬਣਦੀ ਉਸਤਤੀ ਵਿੱਚ ਵਹਿ ਤੁਰੀ ਹੈ। ਮੇਰੇ ਕੋਲ ਇਹ ਕਿਤਾਬ ਕਾਫ਼ੀ ਦਿਨ ਪਹਿਲਾਂ ਦੀ ਪਹੁੰਚੀ ਹੈ ਪਰ ਮੈਂ ਅੱਜ 4 ਤੇ 5 ਫਰਵਰੀ ਦੀ ਵਿਚਕਾਰਲੀ ਰਾਤ ਨੂੰ ਫੋਨ ਦਾ ਇੰਟਰਨੈੱਟ ਬੰਦ ਹੋਣ ਕਾਰਣ ਵਕਤ ਨੂੰ ਸਹੀ ਲੇਖੇ ਲਾ ਸਕੀ ਹਾਂ।

ਕਵੀ ਆਪਣੀ ਸੁਰਤ ਦੇ ਅੰਦਰ ਵੱਜਦੇ ਨਾਦ ਵਿੱਚ ਵਿਭੋਰ ਜਾਪਦਾ ਹੈ। ਮਨੋਵਿਗਿਆਨਕ ਵਿਕਾਰਾਂ, ਸਮਾਜਿਕ ਸਰੋਕਾਰਾਂ ਅਤੇ ਧਰਮ ਦੇ ਅਖਾਉਤੀਪਣ

ਦੇ ਖ਼ਿਲਾਫ਼ ਆਪਣੀ ਗੱਲ ਕਹਿੰਦਾ ਆਪਣੀ ਹੀ ਰਉਂ ਵਿੱਚ ਤੁਰਦਾ ਜਾ ਰਿਹਾ ਹੈ। 'ਮਾਂ' ਸ਼ਬਦ ਦੀ ਸਾਰਥਿਕਤਾ ਹੀ ਨਹੀਂ ਸਮਝਦਾ, ਸਗੋਂ ਮਾਂ ਦੀ ਸੱਚਮਚ ਕਦਰ ਕਰਦਾ ਹੈ, ਮੇਰੇ ਸਾਹਵੇਂ ਉਸਦੀ ਮਾਂ ਦਾ ਹੰਸੂ ਹੰਸੂ ਕਰਦਾ ਚਿਹਰਾ ਆ ਰਿਹੈ... ਮੇਰੀ ਦਾਦੀ ਸੱਸ ਬੀਬੀ ਕਿਸ਼ਨ ਕੌਰ ਦੀ ਸਕੀ ਭੈਣ,...ਰਿਸ਼ਤਿਆਂ ਤੋਂ ਉੱਪਰ ਉੱਠ ਕੇ ਮੈਂ ਆਪਣੇ ਇਸ ਬਜ਼ੁਰਗ ਬਾਪ ਵਰਗੇ ਰਿਸ਼ਤੇ ਨੂੰ ਸਾਹਿਤਕ ਦੋਸਤੀ ਦੇ ਪਵਿੱਤਰ ਜਿਹੇ ਰਿਸ਼ਤੇ ਵਿੱਚ ਵਟਦਿਆਂ ਮਹਿਸੂਸ ਕਰ ਕੇ ਮਾਣ ਮਹਿਸੂਸ ਕਰ ਰਹੀ ਹਾਂ...ਜੋ ਮਾਤਰ 10 ਕੁ ਮਹੀਨਿਆਂ ਤੋਂ ਮੇਰੇ ਸੰਪਰਕ ਵਿੱਚ ਆਏ ਅਤੇ ਮੈਂ ਉਹਨਾਂ ਨੂੰ ਮੇਰੇ "ਸਾਹਿਤਧਾਰਾ ਚੈਨਲ" ਦੇ 'ਸਰਬਰਾਹ' ਦਾ ਦਰਜਾ ਦੇਣ ਦੀ ਖ਼ੁਸ਼ੀ ਹਾਸਿਲ ਕਰਦਿਆਂ ਮਾਣ ਮਹਿਸੂਸ ਕਰਦੀ ਹਾਂ। ਇਹੀ ਦਰਜਾ ਮੇਰੇ ਪਿਤਾ ਦਾ ਹੈ ਅਤੇ ਇਹੀ ਦਰਜਾ ਮੇਰੇ ਦੂਸਰੇ ਚਾਚਾ ਜੀ ਦਰਸ਼ਨ ਬੁਲੰਦਵੀ ਜੀ ਦਾ ਹੈ। ਉਹ ਸਾਡੇ ਵੱਡੇਰੇ ਨੇ ਅਤੇ ਪਹਿਲਾਂ ਸਾਡੇ 'ਸਰਬਰਾਹ' ਨੇ।

ਆਪਣੀ ਇਸ ਕਾਵਿ-ਯਾਤਰਾ ਵਿੱਚ ਪਰਵਾਸੀ ਪੰਜਾਬੀ ਕਵੀ ਭੂਪਿੰਦਰ ਸੱਗੂ ਆਲੋਚਕਾਂ ਬਾਰੇ ਇੱਕ ਤਿੱਖੀ ਸੁਰ ਵਾਲੀ ਕਵਿਤਾ ਲਿਖਦਿਆਂ ਇੱਕ ਤਰ੍ਹਾਂ ਨਾਲ ਆਪਣਾ ਜਾਗਿਆ ਹੋਇਆ ਦਰਦ ਹੀ ਤਾਂ ਦਰਸਾ ਰਹੇ ਨੇ। ਕਮਾਲ ਦੀ ਗੱਲ ਇਹ ਹੈ ਕਿ ਇਹ ਦਰਦ ਨਿੱਜੀ ਨਾ ਹੋ ਕੇ ਸਮੂਹਿਕਤਾ ਵੱਲ ਇਸ਼ਾਰਾ ਹੈ ਅਤੇ ਕਵੀ ਮਨ ਨੂੰ ਅਥਾਹ ਟੀਸ ਦਿੰਦਾ ਹੈ :

'...ਮੈਂ ਜਦੋਂ ਚਾਹਾਂ ਸਬੂਤਾ ਨਿਗਲ ਜਾਂਦਾ ਹਾਂ
ਮੇਰੀ ਸੈਨਤ ਬਿਨਾਂ ਕਲਾ ਦੀ ਕੋਈ ਪਰਿਭਾਸ਼ਾ ਨਹੀਂ... '

(ਆਲੋਚਕ)

ਮੈਂ ਆਪਣੇ ਸਤਿਕਾਰਿਤ ਬਜ਼ੁਰਗ, ਦੋਸਤ, ਕਵੀ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦੀ ਹਾਂ ਕਿ ਮਾਣਯੋਗ ਆਲੋਚਕ ਸਾਹਿਬਾਨ ਤਾਂ ਬੜੇ ਨਿਗਾਹਵਾਨ ਹੁੰਦੇ ਨੇ... ਬੱਸ ਮਸ਼ਕਤੀ ਦੀ ਨਿਗਾਹ ਸਵੱਲੀ ਚਾਹੀਦੀ ਹੈ! ਖੁਲ੍ਹੀ ਕਵਿਤਾ ਤੋਂ ਇਲਾਵਾ ਗ਼ਜ਼ਲ ਦੀ ਵਿਧਾ ਦੇ ਸ਼ੌਕੀਨ ਭੂਪਿੰਦਰ ਸੱਗੂ ਜੀ ਲਈ ਢੇਰ ਸਾਰੀਆਂ ਸ਼ੁਭ-ਇਛਾਵਾਂ ਭੇਜਦੀ ਹੋਈ।

•••••

# ਪਾਠ-ਮੂਲਕ ਅਤੇ ਵਿਚਾਰਧਾਰਕ ਪਰਿਪੇਖ
# ਦਰਦ ਜਾਗਦਾ ਹੈ
### ਮੋਨਿਕਾ

ਸਾਹਿਤ ਨੂੰ ਬਹੁਤ ਸਾਰੇ ਵਿਦਵਾਨਾਂ ਨੇ ਵਿਭਿੰਨ ਦ੍ਰਿਸ਼ਟੀਆਂ ਨਾਲ ਪਰਿਭਾਸ਼ਿਤ ਕੀਤਾ ਹੈ। ਜੇ ਸਾਧਾਰਨ ਸ਼ਬਦਾਂ ਵਿੱਚ ਸਾਹਿਤ ਨੂੰ ਪਰਿਭਾਸ਼ਿਤ ਕੀਤਾ ਜਾਏ ਤਾਂ ਸਭ ਤੋਂ ਪਹਿਲਾ ਦਿਮਾਗ 'ਚ ਜਵਾਬ ਆਉਂਦਾ ਹੈ ਕਿ ਸਮਾਜ ਦਾ ਦਰਪਣ। ਕਿਉਂ ਕਿਹਾ ਜਾਂਦਾ ਹੈ ਸਾਹਿਤ ਨੂੰ ਸਮਾਜ ਦਾ ਦਰਪਣ ? ਕਿਉਂਕਿ ਦਰਪਣ ਵਾਂਗ ਸਾਹਿਤ ਵੀ ਸਮਾਜ ਦੇ ਚੰਗੇ ਤੇ ਮਾੜੇ ਦੋਨਾਂ ਰੂਪਾਂ ਜਾਂ ਪਹਿਲੂਆਂ ਨੂੰ ਉਸ ਤਰੀਕੇ ਨਾਲ ਦਿਖਾਉਂਦਾ ਹੈ ਜਿਵੇਂ ਅਸਲ ਜੀਵਨ 'ਚ ਹਨ। ਇਸ ਦਰਪਣ ਦਾ ਕੰਮ ਕੋਈ ਹੋਰ ਨਹੀਂ ਸਗੋਂ ਇਕ ਸਾਹਿਤਕਾਰ ਤੇ ਉਸਦੀ ਕਲਮ ਕਰਦੀ ਹੈ ਅਤੇ ਉਸ ਸਾਹਿਤਕਾਰ ਦੀ ਵਿਚਾਰਧਾਰਾ ਤੇ ਸਮਾਜ ਦੇ ਪ੍ਰਤੀ ਚੇਤੰਨ ਸ਼ਕਤੀ ਇਕ ਸਾਹਿਤ ਦਾ ਰੂਪ ਅਖ਼ਤਿਆਰ ਕਰਨ ਵਿਚ ਮਦਦ ਕਰਦੀ ਹੈ। ਇਸ ਲਈ ਇਕ ਸਾਹਿਤਕਾਰ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਆਪਣੀ ਵਿਚਾਰਧਾਰਾ ਨੂੰ ਪਾਠਕਾਂ ਤੱਕ ਪੰਹੁਚਾਉਣਾ ਅਤੇ ਮਾਰਗਦਰਸ਼ਨ ਕਰਨਾ। ਇਹ ਮਾਰਗਦਰਸ਼ਨ ਉਸ ਵਕਤ ਕੀਤਾ ਜਾ ਸਕਦਾ ਹੈ ਜਦੋਂ ਉਸ ਸਾਹਿਤਕਾਰ ਦੀ ਕ੍ਰਿਤ ਸਾਹਿਤ ਦੇ ਉਦੇਸ਼ "ਸਤਿਯਮ ਸ਼ਿਵਮ ਸੁੰਦਰਮ" ਦੀ ਕਸੌਟੀ 'ਤੇ ਪੂਰੀ ਉਤਰੇ। ਅਜੋਕੇ ਸਮੇਂ ਵਿਚ ਇਹ ਕਸੌਟੀ ਨੂੰ ਪੂਰਾ ਕਰਨ ਦੀ ਕਾਬਲੀਅਤ ਕੁਝ ਹੀ ਸਾਹਿਤਕਾਰਾਂ ਵਿਚ ਦੇਖਣ ਨੂੰ ਮਿਲਦੀ ਹੈ ਜਿਵੇਂ ਕਿਸੇ ਵਿਅਕਤੀ ਦੇ ਵਿਅਕਤੀਤਵ ਦੇ ਚੰਗੇ ਪੱਖ ਦੱਸਣ ਲਈ ਹਿੰਮਤ ਤੇ ਉਸ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਕੋਈ ਕਮੀ ਨਹੀਂ ਆਉਂਦੀ ਪਰ ਇਸ ਦੇ ਉਲਟ ਮਾੜੇ ਪੱਖਾਂ ਨੂੰ ਦੱਸਣ ਲਈ ਹਿੰਮਤ ਅਤੇ ਸੁੱਚਜੇ ਸ਼ਬਦਾਂ ਦੀ ਜਰੂਰਤ ਪੈਂਦੀ ਹੈ। ਸਾਹਿਤਕਾਰ ਵੀ ਇਹ ਹੀ ਕੰਮ ਕਰਦਾ ਹੈ ਪਰ ਅਫ਼ਸੋਸ ਇਹ ਕਲਾ ਬਹੁਤ ਘੱਟ ਸਾਹਿਤਕਾਰਾਂ ਵਿਚ ਦੇਖਣ ਨੂੰ ਮਿਲਦੀ ਹੈ ਪਰ ਪਰਵਾਸੀ ਪੰਜਾਬੀ ਕਵੀਆਂ ਵਿਚੋਂ ਇਕ ਅਜਿਹੇ ਕਵੀ ਹਨ ਜਿਹਨਾਂ ਨੇ "ਸਤਿਯਮ ਸ਼ਿਵਮ ਸੁੰਦਰ" ਦੀ ਕਸੌਟੀ ਨੂੰ ਬਾਖੂਬੀ ਪਾਰ ਕੀਤਾ ਹੈ, ਜਿਹਨਾਂ ਦਾ ਨਾਮ ਹੈ ਭੂਪਿੰਦਰ ਸਿੰਘ ਸੱਗੂ। ਭੂਪਿੰਦਰ ਸਿੰਘ ਸੱਗੂ ਬਰਤਾਨਵੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਜਾਣਿਆ ਪਹਿਚਾਨਿਆ ਹਸਤਾਖ਼ਰ ਹੈ। ਅਜਿਹੇ ਕਵੀ ਜਿਹਨਾਂ ਦੀ ਕਲਮ ਨੇ ਨਾ ਕੇਵਲ ਬਰਤਾਨਵੀ ਮੁੱਲਾਂ ਨੂੰ ਪਾਠਕਾਂ ਸਾਹਮਣੇ ਸਨਮੁੱਖ ਕੀਤਾ ਸਗੋਂ ਆਪਣੇ ਮੂਲ ਦੇਸ਼ ਭਾਰਤ ਦੀਆਂ ਸਮੱਸਿਆਵਾਂ ਦਾ ਵੀ ਉਲੇਖ ਕੀਤਾ ਹੈ। ਇਹ ਗੱਲ ਇੱਥੇ ਬਿਲਕੁਲ ਢੁੱਕਵੀਂ ਪ੍ਰਤੀਤ

ਹੁੰਦੀ ਹੈ ਜੀਵਨ ਤੋਂ ਪ੍ਰਾਪਤ ਕੀਤੇ ਅਨੁਭਵ ਉਸ ਵਿਅਕਤੀ ਦੇ ਜੀਵਨ ਨੂੰ ਨਵੇਂ ਤਰੀਕੇ ਨਾਲ ਤਰਾਸ਼ਣ ਵਿਚ ਮਦਦਗਾਰ ਹੁੰਦੇ ਹਨ ਇਸ ਤਰ੍ਹਾਂ ਭੁਪਿੰਦਰ ਸਿੰਘ ਸੱਗੂ ਨੇ ਆਪਣੇ ਜੀਵਨ ਕਾਲ ਵਿਚ ਵੱਖ-ਵੱਖ ਦੇਸ਼ਾਂ ਦੀਆਂ ਕੀਤੀਆਂ ਸੈਰਾਂ ਤੇ ਉਹਨਾਂ ਦੇਸ਼ਾਂ ਬਾਰੇ ਪ੍ਰਾਪਤ ਕੀਤੇ ਅਧਿਐਨ ਨੇ ਉਹਨਾਂ ਦੀ ਕਲਮ ਵਿਚ ਵਿਸ਼ਾਲਤਾ ਲਿਆਂਦੀ ਹੈ ਜੋ ਉਹਨਾਂ ਦੀਆਂ ਕਵਿਤਾ 'ਚ ਦੇਖਣ ਨੂੰ ਮਿਲਦਾ ਹੈ। ਭੁਪਿੰਦਰ ਸਿੰਘ ਸੱਗੂ ਦੀ ਇਕ ਨਵੀਂ ਅੰਤਰ-ਰਾਸ਼ਟਰੀ ਦ੍ਰਿਸ਼ਟੀ ਨੇ ਕਵਿਤਾ ਦੇ ਵਿਸ਼ਿਆਂ ਵਿਚ ਗਹਿਰਾਈ ਲਿਆਉਂਦੀ ਜੋ ਉਹਨਾਂ ਦੀਆਂ ਖੁੱਲ੍ਹੀ ਕਵਿਤਾਵਾਂ ਤੇ ਗ਼ਜ਼ਲਾਂ ਦੋਨਾਂ ਰੂਪਾਂ ਵਿਚ ਦੇਖਣ ਨੂੰ ਮਿਲਦੀ ਹੈ।

ਭੁਪਿੰਦਰ ਸਿੰਘ ਸੱਗੂ ਦੀਆਂ ਹੁਣ ਤੱਕ ਪੰਜਾਬੀ ਸਾਹਿਤ ਜਗਤ ਵਿਚ 13 ਪੁਸਤਕਾਂ ਹਨ, ਜਿਸ ਵਿਚੋਂ ਰਿਸ਼ਤਿਆਂ ਦਾ ਜੰਗਲ (ਕਾਵਿ/ ਗ਼ਜ਼ਲ ਸੰਗ੍ਰਹਿ) 1989, ਸੱਚ ਤੇ ਸੂਲੀ (ਕਾਵਿ-ਸੰਗ੍ਰਹਿ) 1993, ਸਿਮਟੇ ਹੋਏ ਪਲ (ਕਾਵਿ-ਸੰਗ੍ਰਹਿ) 1998, ਕਤਰਾ ਕਤਰਾ ਨੂਰ (ਗ਼ਜ਼ਲ ਸੰਗ੍ਰਹਿ) 2002, ਫ਼ੁੱਲ ਬਣੇ ਅੰਗਿਆਰ (ਕਾਵਿ-ਸੰਗ੍ਰਹਿ) 2006, ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ (ਸੰਪਾਦਨਾ) 2009, ਉਸ ਨੇ ਕਿਹਾ (ਸੰਵਾਦੀ ਲੰਮੀ ਕਵਿਤਾ) 2010, ਚਾਨਣ ਦੀ ਬਾਤ (ਗਜ਼ਲ ਸੰਗ੍ਰਹਿ) 2013, ਮਸ਼ਾਲ (ਗ਼ਜ਼ਲ ਸੰਗ੍ਰਹਿ) 2015, ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ) 2017, ਵਗਦੀ ਰਹੇ ਝਨਾਂ (ਸ਼ਾਹ ਮੁੱਖੀ ਵਿੱਚ) 2018, ਕਹਿਕਸ਼ਾ (ਉਰਦੂ ਸ਼ਿਅਰ) (ਸੰਪਾਦਨਾ) 2020, ਦਰਦ ਜਾਗਦਾ ਹੈ (ਪੰਜਾਬੀ ਕਵਿਤਾ) 2020। ਭੁਪਿੰਦਰ ਸਿੰਘ ਸੱਗੂ ਦੁਆਰਾ ਪਰਵਾਸੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਦਿੱਤੀ ਦੇਣ ਨੂੰ ਮੁੱਖ ਰੱਖਦਿਆਂ ਪੰਜਾਬੀ ਕਲਾ ਮੰਚ (ਲੰਡਨ) ਵਲੋਂ ਸਨਮਾਨਿਤ ਕੀਤਾ ਗਿਆ ਹੈ।

ਇਸ ਖੋਜ-ਪੱਤਰ ਦਾ ਵਿਸ਼ਾ ਪੁਸਤਕ "ਦਰਦ ਜਾਗਦਾ ਹੈ" ਦੇ ਇਰਦ-ਗਿਰਦ ਘੁੰਮਦਾ ਹੈ। ਜਿਸ ਦੀਆਂ ਹੱਦਾਂ ਕੇਵਲ ਦੂਸਰੇ ਪਰਵਾਸੀ ਕਵੀਆਂ ਦੀ ਤਰ੍ਹਾਂ ਭੂ-ਹੇਰਵੇ, ਬੇਗਾਨਗੀ, ਪੀੜ੍ਹੀ-ਪਾੜਾ, ਨਸਲੀ-ਵਿਤਕਰੇ ਤੱਕ ਸੀਮਿਤ ਨਾ ਹੋ ਕੇ ਉਸ ਤੋਂ ਵੀ ਅੱਗੇ ਅਜੋਕੇ ਮਾਨਵ ਜੀਵਨ ਦੇ ਸੰਪੂਰਨ ਸ਼ਖ਼ਸੀਅਤ ਦੇ ਪੱਖਾਂ ਨੂੰ ਬਿਆਨ ਕਰਦੀ ਹੋਈ ਅੰਤਰ-ਰਾਸ਼ਟਰੀ ਚੇਤਨਾ ਤੇ ਪ੍ਰਗਤੀਵਾਦੀ ਵਿਚਾਰਧਾਰਨਾ ਨੂੰ ਨਾਲ ਲੈਕੇ ਜਾਂਦੀ ਹੋਈ ਨਵੇਂ ਪਾਸਾਰਾਂ ਦੇ ਰਸਤੇ ਖੋਲ੍ਹ ਰਹੀ ਹੈ। ਭੁਪਿੰਦਰ ਸਿੰਘ ਸੱਗੂ ਦੀ ਇਹ ਪੁਸਤਕ (ਦਰਦ ਜਾਗਦਾ ਹੈ। "ਕੁੱਜੇ ਵਿਚ ਸਮੁੰਦਰ ਨੂੰ ਬੰਦ ਕਰਨਾ" ਦੇ ਸਮਾਨ ਹੈ ਕਿਉਂਕਿ ਉਹਨਾਂ ਨੇ ਵੱਖ-ਵੱਖ ਵਿਸ਼ਿਆਂ ਤੇ ਆਪਣੀ ਕਲਮ ਅਜ਼ਮਾਈ ਹੈ ਭਾਵੇਂ ਆਮ ਰੋਜ਼ਾਨਾ ਜੀਵਨ ਦੀਆਂ ਘਟਨਾਵਾਂ ਹੋਵੇ (ਡਿਊਟੀ, ਨਰਸਾਂ, ਨਾਮਕਰਣ, ਸਿਆਲ ਦੀ ਰੁੱਤ, ਕਰਫ਼ਿਊ, ਜੌਨ, ਹੇ ਸਖੀ), ਆਪਣਿਆਂ ਦੇ ਦੂਰ ਹੋਣ 'ਤੇ ਦਰਦ ਨੂੰ ਪੇਸ਼ ਕਰਨਾ ਹੋਵੇ (ਨਵਪ੍ਰੀਤ, ਸੀਤਲ), ਸਮਾਜਿਕ ਕੁਰਤੀਆਂ

ਹੋਣ (ਗੈਂਗ ਰੇਪ, ਵੇਲਾਂ ਹੈ ਹੁਣ, ਆਸਿਫ਼ਾ, ਕੰਜਕਾਂ), ਜ਼ਿੰਦਗੀ ਦੀ ਭੱਜ-ਦੌੜ ਵਿਚ ਮਾਨਵ ਦੀ ਆਪੇ ਦੀ ਭਾਲ ਹੋਵੇ (ਅਤੀਤ ਵੱਲ ਖੁੱਲ੍ਹਦਾ ਦਰਵਾਜ਼ਾ, ਕੰਪਿਊਟਰ, ਸ਼ੋਰ, ਆਵਾਜ਼, ਨਾਦ, ਮਾਣ ਭਰਾਵਾਂ ਦਾ), ਹਾਕਮਾਂ ਦੁਆਰਾ ਕੀਤੇ ਜਾਂਦੇ ਜ਼ੁਲਮ ਹੋਣ (ਦਰਦ ਜਾਗਦਾ ਹੈ, ਆਤੰਕ, ਸਮਾਂ, ਅਚਾਨਕ, ਮਲਾਲਾ, ਅੱਗ, ਅਮਰ ਸ਼ਕਤੀ ਮਾਂ), ਕਵਿਤਾ ਬਾਰੇ ਦਿੱਤੇ ਨੁਕੱਤੇ ਹੋਣ (ਬੁੱਧੀਜੀਵੀ ਕਵਿਤਾ, ਤਾਰਿਆਂ ਦੀ ਲੋਅ, ਗੀਤ, ਸ਼ਾਇਰ ਆਲੋਚਕ), ਸਿਸਟਮ ਦੇ ਵਿਰੁੱਧ ਆਵਾਜ਼ ਹੋਵੇ (ਐਨ. ਐਚ. ਐਸ ਦਾ ਕੱਟ), ਧਰਮ ਦੇ ਅਸਲ ਅਰਥਾਂ ਨੂੰ ਪੇਸ਼ ਕਰਨਾ ਹੋਵੇ (ਆਖ਼ਰੀ ਕਿੱਲ, ਮੂਰਤੀ, ਕਰਾਮਤ, ਸੂਰਜ ਦੇ ਉਦੈ ਹੁੰਦਿਆਂ), ਭ੍ਰਿਸ਼ਟਾਚਾਰ ਬਾਰੇ ਬੋਲਣਾ ਹੋਵੇ (ਭਾਸ਼ਨ, ਕੁਰਸੀ, ਬੁੱਕਲ ਦੇ ਸੱਪ) ਪਰਵਾਸ ਧਾਰਨ ਕਰਨ ਪਿਛੋਂ ਪਰਵਾਸੀ ਤੇ ਉਸ ਪਿਛੋਂ ਘਰਦਿਆਂ ਦੀ ਸਥਿਤੀ ਨੂੰ ਬਿਆਨ ਕਰਨਾ ਹੋਵੇ (ਪਾਕੀ ਬਾਸਟਰਡ, ਬਾਬੇ ਬੋਹੜ ਨਾਲ ਗੱਲਾਂ, ਮੈਂ ਅਤੇ ਪਿੰਡ, ਉਪਰਿਆਂ ਦੇ ਵਾਂਗਰ, ਤੜਾਗੀ ਦੇ ਬੋਰ, ਫ਼ੌਜੀ, ਮੇਰਾ ਪਿੰਡ), ਭਾਵੇਂ ਕੁਦਰਤ ਦੇ ਸੁੰਦਰ ਨਜ਼ਾਰਿਆਂ ਦੀ ਪੇਸ਼ਕਾਰੀ ਹੋਵੇ (ਨਦੀ ਕਿਨਾਰੇ, ਨਿਮੰਤਰਣ, ਸੈਨ ਵਾਕੀਨ ਦਰਿਆ, ਅਲਕਾਟਰਾਜ਼, ਸੈਨ ਐਨਟੀਅਓ ਵੈਲੀ)। ਜਿਸ ਦਾ ਹੁੰਗਾਰਾ ਖ਼ੁਦ ਉਹਨਾਂ ਦੇ ਬੋਲ ਭਰਦੇ ਹਨ, "ਅਜੋਕੇ ਯੁੱਗ ਦੀ ਨਵੀਂ ਚੇਤਨਾ ਵਾਲੀ ਕਾਵਿ-ਰਚਨਾ ਮਾਨਵ ਦੇ ਸੰਪੂਰਨ ਵਿਅਕਤੀਤਵ, ਮਨੁੱਖੀ ਰਿਸ਼ਤਿਆਂ ਅਤੇ ਉਸ ਦੀ ਤਲਾਸ਼ ਨੂੰ ਸਮਰਪਿਤ ਹੈ। ਪਦਾਰਥਕ ਪ੍ਰਾਪਤੀਆਂ ਦੀ ਦੌੜ-ਭੱਜ ਵਿੱਚ ਰਿਸ਼ਤੇ-ਨਾਤੇ ਇੱਕ ਜੰਗਲ ਦੇ ਰੂਪ ਵਿਚ ਤਬਦੀਲ ਹੋ ਗਏ ਹਨ। ਜਿਸ ਦੇ ਅੰਦਰ ਅੱਜ ਦਾ ਮਾਨਵ ਗੁਆਚ ਗਿਆ ਹੈ। ...ਚੁਫੇਰੇ ਜ਼ੋਰ-ਜ਼ਬਰਦਸਤੀ, ਲੁੱਟ-ਖਸੁੱਟ, ਨਾ ਬਰਾਬਰੀ, ਬੇ ਇਨਸਾਫ਼ੀ, ਅਮੀਰਾਂ ਵਲੋਂ ਗ਼ਰੀਬਾਂ ਦਾ ਸ਼ੋਸ਼ਣ ਨਿਰੰਤਰ ਜਾਰੀ ਹੈ। ਸਿਆਸੀ ਨੇਤਾ ਅਤੇ ਮਜ਼੍ਹਬ ਦੇ ਰਾਖ, ਮਜ਼੍ਹਬ ਨੂੰ ਅੰਦਰੋਂ ਖੋਖਲਾ ਕਰੀ ਜਾ ਰਹੇ ਹਨ। ਚੁਫੇਰੇ ਬਲਾਤਕਾਰੀ ਸ਼ਰੇਆਮ ਘੁੰਮ ਰਹੇ ਹਨ। ਦਲੀਲਬਾਜ਼ੀ ਅਤੇ ਅਸੂਲ ਸਭ ਛਿੱਕੇ ਟੰਗ ਦਿੱਤੇ ਗਏ ਹਨ। ਹਾਕਮਾਂ ਦੇ ਵਤੀਰੇ ਪ੍ਰਤੀ ਵਿਦਰੋਹ ਦੀ ਭਾਵਨਾ ਵਾਲੀ ਕਵਿਤਾ ਰਚੀ ਜਾ ਰਹੀ ਹੈ।"

ਇਹ ਕਹਿਣਾ ਬਿਲਕੁਲ ਸਹੀ ਹੈ ਕਿ ਜੱਦ ਤੱਕ ਕਵੀ ਕਿਸੇ ਵੀ ਹਲਾਤ, ਸੁੱਖ, ਦੁੱਖ ਜਾਂ ਪੀੜ ਨੂੰ ਆਪਣੇ ਹਿਰਦੇ ਵਿਚ ਮਹਿਸੂਸ ਨਹੀਂ ਕਰਦਾ ਤੱਦ ਤੱਕ ਉਹ ਪਾਠਕਾਂ ਨੂੰ ਆਪਣੇ ਨਾਲ ਜੋੜ ਨਹੀਂ ਸਕਦਾ। ਭੂਪਿੰਦਰ ਸਿੰਘ ਸੱਗੂ ਨੇ ਇਹੋ ਜਿਹਾ ਦੁੱਖ ਮਹਿਸੂਸ ਕੀਤਾ। ਜਦੋਂ ਜਰਮਨ ਦੇ ਸ਼ਹਿਰ 'ਵਾਈਮਾ' ਗਿਆ। ਜਿੱਥੇ ਹਿਟਲਰ ਵੱਲੋਂ 1937 ਈ. ਵਿਚ "ਬੁਕਨਬਾਲਡ ਕਾਨਸਟ੍ਰੇਸ਼ਨ ਕੈਂਪ" ਬਣਾਇਆ ਸੀ। ਜਿਸ ਵਿਚ ਪੰਜਾਹ ਕੌਮਾਂ ਦੇ 2,50,000 ਤੋਂ ਉਪਰ ਕੈਦੀਆਂ ਨੂੰ ਕੈਦ ਕੀਤਾ ਹੋਇਆ ਸੀ। 56000 ਤੋਂ ਵੱਧ ਕੈਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅੰਤ ਅਮਰੀਕੀ ਫ਼ੌਜ ਨੇ ਇਸ ਨੂੰ ਆਜ਼ਾਦ ਕਰਾਇਆ। ਭੂਪਿੰਦਰ ਸਿੰਘ ਸੱਗੂ ਇਸ ਬਾਰੇ ਵਿਚਾਰ ਹਨ

"ਜਦੋਂ ਮੈਂ ਇਸ ਕਮਰੇ ਵਿੱਚ ਪਰਵੇਸ਼ ਕੀਤਾ ਤਾਂ ਮੇਰੇ ਕੰਨਾਂ ਨੂੰ ਚੀਕਾਂ, ਕੁਰਲਾਹਟਾਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਜੋ ਮੈਂ ਇੰਗਲੈਂਡ ਵਾਪਸ ਆ ਕੇ ਵੀ ਨਹੀਂ ਭੁੱਲ ਸਕਿਆ। ਇਸ ਅਨੁਭਵ ਨੂੰ ਇਸ ਕਵਿਤਾ ਵਿਚ ਬਾਖ਼ੂਬੀ ਦੇਖਿਆ ਜਾ ਸਕਦਾ ਹੈ।

"ਹਿਟਲਰ ਦੇ ਤਸੀਹੇ ਕੇਂਦਰ, ਜਿੱਥੇ ਬੇਵਸਾਂ ਦੀਆਂ,
ਸਿਸਕੀਆਂ, ਚੀਖ਼ਾਂ, ਕੁਰਲਾਹਟਾਂ, ਮੌਤ ਦਾ ਆਖ਼ਰੀ ਘੁੱਟ ਭਰਦੀਆਂ
ਸੁਲਗਦੀਆਂ ਪੌਣਾਂ 'ਚ ਅਭੇਦ ਹੋ ਗਈਆਂ, ਆ ਦਿਖਾਵਾਂ,
ਕਤਲਗਾਹ ਦੀ ਚੌੜੀ ਕੰਧ ਪਿਛੇ, ਜਿੱਥੇ ਲਾਸ਼ਾਂ ਦੇ ਲਗਦੇ ਰਹੇ ਅੰਬਾਰ,
ਅੱਜ ਵੀ ਪੱਥਰਾਂ 'ਚੋਂ, ਬੇਦੋਸ਼ੇ ਨਜ਼ਰਬੰਦਾਂ ਦਾ ਖ਼ੂਨ ਸਿੰਮਦਾ ਹੈ।

(ਦਰਦ ਜਾਗਦਾ ਹੈ)

ਇਸੇ ਤਰ੍ਹਾਂ 2011 ਈ. ਵਿੱਚ ਇੰਗਲੈਂਡ 'ਚ ਹੋਏ ਦੰਗਿਆ ਨੂੰ ਕਵੀ ਨੇ ਆਪਣੀ ਕਵਿਤਾ "ਆਤੰਕ" ਵਿੱਚ ਮਾਨਵ ਦੇ ਇਕ ਭਿਅੰਕਰ ਰੂਪ, ਪੁਲਸ ਪ੍ਰਸ਼ਾਸਨ ਦੀ ਬੇਵਸੀ ਅਤੇ ਸ਼ਹਿਰ ਵਿਚ ਹੋਈ ਤਹਿਸ-ਨਹਿਸ ਨੂੰ ਬੜੀ ਬਾਰੀਕੀ ਨਾਲ ਬਿਆਨ ਕੀਤਾ ਹੈ।

"ਆਤੰਕ ਦਾ ਐਸਾ ਤਾਂਡਵ, ਅੱਗ ਦੀ ਲਪੇਟ 'ਚ
ਸਭ ਕੁਝ ਭਸਮ ਸਭ ਕੁਝ ਖ਼ਤਮ।
ਧੂੰਏ ਦੇ ਆਬੰਰ 'ਚੋਂ ਉਭਰਦੀ, ਕਾਨੂੰਨ ਦੇ ਰਾਖੇ,
ਲਾਚਾਰ, ਦਰਸ਼ਕ ਦੀ ਤਰ੍ਹਾਂ ਖੜੇ ਦੇਖ ਰਹੇ,
ਖੱਸੀ ਕਾਨੂੰਨ ਦੀ ਅੱਗ ਸੇਕ ਰਹੇ।
ਮਨ ਇਹੀ ਸੋਚਦਾ...
ਆਤੰਕ, ਕਿਸੇ ਵੇਲੇ ਵੀ ਜਾਗ ਸਕਦਾ ਹੈ।"

(ਆਤੰਕ)

ਅਮਰੀਕਾ ਦੁਆਰਾ ਕੀਤੇ 2018 ਈ. ਵਿਚ ਅਫ਼ਗਾਨਿਸਤਾਨ ਦੇ ਕਦੂਸ ਮਦਰਸੇ 'ਤੇ ਹਮਲੇ ਦੇ ਇਕ ਪਹਿਲੂ ਨੂੰ ਬਿਆਨ ਕਰਦੀ ਛੋਟੀ ਜਿਹੀ ਕਵਿਤਾ ਹੈ। ਜਿਸ ਵਿਚ ਸੈਂਕੜੇ ਆਮ ਨਾਗਰਿਕ ਤੇ ਦਰਜ਼ਨੋਂ ਬੱਚਿਆਂ ਦੀ ਮੌਤ ਹੋ ਗਈ। ਉਸ ਦਰਦ ਨੂੰ ਬਿਆਨ ਕਰਦੀ ਕਵਿਤਾ 'ਸਲਮਾਂ' ਹੈ ਜਿਸ ਵਿਚ ਇਕ ਛੋਟੀ ਬੱਚੀ ਸਲਮਾਂ ਪਾਤਰ ਦੁਆਰਾ ਸਿਆਸਤ ਉਪਰ ਕਟਾਸ਼ ਕੱਸਿਆ ਗਿਆ ਹੈ ਜੋ ਪਾਠਕਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦਾ ਹੈ।

"ਕਲ੍ਹ
ਜੋ ਮਦਰਸੇ ਉਤੇ, ਬੰਬ ਵਰਾਉਂਦੇ, ਚਿੱਟੇ ਹੱਥ ਸਨ।
ਅੱਜ

ਖ਼ੈਰਾਤ ਵੰਡਦੇ ਜਿਹੜੇ, ਚਿੱਟੇ ਹੱਥ ਨੇ।
ਸਲਮਾਂ ਪੁੱਛਦੀ, ਦੱਸ ਨੀ ਅੰਮਾ!
ਇਹ ਉਹੀ ਹੱਥ ਨੇ।"[*] (ਸਲਮਾਂ)

12 ਜੁਲਾਈ 1997, ਮਿੰਗੋਰਾ, ਖ਼ੈਬਰ, ਪੰਖ਼ਤੂੰ ਖ਼ਵਾ, ਪਾਕਿਸਤਾਨ ਵਿਚ ਜਨਮੀ ਮਲਾਲਾ, ਜੋ ਬੀ. ਬੀ. ਸੀ. ਦੀ ਸਾਬਕਾ ਬਲੌਗਰ ਅਤੇ ਔਰਤਾਂ ਦੇ ਹੱਕਾਂ ਲਈ ਸੰਘਰਸ਼ ਅਤੇ ਵਿਦਿਆ ਪਸਾਰ ਲਈ ਕਈ ਮਹੱਤਵਪੂਰਨ ਕਾਰਜ ਰਹੀ ਹੈ। ਇਹ ਕਵਿਤਾ ਸ਼ਕਤੀਸ਼ਾਲੀ ਤੇ ਮਜ਼ਬੂਤ ਇਰਾਦਿਆਂ ਦੀ ਧਾਰਨੀ ਔਰਤ ਦੇ ਇਰਦ-ਗਿਰਦ ਘੁੰਮਦੀ ਹੈ, ਜਿਸ ਨੂੰ ਕਵੀ ਨੇ "ਮਾਨਵਤਾ ਦੀ ਪਹਿਰੇਦਾਰ" ਕਹਿ ਕੇ ਸੰਬੋਧਨ ਕੀਤਾ ਹੈ। ਜਿਸ ਦੀ ਤੁਲਨਾ ਮਾਂ ਦੁਰਗਾ ਅਤੇ ਝਾਂਸੀ ਦੀ ਰਾਣੀ ਨਾਲ ਕੀਤੀ ਹੈ।

"ਤੂੰ ਹੀ ਦੁਰਗਾ, ਤੂੰ ਹੀ ਭਵਾਨੀ,
ਤੂੰ ਹੀ ਝਾਂਸੀ ਦੀ ਹੈ ਰਾਣੀ, ਰਣ ਤੱਤ 'ਚ ਜੌਹਰ ਦਿਖਾ ਦੇ,
ਪੜ੍ਹ ਕੇ ਚੰਡੀ ਦੀ ਇੱਕ ਵਾਰ
ਮਲਾਲਾ
ਮਾਨਵਤਾ ਦੀ ਪਹਿਰੇਦਾਰ! (ਮਲਾਲਾ)

ਕਵੀ ਨੇ ਆਪਣੀਆਂ ਕਵਿਤਾਵਾਂ ਵਿਚ ਸਮਾਜ 'ਚ ਔਰਤ ਦੀਆਂ ਦੋ ਤਰ੍ਹਾਂ ਦੀ ਪ੍ਰਸਥਿਤੀਆਂ ਨੂੰ ਬਿਆਨ ਕੀਤਾ। ਇੱਕ ਮਲਾਲਾ ਵਰਗੀ ਸੰਘਰਸ਼ਸ਼ੀਲ ਔਰਤ ਜੋ ਆਪਣੇ ਅਤੇ ਆਪਣੀਆਂ ਵਰਗੀਆਂ ਔਰਤਾਂ ਤੇ ਬੱਚਿਆਂ ਨੂੰ ਸਮਾਜ ਵਿਚ ਅੱਗੇ ਵਧਾਉਣ ਲਈ ਉਸ ਸਮੇਂ ਦੇ ਹਾਕਮਾਂ ਤੇ ਵਿਰੋਧੀਆਂ ਨਾਲ ਟਾਕਰਾ ਲੈ ਰਹੀ ਹੈ। ਦੂਜੀਆਂ ਜੋ ਇਨਸਾਨ ਤੋਂ ਹਵਾਨ ਬਣੇ ਦਰਿੰਦਿਆਂ ਦੇ ਸ਼ੋਸ਼ਣ ਦਾ ਸ਼ਿਕਾਰ ਹਨ। ਭਾਵੇਂ ਦਿੱਲੀ ਵਿਚ ਚੱਲਦੀ ਬੱਸ 'ਚ ਹੋਏ ਗੈਂਗ ਰੇਪ ਜਾਂ ਜੰਮੂ ਕਸ਼ਮੀਰ ਵਿਚ 8 ਸਾਲ ਦੀ ਬੱਚੀ ਨਾਲ ਹੋਏ ਗੈਂਗਰੇਪ ਦੀ ਘਟਨਾ ਜਾਂ ਇਵੇਂ ਦੀਆਂ ਹੋਰ ਬਹੁਤ ਸਾਰੀਆਂ ਅਣਗਿਣਤ ਬੇਵਸ ਔਰਤਾਂ ਤੇ ਬੱਚੀਆਂ ਹਨ। ਜਿੱਥੇ ਇਨਸਾਫ਼ ਦੀ ਰੌਸ਼ਨੀ ਨਹੀਂ ਜਿਸ ਲਈ ਕਾਨੂੰਨ ਦੇ ਠੇਕੇਦਾਰ ਅਹਿਮ ਭੂਮਿਕਾ ਨਿਭਾ ਰਹੇ ਹਨ। ਜਿਸ ਨੂੰ ਕਵੀ ਨੇ ਆਪਣੀਆਂ ਕਵਿਤਾਵਾਂ ਵਿਚ ਬਿਨਾਂ ਇੱਜਕੇ ਪੇਸ਼ ਕੀਤਾ ਹੈ।

"ਇਹ ਕੈਸੀ ਜਾਦੂਗਰਨੀ ਰਾਜਧਾਨੀ ਹੈ,
ਜਿੱਥੇ ਮਨੁੱਖਤਾ ਤੇ ਸ਼ੈਤਾਨੀਅਤ
ਇੱਕੋ ਤਕੜੀ 'ਚ ਡੁੱਲਦੇ ਹਨ।
ਅਫ਼ਸੋਸ ਦਿੱਲੀ ਦਰਬਾਰ ਅਵੇਸਲਾ ਹੈ
ਕਾਨੂੰਨ ਲੰਗੜਾ-ਲੂਲਾ ਹੈ।
ਸਮਾਜ ਬੇਚੈਨ ਹੈ" (ਗੈਂਗ ਰੇਪ)

ਕਵੀ ਨੇ ਪਰਵਾਸੀਆਂ ਦੇ ਦੁੱਖੜੇ ਨੂੰ ਆਪਣੀਆਂ ਕਵਿਤਾਵਾਂ ਵਿਚ ਕਲਮਬੱਧ ਕੀਤਾ ਹੈ। ਪਰਵਾਸ ਧਾਰਨ ਕਰਨ ਮਗਰੋਂ ਪਰਿਵਾਰ ਦੀ ਭਾਵਨਾਮਕ ਸਥਿਤੀ ਨੂੰ ਬਿਆਨ ਕੀਤਾ ਹੈ ਜਿਸਨੂੰ "ਉਡੀਕ"ਕਵਿਤਾ ਵਿਚ ਦੇਖਿਆ ਜਾ ਸਕਦਾ ਹੈ। ਜਿਸ ਵਿਚ ਰੋਜ਼ੀ-ਰੋਟੀ ਕਮਾਉਣ ਲਈ ਗਿਆ ਪਤੀ ਪਰਵਾਸੀ ਹੋ ਜਾਂਦਾ ਹੈ ਤੇ ਪਰਵਾਸ ਦੇ ਸੁੱਖਾਂ ਵਿਚ ਗ੍ਰਸਤ ਹੋ ਜਾਣ ਮਗਰੋਂ ਕਦੀ ਵਾਪਸ ਨਹੀਂ ਪਰਤਿਆ। ਇਸ ਕਵਿਤਾ ਵਿਚ ਔਰਤ ਦਾ ਦੁੱਖ ਉਸ ਸਮੇਂ ਚਰਮ ਸੀਮਾ ਤੇ ਪਹੁੰਚਦਾ ਹੈ ਜਦੋਂ ਉਸ ਦਾ ਪੁੱਤ ਵੀ ਆਪਣੇ ਪਿਉਂ ਦੇ ਕਦਮਾਂ ਉੱਤੇ ਤੁਰ ਪੈਂਦਾ ਹੈ।

"ਮਾਂ
ਅੱਜ ਵੀ ਸਿੱਲ-ਪੱਥਰ ਬਣੀ
ਦਰਾਂ 'ਚ ਖੜ੍ਹੀ ਉਡੀਕਦੀ
ਪ੍ਰਵਾਸੀ ਪੁੱਤ
ਪ੍ਰਦੇਸ ਗਏ ਪਤੀ ਦੇ
ਗ਼ਮ ਦਾ ਜ਼ਹਿਰ ਡੀਕਦੀ।" (ਉਡੀਕ)

ਹੋਰ ਪਰਵਾਸੀ ਕਵੀਆਂ ਦੇ ਵਾਂਗ ਆਪਣੇ ਮੂਲ ਧਰਤੀ ਦੇ ਮੋਹ, ਪਿਆਰ ਤੇ ਤਾਂਘ ਨੂੰ ਭੂਪਿੰਦਰ ਸਿੰਘ ਸੱਗੂ ਨੇ ਵੀ ਆਪਣੀਆਂ ਕਵਿਤਾਵਾਂ ਵਿਚ ਦਰਸਾਇਆ ਹੈ। ਕਵਿਤਾ "ਉਪਰਿਆਂ ਦੇ ਵਾਂਗ" ਵਿਚ ਕਵੀ ਨੇ ਸੰਵਾਦ ਰਾਹੀਂ ਦੇਸ਼ ਦੀ ਧਰਤੀ ਵਿਚੋਂ ਅਪੱਣਤ ਤੇ ਮੋਹ ਦੀਆਂ ਕਮਜ਼ੋਰ ਹੋਈਆਂ ਤੰਦਾਂ ਨੂੰ ਵਿਅਕਤ ਕੀਤਾ ਹੈ। ਇਸ ਤੋਂ ਇਲਾਵਾ ਕਵਿਤਾ "ਬਾਬੇ ਬੋਹੜ ਨਾਲ ਗੱਲਾਂ" ਵਿਚ ਕਵੀ ਨੇ "ਬੋਹੜ" ਨੂੰ ਪੰਜਾਬ ਦਾ ਪ੍ਰਤੀਨਿੱਧ ਚਿੰਨ੍ਹ ਮੰਨ ਕੇ ਪੁਰਾਣੇ ਪੰਜਾਬੀ ਸਭਿਆਚਾਰ ਦੇ ਖੁੱਸ ਹੋ ਜਾਣ, ਰਿਸ਼ਤਿਆਂ ਵਿਚ ਆਈ ਕੜਵਾਹਟ, ਨਸ਼ਿਆਂ ਦੇ ਦਰਿਆ ਵਿਚ ਤਾਰੀ ਲਾਉਂਦੇ ਨੌਜ਼ਵਾਨ ਅਤੇ ਪੰਜਾਂ ਦਰਿਆਵਾਂ ਵਾਲੀ ਧਰਤੀ ਪੰਜਾਬ 'ਤੇ ਸੋਕੇ ਦੇ ਭਿਆਨਕ ਰੂਪ ਨਾਲ ਪੰਜਾਬ ਦੀ ਅਜੋਕੀ ਸਥਿਤੀ ਦੀ ਝਲਕ ਦਿਖਾਈ ਹੈ। ਅੰਤ ਵਿਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭੂਪਿੰਦਰ ਸਿੰਘ ਸੱਗੂ ਦੀ ਕਲਮ ਨੇ ਹਰ ਤਰ੍ਹਾਂ ਦੇ ਵਿਸ਼ਿਆਂ 'ਤੇ ਆਪਣੀ ਕਲਮ ਅਜ਼ਮਾਈ ਕੀਤੀ ਹੈ ਅਤੇ ਥੋੜੇ ਸ਼ਬਦਾਂ ਵਿਚ ਬਹੁਤ ਡੂੰਘੀ ਗੱਲ ਕਹਿ ਜਾਣਾ ਇਕ ਚੰਗੇ ਵਿਸ਼ਸ਼ਟ ਸਾਹਿਤ ਤੇ ਸਾਹਿਤਕਾਰ ਦੀ ਇਕ ਨਿਸ਼ਾਨੀ ਹੈ ਜੋ ਭੂਪਿੰਦਰ ਸਿੰਘ ਸੱਗੂ ਦੀ ਲਿਖਤ ਵਿਚ ਦੇਖੀ ਜਾ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਭੂਪਿੰਦਰ ਸਿੰਘ ਸੱਗੂ, "ਦਰਦ ਜਾਗਦਾ ਹੈ", ਪੰਨਾ ਨੰ. 9.

●●●●●

# ਭੂਪਿੰਦਰ ਸਿੰਘ ਸੱਗੂ ਦੀ ਕਵਿਤਾ 'ਦਰਦ ਜਾਗਦਾ ਹੈ' : ਦਗਦੇ ਸੱਚਾਂ ਦਾ ਸੁੱਚਾ ਰੂਪਾਂਤਰਣ

## ਡਾ. ਉਮਿੰਦਰ ਜੌਹਲ

ਦੋਆਬਾ ਕਾਲਜ ਵਿੱਚ ਐਸੋਸੀਏਟ ਪ੍ਰੋਫੈਸਰ ਵਜੋਂ ਕਾਰਜਸ਼ੀਲ ਡਾ. ਉਮਿੰਦਰ ਜੌਹਲ 'ਕਾਵਿ-ਲੋਕ' ਪੱਤ੍ਰਿਕਾ ਦੇ ਆਨਰੇਰੀ ਐਡੀਟਰ ਵੀ ਹਨ। ਇਨ੍ਹਾਂ ਦੀਆਂ ਆਲੋਚਨਾ ਨਾਲ ਸਬੰਧਿਤ ਦੋ ਪੁਸਤਕਾਂ ਤੇ ਤਿੰਨ ਕਾਵਿ ਸੰਗ੍ਰਹਿ 'ਰੁਕੇ ਹੋਏ ਪਲ', 'ਸਦੀਆਂ ਦਾ ਤਪ'ਤੇ 'ਸਵੈ ਨਾਮ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ 50 ਦੇ ਕਰੀਬ ਖੋਜ ਪੱਤਰ ਵੀ ਛੱਪ ਚੁੱਕੇ ਹਨ। ਉਨ੍ਹਾਂ ਦੁਆਰਾ ਭੂਪਿੰਦਰ ਸਿੰਘ ਸੱਗੂ ਦੀ ਪੁਸਤਕ ਸੰਬੰਧੀ ਵਿਚਾਰ ਪੇਸ਼ ਹਨ।

ਭੂਪਿੰਦਰ ਸਿੰਘ ਸੱਗੂ ਉਨ੍ਹਾਂ ਪਰਵਾਸੀ-ਬਰਤਾਨਵੀ ਸ਼ਾਇਰਾਂ ਵਿਚ ਸ਼ੁਮਾਰ ਹੈ, ਜਿਨ੍ਹਾਂ ਨੇ ਲਗਾਤਾਰ ਕਾਵਿਕਾਰੀ ਰਾਹੀਂ ਸਮਾਜ ਦੇ ਸਮੁੱਚੇ ਵਰਤਾਰਿਆਂ ਨੂੰ ਸਮਝਣ-ਸਮਝਾਉਣ ਤੇ ਸ਼ਬਦ-ਕਲਾ ਰਾਹੀਂ ਮੁੜ ਪ੍ਰਗਟਾਉਣ ਦੀ ਜੀਵੰਤ ਸਰਗਰਮੀ ਹਮੇਸ਼ਾ ਦਿਖਾਈ ਹੈ। ਉਨ੍ਹਾਂ ਦੁਆਰਾ ਰਚਿਤ ਲਗਭਗ ਇਕ ਦਰਜਨ ਤੋਂ ਵੱਧ ਕਾਵਿ-ਪੁਸਤਕਾਂ ਨੇ ਉਨ੍ਹਾਂ ਦੀ ਪੰਜਾਬੀ ਕਵਿਤਾ ਵਿਚ ਪਛਾਣ ਨੂੰ ਗੂੜ੍ਹਾ ਉਕਰਿਆ ਹੋਇਆ ਹੈ। ਪੰਜਾਬੀ ਕਵਿਤਾ ਦੇ ਵਿਸਥਾਰ ਵਿਚ ਲੇਖਕ ਦਾ ਇਹ ਰਚਨਾਤਮਿਕ ਅਮਲ ਵੱਡੀ ਭੂਮਿਕਾ ਦੀ ਗਵਾਹੀ ਹੈ। ਭੂਪਿੰਦਰ ਸਿੰਘ ਸੱਗੂ ਕਾਵਿ-ਸੰਗ੍ਰਹਿ 'ਦਰਦ ਜਾਗਦਾ ਹੈ' ਰਾਹੀਂ ਇਕ ਵਾਰ ਫਿਰ ਨਵੀਂ ਆਭਾ ਤੇ ਨਵੀਂ ਵਿਚਾਰ-ਸ਼ੈਲੀ ਰਾਹੀਂ ਪੰਜਾਬੀ ਪਾਠਕਾਂ ਦੇ ਰੂਬਰੂ ਹੈ। ਇਸ ਪੁਸਤਕ ਵਿਚ ਸੰਵੇਦਨਾ ਦੀਆਂ ਸੂਖ਼ਮ ਤੰਦਾਂ, ਮਾਨਵੀ ਰਿਸ਼ਤਿਆਂ ਦੀਆਂ ਉਨ੍ਹਾਂ ਪੇਚੀਦਗੀਆਂ ਦੀ ਥਾਹ ਪਾਉਣ ਦੇ ਯਤਨਾਂ ਵਿਚ ਹਨ, ਜਿਹੜੀਆਂ ਪੇਚੀਦਗੀਆਂ ਮਨੁੱਖ ਨੂੰ ਆਪਣੀਆਂ ਮਾਨਵੀ ਸਾਂਝਾਂ ਅਤੇ ਪਛਾਣਾਂ ਦੇ ਵਰਤਮਾਨੀ ਮੁਹਾਂਦਰੇ ਬਾਰੇ ਮੁੜ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ। ਪਵਿੱਤਰ ਰਿਸ਼ਤਿਆਂ ਦੀ ਖ਼ੁਰਦੀ ਭੌਂ ਕਿਵੇਂ ਸਮਾਜ ਅਤੇ ਮਨੁੱਖੀ ਮਾਨਸਿਕਤਾ ਨੂੰ ਝੰਜੋੜਦੀ ਤੇ ਵਲੂੰਧਰੀ ਹੋਈ ਸਮਕਾਲੀ ਦੌਰ ਨੂੰ ਮਾਨਵੀ ਇਤਿਹਾਸ ਦੇ ਸਭ ਤੋਂ ਵਧੇਰੇ ਅਮਾਨਵੀ ਦੌਰ ਵਿਚੋਂ ਪ੍ਰਸਤੁਤ ਕਰ ਰਹੀ ਹੈ। ਇਹ ਕਵਿਤਾ ਇਸ ਦੌਰ ਦੇ ਅਜਿਹੇ ਨਕਸ਼ਾਂ ਦੀ ਅੰਦਰਲੀ ਤਹਿ ਨੂੰ ਫਰੋਲਣ ਤੇ

ਨਸ਼ਰ ਕਰ ਦੇਣ ਦੇ ਸਿਰਜਣਾਤਮਿਕ ਆਹਰ ਵਿਚ ਜੁੱਟੀ ਹੋਈ ਕਵਿਤਾ ਹੈ।

'ਦਰਦ ਜਾਗਦਾ ਹੈ' ਸਿਰਲੇਖ ਵਾਲੀ ਕਵਿਤਾ ਦੇ'ਦਰਦ' ਨੂੰ ਭਾਵੇਂ ਕਵੀ ਨੇ ਹਿਟਲਰ ਦੇ 'ਵਾਈਮਾਂ' ਵਿਚ ਕੀਤੇ ਤਸ਼ੱਦਦ ਦੇ ਹਵਾਲੇ ਰਾਹੀਂ ਪ੍ਰਗਟਾਇਆ ਹੈ ਪਰ ਸਮੁੱਚੇ ਸੰਗ੍ਰਹਿ ਵਿਚ ਅਮਾਨਵੀ 'ਦਰਦ' ਦੀਆਂ 'ਕਾਵਿ-ਆਹਾਂ' ਪਾਠਕ ਨੂੰ ਦਰਦੀਲੇ ਵਕਤਾਂ ਦੀ ਅਮਾਨਵੀ ਹੋਣੀ ਦਾ ਅਹਿਸਾਸ ਤੇ ਬੋਧ ਕਰਵਾ ਕੇ ਵਰਤਮਾਨ ਸਮਿਆਂ ਦੀਆਂ ਸਮੁੱਚੀਆਂ ਪ੍ਰਾਪਤੀਆਂ ਅਤੇ ਵਿਕਾਸ-ਉਚਾਈਆਂ ਸਾਹਵੇਂ ਪ੍ਰਸ਼ਨ-ਚਿੰਨ੍ਹ ਲਗਾ ਰਹੀਆਂ ਹਨ। ਇਸ ਕਾਵਿਕਾਰੀ ਵਿਚਲੀਆਂ ਇਹ'ਕਾਵਿ-ਆਹਾਂ' ਲੇਖਕ ਦੀ ਸੁੱਚੀ ਸੰਵੇਦਨਾ ਦੇ ਰੂਪਾਂਤਰਣਾਂ ਦੀ ਗਵਾਹੀ ਬਣਦੀਆਂ ਹਨ।

ਜਰਮਨੀ ਦੇ ਵਾਈਮਾ ਸ਼ਹਿਰ ਵਿਚ ਬਣਾਏ ਬੁਕਨਵਾਲਡ ਕਾਨਸਟ੍ਰੇਸ਼ਨ ਕੈਂਪ ਦੇ ਗੇਟ ਉੱਪਰ ਉੱਕਰੇ ਸ਼ਬਦ 'ਜੇਦਮ ਡੈੱਸ ਸਾਟੇਨ' (ਇਥੇ ਤੁਹਾਡਾ ਕੋਈ ਨਹੀਂ, ਆਖ਼ਰੀ ਸਾਹਾਂ ਤੱਕ) ਭਾਵੇਂ ਹਿਟਲਰ ਦੇ ਆਤੰਕੀ ਦੌਰ ਦਾ ਘਿਣਾਉਣਾ ਸੱਚ ਬਿਆਨਦੇ ਹਨ ਪਰ ਇਹ ਕਾਵਿਕਾਰੀ ਅਸਲ ਵਿਚ ਸਮੁੱਚੇ ਸਮਾਜ ਦੇ ਅਮਾਨਵੀ ਵਰਤਾਰਿਆਂ ਤੇ ਉਸਾਰਾਂ ਦੀ ਤਹਿ ਦੇ ਮੰਥਨਾਂ ਵਿਚੋਂ ਮਾਨਵੀ ਦਰਦਾਂ ਦੀ ਥਾਹ ਪਾਉਣ ਵਾਲੀ ਸੂਖ਼ਮ ਪਰਕਿਰਤੀ ਦੀ ਅਜਿਹੀ ਕਾਵਿਕਾਰੀ ਹੈ, ਜਿਸ ਨੂੰ ਮਾਨਵ ਕਲਿਆਣ ਦੀ ਅਧਾਰ-ਭੌਂ ਸਿਰਜਣ ਦੀ ਜੁਗਤ ਆਉਂਦੀ ਹੈ। ਪਿੰਡਾਂ ਵਿਚੋਂ ਮਨਫ਼ੀ ਹੋਏ ਅਤੇ ਹੋ ਰਹੇ ਭਾਈਚਾਰਕ ਸਾਂਝ-ਸੂਤਰਾਂ ਦੇ ਗੁੰਮ ਗਵਾਚ ਜਾਣ ਦੀ ਗੱਲ ਕਰਦੀ ਇਹ ਕਵਿਤਾ ਪੀੜ੍ਹੀਆਂ ਤੋਂ ਵਿਯੋਗ ਹੰਢਾਉਂਦੀ ਮਾਂ ਦੀ ਉਡੀਕ ਦੇ ਸੰਤਾਪ ਨੂੰ ਸਿੱਲ-ਪੱਥਰ ਬਣੀ ਹੋਂਦ ਵਜੋਂ ਪਛਾਣਦੀ ਹੈ। ਇਹ ਕਵਿਤਾ ਪੀੜ੍ਹੀਆਂ ਗਹਿਰੇ ਪਰਵਾਸੀ ਦਰਦੀਲੇ ਸੰਤਾਪ ਦੀ ਅਮੁੱਕ 'ਉਡੀਕ' ਦੀ ਕਵਿਤਾ ਹੈ, ਜਿਥੇ ਮਾਂ ਪੁੱਤ ਅਤੇ ਪਤੀ ਦੋਵਾਂ ਦੀ ਉਡੀਕ ਦਾ ਸੰਤਾਪ ਭੋਗਦੀ ਹੈ। ਇਹ ਕਵਿਤਾ ਇਕੋ ਸਮੇਂ ਮਾਂ-ਵਿਹੂਣੇ ਵਿਹੜਿਆਂ ਦੇ ਦਰਦਾਂ ਦੀ ਜਾਗਦੀ ਰੂਹ ਪਛਾਨਣ ਦਾ ਯਤਨ ਕਰਦੀ, ਵਿਹੜਿਆਂ ਦੀ ਖਾਮੋਸ਼ੀ ਨੂੰ ਵੀ ਮੋਹ-ਰੰਗੇ ਬੋਲਾਂ ਵਿਚ ਢਾਲਦੀ ਹੈ:

-ਮੈਂ, ਵਿਹੜੇ 'ਚ ਖਲੋ ਕੇ, ਮਾਂ ਨੂੰ ਆਵਾਜ਼ ਮਾਰੀ,
ਵਿਹੜਾ ਖਾਮੋਸ਼ ਸੀ,
ਤੇ ਮੈਂ ਚੁੱਪ-ਚਾਪ ਸੁਣ ਰਿਹਾ ਸੀ
ਜਾਗਦਾ ਦਰਦ, ਵਿਹੜੇ ਦੀ ਖਾਮੋਸ਼ੀ ਦੀ ਜੁਬਾਨੀ।

(ਪੰਨਾ 21)

-ਇਹ ਤਾਂ ਔਰਤ ਨੇ ਆਦਿ-ਕਾਲ ਤੋਂ
ਹਰ ਯੁੱਗ ਅੰਦਰ, ਪਲ ਪਲ, ਹਰ ਪਲ

ਆਪਣੇ ਸੀਨੇ, ਸ਼ਰੇ-ਬਾਜ਼ਾਰ ਹੰਢਾਇਆ ਹੈ
ਇਹ ਅਕਹਿ ਅਸਹਿ ਪੀੜ

.............

-ਇਹ ਕੈਸੀ ਜਾਦੂਗਰਨੀ ਰਾਜਧਾਨੀ ਹੈ
ਜਿੱਥੇ ਮਨੁੱਖਤਾ ਤੇ ਸ਼ੈਤਾਨੀਅਤ
ਇਕੋ ਤੱਕੜੀ 'ਚ ਤੁਲਦੇ ਹਨ। (ਪੰਨਾ 19-20)
-ਅੱਜ ਉਸ ਥਾਂ, ਦਾਣੇ ਨਹੀਂ, ਭੰਗ ਭੁੱਜਦੀ ਹੈ
ਭੱਠੀ ਦੀ ਆਸ, ਹੋ ਚੁੱਕੀ ਹੈ ਬੇਆਸ
ਪਹਿਲਾਂ ਵਾਂਗੂੰ ਯਾਰਾਂ ਦਾ ਮਿਲਣਾ
ਅੱਜ ਧੜਿਆਂ ਦੀ ਧੂੜ ਵਿਚ ਗੁੰਮ ਹੈ। (ਪੰਨਾ 17)
-ਦਰਿੰਦਗੀ! ਨਿਗਲ ਗਈ ਹੈ ਇਨਸਾਨੀਅਤ ਨੂੰ
ਸਮੇਂ ਦੇ ਰਹਿਬਰ ਖਾਮੋਸ਼,
ਕੁੰਭਕਰਨ ਦੀ ਨੀਂਦਰ ਸੁੱਤੇ ਨੇ। (ਪੰਨਾ 85)

'ਦਰਦ ਜਾਗਦਾ ਹੈ' ਵਿਚਲੀ ਮਾਨਵੀ ਸਰੋਕਾਰਾਂ ਦੀ ਸੁੱਚਤਾ ਕੋਮਲਭਾਵੀ ਕਾਵਿ ਵੇਰਵਿਆਂ ਰਾਹੀਂ ਐਸਾ ਉਸਾਰ ਉਸਾਰਦੀ ਹੈ, ਜਿਸ ਵਿਚੋਂ ਯਥਾਰਥ ਦੇ ਡੂੰਘ ਤੱਕ ਪਾਠਕ ਦੀ ਰਸਾਈ ਹੀ ਨਹੀਂ ਹੁੰਦੀ ਸਗੋਂ ਵਸਤੂਰਯਥਾਰਥ ਵਿਚ ਛੁਪੇ ਹੋਏ ਰਾਜ-ਸੱਤਾ ਦੇ ਛੜੱਤਰਾਂ ਦੀ ਸਿੱਧੀ ਦਖ਼ਲ-ਅੰਦਾਜ਼ੀ ਨੂੰ ਵੀ ਪਾਠਕ ਸਹਿਜੇ ਹੀ ਪਛਾਣ ਲੈਂਦਾ ਹੈ। ਰਾਜ-ਸੱਤਾ ਦੇ ਅਜਿਹੇ ਅਮਾਨਵੀ ਚਰਿੱਤਰ ਨੂੰ ਕਾਵਿ ਦੇ ਮਾਧਿਅਮ ਰਾਹੀਂ ਲੋਕ-ਬੋਧ ਤੱਕ ਲੈ ਕੇ ਆਉਣਾ ਭੂਪਿੰਦਰ ਸਿੰਘ ਸੱਗੂ ਦੀ ਕਾਵਿ-ਪੁਸਤਕ 'ਦਰਦ ਜਾਗਦਾ ਹੈ' ਦਾ ਵੱਡਾ ਹਾਸਲ ਹੈ। ਇਸ ਕਵਿਤਾ ਦਾ ਮੁਹਾਂਦਰਾ ਤੇ ਮੁਹਾਵਰਾ ਅਸਲ ਵਿਚ ਜੀਵਨ ਯਥਾਰਥ ਦੇ ਦਗ਼ਦੇ ਸੱਚਾਂ ਨੂੰ ਸੁੱਚੇ ਕਾਵਿ-ਰੂਪਾਂਤਰਣਾਂ ਰਾਹੀਂ ਪ੍ਰਸਤੁਤ ਕਰਨਾ ਹੈ। ਇਸ ਸੰਗ੍ਰਹਿ ਵਿਚ ਕਾਵਿ-ਸ਼ਬਦਾਂ ਦੇ ਰੂਪ ਵਿਚ ਇਹ 'ਦਗ਼ਦੇ ਸੱਚ' ਭੁਪਿੰਦਰ ਸਿੰਘ ਸੱਗੂ ਦੀ ਜੀਵੰਤ ਸੰਵੇਦਨਾ ਦੀ ਮਾਨਵੀ ਹਿਤੈਸ਼ੀ ਉਹ ਲੋਅ ਹੈ, ਜੋ ਇਸ ਕਵਿਤਾ ਨੂੰ ਜਿਉਣ ਬਖ਼ਸ਼ਦੀ ਹੈ। ਇਹੋ ਇਸ ਕਾਵਿਕਾਰੀ ਦਾ ਹਾਸਲ ਹੈ।

●●●●●

# ਮਾਨਵੀ ਦਰਦ ਦੀ ਗੂੜ੍ਹ ਵੇਦਨਾ ਅਤੇ ਸੰਵੇਦਨਾ ਵਾਲੀ ਕਾਵਿ-ਪੁਸਤਕ : ਦਰਦ ਜਾਗਦਾ ਹੈ

**ਗੁਰਪ੍ਰੀਤ ਸਿੰਘ**

ਭੁਪਿੰਦਰ ਸਿੰਘ ਸੱਗੂ ਇੰਗਲੈਂਡ ਦਾ ਉਹ ਪਰਵਾਸੀ ਪੰਜਾਬੀ ਸ਼ਾਇਰ ਹੈ ਜਿਹੜਾ ਗ਼ਜ਼ਲ ਲਿਖਣ ਦੇ ਨਾਲ–ਨਾਲ ਕਵਿਤਾ ਵੀ ਲਿਖਦਾ ਹੈ। ਹੁਣ ਤੱਕ ਉਹ ਪੰਜ ਗ਼ਜ਼ਲ ਸੰਗ੍ਰਹਿ ਅਤੇ ਤਿੰਨ ਕਾਵਿ ਪੁਸਤਕਾਂ ਦੀ ਸਿਰਜਣਾ ਕਰ ਚੁੱਕਾ ਹੈ। ਉਸ ਦੀ ਚੌਥੀ ਕਾਵਿ ਪੁਸਤਕ 'ਦਰਦ ਜਾਗਦਾ ਹੈ'। ਭੁਪਿੰਦਰ ਸੱਗੂ ਦੀ ਕਾਵਿ ਪੁਸਤਕ 'ਦਰਦ ਜਾਗਦਾ ਹੈ' ਦੀ ਵਿਸ਼ਲੇਸ਼ਣਾਤਮਿਕ ਪੜਚੋਲ ਦਾ ਮੁੱਢ ਬੰਨ੍ਹਣ ਤੋਂ ਪਹਿਲਾਂ ਸਿਰਲੇਖ ਸੰਬੰਧੀ ਗੱਲਬਾਤ ਕਰਨਾ ਬਹੁਤ ਜ਼ਰੂਰੀ ਹੈ। ਕਾਵਿ ਪੁਸਤਕ ਦਾ ਸਿਰਲੇਖ 'ਦਰਦ ਜਾਗਦਾ ਹੈ' ਸਾਡੇ ਸਨਮੁਖ ਇਹ ਸਵਾਲ ਪੈਦਾ ਕਰਦਾ ਹੈ ਕਿ ਦਰਦ ਕੀ ਹੈ ? ਦਰਦ ਮਾਨਸਿਕ ਪੀੜ੍ਹਾ ਹੈ। ਦਰਦ ਰੂਹ ਦਾ ਸੰਤਾਪ ਹੈ। ਦਰਦ ਮਨ ਦੀਆਂ ਡੂੰਘੀਆਂ ਤੈਹਾਂ ਵਿਚੋਂ ਨਿਕਲੀ ਆਪ ਮੁਹਾਰੀ ਵੇਦਨਾ ਹੈ ਪਰ ਜਦ ਭੁਪਿੰਦਰ ਸਿੰਘ ਸੱਗੂ 'ਦਰਦ' ਨੂੰ ਜਾਗਣ ਦੀ ਅਵਸਥਾ ਵਿਚ ਮਹਿਸੂਸ ਕਰਦਾ ਹੈ ਤਦ ਦਰਦ ਦੇ ਮਾਇਨੇ ਡੂੰਘੇ ਅਤੇ ਗਹਿਰੇ ਹੋ ਜਾਂਦੇ ਹਨ। ਕਾਵਿ ਮਨ ਦਰਦ ਨੂੰ ਮਹਿਸੂਸ ਕਰਦਾ ਹੈ ਪਰ ਜਾਗਦੇ ਦਰਦ ਨੂੰ। ਇਹ ਜਾਗਦਾ ਦਰਦ ਜ਼ਖ਼ਮੀ ਯੁੱਗ ਚੇਤਨਾ ਦੀਆਂ ਰਗਾਂ ਅੰਦਰ ਤੜਪਦਾ ਦਰਦ ਹੈ ਜਿਸ ਦਾ ਕਰਮ ਸਿਰਫ਼ ਜਗਣਾ ਹੈ। ਇਸ ਦਰਦ ਦਾ ਜਗਣਾ ਨਕਾਰਾਤਮਿਕ ਵਰਤਾਰੇ ਨਾਲ ਦਸਤਪੰਜਾ ਲੈ ਕੇ ਉਸ ਦੀਆਂ ਅੰਦਰਲੀਆਂ ਤੈਹਾਂ ਨੂੰ ਫਰੋਲਣ ਨਾਲ ਜੁੜਿਆ ਹੋਇਆ ਹੈ।

ਦਰਦ ਦਾ ਸੰਵੇਦਨਾ ਨਾਲ ਗਹਿਰਾ ਰਿਸ਼ਤਾ ਹੈ। ਸਾਧਾਰਨ ਰੂਪ ਵਿਚ ਸੰਵੇਦਨਾ ਦਾ ਅਰਥ ਗਿਆਨ ਦੇ ਸਹਿਜ ਅਤੇ ਸਰਲ ਰੂਪ ਤੋਂ ਲਿਆ ਜਾਂਦਾ ਹੈ ਪਰ ਮਨੋਵਿਗਿਆਨੀ ਅਤੇ ਮਨੋਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕਿਸੇ ਦ੍ਰਿਸ਼ ਜਾਂ ਘਟਨਾ ਨੂੰ ਦੇਖਣ ਉਪਰੰਤ ਘਟਨਾਕ੍ਰਮ ਦੇ ਨਾਲ–ਨਾਲ ਮਨ ਵਿਚ ਜੋ ਵੇਦਨਾ ਪ੍ਰਗਟ ਹੁੰਦੀ ਹੈ ਉਸ ਨੂੰ ਸੰਵੇਦਨਾ ਕਿਹਾ ਜਾਂਦਾ ਹੈ। ਸੰਵੇਦਨਾ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਸਰੀਰਕ ਸੰਵੇਦਨਾ ਹੁੰਦੀ ਹੈ ਜਿਵੇਂ ਭੁੱਖ, ਪਿਆਸ ਅਤੇ ਥਕਾਵਟ ਆਦਿ। ਦੂਸਰੀ ਸੰਵੇਦਨਾ ਮਾਨਸਿਕ ਸੰਵੇਦਨਾ ਹੁੰਦੀ ਹੈ ਜਿਹੜੀ ਦੁਖੀ ਅਵਸਥਾ

ਵਿਚੋਂ ਉਪਜਦੀ ਹੈ। ਦੁੱਖ ਅਤੇ ਸੁੱਖ ਮਾਨਸਿਕ ਸੰਵੇਦਨਾਵਾਂ ਹਨ ਜਿਸ ਨੂੰ ਮਨੁੱਖ ਆਪਣੇ ਵਿਅਕਤੀਗਤ ਜੀਵਨ ਵਿਚ ਅਨੁਭਵ ਕਰਦਾ ਹੈ ਜਿਵੇਂ ਭੁੱਖ ਅਤੇ ਪਿਆਸ ਨਾਲ ਤੜਪਦੇ ਬੱਚੇ ਦਾ ਰੋਣ ਸੁਣਕੇ ਮਨ ਵਲੂੰਧਰਿਆ ਜਾਵੇ।

ਹਰ ਕਵੀ ਮਾਨਸਿਕ ਸੰਵੇਦਨਾ ਵਾਲਾ ਹੁੰਦਾ ਹੈ ਅਤੇ ਉਸ ਦੀ ਕਵਿਤਾ ਦਾ ਆਪਣਾ ਪਛਾਣ-ਚਿੰਨ੍ਹ ਹੁੰਦਾ ਹੈ। ਉਸ ਪਛਾਣ-ਚਿੰਨ੍ਹ ਤੋਂ ਬਿਨਾਂ ਕਵਿਤਾ ਦੀ ਰੂਹ ਨੂੰ ਪਛਾਣਿਆ ਨਹੀਂ ਜਾ ਸਕਦਾ। ਭੁਪਿੰਦਰ ਸਿੰਘ ਸੱਗੂ ਦੀ ਕਾਵਿ ਸੰਵੇਦਨਾ ਦਾ ਪਛਾਣ ਚਿੰਨ੍ਹ 'ਦਰਦ' ਹੈ। ਉਹ ਇਸ ਦਰਦ ਨੂੰ ਆਪਣੀ ਸਿਰਜਣਾ ਸ਼ਕਤੀ ਦਾ ਆਧਾਰ ਬਣਾਉਂਦਾ ਹੋਇਆ ਮਾਨਵੀ ਦਰਦ ਪ੍ਰਤੀ ਆਪਣੀ ਕਾਵਿ ਸੰਵੇਦਨਾ ਇੰਝ ਪ੍ਰਗਟ ਕਰਦਾ ਹੈ :

ਅਜੇ ਵੀ ਵਲੂੰਧਰੇ ਜਜ਼ਬੇ
ਭਰਦੇ ਨੇ ਗਵਾਹੀ
ਮਨੁੱਖ 'ਚੋਂ ਗੁਆਚ ਚੁੱਕੀ ਮਨੁੱਖਤਾ ਦੇ
ਵਹਿਸ਼ੀਆਨਾ ਕਤਲ-ਏ-ਆਮ ਦੇ
ਐਸ. ਐਸ. ਫੌਜ਼ਾਂ ਦੀਆਂ
ਕਰੂਪ ਨਜ਼ਰਾਂ ਸਾਹਵੇਂ
ਚਲਦੀ ਰਹੀ ਗੈਸ-ਭੱਠੀ
ਨਿਰੰਤਰ ਦਿਨ-ਰਾਤ
ਕੰਧ ਦੇ ਉਸ ਪਾਰ
ਜਾਗਦੇ ਦਰਦ ਦੀ
ਵਿਆਕੁਲਤਾ ਸੁਣ ਕੇ
ਮੇਰਾ ਗੱਚ ਭਰ ਆਇਆ

ਇਹ ਕਾਵਿ ਪੰਕਤੀਆਂ ਹਿਟਲਰ ਸ਼ਾਹੀ ਦੇ ਆਤੰਕਵਾਦ ਨੂੰ ਬਿਆਨ ਕਰਦੀਆਂ ਹਨ। ਇਨ੍ਹਾਂ ਕਾਵਿ ਪੰਕਤੀਆਂ ਦਾ ਮੂਲ ਅਜੋਕੀ ਪ੍ਰਸਥਿਤੀਆਂ ਨਾਲ ਵੀ ਜੁੜਿਆ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਦੇ ਹਿਟਲਰ ਦੀ ਰਣ-ਭੂਮੀ ਅਤੇ ਲੜਨ ਦਾ ਪੈਂਤੜਾ ਵੱਖਰਾ ਹੈ। ਇਸ ਲਈ ਭੁਪਿੰਦਰ ਸਿੰਘ ਸੱਗੂ ਦੀ ਕਵਿਤਾ ਭੂਤਕਾਲੀ ਹੁੰਦੀ ਹੋਈ ਵਰਤਮਾਨ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੈ। ਇੱਥੇ ਦੂਸਰੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਸੱਗੂ ਦਾ ਕਾਵਿਕ ਦਰਦ ਇਕਹਿਰਾ ਨਹੀਂ ਸਗੋਂ ਬਹੁ-ਪਾਸਾਰੀ ਅਤੇ ਬਹੁ-ਸੰਵਾਦੀ ਹੈ। ਜਿੱਥੇ ਸੱਗੂ ਆਪਣੀ ਕਵਿਤਾ ਵਿਚ 'ਮਲਾਲਾ' ਨੂੰ 'ਮਾਨਵਤਾ ਦੀ ਪਹਿਰੇਦਾਰ' ਆਖਦਾ ਹੈ, ਉੱਥੇ 'ਦਾਮਿਨੀ' ਅਤੇ 'ਆਸਿਫ਼ਾ' ਵਰਗੀਆਂ ਕੋਮਲ ਜਿੰਦਾਂ ਦਾ ਦਰਦ ਵੀ ਚਿੱਤਰਦਾ ਹੈ

ਜਿਸ ਦੀ ਜ਼ਾਲਮ ਲੋਕਾਂ ਨੇ ਅਸਮਤ ਲੁੱਟੀ ਅਤੇ ਉਸ ਨੂੰ ਕੋਹ-ਕੋਹ ਮਾਰਿਆ ਹੈ। ਇਸ ਘਿਨਾਉਣੀ ਘਟਨਾ ਨੂੰ ਵੇਖ ਕੇ ਕਵੀ ਦਾ ਹਿਰਦਾ ਕੁਰਲਾਅ ਉੱਠਦਾ ਹੈ :

ਅਫ਼ਸੋਸ!
ਦਿੱਲੀ ਦਰਬਾਰ ਅਵੇਸਲਾ ਹੈ
ਕਨੂੰਨ ਲੰਗੜਾ-ਲੂਲਾ ਹੈ
ਸਮਾਜ ਬੇਚੈਨ ਹੈ
ਖ਼ੌਫ਼ਨਾਕ ਮਾਯੂਸੀ ਹੈ
ਸਿਆਸਤ
ਜ਼ਰਦਾਰਾਂ ਦੀ ਰਖੇਲ ਹੈ
ਹਾਊਮੈਂ ਤੇ ਅਭਿਮਾਨ
ਏਸ ਮੰਡੀ ਦੇ ਚਾਤਰ ਦੱਲੇ ਹਨ

***

ਦਰਿੰਦਗੀ!!!
ਨਿਗਲ ਗਈ ਹੈ ਇਨਸਾਨੀਅਤ ਨੂੰ!
ਸਮੇਂ ਦੇ ਰਹਿਬਰ ਖ਼ਾਮੋਸ਼
ਕੁੰਭਕਰਨ ਦੀ ਨੀਂਦਰ ਸੁੱਤੇ ਨੇ।
ਅਦਾਲਤਾਂ ਨੇ
ਕਨੂੰਨ ਛਿੱਕੇ ਟੰਗ ਦਿੱਤੇ ਨੇ
ਹਾਕਮ
ਕੁਰਸੀ ਦੇ ਨਸ਼ੇ 'ਚ
ਅੰਨ੍ਹਾ ਬੋਲ਼ਾ ਮਚਲਾ ਹੋ ਗਿਆ ਹੈ
ਕੁਰਸੀ ਨੇ
ਦਰਿੰਦਿਆਂ ਨਾਲ ਸੰਧੀ ਕਰ ਲਈ ਹੈ

ਸੱਗੂ ਦੀ ਕਵਿਤਾ ਬੋਲ਼ੇ ਅਤੇ ਬਹਿਰੇ ਕੰਨਾਂ ਵਿਚ ਮਾਰੀ ਜ਼ੋਰਦਾਰ ਚੀਕ ਹੈ। ਕੁੰਭਕਰਨੀ ਨੀਂਦ ਵਿਚੋਂ ਜਾਗਣ ਲਈ ਭਾਰਤੀ ਲੋਕਾਈ ਨੂੰ ਪਾਈ ਹੋਈ ਲਾਹਨਤ ਹੈ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਖਾਸ ਸਮਝਦਾ ਹਾਂ ਕਿ ਪੰਜਾਬ/ਭਾਰਤ ਦੀਆਂ ਸਮੱਸਿਆਵਾਂ ਨੂੰ ਲੈ ਕੇ ਜਿਨ੍ਹਾਂ ਸੁਜੱਗ ਅਤੇ ਚੇਤਨ ਪਰਵਾਸੀ ਮਨ ਹੈ, ਓਨਾ ਪੰਜਾਬੀ/ਭਾਰਤੀ ਮਨ ਨਹੀਂ ਹੈ। ਪਰਵਾਸੀ ਕਵੀ ਦਾ ਮਨ ਅਤੇ ਮਸਤਕ ਹਰ ਪਲ ਆਪਣੀ ਮਾਤ-ਭੂਮੀ ਵੱਲ ਹੁੰਦਾ ਹੈ। ਉਹ ਆਪਣੀ ਕਾਵਿ ਸਿਰਜਣਾ ਵਿਚ ਭੂਤਕਾਲ ਦਾ ਰੋਮਾਂਟਿਕ ਸਿਮਰਨ ਵਾਰ-ਵਾਰ ਕਰਦਾ ਰਹਿੰਦਾ ਹੈ ਪਰ ਭੂਤਕਾਲ ਨੂੰ

ਕੇਵਲ ਪਰਵਾਸੀ ਕਵੀ ਹੀ ਨਹੀਂ ਪੜਚੋਲਦਾ ਸਗੋਂ ਭੂਤਕਾਲ ਵੱਲ ਵੇਖਣ ਦਾ ਝੁਕਾਅ ਮਾਨਵੀ ਪ੍ਰਵਿਰਤੀ ਹੈ। ਪਰਵਾਸੀ ਬੰਦਾ ਭੂਤਕਾਲ ਦਾ ਰੋਮਾਂਟਿਕ ਸਿਮਰਨ ਇਸ ਕਾਰਨ ਵਾਰ-ਵਾਰ ਕਰਦਾ ਹੈ ਕਿ ਉਸ ਦੀ ਹੋਂਦ ਹੀ ਆਪਣੇ ਮੂਲ ਨਿਵਾਸ ਨਾਲ ਬੱਝੀ ਹੁੰਦੀ ਹੈ। ਇਹ ਮੂਲ ਨਿਵਾਸ ਉਹ ਸਰ-ਜ਼ਮੀਨ ਹੈ ਜਿੱਥੋਂ ਪਰਵਾਸੀ ਬੰਦੇ ਨੇ ਆਪਣੀ ਮਾਨਸਿਕ ਸੰਤੁਸ਼ਟੀ ਦੀ ਪੂਰਤੀ ਕਰਨੀ ਹੁੰਦੀ ਹੈ। ਕੇਵਲ ਮਾਨਸਿਕ ਸੰਤੁਸ਼ਟੀ ਹੀ ਨਹੀਂ ਸਗੋਂ ਰਾਜਸੀ ਚੇਤਨਾ ਅਤੇ ਸ਼ਕਤੀ ਵੀ ਆਪਣੀ ਮੂਲ-ਭੂਮੀ ਵਿਚੋਂ ਹੀ ਗ੍ਰਹਿਣ ਕਰਨੀ ਹੁੰਦੀ ਹੈ। ਇਸ ਲਈ ਪਰਵਾਸੀ ਮਨ ਦੀ ਆਪਣੀ ਮੂਲ-ਭੂਮੀ ਨਾਲ ਇੱਕ ਗਹਿਰੀ ਸਾਂਝ ਹੁੰਦੀ ਹੈ ਜਿਸ ਦੀ ਨਿਸ਼ਾਨਦੇਹੀ ਇਹ ਕਾਵਿ-ਪੰਕਤੀਆਂ ਕਰਦੀਆਂ ਹਨ :

ਪਿੰਡ ਦੀ ਫਿਰਨੀ 'ਤੇ
ਖੜੋ ਕੇ ਵੇਖਿਆ ਤਾਂ
ਸਭ ਕੁਝ ਬਦਲ ਚੁੱਕਾ ਸੀ
ਸਚਮੁੱਚ!
ਬਹੁਤ ਕੁਝ ਬਦਲ ਚੁੱਕਾ ਸੀ!!
ਮੈਂ ਪਿੰਡ ਨੂੰ ਪਹਿਚਾਨਣ ਤੋਂ ਅਸਮਰੱਥ
ਅਤੇ
ਪਿੰਡ ਮੈਨੂੰ ਜਾਨਣ ਤੋਂ ਮੁਨਕਰ ਸੀ

***

ਤੂੰ ਲੁਪਤ ਖਾਹਿਸ਼ਾਂ ਦੀ
ਦਲਦਲ 'ਚ ਘਿਰਿਆ
ਸੰਗ-ਮਰਮਰੀ ਕੋਠੀ
ਮਖ਼ਮਲੀ ਘਾਹ
ਕਾਰਾਂ
ਨੌਕਰ-ਚਾਕਰ ਦੇ ਨਸ਼ੇ 'ਚ
ਭੁੱਲ ਚੁੱਕਾ ਹੈ
ਖ਼ੂਨ ਦੇ ਰਿਸ਼ਤਿਆਂ ਦੀ ਮਿਠਾਸ

***

ਕਦੇ ਯਾਦ ਆਇਐ ਤੈਨੂੰ
ਸੈਂਸੀਆਂ ਦਾ ਵਿਹੜਾ
ਫੂਲਾਂ ਕੁੜੀ ਦੀ ਮਾਸੂਮੀਅਤ

ਜਿਹਦੇ ਨਾਲ ਕਦੇ
'ਖੂਹ-ਕਿਆਰੀ' ਖੇਡਦਿਆਂ
ਬੀਤ ਜਾਂਦਾ ਸੀ ਦਿਨ ਸਾਰਾ
ਯਾਦ ਹੈ ਤੈਨੂੰ
ਗੁਰਦਾਸ ਦੀ ਹੱਟੀ
ਜਿਹਨੂੰ ਪਿੰਡ ਦਾ ਦੋਹਤਾ ਦੱਸ ਕੇ
ਖਾ ਜਾਂਦੈ ਸੈਂ
ਸੰਤਰੇ ਦੀਆਂ ਖੱਟ-ਮਿੱਠੀਆਂ ਗੋਲੀਆਂ

***

ਮੇਰੇ ਪਿੰਡ!
ਮੈਂ ਵੀ ਕਿੱਡਾ ਬੇਵਫ਼ਾ ਹਾਂ
ਕਿ ਭੀੜ ਸਮੇਂ
ਤੇਰਾ ਸਾਥ ਛੱਡ ਕੇ
ਪਰਵਾਸੀ ਹੋ ਚੱਲਿਆ ਹਾਂ।

***

ਮੈਂ ਕਿਸ ਰੁੱਖ ਦੀ ਛਾਂ ਲੋਚਾਂਗਾ
ਕੱਲਰ ਧਰਤ ਕਦੇ
ਰੁੱਖਾਂ ਦੀਆਂ ਜੜ੍ਹਾਂ ਨਹੀਂ ਫੜਦੀ
ਖਿਜ਼ਾਂ ਦੇ ਮੌਸਮ 'ਚ
ਬਹਾਰ ਕਦੇ ਨਾਚ ਨਹੀਂ ਕਰਦੀ।

ਭੁਪਿੰਦਰ ਸਿੰਘ ਸੱਗੂ ਦੀ ਕਾਵਿ ਸੰਵੇਦਨਾ ਪਰਵਾਸ ਨੂੰ ਨਵਾਂ ਮੋੜ ਦਿੰਦੀ ਹੈ। ਉਹ ਪਰਵਾਸ ਨੂੰ ਇਕਹਿਰੇ ਬਿੰਦੂ ਤੋਂ ਹੀ ਨਹੀਂ ਸਗੋਂ ਦੂਜੇ ਬਿੰਦੂ ਤੋਂ ਵੀ ਦੇਖਦੀ ਹੈ। ਇਹ ਦੂਜਾ ਬਿੰਦੂ ਪਰਵਾਸੀ ਦੀ ਮੂਲ ਰਹਿਤਲ ਹੈ ਜਿੱਥੋਂ ਉਹ ਸਮੁੱਚੀ ਸ਼ਕਤੀ ਨੂੰ ਇਕੱਤਰ ਕਰਦਾ ਹੈ। ਇੱਕ ਪਾਸੇ ਮੂਲਵਾਸ ਅਤੇ ਦੂਜੇ ਪਾਸੇ ਪਰਵਾਸ ਦੀਆਂ ਸੰਕਟ-ਸਥਿਤੀਆਂ ਪਰਵਾਸੀ ਮਨ ਦੀ ਘਾੜਤ ਕਰਦੀਆਂ ਹਨ। ਇਸ ਘਾੜਤ ਵਿਚੋਂ ਉਪਜਿਆ ਪਰਵਾਸੀ ਮਨ ਪਰਵਾਸ ਨੂੰ ਨਵੀਂ ਅਤੇ ਨਿਵੇਕਲੀ ਪਰਿਭਾਸ਼ਾ ਵਿਚ ਬੰਨ੍ਹਦਾ ਹੈ :

ਮਾਂ
ਅੱਜ ਵੀ ਸਿੱਲ-ਪੱਥਰ ਬਣੀ
ਦਰਾਂ 'ਚ ਖੜ੍ਹੀ ਉਡੀਕਦੀ

ਪ੍ਰਵਾਸੀ ਪੁੱਤ
ਪ੍ਰਦੇਸ ਗਏ ਪਤੀ ਦੇ
ਗ਼ਮ ਦਾ ਜ਼ਹਿਰ ਡੀਕਦੀ

***

ਜਾਹ ਉਏ ਪ੍ਰਦੇਸੀਆ!
ਤੇਰੇ ਟੁਰ ਜਾਣ ਤੋਂ ਬਾਅਦ
ਥੜ੍ਹੇ ਤੇ ਲਗਦੀਆਂ ਰੌਣਕਾਂ ਵੀ
ਪ੍ਰਦੇਸੀ ਹੋ ਗਈਆਂ

ਪਰਵਾਸੀ ਕੇਵਲ ਮੂਲ ਵਾਸ ਛੱਡਣ ਅਤੇ ਮੇਜ਼ਬਾਨ ਮੁਲਕ ਵਿਚ ਵਸਣ ਵਾਲਾ ਹੀ ਨਹੀਂ ਹੁੰਦਾ ਸਗੋਂ ਪਰਵਾਸੀ ਉਹ ਵੀ ਹੁੰਦਾ ਹੈ ਜਿਹੜਾ ਮੂਲ ਵਾਸ ਵਿਚ ਮੇਜ਼ਬਾਨ ਮੁਲਕ ਵਿਚ ਆਏ ਬੰਦੇ ਦਾ ਵਿਛੋੜਾ ਅਤੇ ਦਰਦ ਸਹਿੰਦਾ ਹੈ। ਕਾਵਿ ਮਨ ਪਰਵਾਸ ਨੂੰ ਕਾਲ/ਸਪੇਸ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕਰਦਾ ਹੈ ਜਿਸ ਵਿਚੋਂ ਇਹ ਗੱਲ ਨਿਕਲ ਕੇ ਸਾਹਮਣੇ ਆਉਂਦੀ ਹੈ ਕਿ ਪਰਵਾਸ ਸਪੇਸ ਦੇ ਨਾਲ-ਨਾਲ ਕਾਲਿਕ ਵੀ ਹੁੰਦਾ ਹੈ ਭਾਵ ਪਰਵਾਸ ਦਾ ਸੰਬੰਧ ਕੇਵਲ ਥਾਵਾਂ ਵਿਚਲੇ ਬਦਲਾਅ ਨਾਲ ਨਹੀਂ ਹੁੰਦਾ ਸਗੋਂ ਸਮਿਆਂ ਵਿਚ ਆਏ ਪਰਿਵਰਤਨਾਂ ਨਾਲ ਵੀ ਹੁੰਦਾ ਹੈ ਪਰ ਸੱਗੂ ਦੀ ਕਵਿਤਾ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਹ ਪਰਵਾਸ ਨੂੰ ਇਕਹਿਰੇ ਨਹੀਂ ਸਗੋਂ ਦੂਹਰੇ ਅਰਥ ਪ੍ਰਦਾਨ ਕਰਦੀ ਹੈ। ਅੱਜ ਤੱਕ ਦੀ ਸਮੁੱਚੀ ਪੰਜਾਬੀ ਕਵਿਤਾ ਉੱਤੇ ਸਰਸਰੀ ਨਜ਼ਰ ਮਾਰਿਆਂ ਇਸ ਗੱਲ ਦਾ ਆਭਾਸ ਜ਼ਰੂਰ ਹੁੰਦਾ ਹੈ ਕਿ ਕਵਿਤਾ ਵਿਚ ਮਾਂ ਦਾ ਜ਼ਿਕਰ ਬਹੁਤ ਹੋਇਆ ਹੈ ਪਰ ਮੌਨ ਭਾਸ਼ਾ ਵਿਚ ਪਰ ਸੱਗੂ ਦੀ ਕਵਿਤਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸ ਦੀ ਕਵਿਤਾ ਵਿਚੋਂ ਮਾਂ ਬੋਲਦੀ ਹੈ। ਕੇਵਲ ਬੋਲਦੀ ਹੀ ਨਹੀਂ ਸਗੋਂ ਸੰਵਾਦ ਵੀ ਰਚਾਉਂਦੀ ਹੈ।

ਭੁਪਿੰਦਰ ਸਿੰਘ ਸੱਗੂ ਦੀ ਕਾਵਿ ਸੰਵੇਦਨਾ ਪਛਾਣ, ਪਛਾਣ ਸੰਕਟ ਅਤੇ ਪਛਾਣ ਦੀ ਰਾਜਨੀਤੀ ਨਾਲ ਸੰਬੰਧਤ ਮੁੱਦਿਆਂ ਨੂੰ ਵੀ ਛੂੰਹਦੀ ਹੈ। ਪਛਾਣ ਦਾ ਮੁੱਦਾ ਦੂਜਿਆਂ ਦੇ ਪ੍ਰਤੀਕਰਮ ਨਾਲ ਜੁੜਿਆ ਹੋਇਆ ਮੁੱਦਾ ਹੈ। ਜਦ ਪਰਵਾਸੀ ਦੀ ਅਸਲ ਪਛਾਣ ਨੂੰ 'ਦੂਸਰੇ' (ਮੇਜ਼ਬਾਨ ਮੁਲਕ ਦੇ ਬਾਸ਼ਿੰਦੇ) ਆਪਣੇ ਅਨੁਸਾਰ ਘੜਦੇ ਹਨ ਤਦ ਪਛਾਣ ਸੰਕਟ ਸਥਿਤੀ ਪੈਦਾ ਹੁੰਦੀ ਹੈ। ਵਰਲਡ ਟਰੇਡ ਸੈਂਟਰ ਉੱਤੇ ਹਮਲਾ ਹੋਣ ਨਾਲ ਅਮਰੀਕਾ ਨੇ ਕੌਮੀ ਪਛਾਣਾਂ ਨੂੰ ਹਮਲਾਵਰੀ ਰੂਪ ਵਜੋਂ ਪਰਿਭਾਸ਼ਤ ਕੀਤਾ ਹੈ ਖਾਸ ਕਰਕੇ 'ਪੱਗੜੀ' ਨੂੰ ਪੂਰੀ ਦੁਨੀਆ ਵਿਚ ਇੱਕ ਆਤੰਕਵਾਦ ਦੇ ਪਛਾਣ ਚਿੰਨ੍ਹ ਵਜੋਂ ਉਭਾਰਿਆ ਗਿਆ ਹੈ ਜਿਸ ਕਾਰਨ ਹਰ

ਪੱਗੜੀ ਵਾਲੀ ਕੌਮ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਿਆ ਜਾਣ ਲੱਗਿਆ ਜਿਸ ਦੀ ਗੱਲ ਕਵੀ ਆਪਣੀ ਕਵਿਤਾ 'ਸਫ਼ਰ ਦੌਰਾਨ' ਵਿਚ ਕਰਦਾ ਹੈ :

ਮਾਂ!
ਡਰਾਇਵਰ ਕੌਣ ਏ?
ਹੋਵੇਗਾ ਕੋਈ ਪਗੜੀ ਵਾਲਾ
ਮਾਂ!
ਉਹ ਕੌਣ ਹੁੰਦੇ ਪਗੜੀ ਵਾਲੇ?
ਬੱਚਿਓ!
ਉਹ ਦਿਖਣ ਨੂੰ
'ਬਿਨ ਲਾਦੇਨ' ਵਰਗੇ
ਬੱਚੇ ਇਹ ਨਾਂ ਸੁਣ ਕੇ
ਡਰਾਈਵਰ ਦੇ ਚਿਹਰੇ 'ਚੋਂ
ਖ਼ੂੰਖਾਰ ਦਰਿੰਦੇ ਦਾ
ਅਕਸ ਤਲਾਸ਼ਦੇ ਰਹੇ

***

ਇਹ ਕੌਣ ਨੇ
ਜੋ ਪੁੱਛਦੇ ਨੇ
ਮੈਂ ਕੌਣ ਹਾਂ
ਕਿਹੜੀ ਕੁੱਲ ਦਾ
ਕੇਸ ਮਜ਼ਬ੍ਹ ਦਾ
ਕੌਣ ਦੇਸ ਤੋਂ ਆਇਆ

ਅਮਰੀਕਾ ਵਿਸ਼ਵ ਸ਼ਕਤੀ ਹੋਣ ਕਾਰਨ ਵਿਸ਼ਵੀਕਰਨ ਦੀ ਰਣਨੀਤੀ ਰਾਹੀਂ ਹਰ ਮੁਲਕ ਦੀਆਂ ਸਭਿਅਕ, ਆਰਥਿਕ ਅਤੇ ਰਾਜਨੀਤਕ ਸਮੀਕਰਨਾਂ ਨੂੰ ਆਪਣੇ ਢੰਗ ਨਾਲ ਪਛਾਣ ਦਿੰਦਾ ਹੈ। ਉੱਤਰ-ਬਸਤੀਵਾਦ ਦੀ ਇਹ ਪਹੁੰਚ-ਵਿਧੀ ਸੰਸਾਰ ਨੂੰ ਦੋ ਧਰੁਵਾਂ ਵਿਚ ਵੰਡਦੀ ਹੈ। ਆਪਣੇ ਅਤੇ ਪਰਾਏ ਵਿਚਕਾਰ ਵਿੱਥਾਂ ਸਿਰਜਦੀ ਹੈ। ਆਪਣੇ ਆਪ ਨੂੰ ਆਧੁਨਿਕ, ਤਰਕਵਾਦੀ, ਅਗਾਂਹਵਧੂ ਵਿਚਾਰਧਾਰਾ ਨਾਲ ਜੋੜਦੀ ਹੈ ਅਤੇ 'ਦੂਸਰਿਆਂ' ਨੂੰ ਪੱਛੜੇ, ਤਰਕਹੀਣ, ਪਿਛਾਂਹ-ਖਿੱਚੂ ਸੋਚ ਵਾਲੇ ਗਰਦਾਨਦੀ ਹੈ ਭਾਵ ਸ਼ਾਸ਼ਕ ਅਤੇ ਸ਼ੋਸ਼ਿਤ ਧਿਰਾਂ ਵਿਚ ਵੰਡ ਦਿੰਦੀ ਹੈ। ਇਹ ਦਰਜੇਬੰਦੀ ਵਾਲਾ ਰਵੱਈਆ ਨਸਲਵਾਦ ਨੂੰ ਜਨਮ ਦਿੰਦਾ ਹੈ। ਜਿਸ ਦੀ ਪੇਸ਼ੀਨਗੋਈ 'ਪਾਕੀ ਬਾਸਟਰਡ' ਕਵਿਤਾ ਵਿਚਲੀਆਂ ਇਹ ਕਾਵਿ ਸਤਰਾਂ ਕਰਦੀਆਂ ਹਨ :

"ਯੂ ਬਲੱਡੀ ਪਾਕੀ ਬਾਸਟਰਡ"
ਮੈਂ ਪੁੱਛਿਆ
ਤੂੰ ਏਦਾਂ ਕਿਉਂ ਕਿਹਾ?
"ਮੈਂ ਤੈਨੂੰ ਨਫ਼ਰਤ ਕਰਦਾ ਹਾਂ"
ਕਦੋਂ ਤੋਂ?
"ਆਪਣੇ ਜੰਮਣ ਤੋਂ ਵੀ ਪਹਿਲਾਂ
ਜਦੋਂ ਮੈਂ ਮਾਂ ਦੇ ਗਰਭ ਅੰਦਰ
ਬੀਜ-ਰੂਪ ਵਿੱਚ ਫ਼ੈਲ ਰਿਹਾ ਸਾਂ"
"ਜਦੋਂ ਪੁਰਖਿਆਂ ਦੀਆਂ ਆਵਾਜ਼ਾਂ
ਕੁੱਖ ਦੇ ਵਿੱਚ ਸੁਣਾਈ ਦਿੰਦੀਆਂ
ਯੂ ਪਾਕੀ ਬਾਸਟਰਡ!
ਯੂ ਬਲੱਡੀ ਪਾਕੀ ਬਾਸਟਰਡ!!"

ਉਪਰੋਕਤ ਕਾਵਿ ਪੰਕਤੀਆਂ ਨਸਲਵਾਦ ਦੀ ਇੱਕ ਲੰਮੀ ਪਰੰਪਰਾ ਅਤੇ ਨਾ ਮੁੱਕਣ ਵਾਲੀ ਪ੍ਰਵਿਰਤੀ ਨੂੰ ਉਜਾਗਰ ਕਰਦੀਆਂ ਹਨ। ਅਸਲ ਵਿਚ ਇੰਗਲੈਂਡ ਨਸਲਵਾਦ ਦਾ ਪੈਦਾਇਸ਼ੀ ਮੁਲਕ ਹੈ। ਜਿੱਥੇ ਪਰਵਾਸੀ ਨੂੰ ਕੇਵਲ 'ਪਾਕੀ ਬਾਸਟਰਡ'ਹੀ ਨਹੀਂ ਕਿਹਾ ਜਾਂਦਾ ਸਗੋਂ ਰੁਜ਼ਗਾਰ ਦੀ ਭਾਲ ਵਿਚ ਆਏ ਜਾਅਲੀ ਲੋਕਾਂ ਨੂੰ 'ਫੌਜੀ' ਕਹਿ ਕੇ ਵੀ ਤ੍ਰਿਸਕਾਰ ਕੀਤਾ ਜਾਂਦਾ ਹੈ। ਨਸਲਵਾਦੀ ਵਿਹਾਰ ਦਾ ਮੂਲ ਕਾਰਨ ਮੂਲਵਾਸੀ ਲੋਕਾਂ ਦਾ ਆਪਣਾ ਰੁਜ਼ਗਾਰ ਖੁੱਸਣ ਅਤੇ ਮੇਜ਼ਬਾਨ ਲੋਕਾਂ ਦਾ ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਤਾਕਤਵਰ ਹੋਣ ਉਪਰੰਤ ਈਰਖਾ ਵਿਚੋਂ ਪੈਦਾ ਹੁੰਦਾ ਹੈ। ਨਸਲਵਾਦੀ ਵਿਹਾਰ ਨਾਲ ਕੇਵਲ ਮਾਨਸਿਕ ਸੰਤਾਪ ਹੀ ਨਹੀਂ ਭੋਗਣਾ ਪੈਂਦਾ ਸਗੋਂ ਇਸ ਮਾਨਸਿਕ ਸੰਤਾਪ ਦੇ ਨਾਲ-ਨਾਲ ਇੱਕ ਨਵੀਂ ਚੇਤਨਾ ਦਾ ਵਿਕਾਸ ਵੀ ਹੁੰਦਾ ਹੈ। ਇਸ ਚੇਤਨਾ ਦੇ ਵਿਕਾਸ ਨਾਲ ਪਰਵਾਸੀ ਪੰਜਾਬੀ ਬੰਦੇ ਨੇ ਆਪਣੀਆਂ ਰਾਜਨੀਤਕ ਪੋਜੀਸ਼ਨਾਂ ਵੀ ਹਾਸਿਲ ਕੀਤੀਆਂ ਹਨ ਅਤੇ ਅੰਤਰ-ਰਾਸ਼ਟਰੀ ਰਾਜਸੀ ਚੇਤਨਾ ਦਾ ਸਬੂਤ ਵੀ ਦਿੱਤਾ ਹੈ :

ਕਲ੍ਹ
ਜੋ ਮਦਰੱਸੇ ਉੱਤੇ
ਬੰਬ ਵਰ੍ਹਾਉਂਦੇ
ਚਿੱਟੇ ਹੱਥ ਸਨ।
ਅੱਜ
ਖੈਰਾਤ ਵੰਡਦੇ ਜਿਹੜੇ

ਚਿੱਟੇ ਹੱਥ ਨੇ
ਸਲਮਾਂ ਪੁੱਛਦੀ
ਦੱਸ ਨੀ ਅੰਮਾ!
ਇਹ ਉਹੀ ਹੱਥ ਨੇ।

ਇਹ ਕਾਵਿ-ਟੁਕੜੀ ਗੰਦਲੀ ਹੋਈ ਗਲੋਬਲੀ ਰਾਜਨੀਤੀ ਦੀ ਤਸਵੀਰਕਸ਼ੀ ਕਰਦੀ ਹੈ। ਇਸ ਕਾਵਿ-ਟੁਕੜੀ ਵਿਚ 'ਹੱਥ' ਕਰਮ ਨੂੰ ਚਿਹਨਤ ਕਰਦੇ ਹਨ। ਕਰਮ ਨਕਾਰਾਤਮਿਕ ਵੀ ਹੋ ਸਕਦਾ ਹੈ ਅਤੇ ਸਕਾਰਾਤਮਿਕ ਵੀ। 'ਬੰਬ' ਹਿੰਸਾ ਨੂੰ ਚਿਹਨਤ ਕਰਦਾ ਹੈ ਜਿਹੜਾ ਕਦੇ ਵੀ ਸਕਾਰਾਤਮਿਕ ਨਹੀਂ ਹੋ ਸਕਦਾ ਅਤੇ 'ਖ਼ੈਰਾਤ'ਸਰਬੱਤ ਦੇ ਭਲੇ ਨੂੰ ਚਿਹਨਤ ਕਰਦੀ ਹੈ ਜਿਹੜੀ ਕਦੇ ਵੀ ਨਕਾਰਾਤਮਿਕ ਨਹੀਂ ਹੋ ਸਕਦੀ। ਇਸ ਲਈ ਕਾਵਿ ਟੁਕੜੀ ਦੀ ਸਾਂਝੀ ਤੰਦ 'ਹੱਥ' ਹਨ ਪਰ 'ਚਿੱਟੇ ਹੱਥ' ਕਿਸੇ ਖਾਸ ਕੌਮ ਨੂੰ ਪ੍ਰਤੀਬਿੰਬਤ ਕਰਦੇ ਹਨ ਜੋ ਮਦਰੱਸੇ ਵਿਚ ਬੰਬ ਵੀ ਵਰਾਉਂਦੇ ਹਨ ਅਤੇ ਖ਼ੈਰਾਤ ਵੀ ਵੰਡਦੇ ਹਨ। ਕਵਿਤਾ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਸਲਮਾ ਦੁਆਰਾ ਪੁੱਛੇ ਗਏ ਪ੍ਰਸ਼ਨ ਦਾ ਅੰਮਾ ਕੋਲ ਕੋਈ ਜਵਾਬ ਨਹੀਂ ਹੈ। ਅੰਮਾ ਮੂਕ ਹੈ ਭਾਵ ਔਰਤ ਮੂਕ ਰੂਪ ਸਭ ਕੁਝ ਸਹਿਣ ਕਰੀ ਜਾ ਰਹੀ ਹੈ। ਇੱਥੇ ਸਲਮਾ ਦੀ ਅੰਮਾ ਦਾ ਮੂਕ ਹੋਣ ਤੋਂ ਭਾਵ ਅਣਕਿਹੇ ਵੱਲ ਇਸ਼ਾਰਾ ਵੀ ਹੈ। ਇਹ ਅਣਕਿਹਾ ਕਵਿਤਾ ਦਾ ਹਾਸਿਲ ਹੁੰਦਾ ਹੈ ਜੋ ਪਾਠਕ ਦੀ ਚੇਤਨਾ ਦਾ ਇਮਤਿਹਾਨ ਲੈਂਦਾ ਹੈ ਕਿ ਉਹ ਇਸ ਸੰਬੰਧ ਵਿਚ ਕੀ ਸੋਚਦੇ ਹਨ। ਇੱਕ ਪਾਸੇ ਸੰਵੇਦਨਸ਼ੀਲ ਕਾਵਿ ਮਨ ਗਲੋਬਲੀ ਰਾਜਸੀ ਵਰਤਾਰਿਆਂ ਵਿਚੋਂ ਪਨਪਦੀ ਹਿੰਸਾ ਨਾਲ ਪੀੜਤ ਹੁੰਦਾ ਹੈ, ਦੂਸਰੇ ਪਾਸੇ ਪਰਵਾਸੀ ਦਾ ਮੇਜ਼ਬਾਨ ਮੁਲਕ ਦੇ ਭੌਤਿਕ ਵਰਤਾਰਿਆਂ ਨੂੰ ਦੇਖ ਕੇ ਮਨ ਉਚਾਟ ਹੁੰਦਾ ਹੈ ਜਿਸ ਦੀ ਸ਼ਾਹਦੀ 'ਨਦੀ ਕਿਨਾਰੇ' ਕਵਿਤਾ ਭਰਦੀ ਹੈ :

ਜ਼ਿੰਦਗੀ ਦੀ ਭੱਜ ਦੌੜ 'ਚ
ਅੱਜ ਮਨੁੱਖ ਤਲਾਸ਼ ਰਿਹੈ
ਪੌਂਡਾਂ-ਡਾਲਰਾਂ ਦੀ ਚਮਕ 'ਚੋਂ
ਖੁਸ ਚੁੱਕੇ ਸਕੂਨ ਨੂੰ

ਅਜੋਕਾ ਦੌਰ ਸੂਚਨਾ ਕ੍ਰਾਂਤੀ ਦਾ ਦੌਰ ਹੈ। ਜਿੱਥੇ ਇਸ ਦੌਰ ਨਾਲ ਮਨੁੱਖ ਨੂੰ ਸੁੱਖ-ਸਹੂਲਤਾਂ ਪ੍ਰਦਾਨ ਹੋਈਆਂ ਹਨ, ਉੱਥੇ ਇਸ ਦੇ ਨਾਲ-ਨਾਲ ਮਾਨਸਿਕ ਤਣਾਓ ਵੀ ਵਧਿਆ ਹੈ। ਮਨੁੱਖ ਦੀ ਸਹਿਜ ਤੋਰ ਅੰਦਰ ਦੁਚਿੱਤੀ ਅਤੇ ਕਾਹਲਾਪਣ ਵੀ ਸ਼ਾਮਿਲ ਹੋਇਆ ਹੈ। ਇਸ ਦੁਚਿੱਤੀ ਅਤੇ ਕਾਹਲੇਪਣ ਨਾਲ ਮਨੁੱਖ ਠੋਸ ਫੈਸਲਾ ਅਤੇ ਸਹਿਜ-ਸੁਹਜ ਦਾ ਜੀਵਨ ਮਾਨਣਾ ਭੁੱਲ ਗਿਆ ਹੈ। ਇਸ ਲਈ

ਪਰਵਾਸੀ ਕੇਵਲ ਡਾਲਰਾਂ ਦੀ ਚਮਕ-ਦਮਕ ਵਿਚ ਸਕੂਨ ਦੇ ਖ਼ੁੱਸਣ ਦਾ ਮਾਨਸਿਕ ਸੰਤਾਪ ਹੀ ਨਹੀਂ ਭੋਗਦਾ ਸਗੋਂ ਨਵੀਂ ਪੀੜ੍ਹੀ ਦੀ ਜੀਵਨ-ਜਾਚ ਤੋਂ ਉਦਾਸ ਹੋਇਆ ਵੀ ਨਜ਼ਰ ਆਉਂਦਾ ਹੈ :

ਬੱਚੀ
ਫੀਡ ਕਰ ਬੈਠੀ
ਇਸ ਦੀ ਹਾਬੜੀ ਭੁੱਖ ਅੰਦਰ
ਬੇ ਓੜਕ ਸ਼ਬਦਾਂ ਦਾ ਭੰਡਾਰ
ਕਲਿੱਕ ਕਰਕੇ
ਕੀ ਜਾਣ ਸਕੇਗੀ
ਆਪਣੇ ਸੁਪਨਿਆਂ ਦੇ ਸੱਚ ਨੂੰ
ਸ਼ੰਕਿਆਂ ਦੇ ਸ਼ੋਰ ਸ਼ਰਾਬੇ ਅੰਦਰ ?

ਤਕਨੀਕੀ ਦੌਰ ਵਿਚ ਮਨੁੱਖ ਖ਼ੁਦ ਨਾਲੋਂ ਟੁੱਟ ਕੇ ਦੂਰ ਬੈਠੇ ਬੰਦੇ ਨਾਲ ਜੁੜਿਆ ਹੈ ਜਦਕਿ ਸੁਪਨਿਆਂ ਦਾ ਸੱਚ ਲੱਭਣ ਲਈ ਸਵੈ/ਖ਼ੁਦ ਨਾਲ ਜੁੜਨਾ ਜ਼ਰੂਰੀ ਹੈ। ਬੱਚੀ ਸਾਹਵੇਂ ਇੱਕ ਪਾਸੇ ਸੁਪਨਿਆਂ ਦਾ ਸੱਚ ਹੈ ਅਤੇ ਦੂਜੇ ਪਾਸੇ ਸ਼ੰਕਿਆਂ ਦਾ ਸ਼ੋਰ ਸ਼ਰਾਬਾ ਹੈ। ਸੁਪਨਿਆਂ ਦਾ ਸੱਚ ਆਪਣਾ ਮੂਲ ਹੈ। ਆਪਣੀ ਮੌਲਿਕਤਾ ਹੈ। ਆਪਣਾ ਵੱਖਰਾਪਣ ਹੈ। ਜਦਕਿ ਦੂਜੇ ਪਾਸੇ ਸ਼ੰਕਿਆਂ ਦੇ ਸ਼ੋਰ-ਸ਼ਰਾਬੇ ਅੰਦਰ ਅਣਗਿਣਤ ਸਵਾਲ ਹਨ। ਅਣਗਿਣਤ ਸਿਧਾਂਤ ਹਨ। ਕਾਵਿ ਮਨ ਇਸ ਸਾਰੇ ਗੁੰਝਲਦਾਰ ਵਰਤਾਰੇ ਵਿਚੋਂ ਬੱਚੀ ਦਾ ਮੂਲ, ਵੱਖਰਾਪਣ ਅਤੇ ਮੌਲਿਕ ਵਿਚਾਰ ਵਿਕਸਤ ਨਾ ਹੋ ਸਕਣ ਦਾ ਦੁਖਾਂਤ ਪੇਸ਼ ਕਰਦਾ ਹੈ।

ਉਪਰੋਕਤ ਵਿਚਾਰ-ਚਰਚਾ ਦੀ ਰੌਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭੁਪਿੰਦਰ ਸਿੰਘ ਸੱਗੂ ਦਾ ਕਾਵਿ ਸੰਗ੍ਰਹਿ 'ਦਰਦ ਜਾਗਦਾ ਹੈ' ਇੱਕ ਮਾਨਵੀ ਦਰਦ ਦਾ ਕਾਵਿਕ ਚਿਤਰਣ ਹੈ ਪਰ ਇਹ ਦਰਦ 'ਬੁਕਨਵਾਲਡ ਕਾਨਸੈਨਟ੍ਰੇਸ਼ਨ ਕੈਂਪ' ਵਿਚ ਬੇਗੁਨਾਹਾਂ ਦਾ ਕਤਲ, ਨਿਰਦੋਸ਼ 'ਦਾਮਿਨੀ' ਨਾਲ ਗੈਂਗ ਰੇਪ, ਮਾਂ ਦੇ ਬੋਲਾਂ ਦੀ ਖ਼ਾਮੋਸ਼ ਹੋਣ ਜਾਣ ਦੀ ਕਹਾਣੀ, ਦਿਨ-ਦਿਹਾੜੇ ਇੰਗਲੈਂਡ ਦੀਆਂ ਸੜਕਾਂ 'ਤੇ ਦਨਦਨਾਉਂਦਾ ਆਤੰਕਵਾਦ, ਚਿੱਟੇ ਹੱਥਾਂ ਵਲੋਂ ਮਦਰੱਸੇ 'ਤੇ ਬੰਬਾਂ ਦੀ ਬੁਛਾੜ, ਰਾਮ ਲਾਲ ਦੀ ਕਰਤਾਰ ਸਿੰਘ ਬਣ ਕੇ ਜਿਉਣ ਦੀ ਪੀੜ, ਕੰਜਕਾਂ ਦੇ ਜੰਮਣ ਤੋਂ ਪਹਿਲਾਂ ਹੁੰਦਾ ਗਰਭਪਾਤ, ਮਜ਼੍ਹਬ, ਜ਼ਾਤ ਅਤੇ ਨਸਲੀ ਹਾਮੀ ਭਰਨ ਵਾਲੇ ਲੋਕ, ਇਜ਼ਰਾਈਲ ਤੇ ਫ਼ਲਾਸਤੀਨ ਦੀਆਂ ਹੱਦਾਂ ਟੱਪ ਕੇ ਮਾਰੂ ਜੰਗ ਦੇ ਬਿਗਲ ਵਜਾਉਣ, ਕਿਸੇ ਭੇੜੀਏ ਦਾ ਲਛਮਣ ਰੇਖਾ ਟੱਪ ਕੇ 'ਆਸਿਫ਼ਾ' ਵਰਗੀ ਨਾਬਾਲਗ ਲੜਕੀ ਨਾਲ ਹੁੰਦਾ ਬਲਾਤਕਾਰ, ਸੂਰਮਿਆਂ, ਨੌਜਵਾਨਾਂ ਤੇ ਧੌਲੀ

ਦਾੜ੍ਹੀ ਵਾਲੇ ਬਾਬਿਆਂ ਦੀ ਕੁਰਬਾਨੀ ਨੂੰ ਮਿੱਟੀ 'ਚ ਮਿਲਾਉਣ ਕਾਰਨ ਜਾਗਦਾ ਹੈ। ਇਸ ਲਈ ਭੁਪਿੰਦਰ ਸਿੰਘ ਸੱਗੂ ਦੀ ਕਾਵਿ ਪੁਸਤਕ 'ਦਰਦ ਜਾਗਦਾ ਹੈ' ਇੱਕ ਤਰ੍ਹਾਂ ਦਾ ਮਾਨਵੀ ਦਰਦ ਦਾ ਇਤਿਹਾਸਕ ਦਸਤਾਵੇਜ ਜਾਪਦੀ ਹੈ। ਚਹੁੰ-ਕੂਟੀਂ ਜ਼ੁਲਮ ਤੇ ਪਾਪ ਵਧਣ ਨਾਲ ਕੂਕ ਉੱਠਣਾ, ਸੱਗੂ ਦੀ ਕਲਮ ਦਾ ਈਮਾਨ ਹੈ। ਮਜ਼ਲੂਮ ਲਈ ਤਲਵਾਰ ਦੀ ਢਾਲ ਬਣਨਾ ਫਰਜ਼ ਹੈ। ਉਸ ਲਈ ਚੁੱਪ ਰਹਿਣਾ ਹੀ ਘੋਰ ਸੰਤਾਪ ਹੈ। ਸਰਬੱਤ ਦਾ ਭਲਾ ਮੰਗਣਾ ਉਸ ਦੀ ਵਿਸ਼ਵੀ ਦ੍ਰਿਸ਼ਟੀਕੋਣ ਦਾ ਪਰਮਾਣ ਹੈ। ਇਸ ਲਈ ਭੁਪਿੰਦਰ ਸਿੰਘ ਸੱਗੂ ਆਪਣੀ ਕਾਵਿ ਪੁਸਤਕ 'ਦਰਦ ਜਾਗਦਾ ਹੈ' ਵਿਚ ਅਜਿਹੀ ਨਗਰੀ ਉਸਾਰਨਾ ਚਾਹੁੰਦਾ ਹੈ ਜਿੱਥੇ ਨਫ਼ਰਤ/ਜੰਗ ਦੀ ਥਾਂ ਪ੍ਰੇਮ/ਮੁਹੱਬਤ ਹੋਵੇ। ਨਾ-ਬਰਾਬਰੀ ਦੀ ਥਾਂ ਸਮਾਨਤਾ ਹੋਵੇ। ਨਾਰੀ ਨੂੰ ਕੁਚਲਣ ਦੀ ਥਾਂ ਨਾਰੀ ਦੀਆਂ ਭਾਵਨਾਵਾਂ ਦਾ ਸਨਮਾਨ ਹੋਵੇ। ਖ਼ੂਨੀ ਰਿਸ਼ਤੇ ਦੀ ਕਦਰ ਹੋਵੇ। ਆਪਸੀ ਭਾਈਚਾਰਕ ਸਾਂਝ ਗੂੜ੍ਹੀ ਹੋਵੇ। ਕੁੱਲ ਮਿਲਾ ਕੇ ਭੁਪਿੰਦਰ ਸਿੰਘ ਸੱਗੂ ਦੀ ਸੰਵੇਦਨਾ ਮਾਨਵ ਦੇ ਦੁੱਖ-ਦਰਦਾਂ ਦੀ ਬਾਤ ਪਾਉਂਦੀ ਹੋਈ ਜਿੱਥੇ ਸਥਾਨਕ ਵਸਤ-ਵਰਤਾਰਿਆਂ ਤੱਕ ਪਹੁੰਚ ਕਰਦੀ ਹੈ, ਉੱਥੇ ਉਹ ਰਾਸ਼ਟਰੀ ਅਤੇ ਅੰਤਰਾਸ਼ਟਰੀ ਮੁੱਦਿਆਂ ਨਾਲ ਵੀ ਆਪਣਾ ਠੋਸ ਸੰਵਾਦ ਰਚਾਉਂਦੀ ਹੋਈ ਪਰਵਾਸੀ ਪੰਜਾਬੀ ਕਵਿਤਾ ਵਿਚ ਆਪਣਾ ਵਿਲੱਖਣ ਅਤੇ ਗੌਲਣਯੋਗ ਸਥਾਨ ਹਾਸਿਲ ਕਰਦੀ ਹੈ।

•••••

**ਖੋਜਾਰਥੀ, ਪੰਜਾਬੀ ਵਿਭਾਗ,**
**ਦਿੱਲੀ ਯੂਨੀਵਰਸਿਟੀ, ਦਿੱਲੀ,**
**ਫੋਨ ਨੰ: 94176-19624**
**Email : gurpreetborawal@gmail.com**

# ਭੁਪਿੰਦਰ ਸੱਗੂ ਦੀ ਕਾਵਿ ਪੁਸਤਕ, 'ਦਰਦ ਜਾਗਦਾ ਹੈ' ਬਾਰੇ ਦੋ ਗੱਲਾਂ

## ਗੁਰਮੇਲ ਸ਼ਾਮ ਨਗਰ

ਭੁਪਿੰਦਰ ਸੱਗੂ ਹੁਰਾਂ ਦੀ ਕਾਵਿ ਪੁਸਤਕ ਜੋ ਮੇਰੇ ਹੱਥਾਂ ਚ ਹੈ, ਦਾ ਸਿਰਲੇਖ ਹੈ "ਦਰਦ ਜਾਗਦਾ ਹੈ"।

ਦਰਦ ਜਾਗਦਾ ਹੈ ਤਾਂ ਦਰਦ ਜਾਗਦਾ ਹੀ ਰਹਿਣਾ ਚਾਹੀਦਾ ਹੈ। ਜੇਕਰ ਸਾਡੇ ਮਨਾਂ ਅੰਦਰ ਸਾਡੇ ਅਹਿਸਾਸਾਂ ਚ ਕਿਤੇ ਦਰਦ ਜਾਗਦਾ ਹੈ ਤਾਂ ਇਸਦਾ ਇਹ ਅਰਥ ਹੋਇਆ, ਕਿ ਸਾਡੀ ਸੰਵੇਦਨਸ਼ੀਲਤਾ ਜਿਊਂਦੀ ਹੈ, ਪਰ ਜੇਕਰ ਦਰਦ ਹੋਣ ਦੇ ਬਾਵਜੂਦ ਵੀ ਚੇਤਨਾ ਸੁੱਤੀ ਰਹੇ ਅਤੇ ਦਰਦ ਨੂੰ ਮਹਿਸੂਸ ਹੀ ਨਾ ਕਰੇ ਤਾਂ ਇਸਦਾ ਇਹ ਅਰਥ ਹੋਇਆ ਕਿ ਸਾਡੇ ਅੰਦਰ ਕੁਝ ਸੁੱਤਾ ਹੀ ਨਹੀਂ ਸਗੋਂ ਮੁਰਦਾ ਵੀ ਹੋ ਗਿਆ ਹੈ, ਜੋ ਕਿਸੇ ਹੋਰ ਦਾ ਭਾਵ ਮਾਨਵਤਾ ਦਾ ਦਰਦ ਤਾਂ ਕੀ ਮਹਿਸੂਸ ਹੋਣ ਦੇਵੇਗਾ ਸਗੋਂ ਸਵੈ ਨੂੰ ਵੀ ਗੁਲਾਮ ਜ਼ਹਿਨੀਅਤ ਅਤੇ ਮੁਰਦਾ ਅਹਿਸਾਸਾਂ ਵਾਲੀ ਭੋਜਨ ਖਾਣ, ਹੱਗਣ, ਬੱਚੇ ਪੈਦਾ ਕਰਨ ਅਤੇ ਮਰ ਜਾਣ ਵਰਗੀ ਮਸ਼ੀਨੀ ਹਰਕਤ ਤੱਕ ਸੀਮਤ ਕਰ ਦੇਵੇਗਾ।

ਪਰ ਜੇਕਰ ਦਰਦ ਜਾਗਦਾ ਹੈ, ਤਾਂ ਸੁਕਰਾਤ ਅਤੇ ਈਸਾ ਤੋਂ ਲੈ ਕੇ ਹੁਣ ਤੱਕ ਦੇ ਮਾਨਵਤਾ ਨੂੰ ਮਿਲੇ ਸਾਰੇ ਦਰਦਾਂ ਨੂੰ ਆਪਣੀ ਭਰਪੂਰ ਸੰਵੇਦਨਾ ਅਤੇ ਗਹਿਰਾਈ ਤੱਕ ਮਹਿਸੂਸਦਾ ਹੈ। ਇਸ ਲਈ ਚੰਗਾ ਹੈ ਜੇਕਰ ਦਰਦ ਜਾਗਦਾ ਹੈ ਤਾਂ...,

ਦਰਦ ਜਾਗਦਾ ਹੀ ਹੋਣਾ ਚਾਹੀਦਾ ਹੈ।

ਇਹ ਸੀ ਇਸ ਪੁਸਤਕ ਦੇ ਸਿਰਲੇਖ ਦੇ ਧੜਕਦੇ ਹੋਏ ਅਰਥਾਂ ਦਾ ਅਹਿਸਾਸ। ਹੁਣ ਅਸੀਂ ਸੱਗੂ ਜੀ ਦੀਆਂ ਕਵਿਤਾਵਾਂ ਦੀ ਕਾਵਿਕ ਸ਼ੈਲੀ, ਕਾਵਿ ਮੁਹਾਂਦਰੇ ਤੇ ਵਸਤੂਗਤ ਪ੍ਰਗਟਾਵਿਆਂ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਭੁਪਿੰਦਰ ਸੱਗੂ ਦੀ ਵਧੇਰੇ ਕਵਿਤਾ ਬਿਰਤਾਂਤਕ ਹੈ। ਘਟਨਾਵਾਂ ਦਾ ਜ਼ਿਕਰ, ਸੁਪਨਿਆਂ ਦਾ ਵੇਰਵਾ ਅਤੇ ਖਿਆਲਾਂ ਚ ਬੁਣੀਆਂ ਕਹਾਣੀਆਂ ਦਾ ਇੱਕ ਬਿਰਤਾਂਤ ਵਾਂਗ ਪ੍ਰਗਟਾ ਹੈ। ਕਵੀ ਕਿਤੇ ਕਿਤੇ ਮਨ-ਬਚਨੀ ਅਖਤਿਆਰ ਕਰਦਾ, ਖੁਦ ਨਾਲ ਗੱਲਾਂ ਕਰਦਾ ਤੇ ਕਿਤੇ ਕਿਤੇ ਨਕਾਰਾਤਮਕ ਸ਼ਕਤੀਆਂ ਉੱਪਰ ਆਪਣੇ

ਤਿੱਖੇ ਕਾਵਿਕ ਖੰਜ਼ਰ ਨਾਲ ਵਾਰ ਕਰਦਾ ਹੈ, ਪਰ ਉਹਨਾਂ ਦੀ ਅਸਲੀਅਤ ਉਘਾੜਦਿਆਂ, ਉਹਨਾਂ ਦਾ ਨਾਕਾਬ ਉਤਾਰਦੇ ਵਕਤ ਵੀ ਇੰਨੇ ਸਹਿਜ ਅਤੇ ਸਲੀਕੇ ਨਾਲ ਵਿਚਰਦਾ ਹੈ, ਜਿਵੇਂ ਇੱਕ ਸਿਆਣਾ ਸਰਜਨ ਮਰੀਜ਼ ਦੇ ਭਲੇ ਲਈ ਬੇ-ਰਹਿਮ ਹੋ ਕੇ ਚੀਰ - ਫਾੜ ਤਾਂ ਕਰਦਾ ਹੈ, ਪਰ ਮਰੀਜ਼ ਨੂੰ ਦਰਦ ਦਾ ਅਹਿਸਾਸ ਵੀ ਨਹੀਂ ਹੋਣ ਦੇਂਦਾ, ਪਰ ਕਟਾਖਸ਼ ਬਹੁਤ ਗੁੱਝਾ ਹੁੰਦਾ ਹੈ, ਜਿਵੇਂ ਕਵਿਤਾ "ਸਲਮਾ" ਵਿੱਚ

"ਕੱਲ
ਜੋ ਮਦਰੱਸੇ ਉੱਤੇ ਬੰਬ ਵਰਾਉਂਦੇ
ਚਿੱਟੇ ਹੱਥ ਸਨ
ਅੱਜ
ਖ਼ੈਰਾਤ ਵੰਡਦੇ ਜਿਹੜੇ
ਚਿੱਟੇ ਹੱਥ ਨੇ,
ਸਲਮਾਂ ਪੁੱਛਦੀ
ਦੱਸ ਨੀ ਅੰਮਾਂ
ਇਹ ਉਹੀ ਹੱਥ ਨੇ!?"

ਇੱਕ ਪਾਸੇ ਬੰਬ ਵਰ੍ਹਾ ਕੇ ਲੋਕਾਂ ਦੇ ਖ਼ੂਨ ਦਾ ਘਾਣ ਕਰਨ ਵਾਲੀਆਂ ਤਾਕਤਾਂ ਅੰਨ੍ਹੇਵਾਹ ਜ਼ੁਲਮ ਢਾਹੁੰਦੀਆਂ ਹਨ, ਪਰ ਦੂਜੇ ਪਾਸੇ ਹਮਦਰਦੀ ਦਾ ਨਾਟਕ ਕਰਦੀਆਂ ਖ਼ੈਰਾਤ ਵੀ ਵੰਡਦੀਆਂ ਹਨ, ਪਰ ਲੋਕਾਂ ਦੀ ਬੱਚਿਆਂ ਵਰਗੀ ਮਾਸੂਮੀਅਤ ਉਹਨਾਂ ਦੇ ਖ਼ੂਨ ਰੰਗੇ ਹੱਥ ਪਛਾਣਦੀ ਹੈ ਅਤੇ ਉਹਨਾਂ ਦਾ ਦੋਹਰਾ ਕਿਰਦਾਰ ਵੀ।

ਇਸ ਪੁਸਤਕ ਦੀ ਸਿਰਲੇਖੀ ਕਵਿਤਾ "ਦਰਦ ਜਾਗਦਾ ਹੈ" ਵਿੱਚ ਵੀ ਕਵੀ ਬਿਰਤਾਂਤਕ ਸ਼ੈਲੀ ਵਿੱਚ ਗੱਲ ਕਰਦਿਆਂ ਹਿਟਲਰ ਦੇ ਜ਼ੁਲਮਾਂ ਨੂੰ ਯਾਦ ਕਰਦਾ ਹੈ, ਪਰ ਇਸ ਕਵਿਤਾ ਦੀ ਵਿਸ਼ੇਸ਼ਤਾ ਸਮੇਂ ਤੋਂ ਪਾਰ ਪਾ ਜਾਣ ਵਾਲੀ ਹੋ ਜਾਂਦੀ ਹੈ, ਕਿਉਂਕਿ ਹਿਟਲਰ ਦੇ ਜ਼ੁਲਮਾਂ ਦਾ ਵਿਵਰਣ ਕਈ ਰੂਪਾਂ ਵਿੱਚ ਅੱਜ ਦੇ ਮਾਹੌਲ ਨਾਲ ਵੀ ਅੰਤਰ ਸਬੰਧ ਸਥਾਪਿਤ ਕਰਦਾ ਹੋਇਆ ਇੱਕ ਮਾਰਮਿਕ ਮਾਹੌਲ ਸਿਰਜਦਾ ਹੈ। ਹਿਟਲਰ ਦੇ ਜ਼ੁਲਮ ਅਜੇ ਵੀ ਲੋਕ ਮਾਨਸਿਕਤਾ ਚ ਦਰਦ ਦਾ ਅਹਿਸਾਸ ਜਗਾਓਂਦੇ ਹਨ ਅਤੇ ਫਿਰ ਇੱਕ ਕਵੀ ਦਾ ਹਿਰਦਾ ਤਾਂ ਬਹੁਤ ਸੰਵੇਦਨਸ਼ੀਲ ਹੁੰਦਾ ਹੈ, ਤਾਂ ਹੀ ਉਸਦੇ ਹਿਰਦੇ ਅੰਦਰਲਾ ਦਰਦ ਹਮੇਸ਼ਾਂ ਜਾਗਦਾ ਹੈ।

ਅਗਲੀ ਕਵਿਤਾ "ਬਾਬੇ ਬੋਹੜ ਨਾਲ ਗੱਲਾਂ" ਵਿੱਚ ਪ੍ਰਦੇਸੀਂ ਜਾ ਵੱਸਿਆ

ਕਵੀ ਆਪਣੀ ਮਿੱਟੀ ਨਾਲ ਜੁੜਿਆ ਹੋਇਆ ਹੈ। ਉਸਨੇ ਆਪਣੀਆਂ ਜੜ੍ਹਾਂ ਨਾਲੋਂ ਨਾਤਾ ਨਹੀਂ ਤੋੜਿਆ। ਪਰ ਉਹ ਕਦੀ ਹਕੀਕਤ ਵਿੱਚ ਜਾਂ ਖਿਆਲਾਂ ਵਿੱਚ ਆਪਣੇ ਪਿੰਡ ਪਰਤਦਾ ਹੈ, ਤਾਂ ਪਿੰਡ ਵੜਨ ਤੋਂ ਪਹਿਲਾਂ ਮੌਲਦੀਆਂ ਆਸਾਂ ਵਾਲਾ ਜ਼ਿਆਰਤੀ ਬਾਬਾ ਬੋਹੜ ਜੋ ਆਪਣੇ ਸਿਰ ਤੇ ਮੌਸਮਾਂ ਦਾ ਕਹਿਰ ਹੰਢਾਓਂਦਾ ਸੀ, ਉਹ ਸੁੱਕ ਕੇ ਪਿੰਜਰ ਹੋ ਗਿਆ ਹੈ।

ਸੁੱਕ ਕੇ ਪਿੰਜਰ ਹੋ ਗਏ ਬਾਬੇ ਬੋਹੜ ਦਾ ਪ੍ਰਤੀਕ ਸਾਡੇ ਮਨਾਂ ਚ ਬਹੁ-ਅਰਥੀ ਭਾਵਾਂ ਦਾ ਸੰਚਾਰ ਕਰਦਾ ਹੈ। ਇਸ ਕਵਿਤਾ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ, ਕਿ ਪੰਜਾਬ ਦੀ ਪਛਾਣ ਪਿੰਜਰ ਹੋਈ ਹੈ। ਪੰਜਾਬੀਆਂ ਦੇ ਕਿਰਦਾਰ ਦਾ ਘਣਛਾਵਾਂ ਅਕਸ਼ ਪਿੰਜਰ ਹੋ ਗਿਆ ਹੈ ਅਤੇ ਗੁਰਬਾਣੀ ਦੇ ਅਨੁਸਾਰ "ਕੋਈ ਹਰਿਆ ਬੂਟ ਰਹਿਓ ਰੀ" ਵਾਲੀ ਆਸ ਵੀ ਬਹੁਤ ਮੱਧਮ ਪੈ ਗਈ ਹੈ। ਮਿੱਠਾ ਅਤੇ ਸੁਖਾਵਾਂ ਪੰਜਾਬੀ ਵਾਤਾਵਰਣ, ਮਿਲਾਪੜਾਪਣ, ਸਿੱਧਾ-ਸਾਦਾ ਤੇ ਸੱਚਾ ਪਿਆਰ ਸੁੱਕ ਕੇ ਪਿੰਜਰ ਹੋ ਰਿਹਾ ਹੈ। ਇਹਨਾਂ ਗੱਲਾਂ ਦਾ ਹੇਰਵਾ ਇਸੇ ਕਵਿਤਾ ਵਿੱਚ ਕਈ ਥਾਵਾਂ ਤੇ ਉੱਭਰਿਆ ਹੈ।

"ਜਿੱਥੇ ਤੜਕਸਾਰ  
ਖੜਕਦੇ ਸਨ ਡੋਲ  
ਲੋਕ ਧੋਂਦੇ ਸਨ  
ਮਨਾਂ ਦੀ ਮੈਲ  
ਹਵਾ 'ਚ ਗੂੰਜਦੇ ਸਨ  
ਜਪੁਜੀ ਦੇ ਬੋਲ  
ਅੱਜ ਨਸ਼ਿਆਂ ਦੇ ਮਾਰੇ  
ਸੁਣ ਰਹੇ ਨੇ  
ਲੱਚਰ ਗੀਤਾਂ ਦੇ ਬੋਲ।"

ਕਵੀ ਨੂੰ ਇੱਕ ਸੋਕਾ ਮਹਿਸੂਸ ਹੋ ਰਿਹਾ ਹੈ।

ਸਰਬਸਾਂਝੀਵਾਲਤਾ ਦਾ ਖੂਹ ਆਪਣੇਪਣ ਦੇ, ਪਿਆਰ ਦੇ ਸੋਕੇ ਦਾ ਸੰਤਾਪ ਭੋਗ ਰਿਹਾ ਹੈ। ਕਵੀ ਸਾਂਝੀ ਭੱਠੀ ਤੇ ਦਾਣਿਆਂ ਦੀ ਥਾਂ ਭੰਗ ਭੁੱਜਦੀ ਵੇਖ ਬਾਬੇ ਬੋਹੜ ਦੇ ਸਾਹਮਣੇ ਸ਼ਰਮ ਮਹਿਸੂਸ ਕਰਦਾ ਹੋਇਆ ਚੁੱਪ-ਚਾਪ ਘਰ ਪਰਤ ਆਇਆ। ਇਹ ਚੁੱਪ ਹੋ ਜਾਣਾ, ਆਪਣੇ ਅੰਦਰ ਉੱਤਰ ਜਾਣਾ, ਆਪਣੇ-ਆਪ ਚ ਪਰਤ ਜਾਣਾ ਸ਼ਾਇਦ ਆਪਣੀ ਵਿਰਾਸਤ ਨਾਲੋਂ ਟੁੱਟ ਰਹੇ ਰਿਸ਼ਤਿਆਂ ਦੀ ਖਾਮੋਸ਼ ਕੜਕੜਾਹਟ ਹੀ ਹੈ।

ਮੈਨੂੰ ਮਹਿਸੂਸ ਹੋ ਰਿਹਾ ਹੈ, ਕਿ ਇਸ ਪੁਸਤਕ ਦਾ ਸਿਰਲੇਖ ਹੀ "ਦਰਦ

ਜਾਗਦਾ ਹੈ" ਨਹੀਂ ਹੈ, ਸਗੋਂ ਇਸਦੇ ਹਰੇਕ ਪੰਨੇ ਤੇ, ਹਰੇਕ ਕਵਿਤਾ ਚ ਕੋਈ ਨਾ ਕੋਈ ਦਰਦ ਜਾਗ ਰਿਹਾ ਹੈ। ਹਿਟਲਰ ਦੇ ਜ਼ੁਲਮਾਂ ਦਾ ਦਰਦ, ਬੀਤੇ ਭਲੇ ਵੇਲਿਆਂ ਦੇ ਹੇਰਵੇ ਦਾ ਦਰਦ ਅਤੇ ਕਵਿਤਾ "ਸ਼ਨੀਲ ਦੀ ਨੀਲੀ ਫਰਾਕ" ਵਿੱਚ ਮਾਂ ਦੇ ਦਿਲ ਚ ਸੁਲਗਦਾ ਦਰਦ।

ਇਸੇ ਤਰ੍ਹਾਂ ਕਵਿਤਾ "ਗੈਂਗ ਰੇਪ" ਵਿੱਚ ਵੀ ਕਵੀ ਮਹਿਸੂਸ ਕਰਦਾ ਹੈ, ਕਿ ਚੁੱਪ ਦੇ ਸ਼ੋਰ ਵਿੱਚ ਵੀ ਕੁਹਰਾਮ ਕਿਵੇਂ ਮੱਚ ਜਾਂਦਾ ਹੈ। ਜਦੋਂ ਦਰਦ ਹੁੰਦਾ ਹੈ ਤਾਂ ਭਾਵੇਂ ਬਾਹਰ ਕੋਈ ਆਵਾਜ਼ ਨਹੀਂ ਹੁੰਦੀ, ਪਰ ਲੋਕ ਮਨਾਂ ਅੰਦਰ ਇੱਕ ਜ਼ਬਰਦਸਤ ਕੁਰਬਲਾਹਟ ਅਤੇ ਫੜਫੜਾਹਟ ਹੁੰਦੀ ਹੈ, ਇਹੀ ਤਾਂ ਚੁੱਪ ਦਾ ਸ਼ੋਰ ਹੁੰਦਾ ਹੈ, ਜੋ ਚੁੱਪ ਤੋਂ ਬਾਅਦ ਲੋਕ ਰੋਹ ਦੇ ਆਉਣ ਵਾਲੇ ਤੂਫ਼ਾਨ ਦੀ ਆਮਦ ਨੂੰ ਬੁੱਝ ਲੈਂਦੇ ਹਨ, ਇਹ ਉਹੀ ਹਨ ਜੋ ਚੁੱਪ ਦਾ ਸ਼ੋਰ ਸੁਣ ਰਹੇ ਹੁੰਦੇ ਹਨ। ਇਸੇ ਕਵਿਤਾ ਦੀਆਂ ਸਤਰਾਂ ਹਨ,

"ਇਹ ਕੈਸਾ
ਤਹਿਜ਼ੀਬ ਯਾਫਤਾ
ਮਹਾਂਨਗਰ ਹੈ
ਜਿਸ ਦੀਆਂ ਸਲੇਟੀ ਸੜਕਾਂ ਤੇ
ਕੋਮਲ ਕਾਇਆ ਦੀ
ਅਜ਼ਮਤ ਲੁੱਟੀ ਗਈ।"

ਬੜਾ ਗਹਿਰਾ ਕਟਾਕਸ਼ ਹੈ, ਕਿ ਅਜਿਹੀ ਤਹਿਜ਼ੀਬ ਵੀ ਕੀ ਤਹਿਜ਼ੀਬ ਹੋਈ, ਕਿ ਉਸਦੀਆਂ ਆਧੁਨਿਕ ਖ਼ੂਬਸੂਰਤ ਸੜਕਾਂ ਤੇ ਕਿਸੇ ਦੀ ਇੱਜ਼ਤ ਲੁੱਟੀ ਜਾਵੇ, ਪਰ ਉੱਥੇ ਤਹਿਜ਼ੀਬ ਪਸੰਦ ਲੋਕ ਕੋਈ ਆਵਾਜ਼ ਹੀ ਨਾ ਬਣਨ???

ਦਰਅਸਲ ਇਹ ਆਧੁਨਿਕ ਮਹਾਂਨਗਰੀ ਤਹਿਜ਼ੀਬ ਚ ਇੱਕ ਵਿਸ਼ਾਲ ਮੰਡੀ ਦੇ ਮਾਲ ਵਾਂਗੂੰ ਰੀਂਗਦੇ ਫਿਰਦੇ ਲੋਕ ਸੱਭਿਅਤਾ ਦੇ ਅਸਲੀ ਅਰਥਾਂ ਨੂੰ ਵਿਸਾਰ ਚੁੱਕੇ ਹਨ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਬਹੁਤ ਪਿਛਾਂਹ ਛੱਡ ਆਏ ਹਨ। ਇਸੇ ਕਾਰਨ ਇਸ ਮਹਾਂਨਗਰੀ ਤਹਿਜ਼ੀਬ ਚ ਹਰ ਰੋਜ ਹੀ ਨਾ ਕੇਵਲ ਔਰਤਾਂ ਦੀ ਸਰੀਰਕ ਅਜ਼ਮਤ ਹੀ ਸਗੋਂ ਮਨੁੱਖਤਾ ਦੀ ਇੱਜ਼ਤ ਵੀ ਕਈ ਅਰਥਾਂ ਚ ਪੈਰਾਂ ਹੇਠ ਲਿਤਾੜੀ ਜਾ ਰਹੀ ਹੈ।

ਕਵਿਤਾ ਹੈ, "ਮਾਂ ਖਾਮੋਸ਼ ਹੈ"

ਸੋਚ ਕੇ ਵੇਖੋ ਜੇ ਮਾਂ ਖਾਮੋਸ਼ ਹੈ ਤਾਂ.........

ਉਸਦੇ ਅੰਦਰ ਚੁੱਪ ਦਾ ਸ਼ੋਰ ਜ਼ਰੂਰ ਹੋਵੇਗਾ। ਉਸਦੇ ਅੰਦਰ ਦਰਦ ਬਹੁਤ ਤੀਬਰਤਾ ਨਾਲ ਜਾਗਦਾ ਹੋਵੇਗਾ, ਇੱਕ ਦਮ ਤੇਜ਼, ਵਾਹਯਾਤ ਤੇਜ਼ ਦੌੜਦੀਆਂ ਦਰਦ ਦੀਆਂ ਤਰੰਗਾਂ......,

ਪਰ ਮਾਂ ਖਾਮੋਸ਼ ਹੈ।

ਇੱਥੇ ਵੀ ਕਿਤੇ ਵਿਹੜੇ ਦੀ ਖਾਮੋਸ਼ੀ ਵਿੱਚ ਮਾਂ ਦੇ ਬੋਲਾਂ ਦੇ ਖਾਮੋਸ਼ ਹੋ ਜਾਣ ਦੀ ਕਹਾਣੀ ਹੈ। ਸਭ ਚੁੱਪ-ਚਾਪ ਹੈ...... ਸੁੰਨ-ਸਾਨ......, ਪਰ ਦਰਦ ਜਾਗਦਾ ਹੈ।

ਭੁਪਿੰਦਰ ਸੱਗੂ ਜੀ ਦੀਆਂ ਕਵਿਤਾਵਾਂ ਵਿੱਚ ਥਾਂ ਥਾਂ ਮਾਨਵਤਾ ਦਾ ਦਰਦ ਅਤੇ ਆਪਣੀ ਜਨਮ ਭੌਂ ਤੋਂ ਦੂਰੀ ਅਤੇ ਬੜੇ ਨਕਾਰਾਤਮਕ ਅਰਥਾਂ ਵਿੱਚ ਬੜੀ ਤੇਜੀ ਨਾਲ ਸਭ ਕੁਝ ਬਦਲਦੇ ਜਾਣ ਦਾ ਹੇਰਵਾ ਹੈ। ਕਵਿਤਾ "ਮੈਂ ਅਤੇ ਪਿੰਡ" ਵਿੱਚ ਕਵੀ ਇੱਕ ਬਹੁਤ ਹੀ ਦਿਲ ਨੂੰ ਟੁੰਬਣ ਵਾਲਾ ਦ੍ਰਿਸ਼ ਸਿਰਜ ਦੇਂਦਾ ਹੈ।

ਉਹ ਪਿੰਡ ਜਾਂਦਾ ਹੈ। ਪਿੰਡ ਦੀ ਮਿੱਟੀ ਉਸਦੇ ਕਦਮਾਂ ਨਾਲ ਚਿੰਬੜ ਜਾਂਦੀ ਹੈ। ਮਿੱਟੀ ਨੂੰ ਮੋਹ ਕਰਨ ਵਾਲਾ ਪਰਦੇਸੀ ਉਸ ਮਿੱਟੀ ਨੂੰ ਆਪਣੇ ਕਦਮਾਂ ਚੋਂ ਚੁੱਕ ਕੇ ਆਪਣੇ ਮੱਥੇ ਨਾਲ ਛੁਹਾ ਲੈਂਦਾ ਹੈ। ਅਤੀਤ ਦੀਆਂ ਯਾਦਾਂ ਦੇ ਝਰੋਖੇ ਚ ਝਾਤੀ ਮਾਰੀ ਤਾਂ ਪਿੰਡ ਨਾਲ ਪੁਰਾਣੀ ਸਾਂਝ ਨਜ਼ਰ ਆਈ, ਜਨਮ ਤੋਂ ਹੁਣ ਤੱਕ।

ਪਰ ਬਾਹਰ ਵੇਖਿਆ ਤਾਂ ਹੁਣ ਬਹੁਤ ਕੁਝ ਬਦਲ ਚੁੱਕਾ ਹੈ। ਪਰਦੇਸੋਂ ਮੁੜਿਆ ਕਵੀ ਆਪਣੇ ਪਿੰਡ ਨੂੰ ਫਿਰਨੀ ਤੇ ਖਲੋ ਕੇ ਵਿੰਹਦਾ ਹੈ। ਦੋਵੇਂ ਇੱਕ ਦੂਜੇ ਨੂੰ ਪਛਾਣਨ ਲੱਗਿਆਂ ਆਪਣੇ ਮੱਥੇ ਤੇ ਜੋਰ ਪਾਉਂਦੇ ਨੇ। ਉਸਨੂੰ ਲੱਗਦਾ ਹੈ, ਕਿ ਪਿੰਡ ਮੈਨੂੰ ਪਛਾਣਨ ਤੋਂ ਇਨਕਾਰੀ ਏ, ਪਰ ਫਿਰ ਵੀ ਉਸਦੇ ਅੰਦਰ ਪਿੰਡ ਦਾ ਇੱਕ ਰੂਪ ਜਿਊਂਦਾ ਏ, ਜੋ ਅਤੀਤ ਦੀਆਂ ਯਾਦਾਂ ਦੇ ਝਰੋਖੇ ਚੋਂ ਨਜ਼ਰ ਆਉਂਦਾ ਏ। ਮੇਰੀ ਆਪਣੀ ਰਾਇ ਹੈ, ਕਿ ਪਿੰਡ ਤੁਹਾਡੇ ਅੰਦਰੋਂ ਕਦੀ ਵੀ ਗੈਰ-ਹਾਜ਼ਰ ਨਹੀਂ ਹੁੰਦਾ। ਇਸੇ ਤਰ੍ਹਾਂ ਦੇ ਅਹਿਸਾਸ "ਬਾਬੇ ਬੋਹੜ ਨਾਲ ਗੱਲਾਂ" ਅਤੇ "ਓਪਰਿਆਂ ਵਾਂਗਰ" ਕਵਿਤਾਵਾਂ ਵਿੱਚ ਵੀ ਹਨ।

ਭੁਪਿੰਦਰ ਸੱਗੂ ਦੀ ਕਵਿਤਾ "ਆਤੰਕ" ਪੂਰੀ ਧਰਤੀ ਦੇ ਕਿਸੇ ਵੀ ਕੋਨੇ ਚ ਵਾਪਰਦੇ ਦਰਦ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਮਾਨਵਤਾ ਦਾ, ਲੋਕਾਈ ਦਾ ਦਰਦ ਹਰ ਥਾਂ ਇੱਕੋ ਜਿਹਾ ਹੈ ਅਤੇ ਦਰਦ ਦੇਣ ਵਾਲੇ ਕਿਸੇ ਦੇ ਵੀ ਸਕੇ ਨਹੀਂ, ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਚ ਹੋਣ। ਮਹਿਸੂਸ ਕਰਕੇ ਵੇਖੋ ਮਨੁੱਖ ਦੇ ਧੁਰ ਅੰਦਰ ਅਜੇ ਤੱਕ ਜਿਊਂਦੇ ਇੱਕ ਖੂੰਖਾਰ ਜਾਨਵਰ ਦੀ ਫੁੰਕਾਰ ਕਦੀ ਆਤੰਕਵਾਦ ਦੇ ਰੂਪ ਵਿੱਚ ਸੁਣਦੀ ਹੈ, ਕਦੀ ਧਾਰਮਿਕ ਜਨੂੰਨ, ਦੰਗੇ ਅਤੇ ਖੂਨ ਖਰਾਬੇ ਦੇ ਰੂਪ ਵਿੱਚ। ਆਤੰਕ ਤਾਂ ਆਤੰਕ ਹੀ ਹੈ। ਦਹਿਸ਼ਤ, ਡਰ ਅਤੇ ਮੌਤ ਦਾ ਅਹਿਸਾਸ ਕਰਵਾਉਂਦਾ ਆਤੰਕ, ਫਿਰ ਭਾਂਵੇ ਇਹ ਹਕੂਮਤੀ ਆਤੰਕ ਹੀ ਕਿਉਂ ਨਾ ਹੋਵੇ। ਕਵੀ ਨੂੰ ਭੁਲੇਖਾ ਸੀ, ਕਿ ਸ਼ਾਇਦ ਇਹ ਦਹਿਸ਼ਤ ਯੂਰਪੀਅਨ ਦੇਸ਼ਾਂ ਵਿੱਚ ਨਹੀਂ ਹੁੰਦੀ, ਪਰ ਕਿਸੇ ਇੱਕ ਘਟਨਾ ਨੇ ਉਸਦਾ ਇਹ ਭਰਮ ਵੀ ਤੋੜ

ਦਿੱਤਾ ਹੈ। ਉਹ ਘਟਨਾ ਇੰਗਲੈਂਡ ਵਿੱਚ ਅਗੱਸਤ ੨੦੧੧ ਵਿੱਚ ਹੋਏ ਦੰਗੇ ਸਨ, ਜਿਨ੍ਹਾਂ ਨੇ ਕਵੀ ਦਾ ਇਹ ਖ਼ੂਬਸੂਰਤ ਭਰਮ ਤੋੜ ਦਿੱਤਾ ਹੈ, ਕਿ ਆਤੰਕ ਸ਼ਾਇਦ ਯੂਰਪੀਅਨ ਦੇਸ਼ਾਂ ਵਿੱਚ ਨਹੀਂ ਹੁੰਦਾ।

ਭੁਪਿੰਦਰ ਸੱਗੂ ਦੀ ਕਵਿਤਾ "ਅਤੀਤ ਵੱਲ ਖੁੱਲ੍ਹਦਾ ਦਰਵਾਜ਼ਾ" ਪੜ੍ਹ ਕੇ ਮੈਂਨੂੰ ਹੈਰਾਨੀ ਭਰੀ ਖੁਸ਼ੀ ਹੋਈ ਹੈ, ਪਰ ਹਾਂ ਇਹ ਵਿਚਾਰ ਕਿਤੇ ਮੇਰੇ ਆਪਣੇ ਨਜ਼ਰੀਏ ਦੀ ਐਨਕ ਚੋਂ ਹੀ ਨਾ ਵੇਖਿਆ ਸਿਰਜਿਆ ਗਿਆ ਹੋਵੇ...!?

ਭਾਵੇਂ ਕਿ ਭੁਪਿੰਦਰ ਸੱਗੂ ਦਾ ਕਾਵਿਕ ਲਹਿਜਾ ਵਧੇਰੇ ਕਰਕੇ ਕਟਾਰ ਵਰਗਾ ਤਿੱਖਾ ਹੈ ਅਤੇ ਭੁਪਿੰਦਰ ਸੱਗੂ ਦੀ ਕਵਿਤਾ ਭੌਤਿਕ ਸੰਸਾਰ ਦੇ ਦੁਆਲੇ ਹੀ ਪਰਿਕਰਮਾ ਕਰਦੀ ਨਜ਼ਰ ਆਉਂਦੀ ਹੈ ਅਤੇ ਮਾਨਵੀ ਦਰਦ ਨੂੰ ਮਹਿਸੂਸਦੀ ਹੋਈ ਸੰਵੇਦਨਾਵਾਂ ਦਾ ਪ੍ਰਗਟਾਵਾ ਦੇਂਦੀ ਹੈ, ਪਰ "ਅਤੀਤ ਵੱਲ ਖੁੱਲ੍ਹਦਾ ਦਰਵਾਜ਼ਾ" ਵਿੱਚ ਕਵੀ ਕੁਝ ਬੁੱਧ ਹੋਇਆ ਨਜ਼ਰ ਆਉਂਦਾ ਹੈ। ਸਵੈ ਦੀ ਭਾਲ ਚ ਨਿਕਲਿਆ ਮਨੁੱਖ ਭਾਵੇਂ ਸਾਰਾ ਬ੍ਰਹਿਮੰਡ ਗਾਹ ਆਵੇ, ਪਰ ਉਸਦੀ ਭਾਲ ਆਪਣੇ ਹੀ ਅੰਦਰ ਸਥਿਤ ਇੱਕ ਕੇਂਦਰ ਬਿੰਦੂ ਤੇ ਸਮਾਪਿਤ ਹੋਣੀ ਹੁੰਦੀ ਹੈ। ਪ੍ਰਸਤੁਤ ਵਿਚਾਰ ਰਾਹੀਂ ਕਵੀ ਨੇ ਇੱਕ ਬਹੁਤ ਗਹਿਰਾ ਬੌਧਿਕ ਅਤੇ ਅਧਿਆਤਮਕ ਸੱਚ ਕਿਹਾ ਹੈ।

"ਉਹ ਆਪਣੀ ਭਾਲ 'ਚ
ਘਰੋਂ ਤੁਰਿਆ
ਤੇ ਸਾਰਾ ਬ੍ਰਹਿਮੰਡ ਘੁੰਮਦਾ ਹੋਇਆ
ਮੁੜ ਉਸੇ ਕੇਂਦਰ ਬਿੰਦੂ ਤੇ
ਆ ਖੜਾ ਹੋਇਆ
ਜਿੱਥੋਂ ਉਸਦੀ ਹੋਣੀ ਦਾ ਆਗਾਜ਼ ਸੀ।"

ਕਵਿਤਾ "ਕਰਾਮਾਤ" ਵਿੱਚ ਤਾਂ ਕਵੀ ਨੇ ਬੇਹੱਦ ਦਲੇਰੀ ਭਰਿਆ ਹੌਸਲਾ ਕੀਤਾ ਹੈ।

"ਪਾਦਰੀ ਜੀ
ਕੁਆਰੀ ਭੌਂਇ ਚੋਂ
ਕਦੀ ਫਸਲ ਨਹੀਂ ਜੰਮਦੀ।
ਯਸੂ ਤਾਂ ਸਾਂਝੀ ਕਰਾਮਾਤ ਸੀ
ਮਰੀਅਮ ਅਤੇ ਜ਼ੋਜ਼ਫਿ ਦੇ ਮਘਦੇ ਇਸ਼ਕ ਦੀ,
ਤੁਸੀਂ ਕਦੋਂ ਤੱਕ ਨਿਰਾਦਰ ਕਰਦੇ ਰਹੋਗੇ
ਸੱਚ ਦੇ ਮੂਲ ਦਾ,

ਤਰਕ ਤੇ ਕਾਇਨਾਤ ਦਾ?
ਸੂਲੀ ਤੇ ਖੇਡਣਾ ਹੀ ਕਰਾਮਤ ਹੈ।"

ਸੱਚ-ਮੁੱਚ ਸੂਲੀ ਤੇ ਖੇਡਣਾ ਹੀ ਕਰਮਾਤ ਹੈ। ਇਹ ਲਫਜ਼ ਲਿਖ ਕੇ ਭੁਪਿੰਦਰ ਸੱਗੂ ਹੁਰਾਂ ਸੱਚੀਂ ਇੱਕ ਕਰਾਮਾਤੀ ਹਿੰਮਤ ਦਿਖਾਈ ਹੈ। ਸੱਚ ਹੀ ਉਹਨਾਂ ਕਵੀ ਹੋਣ ਦਾ ਫ਼ਰਜ਼ ਬੜੀ ਦ੍ਰਿੜ੍ਹਤਾ ਨਾਲ ਨਿਭਾਇਆ ਹੈ, ਨਹੀਂ ਤਾਂ ਇਹ ਗੱਲ ਕਹਿਣੀ ਸੌਖੀ ਨਹੀਂ ਹੈ, ਨਹੀਂ ਤਾਂ ਅਜਿਹੇ ਬੋਲ ਹੀ ਕਈ ਵਾਰ ਸੱਚ ਕਹਿਣ ਵਾਲਿਆਂ ਨੂੰ ਸੂਲੀ ਤੱਕ ਲੈ ਜਾਂਦੇ ਹਨ ਅਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ।

ਇੱਕ ਹੋਰ ਕਵਿਤਾ
"ਜਗਤ ਜਲੰਦਾ ਰੱਖ ਲੈ" ਵੇਖੋ

"ਜਗਤ ਜਲੰਦਾ ਰੱਖ ਲੈ
ਆਪਣੀ ਕਿਰਪਾ ਧਾਰ,
ਅੱਗਾਂ ਨੱਚਣ ਬੌਰੀਆਂ
ਚਹੁੰ-ਕੂੰਟੀਂ ਬਦਕਾਰ,
ਸਾਨ ਢੁੱਡਾਂ ਮਾਰਦੇ
ਭੂਸਰੇ ਸ਼ਰੇ ਬਜ਼ਾਰ,
ਗਲ ਤੋਂ ਰੱਸੇ ਖੋਲ ਕੇ
ਆਪ ਸੁੱਤੀ ਸਰਕਾਰ।"

ਇਹ ਪੂਰੀ ਕਵਿਤਾ ਸਥਾਪਤੀ ਤੇ ਜਿਸ ਪ੍ਰਕਾਰ ਚੋਟ ਕਰਦੀ ਹੈ, ਜੇ ਭੁਪਿੰਦਰ ਸੱਗੂ ਭਾਰਤ ਚ ਰਹਿ ਰਹੇ ਹੁੰਦੇ ਤਾਂ 295 ਵਰਗੀ ਧਾਰਾ ਲਾ ਕੇ ਜਾਂ ਕੋਈ ਹੋਰ ਪਰਚਾ ਦਰਜ਼ ਕਰਕੇ ਭੁਪਿੰਦਰ ਸੱਗੂ ਹੁਰੀਂ ਜ਼ਰੂਰ ਹੀ ਹਕੂਮਤੀ ਜ਼ਬਰ ਦਾ ਸ਼ਿਕਾਰ ਹੋਏ ਹੁੰਦੇ। ਪਰ ਭੁਪਿੰਦਰ ਸੱਗੂ ਆਪਣੇ ਤਿੱਖੇ ਕਾਵਿਕ ਵੇਗ ਅਤੇ ਦਰਦਮੰਦ ਹਿਰਦੇ ਕਰਕੇ ਪੂਰੀ ਤਰ੍ਹਾਂ ਮੌਲਿਕ ਅਤੇ ਵਿਲੱਖਣ ਹਨ। ਇਹੀ ਵਿਸ਼ੇਸ਼ਤਾ ਉਹਨਾਂ ਦੀ ਤਾਕਤ ਬਣਦੀ ਹੈ। ਜਗਤ ਜਲੰਦਾ ਰੱਖ ਲੈਣ ਦੀ ਪੁਕਾਰ ਡਾਹਡੇ ਸੰਵੇਦਨਸ਼ੀਲ ਹਿਰਦੇ ਨੂੰ ਪ੍ਰਤੀਬਿੰਬਿਤ ਕਰਦੀ ਹੈ।

"ਸ਼ਾਇਰ" ਨਜ਼ਮ ਪੂਰੇ ਭਾਵ ਨਾਲ ਗਾ ਕੇ ਪੜ੍ਹੀ ਜਾਣ ਵਾਲੀ ਨਜ਼ਮ ਹੈ ਅਤੇ ਇਸਦਾ ਕੋਈ ਵੀ ਬੰਦ ਐਸਾ ਨਹੀਂ ਹੈ ਜਿਸਦਾ ਜ਼ਿਕਰ ਨਾ ਕੀਤਾ ਜਾਵੇ ਅਤੇ ਜਿਸ ਨੂੰ ਵਾਰ ਵਾਰ ਗਾਉਣ ਨੂੰ ਮਨ ਨਾ ਕਰਦਾ ਹੋਵੇ। ਹਰੇਕ ਬੰਦ ਚ ਸ਼ਾਇਰ ਦੀਆਂ ਖੂਬੀਆਂ ਅਤੇ ਨਿਆਰੀ ਹਸਤੀ ਦਾ ਸੁੰਦਰ ਚਿਤਰਣ ਮਿਲਦਾ ਹੈ। ਇਸ ਕਵਿਤਾ ਦਾ ਪਾਠ ਜਾਂ ਗਾਇਨ ਇਹ ਮਹਿਸੂਸ ਕਰਵਾ ਦੇਂਦਾ ਹੈ, ਕਿ ਸ਼ਾਇਰ

ਕੋਈ ਸਧਾਰਨ ਮਨੁੱਖ ਨਹੀਂ ਹੁੰਦਾ ਇਸੇ ਲਈ ਉਹ ਮਨੁੱਖਤਾ ਦਾ ਬਹੁਤ ਕਦਰਦਾਨ ਅਤੇ ਮਾਨਵਤਾ ਦਾ ਪੁਜਾਰੀ ਹੁੰਦਾ ਹੈ। ਸ਼ਾਇਰ ਹੋਣਾ ਬਹੁਤ ਖ਼ਾਸ ਹੁੰਦਾ ਹੈ ਅਤੇ ਭੁਪਿੰਦਰ ਸੱਗੂ ਆਪਣੀ ਪੂਰੀ ਸ਼ਾਇਰੀ ਚ ਇਸ ਧਾਰਨਾ ਦੀ ਸਥਾਪਨਾ ਵੀ ਕਰਦੇ ਹਨ ਅਤੇ ਪਾਠਕ ਨੂੰ ਇਹ ਅਹਿਸਾਸ ਵੀ ਕਰਵਾਉਂਦੇ ਹਨ, ਕਿ ਹਾਂ ਸੱਚ-ਮੁੱਚ ਹੀ ਸ਼ਾਇਰ ਬਹੁਤ ਖ਼ਾਸ ਹੁੰਦਾ ਹੈ।

ਸੋ "ਦਰਦ ਜਾਗਦਾ ਹੈ" ਕਾਵਿ ਪੁਸਤਕ ਦਾ ਪਾਠ ਕਰਦਿਆਂ ਕਵਿਤਾ ਦੇ ਵੱਖ-ਵੱਖ ਰੰਗਾਂ ਦੇ ਦਰਸ਼ਨ ਹੋਏ ਹਨ। ਪੁਸਤਕ ਵਿਚਲੀਆਂ ਕਵਿਤਾਵਾਂ ਚੋਂ ਕਦੀ ਹਿਟਲਰ ਦੇ ਸਮੇਂ ਹੋਏ ਜ਼ੁਲਮ ਨੂੰ ਅਤੇ ਲੋਕਾਂ ਦੁਆਰਾ ਹੰਢਾਏ ਦਰਦ ਨੂੰ ਆਪਣੇ ਅੰਦਰ ਮਹਿਸੂਸ ਕੀਤਾ ਹੈ। ਆਪਣੇ ਪਿੰਡ ਦੇ ਬਾਬਾ ਬੋਹੜ ਨਾਲ ਆਪਣੀ ਮਿੱਟੀ ਦੇ ਮੋਹ ਚ ਡੁੱਬ ਕੇ ਗੱਲਾਂ ਕੀਤੀਆਂ ਹਨ। ਚੁੱਪ ਦੇ ਸ਼ੋਰ ਚੋਂ ਆਉਣ ਵਾਲੇ ਤੂਫ਼ਾਨ ਦੀ ਕਨਸੋਅ ਸੁਣੀ ਹੈ। ਮਹਾਨਗਰਾਂ ਦੀ ਤਹਿਜ਼ੀਬ ਤੇ ਸਵਾਲ ਚੁੱਕੇ ਹਨ, ਜਿਸ ਵਿੱਚ ਅਖੌਤੀ ਤਹਿਜ਼ੀਬ ਜ਼ਾਬਤਾ ਲੋਕਾਂ ਦੀ ਜੀਭ ਸੀਖੀ ਹੋਈ ਹੈ। ਕਵੀ ਵਿਹੜੇ ਦੀ ਖਾਮੋਸ਼ੀ ਵਿੱਚ ਮਾਂ ਦੇ ਖਾਮੋਸ਼ ਹੋਏ ਬੋਲਾਂ ਦੀ ਕਹਾਣੀ ਸੁਣਦਾ ਹੈ, ਕਿਉਂਕਿ ਇੱਕ ਕਵੀ ਹੋਣ ਦੇ ਨਾਤੇ ਉਸ ਅੰਦਰ ਇੱਕ ਸੰਵੇਦਨਸ਼ੀਲ ਦਿਲ ਧੜਕਦਾ ਹੈ। ਉਸਦੇ ਅੰਦਰਲਾ ਦਰਦ ਜਾਗਦਾ ਹੈ। ਇਸ ਸੰਵੇਦਨਸ਼ੀਲਤਾ ਨੇ ਕਈ ਦ੍ਰਿਸ਼ਾਂ ਦੇ ਦਰਸ਼ਨ ਕਰਵਾਏ ਹਨ ਅਤੇ ਸਾਡੇ ਮਨਾਂ ਅੰਦਰ ਕਈ ਗਹਿਰੇ ਭਾਵਾਂ ਦਾ ਸੰਚਾਰ ਕੀਤਾ ਹੈ। ਜ਼ਾਬਰ ਹਾਕਮਾਂ ਦੇ ਜ਼ੁਲਮਾਂ ਕਾਰਨ ਲੋਕਾਈ ਨੂੰ ਹੋਈ ਤਕਲੀਫ਼ ਦਾ ਅਹਿਸਾਸ, ਭਲੇ ਸਮਿਆਂ ਵਾਲੀ ਭਲਮਾਣਸੀ ਆਧੁਨਿਕਤਾ ਦੇ ਯੁਗ ਚ ਗਵਾਚ ਜਾਣ ਦਾ ਹੇਰਵਾ ਅਤੇ ਆਪਣੀ ਜਨਮ ਭੌਂ ਨਾਲ ਮੋਹ, ਦੰਭ ਤੇ ਪਖੰਡ ਨੂੰ ਨੰਗਾ ਕਰਨ ਦੀ ਹਿੰਮਤ, ਭ੍ਰਿਸ਼ਟਾਚਾਰ ਤੇ ਰਾਜਨੀਤਕ ਗੁੰਡਾਗਰਦੀ ਨੂੰ ਲਲਕਾਰਨ ਦਾ ਹੌਸਲਾ ਅਜਿਹੇ ਵਿਲੱਖਣ ਜਜ਼ਬਿਆਂ ਨਾਲ ਭੁਪਿੰਦਰ ਸੱਗੂ ਦੀ ਕਵਿਤਾ ਓਤ-ਪੋਤ ਹੈ।

ਮਘਦੇ ਹੋਏ ਲਫਜ਼ਾਂ ਨਾਲ ਭਰਪੂਰ ਪਰ ਫੁੱਲਾਂ ਵਰਗੇ ਕੋਮਲ ਭਾਵ ਵੀ ਨਾਲ-ਨਾਲ ਲੈ ਕੇ ਚੱਲਦੀ ਭੁਪਿੰਦਰ ਸੱਗੂ ਦੀ ਕਵਿਤਾ ਕਾਵਿਕ ਰਵਾਨਗੀ ਅਤੇ ਮਾਨਵੀ ਜਜ਼ਬਿਆਂ ਨਾਲ ਲਬਰੇਜ਼ ਹੈ।

ਭੁਪਿੰਦਰ ਸੱਗੂ ਦੀ ਇਸ ਕਾਵਿਕ ਸ਼ਕਤੀ ਨੂੰ ਮੇਰਾ ਪ੍ਰਣਾਮ..!

●●●●●

ਨਾਟਕਕਾਰ, ਨਾਟਕ ਨਿਰਦੇਸ਼ਕ ਤੇ ਸੰਚਾਲਕ,
ਲੋਕ ਕਲਾ ਮੰਚ ਮਜੀਠਾ (ਅਮ੍ਰਿਤਸਰ, ਪੰਜਾਬ)
ਫੋਨ : 95014-35241

# ਮਨੁੱਖੀ ਮੁੱਲਾਂ ਦੀ ਸਰਬ ਸਾਂਝੀ ਵੇਦਨਾ- 'ਦਰਦ ਜਾਗਦਾ ਹੈ'

**ਸੋਨੀਆ ਪਾਲ**

ਉਹ ਪਾਠਕ ਵਡਭਾਗੀ ਹੁੰਦੇ ਨੇ ਜਿਨ੍ਹਾਂ ਨੂੰ ਕਿਤਾਬਾਂ ਲਿਖਣ ਵਾਲਾ ਲੇਖਕ ਆਪਣੇ ਹੱਥੀਂ ਕਿਤਾਬ ਭੇਟ ਕਰੇ। ਮੇਰੇ ਸੁਭਾਗ ਹਨ ਕਿ 'ਦਰਦ ਜਾਗਦਾ ਹੈ' ਕਿਤਾਬ, ਲੇਖਕ ਭੂਪਿੰਦਰ ਸੱਗੂ ਹੁਰਾਂ ਨੇ ਆਪ ਮੈਨੂੰ ਭੇਟ ਕੀਤੀ। ਸਾਹਿਤ ਦੇ ਖੇਤਰ 'ਚ ਉਹ ਇਕ ਨਾਮਵਰ ਹਸਤਾਖ਼ਰ ਹਨ ਅਤੇ ਪਹਿਲਾਂ ਹੀ 12 ਕਿਤਾਬਾਂ ਲਿਖ ਚੁੱਕੇ ਹਨ ਤੇ ਇਨ੍ਹਾਂ ਦੀਆਂ ਕਿਤਾਬਾਂ ਤੇ ਐੱਮ.ਫਿਲ 'ਚ ਖੋਜਕਾਰਜ ਵੀ ਹੋ ਚੁੱਕਿਆ ਹੈ। ਜਦ 'ਦਰਦ ਜਾਗਦਾ ਹੈ' ਕਿਤਾਬ ਵਿਚਲਾ ਦਰਦ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਜਿਨ੍ਹਾਂ ਵਿਚੋਂ ਜਰਮਨੀ, ਸੈਂਨ ਫ਼ਰਾਂਸਿਸਕੋ, ਥਾਈਲੈਂਡ, ਅਫ਼ਗਾਨੀਸਤਾਨ, ਇੰਗਲੈਂਡ, ਕੈਲੀਫ਼ੋਰਨੀਆ, ਪੰਜਾਬ ਵਿਚ ਵਸਦੀ ਲੋਕਾਈ ਦਾ ਦੁੱਖ ਹੈ।

ਮਨੁੱਖ ਦੁਨੀਆਂ ਦੇ ਚਾਹੇ ਕਿਸੇ ਵੀ ਕੋਨੇ ਤੇ ਰਹਿੰਦਾ ਹੋਵੇ ਉਸਦੀ ਮਨੁੱਖੀ ਮੁੱਲਾਂ ਦੀ, ਨੈਤਿਕਤਾ ਦੀ ਸੱਭਿਅਤਾ ਦੀ ਸਾਂਝ ਅਤੇ ਵੇਦਨਾ ਸਰਬ ਸਾਂਝੀ ਹੈ। ਇਨ੍ਹਾਂ ਹੀ ਸਰਬ ਸਾਂਝੀਆਂ ਕਦਰਾਂ ਕੀਮਤਾਂ ਦਾ ਸੁਘੜ ਸੁਮੇਲ ਹੈ- 'ਦਰਦ ਜਾਗਦਾ ਹੈ' 104 ਪੰਨਿਆਂ ਦੀ ਇਸ ਕਿਤਾਬ 'ਚ ਵੱਖੋ-ਵੱਖਰੇ ਰੰਗ ਦੀਆਂ 62 ਕਵਿਤਾਵਾਂ ਹਨ, ਜਿਨ੍ਹਾਂ 'ਚ ਕਰੁਣਾ ਰਸ ਪ੍ਰਦਾਨ ਹੈ। ਇਹ ਕਿਤਾਬ ਵਾਇਮਾ ਸ਼ਹਿਰ ਦੇ ਬਖ਼ਨਵਾਲਡ ਦੇ ਫੌਲਾਦੀ ਗੇਟ ਰਾਹੀਂ ਭਾਵੁਕ ਕਰਦੀ ਹੋਈ ਸਹਿਮ, ਖ਼ੌਫ਼ ਖ਼ਾਮੋਸ਼ੀ ਅਤੇ ਦਰਦ ਜਗਾਉਂਦੀ ਹੋਈ ਹਿਟਲਰ ਦੇ ਤਸੀਹੇ ਅਤੇ ਦਿਲ ਕੰਬਾਊ ਸ਼ਬਦ 'ਜੇਦਮ ਡੈੱਸ ਸਾਇਨ' ਜਿਸਦਾ ਮਤਲਬ ਹੈ : ਇੱਥੇ ਤੁਹਾਡਾ ਕੋਈ ਨਹੀਂ, ਆਖ਼ਰੀ ਸਾਹਾਂ ਤੱਕ ਸ਼ਬਦਾਂ ਰਾਹੀਂ ਬੇਵੱਸੀ ਦੀਆਂ ਚੀਕਾਂ, ਕੁਰਲਾਹਟਾਂ, ਸਿਸਕੀਆਂ ਦੀ ਗੂੰਜ, ਵਲੂੰਧਰੇ ਜਜ਼ਬਿਆਂ ਨਾਲ ਲੇਖਕ ਦਾ ਹੀ ਨਹੀਂ ਸਗੋਂ ਪਾਠਕ ਦਾ ਵੀ ਗੱਚ ਭਰਦੀ ਹੈ। ਏਸੇ ਭਰੇ ਗੱਚ ਤਾਂਈ 'ਸੁਕਰਾਤ ਵਾਲਾ ਦਿਲ' ਰੱਖ ਲੇਖਕ ਆਪਣੇ ਧੁਰ ਅੰਦਰ ਵਸਦੇ ਦੁੱਖ ਮੂਲ ਤੋਂ ਟੁੱਟ ਜਾਣ ਦੇ ਅਹਿਸਾਸ ਤੋਂ ਉੱਠਦੇ ਡੂੰਘੇ ਦਰਦ ਤੇ ਚੀਸ ਨਾਲ ਸ਼ੈਆਂ ਹੀ ਬਿੰਬਾਂ ਅਤੇ ਭਾਵੁਕ ਨਿੱਗਰ ਸ਼ਬਦਾਂ ਰਾਹੀਂ ਪਿੰਡ ਦੀਆਂ ਯਾਦਾਂ ਦੇ ਚਿੱਤਰ ਅੱਖਾਂ ਮੂਹਰੇ ਲੈ ਆਉਂਦਾ ਹੈ।

ਉਹ ਅਚੇਤ ਮਨ 'ਚ ਵਸਦੇ 'ਸੈਂਸੀਆਂ ਦੇ ਵਿਹੜੇ', 'ਬਚਪਨ ਦੀ ਤੜਾਗੀ',

'ਧੰਤੀ ਦੀ ਭੱਠੀ', 'ਯਾਰਾਂ ਦੀ ਢਾਣੀ', 'ਬਾਬਾ ਬੋਹੜ', 'ਥੜ੍ਹੇ ਦੀ ਰੌਣਕ', 'ਭੌਣੀ ਵਾਲਾ ਖੂਹ', 'ਨਾਨੀ ਠਾਕਰੀ', 'ਮਾਂ ਦਾ ਸੰਦੂਕ', 'ਦੋਹਤਾ ਹੋਣ ਦੇ ਨਾਤੇ', ਗੁਰਦਾਸ ਦੀ ਹੱਟੀ ਤੋਂ 'ਸੰਤਰੇ ਦੀਆਂ ਗੋਲ਼ੀਆਂ' ਰਾਹੀਂ ਮਿਲਿਆ ਪਿਆਰ, 'ਕੁੜੀ ਦੀ ਮਾਸੂਮੀਅਤ', 'ਮਾਂ ਦੀ ਮਿੱਠੀ ਲੋਰੀ', 'ਕੰਜਕਾਂ ਲਈ ਪਿਆਰ' ਤੇ ਹੋਰ ਅਨੇਕਾਂ ਸਿਮਰਤੀਆਂ ਰਾਹੀਂ ਅਜੋਕੇ ਸਮੇਂ 'ਚ ਸਭ ਕੁਛ ਬਦਲ ਜਾਣ ਅਤੇ ਖੁੱਸ ਜਾਣ ਦੇ ਦਰਦ ਤੋਂ ਵੀ ਮੁਖ਼ਾਤਿਬ ਕਰਵਾਉਂਦਾ ਹੈ :

ਪਿੰਡ ਦੀਆਂ ਗਲ਼ੀਆਂ ਦੀ ਮਿੱਟੀ ਮੈਨੂੰ ਚੁੰਬੜ ਗਈ।
ਸਭ ਕੁਝ ਬਦਲ ਗਿਆ
ਮੈ ਪਿੰਡ ਨੂੰ ਤੇ
ਪਿੰਡ ਮੈਨੂੰ
ਜਾਨਣ-ਪਹਿਚਾਨਣ ਤੋਂ ਅਸਮਰਥ।

ਤੇ ਇਸ ਤੋਂ ਵੀ ਵੱਧ ਜਹਾਨੋਂ ਭਾਰੇ ਦੁੱਖ-ਮਾਂ ਦੇ ਗੁਜ਼ਰ ਜਾਣ ਪਿੱਛੇ ਖ਼ਾਲੀ ਵਿਹੜੇ ਰਾਹੀਂ ਮਾਂ ਦੇ ਖ਼ਾਮੋਸ਼ ਹੋਣ ਦੀ ਕਹਾਣੀ ਨੂੰ ਚੁੱਪਚਾਪ ਸੁਣਦਾ ਹੈ। ਮਾਂ ਦੀ ਆਵਾਜ਼ ਨੂੰ ਆਂਦਰਾਂ ਦੀ ਚੀਸ ਬਣਾ ਧੁਰ ਅੰਦਰ ਰੱਖ ਮਾਂ ਨਾਲ ਗੱਲਾਂ ਕਰਦਾ ਹੈ।

ਅੰਤ ਆਧੁਨਿਕ ਰਹਿਣੀ ਬਹਿਣੀ, ਪੌਂਡਾਂ ਅਤੇ ਡਾਲਰਾਂ ਦੀ ਚਮਕ 'ਚ ਖੁੱਸੇ ਅਸਲੀ ਸਕੂਨ ਜੋ ਸੰਗਮਰਮਰੀ ਕੋਠੀ, ਮਖ਼ਮਲੀ ਘਾਹ, ਕਾਰ ਨੌਕਰ ਨਾਲ ਨਹੀਂ ਸਗੋਂ ਜੋ ਰਿਸ਼ਤਿਆਂ ਦੀ ਮਿਠਾਸ 'ਚ ਹੈ ਅਤੇ ਖੁੱਸ ਗਿਆ ਹੈ ਵਰਗੀ ਤ੍ਰਾਸਦੀ ਉੱਤੋਂ ਭੱਜੀਆਂ ਬਾਹਾਂ ਗੱਲ ਨਾਲ ਲਾਉਣ ਦਾ ਸੁਨੇਹਾ ਦਿੰਦਾ ਹੈ।

ਕਵੀ ਜਿੱਥੇ ਵੱਡ-ਵਡੇਰੇ ਰੁੱਖ ਨੂੰ ਰੋਹੀ ਦੇ ਜੰਡ ਵਾਂਗੂੰ ਚੌਰਾਹੇ ਕੱਲੇ ਖੜੇ ਦੇਖ ਜ਼ਿੰਦਗੀ ਦੇ ਕਹਿਰ ਹੰਢਾਉਣ ਤੇ ਖਿੜੇ ਮੱਥੇ ਜ਼ਰਨ ਦੀ ਸਿਫ਼ਤ ਕਰਦਾ ਹੈ ਉੱਥੇ ਨਾਲ ਹੀ ਅੱਜ ਕੱਲ੍ਹ ਦੀ ਤ੍ਰਾਸਦੀ ਜਿਸ ਵਿਚ ਵਿਰਸੇ ਦੀ ਝਾਤ ਖੁੱਸ ਗਈ ਹੈ ਤੇ ਸ਼ਰਮਸਾਰ ਵੀ ਹੈ। ਨਸ਼ੇ, ਲੱਚਰਗੀਤਾਂ, ਪਾਣੀ ਨੂੰ ਤਰਸਦਾ ਪੰਜਾਬ ਹੁਣ ਉਹ ਨਹੀਂ ਹੈ। ਕਵੀ ਨੇ ਪੰਜਾਬ ਦੀ ਇਸ ਹਾਲਤ ਦੇ ਜ਼ਿੰਮੇਵਾਰ ਨਜ਼ਾਮ ਨੂੰ ਬੜੇ ਹੀ ਲੰਮੇ ਹੱਥੀਂ ਲੈ ਵਾਰ-ਵਾਰ ਇਨ੍ਹਾਂ ਤੇ ਦੁਰਕਾਰ ਵੀ ਪਾਈ ਹੈ।

'ਦਿੱਲੀ ਦਰਬਾਰ ਅਵੇਸਲਾ', 'ਕਾਨੂੰਨ ਲੰਗੜਾ ਲੂਲਾ', 'ਸਿਆਸਤ ਮੰਡੀ ਦੇ ਚਾਤਰ ਦੱਲੇ', 'ਜਾਦੂਗਰਨੀ ਰਾਜਧਾਨੀ', ਨੇਤਾ ਦੇ ਭਾਸ਼ਨ ਕਠਪੁਤਲੀ ਦੀ ਤਰ੍ਹਾਂ ਭੋਲ਼ੀ ਜਨਤਾ ਨੂੰ ਨਚਾਉਂਦੇ ਵੋਟਾਂ ਲੈਣ ਲਈ ਤੇ ਮਾਨਵਤਾ ਨੂੰ ਦਾਅ ਤੇ ਲਾਉਂਦੇ ਲੱਛੇਦਾਰ ਭਾਸ਼ਣ ਦਿੰਦੇ।

'ਕੁਰਸੀ ਦੇ ਲੰਮੇ ਹੱਥਾਂ 'ਚ ਅਥਾਹ ਤਾਕਤ'- ਜਿਹੇ ਸ਼ਬਦਾਂ ਰਾਹੀਂ ਨਾ ਸਿਰਫ਼ ਦੁਰਕਾਰ ਪਾਈ ਹੈ ਬਲਕਿ ਇਹ ਵੀ ਸੁਝਾਇਆ ਹੈ ਕਿ :

'ਸੱਤਾ ਦੀ ਕੁਰਸੀ ਨੂੰ ਚਾਨਣ 'ਚ ਡਾਹੀਏ, ਪਾਰਦਰਸ਼ੀ ਬਣਾਈਏ' ਤਾਂ ਕਿ 'ਲੋਕਾਈ ਦੀ ਆਪੋ ਆਪਣੇ ਸੂਰਜ ਦੀ ਭਾਲ' ਮੁੱਕੇ ਪੰਨਾ ਨੰ-78। ਕਵੀ ਨੇ ਭਾਰਤ 'ਚ 'ਹੋਈ ਦੇ ਉੱਪਰ ਹੋਰ ਵੱਡੀ ਹੋਈ ਵੱਲ ਇਸ਼ਾਰੇਵੀ ਕੀਤੇ ਹਨ। (ਪੰਨਾ ਨੰ- 62) ਜੋ ਔਰਤਾਂ ਦੇ ਜਿਨਸੀ ਸ਼ੋਸ਼ਣ, ਸੀਨਾਜ਼ੋਰੀਆਂ, ਗੁੰਡਾਗਰਦੀ, 'ਇਨਸਾਫ਼ ਲਈ ਧੱਕੇ ਖਾਣਾ', 'ਨਮੋਸ਼ੀ ਸਹਿਣਾ' (ਪੰਨਾ ਨੰ-63) ਆਦਿਕ 'ਚੁੱਪ ਦੇ ਸ਼ੋਰ', 'ਭੁਗਤ ਦੀਆਂ ਆਸ਼ਿਫ਼ਾ' ਪੰਨਾ ਨੰ- 85, ਜਿਹੀਆਂ ਔਰਤਾਂ ਦੇ ਸੰਤਾਪ ਨੂੰ ਸ਼ਿੱਦਤ ਨਾਲ ਲਿਖਿਆ ਹੈ।

ਕਵੀ ਨੇ ਮਾਂ ਕੋਲੋਂ ਅਲਟਰਾਸਾਊਂਡ ਤੋਂ ਗਰਭਪਾਤ ਅਤੇ ਭਰੂਣ ਹੱਤਿਆ ਤੋਂ ਵੀ ਉਦਾਸ ਹੋ ਨਾਲੇ ਅਰਦਾਸ ਕਰਵਾਈ ਹੈ ਨਾਲੇ ਕੰਜਕਾਂ ਪੂਜਣ ਵੇਲ਼ੇ ਮੰਗੀਡੇ ਵੰਡ ਮੱਥੇ ਵੀ ਚੁੰਮਵਾਏ ਹਨ।

ਲੇਖਕ ਭਾਰਤ ਦੀਆਂ ਔਰਤਾਂ ਦਾ ਹੀ ਨਹੀਂ ਜ਼ਿਕਰ ਨਹੀਂ ਕਰਦਾ ਬਲਕਿ ਅਫ਼ਗਾਨੀਸਤਾਨ ਦੀ ਛੋਟੀ ਜਿਹੀ ਬੱਚੀ 'ਸਲਮਾ', ਦੀ ਮਾਸੂਮਿਅਤ (ਪੰਨਾ ਨੰ-45) ਅਤੇ ਮਲਾਲਾ ਦੀ ਬਹਾਦਰੀ ਦੀ ਬੀਰ-ਰੱਸ 'ਚ ਆ ਉਸਨੂੰ 'ਮਾਨਵਤਾ ਦੀ ਪਹਿਰੇਦਾਰੀ' ਕਹਿੰਦਾ ਹੈ (ਪੰਨਾ ਨੰ-57) ਕਿਉਂਕਿ ਉਹ ਜਾਣਦਾ ਹੈ ਕਿ ਔਰਤ ਦੀ ਪੀੜ ਸ਼ਾਂਤ ਮਹਾਂਸਾਗਰ ਜਿਡੀ ਹੈ।

ਇਸ ਸ਼ਾਂਤ ਮਹਾਂਸਾਗਰ ਜੇਡੀ ਪੀੜ ਦਾ ਇਕ ਰੂਪ ਪਰਦੇਸ ਗਏ ਪਤੀ ਅਤੇ ਪੁੱਤ ਦਾ ਵਿਛੋੜਾ ਸਹਿੰਦੀ ਔਰਤ ਦਾ ਜਿੱਥੇ ਦੁੱਖ ਦਿਖਾਇਆ ਹੈ ਉੱਥੇ ਇਹ ਵੀ ਦੱਸਿਆ ਹੈ ਕਿ ਇਹ ਲਾਡਲੇ ਪੁੱਤ ਵਿਦੇਸ਼ਾਂ 'ਚ ਜਾ ਕਿੰਝ 'ਫ਼ੌਜੀ'ਬਣ ਜਾਂਦੇ ਹਨ। ਇਸ'ਫ਼ੌਜੀ' ਸ਼ਬਦ ਦੀ ਤ੍ਰਾਸਦੀ ਨੂੰ ਖ਼ੂਬ ਬਿਆਨਿਆ ਹੈ :

ਰੋਜ਼ੀ ਰੋਟੀ ਖ਼ਾਤਰ ਲੋਕੋ ਕਿਸਮਤ ਹੋ ਗਈ ਖੋਟੀ
ਬਾਰ ਪਰਾਏ ਚੁੱਲ੍ਹੇ ਅੰਦਰ ਸਿਸਕੇ ਸਾਡੀ ਰੋਟੀ। (ਪੰਨਾ-50)

ਇਸਦੇ ਨਾਲ-ਨਾਲ ਕਵੀ ਨੇ 'ਮੌਤ' ਜਿਹੇ ਗ਼ਮਗੀਨ ਤੇ ਗੰਭੀਰ ਵਿਸ਼ੇ ਨੂੰ ਵੀ ਛੋਹਿਆ ਹੈ। ਜਵਾਨ ਧੀ 'ਨਵਨੀਤ'ਦੀ ਮੌਤ, N.H.S. 'ਚ ਕੈਂਸਰ ਪੀੜਤ ਬਜ਼ੁਰਗ 'ਜੌਨ'ਦਾ ਦਮ ਤੋੜਨਾ, 'ਆਪਣੇ ਮਿੱਤਰ ਸ਼ੀਤਲ ਨੂੰ ਸ਼ਰਧਾਂਜਲੀ'(ਪੰਨਾ-69), ਗ਼ਦਰੀ ਬਾਬਿਆਂ ਨੂੰ ਸ਼ਰਧਾਂਜਲੀ, ਸਮੁੰਦਰ ਦੇ ਅੰਦਰ ਬਣੀ ਜੇਲ੍ਹ ਤੋਂ ਕੈਦੀਆਂ ਦੇ ਦਿਲ ਕੰਬਾਊ ਮਨੋ ਭਾਵ, (ਪੰਨਾ-65) ਉਡੀਕ ਅਤੇ ਮੌਤ ਲਿਖਦਿਆਂ ਆਪਣੀ ਕਲਪਨਾ 'ਚ ਬੜੇ ਅਦਬ ਤੇ ਸਲੀਕੇ ਨਾਲ ਪੱਥਰ ਗੀਟੇ ਪੁਆ, ਮਦਾਰੀ ਤੇ ਕੁਕਨੂਸ ਜਿਹੇ ਬਿੰਬ ਬਣਾ ਪਿਆਰ ਤੇ ਆਸ ਦੇ ਗੀਤ ਗਾਉਂਦਿਆਂ ਕਾਲਪਨਿਕ ਪੰਛੀ ਦੀ ਭਾਲ ਵੀ ਕੀਤੀ ਹੈ। (ਪੰਨਾ ਨੰ 32-33) ਤੇ ਇਹ ਵੀ ਆਗਾਹ ਕੀਤਾ ਹੈ ਕਿ ਆਤੰਕ ਕਿਸੇ ਵੀ ਵੇਲੇ ਕਿਵੇਂ ਵੀ ਜਾਗ ਸਕਦਾ ਹੈ।

ਕਵੀ ਨੇ 'ਦਰਦ ਜਾਗਦਾ ਹੈ' 'ਚ ਆਪਣੀ 'ਪਰਦੇਸ ਦੀ ਮਿੱਟੀ'ਦੇ ਦਰਦ ਦੀਆਂ ਝਾਕੀਆਂ ਵੀ ਦਿੱਤੀਆਂ ਹਨ। N.H.S. 'ਚ ਮੌਰਫ਼ੀਨ ਦੀ ਡਬਲ ਡੌਜ਼ ਰਾਹੀਂ ਵਿਅੰਗ ਵੀ ਕੀਤਾ ਹੈ ਤੇ ਨਰਸਾਂ ਦੀ ਸ਼ਿੱਦਤ ਨੂੰ ਜੀਅ ਜਾਨ ਨਾਲ ਸਲਾਹਿਆ ਹੈ। (ਪੰਨਾ 60, 93)

ਕਵੀ ਨੇ ਬੱਸ 'ਚ ਛਲਾਂਗ ਮਾਰ ਕੇ ਚੜ੍ਹਨਾ ਅਤੇ ਬਸਾਖੀਆਂ ਦੇ ਭਾਰ ਤੁਰਦੇ ਬੁੱਢੇ ਨੂੰ ਦੇਖ ਅਤੇ ਦਿਖਾ ਜੀਵਨ ਦੀ ਅਸਥਿਰਤਾ ਨੂੰ ਵੀ ਸਮਝਾਇਆ ਹੈ। (ਪੰਨਾ-43)

ਕਿਤਾਬ 'ਚ ਕੁਦਰਤ ਦਾ ਗੁਣਗਾਨ, ਅਦੁੱਤੀ ਰੂਹਾਨੀ ਤੇ ਰੱਬ ਦੀ ਹੋਂਦ ਨਾਲ ਸਿੱਧਾ ਜੋੜਨ ਵਾਲਾ ਹੈ। (ਪੰਨਾ-46) ਇਨ੍ਹਾਂ ਨਜ਼ਾਰਿਆਂ ਨੂੰ ਮਾਣਦਿਆਂ ਸਾਨੂੰ ਸਭ ਨੂੰ ਹੀ 'ਮਨ ਦੇ ਮੀਤ' ਚੇਤੇ ਆਉਂਦੇ ਹਨ (ਪੰਨਾ-52), ਸੈਨ ਐਂਟਿਓ ਵੈਲੀ (ਪੰਨਾ-68)।

'ਕੁਦਰਤ-ਕਾਦਰ' ਦੇ ਨਾਲ-ਨਾਲ ਇਹ ਵੀ ਚਿਤਰਨ ਕੀਤਾ ਹੈ ਕਿ :

'ਭਗਤਾ ਤੈ ਸੈਸਾਰੀਆ ਜੋੜ ਕਦੇ ਨਾ ਆਇਆ।

ਕਵੀ ਈਸਾ ਦੇ ਪੈਰਾਂ ਦੀ ਕਿੱਲ੍ਹ, ਸਿਰ ਤੇ ਆਰੇ, ਬੇਦੋਸ਼ੇ ਸੂਲ਼ੀ ਚੜ੍ਹਿਆਂ ਦੇ ਗੌਰਵ ਦੀਆਂ ਅਨੌਖੀਆਂ ਗੱਲਾਂ ਰਾਹੀਂ ਪਾਠਕ ਦੇ ਮਨ ਨੂੰ ਆਪਣੇ ਨਾਲ ਜੋੜਨ 'ਚ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ। ਕਵੀ ਦੀ ਇਸ ਕਾਮਯਾਬੀ ਪਿੱਛੇ ਕਵਿਤਾ ਪ੍ਰਤੀ ਲਗਨ ਸ਼ਿੱਦਤ ਅਤੇ ਕੋਮਲ ਮਨ ਦਾ ਵੇਗ ਹੈ ਜੋ ਥਾਈਲੈਂਡ ਦੇ ਪੁਕੱਟ ਜਾ ਕੇ ਵੀ ਉਸਦੇ ਅੰਗ-ਸੰਗ ਹੈ। (ਪੰਨਾ-42) ਅਤੇ ਉਹ ਹੋਟਲ ਦੀ ਬੈਲਕਨੀ 'ਚ ਵੀ ਦੇਖਦਾ ਹੈ ਕਿ ਵੱਡੇ ਸਾਹਬ ਦੇ ਆਉਣ ਤੇ ਜਿਹੜੀ ਪੁਲਸ ਦੀ ਡਿਊਟੀ ਹੁੰਦੀ ਹੈ, ਉਸ ਦੀ ਪੁਲਸ ਦੀ ਤਾਦਾਦ ਕਿੰਨੀ ਹੁੰਦੀ ਹੈ, ਵੱਡੇ ਸਾਹਬ ਚਾਹੇ ਆਉਣ ਜਾ ਨਾ। (ਪੰਨਾ-51)

ਭੂਪਿੰਦਰ ਸੱਗੂ ਦੇ ਮਨ ਤੇ ਗੁਰਮਤਿ, ਸੂਫ਼ੀ ਧਾਰਾ ਤੋਂ ਇਲਾਵਾ ਹਿੰਦੂ ਮਿਥਿਹਾਸ ਦਾ ਡੂੰਘਾ ਅਸਰ ਉਸਦੇ ਹੇਠ ਲਿਖੇ ਸ਼ਬਦਾਂ 'ਚ ਦੇਖਿਆ ਜਾ ਸਕਦਾ ਹੈ।

ਕੁੰਭਕਰਨ ਦੀ ਨੀਂਦ (ਪੰਨਾ ਨੰ-85)

ਸੱਤਿਅਮ ਸ਼ਿਵਮ ਸੁੰਦਰਮ (ਪੰਨਾ ਨੰ-81)

ਵਹਿਸ਼ਤ ਨੰਗਾ ਤਾਂਡਵ ਨੱਚੇ (ਪੰਨਾ ਨੰ-79)

ਚੰਡੀ, ਦੁਰਗਾ (ਪੰਨਾ ਨੰ-86-87) (ਪੰਨਾ ਨੰ-103)

ਨਾਦ (ਪੰਨਾ ਨੰ-104)

ਨਾਲ ਹੀ ਨਾਲ ਅੰਨ੍ਹੀ ਸ਼ਰਧਾ ਤੇ ਕਈ ਸੁਆਲ ਵੀ ਕੀਤੇ ਹਨ ਕਿ ਜਦ

ਸੈਲਾਨੀਆਂ ਦੇ ਪੈਰਾਂ ਹੇਠ ਸ਼ਰਧਾ ਦੀਆਂ ਚੀਜ਼ਾਂ ਰੁਲਦੀਆਂ ਹਨ ਤਾਂ ਐਸੇ ਚੜ੍ਹਾਵੇ ਦਾ ਕੀ ਫਾਇਦਾ? ਉਹ ਪਤਨੀ ਦੁਆਰਾ ਲਿਆਂਦੇ ਬੁੱਧ ਦੇ ਪੁਤਲੇ ਨੂੰ ਮੀਂਹ 'ਚ ਭਿੱਜਦੇ ਵੇਖ ਅੰਤਰ-ਦਵੰਦ 'ਚ ਹੈ ਤੇ ਮੂਰਤੀ ਤੋਂ ਗਿਆਨ ਮੰਗਦੀ ਆਪਣੀ ਪਤਨੀ ਨੂੰ ਵੇਖ ਮਹਾਂਭਾਰਤ ਜਿਹੇ ਅੰਤਰ ਦਵੰਦ 'ਚ ਵੀ ਹੈ। ਪੰਨਾ-54, ਤੇ ਇਹ ਪੁਛਣੋਂ ਝਕਦਾ ਨਹੀਂ ਕਿ :

ਕੀ ਬੁੱਧ ਵੀ ਕਦੇ ਬੋਲਦਾ ਹੈ? (ਪੰਨਾ-98)

ਮੰਗਤਿਆਂ ਤੇ ਲਿਖੀ ਕਵਿਤਾ ਰਾਹੀਂ ਵੀ ਐਸੇ ਹੀ ਸੁਆਲ ਦੇਖਣ ਨੂੰ ਮਿਲਦੇ ਹਨ। (ਪੰਨਾ 73), ਇਸ ਤੋਂ ਇਲਾਵਾ ਕਵੀ ਚਾਹ ਦੇ ਢਾਬੇ ਤੇ 47 ਦੇ ਵਿਛੜਿਆਂ ਰਾਮ ਲਾਲ ਉਰਫ਼ ਕਰਤਾਰ ਸਿੰਘ ਅਤੇ ਔਰਤ ਨੂੰ ਅਚਾਨਕ ਮਿਲਾਉਣ (ਪੰਨਾ-47)

ਨਫ਼ਰਤ ਦੇ ਕ੍ਰਿਸ਼ਮੇ ਦਾ ਸਾਹ ਦਮ ਤੋੜ (ਪੰਨਾ 75)

ਜ਼ਾਤ ਦੇ ਵਲਗਣ ਤੇ ਮਰਯਾਦਾ ਦੇ ਬੰਧਨ ਸਾਹਵੇਂ

**ਤੂੰ ਤੇ ਮੈਂ, ਮੈਂ ਤੇ ਤੂੰ**

ਦੇ ਸੱਚੇ ਪਿਆਰ ਆਲ੍ਹੇ ਰਿਸ਼ਤਿਆਂ ਨੂੰ ਬੰਧਨ ਮੁਕਤ ਸੱਚਾ ਨਾਮ ਦੇਣਾ ਆਦਿਕ ਵੀ ਲੋਚਦਾ ਹੈ। (ਪੰਨਾ-61)

ਸ਼ਾਇਰ ਦਾ ਵੈਰਾਗ, ਵੇਦਨਾ, ਚੀਸ, ਹੂਕ ਬਹੁਤ ਸੋਹਣੀ ਭਾਸ਼ਾ ਨਾਲ ਸਾਹਮਣੇ ਆਉਂਦਾ ਹੈ। (ਪੰਨਾ-100) ਉਨ੍ਹਾਂ ਵਿਚੋਂ ਪਹਿਲਾਂ ਹੈ :

ਮੁਹਾਵਰਿਆਂ ਦੀ ਵਰਤੋਂ :- ਗੌਂ ਭਨਾਵੇ ਜੌਂ, ਰਾਜੇ ਸ਼ੀਂਹ ਮੁਕੱਦਮ ਕੁੱਤੇ, ਘੋਗਾ ਚਿੱਤ ਕਰਨਾ, ਬੇਗਾਨੀ ਸਾਹ ਤੇ ਮੁੱਛਾਂ ਮਨਾਉਣ, (78) ਫੁੱਟ ਪਾਓ ਤੇ ਰਾਜ ਕਰੋ, ਖੁਰਾ ਨੱਪਣਾ (99), ਹੱਥ ਵਧਾਉਣਾ (84) ਬੁੱਕਲ਼ ਦੇ ਸੱਪ (97)

ਉਸਦੀ ਲੇਖਣ ਸ਼ੈਲੀ ਰੰਗਾਂ ਰਾਹੀਂ ਵੀ ਡੂੰਘੇ ਅਰਥ ਸਿਰਜਦੀ ਹੈ। ਜਿਵੇਂ ਕਿ ਕਾਲੀ ਬੁੱਧ ਦੀ ਮੂਰਤੀ

ਕਾਨੂੰਨ ਵੀ ਚਿੱਟਾ ਹੱਸੇ, ਚਿੱਟੇ ਦੀ ਹਾਮੀ ਭਰਦਾ,
(ਹਸਪਤਾਲ 'ਚ ਲਾਲ ਬੱਤੀ ਜਗਦੀ ਬੁੱਝਦੀ,)
ਲਾਲ ਚੁੰਨ੍ਹੀਆਂ ਦਾਨ ਕਰਦੀ ਮਾਂ,
ਭੱਠੀ 'ਚ ਦਗਦੀ ਅੱਗ ਵਾਂਗੂੰ ਲਾਲ ਹੋਇਆ ਚਿਹਰਾ,
ਜ਼ਖ਼ਮ ਹਰੇ ਹੋਏ, ਕਾਲੀ ਹਨੇਰੀ ਏਨੀਂ ਵਗੀ,
ਧੂੰਦਲਾ ਸੂਰਜ ((ਪੰਨਾ-ਨੰ 83),
ਕਾਲੇ ਚਾਨਣ (ਪੰਨਾ-ਨੰ 84),
ਚੰਨ ਚਾਨਈ ਕੱਚੇ ਦੁੱਧ ਵਰਗੀ (ਪੰਨਾ-ਨੰ 94),

ਹਰੀ ਕਚੂਰ ਫੁੱਲਾਂ ਨਾਲ ਲੱਦੀ (ਪੰਨਾ-ਨੰ 68),
ਅੱਖਾਂ ਦੇ ਲਾਲ ਡੋਰੇ,
ਕਾਲੀ ਰਾਤ ਦੀ ਬੁੱਕਲ ਦੇ ਵਿੱਚ ਹਾਰੇ ਹੋਏ ਸਿਕੰਦਰ (ਪੰਨਾ-ਨੰ 78),
ਮੋਹ ਦੇ ਰਿਸ਼ਤੇ ਖ਼ੂਨ 'ਚ (ਲਾਲੋ-ਲਾਲ) ਹੋਏ ਨੇ (ਪੰਨਾ-ਨੰ 78)

ਪੰਜਾਬੀ ਦੇ ਨਾਲ ਅੰਗਰੇਜ਼ੀ ਭਾਸ਼ਾ ਦਾ ਗਿਆਨ ਵੀ ਸ਼ਬਦਾਂ ਰਾਹੀਂ ਵਰਤਿਆਂ ਹੈ ਤੇ ਇਹ ਸ਼ਬਦ ਹਨ।

ਸੁਪਰ ਪਾਵਰ (ਪੰਨਾ-ਨੰ 76), ਬਲੌਗ ਲਿਖਣੇ (ਪੰਨਾ-ਨੰ 57) ਇਨਫ਼ਲੇਸ਼ਨ ਪ੍ਰਿਜ਼ਮ ਪੈਰਾਡਾਈਮ (ਪੰਨਾ-ਨੰ 76), ਕੰਪਿਊਟਰ ਆਦਿਕ ਲੇਖਕ ਨੇ 'ਦਰਦ ਜਾਗਦਾ ਹੈ' ਪੁਸਤਕ ਰਾਹੀਂ ਜਿੱਥੇ ਕੰਪਿਊਟਰ ਨੂੰ ਬਾਕਮਾਲ ਮੁਸ਼ੱਕਤ ਮਿਹਤਨ ਦਾ ਨਤੀਜਾ ਦੱਸਿਆ ਹੈ, ਉੱਥੇ ਨਾਲ ਹੀ ਨਾਲ ਇਹ ਵੀ ਚਿੰਤਾ ਜ਼ਾਹਿਰ ਕੀਤੀ ਹੈ ਕਿ :

ਕੀ ਇੱਕ ਕਲਿੱਕ ਨਾਲ, ਅੱਜ ਦੀ ਪੀੜ੍ਹੀ, ਸੁਪਨਿਆਂ ਦੇ ਸੱਚ ਨੂੰ ਸ਼ੰਕਿਆਂ ਦੇ ਸ਼ੋਰ ਸ਼ਰਾਬੇ, ਅੰਦਰ ਜਾਣ ਸਕੇਗੀ ਕਿ ਨਹੀਂ (ਪੰਨਾ-ਨੰ 54)

ਅੰਤ 'ਚ ਇਸ ਕਿਤਾਬ ਵਿੱਚੋਂ ਜ਼ਿੰਦਗੀ ਨੂੰ ਸੇਧ ਦੇਣ ਵਾਲੇ ਫ਼ਲਸਫ਼ਿਆਂ ਤੇ ਵੀ ਇਕ ਝਾਤ ਮਾਰ ਲੈਂਦੇ ਹਾਂ। ਇਨ੍ਹਾਂ ਫ਼ਲਸਫ਼ਿਆਂ ਤੋਂ ਲੇਖਕ ਦੇ ਗਹਿਰ-ਗੰਭੀਰ ਗਿਆਨ ਨੂੰ ਪਾਠਕ ਸਿਜਦਾ ਕਰਦਿਆਂ ਅਦਬ ਨਾਲ ਭਰ ਜਾਂਦਾ ਹੈ। ਇਹ ਫ਼ਲਸਫ਼ੇ ਹਨ :

ਹੀਲੇ 'ਚ ਵਸੀਲਾ ਹੈ।
ਨੇਰ੍ਹੇ 'ਚ ਸਵੇਰਾ ਭਾਲਣ ਦਾ ਸੰਕਲਪ, (ਪੰਨਾ-ਨੰ 53)
ਦੁਨੀਆਂ ਨਾਲ ਨਾਤਾ ਤੋੜ ਮੌਤ ਨਾਲ ਅਭੇਦ ਹੋਣਾ।
ਮਨ ਦੀ ਮੈਲ਼ ਧੋਂਦੇ ਜਪੁ ਜੀ ਦੇ ਬੋਲ (ਪੰਨਾ-ਨੰ 16, 17)
ਸੁਕਰਾਤ ਵਾਲਾ ਦਿਲ ਰੱਖ।
ਚੰਦਰਾ ਬਣੇ ਗੁਆਂਢ ਜਦ ਭੁੱਲ ਜਾਂਦਾ ਪ੍ਰੇਮ ਪਿਆਰ
ਘਰ ਨੂੰ ਅੱਗ ਲਾਂਵਦੇ ਚਲਦੇ ਫਿਰਦੇ ਹਥਿਆਰ। (ਪੰਨਾ-ਨੰ 96)
ਅਸੀਂ ਤਾਂ ਸਰਬੱਤ ਦਾ ਭਲਾ ਮੰਗਣਾ ਹੈ,
ਦੰਭੀ ਫ਼ਰੇਬੀ ਸਰਕਾਰ ਨੂੰ
ਬੇਪਰਦਾ ਕਰਨਾ ਸੂਲ਼ੀ ਤੇ ਟੰਗਣਾ ਹੈ। (ਪੰਨਾ-ਨੰ 62)

ਨਿੱਤ ਸ਼ਾਮ ਸਵੇਰੇ ਸੁੱਖ ਮੰਗੀਏ ਮਾਨਵ ਦੇ ਸੁੱਚੇ ਜੀਵਨ ਦੀ (ਪੰਨਾ-ਨੰ 64)

ਕਣ-ਕਣ ਅੰਦਰ ਕੁਦਰਤ ਵਸਦੀ (ਪੰਨਾ-ਨੰ 68)

ਸ਼ੂਨਯ-ਬੋਧ ਦਾ ਪ੍ਰਭਾਵ ਚਾਰ ਚੁਫ਼ੇਰੇ (ਪੰਨਾ-ਨੰ 69)

ਉੱਠ ਕੇ ਗਲ਼ ਦੇ ਨਾਲ ਲਗਾ, ਉਲ਼ਝੀ ਤਾਣੀ ਨੂੰ ਸੁਲਝਾ
ਜੀਵਨ ਦੀ ਬਿਹਤਰੀ ਦੇ ਲਈ ਜ਼ਖ਼ਮਾਂ ਉੱਤੇ ਮਰ੍ਹਮ ਲਗਾ (ਪੰਨਾ-ਨੰ 82)

ਇਨਸਾਨ ਨੂੰ ਛਿੱਕੇ ਟੰਗ ਕੇ ਹਥਿਆਈ ਤਾਕਤ, ਸਭ ਤੋਂ ਖ਼ਤਰਨਾਕ ਹੁੰਦੀ ਹੈ (ਪੰਨਾ-ਨੰ 83)

ਦੀਪ ਚੇਤਨਾ ਵਾਲੇ ਜਗਦੇ,
ਸੁਪਨੇ ਹੁੰਦੇ ਸਭ ਸਾਕਾਰ,
ਪਲ-ਛਿਣ ਵਿੱਚ ਗੱਲ ਪੱਲੇ
ਪੈਂਦੀ ਬੰਦਾ ਏ ਖ਼ਾਕਕਾਰ (ਪੰਨਾ-ਨੰ 94)

ਜ਼ਿੰਦਗੀ ਦੀ ਪੂਜਾ ਰੱਬ ਦੀ ਪੂਜਾ,
ਮਾਂ ਬਿਨਾਂ ਕੋਈ ਰੱਬ ਨਾ ਦੂਜਾ,
ਇਹਦੇ ਚਰਨਾਂ ਵਿੱਚ ਹੈ ਮੁਕਤੀ,
ਜੀਵਨ ਦੀ ਜਿੱਤ ਹਾਰ ਦੀ। (ਪੰਨਾ-ਨੰ 88)

ਇਨ੍ਹਾਂ ਫ਼ਲਸਫ਼ਿਆਂ ਦੇ ਨਾਲ 'ਦਰਦ ਜਾਗਦਾ ਹੈ' ਕਿਤਾਬ 'ਚ ਕਵੀ ਨੇ ਸਰਬ ਸਾਂਝੀ ਵਾਲਤਾ ਦੀ ਸੁੱਖ ਮਨਾਉਂਦਿਆਂ ਵਾਹਿਗੁਰੂ ਅੱਗੇ ਅਰਦਾਸ ਵੀ ਕੀਤੀ ਹੈ ਕਿ:

ਜਗਤ ਜਲੰਦਾ ਰੱਖ ਲੈ
ਆਪਣੀ ਕਿਰਪਾ ਧਾਰ (ਪੰਨਾ-ਨੰ 95)

ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਕਿਤਾਬ ਲਈ ਤੇ ਇੰਨੀ ਸਹਿਜ ਤੇ ਸੁਹਜ ਵਾਲੀ ਸਿਰਜਣਾ ਲਈ ਮੁਬਾਰਕਬਾਦ ਦਿੰਦੀ ਹਾਂ।

•••••

**Sonia Pal**
ESOL TUTOR
TLC College,
WOLVER HAMPTON (U.K.)
Ex. Assistant Professor
Department of English
Lovely Professor University
Phagwara

# ਕਹਿਕਸ਼ਾਂ ਪਾਠ
## ਪਰਮਜੀਤ ਸਿੰਘ ਸੰਸੋਆ

ਸਮਰੱਥ ਸਾਹਿਤਕਾਰ ਭੂਪਿੰਦਰ ਸਿੰਘ ਸੱਗੂ ਦੁਆਰਾ ਸੰਪਾਦਿਤ ਉਰਦੂ ਸ਼ਿਅਰਾਂ ਦੀ ਪੁਸਤਕ "ਕਹਿਕਸ਼ਾ" ਆਪਣੇ ਆਪ ਵਿੱਚ ਅਨੇਕਾਂ ਤਰ੍ਹਾਂ ਦੇ ਖ਼ੁਸ਼ਬੋਦਾਰ ਫੁੱਲਾਂ ਨੂੰ ਸਮੋਈ ਬੈਠਾ ਇਕ ਐਸਾ ਗੁਲਦਸਤਾ ਹੈ ਜੋ ਕਿ ਜਿਸ ਦੇ ਵੀ ਹਥਾਂ ਵਿੱਚ ਜਾਵੇਗਾ ਜਾਂ ਜਿਸ ਨੂੰ ਵੀ ਭੇਟ ਕੀਤਾ ਜਾਵੇਗਾ ਇਸ ਦੀ ਮਹਿਕ ਉਸ ਸ਼ਖਸ ਦੀ ਰੂਹ ਨੂੰ ਧੁਰ ਅੰਦਰ ਤੱਕ ਦਾ ਸ਼ਰਸਾਰ ਕਰ ਦੇਵੇਗੀ। ਅਸਲ ਵਿਚ ਇਸ ਤਰ੍ਹਾਂ ਦੀ ਉੱਚ ਪਾਏ ਦੀ ਪੁਸਤਕ ਜਦ ਪਾਠਕਾਂ ਦੇ ਹੱਥਾਂ ਵਿੱਚ ਪੁੱਜਦੀ ਹੈ ਤਾਂ ਉਸ ਦੇ ਪੜਨ ਪੜਾਉਣ ਦਾ ਸੁਹਜ ਸੁਆਦ ਹੀ ਵੱਖਰਾ ਹੁੰਦਾ ਹੈ। ਇਸ ਤਰਾਂ ਦੀ ਪੁਸਤਕ ਕਿਸੇ ਮਨਪਸੰਦ ਵਸਤੂ ਵਾਂਗ ਸਾਂਭ-ਸਾਂਭ, ਕੋਲ-ਕੋਲ ਰੱਖੀ ਜਾਂਦੀ ਹੈ ਅਤੇ ਵਿਹਲ ਮਿਲਣ ਤੇ ਵਿਚੋਂ ਚੰਦ ਸਤਰਾਂ ਪੜ ਕੇ ਮਨ ਨੂੰ ਨਿਹਾਲ ਕਰਨ ਦੀ ਵਿੱਧ ਬਣਦੀ ਹੈ। ਪੁਸਤਕ ਵਿਚ ਸਾਰੇ ਸ਼ਾਇਰਾਂ ਨੂੰ ਸਮਰਪਿਤ ਇਹ ਪੁਸਤਕ ਆਰੰਭ ਤੋਂ ਹੀ ਪਾਠਕ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦੀ ਹੈ। ਇਸ ਵਿੱਚ ਸ਼ਾਮਲ ਸਾਰੇ ਸ਼ਿਅਰ ਆਪਣੀ ਮਿਸਾਲ ਆਪ ਹਨ। ਭੂਪਿੰਦਰ ਸਿੰਘ ਸੱਗੂ ਨੇ ਪ੍ਰਸਿਧ ਸ਼ਾਇਰ ਤੇ ਵਿਦਵਾਨ ਡਾ: ਰਣਧੀਰ ਸਿੰਘ ਚੰਦ ਦੀ ਅਗਵਾਈ ਵਿੱਚ ਰਹਿਕੇ ਇਸ ਪੁਸਤਕ ਦੀ ਸਰੰਚਨਾ ਕੀਤੀ ਹੈ। ਇਸ ਪੁਸਤਕ ਦੇ ਕੁਝ ਚੋਣਵੇਂ ਸ਼ਿਅਰ ਆਪ ਦੀ ਨਜ਼ਰ ਹਨ :-

1. ਕਈ ਵਾਰ ਉਸਕਾ ਦਾਮਨ ਭਰ ਦੀਆਂ, ਦੋ ਆਲਮ ਸੇ।
   ਮਗਰ ਦਿਲ ਹੈ ਕਿ ਇਸਕੀ ਖ਼ਾਨਾ ਵਿਰਾਨੀ ਨਹੀਂ ਜਾਤੀ।
   
   -ਫੈਜ਼ ਅਹਿਮਦ ਫੈਜ਼
2. ਸ਼ਾਇਰੀ ਕਯਾ ਹੈ ਦਿਲੀ ਜਜ਼ਬਾਤ ਕਾ ਇਜ਼ਹਾਰ ਹੈ।
   ਦਿਲ ਅਗਰ ਬੇਕਾਰ ਹੈ ਤੋਂ ਸ਼ਾਇਰੀ ਬੇਕਾਰ ਹੈ। -ਸਫ਼ੀ।
3. ਕੁਛ ਤੋ ਹੋਤੇ ਹੈਂ ਮੁਹੱਬਤ ਮੇਂ ਜੁਨੂੰ ਕੇ ਆਸਾਰ
   ਔਰ ਕੁਛ ਲੋਕ ਭੀ ਦੀਵਾਨਾ ਬਨਾ ਦੇਤੇ ਹੈ। -ਜ਼ਹੀਰ ਦਹਿਲਵੀ

ਸਾਡੇ ਲਈ ਇਹ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਸ਼ਾਇਰੀ ਹੁੰਦੀ ਕੀ ਹੈ ਇਸਦਾ ਸਪਸ਼ਟ ਉੱਤਰ ਹੈ ਕਿ ਜਜ਼ਬਾਤ ਨੂੰ ਜਦੋਂ ਸ਼ਬਦਾਂ ਦਾ ਜਾਮਾ ਪਹਿਨਾਇਆ ਜਾਂਦਾ ਹੈ ਤਾਂ ਸ਼ਾਇਰੀ ਬਣਦੀ ਹੈ। ਬਸ਼ਰਤੇ ਉਹ ਜਾਮਾ ਪੂਰਾ ਮੇਚ ਦਾ ਹੋਵੇ। ਸੋਹਣੇ ਕੱਪੜੇ ਦਾ ਹੋਵੇ ਸੋਹਣੀ ਸਿਲਾਈ ਦਾ ਹੋਵੇ ਤੇ ਸਮੁੱਚੇ ਰੂਪ ਵਿਚ ਸੋਹਣਾ ਹੋਵੇ ਇਸ ਤਰ੍ਹਾਂ ਦੀ ਸਿਰਜਣਾ ਚਾਹੇ ਉਹ ਕਪੜੇ ਦੀ ਹੋਵੇ ਚਾਹੇ ਉਹ ਸਾਹਿਤ ਦੀ ਹੋਵੇ ਤੇ ਚਾਹੇ ਕਿਸੇ ਵੀ ਚੀਜ਼ ਦੀ ਹੋਵੇ ਉਹ ਵਧੀਆ ਹੀ ਹੁੰਦੀ ਹੈ। ਤੇ ਸਾਡੇ ਉਰਦੂ ਦੇ ਸ਼ਾਇਰਾਂ ਨੇ ਕਮਾਲ ਦੀ ਸਿਰਜਣਾ ਕੀਤੀ ਹੋਈ ਹੈ। ਤੇ ਕੁਦਰਤੀ ਗੱਲ ਹੈ ਜਦੋਂ ਕਿਸੇ ਦੂਜੀ ਭਾਸ਼ਾ ਦੀ ਅਮੀਰੀ ਨੂੰ ਜਾ ਕਹਿ ਲਉ ਕਿ ਜਦੋਂ ਕਿਸੇ ਦੂਜੀ ਭਾਸ਼ਾ ਦੀ ਅਮੀਰੀ ਦਾ ਅਨੰਦ ਮਾਨਣਾਂ ਹੋਵੇ ਤਾਂ ਉਹ ਭਾਸ਼ਾ ਆਉਣੀ ਜਰੂਰੀ ਹੈ। ਤੇ ਜੇ ਨਹੀਂ ਆਉਂਦੀ ਤਾਂ ਘੱਟੋ ਘੱਟ ਉਸਦਾ ਅਨੁਵਾਦ ਤਾਂ ਬਹੁਤ ਜਰੂਰੀ ਹੈ। ਤੇ ਜਿਸ ਭਾਸ਼ਾ ਵਿੱਚ ਵੀ ਅਨੁਵਾਦ ਹੋ ਕੇ ਸ਼ਾਇਰੀ ਜਾਂਦੀ ਹੈ। ਬਸ਼ਰਤੇ ਕਿ ਉਹ ਅਨੁਵਾਦ ਭਾਸ਼ਾ ਦੀ ਰੂਹ ਮੁਤਾਬਿਕ ਉਸਦੇ ਠੇਠ ਮੁਹਾਵਰੇ ਮੁਤਾਬਿਕ ਹੋਇਆ ਹੋਵੇ। ਤਾਂ ਫਿਰ ਉਸ ਪੁਸਤਕ ਦਾ ਅਸਰ ਵੀ ਉਨ੍ਹਾਂ ਹੀ ਹੁੰਦਾ ਹੈ। ਜਿਨ੍ਹਾਂ ਉਸਦੀ ਮੂਲ ਭਾਸ਼ਾ ਵਿੱਚ ਹੁੰਦਾ ਹੈ। ਸੋ ਭੂਪਿੰਦਰ ਸਿੰਘ ਸੱਗੂ ਨੇ ਜਿਹੜਾ ਇਹ ਉੱਦਮ ਕੀਤਾ ਹੈ ਕਿ ਉਰਦੂ ਸ਼ਿਅਰਾਂ ਨੂੰ ਪੰਜਾਬੀ ਵਿੱਚ ਇਕੱਤਰ ਕਰਕੇ ਲਿਖਿਆ ਹੈ। ਭਾਵੇਂ ਕਿ ਉਸੇ ਅੰਦਾਜ਼ ਵਿੱਚ ਹੀ ਲਿਖਿਆ ਹੈ ਸਿਰਫ ਲਿੱਪੀ ਹੀ ਬਦਲੀ ਹੈ ਤਾਂ ਵੀ ਇਹ ਚੀਜ਼ ਇਕ ਤਰ੍ਹਾਂ ਦੀ ਅਨੁਵਾਦ ਵਾਲੀ ਸਾਰਥਿਕਤਾ ਰੱਖਦੀ ਹੈ ਤੇ ਪਾਠਕ ਤੱਕ ਇਕ ਐਸੀ ਚੀਜ਼ ਪਹੁੰਚਾਉਣ ਦਾ ਸਫਲ ਉਪਰਾਲਾ ਭੂਪਿੰਦਰ ਸਿੰਘ ਸੱਗੂ ਨੇ ਕੀਤਾ ਹੈ ਜਿਹੜੀ ਉਮਰਾਂ ਸੰਗ ਨਿਭਣ ਵਾਲੀ ਹੈ। ਤੇ ਜਦੋਂ ਜਦੋਂ ਵੀ ਕਿਸੇ ਦਾ ਮਨ ਇਸ ਦਿਸਦੀ ਦੁਨੀਆਂ ਤੋਂ ਉਪਰਾਮ ਹੁੰਦਾ ਹੈ ਉਚਾਟ ਹੁੰਦਾ ਹੈ ਅੱਕ ਜਾਂਦਾ ਹੈ ਜਾਂ ਕਹਿ ਲਓ ਉਸ ਨੂੰ ਇਹ ਦੁਨੀਆਂ ਚੰਗੀ ਲਗਣੋਂ ਹਟ ਜਾਂਦੀ ਹੈ। ਤਾਂ ਫਿਰ ਖੁੱਲੇ ਮਹੌਲ ਵਿੱਚ ਬੈਠ ਕੇ ਜਦੋਂ ਇਸ ਕਿਤਾਬ ਵਿਚੋਂ ਕੁਝ ਸ਼ਿਅਰਾਂ ਨੂੰ ਪੜਿਆ ਜਾਂਦਾ ਹੈ। ਤਾਂ ਮਨ ਨੂੰ ਉਸ ਦੀ ਬਾਤ ਪੈ ਗਈ ਲੱਗਦੀ ਹੈ। ਇੰਝ ਲਗਦਾ ਹੈ ਜਿਵੇਂ ਬੰਦੇ ਦੀ ਗੱਲ ਕਿਸੇ ਨੇ ਸੁਣ ਲਈ ਹੋਵੇ ਤੇ ਸੁਣ ਕੇ ਅੱਗੇ ਆਪਣੇ ਸ਼ਬਦਾਂ ਵਿੱਚ ਕਹਿ ਦਿੱਤਾ ਹੋਵੇ। ਤੇ ਉਹ ਵੀ ਸ਼ਾਇਰੀ ਦੇ ਸ਼ਬਦਾਂ ਵਿੱਚ ਤੇ ਜਦੋਂ ਸ਼ਾਇਰੀ ਦੇ ਰੂਪ ਵਿੱਚ ਕੋਈ ਗੱਲ ਮਨੁੱਖੀ ਮਨ ਨੂੰ ਸੁਣਾਈ ਜਾਂਦੀ ਹੈ ਜਾਂ ਉਸ ਵਲੋਂ ਪੜੀ ਵੀ ਜਾਂਦੀ ਹੈ ਤਾਂ ਫਿਰ ਜਿਹੜਾ ਉਸ ਦਾ ਅਸਰ ਹੁੰਦਾ ਹੈ ਉਹ ਕਈ ਚਿੰਤਾਵਾਂ ਨੂੰ ਕਈ ਫਿਕਰਾਂ ਨੂੰ ਇਸ ਤਰ੍ਹਾਂ ਦੀਆਂ ਤੰਗ ਦਸਤੀਆਂ ਨੂੰ ਦੂਰ ਕਰਨ ਦੀ ਤਾਕਤ ਰੱਖਦਾ ਹੈ। ਜਾਂ ਕਹਿ ਲਓ ਦੂਰ ਕਰਨ ਦਾ ਉਪਰਾਲਾ ਬਣਦਾ ਹੈ। ਜਿਹੜੀਆਂ ਸ਼ਾਇਦ ਉਦਾਂ ਦੁਰ ਨਾਂ ਹੋ ਸਕਣ। ਸੋ ਇਹ ਸਾਹਿਤ ਦੀ ਇਕ ਆਪਣੀ ਕਿਸਮ ਦੀ

ਸ਼ਕਤੀ ਹੁੰਦੀ ਹੈ। ਜਿਹੜੀ ਮਨੁੱਖੀ ਮਨ ਅਤੇ ਮਨੁੱਖੀ ਦਿਮਾਗ ਤੇ ਅਸਰ ਕਰਦੀ ਹੈ।

ਅਸਲ ਵਿੱਚ ਭੂਪਿੰਦਰ ਸਿੰਘ ਸੱਗੂ ਦੀ ਸੰਪਾਦਨਾ ਦੇ ਖੇਤਰ ਵਿੱਚ ਇਹ ਬੜੀ ਦਮਦਾਰ ਅਤੇ ਮਿਆਰੀ ਸ਼ੁਰੂਆਤ ਹੈ। ਉਹ ਸ਼ਖਸ ਜੋ ਸਮਾਜ ਲਈ ਕੁੱਝ ਨਾ ਕੁੱਝ ਕਰ ਗੁਜ਼ਰਦੇ ਹਨ ਜਾਂ ਸਿਰਜਕ ਹੁੰਦੇ ਹਨ। ਉਨ੍ਹਾਂ ਦੀ ਅੰਦਰੂਨੀ ਮਾਨਸਿਕ ਸਮਰੱਥਾ ਲਾਮਿਸਾਲ ਹੁੰਦੀ ਹੈ। ਲੇਖਕ ਸਿਰਜਕ ਹੁੰਦੇ ਹਨ। ਇਸੇ ਗੁਣ ਕਰਕੇ ਉਹ ਅੰਦਰੂਨੀ ਮਾਨਸਿਕ ਸਮਰੱਥਾ, ਤੀਖਣ ਬੁੱਧੀ ਅਤੇ ਇਕਾਗਰਤਾ ਦੇ ਮੇਲ ਨਾਲ ਕਮਾਲ ਦੀ ਗ੍ਰਹਿਣ ਸ਼ਕਤੀ ਹਾਸਲ ਕਰਦੇ ਹਨ। ਇਹੀ ਗ੍ਰਹਿਣ ਕਰਨ ਦੀ ਤਾਕਤ ਲੇਖਕ ਦੇ ਤਜੁਰਬੇ ਦੀ ਅਮੀਰੀ ਬਣਦੀ ਹੈ ਤੇ ਇਹ ਅਮੀਰੀ ਸਾਹਿਤ ਦੇ ਸੱਚੇ ਮੋਤੀਆਂ ਦੀ ਮਾਲਾ ਦੇ ਅਣਮੁੱਲੇ ਮੋਤੀਆਂ ਦੀ ਗਿਣਤੀ ਵਿੱਚ ਵਾਧਾ ਕਰਦੀ ਹੈ। ਭੂਪਿੰਦਰ ਸਿੰਘ ਸੱਗੂ ਵਲੋਂ ਸੰਪਾਦਿਤ ਪੁਸਤਕ "ਕਹਿਕਸ਼ਾ" ਵੀ ਅਣਮੁੱਲੇ ਸੁੱਚੇ ਮੋਤੀਆਂ ਦੀ ਮਾਲਾ ਦੇ ਨਿਆਈਂ ਹੈ ਜਿਸ ਦੀ ਭਾਵਨਾਤਮਕ ਤੌਰ ਤੇ ਕੀਮਤ ਆਂਕੀ ਨਹੀਂ ਜਾ ਸਕਦੀ। ਉਰਦੂ ਸ਼ਿਅਰ ਪ੍ਰੇਮੀਆਂ ਦੇ ਦਿਲਾਂ ਵਿੱਚ ਇਹ ਪੁਸਤਕ ਆਪਣਾ ਇਕ ਖਾਸ ਮੁਕਾਮ ਹਾਸਿਲ ਕਰੇਗੀ। ਸਮੁੱਚੀ ਪੁਸਤਕ ਸ਼ਾਇਰਾਨਾ ਸੁਹਜ ਸੁਆਦ ਨਾਲ ਲਬਰੇਜ਼ ਹੈ। ਇਹ ਆਪਣੇ ਆਪ ਵਿੱਚ ਭੂਪਿੰਦਰ ਸਿੰਘ ਸੱਗੂ ਦੀ ਪ੍ਰਾਪਤੀ ਹੈ ਕਿ ਉਸਨੇ ਇਕ ਚੰਗਾ ਉੱਦਮ ਕਰ ਦਿੱਤਾ ਹੈ ਜਿਹੜਾ ਸਦਾ ਉਸਦੀ ਚੰਗਿਆਈ ਵਿੱਚ ਵਾਧਾ ਕਰਦਾ ਰਹੇਗਾ ਮੇਰੀ ਦਿਲੀ ਕਾਮਨਾ ਹੈ ਕਿ ਭੂਪਿੰਦਰ ਸਿੰਘ ਸੱਗੂ ਅੱਗੇ ਤੋਂ ਵੀ ਅਜਿਹੇ ਯਤਨਾਂ ਲਈ ਯਤਨਸ਼ੀਲ ਰਹੇ ਤੇ ਪੰਜਾਬੀ ਸਾਹਿਤ ਦੀ ਅਮੀਰੀ ਵਿੱਚ ਆਪਣਾ ਬਣਦਾ ਹਿੱਸਾ ਪਾਉਂਦਾ ਰਹੇ।

●●●●●

# ਕਹਿਕਸ਼ਾਂ

## ਗੁਰਦਿਆਲ ਰੌਸ਼ਨ

ਭੂਪਿੰਦਰ ਸੱਗੂ ਪੰਜਾਬੀ ਗ਼ਜ਼ਲ ਖੇਤਰ ਵਿਚ ਜਾਨਿਆਂ ਪਹਿਚਾਨਿਆਂ ਹਸਤਾਖ਼ਰ ਹੈ ਤੇ ਉਹ ਪੰਜਾਬੀ ਕਾਵਿ ਦੇ ਪਾਠਕਾਂ ਨੂੰ ਕਈ ਖ਼ੂਬਸੂਰਤ ਗ਼ਜ਼ਲ ਸੰਗ੍ਰਹਿ ਭੇਂਟ ਕਰ ਚੁੱਕਾ ਹੈ। ਉਸ ਦੀਆਂ ਕਵਿਤਾਵਾਂ ਦੀਆਂ ਤੇ ਅਦਬ ਨਾਲ ਸਬੰਧਤ ਫੁਟਕਲ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਭੂਪਿੰਦਰ ਸਿੰਘ ਸੱਗੂ ਬਹੁਤ ਨਿਮਰ ਸ਼ਖ਼ਸੀਅਤ ਹੈ ਤੇ ਮੇਰਾ ਅਜ਼ੀਜ਼ ਵੀ ਹੈ। ਉਹ ਆਪਣੇ ਨਿੱਜੀ ਜੀਵਨ ਵਿਚ ਬੇਹੱਦ ਰੁੱਝਿਆ ਹੋਇਆ ਸ਼ਖ਼ਸ ਹੈ। ਇਸ ਦੌਰ ਵਿਚ ਸਾਹਿਤ ਸਿਰਜਣਾ ਲਈ ਵਕਤ ਕੱਢਣਾ ਆਸਾਨ ਨਹੀਂ ਹੈ। ਉਂਝ ਵੀ ਸਾਡਾ ਸਮਾਜ ਤੇ ਹਕੂਮਤਾਂ ਅਦੀਬਾਂ ਦੀਆਂ ਓਨੀਆਂ ਕਦਰਦਾਨ ਨਹੀਂ ਜਿੰਨੀਆਂ ਹੋਣੀਆਂ ਚਾਹੀਦੀਆਂ ਹਨ। ਉਸ ਦਾ ਨਾਮ ਮੇਰੇ ਵਧੀਆ ਲਿਖਣ ਵਾਲੇ ਅਜ਼ੀਜ਼ਾਂ ਵਿਚ ਸ਼ਾਮਿਲ ਹੈ। ਕਈ ਤੰਗਦਿਲ ਲੋਕ ਉਸਤਾਦੀ ਸ਼ਾਗਿਰਦੀ ਦੀ ਪਰੰਪਰਾ ਨੂੰ ਪਸੰਦ ਨਹੀਂ ਕਰਦੇ ਪਰ ਅਜਿਹੇ ਬਹੁਤੇ ਲੋਕ ਬੇਹੁਨਰੇ ਹੁੰਦੇ ਹਨ। ਜੇ ਇਹ ਠੀਕ ਹੁੰਦਾ ਤਾਂ ਵਿਦਿਆਰਥੀ ਘਰ ਬੈਠੇ ਕਲਾਸਾਂ ਪਾਸ ਕਰ ਲੈਂਦੇ। ਉਂਝ ਵੀ ਸ਼ਾਇਰੀ ਨਾਲ ਸਬੰਧਤ ਕੁਝ ਬਾਰੀਕੀਆਂ ਅਜਿਹੀਆਂ ਹੁੰਦੀਆਂ ਹਨ ਜੋ ਕਿਸੇ ਪੁਸਤਕ ਵਿਚੋਂ ਕਦੀ ਨਹੀਂ ਮਿਲਦੀਆਂ। ਪੁਰਾਣੇ ਉਸਤਾਦ ਸਾਹਿਬਾਨ ਦੇ ਸ਼ਿਅਰ ਵੀ ਸਾਡੀ ਅਗਵਾਈ ਕਰਦੇ ਹਨ ਪਰ ਉਹ ਲੋੜਵੰਦ ਨੂੰ ਵਿਸਥਾਰ ਨਾਲ ਨੁਕਤੇ ਨਹੀਂ ਸਮਝਾ ਸਕਦੇ। ਉਰਦੂ ਦੇ ਖ਼ੂਬਸੂਰਤ ਸ਼ਿਅਰਾਂ ਨੂੰ ਪੁਸਤਕ ਰੂਪ ਵਿਚ ਛਾਪਣ ਦਾ ਉਸ ਦਾ ਇਹ ਪਹਿਲਾ ਯਤਨ ਹੈ, ਜਿਸ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਖ਼ੁਦ ਗ਼ਜ਼ਲ ਦਾ ਸ਼ਾਇਰ ਹੋਣ ਕਾਰਨ ਉਸ ਨੂੰ ਬਿਹਤਰ ਸ਼ਿਅਰਾਂ ਦੀ ਪਹਿਚਾਣ ਹੈ ਤੇ ਇਸ ਪੁਸਤਕ ਲਈ ਉਸ ਨੇ ਬਹੁਤ ਹੀ ਖ਼ੂਬਸੂਰਤ ਸ਼ਿਅਰਾਂ ਦੀ ਚੋਣ ਕੀਤੀ ਹੈ। ਭੂਪਿੰਦਰ ਸੱਗੂ 'ਕਹਿਕਸ਼ਾਂ'ਦੇ ਸੰਪਾਦਨ ਲਈ ਨਿਸ਼ਚੇ ਹੀ ਮੁਬਾਰਿਕ ਦਾ ਹੱਕਦਾਰ ਹੈ। ਯਕੀਨਨ 'ਕਹਿਕਸ਼ਾਂ' ਹਵਾਲੇ ਦੇਣ ਲਈ ਤੇ ਉਰਦੂ ਸ਼ਿਅਰਾਂ ਦਾ ਇਸਤੇਮਾਲ ਕਰਨ ਵਾਲਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਮਦਦਗਾਰ ਸਾਬਤ ਹੋਏਗੀ।

●●●●●

# In The Land of Promise - Bhupinder Sagoo

## John Welsby

Hi Bhupinder,

Following our discussion a few weeks ago at the bus station, I thought I would drop you a line with some of my reactions to your work.

To begin with, thank you for passing on a copy of Naranjan Singh Noor's work – having read this book, I can see how he influenced you and see that you value his approach to poetry and to the world. I understood better your own approach to politics and world events in poetry. Most of my experience of poetry is more inward looking and reflective of self rather than outward looking in this way. One of the English poets I know best is Philip Larkin but while it succeeds in capturing emotions, experiences etc. it is of this very inward-looking type.

In terms of political poetry, I think it was in the introduction to Naranjan's work that Shelley gets a mention – and I see why as I have come across some of Shelley's politically influenced work – however, I had a different reaction to Shelley than I did to your and Naranjan's work. Shelley even wrote about the Peterloo Massacre which was part of my history as it happened 200 years ago in my home town of Manchester but my reaction was to reject Shelley's work rather than absorb it because I had a picture of Shelley living his own chosen life abroad well away from the painful things happening elsewhere that it was all too easy for him to write about.

By contrast, your and Naranjan's work seemed much more to come out of personal experience or at least a personal facing up to what you were writing about. You shared in the pain rather than cutting yourself off from it. For Shelley, it struck me that his leaving home was avoiding things, for you, leaving home itself brought pain and then a sensitivity to other people's pain.

I found your poetry moving and often thought provoking; at times you have a technique of stabbing the heart in the last few lines which was powerful in its effect.

Phoenix was difficult to grasp but in the end I saw it as an expression of that universal sense of what we hope for being just beyond our grasp. I was preaching yesterday in the church I go to and my passage was from Ecclesiastes – a book in the Old Testament part of the Christian and Jewish Bible. This is written by somebody who calls himself 'The Teacher' and describes his search in the world for what makes life worthwhile – in the end he effectively gives up, his problem to me seems to be that while he knows there is a God, he cannot relate that to his daily life so everything seems pointless – he says at one point that God has put eternity into our hearts but no one can fathom what God is up to.

Clearly 'On The Leaving of Home' would characterise an important section of your work and not only does this capture your own sense of grasping for something that disappears (Phoenix?) but also reflects on the pain of those left behind. The Wait is a powerful expression of a mother's feelings and I respect the fact that you do not shy away from a sense of your own guilt at being the one who, with others, left. There is clearly so much pain for yourself but you get the feeling of this not so much by introspection on your part but by you drawing our attention to the pain of those left behind.

I found our conversation in the bus station so insightful and helpful to me as a chaplain to understand the thinking of many of your colleagues who have shared something of your experience. You seem to be a generation living with guilt and loss for what has been left behind which is dealt with not by self-pity or fruitless pretence that it can all be undone – but rather by a looking forward to how the next generation may be helped to establish a better future – to grasp the phoenix when it appears. This has a sense of purpose in it where other reactions would not.

Obviously I was struck by The Last Nail as it deals with the one I identify as my Lord! For me, Christ's death was unique because of who He is and wat He achieved through death but I also found richness in your very valid perspective on his death as representing the way society kills those who stand for something better- sons of God – and how through such death, perhaps something shines out that even the executioner can sense.

My Little Daughter reminded me of my middle daughter (we have three). Your experience in your community has even more at stake owing to the shift of continent from one generation to another but it was still recognisable to me as a Brit of one generation set in its ways, being confronted by a little girl's hopes and desires for the future.

The Old Banyan Tree builds on one of your key themes as above – and I found this very powerful in particular.

The Idol – I was intrigued as to your point here – do they ever speak??!

Kanjkan – incredibly powerful. The issue of the rights of the unborn and of society's tendency to ride roughshod over them according to our wishes is very relevant today and the essence of

the issue seems to be captured within the cultural context of this poem.

Anyway, that's enough from me. Just thank you finally for your poems and those of your mentor. These have given me valuable insights into another cultural context and I think speak powerfully into every context where love, loss, disappointment and hope are found.

•••••

John Welsby
BCUIM Workplace Chaplain
National Express, Wolverhampton Garage

# Poetry

## Hardeep Singh Sandhu

*Poetry is the spontaneous overflow of powerful feelings : it takes its origin from emotion recollected in tranquility. - William Wordsworth*

*These words of Wordsworth ring categorically true when one reads the poetic magnificence of BS. Sagoo. It seems an alluring tale, a beautiful sight to eyes and an amazing sea-like depth of emotions woven into a compact thread with impeccable pearl-like words. BS Sagoo is a renowned name in British Punjabi Poetry who has scaled gigantic mountains of success with his sheer brilliance of literary intellectuality, keeping the flame of Punjabi Poetry high and mighty much synonymous to his earlier creation 'Mashal'. His poetry is a work of extraordinary finesse, a visual delight to sore eyes, and an absolute gem to ardent book lovers which satiates the readers with a calming effect of lyrical sensation. Mr. Sagoo has also augmented significantly in editing several literary works resulting in winning many accolades in the poetic fraternity. For his immense contribution and diligent research in the field of poetry, Mr. Sagoo has been felicitated by Punjabi Lok Manch, London and many others. It also delineates his enormous passion and unfazed consistency with which he has added a wonderful dimension to the world of poetry. His poems are human-centric, prolific laced with supreme*

*optimism and represents Sagoo's great exuberance celebrating the human kind. Besides these, his poetry not only depicts the British Morals but also showcases societal issues cementing his stature as poet of masses. His rich experience garnered by travelling across many nations has given his poetry a unique perspective in comprehending the social fabric internationally.*

*In his latest exhibition of poetic excellence, Mr. Sagoo has turned up with his new masterpiece 'Curfew' and a series of embellished poetic majesty. It is a matter of absolute elation that with this Mr. Sagoo has embarked on another glorious journey by publishing his poetry in English Language. It has come as a breath of fresh air for all those English folks who were deprived of monumental verses. There lies not even an iota of doubt that his poetry will keep on touching the lives of people and serving the purpose of English poetry lovers. It's a wish that he will pen down magic again and again keeping us drenched and stimulated by his words of wisdom.*

*Thanks a lot*

•••••

Assistant Professor
Lovely Professional University
Phagwara
PUNJAB

# In The Land Of Promise

## Balwant Singh Bains

Mr Bhupinder Singh Sagoo is a well established Punjabi poet of sonnets (Ghazals). He has penned several Books of very high standards Poetry. He is well read and well known in Literary circles all over the World. He has contributed a lot to Punjabi Language.

He has a vast majority of readers and well wisher in the United Kingdom and other countries as well. In his poetry he has very keenly touched every topics of bribery, social in justice, poverty, uneducation, lower or downgraded status of women, inequality in ours society, the plight of downtrodden poor people. He has shed lights on all all the aspect of life.

Mr. Bhupinder Singh Sagoo's new book “In The Land Of Promise” is being published in English Language so that the people or the readers unfamiliar with Punjabi Language can understand Better in English language what is the central theme of his poetry and can enjoy the beauty of his polished Punjabi poetry. He is a very experienced and well established poet now.

He is very fortunate to have tutorial guidance of three great masters. For an example Dr Randhir Singh Chand ji, He was a great master in several languages. He was a great scholar in Urdu and Persian languages. He was a great poet as well.

Mr. Naranjan Singh Noor was a master and expert in Four Languages. He was a great poet of Punjabi language, well known and well established in literary high circles. Thirdly Ustad Janab Gurdial Rushan Sahib ji has been showered with the honour and granting tutorial mastership to run and manage Deepak School of Ghazal by the great master of Ghazal Ustad Janab Deepak Jaiteg Sahib ji. Now Ustad Janab Gurdial Rushan Sahia ji performing and delivering his guidance, service and duties with ability, honesty and with keen interest.

I would like to convey my thanks and congratulations to poet Bhupinder Singh Sagoo on his new book. My blessings are with him. I hope and wish the readers would enjoy the flowing and flowery deep poetry.

Well wishes from heart.

•••••

**Wolverhampton, England**

# ਤੇਰੀ ਇਬਾਦਤ ਬਾਰੇ

## ਡਾ. ਮਨਵਿੰਦਰ ਕੌਰ

ਗ਼ਜ਼ਲ ਕਵਿਤਾ ਦਾ ਅਤਿ ਵਿਸ਼ੇਸ਼ ਰੂਪ ਹੈ। ਜੋ ਸਭ ਤੋਂ ਵੱਧ ਸਾਧਨਾ, ਸੰਜਮ ਅਤੇ ਸਬਰ ਦੀ ਮੰਗ ਕਰਦਾ ਹੈ। ਇੱਕੋ ਸਮੇਂ ਬਹਿਰ, ਕਾਫੀਆ ਰਦੀਫ਼ ਅਤੇ ਸਭ ਤੋਂ ਜ਼ਰੂਰੀ ਖ਼ਿਆਲ ਦੀ ਬੁਲੰਦੀ ਇਸ ਹੱਦ ਤੱਕ ਕਿ ਅਰਥ ਅਨਰਥ ਨਾ ਹੋਣ ਅਤੇ ਇੱਕ ਹੀ ਸ਼ਿਅਰ ਵਿੱਚ ਸੰਪੂਰਨ ਕਾਵਿ ਕਹਿ ਦੇਣ ਦਾ ਹੁਨਰ ਹੈ ਗ਼ਜ਼ਲ। ਸਹਿਜ, ਸੁਹਜ ਅਤੇ ਰਵਾਨੀ ਭਰਿਆ ਵਰਤਾਰਾ ਜੋ ਲਫਜ਼ਾਂ ਨੂੰ ਸੰਗੀਤਕ ਤਰੰਗਾਂ ਨਾਲ ਸਰਾਬੋਰ ਕਰ, ਪਾਠਕ ਮਨ ਨੂੰ ਆਨੰਦ ਨਾਲ ਲਟਬੌਰਾ ਕਰ ਦੇਵੇ। ਕੋਰੀ ਕਲਪਨਾ ਅਤੇ ਭਾਵੁਕਤਾ ਤੋਂ ਲੈ ਕੇ ਵਾਸਤਵਿਕਤਾ ਨੂੰ ਬਹਿਰ ਦੀ ਬੰਦਿਸ਼, ਕਾਫੀਆ ਰਦੀਫ਼ ਦੇ ਬੰਧਨ ਵਿੱਚ ਪ੍ਰੋ. ਕੇ. ਕਰੂਰ ਤੋਂ ਕਰੂਰ ਗੱਲ ਨੂੰ ਕਾਵਿਕ ਅੰਦਾਜ਼ ਵਿਚ ਕਹਿ ਸੰਗੀਤ ਦਾ ਝਰਨਾ ਵਹਾ ਦੇਣਾ, ਗ਼ਜ਼ਲ ਦੀ ਖ਼ਾਸੀਅਤ ਅਤੇ ਸ਼ਾਇਰ ਦੀ ਸਲਾਹੁਤਾ ਹੈ।

ਗ਼ਜ਼ਲ ਕਹਿਣ ਵਾਲਿਆਂ ਦੀ ਫੈਹਰਿਸਤ ਬਹੁਤ ਲੰਮੇਰੀ ਹੈ, ਪਰ ਕੁਝ ਕੁ ਚੁਨਿੰਦਾ ਨਾਂ ਗ਼ਜ਼ਲ ਸੰਸਾਰ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਕੇ ਪਾਠਕਾਂ ਦੇ ਜ਼ਿਹਨ ਵਿਚ ਆਪਣਾ ਇਕ ਮੁਕਾਮ ਸਿਰਜਦੇ ਨੇ। ਭੂਪਿੰਦਰ ਸਿੰਘ ਸੱਗੂ ਹੁਣਾਂ ਦਾ ਨਾਓਂ ਇਸ ਅਦਬ ਸੰਸਾਰ ਵਿਚ ਬੜੇ ਅਦਬ ਅਤੇ ਸਲੀਕੇ ਨਾਲ ਲਿਆ ਜਾਂਦਾ ਹੈ। ਇਹਨਾਂ ਦੇ ਸ਼ਿਅਰ ਵਾਸਤਵਿਕਤਾ ਨੂੰ ਬੜੀ ਨਰਮਦਿਲੀ ਨਾਲ ਮਹਿਸੂਸਦੇ ਅਤੇ ਨਾਜ਼ੁਕਤਾ ਨਾਲ ਪੇਸ਼ ਕਰਦੇ ਹਨ।

ਹੈ ਖੜ੍ਹਾ ਬਾਰੂਦ ਉੱਤੇ, ਆਖਦੈ ਮਰਨਾ ਨਹੀਂ
ਆਦਮੀ ਦੀ ਸੋਚ ਉੱਤੇ ਬੁਲਬੁਲਾ ਹੈਰਾਨ ਹੈ।

ਪਰਦੇਸ ਵਿਚ ਵਸਦਿਆਂ ਆਪਣੀ ਮਿੱਟੀ ਨੂੰ ਚੇਤਿਆਂ ਵਿਚ ਰਲਾ, ਖਿਆਲਾਂ ਵਿੱਚ ਸਮੋ ਕੇ ਲਫਜ਼ਾਂ ਦੇ ਹਵਾਲੇ ਕਰਨਾ ਸੱਗੂ ਹੁਣਾਂ ਦੇ ਹਿੱਸੇ ਬੜੀ ਸ਼ਿਦਤ ਨਾਲ ਆਇਆ ਹੈ।

ਮੇਰੇ ਦਿਲ ਦੀ ਇੱਛਾ ਹੈ ਕਿ ਫੇਰ ਪੁਰਾਣਾ ਯੁੱਗ ਪਰਤੇ
ਗਲੀਆਂ ਵਿਚ ਘੁੰਮਾਂ ਫਿਰ ਉਹ ਯਾਰ ਬੁਲਾਵਾਂ ਖੇਡਣ ਨੂੰ।

ਆਪਣੇ ਦੇਸ਼, ਦੁਨੀਆ ਦੇ ਲੋਕਾਂ ਦੇ ਜ਼ਿਹਨ ਵਿਚ ਵਸੀਆ ਕੁਰੀਤੀਆਂ ਕਵੀ ਦੇ ਮਨ ਨੂੰ ਅਸਹਿਜ ਕਰ ਦਿੰਦੀਆਂ ਨੇ, ਉਹ ਇਹ ਕਹਿਣੋਂ ਗੁਰੇਜ਼ ਨਹੀਂ ਕਰਦਾ।

ਕਮਲੇ ਲੋਕੀਂ ਪੂਜਣ ਜੰਡ ਕਰੀਰਾਂ ਨੂੰ
ਨੰਗੇ ਪੈਰੀਂ ਜਾ ਕੇ ਮੰਨਣ ਪੀਰਾਂ ਨੂੰ

ਵਿਹਲੜ ਲੋਕਾਂ ਗੁਰਬਤ ਗਲ ਨੂੰ ਲਾਈ ਹੈ
ਐਵੇਂ ਕੋਸੀ ਜਾਂਦੇ ਨੇ ਤਕਦੀਰਾਂ ਨੂੰ

ਬੁੱਲੇ ਸ਼ਾਹ ਦਾ ਦੱਸਿਆ ਮਾਰਗ ਹਰਿਕ ਸੰਵੇਦਨਸ਼ੀਲ ਮਨ ਦਾ ਗਹਿਣਾ ਹੈ ਤੇ ਅਛੋਪਲੇ ਹੀ ਸ਼ਾਇਰ ਦੀ ਜੀਵਨ ਜਾਚ ਅਤੇ ਸਿਰਜਨਾ ਦਾ ਹਿੱਸਾ ਹੋ ਜਾਂਦਾ ਹੈ।

ਨੰਗੇ ਪੈਰੀਂ ਆਪਾਂ ਕੱਚੇ ਰਾਹ 'ਤੇ ਨੱਚਾਂਗੇ
ਸਾਡੇ ਸਿਰ ਤੇ ਜਦ ਤੱਕ ਬੁੱਲੇ ਸ਼ਾਹ ਦੀ ਲੋਈ ਹੈ

ਮਾੜੇ ਅਤੇ ਤਕੜੇ, ਮਜ਼ਲੂਮ ਅਤੇ ਜਾਬਰ ਜ਼ਾਲਮ ਦੀ ਮਨੋਸਥਿਤੀ ਇਸ ਸ਼ਿਅਰ ਵਿੱਚ ਬਾਖੂਬ ਚਿਤਰੀ ਗਈ ਹੈ

ਸਿਕਰਿਆਂ ਬਾਜ਼ਾਂ ਨੇ ਉਸ ਵੇਲੇ ਬੁਰਾ ਮਹਿਸੂਸ ਕੀਤੈ
ਜਦ ਕਦੇ ਚਿੜੀਆਂ ਗੁਟਾਰਾਂ ਗੀਤ ਗਾਏ ਦੋਸਤੀ ਦੇ

ਸ਼ਾਇਰ ਜਾਣਦੈਂ ਕਿ ਹੋਂਦ ਦੀ ਜੰਗ ਖੁਦ ਨਾਲ ਹੁੰਦੀ ਹੈ। ਆਪਣਾ ਹੀ ਸਿੱਕਾ ਆਪਣੇ ਮਨ ਨੂੰ ਮਨਵਾਉਣਾ। ਆਪਣੀ ਮੈਂ ਤੋਂ ਆਪ ਹੀ ਮੁਕਤ ਹੋਣਾ ਦੁਨੀਆ ਜਿੱਤਣ ਦਾ ਸਾਰ ਹੈ। ਇਸ ਫ਼ਲਸਫ਼ੇ ਨੂੰ ਸ਼ਾਇਰ ਲਫਜ਼ਾਂ ਵਿੱਚ ਇਓਂ ਪਰੋਂਦਾ ਹੈ :

ਮੈਂ ਕਾਤਿਲ ਆਪਣਾ ਹਾਂ ਦੂਸਰਾ ਨਾ ਹੋਰ ਹੈ ਕੋਈ
ਮਿਰੀ ਹੀ ਜ਼ਿੰਦਗੀ ਹੈ ਬੇਵਫਾ ਦੂਸਰਾ ਨਾ ਹੋਰ ਹੈ ਕੋਈ

ਇਸ ਰਸਭਿੰਨੀ ਪੁਸਤਕ ਦੇ ਨਾਂ ਨੂੰ ਸਾਰਥਿਕਤਾ ਦੇ ਮੁਕਾਮ ਤੱਕ ਲੈ ਕੇ ਜਾਣ ਵਾਲੀ ਗ਼ਜ਼ਲ ਇਸ਼ਕ ਮਿਜਾਜ਼ੀ ਦੀ ਝਲਕ ਪਾਉਂਦੀ ਇਸ਼ਕ ਹਕੀਕੀ ਦਾ ਦਰ ਖੜਕਾਉਂਦੀ ਹੈ

ਤਿਰੀ ਕੀਤੀ ਇਬਾਦਤ ਹੀ ਇਬਾਦਤ ਹੈ
ਮਿਰੇ ਦਿਲ ਵਿਚ ਮਹੁੱਬਤ ਹੀ ਮਹੁੱਬਤ ਹੈ

ਤਲਖ਼ ਸਮੇਂ ਵਿੱਚ ਵਿਚਰਦਿਆਂ ਹਾਲਾਤ ਦੀ ਕਰੂਰਤਾ ਨੂੰ ਲਾਂਭੇ ਕਰਨ ਦੀ ਤਵੱਕੋ ਜੇਕਰ ਇੱਕ ਸੰਵੇਦਨਸ਼ੀਲ ਮਨ ਤੋਂ ਕੀਤੀ ਜਾਵੇ ਤਾਂ ਇਹ ਅਸੰਭਵ

ਕਾਮਨਾ ਹੈ। ਉਹ ਸ਼ਾਇਰ ਹੀ ਨਹੀਂ ਜਿਸਦਾ ਮਨ ਸਮਿਆਂ ਦੀ ਕਾਲੀ ਕਰੂਰਤਾ ਨੂੰ ਮਹਿਸੂਸ ਨਾ ਕਰ ਸਕੇ।

ਖ਼ੂਨ 'ਚ ਭਿੱਜੀਆਂ ਵਗਣ ਹਵਾਵਾਂ ਮੌਸਮ ਤਲਵਾਰਾਂ ਦਾ ਹੈ
ਕਿੱਦਾਂ ਆਪਣਾ ਆਪ ਬਚਾਵਾਂ ਇਹ ਮੌਸਮ ਤਲਵਾਰਾਂ ਦਾ ਹੈ

ਫਿਰਕੂ ਵਸਤਰ ਪਾ ਕੇ ਮੌਸਮ ਢੌਂਗ ਰਚਾਂਦੇ ਦਿਨ ਵੇਲੇ
ਰਾਤਾਂ ਵੇਲੇ ਸੰਨ੍ਹਾਂ ਲਾਉਂਦਾ ਅੱਜਕਲ੍ਹ ਦਾ ਵਿਭਚਾਰੀ ਹੈ

ਕਾਲੀ ਧੁੱਪ ਨੇ ਚੂਸ ਲਏ ਨੇ ਰੰਗ ਅਸਾਡੇ ਫੁੱਲਾਂ ਦੇ
ਤੂੰ ਜਿਊਣੇ ਦੀ ਪੁੱਛਦੈਂ ਇੱਥੇ ਮਰਨੇ ਦੀ ਦੁਸ਼ਵਾਰੀ ਹੈ

ਮਹੁੱਬਤ ਦਾ ਖ਼ਿਆਲ ਜੇਕਰ ਗ਼ਜ਼ਲ ਤੋਂ ਲਾਂਭੇ ਰਿਹਾ ਤਾਂ ਗ਼ਜ਼ਲ ਸੁੰਨੀ ਹੈ, ਜਿਓਂ ਇਹਦਾ ਸ਼ਿੰਗਾਰ ਇਹਦੀ ਰੂਹ ਮੁਰਝਾ ਗਈ ਹੋਵੇ। ਇਹ ਅਹਿਸਾਸ ਗ਼ਜ਼ਲ ਵਿਚ ਆਉਂਦੇ ਹੀ ਗ਼ਜ਼ਬ ਦੇ ਰੂਪਕ, ਬਿੰਬ ਦ੍ਰਿਸ਼ਟਾਂਤ ਇਸ ਨੂੰ ਇੱਕ ਅਜ਼ਬ ਹੁਲਾਰਾ ਦਿੰਦੇ ਨੇ ਕਿ ਪਾਠਕ ਕਲਪਨਾ ਦੇ ਦੇਸ਼ ਪਹੁੰਚਿਆ ਇਸ ਅਨੂਠੇ ਅਹਿਸਾਸ ਨਾਲ ਸਰਸ਼ਾਰ ਹੋਇਆ ਅਸ਼-ਅਸ਼ ਕਰ ਉੱਠਦਾ ਹੈ।

ਜਦੋਂ ਕੋਠੇ 'ਤੇ ਉਸ ਦੇ ਕੇਸ ਲਹਿਰਾਉਦੀ ਹਵਾ ਦੇਖੀ
ਮੇਰਾ ਦਿਲ ਚੀਖਿਆ ਕਹਿੰਦਾ ਐਸੀ ਨਹੀਂ ਘਟਾ ਦੇਖੀ

ਬੜੀ ਬਿਜਲੀ ਗਿਰਾਉਦੀ ਹੈ ਝੜੀ ਅੱਖਾਂ 'ਚ ਲਾਉਂਦੀ ਹੈ
ਬਦਲਦੀ ਰੰਗ ਹੈ ਕਿੰਨੇ ਮਹੁੱਬਤ ਦੀ ਘਟਾ ਪਲ ਪਲ

ਕੁਦਰਤ, ਪੀੜਾਂ, ਹਨੇਰਾ, ਰੋਸ਼ਨੀ, ਇਤਿਹਾਸ ਦੇ ਪਾਤਰ, ਫੁੱਲ, ਸੂਲਾਂ, ਪੰਛੀ, ਕੋਇਲਾਂ, ਮਜ਼ਹਬ, ਪਿਆਰ, ਦੁਸ਼ਮਣ, ਯਾਰ, ਗੁਆਚੇ ਸਿਰਨਾਵੇਂ, ਅਣਦੱਸੀਆਂ ਥਾਵਾਂ, ਤਿਤਲੀਆਂ, ਰਿਸ਼ਤੇ, ਪੁਰਾਣੀਆਂ ਯਾਦਾਂ, ਦੁਮੇਲ ਦੇ ਮਿਲਣ ਦੇ ਬਿੰਬ ਭੂਪਿੰਦਰ ਸੱਗੂ ਹੁਣਾਂ ਦੀ ਰਚਨਾਤਮਕਤਾ ਨੂੰ ਸੰਪੂਰਨਤਾ ਬਖਸ਼ਦੇ ਹਨ। ਅਰੂਜ਼ੀ ਨਿਯਮਾਂ ਅਤੇ ਅਹਿਸਾਸ ਨਾਲ ਲਬਰੇਜ਼ ਭੂਪਿੰਦਰ ਸੱਗੂ ਹੁਣਾਂ ਦੀ ਸਿਰਜਨਾ ''ਤੇਰੀ ਇਬਾਦਤ''ਗ਼ਜ਼ਲ ਜਗਤ ਦੇ ਹਾਸਿਲ ਦਾ ਬੜੇ ਖੁੱਲ੍ਹੇ ਦਿਲ, ਚਾਅ, ਹੁਲਾਸ ਨਾਲ ਸਵਾਗਤ ਹੈ। ਆਪ ਸਭ ਵੱਲੋਂ ਭਰਪੂਰ ਹੁੰਗਾਰੇ ਦੀ ਆਸ ਵਿੱਚ ਮੇਰੇ ਵੱਲੋਂ ਸਰ ਨੂੰ ਇਸ ਸਿਰਜਨਾ ਲਈ ਬਹੁਤ-ਬਹੁਤ ਸ਼ੁਭ ਇੱਛਾਵਾਂ।

●●●●●

# ਭੁਪਿੰਦਰ ਸੱਗੂ ਦੀ "ਇਬਾਦਤ"

## ਕਵਿੰਦਰ ਚਾਂਦ, ਕੈਨੇਡਾ

ਬੀਤੇ ਵਰ੍ਹਿਆਂ ਵਿੱਚ ਪੰਜਾਬੀ ਕਵਿਤਾ ਦੇ ਵਿਭਿੰਨ ਸਹਿਰੂਪਾਂ ਨੇ ਬਹੁਦਿਸ਼ਾਵੀ ਅਤੇ ਲੰਮੇਰਾ ਸਫਰ ਤੈਅ ਕੀਤਾ ਹੈ। ਪੰਜਾਬੀ ਲੇਖਕਾਂ ਨੇ ਪਿੰਡ ਤੋਂ ਬ੍ਰਹਿਮੰਡ ਤੱਕ ਦੀ ਪਹੁੰਚ ਅਪਣਾਈ ਹੈ ਅਤੇ ਇਹ ਮਦਹੋਸ਼ ਪਾਣੀਆਂ ਦੀ ਗੁਲਾਮੀ ਤੋਂ ਮੁਕਤ ਹੋ ਪਿਤਾ ਪਾਣੀਆਂ ਦੇ ਸੁੱਕ ਰਹੇ ਸਰੋਤਾਂ ਅਤੇ ਲੋਕਾਈ ਦੇ ਦੁੱਖਾਂ ਸੁੱਖਾਂ ਦੀ ਫਿਕਰਮੰਦੀ ਵੀ ਜ਼ਾਹਰ ਕਰਦੀ ਹੈ। ਅੱਜ ਦੀਆਂ ਰਚਨਾਵਾਂ ਮਨੁੱਖੀ ਮਨ ਅੰਦਰ ਪਥਰਾਅ ਰਹੀ ਸੰਵੇਦਨਾ ਦੀ ਬਾਤ ਪਾਉਂਦੀਆਂ, ਉਸ ਦੀਆਂ ਧੁਰ ਅੰਦਰਲੀਆਂ ਪਰਤਾਂ ਫਰੋਲਦੀਆਂ, ਆਕਾਸ਼ ਪਾਤਾਲ ਛਾਣਦੀਆਂ, ਕੁਦਰਤ ਕੁੜੀ ਦੇ ਵਿਗੜ ਰਹੇ ਹੁਸਨ ਦੀ ਚਿੰਤਾ ਕਰਦੀਆਂ, ਅਜੋਕੇ ਸਮਿਆਂ ਨੂੰ ਸੰਬੋਧਨ ਕਰਦੀਆਂ ਹਨ।

ਭੂਪਿੰਦਰ ਸੱਗੂ ਬਹੁ ਵਿਧਾਵੀ ਸ਼ਾਇਰ ਹੈ। ਕਵਿਤਾ ਨਾਲ ਪੂਰਾ ਨਿਆਂ ਕਰਦਾ ਹੋਇਆ ਵੀ ਉਹ ਮੂਲ ਰੂਪ ਵਿੱਚ ਉਹ ਗ਼ਜ਼ਲ ਵਿਧਾ ਨੂੰ ਪਰਨਾਇਆ ਹੋਇਆ ਹੈ। 78 ਵਿਆਂ ਵਿੱਚ ਜਦੋਂ ਭੂਪਿੰਦਰ ਸੱਗੂ ਪੰਜਾਬ ਤੋਂ ਇੰਗਲੈਂਡ ਪਹੁੰਚਦਾ ਹੈ ਏਥੋਂ ਦੇ ਸਾਹਿਤਕ ਮਾਹੌਲ ਨੂੰ ਪੂਰੀ ਤਰਾਂ ਮਾਰਕਸਵਾਦੀ ਵਿਚਾਰਧਾਰਾ ਦੇ ਰੰਗ ਵਿੱਚ ਰੰਗਿਆ ਦੇਖਦਾ ਹੈ। ਇਸ ਮਾਹੌਲ ਦੀ ਅਸਰਅੰਦਾਜ਼ੀ ਸੁਭਾਵਿਕ ਹੁੰਦਿਆਂ ਹੋਇਆਂ ਵੀ ਲੇਖਕ ਆਪਣੇ ਬੁਨਿਆਦੀ ਰੰਗ ਨੂੰ ਨਾਲ ਨਾਲ ਜੋੜੀ ਰੱਖਦਾ ਹੈ ਜੋ ਉਸਦੀਆਂ ਲਿਖਤਾਂ ਨੂੰ ਹੋਰ ਵੀ ਵਿਲੱਖਣਤਾ ਪਰਦਾਨ ਕਰਦੀ ਹੈ।

ਕਵੀ ਆਪਣੇ ਸਮਿਆਂ ਦੇ ਇਤਿਹਾਸ ਦੀ ਜ਼ਿਕਰਯੋਗ ਪਾਤਰ ਹੁੰਦਾ ਹੈ ਅਤੇ ਇਸ ਆਲਮੀ ਵਰਤਾਰੇ ਵਿੱਚ ਸੂਤਰਧਾਰ ਦੀ ਭੂਮਿਕਾ ਨਿਭਾਉਂਦਾ ਹੈ। ਮੈਨੂੰ ਖੁਸ਼ੀ ਅਤੇ ਤਸੱਲੀ ਹੈ ਕਿ ਭੂਪਿੰਦਰ ਸੱਗੂ, ਸੂਤਰਧਾਰ ਦੀ ਇਹ ਭੂਮਿਕਾ ਬੜੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ।

ਦੇਖੋ ਅੱਜ ਵਿਸ਼ਵ ਵਿਆਪੀ ਉਦਾਸੀਨਤਾ ਦੇ ਆਲਮ ਵਿੱਚ ਲੇਖਕ ਦਾ ਇੱਕ ਸਹਿਜ ਸੁਭਾ ਸ਼ਿਅਰ ਕਿੰਨਾ ਸਕੂਨ ਬਖਸ਼ਦਾ ਹੈ,

ਐ ਖੁਦਾ ਮੇਰੀ ਹਯਾਤੀ ਨੂੰ
ਗ਼ਜ਼ਲ ਦਾ ਦਾਨ ਦੇ
ਮੇਰਿਆਂ ਸ਼ਿਅਰਾਂ ਨੂੰ ਦੇ
ਨਾ ਦਰਦ, ਤੂੰ ਮੁਸਕਾਨ ਦੇ

ਭੂਪਿੰਦਰ ਸੱਗੂ ਦੀ ਜ਼ਿਆਦਾਤਰ ਗਜ਼ਲ ਇਨਸਾਨੀ, ਕੁਦਰਤੀ, ਰਿਸ਼ਤਿਆਂ ਦੀ ਮੁਹੱਬਤ ਨਾਲ ਓਤ-ਪਰੋਤ ਹੈ।

ਗ਼ਜ਼ਲ ਪਿਆਰ ਕਰਨ ਦੀ ਸਮਰੱਥਾ ਵਧਾਉਂਦੀ ਹੈ। ਪਿਆਰ ਇਕ ਅਜਿਹੀ ਚੀਜ਼ ਹੈ ਜੋ ਸਾਡੀ ਸਿਰਜਣ ਸ਼ਕਤੀ ਨੂੰ ਸਰਗਰਮੀ ਬਖਸ਼ਦੈ। ਪਿਆਰ ਵਿੱਚ ਲਿਖਦੀ ਕਲਮ ਸਾਨੂੰ ਅੰਬਰ ਤੱਕ ਉਡਾ ਕੇ ਲੈ ਜਾਂਦੀ ਹੈ। ਜਿਸ ਦਿਨ ਬੰਦਾ ਪਿਆਰ ਦੀ ਊਰਜਾ ਬੰਨ੍ਹਣ ਯੋਗ ਹੋਇਆ ਤਾਂ ਇਹ ਅੱਗ ਦੀ ਖੋਜ ਵਾਂਗ ਮਹੱਤਵਪੂਰਨ ਹੋ ਸਕਦਾ ਹੈ। ਏਸੇ ਰੌਸ਼ਨੀ ਵਿੱਚ ਲੇਖਕ ਦੇ ਹੇਠ ਲਿਖੇ ਸ਼ਿਅਰ ਦੇਖੋ...

ਤੁਸੀਂ ਲੱਭੋ ਨਵੇਂ ਰੱਬ ਮੈਂ
ਕਦੋਂ ਇਨਕਾਰ ਕਰਦਾ ਹਾਂ
ਖੁਦਾ ਨੂੰ ਪਾ ਲਿਆ ਹੈ ਮੈਂ
ਤਾਂ ਆਪਣੇ ਯਾਰ ਦੇ ਵਿੱਚੋਂ

ਜੇ ਚਾਹ ਹੋਵੇ ਤਾਂ ਮਾਂ ਤੇ
ਬਾਪ ਤੋਂ ਵੱਡਾ ਨਾ ਰੱਬ ਕੋਈ
ਖੁਦਾ ਦਾ ਨੂਰ ਦਿਸ ਪੈਂਦਾ ਹੈ
ਪਾਲਣਹਾਰ ਦੇ ਵਿੱਚੋਂ

ਪਿਛਲੇ ਵਰ੍ਹਿਆਂ ਵਿੱਚ ਕਰੋਨਾ ਕਾਲ ਦੀ ਭਿਅੰਕਰਤਾ ਨੇ ਜਿੱਥੇ ਦੁਨੀਆਂ ਦੀ, ਮੰਡੀ ਦੀ ਅੰਨ੍ਹੀ ਦੌੜ ਗਤੀਹੀਣ ਕੀਤੀ ਉੱਥੇ ਨਾਲ ਹੀ ਮਨੁੱਖਾਂ ਨੂੰ ਸਵੈ ਪੜਚੋਲ ਦਾ ਸਮਾਂ ਵੀ ਦਿੱਤਾ।

ਹੇਠਲਾ ਸ਼ਿਅਰ ਸ਼ਾਇਦ ਇਸੇ ਦਾ ਪ੍ਰਤੀਕ ਹੈ...

ਮੇਰੇ ਦਿਲ ਦੀ ਇੱਛਾ ਹੈ ਕਿ
ਫੇਰ ਪੁਰਾਣਾ ਯੁੱਗ ਪਰਤੇ
ਗਲੀਆਂ ਦੇ ਵਿੱਚ ਘੁੰਮਾਂ ਤੇ
ਉਹ ਯਾਰ ਬੁਲਾਵਾਂ ਖੇਡਣ ਨੂੰ

ਭੂਪਿੰਦਰ ਸੰਗੂ ਦੀਆਂ ਗ਼ਜ਼ਲਾਂ ਉਸ ਦੀ ਕਾਵਿ ਪ੍ਰਤਿਭਾ ਨਾਲ ਰੌਸ਼ਨ ਹਨ। ਉਹਦੀਆਂ ਗ਼ਜ਼ਲਾਂ ਸਾਡੇ ਸਮਾਜ ਦੇ ਵਰਤਾਰਿਆਂ ਦੀ ਚਿਤ੍ਰਕਸ਼ੀ ਹੈ। ਸਮਾਜੀ ਚੇਤਨਾ ਦੀ ਤੀਬਰਤਾ ਦੇ ਨਾਲ ਨਾਲ ਉਸ ਕੋਲ ਸੂਖਮਤਾ, ਭਾਸ਼ਾ ਗਿਆਨ ਅਤੇ ਵਜ਼ਨ ਬਹਿਰ ਦੀ ਸੂਝ ਹੈ ਜੋ ਉਸ ਦੀ ਗਜ਼ਲ ਨੂੰ ਅਮੀਰੀ ਬਖ਼ਸ਼ਦੀ ਹੈ।

ਹਯਾਤੀ ਲਈ ਮੁਸਕਾਨਾਂ ਮੰਗਦੀ ਤੇਰੀ ਇਬਾਦਤ ਦਾ ਦਿਲੋਂ ਸਵਾਗਤ ਕਰਨਾ ਬਣਦਾ ਹੈ।

●●●●●

# ਹਨ੍ਹੇਰ ਵਿਚ ਚਾਨਣ ਚੁੱਗਦੀ ਉਮੀਦ : 'ਤੇਰੀ ਇਬਾਦਤ'

**ਡਾ. ਗੁਰਪ੍ਰੀਤ ਸਿੰਘ**

'ਤੇਰੀ ਇਬਾਦਤ' ਭੁਪਿੰਦਰ ਸਿੰਘ ਸੱਗੂ ਦਾ ਛੇਵਾਂ ਗ਼ਜ਼ਲ ਸੰਗ੍ਰਹਿ ਹੈ ਜਿਸ ਵਿਚ 81 ਗ਼ਜ਼ਲਾਂ 96 ਪੰਨਿਆਂ ਉੱਤੇ ਫੈਲੀਆਂ ਹੋਈਆਂ ਹਨ। ਇਨ੍ਹਾਂ ਗ਼ਜ਼ਲਾਂ ਨੂੰ ਵਾਚਦਿਆਂ ਸਭ ਤੋਂ ਪਹਿਲਾਂ ਨਜ਼ਰ ਸਮਰਪਣਉੱਤੇ ਜਾਂਦੀ ਹੈ। ਸੱਗੂ ਦਾ ਆਪਣਾ ਗ਼ਜ਼ਲ ਸੰਗ੍ਰਹਿ ਉਸਤਾਦ ਦੀਪਕ ਜੈਤੋਈ ਨੂੰ ਸਮਰਪਿਤ ਕਰਨਾ ਹੀ ਉਸਦੀ ਦਿਆਨਤਦਾਰੀ ਦਾ ਪ੍ਰਤੀਕ ਹੈ। ਆਪਣੀ ਵਿਰਾਸਤ ਨਾਲ ਜੁੜਨ ਦੀ ਇਖ਼ਲਾਕੀ ਚੇਤਨਾ ਹੈ। ਇਸ ਸਮਰਪਣ ਵਿਚੋਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਭੁਪਿੰਦਰ ਸਿੰਘ ਸੱਗੂ ਉਸ ਮਿੱਟੀ ਨਾਲ ਜੁੜਿਆ ਹੋਇਆ ਸ਼ਖ਼ਸ ਹੈ ਜਿਹੜਾ ਪਰਵਾਸੀ ਹੋ ਕੇ ਵੀ ਆਪਣੀ ਪਰੰਪਰਾਵਾਂ ਨੂੰ ਨਹੀਂ ਵਿਸਾਰਦਾ। ਆਪਣੀ ਪਰੰਪਰਾ, ਆਪਣੀ ਮਿੱਟੀ ਅਤੇ ਆਪਣੀ ਤਹਿਜ਼ੀਬ ਨਾਲ ਜੁੜੇ ਰਹਿਣਾ ਹੀ ਵੱਡੇ ਅਤੇ ਗਿਆਨਵਾਨ ਹੋਣ ਦੀ ਤਸਦੀਕਕਾਰੀ ਹੈ ਜਿਹੜੀ ਭੁਪਿੰਦਰ ਸਿੰਘ ਸੱਗੂ ਦੀ ਕਾਵਿਕਾਰੀ ਵਿਚੋਂ ਨਜ਼ਰ ਪੈਂਦੀ ਹੈ :

ਵਤਨ ਆਪਣੇ ਦੀ ਮਿੱਟੀ ਭੁੱਲ ਜਾਵਾਂ ਹੋ ਨਹੀਂ ਸਕਦਾ
ਨਾ ਇਸ ਤੋਂ ਗਾਲ਼ ਵੱਡੀ, ਬਦ-ਦੁਆ ਨਾ ਹੋਰ ਹੈ ਕੋਈ

ਇਹ ਕਾਵਿ-ਖ਼ਿਆਲ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਵਿਚਲੇ ਅਵਾਰ ਬੋਲੀ ਭੁੱਲਣ 'ਤੇ ਮਿਲੇ ਹੋਏ ਸਰਾਪ ਵਰਗਾ ਹੈ। ਕਾਵਿ ਪਾਤਰ ਨੂੰ ਆਪਣੀ ਮੂਲ ਭੂਮੀ ਤੋਂ ਟੁੱਟਣਾ ਇੱਕ ਗਾਲ਼ ਅਤੇ ਬਦ-ਦੁਆ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਇਸ ਲਈ ਪਰਵਾਸੀ ਕਾਵਿ ਮਨ ਪਰਵਾਸੀ ਪ੍ਰਸਥਿਤੀਆਂ ਵਿਚ ਜੀਂਦਾ ਹੋਇਆ ਆਪਣੇ ਵਤਨ, ਆਪਣੇ ਸਭਿਆਚਾਰ ਅਤੇ ਆਪਣੇ ਪਿੰਡ ਦੀ ਪਛਾਣ ਲਈ ਜੱਦੋ-ਜਹਿਦ ਕਰਦਾ ਹੈ:

ਪਰਦੇਸਾਂ ਤੋਂ ਅਪਣੇ ਘਰ ਨੂੰ ਮੈਥੋਂ ਪਰਤ ਨਹੀਂ ਹੋਇਆ
ਪਿੰਡ ਮੇਰੇ ਦੇ ਪਿੱਪਲ, ਅਜ ਵੀ ਚੇਤੇ ਦੇ ਵਿਚ ਛਾਵਾਂ ਨੇ

ਇਹ ਕਾਵਿ ਟੁਕੜੀ ਕਾਵਿ ਵਕਤਾ ਦੇ ਅੰਦਰੂਨੀ ਸਵੈ ਨੂੰ ਪ੍ਰਤੀਬਿੰਬਤ ਕਰਦੀ ਹੈ। ਇਹ ਕਾਵਿ ਬੰਦ ਪਰਵਾਸੀ ਦੀ ਅੰਤਰੀਵੀ ਆਵਾਜ਼ ਹੈ। ਇਹ ਆਪਣੇ ਵਤਨ ਦੀ ਮਿੱਟੀ ਨਾ ਭੁੱਲਣ ਦੀ ਵੇਦਨਾ ਭਰਪੂਰ ਹੂਕ ਹੈ। ਸਵਾਲ ਇਹ ਹੈ ਕਿ ਪਰਵਾਸੀ ਆਪਣੇ ਵਤਨ ਦੀ ਮਿੱਟੀ ਕਿਉਂ ਨਹੀਂ ਭੁੱਲਣਾ ਚਾਹੁੰਦਾ? ਉਹ ਆਪਣੇ ਪਿਛੋਕੜ ਨੂੰ ਵਾਰ-ਵਾਰ ਕਿਉਂ ਚਿਤਾਰਦਾ? ਇਸ ਸਵਾਲ ਦਾ ਜਵਾਬ ਇਸ ਗੱਲ ਵਿਚ ਹੈ ਕਿ ਪਰਵਾਸੀ ਨੂੰ ਪਰਵਾਸੀ ਪ੍ਰਸਥਿਤੀਆਂ ਵਿਚ ਉਹ ਮਾਨਸਿਕ ਸਪੇਸ ਨਹੀਂ ਮਿਲਦੀ

ਜਿਸ ਵਿਚੋਂ ਉਸਨੂੰ ਮਾਨਸਿਕ ਸਕੂਨ ਅਤੇ ਰਾਹਤ ਮਿਲ ਸਕੇ। ਇਸ ਬਦਲ ਵਜੋਂ ਪਰਵਾਸੀ ਕਾਵਿ ਮਨ ਆਪਣੇ ਮਾਨਸਿਕ ਸਕੂਨ ਅਤੇ ਸ਼ਾਂਤੀ ਲਈ ਆਪਣੀਆਂ ਸਿਮਰਤੀਆਂ ਰਾਹੀਂ ਆਪਣੀਆਂ ਜੜ੍ਹਾਂ ਅਤੇ ਆਪਣੀ ਰਹਿਤਲ ਦਾ ਰੋਮਾਂਟਿਕ ਸਿਮਰਨ ਕਰਦਾ ਹੈ। ਇਹ ਰੋਮਾਂਟਿਕ ਸਿਮਰਨ ਹੀ ਉਸਨੂੰ ਉਸਦੀ ਮੂਲ ਪਛਾਣ ਨਾਲ ਜੋੜੀ ਰੱਖਦੀ ਹੈ ਜਿਸਦਾ ਜ਼ਿਕਰ ਕਾਵਿ ਵਕਤਾ ਇਸ ਤਰ੍ਹਾਂ ਕਰਦਾ ਹੈ :

ਫ਼ਲਕ 'ਚੋਂ ਟੁੱਟ ਕੇ ਤਾਰਾ ਭਟਕਦਾ ਹੈ ਖ਼ਲਾਅ ਅੰਦਰ
ਜੋ ਟੁੱਟੇ ਮੂਲ ਨਾਲੋਂ ਆਦਮੀ ਹੁੰਦਾ ਹੈ ਪੱਥਰ ਦਾ

ਜਿਸ ਤਰ੍ਹਾਂ ਤਾਰਾ ਟੁੱਟਕੇ ਖਲਾਅ ਵਿਚ ਭਟਕਦਾ ਹੈ ਉਸ ਤਰ੍ਹਾਂ ਬੰਦਾ ਆਪਣੇ ਮੂਲ ਨਾਲੋਂ ਟੁੱਟਕੇ ਆਪਣਾ ਸਵੈ-ਸਨਮਾਨ ਗੁਆ ਲੈਂਦਾ ਹੈ। ਸਵੈ-ਸਨਮਾਨ ਗੁਆਉਣ ਨਾਲ ਬੰਦਾ ਆਪਣਾ ਆਪਾ ਮਾਰ ਲੈਂਦਾ ਹੈ। ਇਸ ਲਈ ਮੂਲ ਬੰਦੇ ਨੂੰ ਘੜਦਾ ਹੈ, ਵਿਸਥਾਰਦਾ ਹੈ ਅਤੇ ਜਿਉਣ ਦੀ ਤਾਂਘ ਬਣਾਈ ਰੱਖਦਾ ਹੈ।

ਭੁਪਿੰਦਰ ਸਿੰਘ ਸੱਗੂ ਦੀ ਕਾਵਿ ਪੁਸਤਕ 'ਤੇਰੀ ਇਬਾਦਤ' ਦੀ ਇਹ ਇੱਕ ਬਹੁਤ ਮਹੱਤਵਪੂਰਨ ਪ੍ਰਾਪਤੀ ਹੈ ਕਿ ਸ਼ਾਇਦ ਪਹਿਲੀ ਵਾਰ ਪਰਵਾਸੀ ਪੰਜਾਬੀ ਕਵਿਤਾ ਵਿਚ ਇੰਗਲੈਂਡ ਦੀ 'ਥੇਮਜ਼' ਨਦੀ ਦਾ ਬਿੰਬ ਪ੍ਰਸਤੁਤ ਹੋਇਆ ਹੈ। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਇਸ ਬਿੰਬ ਦੀ ਵਰਤੋਂ ਪਰਵਾਸੀ ਪੰਜਾਬੀ ਕਵਿਤਾ ਵਿਚ ਸਕਾਰਾਤਮਕ ਅਰਥਾਂ ਵਿਚ ਹੋਈ ਹੈ ਜਿਸ ਦੀ ਕਾਵਿ-ਉਸਾਰੀ ਇਸ ਤਰ੍ਹਾਂ ਦੀ ਹੈ :

ਪਿੰਡ ਮਿਰੇ ਵਿਚ ਜੋ ਸੂਰਜ ਸੀ ਓਹੀ ਦਿਸਦੈ ਥੇਮਜ਼ ਵਿਚ
ਓਹੀ ਸੂਰਜ ਲੱਭਣ ਜਾਣਾ ਹੈ ਮੇਰੀਆਂ ਕਵਿਤਾਵਾਂ ਨੇ

ਉਪਰੋਕਤ ਕਾਵਿ-ਸਤਰ ਵਿਚ ਤਿੰਨ ਬਿੰਬ ਹਨ। ਪਹਿਲਾ ਬਿੰਬ 'ਪਿੰਡ' ਹੈ ਜੋ ਪਰਵਾਸੀ ਦੀ ਮੂਲ ਸਭਿਆਚਾਰਕ ਪਛਾਣ ਨੂੰ ਪ੍ਰਤਿਬਿੰਬਤ ਕਰ ਰਿਹਾ ਹੈ। ਦੂਜਾ ਬਿੰਬ 'ਥੇਮਜ਼' ਨਦੀ ਹੈ ਜੋ ਉਸਦੀ ਮੇਜ਼ਬਾਨ ਸਭਿਆਚਾਰਕ ਪਛਾਣ ਦੀ ਰਸਾਈ ਕਰ ਰਿਹਾ ਹੈ ਅਤੇ ਤੀਜਾ ਬਿੰਬ 'ਸੂਰਜ' ਹੈ ਜੋ ਪਰਵਾਸੀ ਦੀ ਚੇਤਨਾ ਨੂੰ ਪ੍ਰਗਟ ਕਰਦਾ ਹੈ। ਪਰਵਾਸੀ ਦੀ ਇਹ ਚੇਤਨਾ ਦੂਹਰੀ ਹੈ। ਇੱਕ ਚੇਤਨਾ ਆਪਣੇ ਮੂਲ ਨਿਵਾਸ ਦੀ ਅਤੇ ਦੂਜੀ ਮੇਜ਼ਬਾਨ ਨਿਵਾਸ ਦੀ। ਇਸ ਦੋਹਰੀ ਮਾਨਸਿਕ ਚੇਤਨਾ ਵਿਚ ਪਰਵਾਸੀ ਕਾਵਿ ਵਕਤਾ ਇੱਕ ਚੇਤੰਨ ਅਤੇ ਤ੍ਰਿਸ਼ੰਕੂ ਵਾਲੀ ਭੂਮਿਕਾ ਅਦਾ ਕਰਦਾ ਹੈ। ਕਾਵਿ-ਮਨ ਉਸ ਕਾਵਿ-ਬਿੰਬ ਵਿਚੋਂ ਬੇਗਾਨਾਪਣ ਦੀ ਭਾਵਨਾ ਮਨਫ਼ੀ ਕਰਕੇ ਆਪਣੇ ਮੂਲ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਭਾਵ ਇਹ ਬਿੰਬ ਕਾਵਿ ਵਕਤਾ ਦੀ ਪਰਵਾਸੀ ਜ਼ਮੀਨ ਅਨੁਕੂਲ ਆਪਣੀ ਹੋਂਦ ਨੂੰ ਢਾਲਣ ਦੀ ਚੇਸ਼ਟਾ ਦਾ ਪ੍ਰਤੀਬਿੰਬਤ ਰੂਪ ਹੈ। ਇਹ ਚੇਸ਼ਟਾ ਉਸਦੀ ਚੇਤਨਾ ਦੇ ਮਾਨਵੀ ਪੱਖ ਨੂੰ ਉਜਾਗਰ ਕਰਦੀ ਹੈ। ਅਸਲ ਵਿਚ ਸੱਗੂ ਦਾ ਗ਼ਜ਼ਲ ਸੰਗ੍ਰਹਿ 'ਤੇਰੀ ਇਬਾਦਤ' ਮਾਨਵ ਦੀ

ਇਬਾਦਤ ਹੈ। ਇੱਕੋ ਅੱਖ ਦੀ ਨਜ਼ਰ ਹੈ। ਨਜ਼ਰ ਵਿਚ ਕਾਣ ਨਹੀਂ ਹੈ। ਸੋਚ ਵਿਚ ਵਿੰਗਾਪਣ ਨਹੀਂ ਹੈ। ਖ਼ਿਆਲ ਰੂਹ 'ਚੋਂ ਆਉਂਦਾ ਹੈ ਅਤੇ ਸਿੱਧਾ ਪਾਠਕ ਦੀ ਰੂਹ ਤੱਕ ਜਾਂਦਾ ਹੈ। ਇਸ ਲਈ ਉਸਦੀ ਕਵਿਤਾ ਮਿੱਟੀ ਅਤੇ ਮਿੱਟੀ ਰੰਗੇ ਲੋਕਾਂ ਨਾਲ ਜੁੜੀ ਹੋਈ ਕਵਿਤਾ ਹੈ ਜਿਸ ਦੀਆਂ ਕਾਵਿ-ਕੰਨਸੋਆਂ ਇਸ ਤਰ੍ਹਾਂ ਹਨ :

ਇੱਕੋ ਮਿੱਟੀ ਵਿੱਚੋਂ ਪੈਦਾ ਹੋਏ ਹਾਂ
ਦੁਨੀਆਂ ਦੇ ਵਿਚ ਅਪਣਾ, ਕੌਣ ਪਰਾਇਆ ਹੈ

ਭੂਪਿੰਦਰ ਸਿੰਘ ਸੱਗੂ ਦੀ ਕਾਵਿਕਾਰੀ ਵਿਚ ਮਾਨਵੀ ਸਰੋਕਾਰ ਥਾਂ-ਥਾਂ ਉੱਤੇ ਬਿਖਰੇ ਪਏ ਹੋਏ ਹਨ। ਇਸ ਤਰ੍ਹਾਂ ਸ਼ਾਇਰ ਸਮਾਜਿਕ ਅਧੋਗਤੀ, ਸਿਆਸੀ ਉੱਥਲ-ਪੁੱਥਲ, ਦੰਗੇ, ਨਸਲਕੁਸ਼ੀ ਦੀ ਦੁਨੀਆ ਵਿਚ ਵੀ ਇੱਕ ਮਾਨਵੀ ਉਮੀਦ ਦਾ ਦੀਵਾ ਆਪਣੀ ਕਵਿਤਾ ਰਾਹੀਂ ਬਾਲੀ ਰੱਖਣਾ ਚਾਹੁੰਦਾ ਹੈ। ਇਸੇ ਹੀ ਸ਼ਬਦ-ਛਾਇਆ ਵਿਚ ਜਿੱਥੇ ਉਹ ਆਪਣੀ ਗ਼ਜ਼ਲ ਵਿਚ 'ਹਨੇਰੇ ਦੀ ਸਾਜ਼ਿਸ਼' ਦਾ ਵਰਣਨ ਕਰਦਾ ਹੈ ਉੱਥੇ 'ਚਾਨਣ ਦੀ ਮਹਿਮਾ' ਵੀ ਗਾਉਂਦਾ ਹੈ :

ਜੋ ਡਰਦਾ ਏਸ ਤੋਂ ਉਸ ਨੂੰ ਡਰਾਉਂਦਾ ਹੈ, ਨਾ ਡਰ ਇਸ ਤੋਂ
ਸਦਾ ਚਾਨਣ ਤੋਂ ਹੀ ਮਰਦੈ, ਹਨੇਰਾ ਸਾਜਿਸ਼ਾਂ ਰਚਦਾ

ਸੱਗੂ ਹਨੇਰੇ ਦੀ ਕਮਜ਼ੋਰ ਨਾੜ ਵੀ ਪਕੜਦਾ ਹੈ ਅਤੇ ਮਿਟਾਉਣ ਦਾ ਨੁਕਤਾ ਵੀ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਕਵਿਤਾ ਵਿਚ ਆਪਣੀ ਹੋਂਦ ਨੂੰ ਇੱਕ ਚੇਤੰਨ ਸ਼ਾਇਰ ਵਜੋਂ ਦਰਜ ਕਰਵਾਉਂਦਾ ਹੈ। ਇਹ ਚੇਤੰਨ ਸ਼ਾਇਰ ਰੋਮਾਂਟਿਕ ਅਤੇ ਅਸਮਾਨੀ ਗੱਲਾਂ ਤੱਕ ਸੀਮਤ ਨਹੀਂ ਸਗੋਂ ਉਸਦੀ ਕਲਮ ਲੋਕ ਹਿਤੈਸ਼ੀ ਸਰੋਕਾਰਾਂ ਨਾਲ ਵੀ ਜੁੜੀ ਹੋਈ ਹੈ ਜਿਸ ਦੀ ਤਰਜ਼ਮਾਨੀ ਇਹ ਸ਼ੇਅਰ ਕਰਦਾ ਹੈ :

ਖ਼ੂਨ ਪਸੀਨੇ ਨਾਲ ਚਲਾਈਆਂ, ਕਲਮਾਂ ਹੀ ਦੁੱਖ ਜਾਣਦੀਆਂ
ਉਹ ਜਾਣੇ ਕੀ ਦੁੱਖ ਅਸਾਡੇ, ਜੋ ਸ਼ਾਇਰ ਦਰਬਾਰੀ ਹੈ

ਇਸ ਤਰ੍ਹਾਂ ਭੂਪਿੰਦਰ ਸਿੰਘ ਸੱਗੂ ਮਾਨਵੀ ਇਬਾਦਤ ਦਾ ਸ਼ਾਇਰ ਹੈ। ਉਹ ਆਪਣੀ ਕਵਿਤਾ ਰਾਹੀਂ ਇਬਾਦਤ ਕਰਦਾ ਹੈ ਪਰ ਆਦਰਸ਼ਤਮਕ ਨਹੀਂ ਸਗੋਂ ਲੋਕਾਂ ਨਾਲ ਜੁੜੇ ਦਰਦ ਦੀ ਇਬਾਦਤ। ਇਹ ਇਬਾਦਤ ਕਰਨ ਲਈ ਉਸ ਕੋਲ ਆਪਣੀ ਮੌਲਿਕ ਕਾਵਿ ਜ਼ਮੀਨ ਵੀ ਹੈ ਅਤੇ ਉਸ ਵਿਚੋਂ ਵੱਖ-ਵੱਖ ਕਾਵਿਕ ਫੁੱਲ ਉਗਾਉਣ ਦਾ ਹੁਨਰ ਵੀ। ਜਿਸ ਕੋਲ ਇਹ ਦੋਵੇਂ ਹੁਨਰ ਹੁੰਦੇ ਹਨ ਉਹ ਸ਼ਾਇਰ ਅਰਸ਼ ਦਾ ਵੀ ਹੈ ਅਤੇ ਫਰਸ਼ ਵੀ ਹੈ।

●●●●●

**ਅਸਿਸਟੈਂਟ ਪ੍ਰੋਫ਼ੈਸਰ**
**ਮੈਤਰੀ ਕਾਲਜ**
**ਦਿੱਲੀ ਯੂਨੀਵਰਸਿਟੀ, ਦਿੱਲੀ**

# ਭੂਪਿੰਦਰ ਸੱਗੂ ਦੀ ਕਾਵਿ-ਚੇਤਨਾ ਦਾ ਸਫ਼ਰ

**ਡਾ. ਪ੍ਰੀਤਮ ਸਿੰਘ ਕੈਂਬੋ, ਲੰਡਨ**

ਭੂਪਿੰਦਰ ਸਿੰਘ ਸੱਗੂ ਬਰਤਾਨਵੀ ਪੰਜਾਬੀ ਕਵਿਤਾ ਦਾ ਜਾਣਿਆ ਪਛਾਣਿਆ ਹਸਤਾਖ਼ਰ ਹੈ। ਉਸ ਨੇ ਕਵਿਤਾ ਦੇ ਨਾਲ ਨਾਲ ਸੰਪਾਦਨਾ ਦਾ ਕਾਰਜ ਵੀ ਕੀਤਾ ਹੈ। ਉਸ ਨੇ ਬਰਤਾਨੀਆ ਦੇ ਪ੍ਰਸਿੱਧ ਲੇਖਕ ਸਵਰਗਵਾਸੀ ਨਿਰੰਜਨ ਸਿੰਘ ਨੂਰ ਬਾਰੇ ਸਿਮਰਤੀ ਗ੍ਰੰਥ ਦੀ ਸਿਰਜਣਾ ਕਰ ਕੇ ਇਕ ਮਹੱਤਵਪੂਰਣ ਕਾਰਜ ਕਰ ਵਿਖਾਇਆ ਹੈ। ਯਾਦ ਰਹੇ ਨਿਰੰਜਨ ਸਿੰਘ ਨੂਰ ਦੀ ਕਾਵਿ–ਆਤਮਾ ਵਿਸ਼ਾਲ ਹਿਰਦੇ ਵਾਲੀ ਸੀ ਅਤੇ ਉਸ ਦੀ ਰਚਨਾ ਬਰਤਾਨਵੀ ਮੁੱਦਿਆਂ ਤੋਂ ਪਾਰ ਜਾ ਕੇ ਅੰਤਰ–ਰਾਸ਼ਟਰੀ ਸਮੱਸਿਆਵਾਂ ਦੀ ਸਮਝ ਰੱਖਦੀ ਤੇ ਆਪਣੀ ਵਿਚਾਰਧਾਰਾ ਅਨੁਸਾਰ ਨਿਰੀਖਣ ਕਰਦੀ ਸੀ।

ਸੱਗੂ ਹੋਰਾਂ ਨੇ ਹੁਣ ਤਕ ਬੇਅੰਤ ਕਾਵਿ–ਸੰਗ੍ਰਹਿ ਪੇਸ਼ ਕੀਤੇ ਹਨ। ਉਸ ਦੀ ਦੇਣ ਨੂੰ ਮੁੱਖ ਰੱਖਦਿਆਂ ਪੰਜਾਬੀ ਕਲਾ ਮੰਚ ਲੰਡਨ ਨੇ ਉਸ ਨੂੰ ਸਨਮਾਨਿਤ ਵੀ ਕੀਤਾ ਸੀ। ਸੱਗੂ ਹੋਰੀਂ ਨਿਰੰਜਨ ਸਿੰਘ ਨੂਰ ਹੋਰਾਂ ਦੇ ਪੈਰ–ਚਿੰਨ੍ਹਾਂ ਉੱਤੇ ਹੀ ਚੱਲ ਰਹੇ ਹਨ। ਉਹ ਨਿਰੰਤਰਤਾ ਨਾਲ ਲਿਖ ਰਹੇ ਹਨ। ਉਨ੍ਹਾਂ ਦੀਆਂ ਰਚਨਾਵਾਂ ਪ੍ਰਗਤੀਵਾਦੀ ਰੁਖ਼ ਵਾਲੀਆਂ ਅਤੇ ਮਾਨਵਵਾਦੀ ਭਾਵਨਾ ਵਾਲੀਆਂ ਹਨ। ਸੱਗੂ ਹੋਰਾਂ ਦੀ ਕਲਮ ਜਿਥੇ ਬਰਤਾਨਵੀ ਮੁੱਲਾਂ ਦਾ ਚਿਤਰਨ ਕਰਦੀ ਹੈ, ਉਥੇ ਉਸ ਦੀ ਕਲਮ ਆਪਣੇ ਮੂਲ ਦੇਸ਼ ਭਾਰਤ ਦੀਆਂ ਸਮੱਸਿਆਵਾਂ ਬਾਰੇ ਵੀ ਚੇਤੰਨ ਹੈ। ਉਹ ਬਰਤਾਨੀਆ ਦੀਆਂ ਹੱਦਾਂ ਪਾਰ ਕਰਦਾ ਹੋਇਆ ਦੂਜੇ ਮੁਲਕਾਂ ਦੀ ਸੈਰ ਤੇ ਉਸ ਦੇ ਬਾਰੇ ਅਧਿਐਨ ਕਰ ਕੇ ਲਿਖਦਾ ਵੀ ਹੈ। ਉਸ ਦੀ ਕਵਿਤਾ ਵਿਚ ਨਵੇਂ ਵਿਸ਼ੇ ਵੀ ਪਨਪ ਰਹੇ ਹਨ।

ਸੱਗੂ ਦਾ ਵਿਚਾਰ ਹੈ ਕਿ ਅੱਜ ਦਾ ਮਨੁੱਖ ਪਦਾਰਥਕਤਾ ਵਿਚ ਫਸ ਕੇ ਸਮਾਜਿਕ ਮੁੱਲਾਂ ਨੂੰ ਤਿਲਾਂਜਲੀ ਦੇ ਰਿਹਾ ਹੈ। ਉਹ ਨੈਤਿਕਤਾ ਦਾ ਪੱਲਾ ਛੱਡਦਾ ਜਾ ਰਿਹਾ ਹੈ। ਉਹ ਪੱਛਮੀ ਕਲਚਰ ਦੀਆਂ ਨਿਰਾਰਥਕ ਗੱਲਾਂ ਵਿਚ ਉਲਝ ਕੇ ਪਲਚ ਗਿਆ ਹੈ। ਮਾਨਵੀ ਰਿਸ਼ਤੇ ਇਕ ਜੰਗਲ ਦੀ ਤਰ੍ਹਾਂ ਹੋ ਗਏ ਹਨ। ਮਾਨਵ ਜੰਗਲ ਵਿਚ ਗੁਆਚ ਗਿਆ ਹੈ। ਸੱਗੂ ਦੇਸ਼ ਬਦੇਸ਼ ਵਿਚ ਹੋ ਰਹੇ ਜ਼ੁਲਮ ਤੇ ਮਨੁੱਖ

ਬਾਰੇ ਭੋਗੇ ਜਾ ਰਹੇ ਕਸ਼ਟਾਂ ਬਾਰੇ ਖੁੱਲ੍ਹ ਕੇ ਆਵਾਜ਼ ਉਠਾਉਂਦਾ ਹੈ। ਉਸ ਦੀ ਕਲਮ ਕਿਸੇ ਸੀਮਾ ਵਿਚ ਨਹੀਂ ਬੱਝਦੀ। ਉਸ ਦੀ ਕਲਮ ਵਿਚ ਹਰ ਮਨੁੱਖ ਦਾ ਦਰਦ ਬੋਲਦਾ ਹੈ। ਸ਼ੋਸ਼ਣ ਕਿਤੇ ਵੀ ਹੋਵੇ, ਕਿਸੇ ਵੀ ਰੰਗ ਦਾ ਹੋਵੇ, ਉਸ ਦੀ ਕਲਮ ਕੂਕਦੀ ਹੈ, ਵੰਗਾਰਦੀ ਹੈ ਤੇ ਲੋਟੂ ਜਮਾਤ ਨੂੰ ਜ਼ੋਰਦਾਰ ਆਵਾਜ਼ ਨਾਲ ਭੰਡਦੀ ਹੈ। ਉਹ ਲਿਖਦਾ ਹੈ :

ਜਿਹੜੀ ਕਲਮ ਹਾਕਮ ਦੀ ਕਰਤੂਤ ਦੇ ਉਤੇ ਪਰਦਾ ਪਾਵੇ।
ਜਿਹੜੀ ਕਲਮ ਸਮੇਂ ਦੀ ਕਾਲੀ ਨ੍ਹੇਰੀ ਅੱਗੇ ਝੁਕਦੀ ਜਾਵੇ।
ਜਿਹੜੀ ਕਲਮ ਕਮੀਨੀ ਖ਼ੂਨੀ ਨਦੀਆਂ ਦਾ ਕਾਰਣ ਬਣ ਜਾਵੇ।
ਜਿਸ ਕਲਮ ਦੀ ਜੀਭ ਵਿਚ ਲਲਕਾਰ ਨਹੀਂ ਹੈ।
ਉਸ ਕਲਮ ਦਾ ਮਾਨਵ ਨੂੰ ਸਤਿਕਾਰ ਨਹੀਂ ਹੈ।

ਭੂਪਿੰਦਰ ਸਿੰਘ ਸੱਗੂ ਨੇ ਅਣਗਿਣਤ ਕਾਵਿ ਤੇ ਗ਼ਜ਼ਲ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ, ਪਰ ਉਸ ਦੀ ਕਾਵਿ-ਸ਼ਕਤੀ ਤੇ ਕਲਾਤਮਿਕ ਅਭਿਵਿਅਕਤੀ ਪਹਿਲੀ ਰਚੀ ਪੁਸਤਕ ਵਿੱਚੋਂ ਹੀ ਭਲੀਭਾਂਤ ਦ੍ਰਿਸ਼ਟਮਾਨ ਹੋ ਜਾਂਦੀ ਹੈ। *ਰਿਸ਼ਤਿਆਂ ਦਾ ਜੰਗਲ* ਨਾਮੀ ਉਸ ਦੀ ਕਾਵਿ-ਰਚਨਾ 1989 ਵਿਚ ਛਪੀ ਸੀ। ਉਸ ਵੇਲੇ ਹੀ ਉਸ ਦੀ ਰਚਨਾ ਵਿਚ ਪਕਿਆਈ ਤੇ ਪ੍ਰੌੜ੍ਹਤਾ ਨਜ਼ਰੀਂ ਪੈਂਦੀ ਸੀ। ਇਹ ਪਕਿਆਈ ਵਿਚਾਰਧਾਰਕ ਤੌਰ 'ਤੇ ਵੀ ਹੈ ਤੇ ਕਲਾਰੂਪੀ ਪ੍ਰਗਟਾਵੇ 'ਚੋਂ ਵੀ ਝਲਕਦੀ ਹੈ। ਭੂਪਿੰਦਰ ਸਿੰਘ ਸੱਗੂ ਬਹੁ-ਪੱਖੀ ਵਿਚਾਰਧਾਰਾ ਦਾ ਮਾਲਕ ਹੈ, ਜਿਸ ਦੀ ਗਵਾਹੀ ਨਿਰੰਜਨ ਸਿੰਘ ਨੂਰ ਭਰਦਾ ਹੈ, ਜੋ ਲਿਖਦਾ ਹੈ ਕਿ ਉਸ (ਸੱਗੂ) ਦੀ ਕਵਿਤਾ ਵਿਚ ਜਜ਼ਬੇ ਦੀ ਸ਼ਿੱਦਤ ਹੈ, ਤਾਰਕਿਕ ਦਲੀਲ ਹੈ ਤੇ ਅਮਲ ਲਈ ਪ੍ਰੇਰਣਾ ਹੈ। ਉਸ ਦੀ ਪਹਿਲੀ ਕਾਵਿ-ਰਚਨਾ *ਰਿਸ਼ਤਿਆਂ ਦਾ ਜੰਗਲ* ਵਿੱਚੋਂ ਉਸ ਦਾ ਦ੍ਰਿਸ਼ਟੀਕੋਣ ਮਜ਼੍ਹਬੀ ਕੱਟੜਤਾ ਤੇ ਆਡੰਬਰ ਵਿਰੋਧੀ ਹੈ। ਉਹ ਸਮਾਜ ਵਿਚ ਪੱਸਰੇ ਨਸਲਵਾਦ ਬਾਰੇ, ਲੁੱਟ-ਖਸੁੱਟ ਬਾਰੇ ਅਤੇ ਪੁਲਸੀ ਤਸ਼ੱਦਦ ਬਾਰੇ ਖੁੱਲ੍ਹ ਕੇ ਪ੍ਰਗਟਾਵਾ ਕਰਦਾ ਹੈ। ਕਵਿਤਾ ਵਾਂਗ ਹੀ ਉਸ ਦੀ ਗ਼ਜ਼ਲ ਵਿਚ ਵੀ ਉਹੀ ਨਜ਼ਰੀਆ ਪ੍ਰਤੱਖ ਰੂਪ ਵਿਚ ਨਜ਼ਰੀਂ ਪੈਂਦਾ ਹੈ। ਨਦੀਮ ਪਰਮਾਰ ਦੇ ਕਹਿਣ ਅਨੁਸਾਰ ਗ਼ਜ਼ਲ ਵਿਚ ਬੋਲੀ ਦੀ ਸਾਦਗੀ, ਸ਼ਬਦਾਂ ਦੀ ਕੋਮਲਤਾ ਤੇ ਸ਼ੇਅਰਾਂ ਦਾ ਰਾਗਮਈ ਹੋਣਾ ਲਾਜ਼ਮੀ ਹੈ। ਨਦੀਮ ਪਰਮਾਰ ਗ਼ਜ਼ਲ ਦੇ ਪ੍ਰਮਾਣਿਕ ਗੁਣਾਂ ਦਾ ਪ੍ਰਗਟਾ ਕਰ ਕੇ ਉਹ ਸੱਗੂ ਹੋਰਾਂ ਦੇ ਚੋਣਵੇਂ ਸ਼ੇਅਰ ਪੇਸ਼ ਕਰ ਕੇ ਲਿਖਦਾ ਹੈ ਕਿ ਬਰਤਾਨਵੀ ਪੰਜਾਬੀ ਗ਼ਜ਼ਲ ਵਿਚ ਆਈ ਖੜੋਤ ਨੂੰ ਹਲੂਣਾ ਦੇ ਕੇ ਅੱਗੇ ਤੋਰਨ ਵਿਚ ਭੂਪਿੰਦਰ ਸੱਗੂ ਕਾਮਯਾਬ ਹੋਇਆ ਹੈ। ਜਿਵੇਂ ਕਿ ਉਪਰ ਜ਼ਾਹਰ ਕੀਤਾ ਹੈ ਕਿ ਸੱਗੂ ਦੀ ਪਹਿਲੀ ਰਚਨਾ ਹੀ ਵਿਚਾਰਧਾਰਾਈ ਪਕਿਆਈ ਨਾਲ ਹਾਜ਼ਰ ਹੋਈ ਹੈ। ਕੋਈ ਵੀ ਕਵੀ ਜਾਂ ਲੇਖਕ

ਹੋਵੇ, ਉਸ ਵਿਚ ਆਪਣੇ ਵਿਰਸੇ ਦਾ ਗੌਰਵ ਤੇ ਮਾਣ ਹੋਣਾ ਅਤਿ ਜ਼ਰੂਰੀ ਹੁੰਦਾ ਹੈ, ਜਿਸ ਨੂੰ ਉਹ ਆਪਣੀ ਸ਼ਖ਼ਸੀਅਤ ਵਿਚ ਸਮੋ ਲੈਂਦਾ ਹੈ। ਸੱਗੂ ਵਿਚ ਸਿੱਖੀ ਵਿਰਸੇ ਦਾ ਮਾਣ ਉਸ ਦੀ ਕਾਵਿਕਤਾ ਵਿਚ ਭਲੀ ਪ੍ਰਕਾਰ ਰੂਪਮਾਨ ਹੋਇਆ ਹੈ। ਵਿਰਸੇ ਦੀ ਸਚਾਈ ਤੇ ਦ੍ਰਿੜ੍ਹਤਾ ਬਾਰੇ ਉਸ ਦੇ ਕਾਵਿ-ਬੋਲ ਪੇਸ਼ ਹਨ :

ਜਨ ਸੇਵਕ ਦੀ ਜੀਭ ਦੇ, ਕੀਤੇ ਜਾਣ ਟੋਟੇ ਟੋਟੇ
ਜੋ ਸੱਚ ਕਹਿਣ ਤੋਂ ਨਹੀਂ ਰੁਕਦੀ, ਕੀਤਾ ਜਾਵੇ ਸਰੀਰ ਨੂੰ ਦੋ ਫਾੜਾਂ
ਚਾੜ੍ਹ ਚਰਖੜੀ ਦੀ ਫਰੜ 'ਤੇ।

ਸੱਗੂ ਆਪਣੇ ਸਮਾਜ ਵਿਚ ਵਾਪਰਦੇ ਦੁਖਾਂਤ ਬਾਰੇ ਭਲੀਭਾਂਤ ਵਾਕਫ਼ੀਅਤ ਰੱਖਦਾ ਹੈ। ਪੰਜਾਬ ਦੀ ਵੰਡ ਬਾਰੇ ਉਸ ਦਾ ਹਿਰਦਾ ਕਲਪਿਆ ਹੈ ਕਿ ਇੱਕੋ ਬੋਲੀ ਤੇ ਸਾਂਝੇ ਸਭਿਆਚਾਰ ਦਾ ਕਤਲ ਹੋਇਆ ਹੈ ਤੇ ਦੇਸ਼ ਵਿਚ ਲੀਕ ਪਾ ਕੇ ਉਸ ਨੂੰ ਦੁਫਾੜ ਕਰ ਦਿੱਤਾ ਹੈ। ਲੇਖਕ ਦਾ ਵੇਦਨਾਮਈ ਰੁਦਨ ਇਸ ਪ੍ਰਕਾਰ ਪੇਸ਼ ਹੋਇਆ ਹੈ :

ਭਟਕਣਾ ਤੇ ਤਨਹਾਈ ਅੰਦਰ, ਕਠਨ ਬੜਾ ਹੈ ਜੀਣਾ
'ਜਿਸ ਤਨ ਲੱਗੇ ਸੋ ਤਨ ਜਾਣੇ' ਕੀ ਜਾਨਣ ਲੋਕ ਵਿਚਾਰੇ।

ਭੂਪਿੰਦਰ ਸਿੰਘ ਸੱਗੂ ਦੀਆਂ ਗ਼ਜ਼ਲਾਂ ਵਿਚ ਵੀ ਉਹੀ ਵਿਚਾਰਧਾਰਾ ਨਿਹਿੱਤ ਹੁੰਦੀ ਹੈ, ਜੋ ਉਸ ਦੀਆਂ ਕਵਿਤਾਵਾਂ ਵਿਚ। ਫ਼ਰਕ ਸਿਰਫ਼ ਬੰਦਸ਼ ਦਾ ਹੈ। ਗ਼ਜ਼ਲ ਬਹਿਰ ਨੂੰ ਨਿਭਾਉਂਦਿਆਂ ਉਹੀ ਵਿਚਾਰ ਅੰਕਿਤ ਹੋਏ ਹਨ, ਪਰ ਗ਼ਜ਼ਲ ਬਹਿਰ ਵਿਚ ਇਹ ਵਿਚਾਰ ਹੋਰ ਸ਼ਕਤੀਸ਼ਾਲੀ ਪ੍ਰਤੀਤ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਰਾਗਾਤਮਿਕਤਾ ਹੋਣ ਕਰਕੇ ਡੂੰਘਾ ਅਸਰ ਕਰਦੇ ਹਨ। ਉਸ ਦੀ ਕਲਮ ਜ਼ੁਲਮੀ ਤਸ਼ੱਦਦ ਨਾਲ ਟਕਰਾਉਂਦੀ ਹੈ ਤੇ ਉਸ ਦੀ ਪ੍ਰਤਿਬੱਧਤਾ ਪੂਰਨ ਰੂਪ ਵਿਚ ਸਾਕਾਰ ਹੁੰਦੀ ਹੈ। ਅਤਿਵਾਦ ਪ੍ਰਤੀ ਜ਼ੁਲਮੀ ਤਸ਼ੱਦਦ ਅਤੇ ਸੰਘਰਸ਼ ਦੀ ਪ੍ਰਤਿਬੱਧਤਾ ਸ਼ੇਅਰਾਂ ਵਿੱਚੋਂ ਦੇਖੀ ਜਾ ਸਕਦੀ ਹੈ :

ਮੇਰੀ ਕਲਮ ਦੀ ਸ਼ਕਤੀ ਜ਼ੁਲਮਾਂ ਸੰਗ ਟਕਰਾਉ
ਖਾ ਕੇ ਡੂੰਘੇ ਜ਼ਖ਼ਮ ਵੀ ਦਿੰਦੇ ਰਹਿਣਾ ਪਹਿਰਾ।
ਰੱਬ ਦੇ ਘਰ ਢਾਹੁਣ ਲਈ ਕਿਉਂ ਏਨਾ ਜਾਬਰ ਹੋ ਗਿਆ
ਯੁੱਗ ਹੈ ਵਿਗਿਆਨ ਦਾ ਬੰਦਾ ਵੀ ਕਾਫ਼ਰ ਹੋ ਗਿਆ।
ਕੀ ਹੋਇਆ ਜੇ ਰਾਹ ਮੱਲੇ ਸਾਡੇ ਅੱਜ ਸਮਸ਼ੀਰਾਂ
ਸਾਡਾ ਪੱਕਾ ਜੇਰਾ ਹੈ ਅਸੀਂ ਲੰਘਣਾ ਘੱਤ ਵਹੀਰਾਂ।

ਸੰਘਰਸ਼ਸ਼ੀਲਤਾ ਤੋਂ ਇਲਾਵਾ ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰ ਬਿਰਹਾ ਦਾ ਵਰਣਨ ਵੀ ਕਰਦੇ ਹਨ। ਪਿਆਰ ਦੇ ਵਸਲ ਦਾ ਸੁੱਖਮਈ ਅਹਿਸਾਸ ਤੇ ਵਿਛੋੜੇ

ਦੀ ਪੀੜ ਨੂੰ ਵੀ ਅੰਕਿਤ ਕਰਦੇ ਹਨ। ਇਸੇ ਹੀ ਤਰ੍ਹਾਂ ਜਿਥੇ ਝੂਠੇ ਰਿਸ਼ਤਿਆਂ ਪ੍ਰਤੀ ਲੇਖਕ ਦਾ ਪ੍ਰਗਟਾਵਾ ਵੇਦਨਾਮਈ ਹੈ, ਉਥੇ ਪਿਆਰ ਦੀ ਖ਼ੂਬਸੂਰਤ ਪਾਕੀਜ਼ਗੀ ਦਾ ਅਤੇ ਪ੍ਰਕਿਰਤੀ ਦੀ ਸੁੰਦਰਤਾ ਦੇ ਸੁੰਦਰ ਅਹਿਸਾਸਾਂ ਦਾ ਪ੍ਰਗਟਾਵਾ ਵੀ ਮਨ ਨੂੰ ਮੋਹਣ ਵਾਲਾ ਹੈ। ਗੱਲ ਕੀ ਸੱਗੂ ਜੀਵਨ ਦੇ ਅਨੇਕਾਂ ਪੱਖਾਂ ਦਾ ਅਹਿਸਾਸ ਇਨ੍ਹਾਂ ਗ਼ਜ਼ਲਾਂ ਵਿਚ ਸਫਲਤਾ ਸਹਿਤ ਪੇਸ਼ ਕਰਦਾ ਹੈ।

ਸੱਗੂ ਦੀ ਅਗਲੀ ਰਚਨਾ ਸੱਚ ਤੇ ਸੂਲੀ ਪਹਿਲੇ ਅੰਕਿਤ ਕੀਤੇ ਅਕੀਦਿਆਂ ਨੂੰ ਨਾਲ ਲੈ ਕੇ ਚੱਲਦੀ ਹੈ ਤੇ ਨਾਲੋਂ-ਨਾਲ ਸਾਮਿਅਕ ਪਰਿਸਥਿਤੀਆਂ ਤੇ ਸਮਾਜ ਦੀ ਬਦਲਦੀ ਤਸਵੀਰ ਦੀ ਵੀ ਅੱਕਾਸੀ ਕਰਦੀ ਹੈ। ਜ਼ੁਲਮੋ-ਸਿਤਮ ਦਾ ਬਿਆਨ ਨਿਰੰਤਰ ਇਸ ਕਾਵਿ-ਸੰਗ੍ਰਹਿ ਵਿਚ ਵੀ ਵਹਿ ਰਿਹਾ ਹੈ। ਮਜ਼੍ਹਬੀ ਕੱਟੜਤਾ ਨੂੰ ਇਸ ਸੰਗ੍ਰਹਿ ਵਿਚ ਹੋਰ ਵੀ ਦ੍ਰਿੜ੍ਹਤਾ ਸਹਿਤ ਨੰਗਾ ਕੀਤਾ ਗਿਆ ਹੈ। ਮਜ਼੍ਹਬ ਦੀ ਕੱਟੜਤਾ ਨੈਤਿਕ ਵਿਰੋਧੀ ਪੈਂਤੜਾ ਸਿਰਜਦੀ ਹੈ। ਜਿਥੇ ਮਜ਼੍ਹਬ ਦਾ ਸੰਦੇਸ਼ ਸਮਾਜ ਨੂੰ ਏਕਤਾ ਵਿਚ ਪਰੋਣ ਦਾ ਹੁੰਦਾ ਹੈ, ਉਥੇ ਧਰਮ ਦੇ ਠੇਕੇਦਾਰ ਆਪਣਾ ਸਵਾਰਥੀ ਧੰਦਾ ਹੀ ਕਰਦੇ ਹਨ। ਇਸ ਸੰਦਰਭ ਵਿਚ ਲੇਖਕ ਦੀਆਂ ਕਾਵਿ-ਸਤਰਾਂ ਧਰਮ ਵਿਰੋਧੀ ਪੈਂਤੜੇ ਦੇ ਵਿਰੁੱਧ ਦ੍ਰਿੜ੍ਹਤਾ ਪੂਰਵਕ ਸੰਕਲਪ ਸਿਰਜਦੀਆਂ ਪੇਸ਼ ਹਨ :

ਮੈਂ ਕੋਈ ਕੱਚਾ ਘੜਾ ਨਹੀਂ ਹਾਂ, ਜੋ ਵਿਚਕਾਰੇ ਖ਼ੁਰ ਜਾਵਾਂਗਾ।
ਜ਼ੁਲਮ ਜਬਰ ਦੀਆਂ ਲਹਿਰਾਂ ਅੰਦਰ, ਜੋ ਚੁੱਪ ਕੀਤਾ ਰੁੜ੍ਹ ਜਾਵਾਂਗਾ।
ਤੇਰੇ ਲਈ ਸੰਘਰਸ਼ ਕਰਾਂਗਾ, ਆਖ਼ਰ ਦਾ ਸੰਗਰਾਮ ਲੜਾਂਗਾ।
ਪੀੜ ਪਰੁੱਤੇ ਜ਼ਖ਼ਮਾਂ ਉੱਤੇ, ਮੈਂ ਸਾਹਾਂ ਦੇ ਫੇਹੇ ਧਰਾਂਗਾ।
ਜਿੰਦ ਹਥੇਲੀ 'ਤੇ ਰੱਖ ਆਪਣੀ, ਤੇਰੀ ਖ਼ਾਤਰ ਜੂਝ ਮਰਾਂਗਾ।

ਕਵੀ ਦਾ ਵਹਾਅ ਕਿੰਨਾ ਲਾਜਵਾਬ ਹੈ। ਬਹਿਰ ਦੀ ਬੰਦਿਸ਼ ਇੰਨੀ ਮਿਹਨਤ ਨਾਲ ਸਿਰਜੀ ਗਈ ਹੈ ਕਿ ਪਾਠਕ ਪੜ੍ਹਦਾ ਪੜ੍ਹਦਾ ਇਕ ਲੈਅ ਵਿਚ, ਸੁਰ ਵਿਚ ਤਾਰੀਆਂ ਲਾਉਂਦਾ ਹੈ। ਸਹਿਜ ਵਿਚ ਭਿੱਜਾ ਹੋਇਆ ਉਹ ਕਾਵਿ ਵਿਚਲੀ ਚੇਤਨਾ ਨੂੰ ਵੀ ਭਲੀਭਾਂਤ ਸਾਕਾਰ ਕਰਦਾ ਹੈ। ਇਥੇ ਵਿਚਾਰਾਂ ਤੇ ਭਾਵਾਂ ਦਾ ਸੁੰਦਰ ਸੁਮੇਲ ਹੋਇਆ ਹੈ। ਇਸ ਸੰਗ੍ਰਹਿ ਵਿਚ ਪਰਵਾਸੀ ਬਣਿਆਂ ਦੀ ਤਰਾਸਦਿਕ ਤਸਵੀਰ ਵੀ ਉਸ ਨੇ ਖ਼ੂਬਸੂਰਤੀ ਨਾਲ ਉਲੀਕੀ ਹੈ। ਉਪਰੋਂ ਦਿਸਣ ਵਾਲੇ ਸੁੱਚੇ ਆਦਰਸ਼ਾਂ ਦੇ ਮਾਲਕ ਕਾਲਿਆਂ ਧੰਦਿਆਂ ਰਾਹੀਂ ਮਾਨਵਤਾ ਦਾ ਨਾਸ਼ ਕਰਦੇ ਹਨ :

ਮੌਤ ਮਣਸਦੇ ਮਾਨਵਤਾ ਨੂੰ, ਇਸ ਨਗਰੀ ਦੇ ਕਾਫ਼ਰ ਬੰਦੇ
ਚਿੱਟੇ ਸੁੱਚ ਆਦਰਸ਼ਾਂ ਵਾਲੇ, ਵੇਖੇ ਕਰਦੇ ਕਾਲੇ ਧੰਦੇ।

ਇਸ ਸੰਗ੍ਰਹਿ ਵਿਚ ਲੇਖਕ ਪੰਜਾਬ ਵਿਚ ਹੋਈ ਦੁਰਦਸ਼ਾ ਦਾ ਜ਼ਿਕਰ ਕਰਦਾ ਹੈ। ਉਸ ਨੇ ਬੇਇਨਸਾਫ਼ੀ ਨੂੰ ਨਿਧੜਕਤਾ ਨਾਲ ਬਿਆਨ ਕੀਤਾ ਹੈ। ਵਹਿਸ਼ੀ ਤੇ

ਜਨੂੰਨੀ ਅੱਗ ਨੇ ਮਜ਼ਲੂਮਾਂ ਦਾ ਖ਼ੂਨ ਵਹਾਇਆ ਅਤੇ ਸਮਾਜ ਦੇ ਰਹਿਬਰਾਂ ਨੂੰ ਵੀ ਵੰਡ ਦਿੱਤਾ ਹੈ। ਜ਼ੁਲਮ ਦੀ ਵਗੀ ਹੋਈ ਹਨੇਰੀ ਦਾ ਪੀੜੋ ਪੀੜ ਹੋਇਆ ਬਿਆਨ ਪੇਸ਼ ਕੀਤਾ ਗਿਆ ਹੈ। ਪਰੰਤੂ ਲੇਖਕ ਦੀ ਸੰਘਰਸ਼ਸ਼ੀਲ ਆਤਮਾ ਵਿਚ ਪੰਜਾਬ ਦੀ ਅਜ਼ਮਤ ਲਈ ਡੱਟ ਕੇ ਖਲੋਣ ਲਈ ਸਿਦਕਦਿਲੀ ਤੇ ਵਚਨਬੱਧਤਾ ਦ੍ਰਿੜ੍ਹਤਾ ਸਹਿਤ ਪੇਸ਼ ਹੋਈ ਹੈ। *ਸੱਚ ਤੇ ਸੂਲੀ* ਉਸ ਦੀ ਕਵਿਤਾ ਹੱਥਲੇ ਕਾਵਿ-ਸੰਗ੍ਰਹਿ ਦਾ ਆਧਾਰ ਬਣਦੀ ਹੈ। ਸਮੁੱਚੇ ਕਾਵਿ-ਸੰਗ੍ਰਹਿ ਦੀ ਆਤਮਾ ਇਸ ਕਵਿਤਾ ਵਿਚ ਨਿਹਿਤ ਹੋਈ ਹੈ :

> ਸੋਈ ਮਿੱਤਰ ਮਾਨਵਤਾ ਦਾ, ਜੋ ਹੱਸ ਸੂਲੀ ਚੁੰਮਦਾ ਹੈ।
> ਕਾਇਰ ਸਮੇਂ ਦਾ ਸੱਚ ਦੀ ਬਾਣੀ, ਬੋਲਣ ਤੋਂ ਡਰ ਜਾਂਦਾ ਹੈ।

ਨਿਰਸੰਦੇਹ ਉਪਰੋਕਤ ਸ਼ਬਦਾਂ ਵਿਚ ਲੇਖਕ ਦੀ ਆਤਮਾ ਬੋਲ ਰਹੀ ਹੈ।

ਅਗਲੇ ਕਾਵਿ-ਸੰਗ੍ਰਹਿਆਂ ਵਿਚ ਉਸ ਦੀ ਕਾਵਿ-ਦ੍ਰਿਸ਼ਟੀ ਵਿਲੱਖਣ ਤੇ ਨਵੇਂ ਵਿਸ਼ਿਆਂ ਦੀ ਪੇਸ਼ਕਾਰੀ ਕਰਦੀ ਹੈ। ਉਹ ਪੁਰਾਤਨ ਕਵਿਤਾ ਤੇ ਅੱਜ ਦੀ ਨਵੀਨ ਕਵਿਤਾ ਪ੍ਰਤੀ ਸੰਵੇਦਨਸ਼ੀਲਤਾ ਨਾਲ ਇਸ ਦਾ ਅੰਤਰ ਭਾਲਦਾ ਹੈ। ਨਵੀਨ ਕਵਿਤਾ ਵਿਗਿਆਨਕ ਧਰਾਤਲ 'ਤੇ ਉਸਰਦੀ ਹੈ। ਇਸ ਲਈ ਇਸ ਕਵਿਤਾ ਵਿਚ ਤਰਕ ਦੀ ਪ੍ਰਧਾਨਤਾ ਹੈ। ਪਰੰਪਰਾਵਾਦੀ ਕਵਿਤਾ ਭਾਵੁਕਤਾ ਦੇ ਵਹਿਣ ਕਰਕੇ ਤਰਕ ਵਿਹੂਣੀ ਸੀ। ਉਸ ਵਿਚ ਸ਼ਰਧਾ ਤੇ ਵਿਸ਼ਵਾਸ ਦੀ ਮਾਤਰਾ ਜ਼ਿਆਦਾ ਸੀ। ਨਵੀਨ ਕਵਿਤਾ ਬਾਰੇ ਉਹ ਆਪਣੇ ਵਿਚਾਰ ਇੰਜ ਸਿਰਜਦਾ ਹੈ :

> ਅੱਜ ਦੀ ਕਵਿਤਾ ਸੱਚੀ, ਕੋਰੀ, ਸਦਾ ਤਰਕ ਦੇ ਬਾਣ ਚਲਾਵੇ।
> ਸਿਰ 'ਤੇ ਕੱਫਣ ਬੰਨ੍ਹ ਕੇ ਤੁਰਦੀ, ਭਲੇ ਸਿਰਾਂ ਦੀ ਖ਼ੈਰ ਮਨਾਵੇ।

ਉਪਰੋਕਤ ਕਾਵਿ ਕਥਨ ਨਵੀਨ ਕਵਿਤਾ ਬਾਰੇ ਵਿਚਾਰਧਾਰਕ ਧਰਾਤਲ 'ਤੇ ਪੇਸ਼ ਤਰਕਸ਼ੀਲਤਾ ਵਾਲੇ ਹਨ। ਉਸ ਦੀ ਕਵਿਤਾ ਸੰਪਰਦਾਇਕਤਾ ਦਾ ਖੰਡਨ ਕਰਦੀ ਤੇ ਨਵੀਨ ਚੇਤਨਾ ਦਾ ਪਾਸਾਰ ਕਰਦੀ ਹੈ। ਉਸ ਨੇ ਪਹਿਲੇ ਕਾਵਿ-ਸੰਗ੍ਰਹਿਆਂ ਵਿਚ ਵੀ ਨਸਲਵਾਦ ਵਿਰੋਧੀ ਕਵਿਤਾ ਰਚੀ ਹੈ। ਪਰੰਤੂ ਹੱਥਲੇ ਸੰਗ੍ਰਹਿ ਵਿਚ ਉਹ ਨਸਲਵਾਦੀ ਡੰਗ ਦਾ ਸ਼ਿਕਾਰ ਹੋਏ ਲੋਕਾਂ ਪ੍ਰਤੀ ਏਕਤਾ ਦੀ ਚੇਤਨਾ ਜਗਾਉਂਦੀ ਹੈ। ਸੱਗੂ ਜਿਥੇ ਪ੍ਰਗਤੀਵਾਦੀ ਹੈ, ਉਥੇ ਉਸ ਦੀ ਕਵਿਤਾ ਮਨੁੱਖਤਾਵਾਦੀ ਸੁਰ ਵਾਲੀ ਵੀ ਹੈ। ਭਾਵੇਂ ਪ੍ਰਗਤੀਵਾਦੀ ਵਿਚਾਰਧਾਰਾ ਵਾਲੀ ਕਵਿਤਾ ਮਾਨਵ-ਹਿਤ ਦਾ ਸੁਨੇਹਾ ਦਿੰਦੀ ਹੈ, ਪਰੰਤੂ ਉਸ ਦੀ ਆਪਣੀ ਸੀਮਾ ਹੈ। ਸੱਗੂ ਸੀਮਾ ਤੋਂ ਪਾਰ ਜਾ ਕੇ ਆਪਣੇ ਵਿਚਾਰਾਂ ਨੂੰ ਸੀਮਾ ਵਿਚ ਨਹੀਂ ਬੰਨ੍ਹਦਾ। ਉਹ ਬਰਬਰਤਾ, ਮਨੁੱਖਤਾ ਦੀ ਅਜੋਕੀ ਤਸਵੀਰ ਉਲੀਕ ਕੇ ਜੰਗਲ ਰਾਜ ਵਿਚ

ਪੱਸਰੇ ਜਨੂੰਨ ਤੇ ਘੁਟਣ ਦਾ ਜ਼ਿਕਰ ਕਰਦਾ ਹੈ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦਾ ਹੈ।

ਹੱਥਲੇ ਸੰਗ੍ਰਹਿ (*ਸਿਮਟੇ ਹੋਏ ਪਲ*) ਦੀ ਹੋਰ ਵਿਸ਼ੇਸ਼ਤਾ ਇਹ ਵੀ ਹੈ ਕਿ ਉਸ ਨੇ ਸਾਮਿਅਕ ਪਰਿਸਥਿਤੀਆਂ ਦੇ ਜ਼ਿਕਰ ਦੇ ਨਾਲ ਨਾਲ ਬਦੇਸ਼ਾਂ ਵਿਚ ਘੱਟ ਰਹੀਆਂ ਘਟਨਾਵਾਂ ਪ੍ਰਤੀ ਵੀ ਚਿੰਤਾ ਪ੍ਰਗਟ ਕੀਤੀ ਹੈ। ਕੁਰਸੀ ਨਾਮੀ ਕਵਿਤਾ ਵਿਚ ਤਾਕਤ ਦੇ ਸ਼ਾਹ-ਸਵਾਰ ਲੋਕਾਂ ਬਾਰੇ ਉਹ ਜ਼ਿਕਰ ਕਰਦਾ ਹੈ ਕਿ ਉਹ ਆਪਣੇ ਨਸ਼ੇ ਵਿਚ ਧੁੱਤ ਹੋ ਕੇ ਆਪਣੀ ਮਕਸਦ ਪੂਰਤੀ ਲਈ ਇਨਸਾਫ਼ ਨੂੰ ਛਿੱਕੇ 'ਤੇ ਟੰਗ ਦਿੰਦੇ ਹਨ। ਉਹ ਸਿਰਫ਼ ਸਥਾਨਕ ਜ਼ੁਲਮੀ ਸ਼ੋਸ਼ਣ ਦਾ ਜ਼ਿਕਰ ਹੀ ਨਹੀਂ ਕਰਦਾ, ਸਗੋਂ ਸੰਸਾਰ ਵਿਚ ਵਾਪਰਦੀਆਂ ਘਟਨਾਵਾਂ ਪ੍ਰਤੀ ਵੀ ਸੁਚੇਤ ਰਹਿੰਦਾ ਹੈ। ਜੰਗਬਾਜ਼ ਤੇ ਸਾਮਰਾਜੀ ਮੁਲਕਾਂ ਦਾ ਫ਼ਲਸਤੀਨ ਉੱਤੇ ਜਬਰ ਦਾ ਜ਼ਿਕਰ ਕਰਦਾ ਹੋਇਆ ਉਹ ਫ਼ਲਸਤੀਨੀ ਲੋਕਾਂ ਪ੍ਰਤੀ ਸਹਾਨੁਭੂਤੀ ਦਾ ਪ੍ਰਗਟਾਵਾ ਕਰਦਾ ਹੈ :

ਫ਼ਲਸਤੀਨ ਹੈ ਲੀਰਾਂ ਲੀਰਾਂ, ਲੜਦਾ ਹੈ ਸਵੈਮਾਨ ਲਈ।
ਜੰਗਬਾਜ਼ ਪਿਆ ਟਾਹਰਾਂ ਮਾਰੇ, ਜਿੱਤ ਦੇ ਬਿਗਲ ਵਜਾਣ ਲਈ।

ਉਹ ਬਾਬਰੀ ਮਜਸਿਦ ਨੂੰ ਤੋੜਨ ਵਾਲਿਆਂ ਦੀ ਵੀ ਪੁਰਜ਼ੋਰ ਨਿਖੇਧੀ ਕਰਦਾ ਹੈ। ਉਸ ਦਾ ਭਾਵ ਹੈ ਕਿ ਬਾਬਰੀ ਮਸਜਿਦ ਸਿਰਫ਼ ਇਮਾਰਤ ਨਹੀਂ, ਸਗੋਂ ਇਕ ਫ਼ਿਰਕੇ ਦੀਆਂ ਭਾਵਨਾਵਾਂ ਉਸ ਨਾਲ ਜੁੜੀਆਂ ਹੋਈਆਂ ਹਨ। ਇਤਿਹਾਸਕ ਘਟਨਾਵਾਂ ਸਮੇਂ ਦੇ ਅਨੁਕੂਲ ਵਾਪਰਦੀਆਂ ਹਨ। ਹਕੂਮਤੀ ਦੌਰ ਵਿਚ ਹੁਕਮਰਾਨ ਆਪਣਾ ਸਿੱਕਾ ਜਮਾਉਣ ਲਈ ਅਜਿਹੇ ਵਰਤਾਰੇ ਕਰਦੇ ਹਨ। ਪਰੰਤੂ ਸਾਮਿਅਕ ਸਮੇਂ ਦਾ ਵਾਪਰਿਆ ਇਤਿਹਾਸ ਕਦੇ ਵਾਪਸ ਨਹੀਂ ਆ ਸਕਦਾ। ਭਾਵਨਾ ਰੂਪੀ ਪ੍ਰਗਟਾਵੇ ਰਾਹੀਂ ਲੋਕ ਆਪਣਾ ਪੱਖ ਸਪੱਸ਼ਟ ਕਰ ਸਕਦੇ ਹਨ ਪਰ ਕਿਸੇ ਘਟਨਾ ਨੂੰ ਨਾਕਾਰ ਕੇ ਇਸ ਦਾ ਬਦਲ ਸੁਝਾਅ ਸਕਦੇ ਹਨ। ਕਵੀ ਲਿਖਦਾ ਹੈ :

ਦਿਲ ਦੀ ਮਸਜਿਦ ਤੋੜ ਕੇ ਮੰਦਰ ਉਸਾਰਨ ਵਾਲਿਉ
ਬੇਬਸੀ ਦੀ ਹਿੱਕ 'ਤੇ ਦੀਵੇ ਜਗਾਵਣ ਵਾਲਿਉ
ਆਪਣੀਆਂ ਮੋਈਆਂ ਜ਼ਮੀਰਾਂ ਨੂੰ ਜ਼ਿੰਦਾ ਕਰੋ,
ਜ਼ਿੰਦਗੀ ਵਿਚ ਦੋਸਤੀ ਵਰਗਾ ਅਮਲ ਪੈਦਾ ਕਰੋ।

ਕਵੀ ਸੱਗੂ ਨੇ ਨੈਲਸਨ ਮੰਡੇਲਾ ਦੇ ਸੰਘਰਸ਼ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ, ਜਿਸ ਨੇ ਗ਼ਰੀਬਾਂ, ਮਜ਼ਦੂਰਾਂ ਤੇ ਝੁੱਗੀਆਂ ਵਿਚਲੇ ਦਰਦ ਨੂੰ ਸਮੋ ਕੇ ਆਪਣਾ ਸੰਘਰਸ਼ ਵਿੱਢਿਆ ਸੀ। ਜ਼ੁਲਮੀ ਜਬਰਾਂ ਦੀਆਂ ਬੇੜੀਆਂ ਲੋਕ ਲਹਿਰ ਦੀ ਚਾਲ ਨੂੰ ਰੋਕ ਨਹੀਂ ਸਕਦੀਆਂ।

ਭੂਪਿੰਦਰ ਸਿੰਘ ਸੱਗੂ ਪਰਵਾਸੀ ਜੀਵਨ ਬਸਰ ਕਰਦਿਆਂ ਆਪਣੇ ਮੂਲ ਮੁਲਕ ਨੂੰ ਨਹੀਂ ਭੁੱਲਦਾ। ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਸੂਰਮਿਆਂ ਲਈ ਉਸ ਦੇ ਹਿਰਦੇ ਵਿਚ ਵਿਸ਼ੇਸ਼ ਲਟਕ ਹੈ। 'ਆਜ਼ਾਦੀ' ਨਾਮੀ ਕਵਿਤਾ ਵਿਚ ਉਹ ਦੇਸ਼ ਦੇ ਲੋਕਾਂ ਦੀਆਂ ਧੜਕਣਾਂ, ਆਸਾਂ-ਉਮੀਦਾਂ ਦਾ ਜ਼ਿਕਰ ਹਿਰਦੇਵੇਧਕ ਭਾਵਨਾ ਨਾਲ ਕਰਦਾ ਹੈ। ਉਹ ਲਿਖਦਾ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਬੂਰ ਨਹੀਂ ਪਿਆ। ਉਹ ਕਾਵਿਕ ਜ਼ੁਬਾਨ ਵਿਚ ਭਾਰਤੀਆਂ ਦੇ ਹਿਰਦੇ ਦੀ ਤਸਵੀਰ ਨੂੰ ਆਪਣੀ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ:

ਦੋਸਤੀ, ਅਮਨ ਤੇ ਆਜ਼ਾਦੀ ਦਾ ਖੇੜਾ ਮਾਨਵ ਦੇ ਸਾਹੀਂ ਮਹਿਕਣਾ ਸੀ।

ਝੁੱਗੀਆਂ, ਢਾਰਿਆਂ ਦੇ ਵਿਹੜੇ, ਸੂਹਾ ਗੁਲਾਬ ਟਹਿਕਣਾ ਸੀ।

ਹੱਥਲਾ ਕਾਵਿ-ਸੰਗ੍ਰਹਿ ਜਿਥੇ ਸੰਘਰਸ਼ਸ਼ੀਲਤਾ ਦੀ ਤਰਜਮਾਨੀ ਕਰਦਾ ਹੈ, ਉਥੇ ਜ਼ਿੰਦਗੀ ਵਿਚ ਵਿਚਰ ਰਹੇ ਹਰ ਪੱਖ ਪ੍ਰਤੀ ਉਸ ਦੀ ਪਹੁੰਚ ਮਾਨਵੀ ਧੜਕਣਾਂ ਵਾਲੀ ਹੈ। ਉਸ ਦੀ ਸੰਘਰਸ਼ ਰੂਪੀ ਕਵਿਤਾ ਵਿਚ ਜਿਥੇ ਰੋਹ ਦੀ ਸੁਲਗਦੀ ਭਾਵਨਾ ਪਾਈ ਜਾਂਦੀ ਹੈ, ਉਥੇ ਉਹ ਜ਼ਿੰਦਗੀ ਦੇ ਵਿਸ਼ਾਲ ਕੋਨਿਆਂ ਵਿਚ ਝਾਤੀ ਮਾਰ ਕੇ ਅਤੇ ਅਮਾਨਵੀ ਵਰਤਾਰਿਆਂ ਦੀ ਨਿਖੇਧੀ ਕਰ ਕੇ ਸਮੁੱਚੀ ਮਾਨਵਤਾ ਲਈ ਭਾਵਨਾ ਪੈਦਾ ਕਰਦੀ ਤੇ ਹਲੂਣਾ ਦੇ ਕੇ ਜਗਾਉਂਦੀ ਵੀ ਹੈ।

ਭਾਵੇਂ ਸੱਗੂ ਹੋਰਾਂ ਨੇ ਕਵਿਤਾ ਦੇ ਨਾਲ ਗ਼ਜ਼ਲਾਂ ਦੀ ਰਚਨਾ ਵੀ ਕੀਤੀ ਹੈ, ਪਰੰਤੂ ਉਸ ਦੀਆਂ ਦੋ ਪੁਸਤਕਾਂ *ਮਸ਼ਾਲ* ਤੇ *ਝਨਾਂ ਵਗਦੀ ਰਹੇ* ਸੰਪੂਰਨ ਗ਼ਜ਼ਲਾਂ ਹਨ। ਸੰਜਮਤਾ ਦੇ ਨਿਭਾਅ ਕਰਕੇ ਗ਼ਜ਼ਲ ਦੇ ਸ਼ੇਅਰਾਂ ਰਾਹੀਂ ਜ਼ਿੰਦਗੀ ਦੇ ਅਨੇਕਾਂ ਵਿਸ਼ਿਆਂ ਨੂੰ ਹੁਨਰੀ ਕਲਾ ਨਾਲ ਸੰਪੂਰਨ ਕੀਤਾ ਜਾਂਦਾ ਹੈ। ਗ਼ਜ਼ਲ ਦੀ ਤਕਨੀਕ ਬਹੁਤ ਬਾਰੀਕ ਹੈ। ਇਸ ਨੂੰ ਸਮਝਣ ਲਈ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਹੈ। ਹਰ ਸ਼ੇਅਰ ਵਿਚ ਵੱਖਰੇ ਵਿਸ਼ੇ ਸੰਬੰਧੀ ਵਿਚਾਰ ਨੂੰ ਪ੍ਰਗਟਾਇਆ ਜਾਂਦਾ ਹੈ। ਲੇਖ ਦਾ ਵਿਸਥਾਰ ਹੋਣ ਕਰਕੇ ਇਥੇ ਉਸ ਦੀ ਗ਼ਜ਼ਲ ਦੀ ਪੁਸਤਕ ਮਸ਼ਾਲ ਨੂੰ ਹੀ ਆਧਾਰ ਬਣਾਵਾਂਗੇ। ਸੱਗੂ ਦਾ ਗ਼ਜ਼ਲ-ਵਿਧਾ ਨਾਲ ਪਿਆਰ ਹੀ ਨਹੀਂ, ਇਹ ਯਥਾਰਥਕ ਸਮੱਸਿਆਵਾਂ ਦਾ ਮਾਧਿਅਮ ਵੀ ਹੈ। ਭਾਵੇਂ ਉਹ ਕਵਿਤਾ ਲਿਖੇ ਜਾਂ ਗ਼ਜ਼ਲ, ਉਸ ਦੀ ਵਿਚਾਰਧਾਰਾ ਪ੍ਰਬਲ ਰੂਪ ਵਿਚ ਮੌਜੂਦ ਰਹਿੰਦੀ ਹੈ :

ਇਹ ਵੰਡੇ ਮੋਹ, ਪਿਆਰ-ਮੁਹੱਬਤ,
ਸ਼ਹਿਦ ਨਿਰੀ ਹੈ ਜ਼ੁਬਾਂ ਗ਼ਜ਼ਲ ਦੀ
ਨੀਲੇ ਆਕਾਸ਼ ਹੇਠਾਂ ਬਹਿ ਕੇ ਮੈਂ ਸਿਰਜਿਆ ਹੈ,
ਕਹਿੰਦਾ ਹੈ ਇਕ ਕਹਾਣੀ, ਮੇਰੀ ਗ਼ਜ਼ਲ ਦਾ ਮਤਲਾ।

ਭੂਪਿੰਦਰ ਸਿੰਘ ਸੱਗੂ ਦਾ ਇਹ ਗੁਣ ਹੈ ਕਿ ਉਹ ਨਿਸਚਿਤ ਸੋਚ ਤੇ ਵਿਚਾਰਧਾਰਾ ਨੂੰ ਨਾਲ ਲੈ ਕੇ ਤੁਰਿਆ ਹੈ। ਉਸ ਦਾ ਮੁੱਖ ਮਕਸਦ ਮਾਨਵਤਾ ਦੀ ਉਸਾਰੀ ਕਰਨੀ ਹੈ। ਪਰੰਤੂ ਉਹ ਆਪਣੇ ਸਭਿਆਚਾਰ ਤੇ ਵਿਰਸੇ 'ਤੇ ਮਾਣ ਕਰਦਾ ਹੈ। ਆਪਣੇ ਵਿਰਸੇ ਦੀਆਂ ਖ਼ੂਬੀਆਂ ਨੂੰ ਨਾਲ ਲੈ ਕੇ ਵਿਸ਼ਵ ਸਭਿਆਚਾਰ 'ਚ ਪੇਸ਼ ਕਰਨਾ ਚਾਹੁੰਦਾ ਹੈ। ਅੰਤਲਾ ਮਕਸਦ ਵਿਸ਼ਵ ਸਭਿਆਚਾਰ ਪੈਦਾ ਕਰਨਾ ਹੁੰਦਾ ਹੈ, ਜੋ ਮਾਨਵਤਾ ਪੱਖੀ ਤੇ ਮਨੁੱਖਤਾ ਦੇ ਕਲਿਆਣ ਕਰਨ ਵਾਲਾ ਹੋਵੇ, ਇਹ ਤਦੇ ਹੀ ਹੋ ਸਕਦਾ ਹੈ ਜੇ ਉਹ ਆਪਣੇ ਵਿਰਸੇ ਦੀ ਅਮੀਰੀ ਨੂੰ ਪਛਾਣੇ ਤੇ ਪ੍ਰਗਟ ਕਰਨ ਦੇ ਸਮਰੱਥ ਹੋਵੇ। ਜੀਵਨ ਵਿਚ ਤਬਦੀਲੀ ਲਿਆਉਣਾ ਉਸ ਦਾ ਮਕਸਦ ਹੈ। ਜੀਵਨ ਬੜਾ ਵਿਸ਼ਾਲ ਹੈ। ਉਸ ਨੂੰ ਸੁੰਦਰ ਬਣਾਉਣਾ ਉਸ ਦਾ ਲਕਸ਼ ਹੈ। ਪਰੰਤੂ ਸਵਾਰਥੀ ਲੋਕਾਂ ਦਾ ਕਿਰਦਾਰ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਕਰਨਾ ਹੁੰਦਾ ਹੈ। ਧਰਮ ਦੇ ਠੇਕੇਦਾਰ, ਅਗਿਆਨਤਾ ਫੈਲਾਉਣ ਵਾਲੇ, ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣ ਕਰਕੇ ਮਨੁੱਖਤਾ ਦੇ ਅਕਸ ਨੂੰ ਢਾਅ ਲਾਉਂਦੇ ਹਨ। ਇਸੇ ਤਰ੍ਹਾਂ ਹੁਕਮਰਾਨ ਲੋਕ ਜ਼ੁਲਮੀ ਵਰਤਾਰੇ ਨਾਲ ਮਨੁੱਖਤਾ ਦਾ ਨਾਸ਼ ਕਰਦੇ ਤੇ ਨਿਰਦੋਸ਼ਿਆਂ 'ਤੇ ਜਬਰ ਕਰਦੇ ਹਨ। ਇਸ ਕਾਰਣ ਮਾਨਵ ਵਿਰੋਧੀਆਂ ਦੇ ਖ਼ਿਲਾਫ਼ ਖੜਨਾ ਕਲਾਕਾਰ ਦਾ ਫ਼ਰਜ਼ ਹੈ ਤੇ ਨਾਕਾਰਾਤਮਿਕ ਸੋਚ ਨੂੰ ਨਕਾਰਨਾ ਜ਼ਰੂਰੀ ਹੈ। ਸਾਕਾਰਾਤਮਿਕ ਸੋਚ ਨੂੰ ਅਪਨਾਉਣਾ ਤੇ ਪ੍ਰਸਾਰਨਾ ਲੇਖਕ ਦਾ ਸੁੱਚਾ ਫ਼ਰਜ਼ ਹੈ। ਸਾਰਥਕ ਸੋਚ ਨੂੰ ਅਪਨਾਉਣ ਵਿਚ ਲੇਖਕ ਦਾ ਆਸ਼ਾਵਾਦੀ ਸੰਕਲਪ ਅਤਿ ਅਨਿਵਾਰੀ ਹੈ। ਆਸ਼ਾਵਾਦੀ ਸੰਕਲਪ ਦੇ ਹੁੰਦਿਆਂ ਲੇਖਕ ਨਾਕਾਰਾਤਮਿਕ ਸਥਿਤੀਆਂ ਨੂੰ ਨਿਪਟਣ ਲਈ ਸੰਘਰਸ਼ਸ਼ੀਲਤਾ ਦਾ ਰਸਤਾ ਅਪਨਾਉਂਦਾ ਹੈ ਤੇ ਜੀਵਨ ਵਿਚਲੇ ਮਸਲਿਆਂ ਪ੍ਰਤੀ ਸੰਘਰਸ਼ਸ਼ੀਲਤਾ ਧਾਰਨ ਕਰਦਿਆਂ ਕਰਮਸ਼ੀਲ ਹੋਣਾ ਵੀ ਜ਼ਰੂਰੀ ਹੈ। ਸੱਗੂ ਆਸ਼ਾਵਾਦੀ ਸੋਚ ਨੂੰ ਅਪਨਾਉਂਦਿਆਂ ਕਰਮ-ਖੇਤਰ ਵਿਚ ਆਸ਼ਾਵਾਦੀ ਸੰਕਲਪ ਦੀ ਪੂਰਤੀ ਹਿਤ ਜੀਵਨ ਵਿਚਲੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਲਈ ਕਰਮ-ਖੇਤਰ ਵਿਚ ਜੂਝਣ ਲਈ ਪ੍ਰੇਰਦਾ ਹੈ। ਸੱਗੂ ਦਾ ਹੇਠਲਾ ਸ਼ੇਅਰ ਉਪਰੋਕਤ ਸੰਕਲਪ ਦੀ ਸਹੀ ਦਿਸ਼ਾ ਨਿਰਧਾਰਤ ਕਰਦਾ ਹੈ :

ਕਰਮ ਖੇਤਰ ਵਿਚ ਸੂਲਾਂ ਵੀ ਉੱਗੀਆਂ
ਬੜਾ ਆਸਵੰਦ ਹਾਂ, ਨਾ ਲਾਚਾਰ ਹਾਂ ਮੈਂ

ਜੀਵਨ ਵਿਚ ਸੰਘਰਸ਼ਸ਼ੀਲਤਾ ਹੁੰਦਿਆਂ ਵਿਰੋਧੀ ਸ਼ਕਤੀਆਂ ਨਾਲ ਨਿਪਟਣਾ ਹੁੰਦਾ ਹੈ। ਉਸ ਦੇ ਸ਼ੇਅਰਾਂ ਵਿਚਲੀ ਸੰਘਰਸ਼ਸ਼ੀਲਤਾ ਬੇਅੰਤ ਸ਼ੇਅਰਾਂ ਵਿਚ ਵਿਦਮਾਨ ਹੈ ਤੇ ਉਹ ਆਪਣੀ ਮਕਸਦ-ਪੂਰਤੀ ਹਿਤ ਇਤਿਹਾਸ ਦਾ ਆਸਰਾ ਵੀ ਲੈਂਦਾ ਹੈ :

1. ਮੰਜ਼ਲਿ ਵੱਲ ਕਰ ਕੇ ਪਿੱਠ ਆਪਣੀ ਬਹਿ ਜਾਣਾ ਹੁੰਦਾ ਠੀਕ ਨਹੀਂ
ਹੱਕਾਂ ਦੀ ਖ਼ਾਤਰ ਮਰ ਮਿਟ ਜਾ ਤਿਰੀ ਹਿੰਮਤ ਬਣੇ ਮਿਸਾਲ ਸੱਗੂ
2. ਉਹ ਕਦੀ ਹਰਦਾ ਨਹੀਂ ਜੋ ਹੌਂਸਲਾ ਨਹੀਂ ਹਾਰਦਾ,
ਵੇਖ ਪੋਰਸ ਦੀ ਅਣਖ ਨੂੰ ਇਕ ਸਿਕੰਦਰ ਦੀ ਤਰ੍ਹਾਂ।

ਸੱਗੂ ਸਮਾਜਿਕ ਤਸਵੀਰ ਨੂੰ ਭਲੀ-ਭਾਂਤ ਸਮਝਦਾ ਹੈ ਕਿ ਸਮਾਜ ਦੇ ਠੇਕੇਦਾਰ ਤੇ ਧਰਮ ਪ੍ਰਚਾਰ ਕਰਨ ਵਾਲੇ ਆਪਣੇ ਸਵਾਰਥੀ ਹਿਤਾਂ ਨੂੰ ਪਹਿਲ ਦਿੰਦੇ ਹਨ ਤੇ ਭਰਾਵਾਂ ਦੇ ਵਿਚ ਨਫ਼ਰਤ ਦੀ ਦੀਵਾਰ ਖੜੀ ਕਰ ਦਿੰਦੇ ਹਨ। ਉਪਰੋਂ ਤਾਂ ਇਹ ਲੋਕ ਭਾਈ-ਭਾਈ ਦਾ ਪ੍ਰਚਾਰ ਕਰਦੇ ਹਨ ਪਰ ਇਨ੍ਹਾਂ ਦਾ ਅੰਦਰਲਾ ਹਿਰਦਾ ਕੁਚੀਲ ਭਾਵਨਾ ਨਾਲ ਭਰਿਆ ਹੁੰਦਾ ਹੈ। ਪਰ ਲੇਖਕ ਹਾਂ-ਪੱਖੀ ਸੋਚ ਦੇ ਹੁੰਦਿਆਂ ਇਨ੍ਹਾਂ ਦੇ ਕੀਤੇ ਜਾ ਰਹੇ ਕਾਰਨਾਮਿਆਂ ਪ੍ਰਤੀ ਸੁਚੇਤ ਰਹਿੰਦਾ ਹੈ। ਦੇਖੋ ਲੇਖਕ ਦੇ ਵਿਚਾਰ :

ਹਮਸੀਰਾਂ ਦੇ ਦਿਲ ਵਿਚ ਨਫ਼ਰਤ ਘੋਲ ਰਹੇ,
ਆਖਣ ਜੋ ਹਿੰਦੂ ਸਿੱਖ ਭਾਈ ਭਾਈ ਹੈ।
ਨਾਮ ਉਹ ਜਪਦੇ ਨੇ ਹਰ ਰੋਜ਼,
ਰਾਤ ਨੂੰ ਕਰਦੇ ਜੀਵਾਂ ਘਾਤ।

ਆਸ਼ਾਵਾਦੀ ਰਹਿਣ ਲਈ ਇੱਛਾ ਸ਼ਕਤੀ ਦਾ ਬਲਵਾਨ ਹੋਣਾ ਬੜਾ ਜ਼ਰੂਰੀ ਹੈ ਕਿਉਂਕਿ ਜੇ ਤੁਹਾਡੇ ਵਿਚ ਸੰਕਲਪ ਪ੍ਰਤੀ ਦ੍ਰਿੜ੍ਹਤਾ ਨਹੀਂ ਹੈ, ਮਨ ਦੀ ਪਕਿਆਈ ਨਹੀਂ, ਜ਼ਮੀਰ ਦੀ ਸੱਚਾਈ ਨਹੀਂ ਤਾਂ ਤੁਹਾਡੇ ਵਿਚਾਰ ਪੁਖ਼ਤਾ ਨਹੀਂ ਹੋ ਸਕਦੇ। ਕਿਸੇ ਵੀ ਮਸਲੇ ਦੀ ਸਮਝ ਤੇ ਇਸ ਪ੍ਰਤੀ ਮਜ਼ਬੂਤ ਇਰਾਦਾ ਬੜਾ ਅਹਿਮ ਪਹਿਲੂ ਹੈ। ਸਮੱਸਿਆ ਪ੍ਰਤੀ ਗਿਆਨ ਦੇ ਚਾਨਣ ਦਾ ਹੋਣਾ ਜ਼ਰੂਰੀ ਹੈ ਅਤੇ ਪ੍ਰਤਿਬੱਧਤਾ ਦੀ ਪਾਲਣਾ ਕਰਨੀ ਲੇਖਕ ਦੀ ਇੱਛਾ ਸ਼ਕਤੀ ਨੂੰ ਬਲਵਾਨ ਬਣਾਉਂਦੀ ਹੈ। ਸੱਗੂ ਦਾ ਹੇਠਲਾ ਸ਼ੇਅਰ ਉਪਰੋਕਤ ਕਥਨ ਦੀ ਪ੍ਰੋੜ੍ਹਤਾ ਲਈ ਹਾਜ਼ਰ ਹੈ :

ਦਿਲ 'ਚ ਇੱਛਾ ਜੇ ਬਦਨ ਵਿਚ ਤਾਣ ਹੈ ਤਾਂ ਫਿਰ ਤੁਸੀਂ
ਧਰਤ ਤੇ ਆਕਾਸ਼ ਵਿਚ ਫਿਰ ਫ਼ਾਸਲਾ ਨਾ ਪਾਓਗੇ।

ਸੱਗੂ ਨੇ ਪ੍ਰਚਾਰਕਾਂ ਤੇ ਭੇਖੀ ਲੋਕਾਂ ਪ੍ਰਤੀ ਬੇਅੰਤ ਸ਼ੇਅਰ ਕਹੇ ਹਨ। ਦਰਅਸਲ ਸੱਗੂ ਹੋਰਾਂ ਦੀ ਸੰਪੂਰਨ ਕਵਿਤਾ ਦਾ ਆਧਾਰ ਹੀ ਹਾਂ-ਪੱਖੀ ਵਰਤਾਰੇ ਤੇ ਨਾਂਹ-ਪੱਖੀ ਵਰਤਾਰੇ ਦੀ ਟੱਕਰ ਹੈ, ਜਿਸ ਰਾਹੀਂ ਉਹ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਅਸਲੀਅਤ ਵਿਚ ਇਹ ਦੋ ਆਪਾ-ਵਿਰੋਧੀ ਸ਼ਕਤੀਆਂ ਨੂੰ ਦਰਸਾਉਣਾ ਤੇ ਮਨੁੱਖੀ ਪਹੁੰਚ ਵਾਲੀਆਂ ਸ਼ਕਤੀਆਂ ਨੂੰ ਪੇਸ਼ ਕਰ ਕੇ ਪਾਠਕਾਂ ਨੂੰ ਖਲੋਣ ਲਈ ਤਿਆਰ ਕਰਨਾ ਹੀ ਲੇਖਕ ਦਾ ਫ਼ਰਜ਼ ਹੈ। ਹੇਠਲੇ ਸ਼ੇਅਰ ਉਪਰੋਕਤ ਕਥਨ ਦੀ ਤਰਜਮਾਨੀ ਕਰਦੇ ਹਨ :

ਮੀਟ ਕੇ ਅੱਖਾਂ ਚਿੱਟਾ ਬਗਲਾ ਅਮਲਾਂ ਦਾ ਪਰਚਾਰ ਕਰੇ
ਆਪ ਹਨੇਰੇ ਵਿਚ ਰਹਿੰਦਾ ਉਸ ਦਾ ਕੋਈ ਇਤਬਾਰ ਨਹੀਂ
ਟੱਲੀਆਂ, ਸੰਖ, ਅਜ਼ਾਨ ਵਜਾ ਕੇ ਸੁੱਤੇ ਰਹਿਣ ਪੁਜਾਰੀ
ਨਿੱਤ ਚੜ੍ਹਾਵਾ ਨਿਗਲ ਨਿਗਲ ਕੇ ਮੱਤ ਇਨ੍ਹਾਂ ਦੀ ਮਾਰੀ।

ਕਵਿਤਾ ਵਾਂਗ ਲੇਖਕ ਨੇ ਗ਼ਜ਼ਲ ਵਿਚ ਵੀ ਪਿਆਰ ਦੀ ਪ੍ਰਬਲ ਭਾਵਨਾ ਪ੍ਰਗਟਾਈ ਹੈ। ਪਿਆਰ ਇਕ ਸਦੀਵੀ ਖਿਚ ਹੈ 'ਨਿਹੁੰ ਨਾ ਲੱਗਦੇ ਜ਼ੋਰੀਂ'। ਇਹ ਜੀਵਨ ਵਿਚ ਸਹਿਜ ਸੁਭਾਅ ਹਿਰਦੇ ਅੰਦਰ ਵੱਸ ਜਾਂਦਾ ਹੈ ਤੇ ਦੋਨਾਂ ਧਿਰਾਂ ਵਿਚ ਖਿੱਚ ਦੀ ਤੀਬਰਤਾ ਵੱਧ ਜਾਂਦੀ ਹੈ। ਪਿਆਰੇ ਦਾ ਹੁਸਨ ਤੇ ਇਸ਼ਕ ਦੀ ਖਿੱਚ ਆਪਣਾ ਰੰਗ ਜਮਾਉਂਦੀ ਹੈ। ਪਿਆਰ ਕਰਨ ਵਾਲੇ ਵਿਚ ਪਿਆਰ ਦੀ ਸਵੱਛ ਭਾਵਨਾ ਦਿਲ 'ਚ ਧੱਸ ਜਾਂਦੀ ਹੈ। ਉਸ ਦੀ ਆਤਮਾ ਪਵਿੱਤਰਤਾ ਵਿਚ ਰੰਗੀ ਜਾਂਦੀ ਹੈ। ਹੁਸਨ ਦੀ ਖਿੱਚ ਹੀ ਅਜਿਹੀ ਹੈ ਅਤੇ ਉਸ ਦੀ ਸੁਗੰਧੀ ਐਸੀ ਹੈ, ਜਿਸ ਨੂੰ ਬਿਆਨਣਾ ਅਤਿ ਮੁਸ਼ਕਲ ਹੈ। ਪ੍ਰੇਮਿਕਾ ਵੀ ਉਹੀ ਭਾਵਨਾ ਰੱਖਦੀ ਹੈ। ਲੇਖਕ ਸੱਜਣ ਦੇ ਆਉਣ ਦੀ ਖ਼ੁਸ਼ੀ ਦਾ ਬਿਆਨ ਕਿਵੇਂ ਕਰਦਾ ਹੈ, ਉਸ ਦਾ ਹਿਰਦਾ ਕਿੰਨੇ ਚਾਵਾਂ ਨਾਲ ਅਤੇ ਕਿੰਨੇ ਜਜ਼ਬਾਤਾਂ ਨਾਲ ਭਰ ਜਾਂਦਾ ਹੈ, ਇਹ ਬਿਆਨ ਤੋਂ ਬਾਹਰ ਹੈ। ਪ੍ਰੇਮੀ ਦੀਵਿਆਂ ਦੀ ਰੌਸ਼ਨੀ ਨੂੰ ਆਪਣੀ ਰੱਤ ਬਾਲ ਕੇ ਉਸ ਦਾ ਰਾਹ ਰੁਸ਼ਨਾਉਂਦਾ ਹੈ। ਇਥੇ ਪਿਆਰ ਦੀ ਡੂੰਘਾਈ ਵਿਚ ਖੁੱਭੇ ਹੋਏ ਪਿਆਰ ਦੀ ਪ੍ਰਬਲਤਾ ਪੇਸ਼ ਹੋਈ ਹੈ :

ਮੁੱਦਤ ਪਿੱਛੋਂ ਸਾਡੇ ਘਰ ਵਿਚ ਸੱਜਣਾਂ ਨੇ ਆਉਣਾ।
ਆਪਣੀ ਰੁੱਤ ਦੇ ਬਾਲ ਕੇ ਦੀਵੇ ਮੈਂ ਰਾਹਾਂ ਰੁਸ਼ਨਾਵਾਂ।

ਆਸ਼ਕ ਆਪਣੇ ਪਿਆਰੇ ਦੇ ਹੁਸਨ ਦਾ ਇੰਨਾ ਕਾਇਲ ਹੁੰਦਾ ਹੈ ਕਿ ਉਸ ਦੇ ਹੁਸਨ ਨੂੰ ਸਭ ਕੁਝ ਹੀ ਸਮਝਦਾ ਹੈ। ਹੁਸਨ ਉਸ ਦੇ ਦਿਲ ਵਿਚ ਉਤਰਦਾ ਹੈ। ਆਸ਼ਕ ਲਈ ਹੁਸਨ ਹੀ ਕਾਫ਼ੀ ਹੈ। ਉਸ ਨੂੰ ਉਸ ਦੇ ਹੁਸਨ ਦਾ ਨਕਾਬ ਹੀ ਕਾਫ਼ੀ ਹੈ। ਫਿਰ ਉਸ ਪ੍ਰਤੀ ਹੋਰ ਸਮਝਣ ਸਮਝਾਉਣ ਦੀ ਕੀ ਲੋੜ ਹੈ। ਉਸ ਦੇ ਹਿਰਦੇ ਦੀ ਭਾਸ਼ਾ ਹੀ ਸਭ ਕੁਝ ਬਿਆਨ ਕਰਦੀ ਹੈ। ਹੇਠਲਾ ਖ਼ੂਬਸੂਰਤ ਸ਼ੇਅਰ ਹੈ :

ਸਬਕ ਪਿਆਰ ਦਾ ਪੜ੍ਹਨ ਦੀ ਖ਼ਾਤਰ
ਤੇਰੇ ਦਿਲ ਦੀ ਕਿਤਾਬ ਕਾਫ਼ੀ ਹੈ।

ਇਥੇ ਹੀ ਬੱਸ ਨਹੀਂ, ਉਸ ਦੇ ਹਿਰਦੇ ਵਿਚਲਾ ਪਿਆਰ ਸਰੀਰਕਤਾ ਤਕ ਹੀ ਸੀਮਤ ਨਹੀਂ, ਸਗੋਂ ਇਹ ਵਿਸ਼ਾਲਤਾ ਵਾਲਾ ਹੈ। ਮਨੁੱਖੀ ਭਾਵਨਾ ਵਾਲਾ ਹੈ। ਸਭ ਨਾਲ ਹੀ ਪਿਆਰ ਦੀ ਭਾਵਨਾ ਉਸ ਦੇ ਹਿਰਦੇ ਵਿਚ ਸਮਾਈ ਹੋਈ ਹੈ। ਹੇਠਲਾ ਸ਼ੇਅਰ ਦੇਖੋ :

ਪਿਆਰ ਕਰ ਸਭ ਨੂੰ ਹੀ ਬੇਸ਼ੁਮਾਰ ਮੇਰੇ ਦੋਸਤਾ,
ਨਾ ਕਰ ਛੋਟਾ ਆਪਣਾ ਆਕਾਰ ਮੇਰੇ ਦੋਸਤਾ।

ਪਰ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਤੁਹਾਡਾ ਪਿਆਰ ਤੇ ਆਪਣੇ ਪਿਆਰੇ ਲਈ ਸ਼ੁਭ ਇੱਛਿਆਵਾਂ ਕੰਮ ਨਹੀਂ ਕਰਦੀਆਂ ਤੇ ਨਿਸਫਲ ਰਹਿ ਜਾਂਦੀਆਂ ਹਨ ਤੇ ਉਥੇ ਪ੍ਰੇਮੀ ਦਾ ਹਿਰਖ ਬੋਲਦਾ ਹੈ :

ਕੀਤੀਆਂ ਸਨ ਮੈਂ ਦੁਆਵਾਂ ਜਿਸ ਲਈ
ਉਹ ਮੇਰੇ ਜੀਵਨ ਵਿਚ ਗ਼ਮ ਭਰਦਾ ਰਿਹਾ।

ਪਿਆਰ ਬਹੁਤ ਵਿਸ਼ਾਲ ਦਿਸਹੱਦੇ ਵਾਲਾ ਹੈ। ਇਸ ਨੂੰ ਕੁਝ ਸ਼ੇਅਰਾਂ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਪਰ ਸੱਗੂ ਨੇ ਕਾਫ਼ੀ ਸ਼ੇਅਰ ਕਹੇ ਹਨ। ਇਹ ਅੰਦਰਲਾ ਉਹ ਰਸ ਹੈ, ਜਿਸ ਦੀ ਕੋਈ ਸੀਮਾ ਨਹੀਂ। ਜਿਨ੍ਹਾਂ ਲੇਖਕਾਂ ਨੇ ਆਪਣੀ ਲੇਖਣੀ ਨੂੰ ਸਾਹਿਤ ਦੇ ਅਰਪਿਤ ਕਰ ਦਿੱਤਾ ਹੈ, ਉਨ੍ਹਾਂ ਨੂੰ ਅੱਜ ਜਾਂ ਕੱਲ੍ਹ ਗੌਲਿਆ ਹੀ ਜਾਵੇਗਾ।

ਸੱਗੂ ਨੇ ਆਪਣੀ ਜ਼ਿੰਦਗੀ ਸਾਹਿਤ ਨੂੰ ਸਮਰਪਿਤ ਕੀਤੀ ਹੋਈ ਹੈ। ਅੱਗੇ ਸਵਰਗਵਾਸੀ ਨਿਰੰਜਨ ਸਿੰਘ ਨੂਰ ਹੋਰਾਂ ਦੀ ਉਸ ਉਪਰ ਹੋਈ ਅਪਾਰ ਕ੍ਰਿਪਾ ਦਾ ਵੀ ਬੜਾ ਵੱਡਾ ਹੱਥ ਹੈ।

ਜ਼ਿੰਦਗੀ ਬੜੀ ਵਿਸ਼ਾਲ ਹੈ। ਇਨਸਾਨ ਦਾ ਆਪਣਾ ਵਿਅਕਤੀਗਤ ਜੀਵਨ ਵੀ ਹੈ। ਵਿਅਕਤੀਗਤ ਜੀਵਨ ਦੀਆਂ ਵੀ ਕਈ ਪਰਤਾਂ ਹਨ। ਸਮੂਹਕ ਜ਼ਿੰਦਗੀ ਦੀਆਂ ਕਈ ਧਾਰਾਵਾਂ ਵੀ ਹਨ : ਸਭਿਆਚਾਰਕ ਜ਼ਿੰਦਗੀ, ਸਮਾਜਿਕ ਜ਼ਿੰਦਗੀ, ਰਾਜਨੀਤਕ ਜ਼ਿੰਦਗੀ ਇਤਿਆਦਿ। ਫਿਰ ਹਰ ਇਕ ਧਾਰਾ ਦੇ ਬੇਅੰਤ ਪੱਖ ਹਨ। ਜ਼ਿੰਦਗੀ ਖ਼ੁਸ਼ੀ ਤੇ ਗ਼ਮੀ ਦਾ ਸੁਮੇਲ ਹੈ। ਅੱਜ-ਕੱਲ੍ਹ ਦੀ ਜ਼ਿੰਦਗੀ ਵਿਚ ਅਨੇਕਾਂ ਸਮੱਸਿਆਵਾਂ ਹਨ, ਜਿਹੜੀਆਂ ਜ਼ਿੰਦਗੀ ਵਿਚ ਬੇਰੁਖ਼ੀ ਪੈਦਾ ਕਰਦੀਆਂ ਹਨ। ਜਿਸ ਨਾਲ ਨਿਰਾਸ਼ਾਵਾਦ ਦਾ ਪਸਾਰਾ ਪੱਸਰਦਾ ਹੈ। ਸਮੁੱਚੀ ਜ਼ਿੰਦਗੀ ਦੀ ਫ਼ਿਜ਼ਾ ਹੀ ਨਿਰਾਸ਼ਾਵਾਦੀ ਹੋ ਜਾਂਦੀ ਹੈ। ਸੱਗੂ ਦਾ ਸ਼ੇਅਰ ਹੈ :

ਨਾ ਇਹ ਖ਼ੁਸ਼ੀਆਂ ਵਾਂਗ ਹੈ ਤੇ ਨਾ ਹੈ ਮੇਲੇ ਦੀ ਤਰ੍ਹਾਂ
ਜ਼ਿੰਦਗੀ ਹੈ ਬਣ ਗਈ ਹੁਣ ਇਕ ਝਮੇਲੇ ਦੀ ਤਰ੍ਹਾਂ।

ਸੱਗੂ ਜ਼ਿੰਦਗੀ ਨੂੰ ਪਿਆਰ ਕਰਨ ਵਾਲਾ ਲੇਖਕ ਹੈ ਤੇ ਜ਼ਿੰਦਗੀ ਨੂੰ ਪਿਆਰ ਕਰਨ ਵਾਲਿਆਂ ਪ੍ਰਤੀ ਸਦਭਾਵਨਾ ਰੱਖਦਾ ਹੈ। ਦੇਖੋ ਹੇਠਲਾ ਸ਼ੇਅਰ :

ਕਰਨ ਮੁਹੱਬਤ ਜਿਹੜੇ ਵੀ ਜ਼ਿੰਦਗਾਨੀ ਨੂੰ
ਉਹੀ ਸੀਨੇ ਲਾਉਂਦੇ ਹਰ ਕੁਰਬਾਨੀ ਨੂੰ।

ਅਜੋਕੀ ਜ਼ਿੰਦਗੀ ਟੁੱਟ-ਭੱਜ ਵਾਲੀ ਹੈ। ਜ਼ਿੰਦਗੀ ਵਿਚ ਪ੍ਰੇਮ ਪਿਆਰ ਨਹੀਂ।

ਇਕਸੁਰਤਾ ਨਹੀਂ, ਆਪੋ-ਧਾਪੀ ਪਈ ਹੋਈ ਹੈ। ਜ਼ਿੰਦਗੀ ਬੇਸੁਰੀ ਹੋ ਗਈ ਹੈ। ਬੇਤਰਤੀਬੀ ਵੱਧ ਗਈ ਹੈ। ਅਜੋਕਾ ਜ਼ਿੰਦਗੀ ਦਾ ਫ਼ਲਸਫ਼ਾ ਹੀ ਇਸ ਤਰ੍ਹਾਂ ਦਾ ਬਣਦਾ ਜਾ ਰਿਹਾ ਹੈ ਕਿ ਸਭ ਕੁਝ ਭੁੱਲ-ਭੁਲਾ ਕੇ ਲੋਕ ਸਵਾਰਥੀ ਰੁਚੀਆਂ ਦੇ ਧਾਰਨੀ ਹੋ ਗਏ ਹਨ ਤੇ ਤਾਲੋਂ ਬੇਤਾਲੇ ਹੋ ਗਏ ਹਨ। ਸੱਗੂ ਲਿਖਦਾ ਹੈ :

> ਜੀ ਰਹੇ ਹਾਂ ਯਾਰ ਸੱਗੂ ਟੁੱਟੀ ਵੀਨਾ ਵਾਂਗ ਹੀ,
> ਜ਼ਿੰਦਗੀ ਆਪਣੀ 'ਚ ਹੁਣ ਨਾ ਸੁਰ ਹੀ ਹੈ, ਨਾ ਤਾਲ ਹੈ।

ਸੱਗੂ ਦਾ ਹਿਰਦਾ ਪੀੜੋ-ਪੀੜ ਹੋਇਆ ਲਿਖਦਾ ਹੈ :

> ਹੋ ਨਾ ਜਾਏ ਦੋਸਤੋ ਇਸ ਰੂਹ ਦਾ ਸ਼ੀਸ਼ਾ ਕੀਚਰਾਂ
> ਪੱਥਰਾਂ ਦੇ ਸ਼ਹਿਰ ਤੋਂ ਹੁਣ ਦੂਰ ਜਾਈਏ ਦੋਸਤੋ

ਸਰਮਾਏਦਾਰੀ ਦਾ ਸ਼ੋਸ਼ਣ ਮਨੁੱਖ ਮਾਰੂ ਹੈ ਤੇ ਆਮ ਲੋਕਾਂ ਦੇ ਪੱਲੇ ਨਿਰਾਸ਼ਤਾ ਹੀ ਪੈਂਦੀ ਹੈ। ਸਰਮਾਏਦਾਰ ਆਪ ਐਸ਼ੋ-ਇਸ਼ਰਤ ਦੀ ਜ਼ਿੰਦਗੀ ਬਤੀਤ ਕਰਦੇ ਹਨ। ਇਸ ਦੇ ਇਲਾਵਾ ਨਿਰਦੋਸ਼ਿਆਂ ਦੇ ਅੰਨ੍ਹੇਵਾਹ ਕਤਲ ਕੀਤੇ ਜਾਂਦੇ ਹਨ, ਜੋ ਅਣਮਨੁੱਖੀ ਕਰਮ ਹਨ। ਪਰ ਸਵਾਰਥੀ ਲੋਕਾਂ ਦਾ ਧਰਮ ਹੀ ਅਜਿਹੇ ਕਰਮ ਕਰਨ ਦਾ ਹੈ। ਉਨ੍ਹਾਂ ਨੇ ਹਰ ਹੀਲੇ ਮਨੁੱਖਤਾ ਦਾ ਘਾਣ ਕਰਨਾ ਹੀ ਹੈ। ਹਾਕਮ ਵੀ ਕਰਦੇ ਹਨ, ਸਰਮਾਏਦਾਰ ਵੀ ਕਰਦੇ ਹਨ ਅਤੇ ਘਿਨਾਉਣੇ ਅਨਸਰ ਵੀ ਕਰਦੇ ਹਨ। ਲੇਖਕ ਦਾ ਹਿਰਦਾ ਛਲਨੀ ਛਲਨੀ ਹੁੰਦਾ ਹੈ। ਦੁਖੀ ਹਿਰਦੇ 'ਚੋਂ ਰੁਦਨ ਭਰਪੂਰ ਆਵਾਜ਼ ਉੱਠਦੀ ਹੈ :

> ਜੇਸ ਥਾਂ ਕਤਲ ਕੀਤੇ ਬੇਦੋਸ਼ੇ ਅੱਜ ਦੇ ਜਾਬਰਾਂ,
> ਓਸ ਜ਼ਮੀਨ 'ਚੋਂ ਲਹੂ ਦੀ ਮਹਿਕ ਕਦੇ ਜਾਣੀ ਨਹੀਂ।

ਦਹਿਸ਼ਤ-ਪਸੰਦੀ ਨੇ ਵੀ ਲੋਕਾਂ ਦਾ ਘਾਣ ਕੀਤਾ ਹੈ। ਲੋਕ ਬੇਕਸੂਰ ਮਾਰੇ ਜਾਂਦੇ ਹਨ, ਜਿਸ ਦਾ ਪ੍ਰਭਾਵ ਸਮਾਜ 'ਤੇ ਬਹੁਪੱਖੀ ਪੈਂਦਾ ਹੈ। ਲੇਖਕ ਇਨ੍ਹਾਂ ਪ੍ਰਭਾਵਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸਦਾ ਹੈ। ਖ਼ੂਨੀ ਰਿਸ਼ਤਿਆਂ ਪ੍ਰਤੀ ਵੀ ਸੱਗੂ ਬੇਹੱਦ ਦੁਖੀ ਤੇ ਗ਼ਮ ਨਾਲ ਚਿੰਤਤ ਹੁੰਦਾ ਹੈ। ਲੋਕ ਸਵਾਰਥੀ ਰੁਚੀਆਂ ਦੇ ਧਾਰਨੀ, ਮਾਇਆ ਪ੍ਰਸਤੀ, ਲੋਭ ਲਾਲਚੀ ਤੇ ਮਨ-ਲੁਭਾਊ ਚੀਜ਼ਾਂ ਦੇ ਮਤਵਾਲੇ ਹੋ ਗਏ ਹਨ, ਜਿਸ ਕਾਰਣ ਖ਼ੂਨੀ ਰਿਸ਼ਤੇ ਵੀ ਅਪਵਿੱਤਰ ਹੋ ਗਏ ਹਨ :

> ਖ਼ੂਨ ਦੇ ਰਿਸ਼ਤੇ ਦਾ ਰੰਗ ਚਿੱਟਾ ਹੋ ਚੱਲਿਆ,
> ਤਾਂ ਹੀ 'ਸੱਗੂ' ਦਾ ਮਨ ਭਰਿਆ ਹੈ।

ਪੰਜਾਬੀ ਸਭਿਆਚਾਰ ਤੇ ਭਾਸ਼ਾ ਪ੍ਰਤੀ ਸੱਗੂ ਦਾ ਦ੍ਰਿਸ਼ਟੀਕੋਣ ਹਾਂ-ਪੱਖੀ ਹੈ। ਸੱਗੂ ਲਿਖਦਾ ਹੈ :

> ਬੋਲੀ ਸਦਾ ਪੰਜਾਬੀ ਭੁੱਲੀਂ ਨਾ ਇਸ ਨੂੰ ਦਿਲ 'ਚੋਂ

ਹੋਰਾਂ ਲਈ ਵੀ ਭਾਵੇਂ ਹਿਰਦਾ ਵਿਸ਼ਾਲ ਰੱਖੀਂ।

ਉਹ ਆਪਣੀ ਭਾਸ਼ਾ ਤੇ ਸਭਿਆਚਾਰ ਪ੍ਰਤੀ ਬੇਹੱਦ ਚੇਤੰਨ ਹੈ। ਜਿਹੜਾ ਸ਼ਾਇਰ ਆਪਣੀ ਕਾਵਿ-ਰਚਨਾ ਆਪਣੇ ਵਿਰਸੇ ਪ੍ਰਤੀ ਪਿਆਰ ਤੋਂ ਹੀ ਸ਼ੁਰੂ ਕਰਦਾ ਹੈ, ਉਹ ਆਪਣੀ ਭਾਸ਼ਾ ਤੇ ਸਭਿਆਚਾਰ ਪ੍ਰਤੀ ਕਿੰਨਾ ਮੋਹ ਰੱਖਦਾ ਹੋਵੇਗਾ। ਇਹ ਉਸ ਦੀਆਂ ਰਚਨਾਵਾਂ ਦੱਸਦੀਆਂ ਹਨ। ਪੱਛਮੀ ਸਭਿਆਚਾਰ ਭਾਰੂ ਸਭਿਆਚਾਰ ਹੈ ਤੇ ਉਹ ਦੂਜੇ ਸਭਿਆਚਾਰਾਂ 'ਤੇ ਆਪਣਾ ਪ੍ਰਭਾਵ ਪਾਉਂਦਾ ਹੈ ਤਾਂ ਕਿ ਉਸ ਨੂੰ ਮੰਡੀ ਵਜੋਂ ਵਰਤ ਸਕੇ। ਇਸ ਤਰ੍ਹਾਂ ਉਹ ਆਪਣੇ ਸਭਿਆਚਾਰ ਰਾਹੀਂ ਦੂਜੇ ਸਭਿਆਚਾਰਾਂ ਨੂੰ ਨੀਵੀਂ ਥਾਂ ਰੱਖਦਾ ਹੈ। ਉਸ ਦਾ ਹੇਠਲਾ ਸ਼ੇਅਰ ਦੇਖੋ :

ਪੱਛਮੀ ਸਭਿਆਚਾਰ ਨੇ ਖੋਰਾ ਲਾਇਆ ਸਾਡੇ ਵਿਰਸੇ ਨੂੰ
ਮੰਨੋ ਜਾਂ ਨਾ ਮੰਨੋ ਇਹ ਸੱਚੇ ਬੋਲ ਦਿਖਾਈ ਦਿੰਦੇ ਨੇ।

ਇਸੇ ਲਈ ਹੀ ਸੱਗੂ ਨਸਲਵਾਦ ਨੂੰ ਭੰਡ ਰਿਹਾ ਹੈ ਤੇ ਉਸ ਦਾ ਚਿਹਰਾ ਨੰਗਾ ਕਰਦਾ ਹੈ। ਬੇਅੰਤ ਵਿਚਾਰ ਉਸ ਦੀਆਂ ਰਚਨਾਵਾਂ ਵਿੱਚੋਂ ਉਪਲਬਧ ਹੁੰਦੇ ਹਨ। ਜ਼ਿੰਦਗੀ ਵਿਚ ਬੇਅੰਤ ਵਿਸ਼ੇ ਹਨ, ਜਿਨ੍ਹਾਂ ਉਪਰ ਸੱਗੂ ਹੋਰਾਂ ਨੇ ਕਲਮ ਚਲਾਈ ਹੈ, ਪਰੰਤੂ ਸਾਰਿਆਂ ਦਾ ਜ਼ਿਕਰ ਅਨਿਵਾਰੀ ਨਹੀਂ ਹੋ ਸਕਦਾ। ਪਰ ਸਾਰੇ ਵਿਸ਼ਿਆਂ ਨੂੰ ਸਮੇਟਣਾ ਲੇਖਕ ਲਈ ਇੰਨਾ ਸਹਿਲ ਨਹੀਂ ਹੈ। ਇਸ ਲਈ ਕੁਦਰਤੀ ਹੈ, ਸੱਗੂ ਹੋਰੀਂ ਵੀ ਸਾਰਿਆਂ ਵਿਸ਼ਿਆਂ ਨੂੰ ਸਮੇਟ ਨਾ ਸਕੇ ਹੋਣ, ਪਰੰਤੂ ਜੋ ਵੀ ਉਸ ਨੇ ਸਮੇਟਿਆ ਹੈ, ਸਲਾਹੁਣ ਯੋਗ ਹੈ। ਇਸ ਲਈ ਜੋ ਵੀ ਉਸ ਦਾ ਕਾਰਜ-ਖੇਤਰ ਹੈ, ਉਸ ਪ੍ਰਤੀ ਉਸ ਦੀ ਕਲਾ ਵੱਲ ਵੀ ਝਾਤ ਮਾਰਨਾ ਆਵੱਸ਼ਕ ਹੈ।

## ਕਲਾ ਪੱਖ

ਸੱਗੂ ਹੋਰਾਂ ਨੇ ਲੰਮੀ ਬਹਿਰ ਦੀਆਂ ਗ਼ਜ਼ਲਾਂ ਵੀ ਲਿਖੀਆਂ ਹਨ ਤੇ ਛੋਟੀ ਬਹਿਰ ਦੀਆਂ ਵੀ। ਉਸ ਦੀ ਕਲਮ ਸਮਰੱਥ ਹੈ। ਉਸ ਦੀ ਛੋਟੀ ਬਹਿਰ ਦੀ ਗ਼ਜ਼ਲ ਦੇਖਣੀ ਹੋਵੇ ਤਾਂ 'ਤੇਗ਼ ਚਲਾ'(*ਮਸ਼ਾਲ*) ਦੇਖੋ। ਕਿੰਨਾ ਵਹਾਅ ਹੈ। ਪੂਰੀ ਗ਼ਜ਼ਲ ਤਾਂ ਨਹੀਂ, ਦੋ ਤਿੰਨ ਸ਼ੇਅਰ ਹੀ ਕਾਫ਼ੀ ਹਨ :

ਤੇਗ਼ ਚਲਾ
ਜ਼ੁਲਮ ਉੜਾ।
ਹੱਕ ਲਈ ਲੜ
ਨਾ ਘਬਰਾ।
ਜਾਣਾ ਦੂਰ

ਤੁਰਿਆ ਜਾ।
ਮੰਜ਼ਲਿ ਤੂੰ
ਲੈਣੀ ਪਾ।

ਹੇਠਲਾ ਸ਼ੇਅਰ ਪ੍ਰਕਿਰਤੀ ਦੀ ਸੁੰਦਰਤਾ ਬਾਰੇ ਹੈ। ਉਸ ਦੇ ਕਾਵਿ ਹਿਰਦੇ ਵਿਚ ਸੰਗੀਤਕਤਾ ਵੱਸੀ ਹੋਈ ਹੈ। ਸੁਰ ਦਾ ਉਸ ਨੂੰ ਪਤਾ ਹੈ। ਉਸ ਨੂੰ ਸਾਜ਼ਾਂ ਦੀ ਵਾਕਫ਼ੀਅਤ ਵੀ ਲੱਗਦੀ ਹੈ। ਕਿੰਨਾ ਖ਼ੂਬਸੂਰਤ ਦ੍ਰਿਸ਼ ਉਲੀਕਿਆ ਹੈ :

ਤੂੰ ਛੱਪੜਾਂ 'ਚੋਂ ਭਾਲੇਂ ਝਰਨੇ ਸੁਰ ਤੇ ਸਾਜ਼ ਸੰਗੀਤਾਂ ਦੇ
ਮੈਂ ਪਰਬਤ ਤੋਂ ਡਿੱਗਦਾ ਝਰਨਾ, ਕੁਦਰਤ ਦੇ ਇਕ ਢੰਗ ਦਾ।

ਹੇਠਲੇ ਸ਼ੇਅਰ ਵਿਚ ਉਸ ਦੀ ਵੈਰਾਗਮਈ ਆਤਮਾ ਦਾ ਪਤਾ ਲੱਗਦਾ ਹੈ। 'ਏਦਾਂ ਯਾਰੀ' ਉਸ ਦੀ ਗ਼ਜ਼ਲ ਹੈ, ਜਿਥੇ ਉਹ ਯਾਰਾਂ ਦੀ ਬੇਵਫ਼ਾਈ ਦਾ ਪਰਦਾਫ਼ਾਸ਼ ਕਰਦਾ ਹੈ, ਉਥੇ ਉਹ ਆਪਣਾ ਤੜਪਦਾ ਹਿਰਦਾ ਵੀ ਪ੍ਰਗਟ ਕਰਦਾ ਹੈ :

ਰੋ ਰੋ ਫੁੱਲ, ਕਲੀਆਂ ਦਾ ਸੀਨਾ ਪਾਟ ਗਿਆ
ਡੋਡੀਆਂ ਦਾ ਰਸ ਚੂਸ ਲਿਆ ਅੰਗਿਆਰਾਂ ਨੇ।

ਇਸੇ ਸ਼ੇਅਰ ਵਿਚ ਰੂਪਕ ਅਲੰਕਾਰ ਦੀ ਸੁੰਦਰ ਵਰਤੋਂ ਕੀਤੀ ਹੈ। 'ਕਲੀਆਂ ਦਾ ਸੀਨਾ' ਕੇਹਾ ਸੁੰਦਰ ਹੈ, ਡੋਡੀਆਂ ਦਾ ਰਸ ਵੀ, ਅੰਗਿਆਰ ਉਸ ਦੇ ਹਿਰਦੇ ਦੀ ਤੜਪ ਦਾ ਪ੍ਰਤੀਕ ਹੈ। ਵਾਹ ਕਿਆ ਕਿਹਾ ਹੈ। ਕਲਾ ਦੀਆਂ ਖ਼ੂਬੀਆਂ ਅਨੇਕਾਂ ਹਨ। ਸੰਖੇਪਤਾ ਸਹਿਤ ਜ਼ਿਕਰ ਹੀ ਕਾਫ਼ੀ ਹੈ।

ਅੰਤ ਵਿਚ ਉਸ ਦੀ ਸਮੁੱਚੀ ਕਵਿਤਾ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਭੂਪਿੰਦਰ ਸਿੰਘ ਸੱਗੂ ਦੀ ਕਵਿਤਾ ਦਾ ਮੂਲ ਧੁਰਾ ਮਾਨਵਤਾ ਹੈ। ਉਸ ਦੀ ਸਰਮਾਏਦਾਰੀ ਨਿਜ਼ਾਮ ਵਿਰੁੱਧ ਸੋਚ ਤੇ ਸਾਮਰਾਜ ਦੀ ਨਿਖੇਧੀ ਸੋਚ ਇਸ ਗੱਲ ਦੀ ਗਵਾਹੀ ਹੈ ਕਿ ਸ਼ੋਸ਼ਣਕਾਰੀ ਦੇ ਵਿਰੁੱਧ ਖਲੋਣਾ ਹੈ, ਤਾਂ ਹੀ ਸਚਿਆਰਾ ਸਮਾਜ ਸਿਰਜਿਆ ਜਾ ਸਕੇਗਾ। ਇਸੇ ਲਈ ਭ੍ਰਿਸ਼ਟਾਚਾਰੀ ਤਾਕਤਾਂ, ਸ਼ੋਸ਼ਣ ਕਰ ਰਹੀਆਂ ਤਾਕਤਾਂ ਦੇ ਵਿਰੁੱਧ ਲਿਖ ਕੇ ਉਹ ਅਸਲ ਵਿਚ ਸਭਿਅਕ ਤੇ ਸਚਿਆਰ ਸਮਾਜ ਸਿਰਜਣ ਦਾ ਇੱਛਕ ਹੈ। ਤਦੇ ਹੀ ਉਸ ਦੀ ਕਵਿਤਾ ਤੇ ਗ਼ਜ਼ਲ ਵਿਰੋਧੀ ਸ਼ਕਤੀਆਂ ਦੇ ਵਿਰੋਧ ਵਿਚ ਖੜਦੀ ਹੈ ਤੇ ਸਚਿਆਰੀ ਸ਼ਕਤੀਆਂ ਦੇ ਹੱਕ ਵਿਚ ਖਲੋਂਦੀ ਹੈ। ਇਸ ਸਭ ਕੁਝ ਦਾ ਭਾਵ ਮਾਨਵਤਾ ਦੇ ਹੱਕ ਵਿਚ ਖੜਨਾ ਹੈ, ਜੋ ਉਸ ਦਾ ਅਸਲੀ ਲਖਸ਼ ਹੈ। ਉਹ ਸਚਿਆਰਤਾ ਪੱਖੀ ਲੋਕਾਂ ਦਾ ਹਾਮੀ ਹੈ। ਸ਼ੇਅਰ ਵੇਖੋ :

ਮੰਜ਼ਲਿ ਦਾ ਜੋ ਰਸਤਾ ਦੱਸਣ ਤੇ ਮਾਨਵ ਦੀ ਪੀੜ ਹਰਨ,
ਸੁੱਤਿਆਂ ਤਾਈਂ ਆਣ ਜਗਾਉਂਦੇ ਓਹੀ ਰਹਿਬਰ ਕਾਮਿਲ ਨੇ।

•••••

# ਪਰਵਾਸੀ ਪੰਜਾਬੀ ਸ਼ਾਇਰ ਭੂਪਿੰਦਰ ਸਿੰਘ ਸੱਗੂ ਨਾਲ ਇਕ ਅਦਬੀ ਗ਼ੁਫਤਗੂ

## ਮੁਲਾਕਤੀ : ਮਨਦੀਪ ਸਿੰਘ

ਪਰਵਾਸੀ ਪੰਜਾਬੀ ਸ਼ਾਇਰ ਭੂਪਿੰਦਰ ਸਿੰਘ ਸੰਗੂ ਨਾਲ ਹੋਈ ਆਪਣੀ ਲੰਬੀ ਅਦਬੀ ਗ਼ੁਫਤਗੂ ਨਾਲ ਸੰਬੰਧਤ ਕੁੱਝ ਅੰਸ਼ ਇੱਥੇ ਪੇਸ਼ ਕਰਦਿਆਂ ਮੈਨੂੰ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਭੂਪਿੰਦਰ ਸਿੰਘ ਸੱਗੂ ਦੀ ਕਵਿਤਾ ਵਿਚਲਾ ਕਾਵਿ-ਅਵਚੇਤਨ (‘ਫੁੱਲ ਬਣੇ ਅੰਗਿਆਰ’ਤੇ ‘ਮਸ਼ਾਲ’ਦੇ ਵਿਸ਼ੇਸ਼ ਸੰਦਰਭ ’ਚ) ਉੱਪਰ ਆਪਣਾ ਖੋਜ-ਨਿਬੰਧ ਲਿਖਦਿਆਂ, ਮੈਨੂੰ ਭੂਪਿੰਦਰ ਸਿੰਘ ਸੰਗੂ ਨਾਲ ਇਹ ਗ਼ੂਫਤਗੂ ਕਰਨ ਦਾ ਮੌਕਾ ਹਾਸਿਲ ਹੋਇਆ। ਉਨ੍ਹਾਂ ਕਵਿਤਾ ਅਤੇ ਗ਼ਜ਼ਲ ਦੀ ਰਚਨਾ ਕੀਤੀ ਹੈ। ਹਰ ਇਕ ਸਾਹਿਤਕਾਰ ਦੀ ਰਚਨਾ ਵਿਚ ਉਸਦੇ ਜੀਵਨ-ਵੇਰਵੇ ਜਰੂਰ ਮੌਜੂਦ ਹੁੰਦੇ ਹਨ, ਜਿਨ੍ਹਾਂ ਤੋਂ ਉਸਦੀ ਰਚਨਾ ਪ੍ਰਭਾਵ ਕਬੂਲਦੀ ਹੈ। ਜਦੋਂ ਅਸੀਂ ਭੂਪਿੰਦਰ ਸਿੰਘ ਸੱਗੂ ਦੀ ਕਵਿਤਾ ਨੂੰ ਵਾਚਦੇ ਹਾਂ ਤਾਂ ਕੁਝ ਖੱਪੇ (Gaps) ਅਜਿਹੇ ਹਨ, ਜੋ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨਾਲ ਵਾਹ-ਵਾਸਤਾ ਰੱਖਦੇ ਹਨ। ਇਸ ਸਾਹਿਤਕ ਗੁਫ਼ਤਗੂ ਦਾ ਮੰਤਵ ਆਪਣੇ ਅਧਿਐਨ-ਕਾਰਜ ਦੌਰਾਨ ਹੋਂਦ ਵਿਚ ਆਏ ਖੱਪਿਆਂ (Gaps) ਨੂੰ ਭਰਨਾ ਹੈ। ਭੂਪਿੰਦਰ ਸਿੰਘ ਸੱਗੂ, ਜੋ ਮੌਜੂਦਾ ਸਮੇਂ ਵਿਚ ਇੰਗਲੈਂਡ ਦੇ ਵਸਨੀਕ ਹਨ, ਇਸ ਲਈ ਉਨ੍ਹਾਂ ਦੇ ਰੂ-ਬ-ਰੂ ਹੋਣ ਦਾ ਮੌਕਾ ਨਹੀਂ ਮਿਲ ਸਕਿਆ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦਾ ਭਾਰਤ ਆਉਣ ਦਾ ਕੋਈ ਪ੍ਰੋਗਰਾਮ ਵੀ ਨਹੀਂ ਸੀ ਫ਼ਲਸਰੂਪ ‘ਚਿੱਠੀ-ਪੱਤਰ’ ਅਤੇ ‘ਈ-ਮੇਲ’ ਰਾਹੀਂ ਸੰਪਰਕ ਸਥਾਪਤ ਕੀਤਾ ਗਿਆ। ਇਸ ਤੋਂ ਇਲਾਵਾ ‘ਫੇਸਬੁੱਕ (Facebook)’ ਅਤੇ‘ਮਸੰਜਰ (Messenger)’ ਦੀ ਮਦਦ ਲਈ ਹੈ। ਜਦੋਂ ਸਮਾਂ ਮਿਲਿਆ ਭੂਪਿੰਦਰ ਸਿੰਘ ਸੱਗੂ ਨਾਲ ਸਿੱਧੀ ਗੱਲਬਾਤ ਵੀ ਕੀਤੀ। ਮੈਂ ਸਮੇਂ ਸਮੇਂ ਉਨ੍ਹਾਂ ਨੂੰ ਸਵਾਲ ਭੇਜਦਾ ਰਿਹਾ ਅਤੇ ਉਹ ਆਪਣੇ ਮਖਸੂਸ ਅੰਦਾਜ਼ ਵਿਚ ਉਨ੍ਹਾਂ ਦੇ ਸਾਰਥਕ ਜਵਾਬ ਮੈਨੂੰ ਭੇਜਦੇ ਰਹੇ। ਇਸ ਕਾਰਜ ਰਾਹੀਂ ਮੈਨੂੰ ਭੂਪਿੰਦਰ ਸਿੰਘ ਸੱਗੂ ਦੀ ਕਵਿਤਾ ਅਤੇ ਉਨ੍ਹਾਂ ਦੀ ਜ਼ਿੰਦਗੀ ਨਾਲ ਸੰਬੰਧਤ ਕਈ ਲੁਪਤ ਰਹੱਸ ਉਜਾਗਰ ਹੋਏ ਹਨ ਅਤੇ ਅਸੀਂ ਉਨ੍ਹਾਂ

ਦੇ ਕਲਾਮ ਦੇ ਅਵਚੇਤਨੀ ਪੱਖਾਂ ਨੂੰ ਹੋਰ ਬਾਰੀਕੀ ਨਾਲ ਸਮਝਣ ਵਿਚ ਸਫ਼ਲ ਹੋਏ ਹਾਂ। ਉਨ੍ਹਾਂ ਵਿਚੋਂ ਕੁਝ ਕੁ ਪ੍ਰਸ਼ਨਾਂ ਨੂੰ ਉਨ੍ਹਾਂ ਦੇ ਜਵਾਬਾਂ ਸਹਿਤ, ਇੱਥੇ ਪੇਸ਼ ਕੀਤਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਹ ਪ੍ਰਸ਼ਨ ਉੱਤਰੀ, ਖੋਜ ਦੇ ਬੁਨਿਆਦੀ ਮਕਸਦ ਵਿਚ ਪੂਰੀ ਤਰ੍ਹਾਂ ਸਹਾਇਕ ਸਾਬਤ ਹੋਵੇਗੀ। ਉਨ੍ਹਾਂ ਨਾਲ ਹੋਈ ਗੁਫ਼ਤਗੂ ਦੇ ਕੁੱਝ ਸਾਰਥਕ ਅੰਸ਼ ਪ੍ਰਕਾਰ ਹੈ :

**?:- ਤੁਸੀਂ ਆਪਣੇ ਜੀਵਨ ਸਫ਼ਰ ਬਾਰੇ ਜਾਣਕਾਰੀ ਦਿਉ ?**

**ਜਵਾਬ:** ਮੇਰਾ ਜਨਮ 7 ਜੂਨ ਸੰਨ 1954 ਨੂੰ ਪਿੰਡ ਆਲੋਵਾਲ, ਨਕੋਦਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਮੈਂ ਆਪਣੀ ਪ੍ਰਾਇਮਰੀ ਵਿਦਿਆ ਪਿੰਡ ਸਿਆਣੀ-ਵਾਲ ਤੋਂ ਹਾਸਲ ਕੀਤੀ। ਸਰਕਾਰੀ ਹਾਈ ਸਕੂਲ ਸ਼ੰਕਰ (ਜਲੰਧਰ) ਤੋਂ ਮੈਟ੍ਰਿਕ ਕੀਤੀ ਅਤੇ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਤੋਂ ਬੀ.ਏ. ਭਾਗ ਦੂਜਾ ਤੱਕ ਪੜ੍ਹਾਈ ਕੀਤੀ। ਮੈਂ ਜਨਵਰੀ, 1978 ਵਿਚ ਇੰਗਲੈਂਡ ਆਇਆ, ਇੱਥੇ ਆ ਮੈਂ ਦੋ ਭਾਸ਼ੀਏ, ਕਮਿਊਨਿਟੀ ਲੈਂਗੁਏਜ਼ (Community Language) ਅਤੇ ਇੰਜੀਨੀਅਰਨਿੰਗ ਦੇ ਡਿਪਲੋਮੇ ਕੀਤੇ। 1981 ਤੋਂ 1996 ਤੱਕ ਕਾਰਪੈਂਟਰੀ ਦਾ ਕੰਮ ਕੀਤਾ ਅਤੇ ਹੁਣ ਵੈੱਸਟਫੀਲਡ ਸਟੈਪਿੰਗ (Transport company), ਡੰਡਲੀ (ਇੰਗਲੈਂਡ) ਦੀ ਟਰਾਂਸਪੋਰਟ ਵਿਚ ਮੁਲਾਜ਼ਮ ਹਾਂ। ਘਰ ਵਿਚ ਦੋ ਬੇਟੀਆਂ ਹਨ, ਘਰਵਾਲੀ ਦਾ ਪੂਰਾ ਸਾਥ ਹੈ। ਜਿਸ ਕਰਕੇ, ਜ਼ਿੰਦਗੀ ਵੱਧੀਆ ਚੱਲ ਰਹੀ ਹੈ।

**?:- ਤੁਸੀਂ ਲੱਗਪਗ ਤਿੰਨ ਦਹਾਕੇ ਪਹਿਲਾਂ ਪਰਵਾਸ ਧਾਰਣ ਕੀਤਾ ਅਤੇ ਉਹ ਕਿਹੜੇ ਹਾਲਾਤ ਸਨ, ਜਿਨ੍ਹਾਂ ਕਰਕੇ ਤੁਹਾਨੂੰ ਵਿਦੇਸ਼ੀ ਧਰਤੀ ਨੂੰ ਆਪਣਾ ਬਣਾਉਣਾ ਪਿਆ ?**

**ਜਵਾਬ:** ਮੇਰੇ ਪਰਿਵਾਰ ਦੇ ਬਹੁਤੇ ਮੈਂਬਰ ਵਲੈਤ ਵਿਚ ਹੀ ਰਹਿੰਦੇ ਹਨ। ਜਿਸ ਕਰਕੇ ਮੈਨੂੰ ਇੰਗਲੈਂਡ ਆਉਣ ਵਿਚ ਜ਼ਿਆਦਾ ਮੁਸ਼ਕਿਲ ਪੇਸ਼ ਨਹੀਂ ਆਈ। ਮੇਰੇ ਘਰ ਦੇ ਹਾਲਾਤ ਕੁਝ ਅਜਿਹੇ ਬਣੇ ਕਿ ਮੈਨੂੰ ਇੰਗਲੈਂਡ ਦਾ ਪਰਵਾਸ ਕਰਨਾ ਪਿਆ।

**?:- ਪਰਵਾਸੀ ਜੀਵਨ ਬਸਰ ਕਰਦਿਆਂ ਤੁਹਾਨੂੰ ਕਿਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ।**

**ਜਵਾਬ:** ਪਰਵਾਸੀ ਜੀਵਨ ਬਹੁਤ ਹੀ ਸਖਤ ਕਿਸਮ ਦਾ ਹੈ। ਜਿਸ ਵਿਚ ਬਹੁਤ ਸਾਰੀਆਂ ਮੁਸੀਬਤਾਂ ਪੇਸ਼ ਆਉਂਣੀਆਂ ਸੁਭਾਵਿਕ ਹਨ। ਪੰਜਾਬ ਵਿਚ ਮੇਰਾ ਸੰਬੰਧ ਕੇਵਲ ਪੰਜਾਬੀ ਭਾਸ਼ਾ ਨਾਲ ਹੀ ਸੀ, ਉਸ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿਚ ਖਾਸ ਮੁਹਾਰਤ ਹਾਸਲ ਨਹੀਂ ਸੀ। ਇੰਗਲੈਂਡ ਆਉਣ 'ਤੇ ਮੈਨੂੰ ਸਭ ਤੋਂ ਵੱਡੀ

ਔਕੜ ਅੰਗਰੇਜ਼ੀ ਬੋਲਣ ਤੇ ਸਮਝਣ ਦੀ ਆਈ। ਫ਼ਲਸਰੂਪ ਇੱਥੇ ਆਉਣ 'ਤੇ ਪਹਿਲਾਂ ਪਹਿਲ ਨਿਮਨ ਦਰਜੇ ਦੀਆਂ ਨੌਕਰੀਆਂ ਕੀਤੀਆਂ। ਇਸੇ ਦੌਰਾਨ ਹੀ ਕਈ ਡਿਪਲੋਮੇ ਕੀਤੇ ਅਤੇ ਅੱਜ, ਹਰ ਚੰਗੇ ਸ਼ਹਿਰੀ ਵਾਂਗ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹਾਂ।

?:- **ਤੁਸੀਂ ਪੰਜਾਬ ਅਤੇ ਇੰਗਲੈਂਡ ਦੇ ਜੀਵਨ ਵਿਚ ਕੀ ਫ਼ਰਕ ਮਹਿਸੂਸ ਕਰਦੇ ਹੋ?**

**ਜਵਾਬ:** ਪੰਜਾਬ ਤੇ ਵਲੈਤ (ਇੰਗਲੈਂਡ) ਵਿਚ ਰਹਿਣ ਦਾ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇੱਥੇ ਕਾਨੂੰਨ ਬਹੁਤ ਸਖ਼ਤ ਹਨ, ਜੋ ਹਰ ਪਲ ਮੰਨਣੇ ਪੈਂਦੇ ਹਨ। ਪੰਜਾਬ ਵਿਚ ਵਿਅਕਤੀ ਕੰਮ ਆਪਣੀ ਮਰਜ਼ੀ ਅਨੁਸਾਰ ਕਰਦਾ ਹੈ। ਜਦੋਂ ਉਸਦਾ ਮਨ ਕੀਤਾ ਉਦੋਂ ਹੀ ਉਹ ਕੰਮ ਕਰਦਾ ਹੈ, ਪਰੰਤੂ ਇੱਥੇ ਹਰ ਇਕ ਵਿਅਕਤੀ ਨੂੰ ਕੰਮ ਜ਼ਰੂਰ ਕਰਨਾ ਪੈਂਦਾ ਹੈ, ਜਿਸ ਦਾ ਲੋੜੀਂਦਾਂ ਮਿਹਨਤਾਨਾ ਵੀ ਮਿਲਦਾ ਹੈ। ਥਕੇਵਾਂ ਹੋਣ ਦੇ ਬਾਵਜੂਦ ਵੀ ਮਹਿਸੂਸ ਨਹੀਂ ਹੁੰਦਾ, ਕਿਉਂਕਿ 'ਡਾਲਰ'ਹੱਥ ਵਿਚ ਆਉਂਦੇ ਹਨ। ਪੰਜਾਬ ਵਿਚ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ। ਜਿਸਦਾ ਵੱਡਾ ਕਾਰਨ ਪੰਜਾਬ ਵਿਚ 70% ਦੇ ਲਗਪਗ ਤਬਕਾ, ਖੇਤੀ ਨਾਲ ਸੰਬੰਧਤ ਹੈ। ਜਿਸਦੇ ਪੈਸੇ ਸਮੇਂ ਤੇ ਨਹੀਂ ਮਿਲਦੇ। ਇਹੀ ਕਾਰਨ ਹੈ ਕਿ ਅੱਜ ਹਰ ਕੋਈ ਵਿਦੇਸ਼ ਜਾਣ ਦੀ ਤਿਆਰੀ ਵਿਚ ਲੱਗਾ ਹੋਇਆ ਹੈ। ਮੈਂ ਵੀ ਕਾਫੀ ਸਮਾਂ ਪਹਿਲਾਂ ਪਰਵਾਸ ਕੀਤਾ। ਅੱਜ ਪਰਿਵਾਰ ਦਾ ਗੁਜ਼ਾਰਾ ਠੀਕ ਚਲ ਰਿਹਾ ਹੈ।

?:- **ਤੁਸੀਂ ਆਪਣਾ ਸਾਹਿਤਕ ਸਫ਼ਰ ਕਦੋਂ ਆਰੰਭ ਕੀਤਾ, ਉਸ ਬਾਰੇ ਜਾਣਕਾਰੀ ਦਿਉਂ?**

**ਜਵਾਬ:** ਸਕੂਲ ਸਮੇਂ ਸ੍ਰੀ ਬਚਿੰਤ ਰਾਮ ਐਸ. ਕਰਨਾਨਵੀ ਗ਼ਜ਼ਲਗੋ ਅਧਿਆਪਕ ਸਨ, ਜਿਨ੍ਹਾਂ ਰਾਹੀਂ ਗ਼ਜ਼ਲ ਲਿਖਣ ਦੀ ਚੇਟਕ ਲੱਗੀ। ਸੱਤਰਵਿਆਂ ਦੇ ਦਹਾਕੇ ਵਿਚ 'ਰੋਹਲੇ-ਬਾਣ'-ਪ੍ਰੋ: ਹਰਭਜਨ ਸਿੰਘ, 'ਸਿਆੜ'- ਪਾਸ਼, 'ਜਥੇਬੰਦੀ'- ਮਹਿੰਦਰ ਸਿੰਘ ਮਾਲੜੀ ਆਦਿ ਮਹੀਨੇਵਾਰ ਮੈਗਜ਼ੀਨ ਪੜ੍ਹਨ ਨਾਲ ਸਾਹਿਤਕ ਚੇਟਕ ਲੱਗੀ। ਕਾਲਜ ਸਮੇਂ, ਸੰਨ 1976 ਵਿਚ ਗ਼ਜ਼ਲਗੋ ਉਸਤਾਦ ਡਾ. ਰਣਧੀਰ ਸਿੰਘ ਚੰਦ ਦੇ ਸੰਪਰਕ ਵਿਚ ਆਇਆ। ਉਨ੍ਹਾਂ ਤੋਂ ਗ਼ਜ਼ਲ ਬਾਰੇ ਬਹੁਤ ਕੁਝ ਸਿੱਖਿਆ। ਇਸੇ ਤਰ੍ਹਾਂ ਹੀ ਮੇਰਾ ਸਾਹਿਤਕ ਸਫ਼ਰ ਆਰੰਭ ਹੋਇਆ। ਇਸ ਮਗਰੋਂ ਮੈਂ ਗ਼ਜ਼ਲ ਲਿਖਣੀ ਆਰੰਭ ਕਰ ਦਿੱਤੀ, ਜੋ ਅੱਜ ਤੱਕ ਨਿਰੰਤਰ ਜਾਰੀ ਹੈ।

?:- **ਉਨ੍ਹਾਂ ਲੋਕਾਂ ਬਾਰੇ ਵੀ ਜਾਣਕਾਰੀ ਦਿਉ ਜਿਨ੍ਹਾਂ ਤੋਂ ਤੁਹਾਨੂੰ ਲਿਖਣ ਦੀ ਪ੍ਰੇਰਨਾ ਮਿਲੀ?**

**ਜਵਾਬ**: ਇੰਗਲੈਂਡ ਆਉਣ ਤੋਂ ਬਾਅਦ 1999 ਤੱਕ ਮੇਰਾ ਵਾਹ-ਵਾਸਤਾ ਪ੍ਰਗਤੀਵਾਦੀ ਸ਼ਾਇਰ ਨਿਰੰਜਨ ਸਿੰਘ 'ਨੂਰ'ਨਾਲ ਰਿਹਾ ਹੈ। ਜਿਨ੍ਹਾਂ ਦੀ ਸੰਗਤ ਮਾਣਦਿਆਂ ਬਹੁਤ ਕੁਝ ਸਿੱਖਣ ਨੂੰ ਮਿਲਿਆ। ਇਨ੍ਹਾਂ ਤੋਂ ਇਲਾਵਾ ਡਾ. ਦੇਵਿੰਦਰ ਕੌਰ, ਡਾ. ਰਤਨ ਰੀਹਲ, ਡਾ. ਪ੍ਰੀਤਮ ਸਿੰਘ ਕੈਂਥੋ, ਗ਼ਜ਼ਲਗੋ ਉਸਤਾਦ ਗੁਰਦਾਸ ਸਿੰਘ ਪਰਮਾਰ, ਗ਼ਜ਼ਲਗੋ ਜਨਾਬ ਗੁਰਸ਼ਰਨ ਸਿੰਘ ਅਜੀਬ, ਗ਼ਜ਼ਲਗੋ ਜਨਾਬ ਨਦੀਮ ਪਰਮਾਰ (ਕੈਨੇਡਾ), ਜਿਹੇ ਸੁਲਝੇ ਹੋਏ ਵਿਦਵਾਨਾਂ ਦੇ ਸਾਥ ਸਦਕਾ, ਗ਼ਜ਼ਲ ਬਾਰੇ ਬਹੁਤ ਕੁਝ ਪਤਾ ਲੱਗਾ। ਉਨ੍ਹਾਂ ਦੀ ਸੰਗਤ ਮਾਣਦਿਆਂ ਬਹੁਤ ਸਾਰੀਆਂ ਗ਼ਜ਼ਲਾਂ ਵੱਖ ਵੱਖ ਸਾਹਿਤਕ ਸਮਾਗਮਾਂ ਵਿਚ ਕਹਿਣ ਦਾ ਮੌਕਾ ਵੀ ਮਿਲਿਆ। ਇਸ ਤੋਂ ਇਲਾਵਾ ਮੈਨੂੰ ਅਨੇਕਾਂ ਸਾਹਿਤਕ ਸਮਾਗਮਾਂ ਵਿਚ ਸ਼ਿਰਕਤ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ।

**?:- ਅੱਜ ਕੱਲ੍ਹ ਪਰਵਾਸੀ ਕਵਿਤਾ ਵਿਚ ਪਛਾਣ ਦਾ ਸੰਕਟ, ਬੜੇ ਉਘੜਵੇਂ ਰੂਪ ਵਿਚ ਸਾਹਮਣੇ ਆ ਰਿਹਾ ਹੈ। ਇਸ ਸੰਕਟ ਨੂੰ ਤੁਸੀਂ ਕਿਵੇਂ ਲੈਂਦੇ ਹੋ?**

**ਜਵਾਬ**: ਹਰ ਵਿਅਕਤੀ ਅਤੇ ਸਮਾਜ ਆਪਣੀ ਵੱਖਰੀ ਸਭਿਆਚਾਰਕ ਤੇ ਸਮਾਜਿਕ ਪਹਿਚਾਣ ਦੀ ਕਾਮਨਾ ਕਰਦਾ ਹੈ। ਵਿਦੇਸ਼ਾਂ ਵਿਚ ਵੀ ਪੰਜਾਬੀ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਇਕ 'ਸਾਂਝੀ ਪਹਿਚਾਣ' ਉੱਭਰਵੇਂ ਰੂਪ ਵਿਚ ਸਥਾਪਿਤ ਹੋ ਰਹੀ ਹੈ। ਪਰਵਾਸੀ ਕਵਿਤਾ ਵਿਚ ਵੀ ਇਸ ਪਹਿਚਾਣ ਲਈ ਕਾਫੀ ਕਵਿਤਾ ਰਚੀ ਜਾ ਰਹੀ ਹੈ। ਜੇਕਰ ਸਤਿਕਾਰ ਦੀ ਗੱਲ ਕਰੀਏ ਤਾਂ ਇੰਗਲੈਂਡ ਵਿਚ ਮਾਣ-ਸਨਮਾਣ ਦੀ ਰਵਾਇਤ, ਪੰਜਾਬ ਵਾਂਗੂੰ ਹੀ ਹੈ। ਜੇਕਰ ਤੁਸੀਂ ਕਿਸੇ ਦਾ ਸਨਮਾਣ ਕਰਦੇ ਹੋ ਤਾਂ ਸਾਹਮਣੇ ਵਾਲਾ ਵੀ ਤੁਹਾਡਾ ਪੂਰਾ ਸਤਿਕਾਰ ਕਰਦਾ ਹੈ। ਮੈਂ ਆਪਣੇ ਪਾਠਕਾਂ ਵੱਲੋਂ ਮਿਲੇ ਸਨਮਾਣ ਨਾਲ ਸੰਤੁਸ਼ਟ ਹਾਂ। ਸਮਾਜ ਨੂੰ ਬੇਹਤਰ ਬਣਾਉਣ ਲਈ ਸਾਹਿਤਕਾਰ ਨੂੰ ਚੰਗੇਰਾ ਸਾਹਿਤ ਰਚਣਾ ਚਾਹੀਦਾ ਹੈ। ਮੈਂ ਇਸ ਦਲੀਲ ਦਾ ਹਾਮੀ ਹਾਂ।

**?:- ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਪੜ੍ਹ-ਲਿਖ ਕੇ ਵਿਦੇਸ਼ਾਂ ਵੱਲ ਭੱਜਣ ਦੀ ਹੋੜ੍ਹ ਵਿਚ ਹੈ, ਇਸ ਬਾਰੇ ਤੁਸੀਂ ਕੀ ਸੋਚਦੇ ਹੋ?**

**ਜਵਾਬ**: ਪੰਜਾਬ ਵਿਚ ਬੇਰੁਜ਼ਗਾਰੀ ਹੋਣ ਕਰਕੇ ਬਹੁਤੇ ਨੌਜਵਾਨ ਕੰਮਾਂ-ਕਾਰਾਂ ਦੀ ਤਲਾਸ਼ ਵਾਸਤੇ ਬਾਹਰ ਆ ਰਹੇ ਹਨ। ਪੰਜਾਬ ਵਿਚ ਜੇਕਰ ਕਿਧਰੇ ਨੌਕਰੀ ਮਿਲ ਵੀ ਜਾਵੇ, ਤਾਂ ਉਸਦੀ ਮਿਹਨਤ ਨਹੀਂ ਮਿਲਦੀ। ਜੇ ਨੌਕਰੀ ਮਿਲਦੀ ਵੀ ਹੈ ਤਾਂ ਠੀਕ ਉਸੇ ਤਰ੍ਹਾਂ ਜਿਵੇਂ ਬੱਕਰੀ ਦੁੱਧ ਮੀਂਗਣਾ ਘੋਲ ਕੇ ਦਿੰਦੀ ਹੈ। ਇਸੇ ਲਈ ਬਹੁਤੇ ਨੌਜਵਾਨ ਬੇਰੁਜਗਾਰ ਹਨ। ਦੂਸਰਾ, ਪੰਜਾਬ ਵਿਚ ਉਦਯੋਗਿਕ ਖੇਤਰ ਦੀ ਬਹੁਤ ਕਮੀਂ ਹੈ, ਜਿਸ ਦੀ ਵਜ੍ਹਾ ਕਰਕੇ ਹਰ ਕੋਈ ਵਿਦੇਸ਼ ਜਾਣ ਨੂੰ

ਤਿਆਰ ਬੈਠਾ ਹੈ। ਅਜੋਕੀ ਕਿਰਸਾਨੀ ਸੰਕਟ ਦੇ ਕੰਢੇ ’ਤੇ ਹੈ। ਕਿਸਾਨ ਖ਼ੁਦਕੁਸ਼ੀਆਂ ਕਰ ਰਿਹਾ ਹੈ। ਆਪਣੀ ਆਰਥਿਕ ਹਾਲਤ ’ਚ ਸੁਧਾਰ ਕਰਨ ਲਈ ਉਨ੍ਹਾਂ ਕੋਲ ਕੇਵਲ ਬਾਹਰ ਜਾਣ ਦਾ ਰਸਤਾ ਹੀ ਬਚਿਆ ਹੈ, ਜਿਸ ਦੇ ਸਹਾਰੇ ਉਹ ਆਪਣੀਆਂ ਮੁਸ਼ਕਿਲਾਂ ਤੋਂ ਨਜਾਤ ਪਾਉਣਾ ਲੋਚਦੇ ਹਨ।

?:- **ਜਿਵੇਂ ਪਿਛਲੇ ਸਮੇਂ ਵਿਚ ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ ਵਿਚਾਰਧਾਰਾਵਾਂ ਦਾ ਦੌਰ ਰਿਹਾ ਹੈ, ਕੀ ਤੁਸੀਂ ਕਿਸੇ ਵਿਚਾਰਧਾਰਾ ਨਾਲ ਸੰਬੰਧਿਤ ਹੋ ? ਜੇ ਨਹੀਂ, ਤਾਂ ਤੁਸੀਂ ਇਨ੍ਹਾਂ ਵਿਚਾਰਧਾਰਾਵਾਂ ਬਾਰੇ ਕਿਵੇਂ ਸੋਚਦੇ ਹੋ ?**

**ਜਵਾਬ:** ਹਾਂ। ਮੈਂ ਪ੍ਰਗਤੀਵਾਦੀ ਵਿਚਾਰਾਂ ਦਾ ਧਾਰਣੀ ਹਾਂ। ਮਨੁੱਖ ਨੂੰ, ਮਨੁੱਖ ਵਾਸਤੇ ਕਾਰਜ ਕਰਨੇ ਚਾਹੀਦੇ ਹਨ। ਸਾਹਿਤਕਾਰ ਨੂੰ ਮਾਨਵਵਾਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਉਸ ਵੱਲੋਂ ਰਚਿਤ ਸਾਹਿਤ ਮਾਨਵਤਾ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਰਚਿਆ ਜਾਣਾ ਚਾਹੀਦਾ ਹੈ।

?:- **ਇੰਗਲੈਂਡ ਵਿਚ ਬੈਠ ਕੇ, ਤੁਸੀਂ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਕੀ ਸੋਚਦੇ ਹੋ ? ਤੁਹਾਡੇ ਅਨੁਸਾਰ ਕੀ ਇਹ ਹਾਲਾਤ ਪਰਵਾਸੀ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕਰ ਰਹੇ ਨੇ ?**

**ਜਵਾਬ:** ਪੰਜ ਦਰਿਆਵਾਂ ਦੀ ਧਰਤੀ ‘ਪੰਜਾਬ’ ਵਿਚ ਅੱਜ ‘ਛੇਵਾਂ ਦਰਿਆ’ ਨਸ਼ਿਆਂ ਦਾ ਵਗ ਰਿਹਾ ਹੈ। ਨੌਜਵਾਨ ਪੀੜ੍ਹੀ, ਇਸ ਭੈੜੀ ਦਲਦਲ ਵਿਚ ਗ਼ਲਤਾਨ ਹੋ ਰਹੀ ਹੈ। ਉਨ੍ਹਾਂ ਨੂੰ ਸੇਧ ਦੇਣ ਵਾਲਾ ਕੋਈ ਨਹੀਂ। ਪੰਜਾਬ ਦੇ ਪਾਣੀਆਂ ਕਰਕੇ, ਵੱਡੇ ਪੱਧਰ ’ਤੇ ਕੈਂਸਰ ਦੀ ਬਿਮਾਰੀ ਫੈਲੀ ਹੋਈ ਹੈ। ਪੰਜਾਬ ਦੀ ਕਾਨੂੰਨ ਅਵੱਸਥਾ ਇਕ ਮੁੱਦਾ ਹੈ। ਔਰਤ ਪ੍ਰਤੀ ਹਮਦਰਦੀ ਅਤੇ ਬੇਇਨਸਾਫ਼ੀ ਵਲੈਤ ਦਾ ਹਰ ਲੇਖਕ, ਆਪਣੀਆਂ ਲਿਖਤਾਂ ਵਿਚ ਪੇਸ਼ ਕਰਦਾ ਹੈ।

?:- **ਵਰਤਮਾਨ ਸਮੇਂ ਵਿਚ ਆਪਣੀ ਲੇਖਣੀ ਨੂੰ ਲੈ ਕੇ, ਤੁਸੀਂ ਕਿਸ ਪੜਾਅ ’ਤੇ ਮਹਿਸੂਸ ਕਰਦੇ ਹੋ ?**

**ਜਵਾਬ:** ਅੱਜ ਕੱਲ੍ਹ ਮੇਰੇ ਦੋ ਪ੍ਰੋਜੈਕਟ ਚਲ ਰਹੇ ਹਨ। ਗ਼ਜ਼ਲ ਅਤੇ ਕਵਿਤਾ ਦਾ ਨਿਰੰਤਰ ਰਚਨਾਤਮਕ ਕਾਰਜ ਜਾਰੀ ਹੈ। ਕੰਮਾਂ-ਕਾਰਾਂ ਕਾਰਨ ਮਿਲੀ ਉਜਰਤ ਨਾਲ, ਪਰਿਵਾਰ ਖੁਸ਼ ਹੈ। ਮੈਂ ਆਪਣੀਆਂ ਲੋੜਾਂ ਪੂਰੀਆਂ ਕਰਨ ਕਰਕੇ, ਖੁਸ਼ਹਾਲ ਹਾਂ। ਕੁਝ ਸ਼ਰੀਰਕ ਦੁੱਖ ਜਰੂਰ ਆਉਂਦੇ-ਜਾਂਦੇ ਰਹਿੰਦੇ ਹਨ। ਲਿਖਣ ਸਮੇਂ, ਉਨ੍ਹਾਂ ਨੂੰ ਭੁੱਲ ਜਾਣਾ ਹੀ ਮੁਨਾਸਿਬ ਹੁੰਦਾ ਹੈ। ਵਿਸ਼ਵ ਵਿਚ ਹੋ ਰਹੇ ਅਣਮਨੁੱਖੀ ਵਿਹਾਰ ਕਾਰਨ ਦੁਖੀ ਹਾਂ। ਜਿਹੜਾ ਮੇਰੀਆਂ ਲਿਖਤਾਂ ਵਿਚ ਅਕਸਰ ਪੇਸ਼ ਹੁੰਦਾ ਹੈ।

?:- **ਕੀ ਤੁਸੀਂ ਕਵਿਤਾ ਲਿਖਣ ਤੋਂ ਇਲਾਵਾ, ਹੋਰ ਵੀ ਕਿਸੇ ਕਲਾ-ਰੂਪ ਨਾਲ ਜੁੜੇ ਹੋਏ ਹੋ ? ਆਪਣੇ ਸ਼ੌਕਾਂ ਬਾਰੇ ਜਾਣਕਾਰੀ ਦਿਉ।**

**ਜਵਾਬ:** ਕਵਿਤਾ ਤੋਂ ਇਲਾਵਾ ਮੈਨੂੰ ਅਲਗੋਜੇ ਵਜਾਉਣ ਦਾ ਬਹੁਤ ਸ਼ੌਕ ਹੈ। ਜੋ ਮੈਂ ਨਰਿੰਦਰ ਬੀਬਾ ਅਤੇ ਅਲਗੋਜ਼ਿਆਂ ਦੇ ਉਸਤਾਦ ਬੇਲੀ ਰਾਮ ਜੀ ਤੋਂ ਪ੍ਰਭਾਵਿਤ ਹੋ ਕੇ, ਉਸਤਾਦ ਦਰਸ਼ਨ ਰਾਮ ਜੀ ਤੋਂ ਸੰਨ 1974 ਵਿਚ ਸਿੱਖੇ ਤੇ ਵਜਾਏ ਹਨ। ਅੱਜ ਕੱਲ੍ਹ ਮੈਂ ਵਾਈਲੁਨ ਵੀ ਸਿੱਖ ਰਿਹਾ ਹਾਂ। ਸੂਫ਼ੀ ਕਲਾਮ ਅਤੇ ਕਲਾਸੀਕਲ ਰਾਗਾਂ ਵਿਚ ਸ਼ਬਦ ਸੁਣਨਾ, ਮੇਰੀ ਰੂਹ ਦੀ ਖ਼ੁਰਾਕ ਹੈ। ਵਿਹਲਾ ਸਮਾਂ ਮੈਂ ਕਿਤਾਬਾਂ ਪੜ੍ਹਣ ਵਿਚ ਬਤੀਤ ਕਰਦਾ ਹਾਂ।

**?:- ਤੁਸੀਂ ਇੰਗਲੈਂਡ ਦੀ ਸਮਕਾਲੀ ਪੰਜਾਬੀ ਕਵਿਤਾ ਬਾਰੇ ਕੀ ਕਹਿਣਾ ਚਾਹੋਗੇ?**

**ਜਵਾਬ:** ਇੰਗਲੈਂਡ ਦੀ ਪਰਵਾਸੀ ਕਵਿਤਾ 60 ਵਿਆਂ ਦੇ ਦਹਾਕੇ ਤੋਂ ਕਾਫੀ ਬਦਲ ਚੁੱਕੀ ਹੈ। ਉਸ ਦੌਰ ਦੀ ਕਵਿਤਾ ਵਿਚ ਕਾਫੀ ਹੱਦ ਤੱਕ ਭੂ-ਹੇਰਵੇ, ਨਸਲਵਾਦ ਅਤੇ ਪੀੜ੍ਹੀ ਪਾੜੇ ਦੀਆਂ ਗੱਲਾਂ ਮਿਲਦੀਆਂ ਹਨ। ਉਹ ਇੱਥੇ, ਸੈੱਟਲ ਹੋਣ ਦਾ ਦੌਰ ਸੀ। ਉਦੋਂ ਸੋਚਦੇ ਸੀ ਕਿ ਪੰਜ ਕੁ ਸਾਲ ਕੰਮ ਕਰਕੇ, ਆਪਣੇ ਵਤਨ ਪਰਤ ਜਾਣਾ ਹੈ। ਹੁਣ ਅਸੀਂ ਤਿੰਨ ਪੀੜ੍ਹੀਆਂ ਅੱਗੇ ਆ ਚੁੱਕੇ ਹਾਂ, ਹੁਣ ਉਹ ਦੁਚਿੱਤੀ ਖ਼ਤਮ ਹੋ ਚੁੱਕੀ ਹੈ। ਹੁਣ ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਉਹ ਆਬਾਦ ਹੋ ਗਏ ਹਨ। ਸਭ ਨੇ ਆਪਣੇ ਬਿਜ਼ਨਸ ਸੈੱਟਲ ਕਰ ਲਏ ਹਨ। ਮੈ ਹੁਣ, ਉਹ ਭਾਰਤ-ਵਾਪਸੀ ਬਾਰੇ ਨਹੀਂ ਸੋਚਦੇ।

ਕਵਿਤਾ ਦੀ ਗੱਲ ਕਰੀਏ ਤਾਂ ਉਸ ਦਾ ਮੁਹਾਂਦਰਾ ਇੰਨਾ ਨਹੀਂ ਬਦਲਿਆ। ਜੋ ਵਿਚਾਰ, ਉਸ ਵਿਚ ਆਉਣੇ ਚਾਹੀਦੇ ਸਨ, ਉਹ ਅਜੇ ਤੱਕ ਪੇਸ਼ ਨਹੀਂ ਹੋ ਰਹੇ। ਜੋ ਜ਼ਮਾਨਾ ਅੱਜ ਚੱਲ ਰਿਹਾ ਹੈ, ਕਵਿਤਾ ਉਸ ਨਾਲ ਦੋ-ਚਾਰ ਨਹੀਂ ਹੋਈ। ਗ਼ਜ਼ਲ ਅੰਦਰ ਵੀ ਭ੍ਰਿਸ਼ਟਾਚਾਰ ਅਤੇ ਸਿਸਟਮ ਦੀ ਹੀ ਗੱਲ ਹੋ ਰਹੀ ਹੈ। ਸੋ, ਸਮਕਾਲੀਨ ਬਾਰੇ ਮੈਂ ਇਹੋ ਆਖ ਸਕਦਾ ਹਾਂ ਕਿ ਸਮਾਂ ਬਦਲਣ ਨਾਲ, ਕਵਿਤਾ ਦੇ ਵਿਸ਼ੇ ਵੀ ਬਦਲਣੇ ਚਾਹੀਦੇ ਸਨ, ਜੋ ਸ਼ਾਇਦ ਨਹੀਂ ਬਦਲੇ।

**?:- ਵਿਦੇਸ਼ੀ ਧਰਤੀ 'ਤੇ ਜਾ ਕੇ ਰਹਿਣਾ ਅਤੇ ਸਾਹਿਤ ਨਾਲ ਜੁੜੇ ਰਹਿਣਾ, ਤੁਹਾਡੇ ਸਾਹਿਤਕ ਸਫ਼ਰ ਵਿਚ ਕੋਈ ਪਰੇਸ਼ਾਨੀ ਜਾਂ ਖਲਾਅ ਤਾਂ ਨਹੀਂ ਬਣਿਆ?**

**ਜਵਾਬ:** ਜਦੋਂ ਤੁਸੀਂ ਆਪਣੀ ਧਰਤੀ, ਘਰ ਤੇ ਵਤਨ ਛੱਡ ਕੇ ਵਿਦੇਸ਼ ਦੀ ਧਰਤੀ ਉੱਪਰ ਵਸਣ ਵਾਸਤੇ ਸੋਚਦੇ ਹੋ, ਤਾਂ ਪਰੇਸ਼ਾਨੀਆਂ ਦਾ ਆਉਣਾ ਸੁਭਾਵਿਕ ਹੈ। ਪੰਜਾਬ ਦੇ ਪੇਂਡੂ ਜੀਵਨ ਅਤੇ ਵਲੈਤ ਦੇ ਰਹਿਣ-ਸਹਿਣ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸੋ, ਸੈੱਟਲ ਹੋਣ ਵਾਸਤੇ ਜ਼ਿੰਮੇਵਾਰੀਆਂ ਨੂੰ ਸਮਝਣਾ ਅਤੇ ਨਿਭਾਉਣਾ ਇਕ ਵੱਡੀ ਚੁਣੌਤੀ ਬਣ ਜਾਂਦੀ ਹੈ। ਦੂਸਰਾ, ਪਿੱਛੇ ਰਹਿੰਦੇ ਪਰਿਵਾਰ ਪ੍ਰਤੀ ਫ਼ਰਜ ਵੱਧ ਜਾਂਦੇ ਹਨ। ਵਿਦੇਸ਼ ਵਿਚ ਰਹਿੰਦਿਆਂ ਕਾਨੂੰਨ ਦੀ

ਪਾਲਣਾ ਅਤੇ ਪੂਰੀ ਜਾਣਕਾਰੀ ਲਾਜ਼ਮ ਹੋ ਜਾਂਦੀ ਹੈ ਜੋ ਆਪਣੇ ਵਤਨ ਵਿਚ ਰਹਿੰਦਿਆਂ ਚਿੱਤ-ਚੇਤੇ ਵੀ ਨਹੀਂ ਹੁੰਦੀ।

ਪੈਸਾ, ਜ਼ਿੰਦਗੀ ਗੁਜ਼ਾਰਨ ਲਈ ਬਹੁਤ ਜ਼ਰੂਰੀ ਹੈ। ਉਸ ਵਾਸਤੇ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਦੂਸਰੀ ਪਰੇਸ਼ਾਨੀ ਭਾਸ਼ਾ ਸੀ, ਮੇਰੀ ਮਾਤ-ਭਾਸ਼ਾ ਪੰਜਾਬੀ ਹੈ। ਇੱਥੇ ਆ ਕੇ, ਅੰਗਰੇਜ਼ੀ ਵੀ ਸਿੱਖਣੀ ਪਈ। ਜਿਥੋਂ ਤੱਕ ਸਾਹਿਤ-ਰਚਨਾ ਦਾ ਸਵਾਲ ਹੈ। ਸਾਹਿਤ-ਰਚਨਾ ਦਾ ਕਾਰਜ, ਨਿਰੰਤਰ ਚੱਲਦਾ ਤਾਂ ਰਿਹਾ ਹੈ, ਪਰ ਚਾਲ ਮੱਧਮ ਪੈ ਗਈ ਹੈ। ਮੈਂ ਆਪਣੀਆਂ ਰਚਨਾਵਾਂ ਨੂੰ ਕਈ ਰਸਾਲਿਆਂ ਲਈ ਨਿਰੰਤਰ ਭੇਜਦਾ ਰਹਿੰਦਾ ਹਾਂ। ਸੰਨ 1989 ਦੇ ਦੌਰਾਨ ਮੇਰੀ ਪਹਿਲੀ ਕਿਤਾਬ ਪ੍ਰਕਾਸ਼ਤ ਹੋਈ। ਹੁਣ ਤੱਕ ਮੇਰੀਆਂ ਦਸ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਗ਼ਜ਼ਲ ਤੇ ਕਵਿਤਾ ਸ਼ਾਮਿਲ ਹੈ। ਇਸ ਤੋਂ ਇਲਾਵਾ ਇਕ ਕਿਤਾਬ ਤੇ ਕੰਮ ਚੱਲ ਰਿਹਾ ਹੈ। ਉਹ ਜਲਦੀ ਹੀ ਪ੍ਰਕਾਸ਼ਤ ਹੋ ਜਾਵੇਗੀ।

?:- **ਕੀ ਤੁਸੀਂ ਇੰਗਲੈਂਡ ਦੇ ਸਭਿਆਚਾਰ ਤੋਂ ਪ੍ਰਭਾਵਿਤ ਹੋਏ ਹੋ, ਅਤੇ ਇਸ ਬਾਰੇ ਲਿਖਣ ਦੀ ਕੋਸ਼ਿਸ਼ ਕੀਤੀ ਹੈ?**

**ਜਵਾਬ:** ਮੈਂ ਸਮਝਦਾ ਹਾਂ ਕਿ ਇਸ ਸਵਾਲ ਦਾ ਜਵਾਬ 'ਹਾਂ'ਜਾਂ 'ਨਾਂਹ' 'ਚ ਦੇਣ ਤੋਂ ਪਹਿਲਾਂ, ਸਭਿਆਚਾਰ ਜਾਂ ਕਲਚਰ ਦੇ ਸੰਕਲਪ ਨੂੰ ਸਮਝ ਲੈਣਾ ਜਰੂਰੀ ਹੈ ਕਿਉਂਕਿ, ਸਭਿਆਚਾਰ ਇਕ ਵਿਸ਼ਾਲ ਸੰਕਲਪ ਹੈ। ਜਿਸ ਦੀਆਂ ਬਹੁਤ ਸਾਰੀਆਂ ਪਰਤਾਂ ਹਨ। ਇਹ ਉਹ ਵਰਤਾਰਾ ਹੈ, ਜੋ ਇਕ ਸਮਾਜਕ ਇਕੱਠ ਨੂੰ ਦੂਸਰੇ ਨਾਲੋਂ ਭਿੰਨ ਤੇ ਵੱਖਰਾ ਰੂਪ ਦਿੰਦਾ ਹੈ। ਸਭਿਆਚਾਰ ਸਮਾਜਕ-ਵਿਰਸਾ ਹੈ, ਜੋ ਗ੍ਰਹਿਣ ਕੀਤਾ ਜਾਂਦਾ ਹੈ।

ਮੇਰੇ ਕਹਿਣ ਦਾ ਮਤਲਬ, ਜੋ ਸਭਿਆਚਾਰ ਮੈਨੂੰ ਵਿਰਸੇ ਵਿਚ ਮਿਲਿਆ ਹੈ, ਉਹ ਮੇਰੀਆਂ ਜੜ੍ਹਾਂ ਹਨ। ਜਿਹੜੇ ਰਸਮਾਂ-ਰਿਵਾਜ, ਰਹਿਣ-ਸਹਿਣ, ਧਾਰਮਕ ਮਨੌਤਾਂ, ਸੰਸਕਾਰਾਂ ਵਿਚ ਮੈਂ ਪਲਿਆ ਹਾਂ, ਉਹ ਮੇਰੇ ਖ਼ੂਨ ਵਿਚ ਰਚਿਆ ਹੋਇਆ ਹੈ ਤੇ ਉਸਨੂੰ ਵੱਖ ਕਰਨਾ ਮੁਸ਼ਕਿਲ ਹੈ। ਇੰਗਲੈਂਡ ਦੇ ਸਭਿਆਚਾਰ ਨੇ ਮੈਨੂੰ ਪ੍ਰਭਾਵਿਤ ਤਾਂ ਕੀਤਾ ਪਰ ਉਨ੍ਹਾਂ ਨਹੀਂ। ਕੁਝ ਚੰਗੀਆਂ ਗੱਲਾਂ ਅਸੀਂ ਅੰਗਰੇਜ਼ਾਂ ਦੀਆਂ ਜ਼ਰੂਰ ਗ੍ਰਹਿਣ ਕੀਤੀਆਂ ਹਨ। ਜਿਵੇਂ ਤੌਰ-ਤਰੀਕੇ ਤੇ ਸਿਸਟਮ ਆਦਿ। ਮੈਂ ਇਨ੍ਹਾਂ ਗੱਲਾਂ ਨੂੰ, ਆਪਣੀ ਕਵਿਤਾ ਅਤੇ ਗ਼ਜ਼ਲ ਰਾਹੀਂ ਅਕਸਰ ਉਭਾਰਦਾ ਰਹਿੰਦਾ ਹਾਂ।

?:- **ਕੀ ਤੁਸੀਂ ਵੀ ਇਗਲੈਂਡ ਜਾ ਕੇ, ਭੂ-ਹੇਰਵੇ ਅਤੇ ਉਦਰੇਵੇਂ ਦਾ ਸ਼ਿਕਾਰ ਹੋਏ ਹੋ, ਜਿਸ ਨੇ ਤੁਹਾਨੂੰ ਪੰਜਾਬ ਦੀ ਮਿੱਟੀ ਅਤੇ ਸਭਿਆਚਾਰ ਨਾਲ ਜੋੜੀ ਰੱਖਿਆ ਹੈ?**

**ਜਵਾਬ:** ਰੁਜ਼ਗਾਰ ਦੀ ਭਾਲ ਵਿਚ ਪੰਜਾਬੀ ਲੋਕਾਂ ਨੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਵਿਦੇਸ਼ਾਂ ਵੱਲ ਜਾਣਾ ਸ਼ੁਰੂ ਕੀਤਾ। ਉਸ ਸਮੇਂ ਹੀ ਬਹੁਤ ਸਾਰੇ ਦੇਸ਼ਾਂ ਵਿਚ, ਪੰਜਾਬੀਆਂ ਨੇ ਪਰਵਾਸ ਧਾਰਣ ਕੀਤਾ। ਪਰ, ਜੋ ਉਨ੍ਹਾਂ ਅੰਦਰ ਦੇਸ਼, ਕੁਦਰਤ ਅਤੇ ਸਭਿਆਚਾਰਕ ਰਸਮਾਂ-ਰਿਵਾਜ਼ਾਂ ਪ੍ਰਤੀ ਜਜਬਾ ਸੀ, ਉਹ ਨਾਲ ਹੀ ਲੈ ਕੇ ਗਏ।

ਇਹੀ ਕਾਰਨ ਹੈ ਕਿ ਜਿਸ ਵਿਅਕਤੀ ਨੇ ਪਰਵਾਸ ਧਾਰਣ ਕੀਤਾ, ਉਸ ਨੂੰ ਅਜਨਬੀਪਨ ਦਾ ਅਹਿਸਾਸ ਸਦਾ ਟੁੰਬਦਾ ਰਿਹਾ ਹੈ। ਭਾਵੇਂ, ਉਹ ਪੁਰਾਣੀ ਪੀੜ੍ਹੀ ਹੋਵੇ ਜਾਂ ਨਵੀਂ। ਵਿਅਕਤੀ ਵਿਸ਼ੇਸ਼ ਦੀਆਂ ਜੜ੍ਹਾਂ, ਉਸਦੇ ਆਪਣੇ ਵਤਨ ਵਿਚ ਲੱਗੀਆਂ ਰਹਿੰਦੀਆਂ ਹਨ। ਜਿਸ ਕਾਰਨ ਵਿਦੇਸ਼ੀ ਵਾਤਾਵਰਨ ਸਦਾ ਬੇਗਾਨਾ ਲੱਗਦਾ ਰਹਿੰਦਾ ਹੈ। ਮਸ਼ੀਨੀ ਜੀਵਨ ਵਿਅਕਤੀ ਨੂੰ 'ਰੂੰ' ਵਾਂਗ ਪਿੰਜ ਸੁੱਟਦਾ ਹੈ। ਵਿਦੇਸ਼ਾਂ ਵਿਚ ਵਿਅਕਤੀ ਦੂਹਰਾ ਸੰਤਾਪ ਹੰਢਾਉਂਦਾ ਹੈ। ਫਲਸਰੂਪ ਉਹ ਭੂ-ਹੇਰਵੇ ਅਤੇ ਉਦਰੇਵੇਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸੇ ਕਰਕੇ ਪਹਿਲਾਂ ਲਿਖੇ ਨਾਵਲ, ਕਹਾਣੀਆਂ ਤੇ ਕਵਿਤਾਵਾਂ ਅੰਦਰ ਭੂ-ਹੇਰਵਾ ਪ੍ਰਚੰਡ ਸੀ।

ਅੱਜ ਦਾ ਯੁੱਗ ਮੀਡੀਏ ਦਾ ਯੁੱਗ ਹੈ। ਤੁਸੀਂ ਰੋਜ਼ ਆਪਣੇ ਭੈਣ-ਭਰਾਵਾਂ ਅਤੇ ਸਾਕ-ਸੰਬੰਧੀਆਂ ਨਾਲ ਗੱਲਬਾਤ ਕਰ ਸਕਦੇ ਹੋ ਅਤੇ ਟੀ.ਵੀ. ਰਾਹੀਂ ਜੋ ਦੁਨੀਆਂ ਅੰਦਰ ਹੋ ਰਿਹਾ ਹੈ, ਉਹ ਲਾਈਵ ਦੇਖ ਸਕਦੇ ਹੋ। ਸੋ, ਹੁਣ ਭੂ-ਹੇਰਵਾ ਜਾਂ ਉਦਰੇਵਾ ਓਨਾ ਮਹਿਸੂਸ ਨਹੀਂ ਹੁੰਦਾ।

**?:- ਪੰਜਾਬ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਅਤੇ ਪੰਜਾਬ ਤੋਂ ਬਾਹਰ (ਪਾਕਿਸਤਾਨ ਅਤੇ ਹੋਰਨਾਂ ਦੇਸ਼ਾਂ 'ਚ) ਲਿਖੀ ਜਾ ਰਹੀ ਕਵਿਤਾ ਨੂੰ ਜੇਕਰ ਅਸੀਂ ਸਮਾਨੰਤਰ ਰੱਖ ਕੇ ਦੇਖੀਏ ਤਾਂ ਤੁਸੀਂ ਦੋਵਾਂ ਦੀ ਸਥਿਤੀ ਅਤੇ ਸਰੋਕਾਰਾਂ ਵਿਚ ਕੀ ਵਖਰੇਵੇਂ ਅਤੇ ਸਮਾਨਤਾਵਾਂ ਦੇਖਦੇ ਹੋ?**

**ਜਵਾਬ:** ਅੱਜ ਮੀਡੀਏ ਦਾ ਯੁੱਗ ਹੋਣ ਕਰਕੇ ਤੁਸੀਂ ਹਰ ਜ਼ੁਬਾਨ ਵਿਚ ਕਵਿਤਾ ਸੁਣ ਸਕਦੇ ਹੋ। ਬਸ਼ਰਤੇ ਉਸ ਦੀ ਸਮਝ ਪੈਂਦੀ ਹੋਵੇ। ਭਾਰਤੀ ਪੰਜਾਬ ਦੀ ਕਵਿਤਾ (ਗੁਰਮੁਖੀ) ਵਿਚ ਹੋਣ ਕਰਕੇ, ਪੜ੍ਹਨ-ਲਿਖਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ, ਪ੍ਰੰਤੂ ਪਾਕਿਸਤਾਨੀ ਕਵਿਤਾ ਸ਼ਾਹਮੁਖੀ ਲਿੱਪੀ ਵਿਚ ਲਿਖੀ ਹੋਣ ਕਰਕੇ ਪੜ੍ਹਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ। ਪਰ ਫਿਰ ਵੀ ਬਹੁਤ ਸਾਰੀ ਕਵਿਤਾ ਰਸਾਲਿਆਂ ਵਿਚ ਹੋਏ ਤਰਜ਼ਮੇਂ ਰਾਹੀਂ ਪੜ੍ਹਨ ਦਾ ਮੌਕਾ ਮਿਲਿਆ ਹੈ। ਸੰਨ 1947 ਤੋਂ ਬਾਅਦ ਪਾਕਿਸਤਾਨ ਵਿਚ ਰਚੀ ਗਈ ਕਵਿਤਾ ਵਿਚ ਰਵਾਇਤਾਂ ਦੇ ਨਾਲ ਨਾਲ ਰੂਪ ਅਤੇ ਵਿਸ਼ੇ ਦੇ ਪੱਖ ਤੋਂ ਕੁਝ ਨਵੇਂ ਤਜਰਵੇ ਕੀਤੇ ਗਏ ਹਨ।

ਹੋਰਨਾਂ ਦੇਸ਼ਾਂ ਵਿਚ ਰਚੀ ਜਾਂਦੀ ਪੰਜਾਬੀ ਕਵਿਤਾ, ਨਵੀਂ ਸੁਸਾਇਟੀ ਤੇ

ਸਭਿਆਚਾਰ ਵਿਚ ਆਉਣ ਤੇ ਕਾਫੀ ਬਦਲ ਗਈ ਹੈ। ਅਜੋਕੀ ਕਵਿਤਾ ਵਿਚ ਪ੍ਰਕ੍ਰਿਤਕ ਬਿੰਬਾਂ ਦੀ ਵਰਤੋਂ ਵਧ ਰਹੀ ਹੈ। ਅਜੋਕੀ ਕਵਿਤਾ ਨਿੱਤ ਦੀਆਂ ਘਟਨਾਵਾਂ ਵਿਚੋਂ ਉਪਜੇ ਦੁਖਾਂਤ ਨੂੰ ਮਾਨਵੀ-ਦ੍ਰਿਸ਼ਟੀ ਤੋਂ ਹੁੰਗਾਰਾ ਭਰਦੀ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ, ਔਰਤਾਂ ਵੀ ਬਹੁਤ ਚੰਗੀ ਕਵਿਤਾ ਤੇ ਗ਼ਜ਼ਲ ਲਿਖ ਰਹੀਆਂ ਹਨ।

**?:- ਜਿਸ ਤਰ੍ਹਾਂ ਕਿ ਅਸੀਂ ਦੇਖ ਰਹੇ ਹਾਂ ਕਿ ਰਾਜਨੀਤਕ ਦਖਲ-ਅੰਦਾਜ਼ੀ, ਧਰਮ, ਸਿੱਖਿਆ, ਸਭਿਆਚਾਰ ਆਦਿ ਜੀਵਨ ਦੇ ਸਭ ਖੇਤਰਾਂ ਵਿਚ ਹੋ ਰਹੀ ਹੈ। ਇਸਦੇ ਬਹੁਤੇ ਪ੍ਰਭਾਵ ਨਾਕਾਰਤਾਮਕ ਹੀ ਹਨ। ਪੰਜਾਬੀ ਸਾਹਿਤ ਵਿਸ਼ੇਸ਼ ਤੌਰ 'ਤੇ, ਕਵਿਤਾ ਦੇ ਖੇਤਰ ਵਿਚ ਇਨਾਮਾਂ-ਸਨਮਾਨਾਂ ਦੀ ਪੈਂਤੜੇਬਾਜ਼ੀ ਵਿਚ ਰਾਜਨੀਤੀ ਦੇ ਦਖਲ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?**

**ਜਵਾਬ:** ਮੈਂ ਸਮਝਦਾ ਹਾਂ ਕਿ ਜਿਥੇ ਰਾਜਨੀਤੀ ਦੀ ਦਖਲਅੰਦਾਜ਼ੀ ਨੇ ਧਰਮ, ਸਿਖਿਆ, ਸਭਿਆਚਾਰ ਅਤੇ ਜੀਵਨ ਦੇ ਹਰ ਖੇਤਰ ਵਿਚ ਧੜ੍ਹੇਬਾਜ਼ੀ ਦਾ ਮਾਹੌਲ ਪੈਦਾ ਕੀਤਾ ਹੈ, ਉੱਥੇ ਸਾਹਿਤਕ ਅਦਾਰਿਆਂ ਨੂੰ ਵੀ ਨਹੀਂ ਬਖਸ਼ਿਆ। ਜਿਸ ਨਾਲ ਅਜਿਹਾ ਮਾਹੌਲ ਪੈਦਾ ਹੋ ਗਿਆ ਹੈ ਕਿ ਮਾਣ-ਸਨਮਾਣ ਅੰਦਰ ਸੁਹਿਰਦਤਾ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ। ਜਿਨ੍ਹਾਂ ਲੇਖਕਾਂ ਨੇ ਬਹੁਤ ਮਿਹਨਤ ਅਤੇ ਸੱਚੀ-ਸੁੱਚੀ ਲਗਨ-ਸਾਧਨਾ ਨਾਲ ਨਿਰੰਤਰ ਆਪਣਾ ਜੀਵਨ ਸਾਹਿਤ ਦੇ ਲੇਖੇ ਲਾ ਦਿੱਤਾ ਹੈ, ਉਨ੍ਹਾਂ ਦੀਆਂ ਕਿਰਤਾਂ ਸਾਹਿਤਕ ਅਦਾਰਿਆਂ ਵਿਚ ਮਾਣ-ਸਨਮਾਣ ਦੇਣ ਸਮੇਂ ਨਜ਼ਰ ਨਹੀਂ ਆਉਂਦੀਆਂ।

ਮੈਂ ਇਹੋ ਜਿਹੀ ਭ੍ਰਿਸ਼ਟ ਰਾਜਨੀਤੀ ਦਾ ਵਿਰੋਧ ਕਰਦਾ ਹਾਂ ਅਤੇ ਸੁਹਿਰਦ ਲੇਖਕਾਂ ਨੂੰ ਇਕਜੁਟ ਹੋ ਕੇ ਇਸ ਮਾਹੌਲ ਨੂੰ ਸੁਧਾਰਣ ਵਾਸਤੇ ਅਪੀਲ ਵੀ ਕਰਦਾ ਹਾਂ, ਤਾਂ ਜੋ ਸਹੀ ਲੇਖਕਾਂ ਨੂੰ ਮਾਣ-ਸਨਮਾਣ ਵਾਸਤੇ ਚੁਣਿਆ ਜਾਵੇ।

**?:- ਤੁਹਾਡੀ ਕਵਿਤਾ ਦਾ ਇਕ ਰੁਝਾਣ ਗ਼ਜ਼ਲ ਲਿਖਣ ਵੱਲ ਰਿਹਾ ਹੈ, ਪੰਜਾਬੀ ਵਿਚ ਗ਼ਜ਼ਲ ਸਿਨਫ਼ ਦਾ ਭਵਿੱਖ ਕੀ ਹੈ?**

**ਜਵਾਬ:** ਅੱਜਕੱਲ੍ਹ ਗ਼ਜ਼ਲ ਦੇ ਨਾਂ ਹੇਠ ਅਖ਼ਬਾਰਾਂ-ਰਸਾਲਿਆਂ ਵਿਚ ਬਹੁਤ ਕੁਝ ਪਰੋਸਿਆ ਜਾ ਰਿਹਾ ਹੈ। 'ਗ਼ਜ਼ਲ' ਇਕ ਅਜਿਹੀ ਸਿਨਫ਼ ਹੈ, ਜਿਸ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਸਤਿਕਾਰਿਆ ਜਾਂਦਾ ਹੈ। ਲੇਕਿਨ, ਗ਼ਜ਼ਲ ਕਹਿਣ-ਸੁਣਨ ਨੂੰ ਸੁਖਾਲੀ ਲੱਗਦੀ ਹੈ ਪਰ ਇਸ ਦਾ ਆਪਣਾ ਇਕ ਵਿਧਾਨ, ਕਾਨੂੰਨ ਤੇ ਕਾਇਦਾ ਹੈ। ਇਸ ਤੋਂ ਇਲਾਵਾ ਇਸ ਦਾ ਆਪਣਾ ਇਕ ਪਿੰਗਲ ਤੇ ਅਰੂਜ਼ ਹੈ। ਗ਼ਜ਼ਲ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਮਨੋਮੰਥਨ ਵੀ ਹੈ।

ਪੰਜਾਬੀ ਵਿਚ ਬਹੁਤ ਸਾਰੇ ਗ਼ਜ਼ਲਕਾਰ ਅਜਿਹੇ ਹਨ ਜਿਨ੍ਹਾਂ ਨੂੰ ਗ਼ਜ਼ਲ ਦਾ

ਪੂਰਾ ਵਿਧਾਨ ਪਤਾ ਨਹੀਂ ਹੈ ਪਰ ਜੋ ਮਿਹਨਤ ਕਰਦੇ ਹਨ, ਅਰੂਜ਼ ਦੀਆਂ ਪਰਤਾਂ ਖੋਲ੍ਹਦੇ ਤੇ ਵਿਚਾਰ-ਵਟਾਂਦਰਾਂ ਕਰਦੇ ਹਨ, ਉਹ ਨਿਸ਼ਚੇ ਹੀ ਗ਼ਜ਼ਲ ਨੂੰ ਸਿਖਰ 'ਤੇ ਪਹੁੰਚਾਉਣਗੇ। ਸੋ ਮੈਂ ਗ਼ਜ਼ਲ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦਾ ਹਾਂ।

**?:- ਤੁਹਾਡੀ ਸ਼ਾਇਰੀ ਉਪਰ ਹੁਣ ਤੱਕ ਹੋਏ ਚਿੰਤਨ-ਕਾਰਜ ਨਾਲ ਤੁਸੀਂ ਕਿੰਨੇ ਕੁ ਸੰਤੁਸ਼ਟ ਹੋ?**

**ਜਵਾਬ:** ਮੇਰੀ ਕਵਿਤਾ ਤੇ ਗ਼ਜ਼ਲ ਪੜ੍ਹ ਕੇ ਬਹੁਤ ਸਾਰੇ ਨਾਮਵਰ ਵਿਦਵਾਨਾਂ ਨੇ ਮੈਨੂੰ ਹੱਲਾਸ਼ੇਰੀ ਦਿੱਤੀ ਹੈ। ਉਨ੍ਹਾਂ ਅਖ਼ਬਾਰਾਂ ਤੇ ਰਸਾਲਿਆਂ ਰਾਹੀਂ ਪਾਠਕਾਂ ਤੱਕ ਆਪਣੇ ਵਿਚਾਰਾਂ ਨੂੰ ਪਹੁੰਚਦਾ ਵੀ ਕੀਤਾ ਹੈ। ਜਿਸ ਲਈ ਮੈਂ ਉਨ੍ਹਾਂ ਸਭਨਾ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

ਮੇਰਾ ਟੀਚਾ ਪੰਜਾਬੀ ਸਾਹਿਤ ਦੀ ਸੇਵਾ ਕਰਦਿਆਂ ਕਵਿਤਾ ਤੇ ਗ਼ਜ਼ਲ ਦੀ ਪ੍ਰਫੁੱਲਤਾ ਲਈ ਵੱਧ ਤੋਂ ਵੱਧ ਕੰਮ ਕਰਨਾ ਹੈ। ਆਪਣੇ ਮਨ ਦੀਆਂ ਭਾਵਨਾਵਾਂ ਨੂੰ ਲਿਖਤੀ ਰੂਪ ਵਿਚ ਪ੍ਰਗਟਕਰਕੇ ਮੈਨੂੰ ਤਸੱਲੀ ਮਿਲਦੀ ਹੈ।

**?:- ਇੰਗਲੈਂਡ ਵਿਚ ਪੰਜਾਬੀ ਮਾਂ-ਬੋਲੀ ਦਾ ਭਵਿੱਖ ਕਿੰਨਾ ਕੁ ਸੁਰੱਖਿਅਤ ਹੈ?**

**ਜਵਾਬ:** ਅੱਜ ਪੰਜਾਬੀ ਵਿਕਸਤ ਤੇ ਸਰਕਾਰੀ ਭਾਸ਼ਾ ਬਣ ਗਈ ਹੈ ਪਰ ਇਸ ਦਾ ਭਵਿੱਖ ਸਦੀਆਂ ਤੋਂ ਹੀ ਡਾਵਾਂਡੋਲ ਰਿਹਾ ਹੈ। ਬਹੁਤ ਲੰਮੇਂ ਸਮੇਂ ਮਗਰੋਂ ਇਸ ਨੂੰ ਦਫ਼ਤਰੀ ਭਾਸ਼ਾ ਦਾ ਦਰਜਾ ਮਿਲਿਆ। ਪਰ ਅੱਜ ਮਾਣ ਵਾਲੀ ਗੱਲ ਹੈ ਕਿ ਪੰਜਾਬੀ 'ਕੌਮਾਤਰੀ ਭਾਸ਼ਾ'ਬਣ ਚੁੱਕੀ ਹੈ। ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਆਬਾਦ ਹੋਏ ਲੋਕ ਆਪਣੀ ਮਾਂ-ਬੋਲੀ ਪੰਜਾਬੀ ਨੂੰ ਵੀ ਨਾਲ ਲੈ ਗਏ ਹਨ।

ਬਰਤਾਨੀਆ ਦੇ ਬਹੁਤ ਸਾਰੇ ਸਕੂਲਾਂ ਵਿਚ ਪੰਜਾਬੀ-ਭਾਸ਼ਾ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਮੈਂ ਵੀ ਇਕ ਕਾਲਜ ਵਿਚ ਸ਼ਾਮ ਦੀਆਂ ਕਲਾਸਾਂ ਲੈ ਕੇ ਪੰਜਾਬੀ ਦੇ ਕੋਰਸ ਕੀਤੇ ਹਨ। ਕੈਨੇਡਾ ਵਿਚ ਪੰਜਾਬੀ-ਭਾਸ਼ਾ ਦੀ ਹਾਲਤ ਕਾਫੀ ਤਸੱਲੀਬਖ਼ਸ਼ ਹੈ ਕਿਉਂਕਿ ਕੈਨੇਡਾ ਦੀਆਂ ਕੁਝ ਸਟੇਟਾਂ ਵਿਚ ਪੰਜਾਬੀ ਨੂੰ 'ਦੂਸਰੀ ਭਾਸ਼ਾ' ਵਜੋਂ ਮਾਨਤਾ ਮਿਲ ਗਈ ਹੈ। ਪੰਜਾਬੀ ਮਾਂ-ਬੋਲੀ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਬਰਤਾਨੀਆ ਵਿਚ 'ਪੈਂਟ, ਯੂ.ਕੇ. ਲਿਮਟਿਡ' ਨਾਮ ਦੀ ਸੰਸਥਾ ਵੀ ਬਣਾਈ ਗਈ ਹੈ, ਜਿਸ ਅੰਦਰ ਪੰਜਾਬੀ ਮਾਂ-ਬੋਲੀ ਪੜ੍ਹਾਉਣ ਅਧਿਆਪਕਾਂ ਨੂੰ ਸਿਖਲਾਈ ਦੇਣ ਅਤੇ ਇਸ ਦੇ ਵਿਕਾਸ ਲਈ, ਅਣਥੱਕ ਕੰਮ ਕੀਤਾ ਜਾ ਰਿਹਾ ਹੈ। ਫ਼ਲਸਰੂਪ ਪੰਜਾਬੀ ਮਾਂ-ਬੋਲੀ ਦਾ ਭਵਿੱਖ ਕਾਫੀ ਸੁਨਿਹਰੀ ਤੇ ਸੁਰੱਖਿਅਤ ਜਾਪਦਾ ਹੈ।

**?:- ਇੰਗਲੈਂਡ ਵਿਚ ਜੰਮੀ-ਪਲੀ ਨਵੀਂ ਪੀੜ੍ਹੀ ਦਾ ਪੰਜਾਬ, ਪੰਜਾਬੀਅਤ ਤੇ**

**ਪੰਜਾਬੀ ਜ਼ੁਬਾਨ ਨਾਲ ਕਿੰਨਾ ਕੁ ਮੋਹ ਹੈ ?**

**ਜਵਾਬ**: ਇੰਗਲੈਂਡ ਦੇ ਬੱਚਿਆਂ ਦਾ ਲਗਾਉ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਏਨਾ ਗਹਿਰਾ ਨਹੀਂ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਮਾਪੇ ਆਪਣੇ ਬੱਚਿਆਂ ਪ੍ਰਤੀ ਇਸ ਪੱਖ ਤੋਂ ਜਾਗਰੂਕ ਹੋਣ ਕਿ ਅਸੀਂ ਆਪਣਾ ਵਿਰਸਾ ਬੱਚਿਆਂ ਨੂੰ ਦੇ ਕੇ ਜਾਣਾ ਹੈ। ਬੱਚੇ ਪੰਜਾਬ ਜਾਣਾ ਚਾਹੁੰਦੇ ਹਨ ਸਿਰਫ਼ ਸੈਰ ਵਾਸਤੇ ਰਹਿਣ ਵਾਸਤੇ ਨਹੀਂ। ਇਸ ਦਾ ਵੱਡਾ ਕਾਰਨ ਇਹ ਹੈ ਕਿ ਟੈਲੀਵਿਜ਼ਨ ਰਾਹੀਂ, ਰੋਜ਼ਮਰਾ ਦੀ ਜ਼ਿੰਦਗੀ ਵਿਚ ਹੋ ਰਹੀਆਂ ਵਾਰਦਾਤਾਂ, ਲਾਈਵ ਦਿਖਾਈਆਂ ਜਾਂਦੀਆਂ ਹਨ। ਜਿਨ੍ਹਾਂ ਨੂੰ ਦੇਖ ਕੇ ਬੱਚੇ ਪੰਜਾਬ ਵੱਲ ਮੂੰਹ ਨਹੀਂ ਕਰਦੇ।

ਪੰਜਾਬੀ ਜੁਬਾਨ ਬਾਰੇ ਵੀ ਏਨਾ ਵਧੀਆ ਰੁਝਾਣ ਨਹੀਂ, ਕਿਉਂਕਿ ਨਵੀਂ ਪੀੜ੍ਹੀ ਦੀ ਮਾਤ-ਭਾਸ਼ਾ ਅੰਗਰੇਜ਼ੀ ਹੈ। ਲੇਕਿਨ, ਜਿਹੜੇ ਬੱਚੇ ਸੰਯੁਕਤ ਪਰਿਵਾਰਾਂ ਵਿਚ ਪਲ਼ੇ ਹਨ ਜਾਂ ਜਿਨ੍ਹਾਂ ਨੂੰ ਦਾਦਾ-ਦਾਦੀ ਜਾਂ ਨਾਨਾ-ਨਾਨੀ ਨੇ ਪਾਲਿਆ ਹੈ, ਉਹ ਜ਼ਰੂਰ ਪੰਜਾਬੀ ਨਾਲ ਜੁੜੇ ਹੋਏ ਹਨ। ਉਹ ਬੱਚੇ ਆਪਣੀਆਂ ਰਹੁ-ਰੀਤਾਂ, ਰਸਮਾਂ ਤੋਂ ਭਲੀਭਾਂਤ ਜਾਣੂ ਹਨ, ਪਰ ਇਨ੍ਹਾਂ ਬੱਚਿਆਂ ਦੀ ਗਿਣਤੀ ਬਹੁਤ ਘੱਟ ਹੈ।

**?:- ਤੁਸੀਂ ਪ੍ਰਸਿੱਧ ਪਰਵਾਸੀ ਸ਼ਾਇਰ ਨਰਿੰਜਨ ਸਿੰਘ 'ਨੂਰ'ਨਾਲ ਇਕ ਲੰਮਾ ਸਮਾਂ ਜੀਵਨ ਬਤੀਤ ਕੀਤਾ ਹੈ, ਉਨ੍ਹਾਂ ਦੀ ਸ਼ਾਇਰੀ, ਜੀਵਨ-ਫ਼ਲਸਫ਼ੇ ਤੇ ਜੀਵਨ-ਜਾਚ ਬਾਰੇ, ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰੋ ?**

**ਜਵਾਬ**: ਸ਼ਾਇਰ ਨਰਿੰਜਨ ਸਿੰਘ 'ਨੂਰ'ਨੇ ਸੰਨ 1965 ਵਿਚ ਇੰਗਲੈਂਡ ਦਾ ਪਰਵਾਸ ਕੀਤਾ। ਪੰਜਾਬ ਵਿਚ ਉਹ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਸਨ। ਉਹ ਪ੍ਰਗਤੀਵਾਦੀ ਵਿਚਾਰਧਾਰਾ ਦੇ ਸ਼ਾਇਰ ਹਨ। ਉਨ੍ਹਾਂ ਨੇ ਕਵਿਤਾ ਤੇ ਗ਼ਜ਼ਲ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ 'ਮੁਕਤੀ' (1963, 1989), 'ਨੂਰ ਦਾ ਜਾਮ' (1971), 'ਹੋ ਚੀ ਮਿਨ੍ਹ' (ਮਹਾਕਾਵਿ) (1974), 'ਹੜੱਪਾ ਤੋਂ ਹੀਰੋਸ਼ੀਮਾ ਵੱਲ' (1991), 'ਓਜ਼ੋਨ ਦੀ ਅੱਖ'(1993), 'ਮੋਮਬੱਤੀਆਂ ਤੂਫ਼ਾਨ ਵਿਚ' (1997), 'ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮਾ'(1990) ਆਦਿ ਜਿਹੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ ਕਵਿਤਾ ਦਾ ਅਧਿਐਨ ਕਰਨ 'ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਸਮੁੱਚੀ ਕਵਿਤਾ ਵਿਚ ਛੰਦਾਬੰਦੀ ਦਾ ਵਿਸ਼ੇਸ਼ ਸਥਾਨ ਹੈ। ਕਵਿਤਾ ਵਿਚ ਸ਼ਬਦ-ਚੋਣ, ਸਰਲ ਤੇ ਪ੍ਰਭਾਵਸ਼ਾਲੀ ਹੈ।

'ਨੂਰ' ਪੰਜਾਬੀ ਭਾਸ਼ਾ ਅਤੇ ਸਾਹਿਤ ਵਾਸਤੇ ਆਖਰੀ ਸਾਹ ਤੱਕ ਯਤਨਸ਼ੀਲ ਰਹੇ। ਉਨ੍ਹਾਂ ਦੀ ਕਵਿਤਾ ਵਿਚ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਮਨੁੱਖ ਨੂੰ ਜੰਜੀਰ ਤੋੜ ਕੇ ਮੁਕਤੀ ਦਾ ਰਾਹ ਅਪਣਾਉਣ ਵਰਗੇ ਪ੍ਰਭਾਵਸ਼ਾਲੀ ਵਿਚਾਰ ਪੇਸ਼

ਕੀਤੇ ਗਏ ਹਨ। ਇਸ ਤੋਂ ਇਲਾਵਾ ਉਹ ਪੂੰਜੀਵਾਦੀ ਨਿਜਾਮ ਤੇ ਸਰਮਾਏਦਾਰੀ ਪ੍ਰਬੰਧ ਉੱਪਰ ਵੀ ਤਿੱਖਾ ਵਿਅੰਗ ਕਰਦੇ ਹਨ।

**?:- ਇੰਗਲੈਂਡ ਵਿਚ ਪੰਜਾਬੀ ਸਾਹਿਤ-ਚਿੰਤਨ ਦਾ ਭਵਿੱਖ ਕੀ ਹੈ ?**

**ਜਵਾਬ**: ਜਦੋਂ ਅਸੀਂ ਇੰਗਲੈਂਡ ਦੇ ਸਾਹਿਤ-ਚਿੰਤਨ ਦੀ ਗੱਲ ਕਰਦੇ ਹਾਂ ਤਾਂ ਪਹਿਲਾ ਨਾਮ ਹਰਬਖਸ ਮਕਸੂਦਪੁਰੀ ਦਾ ਆਉਂਦਾ ਹੈ ਜਿਸ ਨੇ ਬਰਤਾਨਵੀ ਸਾਹਿਤ ਦੇ ਨਾਵਲਕਾਰਾਂ ਉਪਰ ਆਪਣੀ ਪੁਸਤਕ ਦੀ ਰਚਨਾ ਕੀਤੀ ਹੈ। ਇਸ ਤੋਂ ਬਾਅਦ ਡਾ. ਪ੍ਰੀਤਮ ਸਿੰਘ ਕੈਂਥੋਂ ਅਤੇ ਡਾ. ਰਤਨ ਰੀਹਲ ਦਾ ਨਾਮ ਆਉਂਦਾ ਹੈ। ਡਾ. ਸਵਰਨ ਚੰਦਨ ਦੁਆਰਾ ਆਲੋਚਨਾ ਦੇ ਨਾਲ ਨਾਲ ਹੇਰਵਾ, ਕੂ-ਹੇਰਵਾ, ਬਰਤਾਨਵੀ ਪੰਜਾਬੀ ਸਾਹਿਤ ਆਦਿ ਦੇ ਸੰਕਲਪਾਂ ਉੱਤੇ ਨਿੱਠ ਕੇ ਕੰਮ ਕੀਤਾ ਗਿਆ ਹੈ।

ਪਰ ਸਭ ਤੋਂ ਵੱਧ ਡਾ. ਦਵਿੰਦਰ ਕੌਰ ਨੇ ਬਰਤਾਨਵੀ ਸਾਹਿਤ 'ਤੇ ਕਾਰਜ ਕੀਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਦਾ ਭਾਰਤੀ ਸਾਹਿਤਕਾਰਾਂ ਉੱਪਰ ਕੀਤਾ ਕਾਰਜ ਵੀ ਸਾਹਮਣੇ ਆਉਂਦਾ ਹੈ। ਅੱਜਕੱਲ੍ਹ ਨਾਵਲ, ਕਹਾਣੀ, ਕਵਿਤਾ ਪਹਿਲਾਂ ਦੀ ਤਰ੍ਹਾਂ ਨਹੀਂ ਰਚੀ ਜਾ ਰਹੀ। ਇਸ ਵਿਚ ਬਹੁਤ ਸਾਰੇ ਵਿਸ਼ੇ ਅਜੋਕੇ ਦੌਰ ਦੇ ਪੇਸ਼ ਹੋ ਰਹੇ ਹਨ। ਸਾਹਿਤ-ਚਿੰਤਨ ਵਾਸਤੇ ਸਿਧਾਂਤਾਂ ਦੀ ਪੂਰੀ ਜਾਣਕਾਰੀ ਹੋਣੀ ਵੀ ਜਰੂਰੀ ਹੈ। ਬਰਤਾਨੀਆ ਵਿਚ ਇਨ੍ਹਾਂ ਤੋਂ ਬਗੈਰ ਕੋਈ ਨਵਾਂ ਚਿੰਤਨ ਸਾਡੇ ਸਾਹਮਣੇ ਨਹੀਂ ਆਇਆ ਹੈ, ਜਿਸ ਕਰਕੇ ਬਰਤਾਨਵੀ ਸਾਹਿਤ ਚਿੰਤਨ ਦੇ ਭਵਿੱਖ ਬਾਰੇ ਕੋਈ ਵੀ ਨਿਰਣਾ ਅਸਾਨੀ ਨਾਲ ਨਹੀਂ ਲਿਆ ਜਾ ਸਕਦਾ।

**?:- ਡਾ. ਦਵਿੰਦਰ ਕੌਰ ਦੇ ਸਾਹਿਤ-ਚਿੰਤਨ ਦੇ ਮਹੱਤਵ ਤੇ ਪ੍ਰਸੰਗਿਕਤਾ ਉਪਰ ਰੌਸ਼ਨੀ ਪਾਉ ?**

**ਜਵਾਬ**: ਡਾ. ਦਵਿੰਦਰ ਕੌਰ ਇਕ ਪ੍ਰੌਢ ਲੇਖਿਕਾ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਉਨ੍ਹਾਂ ਦੀ ਚਿੰਤਨ-ਦ੍ਰਿਸ਼ਟੀ ਦਾ ਆਧਾਰ ਸੰਰਚਨਾਵਾਦ, ਉੱਤਰ ਸੰਰਚਨਾਵਾਦ, ਮਾਰਕਸਵਾਦ ਹੈ। ਲੇਕਿਨ, ਜੋ ਮਹੱਤਵ ਡਾ. ਦਵਿੰਦਰ ਕੌਰ ਦਾ ਬਣਦਾ ਹੈ, ਉਹ ਵਿਚਾਰਕ-ਆਲੋਚਨਾ ਵਿਚ ਬਣਦਾ ਹੈ। ਉਨ੍ਹਾਂ ਦੀ ਆਲੋਚਨਾ ਜਿਆਦਾਤਰ ਕਵਿਤਾ ਉਪਰ ਕੇਂਦਰਿਤ ਰਹੀ ਹੈ। ਉਨ੍ਹਾਂ ਭਾਰਤ 'ਚ ਰਹਿੰਦਿਆਂ ਵੀ ਕਵਿਤਾ ਨੂੰ ਮੁੱਖ ਵਿਸ਼ੇ ਵਜੋਂ ਲੈ ਕੇ ਉਸਦਾ ਵਿਹਾਰਕ-ਅਧਿਐਨ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਵਿਹਾਰਕ-ਸਮੀਖਿਆ ਸ਼ਬਦਾਂ ਦਾ ਗਹਿਣ ਅਧਿਐਨ ਹੁੰਦਾ ਹੈ। ਮੈਨੂੰ ਉਮੀਦ ਹੈ ਕਿ ਉਹ ਆਉਣ ਵਾਲੇ ਸਮੇਂ ਵਿਚ, ਪੰਜਾਬੀ ਸਾਹਿਤ ਅੰਦਰ ਆਪਣਾ ਹੋਰ ਯੋਗਦਾਨ ਪਾਉਣਗੇ।

**?:- ਇੰਗਲੈਂਡ ਵਿਚ ਕਿਸ ਕਿਸਮ ਦੀਆਂ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦਾ ਦੌਰ ਹੈ?**

**ਜਵਾਬ:** ਇੰਗਲੈਂਡ ਵਿਚ ਸਭ ਤੋਂ ਪਹਿਲਾ ਪੰਜਾਬੀ ਸਾਹਿਤ ਸਭਾ, ਲੰਡਨ ਸੰਨ 1963 ਵਿਚ ਹੋਂਦ ਵਿਚ ਆਈ। ਜਿਸ ਨੇ ਸੰਨ 1964 ਵਿਚ ਪਹਿਲਾ ਸਮਾਗਮ ਸਾਊਥ ਹਾਲ ਵਿਖੇ 31 ਅਕਤੂਬਰ ਨੂੰ ਕਰਵਾਇਆ ਗਿਆ। ਸੰਨ 1969-70 ਵਿਚ ਕਵੈਂਟਰੀ ਵਿਖੇ 'ਪੰਜਾਬ ਨੌਜਵਾਨ ਸਭਾ' ਹੋਂਦ ਵਿਚ ਆਈ ਜੋ ਕਵੀ ਦਰਬਾਰਾਂ ਤੱਕ ਸੀਮਿਤ ਰਹੀ। ਸੰਨ 1969 ਵਿਚ ਹੀ ਪ੍ਰਗਤੀਸ਼ੀਲ ਲਿਖਾਰੀ ਸਭਾ ਹੋਂਦ ਵਿਚ ਆਉਣ ਨਾਲ ਕਾਫੀ ਵਧੀਆ ਕੰਮ ਹੋਇਆ। ਇਨ੍ਹਾਂ ਸਭਾਵਾਂ ਵਿਚ ਭਾਰਤੀ ਪੰਜਾਬ ਵਰਗਾ ਹੀ ਮਾਹੌਲ ਹੈ। ਇਨ੍ਹਾਂ ਸਭਾਵਾਂ ਵੱਲੋਂ ਸਮੇਂ ਸਮੇਂ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਉਪਰ ਸ਼ਾਨਦਾਰ ਸਾਹਿਤਕ ਤੇ ਸਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਕਈ ਸੰਥਾਂ ਵੀ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿਚ ਕਈ ਪ੍ਰਕਾਰ ਦੇ ਸਾਹਿਤਕ ਸਮਾਗਮ (ਕਵਿਤਾ, ਗੋਸ਼ਟੀ, ਨਾਟਕ ਆਦਿ) ਅਤੇ ਖੋਜ-ਪੱਤਰ ਵੀ ਪੜ੍ਹੇ ਜਾਂਦੇ ਹਨ।

ਪੰਜਾਬੀ ਸਾਹਿਤ, ਸਭਿਆਚਾਰ ਦੇ ਪ੍ਰਚਾਰ ਤੇ ਪਸਾਰ ਵਾਸਤੇ ਬਹੁਤ ਸਾਰੇ ਰਸਾਲੇ ਸਮੇਂ-ਸਮੇਂ ਕੱਢੇ ਜਾਂਦੇ ਰਹੇ ਹਨ, ਜਿਨ੍ਹਾਂ ਵਿਚ 'ਪ੍ਰਦੇਸੀ', 'ਪ੍ਰਦੇਸੀ ਢੋਲਾ', 'ਮਮਤਾ', 'ਆਵਾਜ਼', 'ਕਿਰਨਾਂ', 'ਲਲਕਾਰ', 'ਸਿੱਖ ਟਾਈਮਜ਼', 'ਹਕੀਕਤ', 'ਰੂਪਵਤੀ', 'ਏਕਤਾ', 'ਪੰਜਾਬੀ ਦਰਪਣ', 'ਦੇਸ਼ ਪ੍ਰਦੇਸ' ਅਤੇ 'ਮੇਰੀ ਬੋਲੀ ਮੇਰਾ ਧਰਮ' ਆਦਿ ਅਹਿਮ ਹਨ। ਇਨ੍ਹਾਂ ਰਾਹੀਂ ਵੀ ਮੌਜੂਦਾ ਹਾਲਾਤ ਬਾਰੇ ਜਾਣੂ ਕਰਵਾਇਆ ਜਾਂਦਾ ਰਿਹਾ ਹੈ।

**?:- ਭਾਰਤ ਦੀ ਮੌਜੂਦਾ ਰਾਜਨੀਤਕ ਸਥਿਤੀ ਨੂੰ ਲੈ ਕੇ ਤੁਸੀਂ ਕਿੰਨੇ ਕੁ ਚਿੰਤਿਤ ਹੋ? ਅਤੇ ਇਸ ਬਾਰੇ ਤੁਹਾਡਾ ਕੀ ਵਿਚਾਰ ਹੈ?**

**ਜਵਾਬ:** ਭਾਰਤ ਦੀ ਰਾਜਨੀਤੀ ਬਾਰੇ ਅਸੀਂ ਹਮੇਸ਼ਾਂ ਹੀ ਚਿੰਤਿਤ ਰਹਿੰਦੇ ਹਾਂ, ਕਿਉਂਕਿ ਸਾਡੀਆਂ ਜੜ੍ਹਾਂ ਇਸ ਅੰਦਰ ਹੀ ਹਨ। ਜੇਕਰ ਅਸੀਂ ਆਜ਼ਾਦੀ ਦੇ 69 ਸਾਲਾਂ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਹੱਕੀ ਤੌਰ 'ਤੇ ਲੋਕਾਂ ਨੂੰ ਆਜ਼ਾਦੀ ਦਾ ਹੱਕ ਨਹੀਂ ਮਿਲਿਆ। ਬਹੁਤ ਸਾਰੇ ਦੇਸ਼ ਭਾਰਤ ਤੋਂ ਮਗਰੋਂ ਆਜਾਦ ਹੋਏ ਪਰ ਉਹ ਅੱਜ ਤਰੱਕੀ ਤੇ ਉੱਨਤੀ ਦੀਆਂ ਬੁਲੰਦੀਆਂ ਨੂੰ ਛੂਹ ਰਹੇ ਹਨ। ਭਾਰਤ ਵਿਚ ਅਜਿਹੀਆਂ ਬਹੁਤ ਸਾਰੀਆਂ ਅਲਾਮਤਾਂ ਹਨ, ਜਿਨ੍ਹਾਂ ਨੂੰ ਜੜ੍ਹੋਂ ਪੁੱਟਣ ਦੀ ਸਖ਼ਤ ਜ਼ਰੂਰਤ ਹੈ। ਜੇਕਰ ਪੰਜਾਬ ਦੇ ਹਾਲਾਤਾਂ ਦੀ ਗੱਲ ਕਰੀਏ ਤਾਂ ਪੰਜਾਬ ਦਾ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ। ਨੌਜਵਾਨ ਨਸ਼ੇ ਨਾਲ ਮਰ ਰਿਹਾ ਹੈ। ਬੇਰੁਜ਼ਗਾਰੀ ਤੇ ਕਰਜ਼ੇ ਵਰਗੀਆਂ ਸਮੱਸਿਆਵਾਂ ਨੇ ਆਮ ਲੋਕਾਈ ਦਾ ਲੱਕ ਤੋੜ ਦਿੱਤਾ ਹੈ।

'ਆਲ ਇੰਡੀਆ ਇੰਸਟੀਚਿਊਟ ਅੱਫ਼ ਮੈਡੀਕਲ ਸਾਇੰਸਜ਼', ਦਿੱਲੀ ਦੇ ਇਕ ਸਰਵੇਖਣ ਅਨੁਸਾਰ, ਪੰਜਾਬ ਵਿਚ ਹਰ ਸਾਲ 7500 ਕਰੋੜ ਰੁਪਏ ਡਰੱਗ ਉਪਰ ਖਰਚੇ ਜਾਂਦੇ ਹਨ। ਸਰਕਾਰਾਂ ਨੂੰ ਇਸ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ।

?:- **ਹੁਣ ਤੱਕ ਦੀ ਆਪਣੀ ਰਚਨਾ ਤੋਂ ਤੁਸੀਂ ਕਿੰਨੇ ਕੁ ਸੰਤੁਸ਼ਟ ਹੋ ? ਕਿਹੜੇ ਕਿਹੜੇ ਇਨਾਮ-ਸਨਮਾਣ, ਤੁਹਾਡੀ ਕਵਿਤਾ ਨੂੰ ਪ੍ਰਾਪਤ ਹੋਏ ਹਨ, ਉਨ੍ਹਾਂ ਬਾਰੇ ਵੀ ਜਾਣਕਾਰੀ ਦਿਉ।**

**ਜਵਾਬ:** ਮੈਂ ਸਮਝਦਾ ਹਾਂ ਕਿ ਪੰਜਾਬੀ ਸਾਹਿਤ ਅੰਦਰ ਬਹੁਤ ਸਾਰੇ ਲੇਖਕ ਵੱਖ-ਵੱਖ ਸਾਹਿਤਕ-ਵਿਧਾਵਾਂ ਵਿਚ ਆਪਣੀ ਰਚਨਾ ਕਰ ਰਹੇ ਹਨ, ਉੱਥੇ ਮੈਂ ਕਵਿਤਾ ਦੇ ਖੇਤਰ ਵਿਚ ਆਪਣਾ ਯੋਗਦਾਨ ਪਾ ਰਿਹਾ ਹਾਂ। ਜਿੱਥੋਂ ਤੱਕ ਇਨਾਮ-ਸਨਮਾਨ ਦਾ ਸਵਾਲ ਹੈ, ਮੈਂ ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਕਦੇ ਨਹੀਂ ਲਿਖਿਆ ਅਤੇ ਨਾ ਹੀ ਸਨਮਾਨਾਂ ਬਾਰੇ ਕਦੀ ਸੋਚਿਆ ਹੈ। ਅਜੋਕੇ ਦੌਰ ਵਿਚ ਇਨਾਮ-ਸਨਮਾਨ ਦਾ ਲੈਣ-ਦੇਣ ਕਾਫੀ ਭ੍ਰਿਸ਼ਟ ਹੋ ਚੁੱਕਾ ਹਨ। ਇਹ ਭਾਰਤ ਤੇ ਬਰਤਾਨੀਆ ਵਿਚ ਕਿਵੇਂ ਇਕ-ਦੂਸਰੇ ਨੂੰ ਮਿਲਦੇ ਹਨ ਇਸ ਬਾਰੇ ਕਿਸੇ ਨੂੰ ਕੋਈ ਨ੍ਹੇਰਾ ਨਹੀਂ। ਜਿਹੜੇ ਲੇਖਕ ਲੋਕਾਂ ਵਾਸਤੇ ਲਿਖਦੇ ਹਨ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਬਾਰੇ ਸੋਚਣ ਦੀ ਲੋੜ ਵੀ ਨਹੀਂ ਹੈ। ਲੇਖਕ ਦੀ ਲਿਖਤ ਪਾਠਕਾਂ ਤੱਕ ਪਹੁੰਚਣੀ ਹੀ ਉਸਦਾ ਇਨਾਮ ਹੁੰਦਾ ਹੈ। ਇਸ ਤੋਂ ਇਲਾਵਾ ਮੈਨੂੰ ਵੱਖ ਵੱਖ ਸਮੇਂ ਦੌਰਾਨ ਕਈ ਮਾਣ-ਸਨਮਾਣ ਪ੍ਰਾਪਤ ਹੋਏ ਹਨ। ਉਨ੍ਹਾਂ ਦਾ ਵੇਰਵਾ ਦੇਣ ਦੀ ਇੱਥੇ ਲੋੜ ਨਹੀਂ। ਉਨ੍ਹਾਂ ਦਾ ਜਿਕਰ ਕਰਨ ਤੋਂ ਮੈਂ ਅਕਸਰ ਸੰਕੋਚ ਕਰਦਾ ਹਾਂ।

?:- **ਅੰਤਮ ਸਵਾਲ, ਕੀ ਤੁਸੀਂ ਪੰਜਾਬੀ ਕਵਿਤਾ ਦੇ ਉੱਜਲੇ ਭਵਿੱਖ ਲਈ ਕੋਈ ਸੰਦੇਸ਼ ਜਾਂ ਸੁਝਾਅ ਦੇਣਾ ਚਾਹੋਗੇ ?**

**ਜਵਾਬ:** ਸਭ ਤੋਂ ਪਹਿਲਾਂ ਹਰੇਕ ਪੰਜਾਬੀ ਨੂੰ ਇਹ ਗੱਲ ਆਪਣੇ ਦਿਲ ਤੇ ਦਿਮਾਗ਼ ਅੰਦਰ ਬਿਠਾ ਲੈਣੀ ਚਾਹੀਦੀ ਹੈ ਕਿ ਪੰਜਾਬੀ ਸਾਡੀ ਭਾਸ਼ਾ ਹੈ। ਜੇਕਰ ਲੋਕ ਆਮ ਬੋਲਚਾਲ ਦੀ ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਬਣਾ ਲੈਣਗੇ ਤਾਂ ਪੰਜਾਬੀ ਬਹੁਤ ਪਿੱਛੇ ਰਹਿ ਜਾਵੇਗੀ। ਪੰਜਾਬ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਪੰਜਾਬੀ ਭਾਸ਼ਾ ਦੀ ਬੇਹਤਰੀ ਵਾਸਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਨੂੰ ਪੂਰਾ ਸਤਿਕਾਰ ਦੇਵੇ।

ਕਵਿਤਾ, ਪੰਜਾਬੀ ਸਾਹਿਤ ਦਾ ਇਕ ਪ੍ਰਮੁੱਖ ਅੰਗ ਹੈ। ਇਹ ਅਜਿਹਾ ਮਾਧਿਅਮ ਹੈ ਜਿਸ ਨਾਲ ਸਮਾਜ ਅੰਦਰ ਫੈਲੀਆਂ ਬੁਰਾਈਆਂ ਨੂੰ ਕਲਾਤਮਕ ਲਿਖਤ ਰਾਹੀਂ ਉਜਾਗਰ ਕੀਤਾ ਜਾ ਸਕਦਾ ਹੈ। ਕਵਿਤਾ ਨੂੰ ਜੇਕਰ ਸੱਚ ਦੇ ਨੇੜੇ ਰੱਖ ਕੇ ਰਚਿਆ ਜਾਵੇ ਤਾਂ ਇਸ ਨਾਲ ਸਮਾਜ ਤੇ ਕਵਿਤਾ ਦਾ ਭਵਿੱਖ ਉਜਲਾ ਹੋਵੇਗਾ।

●●●●●